# ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਨਿਆਂ ਦੀ ਬਿਰਤਾਂਤਕਾਰੀ

(ਵਿਸ਼ੇ ਤੇ ਪੀ.ਐਚ.ਡੀ. ਦੀ ਡਿਗਰੀ ਲਈ ਖੋਜ ਕਾਰਜ)

ਖੋਜ ਵਿਦਿਆਰਥੀ

ਵਨੀਤ ਕੁਮਾਰ

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ

ਚੰਡੀਗੜ੍ਹ

## ਤਤਕਰਾ


| | | ਪੰਨਾ |
|---|---|---|
| | ਭੂਮਿਕਾ | **3**–12 |
| ਅਧਿਆਇ ਪਹਿਲਾ: | ਕਾਨੂੰਨ ਤੇ ਨਿਆਂ ਦਾ ਸੰਕਲਪ : ਇਤਿਹਾਸਕ-ਸਿਧਾਂਤਕ ਪਰਿਪੇਖ | 13–74 |

- ਕਾਨੂੰਨ/ਨਿਆਂ : ਪਰਿਭਾਸ਼ਾ ਤੇ ਇਸ ਦੇ ਵਿਭਿੰਨ ਸਕੂਲ
- ਕਾਨੂੰਨ ਦੀ ਵੰਡ
- ਕਾਨੂੰਨ ਦੇ ਸ੍ਰੋਤ
- ਸੰਸਾਰ ਦੇ ਪ੍ਰਮੁਖ ਨਿਆਂ ਪ੍ਰਬੰਧ
- ਭਾਰਤੀ ਕਾਨੂੰਨ ਤੇ ਨਿਆਂ ਪ੍ਰਣਾਲੀ
  - (ੳ) ਵੈਦਿਕ ਕਾਲ
  - (ਅ) ਧਰਮ ਸ਼ਾਸਤਰ
  - (ੲ) ਸੂਤਰ ਕਾਲ
  - (ਸ) ਮੁਗਲ ਕਾਲ
  - (ਹ) ਬਸਤੀਵਾਦੀ ਕਾਨੂੰਨ ਅਤੇ ਨਿਆਂ ਪ੍ਰਣਾਲੀ
  - (ਕ) ਸੁਤੰਤਰ ਭਾਰਤ ਦਾ ਕਾਨੂੰਨ ਤੇ ਨਿਆਂ ਪ੍ਰਣਾਲੀ

| | | |
|---|---|---|
| ਅਧਿਆਇ ਦੂਜਾ: | ਪੰਜਾਬੀ ਨਾਵਲ ਵਿਚ ਨਿਆਂ ਦੀ ਬਿਰਤਾਂਤਕਾਰੀ | 75–121 |

- ਮੁੱਢਲੇ ਪੰਜਾਬੀ ਨਾਵਲ ਦੇ ਪ੍ਰਸੰਗ 'ਚ
- ਨਾਨਕ ਸਿੰਘ ਦੇ ਨਾਵਲਾਂ ਦੇ ਪ੍ਰਸੰਗ 'ਚ
- ਜਸਵੰਤ ਸਿੰਘ ਕੰਵਲ ਦੇ ਨਾਵਲ ਦੇ ਪ੍ਰਸੰਗ 'ਚ
- 1960 ਤੋਂ ਬਾਅਦ ਦੇ ਪੰਜਾਬੀ ਨਾਵਲ ਦੇ ਪ੍ਰਸੰਗ 'ਚ

| | | |
|---|---|---|
| ਅਧਿਆਇ ਤੀਜਾ: | ਮਿੱਤਰ ਸੈਨ ਮੀਤ ਦੇ ਮੁੱਢਲੇ ਨਾਵਲ ਵਿਚ ਨਿਆਂ ਦੀ ਬਿਰਤਾਂਤਕਾਰੀ | 122–152 |

- *ਅੱਗ ਦੇ ਬੀਜ਼* ਨਾਵਲ ਦੇ ਪ੍ਰਸੰਗ 'ਚ
- *ਕਾਫ਼ਲਾ* ਨਾਵਲਾਂ ਦੇ ਪ੍ਰਸੰਗ 'ਚ

| | | |
|---|---|---|
| ਅਧਿਆਇ ਚੌਥਾ: | ਮਿੱਤਰ ਸੈਨ ਮੀਤ ਦੇ ਤ੍ਰੈ-ਲੜੀ ਨਾਵਲਾਂ ਵਿਚ ਨਿਆਂ ਦੀ ਬਿਰਤਾਂਤਕਾਰੀ | 153–249 |

- *ਤਫ਼ਤੀਸ਼ ਨਾਵਲ ਦੇ ਪ੍ਰਸੰਗ 'ਚ*
- *ਕਟਹਿਰਾ ਨਾਵਲ ਦੇ ਪ੍ਰਸੰਗ 'ਚ*
- *ਸੁਧਾਰ ਘਰ ਨਾਵਲ ਦੇ ਪ੍ਰਸੰਗ 'ਚ*

| | | |
|---|---|---|
| ਅਧਿਆਇ ਪੰਜਵਾਂ: | ਮਿੱਤਰ ਸੈਨ ਮੀਤ ਦੇ ਕੌਰਵ ਸਭਾ ਨਾਵਲ ਵਿਚ ਨਿਆਂ ਦੀ ਬਿਰਤਾਂਤਕਾਰੀ | 250–299 |
| | ਨਿਸ਼ਕਰਸ਼ | 300–316 |
| | ਪੁਸਤਕ-ਸੂਚੀ | 317–326 |

# ਭੂਮਿਕਾ

ਪੰਜਾਬੀ ਨਾਵਲ ਦਾ ਇਤਿਹਾਸ ਇਕ ਸਦੀ ਤੋਂ ਪੰਦਰਾਂ ਸਾਲ ਉਪਰ ਦਾ ਹੈ। ਇਹ ਹੋਂਦ ਵਿਚ ਭਾਵੇਂ ਪੱਛਮੀ ਸਿੱਖਿਆ, ਪੱਛਮੀ ਸਿੱਖਿਆ, ਪੱਛਮੀ ਸਾਹਿਤ ਅਤੇ ਪੱਛਮੀ ਸਭਿਆਚਾਰ ਦੇ ਪ੍ਰਤਿ-ਉੱਤਰ ਵਜੋਂ ਆਇਆ ਪਰੰਤੂ ਇਸ ਨੇ ਆਪਣਾ ਸੰਰਚਨਾਤਮਕ ਮਾਡਲ ਆਪਣੀ ਭਾਰਤੀ ਸਾਹਿਤ ਅਤੇ ਸਭਿਆਚਾਰਕ ਪਰੰਪਰਾ ਵਿਚੋਂ ਲਿਆ। ਇਹੋ ਕਾਰਣ ਹੈ ਕਿ ਨਾਵਲ ਬਾਰੇ ਜੋ ਪੱਛਮੀ ਪਰਿਭਾਸ਼ਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ ਜਿਵੇਂ ''ਨਾਵਲ ਪੂੰਜੀਵਾਦੀ ਜੁਗ ਦਾ ਮਹਾਂਕਵਿ ਹੈ'', ''ਨਾਵਲ ਯਥਾਰਥ ਧਰਮੀ ਵਿਧਾ ਹੈ'' ਜਾਂ ''ਨਾਵਲ ਤਨਾਉ ਤੇ ਤ੍ਰਾਸਦੀ ਦੀ ਵਿਧਾ ਹੈ'' ਆਦਿ ਇਨ੍ਹਾਂ ਅਨੁਸਾਰ ਭਾਰਤੀ ਅਤੇ ਪੰਜਾਬੀ ਨਾਵਲ ਨੂੰ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ। ਪੱਛਮ ਵਿਚ ਨਾਵਲ ਦੇ ਉਦੈ ਹੋਣ ਦੀ ਆਪਣੀ ਇਤਿਹਾਸਕ, ਦਾਰਸ਼ਨਿਕ, ਵਿਚਾਰਧਾਰਕ, ਵਿਗਿਆਨਕ ਅਤੇ ਸਮਾਜ-ਸਭਿਆਚਾਰਕ ਪਿੱਠ-ਭੂਮੀ ਹੈ, ਜਿਸ ਅਨੁਸਾਰ ਉਥੇ ਦੀ ਸੋਚ, ਵਿਹਾਰ ਅਤੇ ਮਾਨਵੀ ਸੰਬੰਧਾਂ ਵਿਚ ਪਰਿਵਰਤਨ ਵਾਪਰਿਆ ਜਿਸ ਨੇ ਪਰਤਵੇਂ ਰੂਪ ਵਿਚ ਉਥੇ ਦੇ ਚਿੰਤਨ ਨੂੰ ਪ੍ਰਭਾਵਿਤ ਕੀਤਾ ਅਤੇ ਉਥੇ ਦੀਆਂ ਕਲਾਵਾਂ ਅਤੇ ਸਾਹਿਤ ਵਿਚ ਰੂਪ-ਵਿਧਾਈ ਪਰਿਵਰਤਨ ਲਿਆਂਦਾ। ਇਉਂ ਪੱਛਮ ਵਿਚ ਨਾਵਲ ਉਸ ਦੀਆਂ ਇਤਿਹਾਸਕ ਸਥਿਤੀਆਂ ਦੀ ਦੇਣ ਹੈ ਅਤੇ ਉਸ ਦਾ ਸੰਰਚਨਾਤਮਕ ਮਾਡਲ ਆਪਣੀ ਸਾਹਿਤਕ ਤੇ ਸਭਿਆਚਾਰਕ ਵਿਰਾਸਤ ਵਿਚੋਂ ਆਪਣੇ ਨਵੇਂ/ਆਧੁਨਿਕ ਬਿਰਤਾਂਤਕ ਮਾਡਲਾਂ ਦੀ ਸਿਰਜਣਾ ਵਿਚ ਸਹਾਈ ਹੁੰਦਾ ਹੈ। ਸਪਸ਼ਟ ਹੈ ਕਿ ਭਾਰਤੀ ਤੇ ਪੰਜਾਬੀ ਨਾਵਲ ਇਕ ਪਾਸੇ ਆਪਣੀ ਸਾਹਿਤਕ ਤੇ ਸਭਿਆਚਾਰਕ ਪਰੰਪਰਾ ਅਤੇ ਦੂਜੇ ਪਾਸੇ ਪੱਛਮੀ ਸਭਿਆਚਾਰ ਦੇ ਪ੍ਰਤਿ ਉੱਤਰ ਦੇ ਅੰਤਰ-ਤਨਾਉ ਵਿਚੋਂ ਆਪਣਾ ਨਵਾਂ/ਆਧੁਨਿਕ ਬਿਰਤਾਂਤਕ ਰੂਪ ਗ੍ਰਹਿਣ ਕਰਦਾ ਹੈ।

ਮੁੱਢਲਾ ਨਾਵਲ ਭਾਵੇਂ ਅਨੁਵਾਦ ਤੇ ਰੂਪਾਂਤ੍ਰਿਤ ਰੂਪ ਵਿਚ ਪੰਜਾਬੀ ਵਿਚ ਆਇਆ ਜਿਹੜਾ ਈਸਾਈ ਮਿਸ਼ਨਰੀਆ ਨੇ ਆਪਣੀਆਂ ਰਾਜਸੀ ਤੇ ਪ੍ਰਬੰਧਕੀ ਲੋੜਾਂ ਲਈ ਧਰਮ ਦੇ ਰੂਪ ਵਿਚ ਕਰਵਾਇਆ। ਪਰੰਤੂ, ਪੰਜਾਬ ਉਤੇ 1849 ਤੋਂ ਬਾਅਦ ਬਰਤਾਨਵੀ ਬਸਤੀਵਾਦ ਪ੍ਰਤਿ ਜਿਹੜਾ ਪ੍ਰਤਿਕਰਮ ਹੋਇਆ, ਉਸ ਵਿਚੋਂ ਪੰਜਾਬੀ ਚਿੰਤਨ ਆਪਣੀ ਸਭਿਆਚਾਰਕ ਵਿਰਾਸਤ ਦੀ ਸਾਂਭ-ਸੰਭਾਂਲ ਤੇ ਪੁਨਰ-ਅਧਿਐਨ ਵਲ ਨੂੰ ਵੀ ਰੁਚਿਤ ਹੋਇਆ। ਬਸਤੀਵਾਦੀ ਚਿੰਤਨ ਅਤੇ ਚਿੰਤਨ ਦੀਆਂ ਵਿਧੀਆਂ ਤੇ ਰੂਪਾਂ ਦੇ ਮੁਕਾਬਲੇ ਆਪਣੇ ਚਿੰਤਨ ਦੀ ਵਡਿਆਈ ਅਤੇ ਗੌਰਵਤਾ ਨੂੰ ਸਥਾਪਿਤ ਕਰਨ ਦੇ ਯਤਨ ਵੀ ਹੋਏ। ਭਾਈ ਵੀਰ ਸਿੰਘ ਦਾ ਪੰਜਾਬੀ ਵਿਚ ਲਿਖਿਆ ਪਹਿਲਾ ਮੌਲਿਕ ਨਾਵਲ ***ਸੁੰਦਰੀ*** (1898) ਇਸ ਦਾ ਪ੍ਰਤੱਖ ਪ੍ਰਮਾਣ ਹੈ। ਬਦਲਦੀਆਂ ਸਥਿਤੀਆਂ ਤੇ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਜਿਉਂ ਜਿਉਂ ਗਿਆਨ/ਸਿੱਖਿਆ ਦੀਆਂ ਲੋੜਾਂ, ਵਿਧੀਆਂ ਅਤੇ ਇਸ ਦੇ ਸੰਸਥਾਈ ਰੂਪ ਦਾ ਵਿਕਾਸ ਹੁੰਦਾ ਗਿਆ ਉਸੇ ਤਰ੍ਹਾਂ ਸਾਡਾ ਨਾਵਲ ਵੀ ਉਸ ਨਾਲ ਆਪਣੀ ਤੋਰ ਮਿਲਾਉਂਦਾ ਰਿਹਾ ਇਉਂ, ਪੰਜਾਬੀ ਨਾਵਲ ਭਾਈ ਵੀਰ ਸਿੰਘ ਤੋਂ ਲੈ ਕੇ ਅੱਜ ਤੱਕ ਆਪਣੇ ਵਿਕਾਸ ਦੀ ਤੋਰ ਤੁਰਦਾ ਆਇਆ ਹੈ। ਇਹ ਆਪਣੇ ਸਮੇਂ ਦੀਆਂ ਸਥਿਤੀਆਂ ਅਤੇ ਲੋੜਾਂ ਤੋਂ ਪ੍ਰਭਾਵਿਤ ਵੀ ਹੋਇਆ ਹੈ ਅਤੇ ਇਸ ਦਾ ਸੰਵਾਦੀ ਪ੍ਰਵਚਨੀ ਉਚਾਰ ਵੀ ਸਿਰਜਿਆ ਹੈ। ਪੰਜਾਬੀ ਨਾਵਲ ਦੇ ਵਿਕਾਸ ਦੀਆਂ ਵਿਭਿੰਨ ਪ੍ਰਵਿਰਤੀਆਂ ਇਸ ਦਾ ਪ੍ਰਮਾਣ ਹਨ।

1990 ਤੋਂ ਬਾਅਦ ਦੀਆਂ ਸਥਿਤੀਆਂ ਵਿਚ ਆਰਥਿਕ ਅਤੇ ਰਾਜਨੀਤਕ ਪੱਧਰ 'ਤੇ ਇੱਕ ਵੱਡਾ ਪਰਿਵਰਤਨ ਵਾਪਰਿਆਂ ਜਿਸਨੂੰ ਵਿਸ਼ਵੀਕਰਨ ਦਾ ਨਾਂ ਦਿੱਤਾ ਗਿਆ। ਵਾਸਤਵ ਵਿਚ ਇਹ ਆਰਥਿਕ ਵਰਤਾਰਾ ਹੈ ਜਿਹੜਾ ਵਿਸ਼ਵੀ ਮੰਡੀ ਦੇ ਫੈਲਾਅ ਤੇ ਪਾਸਾਰ ਲਈ ਅਤਿ ਸ਼ਕਤੀਕਾਲੀ ਪੂੰਜੀਵਾਦੀ ਤਾਕਤਾਂ ਦੁਆਰਾ ਵਿਸ਼ਵ-ਪੱਧਰ 'ਤੇ ਵਿਕਾਸਸ਼ੀਲ ਅਤੇ ਪਛੜੇ ਦੇਸ਼ਾਂ ਦੇ ਪ੍ਰਾਕ੍ਰਿਤਕ ਤੇ ਮਾਨਵੀ ਸਰੋਤਾਂ ਦਾ ਸ਼ੋਸ਼ਿਨ ਕਰਨ ਲਈ ਲਾਗੂ ਕਰਵਾਇਆ ਹੈ। ਇਹ ਇਕ ਤਰ੍ਹਾਂ ਦਾ ਸਾਮਰਾਜਵਾਦ

ਬਸਤੀਵਾਦ ਦਾ ਹੀ ਰੂਪ ਹੈ ਜਿਹੜਾ ਬਿਨਾਂ ਦੂਜੇ ਰਾਸ਼ਟਰਾਂ ਨੂੰ ਅਧੀਨ/ਕਬਜੇ ਹੇਠ ਲਿਆਏ ਹੀ ਉਨ੍ਹਾਂ ਦੇ ਹਿੱਤਾਂ ਦੀ ਪੂਰਤੀ ਕਰਦਾ ਹੈ। ਇਸ ਵਰਤਾਰੇ ਨੇ ਸੰਸਾਰ ਪੱਧਰ 'ਤੇ ਹਰੇਕ ਦੇਸ਼ ਨੂੰ ਪ੍ਰਭਾਵਿਤ ਕੀਤਾ ਹੈ। ਮਨੁੱਖ ਤੋਂ ਲੈ ਕੇ ਪ੍ਰਕਿਰਤੀ ਇਸ ਦੇ ਪ੍ਰਭਾਵ ਵਿਚ ਆ ਚੁੱਕੀ ਹੈ। ਸਪਸ਼ਟ ਹੈ ਕਿ ਮਨੁੱਖ ਤੇ ਪ੍ਰਕਿਰਤੀ ਨਾਲ ਸੰਬੰਧਿਤ ਸਮੁੱਚੇ ਵਰਤਾਰੇ, ਸਿਰਜਣਾਵਾਂ ਅਤੇ ਸੰਸਥਾਵਾਂ ਵੀ ਇਸ ਦੀ ਲਪੇਟ ਵਿਚ ਹਨ। ਸਾਹਿਤ ਵੀ ਇਸੇ ਵਰਤਾਰੇ ਦਾ ਇਕ ਅੰਗ ਹੈ ਜਿਹੜਾ ਅਜਿਹੇ ਮਾਹੌਲ ਵਿਚ ਨਵੀਂ ਵਸਤ, ਵਿਧੀ ਤੇ ਦ੍ਰਿਸ਼ਟੀ ਵੀ ਗ੍ਰਹਿਣ ਕਰਦਾ ਹੈ ਅਤੇ ਇਸ ਉਤੇ ਆਪਣਾ ਪ੍ਰਭਾਵ ਵੀ ਛੱਡਦਾ ਹੈ।

1990 ਤੋਂ ਬਾਅਦ ਪੰਜਾਬੀ ਸਾਹਿਤ ਖ਼ਾਸ ਕਰਕੇ ਨਵੇਂ ਪੰਜਾਬੀ ਨਾਵਲਾਂ ਵਿਚ ਜਿਹੜੇ ਨਵੇਂ ਨਾਵਲਕਾਰਾਂ ਨੇ ਪ੍ਰਵੇਸ਼ ਕੀਤਾ ਉਨ੍ਹਾਂ ਦੇ ਨਾਵਲਾਂ ਵਿਚ ਇਸ ਵਰਤਾਰੇ ਦੀ ਚੇਤਨਾ ਤੇ ਸੰਵੇਦਨਾ ਪ੍ਰਤੱਖ ਰੂਪ ਵਿਚ ਦਿਖਾਈ ਦਿੰਦੀ ਹੈ। ਇਹੀ ਨਹੀਂ, ਸਾਡੇ ਸਥਾਪਿਤ ਨਾਵਲਕਾਰ ਜਿਹੜੇ 1990 ਤੋਂ ਪਹਿਲਾਂ ਵੀ ਨਾਵਲ ਦੀ ਸਿਰਜਣਾ ਵਿਚ ਆਪਣਾ ਭਰਪੂਰ ਯੋਗਦਾਨ ਪਾ ਚੁੱਕੇ ਸਨ, ਉਨ੍ਹਾਂ ਦੀ ਨਾਵਲੀ ਚੇਤਨਾ ਵਿਚ ਵੀ ਇਸ ਦੇ ਪ੍ਰਭਾਵ ਨੂੰ ਵੇਖਿਆ ਜਾ ਸਕਦਾ ਹੈ। ਉਦਾਹਰਣ ਵਜੋਂ, ਗੁਰਦਿਆਲ ਸਿੰਘ ਪੰਜਾਬੀ ਦਾ ਅਜਿਹਾ ਨਾਵਲਕਾਰ ਹੈ ਜਿਸ ਨੇ ਪੰਜਾਬੀ ਨਾਵਲ ਵਿਚ ਇਕ ਗੁਣਾਤਮਕ ਪਰਿਵਰਤਨ ਲਿਆਂਦਾ। ਉਸਨੇ 1960 ਤਕ ਦੇ ਨਾਵਲ ਦੇ ਸੰਰਚਨਾਤਮਕ ਮਾਡਲ ਜਿਹੜਾ ਸੁਖਾਂਤ ਦ੍ਰਿਸ਼ਟੀ ਦਾ ਧਾਰਣੀ ਅਤੇ ਨਾਇਕ ਮੂਲਕ ਸੀ, ਉਸ ਦੀ ਥਾਂ ਤ੍ਰਾਸਦਬੋਧ ਵਾਲੇ ਨਾਵਲ ਦਾ ਸਿਰਜਣ ਕੀਤਾ ਜਿਸ ਵਿਚ ਨਾਇਕ ਦਾ ਵਿਗਠਨ ਹੋਇਆ ਅਤੇ ਇਸ ਦੇ ਕੇਂਦਰ ਵਿਚ ਸਾਧਾਰਨ ਮਨੁੱਖ ਆਪਣੇ ਸਮੁੱਚੇ ਸਮਾਜ ਸਭਿਆਚਾਰਕ ਪ੍ਰਸੰਗ ਵਿਚ ਤ੍ਰਾਸਦਿਕ/ਤਣਾਉ ਗ੍ਰਹਿਸਤ ਰੂਪ ਵਿਚ ਪੇਸ਼ ਹੋਇਆ। ਉਸਨੇ ਅੱਠ ਨਾਵਲ ਇਸੇ ਵਿਧੀ ਦੇ ਦ੍ਰਿਸ਼ਟੀ ਤੋਂ ਰਚੇ। ਪਰੰਤੂ ***ਪਰਸਾ*** ਨਾਵਲ ਜਿਹੜਾ 1992 ਵਿਚ ਛਪਿਆ ਉਹ ਉਸਦੇ ਇਸ ਸਥਾਪਿਤ ਗਲਪੀ

ਨਾਵਲ ਨੂੰ ਤੋੜਦਾ ਹੈ। ਉਸਦੇ ਨਾਵਲ ***ਪਰਸਾ*** ਨਾਲ ਨਾਇਕ ਦਾ ਪੁਨਰ ਸਥਾਪਨ ਹੁੰਦਾ ਹੈ ਅਤੇ ਨਾਵਲੀ ਬਿਰਤਾਂਤ ਵਧ ਸੰਘਣਾ, ਬਹੁ-ਪਰਤੀ, ਬਹੁ-ਪੱਧਰੀ ਤੇ ਬਹੁ ਨਾਦੀ ਹੋ ਜਾਂਦਾ ਹੈ। ਵਰਤਮਾਨ ਸਥਿਤੀ ਦੀ ਜਟਿਲਤਾ ਦੇ ਪ੍ਰਤਿਉੱਤਰ ਵਿਚ ਅਜਿਹੇ ਨਾਇਕ ਦੀ ਤਲਾਸ਼ ਕਰਨ ਵਲ ਰੁਚਿਤ ਹੈ ਜਿਹੜਾ ਇਸ ਦਾ ਮੁਕਾਬਲਾ ਕਰਨ ਅਤੇ ਬਦਲਣ ਲਈ ਆਪਣਾ ਯੋਗਦਾਨ ਪਾ ਸਕੇ।

ਇਸ ਸਮੇਂ ਦੌਰਾਨ ਜਿਹੜੇ ਦੂਜੇ ਨਾਵਲਕਾਰਾਂ ਨੇ ਪ੍ਰਵੇਸ਼ ਕੀਤਾ ਉਨ੍ਹਾਂ ਵਿਚ ਭਾਵੇਂ ਕੁਝ ਅਜਿਹੇ ਵੀ ਸਨ ਜਿਹੜੇ 1990 ਤਕ ਨਾਵਲਾਂ ਦੀ ਸਿਰਜਣਾ ਕਰ ਚੁੱਕੇ ਸਨ, ਪਰੰਤੂ ਉਹ ਨਾਵਲ ਉਨ੍ਹਾਂ ਦੇ ਇਕ ਤਰ੍ਹਾਂ ਨਾਵਲੀ ਸਿਰਜਣਾ ਵਿਚ ਪ੍ਰਯੋਗ ਮਾਤਰ ਸਨ। ਉਨ੍ਹਾਂ ਵਿਚੋਂ ਮਿੱਤਰ ਸੈਨ ਮੀਤ ਅਜਿਹਾ ਨਾਵਲਕਾਰ ਹੈ ਜਿਹੜਾ 1990 ਤੋਂ ਪਹਿਲਾਂ ਦੋ ਨਾਵਲ ***ਅੱਗ ਦੇ ਬੀਜ*** (1971) ਅਤੇ ***ਕਾਫ਼ਲਾ*** (1986) ਲਿਖ ਚੁੱਕਾ ਸੀ, ਪਰੰਤੂ 1990 ਤੋਂ ਬਾਅਦ ਉਸਨੇ ਜਿਹੜੇ ਚਾਰ ਨਾਵਲਾਂ ਦਾ ਸਿਰਜਣ ਕੀਤਾ ਉਹ ਉਸਦੇ ਗਹਿਰ ਗੰਭੀਰ ਚਿੰਤਨ, ਖੋਜ ਅਤੇ ਲੰਮੇਰੇ ਪੇਸ਼ਾਵਰ ਅਨੁਭਵ ਵਿਚੋਂ ਆਪਣਾ ਰੂਪ ਗ੍ਰਹਿਣ ਕਰਦੇ ਹਨ। ਇਹੋ ਕਾਰਣ ਹੈ ਉਹ ਆਕਾਰ ਵਿਚ ਹੀ ਵੱਡੇ ਨਹੀਂ, ਸਗੋਂ ਪੰਜਾਬੀ ਨਾਵਲ ਦੀ ਵਿਲੱਖਣ ਤੇ ਮੁੱਲਵਾਨ ਪ੍ਰਾਪਤੀ ਵੀ ਬਣਦੇ ਹਨ। ਉਸ ਦੀ ਇਹ ਵਿਲੱਖਣਤਾ ਤੇ ਪ੍ਰਾਪਤੀ ਨਾਵਲਾਂ ਵਿਚ ਪੇਸ਼ ਵਸਤ, ਥੀਮ ਅਤੇ ਦ੍ਰਿਸ਼ਟੀ ਵਿਚ ਹੀ ਨਹੀਂ, ਸਗੋਂ ਉਸ ਦੇ ਨਿਭਾਅ ਵਿਚ ਵੀ ਹੈ। ਨਿਆਂ ਅਤੇ ਨਿਆਂਕਾਰੀ ਸਾਡੇ ਸਮਿਆਂ ਦਾ ਅਜਿਹਾ ਮਸਲਾ ਹੈ ਜਿਹੜਾ ਇਕ ਪਾਸੇ ਸੁਤੰਤਰ ਪ੍ਰਬੰਧਕੀ ਸੰਸਥਾ/ਪ੍ਰਣਾਲੀ ਹੋਣ ਦਾ ਭਰਮ ਸਿਰਜਦਾ ਹੈ, ਪਰੰਤੂ ਦੂਜੇ ਪਾਸੇ ਇਸ ਵਿਚ ਰਾਜਸੀ ਤੇ ਪ੍ਰਬੰਧਕੀ ਦਖ਼ਲ, ਪੈਸੇ ਦੀ ਤਾਕਤ ਅਤੇ ਪੱਖਪਾਤ ਆਦਿ ਇਸ ਦੀਆਂ ਜੜ੍ਹਾਂ ਵਿਚ ਕਿਵੇਂ ਬੈਠੀ ਹੈ? ਜਿਸ ਦੇ ਸਿੱਟੇ ਵਜੋਂ ਸਮੁੱਚਾ ਨਿਆਇਕ ਢਾਂਚਾ ਸਮੇਤ ਆਪਣੇ ਸਹਾਈ ਉਪ-ਸਿਸਟਮਾਂ ਦੇ ਭ੍ਰਿਸ਼ਟਾਚਾਰ ਦੀ ਕਰੂਰ ਤੇ ਕਰੂਪ

ਦਲਦਲ ਵਿਚ ਧਸ ਚੁੱਕਿਆ, ਇਸ ਯਥਾਰਥ ਦੀ ਪ੍ਰਮਾਣਿਕਤਾ ਅਤੇ ਪ੍ਰੋਢ ਪੇਸ਼ਕਾਰੀ ਇਸ ਦੇ ਨਾਵਲੀ ਅਮਲ ਦੀ ਵਿਲੱਖਣ ਅਤੇ ਵਰਣਨਯੋਗ ਪ੍ਰਾਪਤੀ ਹੈ।

ਨਿਆਂ ਦਾ ਮਸਲਾ ਭਾਵੇਂ ਸਾਡੀ ਹਰ ਪ੍ਰਵਿਰਤੀ ਤੇ ਪੜ੍ਹਾ ਦੇ ਨਾਵਲ ਵਿਚ ਆਇਆ ਤਾਂ ਹੈ ਪਰੰਤੂ ਇਹ ਨਾਵਲ ਦੀ ਕੇਂਦਰੀ ਥੀਮ ਵਜੋਂ ਨਹੀਂ। ਦੂਜੇ, ਉਨ੍ਹਾਂ ਨੇ ਨਿਆਂ ਦੇ ਮਸਲੇ ਨੂੰ ਸਮਾਜ ਦੀਆਂ ਤਕਰੀਬਨ ਕੁਲ ਬੁਨਿਆਦੀ ਸੰਸਥਾਵਾਂ ਜਿਵੇਂ ਪਰਿਵਾਰ, ਜਾਤਪਾਤ, ਅਰਥਚਾਰੇ, ਰਾਜਨੀਤੀ, ਧਰਮ ਆਦਿ ਦੇ ਖੇਤਰਾਂ ਨਾਲ ਜੋੜ ਕੇ ਪੇਸ਼ ਕੀਤਾ ਹੈ। ਇਹ ਉਨ੍ਹਾਂ ਦੀ ਦੂਸਰੀ ਮਹੱਤਵਪੂਰਨ ਉਪਲਬਧੀ ਹੈ। ਪਰੰਤੂ ਉਹ ਨਿਆਂ ਦੇ ਮਸਲੇ ਨੂੰ ਸਮੁੱਚਤਾ ਵਿਚ ਅਤੇ ਸੰਵਾਦੀ ਸੰਬੰਧਾਂ ਵਿਚ ਬੰਨ੍ਹ ਕੇ ਪੇਸ਼ ਨਹੀਂ ਕਰ ਸਕੇ। ਸਿੱਟੇ ਵਜੋਂ ਉਨ੍ਹਾਂ ਦੇ ਹੱਥਾਂ ਵਿਚ ਨਿਆਂ ਦਾ ਮਸਲਾ ਖਿੰਡਵੇਂ ਰੂਪ ਵਿਚ ਪੇਸ਼ ਹੋ ਸਕਿਆ ਹੈ। ਉਹ ਇਸ ਮਸਲੇ ਦਾ ਬਾਹਰਮੁਖੀ ਵਿਵੇਕ ਜਾਂ ਸਮਾਧਾਨ ਰੂਪਮਾਨ ਕਰਨ ਵਿਚ ਬਹੁਤੇ ਸਫ਼ਲ ਨਹੀਂ ਹੋ ਸਕੇ।

ਮਿੱਤਰ ਸੈਨ ਮੀਤ ਦੀ ਨਾਵਲ ਸੰਵੇਦਨਾ ਤੇ ਚੇਤਨਾ ਦੀ ਇਹ ਖ਼ਾਸੀਅਤ ਹੈ ਕਿ ਉਸਨੇ ਨਿਆਂ ਦੇ ਮਸਲੇ ਨੂੰ ਜੀਵਨ ਦੇ ਹਰੇਕ ਖੇਤਰ ਵਿਚ ਪੇਸ਼ ਕਰਦਿਆਂ ਉਨ੍ਹਾਂ ਦੇ ਆਪਸੀ ਸੰਬੰਧਾਂ ਨੂੰ ਵੀ ਚੇਤੰਨ ਤੌਰ 'ਤੇ ਰੂਪਮਾਨ ਕੀਤਾ ਹੈ। ਸਿੱਟੇ ਵਜੋਂ, ਉਸਦੇ ਨਾਵਲਾਂ ਵਿਚ ਨਿਆਂ ਦਾ ਸੰਕਲਪ ਆਪਣੀ ਵਿਆਪਕਤਾ ਅਤੇ ਗਹਿਰਾਈ, ਦੋਹਾਂ ਪਾਸਾਰਾਂ ਵਿਚ ਹੀ ਪੇਸ਼ ਹੋਇਆ ਹੈ। ਉਹ ਸਟੇਟ ਅਤੇ ਇਸ ਦੀਆਂ ਵਿਭਿੰਨ ਨਿਆਂਕਾਰੀ ਸੰਸਥਾਵਾਂ ਦੇ ਕਰੂਰ ਯਥਾਰਥ ਨੂੰ ਪੇਸ਼ ਕਰਨ ਵਿਚ ਕਾਮਯਾਬ ਹੋਇਆ ਹੈ।

ਮਿੱਤਰ ਸੈਨ ਮੀਤ ਕੋਲ ਕਾਨੂੰਨ ਦਾ ਸਿਧਾਂਤਕ ਗਿਆਨ ਵੀ ਹੈ, ਵਿਹਾਰਕ ਤਜਰਬਾ ਵੀ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਸ ਕੋਲ ਕੁਦਰਤ, ਸਮਾਜ ਅਤੇ ਚਿੰਤਨ ਦੇ ਕੁਲ ਪਸਾਰਾਂ ਅਤੇ ਪਰਤਾਂ ਨੂੰ ਵੇਖਣ, ਸਮਝਣ ਅਤੇ ਢੁਕਵੀਂ ਭਾਸ਼ਾ ਵਿਚ ਪੇਸ਼ ਕਰਨ ਦੀ ਵਿਗਿਆਨਕ ਸਮਝ ਹੈ। ਉਹ ਜਾਣਦਾ ਹੈ ਕਿ ਸ਼੍ਰੇਣੀ ਸਮਾਜ ਦੀ

ਸਟੇਟ ਕੁਲੀਗ ਵਰਗਾਂ ਦੀ ਬਰਕਰਾਰੀ ਲਈ ਕਈ ਪੱਧਰ 'ਤੇ ਪਖੰਡ ਤੇ ਧੌਂਸ ਦੇ ਪੈਂਤੜੇ ਸਿਰਜਦੀ ਹੈ। ਦੂਸਰੇ ਜਦੋਂ ਦਾ ਲਿਖਤੀ ਕਾਨੂੰਨ ਹੋਂਦ ਵਿਚ ਆਇਆ ਹੈ, ਉਦੋਂ ਤੋਂ ਹੀ ਇਹ ਹਾਕਮ ਸ਼੍ਰੇਣੀਆਂ ਦੇ ਬੁੱਧੀ ਜੀਵੀਆਂ ਦੇ ਇਜਾਰੇਦਾਰੀ ਤੇ ਸਰਦਾਰੀ ਵਿਚ ਹੈ। ਸਟੇਟ, ਉਸਦਾ ਕਾਨੂੰਨੀ ਜ਼ਾਬਤਾ, ਜ਼ਾਬਤੇ ਨੂੰ ਘੜਣ-ਬਣਾਉਣ ਵਾਲੀ ਵਿਧਾਨ ਪਾਲਿਕਾ, ਇਸ ਨੂੰ ਲਾਗੂ ਕਰਨ ਵਾਲੀਆਂ ਅਦਾਲਤਾਂ ਅਤੇ ਮੁਜਰਮਾਂ ਨੂੰ ਦੰਡ ਦੇਣ ਵਾਲੀਆਂ ਸੰਸਥਾਵਾਂ-ਸਭ ਦੀਆਂ ਸਭ, ਅੰਤਿਮ ਰੂਪ ਵਿਚ ਪੈਸੇ ਤੇ ਰਾਜਸੀ ਸਿਆਸਤ ਦੇ ਪ੍ਰਭਾਵ ਵਿਚ ਅਜੋਕਾ ਕਾਨੂੰਨ ਇੰਨਾ ਜਟਿਲ ਬਣਾ ਦਿੱਤਾ ਹੈ ਕਿ ਕਾਨੂੰਨੀ ਸਿੱਖਿਆ ਦੇ ਮਾਹਰ ਅਰਥਾਤ ਵਕੀਲ ਅਤੇ ਜੱਜ ਹੀ ਇਸ ਦੀ ਵਿਆਖਿਆ ਕਰਨ ਦੇ ਯੋਗ ਸਮਝੇ ਜਾਂਦੇ ਹਨ। ਇਸ ਕਰਕੇ ਆਮ ਆਦਮੀ ਨੂੰ ਕਾਨੂੰਨੀ ਨਿਆਂ ਪ੍ਰਾਪਤ ਕਰਨ ਲਈ ਕਾਨੂੰਨੀ ਮਾਹਰਾਂ ਦੀ ਦਾਸਤਾ ਬਰਦਾਸ਼ਤ ਕਰਨੀ ਪੈਂਦੀ ਹੈ। ਦਿਲਚਸਪ ਗੱਲ ਇਹ ਹੈ ਕਿ ਪੀੜਕ ਅਤੇ ਪੀੜਤ ਧਿਰਾਂ ਦੋਵੇਂ ਹੀ ਕਾਨੂੰਨੀ ਮਾਹਿਰਾਂ ਦਾ ਪਾਣੀ ਭਰਨ ਲਈ ਮਜਬੂਰ ਹੁੰਦੀਆਂ ਹਨ ਅਤੇ ਇਕੋ ਕਾਨੂੰਨ ਵਕੀਲ ਦੀ ਲਿਆਕਤੀ, ਦਲੀਲਬਾਜੀ ਦੀ ਸਮਰਥਾ ਅਤੇ ਸਰਕਾਰੇ ਦਰਬਾਰੇ ਪਹੁੰਚ ਉਤੇ ਨਿਰਭਰ ਹੁੰਦਾ ਹੈ। ਇਸ ਤੋਂ ਵੀ ਅੱਗੇ ਪੁਲਿਸ, ਗਵਾਹ ਅਤੇ ਪੁਲਿਸ ਦੇ ਦਲਾਲ ਅਤੇ ਹੋਰ ਬਹੁਤ ਸਾਰੇ ਅਦਾਲਤਾਂ ਦੇ ਛੋਟੇ ਮੋਟੇ ਕਾਮੇ ਕਾਨੂੰਨੀ ਨਿਆਂ ਨੂੰ ਅਨਿਆਂ ਵਿਚ ਤਬਦੀਲ ਕਰਨ ਵਿਚ ਸਹਾਇਕ ਕਰਮਚਾਰੀ ਸਿੱਧ ਹੁੰਦੇ ਹਨ। ਮਾਇਆ ਅਤੇ ਅਸਰ ਰਸੂਖ਼ ਦੀ ਖੇਡ ਜਿਵੇਂ ਚਾਹੇ ਉਵੇਂ ਕਰ ਸਕਦੀ ਹੈ। ਮੀਤ ਦੇ ਨਾਵਲਾਂ ਦੀ ਵਿਲੱਖਣਤਾ ਹੀ ਇਸ ਗੱਲ ਵਿਚ ਹੈ ਕਿ ਉਹ ਇਸ ਅਨਿਆਈ ਵਰਤਾਰੇ ਨੂੰ ਉਸ ਦੇ ਸਮੁੱਚ ਵਿਚ ਰੂਪਮਾਨ ਕਰਨ ਦੇ ਸਮਰਥ ਹੈ। ਉਸਦੇ ਨਾਵਲਾਂ ਬਾਰੇ ਅੰਤਲੀ ਗੱਲ ਇਹ ਹੈ ਕਿ ਉਹ ਨਿਆਂ ਦੇ ਵਰਤਾਰੇ ਨੂੰ ਆਰਥਿਕ, ਸੰਸਥਾਵੀਂ ਅਤੇ ਮਾਨਸਿਕ ਸੰਸਕ੍ਰਿਤੀ ਦੇ ਸੰਦਰਭ ਨਾਲ ਜੋੜ ਕੇ ਰੂਪਮਾਨ ਕਰਦਾ ਹੈ।

ਕਿਸੇ ਵੀ ਖੋਜ-ਪ੍ਰਬੰਧ ਦੀ ਖੋਜ-ਵਿਧੀ ਅਹਿਮ ਪੱਖ ਹੈ ਕਿਉਂਕਿ ਖੋਜ-ਵਿਧੀ ਰਾਹੀਂ ਹੀ ਖੋਜਕਾਰ ਆਪਣੇ ਵਿਸ਼ੇ ਦੀ ਉਸਾਰੀ ਵਿਧੀਗਤ ਰੂਪ ਵਿਚ ਬਾਹਰਮੁਖੀ ਤੇ ਤਰਕਮਈ ਢੰਗ ਨਾਲ ਕਰਦਾ ਹੈ। ਨਾਵਲ ਦੇ ਅਧਿਐਨ ਲਈ ਮੁੱਖ ਰੂਪ ਵਿਚ ਦੋ ਤਰ੍ਹਾਂ ਦੀਆਂ ਵਿਧੀਆਂ ਵਰਤੀਆਂ ਜਾਂਦੀਆਂ ਹਨ-ਅੰਤਰੰਗ ਵਿਧੀਆਂ/ਦ੍ਰਿਸ਼ਟੀਆਂ, ਜਿਸ ਦਾ ਅਧਿਐਨ ਪਾਠ ਕੇਂਦਰਿਤ ਹੁੰਦਾ ਹੈ ਅਤੇ ਬਾਹਰੰਗ ਆਲੋਚਨਾ ਵਿਧੀਆਂ/ਦ੍ਰਿਸ਼ਟੀਆਂ, ਜੋ ਪਰਿਵੇਸ਼ ਨੂੰ ਆਪਣੇ ਕੇਂਦਰ ਵਿਚ ਲਿਆਉਂਦੀਆਂ ਹਨ। ਇਨ੍ਹਾਂ ਦੋਹਾਂ ਤਰ੍ਹਾਂ ਦੀਆਂ ਅਧਿਐਨ ਵਿਧੀਆਂ/ਦ੍ਰਿਸ਼ਟੀਆਂ ਦੀ ਸੀਮਾ ਇਸ ਗੱਲ ਵਿਚ ਹੈ ਕਿ ਪਹਿਲੀ ਅਧਿਐਨ ਵਿਧੀ ਸਾਹਿਤ ਦੇ ਅਨੁਭਵ ਤੋਂ ਸਿਰਜਣ ਤੱਕ ਦੀ ਪ੍ਰਕਿਰਿਆ ਨੂੰ ਅਤੇ ਉਸ ਵਿਚ ਪੇਸ਼ ਵਿਚਾਰਧਾਰਾਈ ਆਧਾਰਾਂ ਨੂੰ ਉਪੇਖਿਅਤ ਕਰਦੀ ਹੈ। ਦੂਜੀ ਵਿਧੀ ਪਾਠ ਦੀਆਂ ਸਿਰਜਣ ਜੁਗਤਾਂ/ਨਿਯਮਾਂ/ਰੂੜ੍ਹੀਆਂ ਨੂੰ ਅਣਦੇਖਿਆ ਕਰਦੀ ਹੈ। ਸਾਡਾ ਵਿਸ਼ਾ ਕਿਉਂਕਿ ਨਿਆਂ ਦੇ ਨਾਵਲ ਵਿਚ ਰੂਪਾਂਤ੍ਰਿਣ ਨਾਲ ਜੁੜਿਆ ਹੈ, ਇਸ ਲਈ ਨਿਆਂ ਦੇ ਅਧਿਐਨ ਲਈ ਰਾਜਨੀਤਕ ਅਤੇ ਸਮਾਜ-ਸ਼ਾਸਤਰੀ ਪਹੁੰਚ ਦ੍ਰਿਸ਼ਟੀ ਦੀ ਉਨੀ ਹੀ ਮਹੱਤਤਾ ਹੈ ਜਿੰਨੀ ਇਸ ਦੇ ਕਲਾਤਮਕ ਰੂਪਾਂਤ੍ਰਿਣ ਦੀ ਪ੍ਰਕਿਰਿਆ ਨੂੰ ਸਮਝਣ ਲਈ ਨਾਵਲ ਦੇ ਨਾਵਲ-ਸ਼ਾਸਤਰ ਦੀ ਹੈ। ਇਉਂ, ਅਸੀਂ ਆਪਣੇ ਅਧਿਐਨ ਲਈ ਪਾਠ ਅਤੇ ਪਰਿਵੇਸ਼ ਨੂੰ ਇਕ ਦੂਜੇ ਨਾਲੋਂ ਅਲੱਗ ਕਰਕੇ ਨਹੀਂ ਸਗੋਂ ਇਨ੍ਹਾਂ ਦੋਹਾਂ ਨੂੰ ਸਮੁੱਚੇ ਰੂਪ ਵਿਚ ਰਖ ਕੇ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਸਾਡੀ ਅਧਿਐਨ-ਵਿਧੀ ਸਮਾਜ-ਸ਼ਾਸਤਰ ਅਤੇ ਸੁਹਜ-ਸ਼ਾਸਤਰ ਦੇ ਸੁਮੇਲ ਰਾਹੀਂ ਆਪਣਾ ਵਿਧੀਵਤ ਕਾਰਜ ਕਰਨ ਵਿਚ ਸਹਾਈ ਹੋਈ ਹੈ।

ਆਪਣੇ ਖੋਜ-ਪ੍ਰਬੰਧ ਦੇ ਵਿਸ਼ੇ *''ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਨਿਆਂ ਦੀ ਬਿਰਤਾਂਤਕਾਰੀ''* ਦੇ ਵਿਧੀਵਤ ਦੇ ਬਾਹਰਮੁੱਖ ਅਧਿਐਨ ਲਈ ਅਸੀਂ ਆਪਣੇ

ਖੋਜ-ਕਾਰਜ ਨੂੰ ਪੰਜ ਅਧਿਆਵਾਂ ਵਿਚ ਵੰਡ ਕੇ ਇਨ੍ਹਾਂ ਦਾ ਅਧਿਐਨ-ਵਿਵੇਚਨ ਅਤੇ ਮੁਲਾਂਕਣ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਪਹਿਲੇ ਅਧਿਆਇ** ਵਿਚ ਅਸੀਂ ਨਿਆਂ ਦੇ ਸੰਕਲਪ ਨੂੰ ਸਪਸ਼ਟ ਕਰਨ ਲਈ ਇਸ ਦੀ ਪਰਿਭਾਸ਼ਾ, ਇਸ ਦੇ ਇਤਿਹਾਸਕ ਤੇ ਵਿਚਾਰਧਾਰਾਈ ਆਧਾਰਾਂ, ਨਿਆਂ ਦੀ ਸਿਧਾਂਤਕਾਰੀ ਦੇ ਵਿਭਿੰਨ ਸਕੂਲਾਂ, ਨਿਆਂ ਦੀਆਂ ਕਿਸਮਾਂ, ਨਿਆਂ ਦੇ ਸਰੋਤ, ਵਿਸ਼ਵ ਪੱਧਰ ਦੇ ਪ੍ਰਮੁੱਖ ਨਿਆਂ ਪ੍ਰਬੰਧ ਅਤੇ ਭਾਰਤੀ ਨਿਆਂ ਪ੍ਰਬੰਧ ਅਤੇ ਸੁਤੰਤਰ ਭਾਰਤ ਵਿਚ ਇਸ ਦੇ ਪ੍ਰਬੰਧਕੀ ਢਾਂਚੇ ਆਦਿ ਦਾ ਵਿਸਤ੍ਰਿਤ ਅਧਿਐਨ ਵਿਵੇਚਨ ਪ੍ਰਸਤੁਤ ਕੀਤਾ ਹੈ।

**ਦੂਜੇ ਅਧਿਆਇ** ਵਿਚ ਅਸੀਂ ''ਪੰਜਾਬੀ ਨਾਵਲ ਵਿਚ ਨਿਆਂ ਦੀ ਬਿਰਤਾਂਤਕਾਰੀ'' ਦਾ ਅਧਿਐਨ-ਵਿਵੇਚਨ ਕਰਦੇ ਹੋਏ ਮੁਢਲੇ ਪੰਜਾਬੀ ਨਾਵਲ ਤੋਂ ਗੁਰਦਿਆਲ ਸਿੰਘ ਪੀੜ੍ਹੀ ਤਕ ਦੇ ਪ੍ਰਮੁੱਖ ਨਾਵਲਕਾਰਾਂ ਦੇ ਪ੍ਰਤਿਨਿਧ ਨਾਵਲਾਂ ਦੇ ਅਧਿਐਨ ਰਾਹੀਂ ਇਸ ਦੇ ਅੰਸ਼ਿਕ ਰੂਪਾਂਤ੍ਰਿਣ ਰਾਹੀਂ ਨਿਆਂ ਦੀ ਸਥਿਤੀ ਅਤੇ ਸੁਭਾਅ ਦੀ ਪਛਾਣ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ।

**ਤੀਜੇ ਅਧਿਆਇ** ਮਿੱਤਰ ਸੈਨ ਮੀਤ ਦੇ ਮੁੱਢਲੇ ਦੋ ਨਾਵਲਾਂ- ***ਅੱਗ ਦੇ ਬੀਜ*** ਅਤੇ ***ਕਾਫ਼ਲਾ*** ਵਿਚ ਨਿਆਂ ਦੀ ਬਿਰਤਾਂਤਕਾਰੀ ਦਾ ਅਧਿਐਨ, ਵਿਸ਼ਲੇਸ਼ਣ ਤੇ ਮੁਲਾਂਕਣ ਕਰਦੇ ਹੋਏ ਇਹ ਸਪਸ਼ਟ ਕੀਤਾ ਹੈ ਕਿ ਨਿਆਂ ਮੁਖ-ਥੀਮ ਵਜੋਂ ਭਾਵੇਂ ਇਨ੍ਹਾਂ ਨਾਵਲਾਂ ਦੇ ਕੇਂਦਰ ਵਿਚ ਨਹੀਂ, ਪਰੰਤੂ ਉਸ ਨੇ ਇਸ ਨੂੰ ਇਕ ਉਪ-ਥੀਮ ਵਜੋਂ ਉਸਾਰਦੇ ਹੋਏ ਨਿਆਂ ਦੇ ਕਾਨੂੰਨੀ ਪੱਖ ਨੂੰ ਸਮਾਜਿਕ ਨਿਆਂ ਦੇ ਪ੍ਰਸੰਗ ਵਿਚ ਸਮਝਣ ਦਾ ਯਤਨ ਕੀਤਾ ਹੈ।

**ਚੌਥੇ ਅਧਿਆਇ** ਮਿੱਤਰ ਸੈਨ ਮੀਤ ਦੇ ਤ੍ਰੈ-ਲੜੀ ਤੇ ਵੱਡ-ਆਕਾਰੀ ਨਾਵਲਾਂ- ***ਤਫ਼ਤੀਸ਼, ਕਟਹਿਰਾ*** ਅਤੇ ***ਸੁਧਾਰ ਘਰ*** ਵਿਚ ਨਿਆਂ ਪ੍ਰਣਾਲੀ ਦੀ ਨਿਆਇਕ ਪ੍ਰਕਿਰਿਆ ਦੇ ਆਰੰਭਲੇ ਬਿੰਦੂ ਤਫ਼ਤੀਸ਼ ਤੋਂ ਲੈ ਕੇ ਕਿਸੇ ਦੋਸ਼ੀ ਜਾਂ ਨਿਰਦੋਸ਼ ਨੂੰ

ਜੇਲ੍ਹ ਭੇਜਣ ਤਕ ਦੀ ਸਮੁੱਚੀ ਕਾਨੂੰਨੀ ਪ੍ਰਕਿਰਿਆ, ਇਸ ਦੇ ਸੁਭਾ ਅਤੇ ਇਸ ਨਾਲ ਸੰਬੰਧਿਤ ਸਾਰੇ ਉਪ ਸਿਸਟਮਾਂ ਅਤੇ ਉਨ੍ਹਾਂ ਨਾਲ ਜੁੜੇ ਛੋਟੇ ਤੋਂ ਵੱਡੇ ਅਧਿਕਾਰੀਆਂ ਆਦਿ ਤੱਕ ਦੇ ਵਿਹਾਰ, ਕਿਰਦਾਰ ਅਤੇ ਜਮਾਤੀ ਖ਼ਾਸੇ ਵਿਚਲੇ ਅੰਤਰ ਤੇ ਅੰਤਰ-ਵਿਰੋਧਾਂ ਸਮੇਤ ਇਨ੍ਹਾਂ ਦਾ ਵਿਸਤ੍ਰਿਤ ਅਧਿਐਨ-ਵਿਸ਼ਲੇਸ਼ਣ ਤੇ ਮੁਲਾਂਕਣ ਪ੍ਰਸਤੁਤ ਕੀਤਾ ਹੈ।

**ਪੰਜਵਾਂ ਅਧਿਆਇ** ''ਮਿੱਤਰ ਸੈਨ ਮੀਤ ਦੇ ਨਾਵਨ ***ਕੌਰਵ ਸਭਾ*** ਵਿਚ ਨਿਆਂ ਦੀ ਬਿਰਤਾਂਤਕਾਰੀ'' ਨਾਲ ਸੰਬੰਧਿਤ ਹੈ ਜਿਹੜਾ ਸਾਡੀ ਨਿਆਂ ਪ੍ਰਣਾਲੀ ਸਮੇਤ ਇਸਦੇ ਉਪ ਸਿਸਟਮਾਂ, ਸਾਡੇ ਰਾਜਸੀ ਤੇ ਪ੍ਰਬੰਧਕੀ ਢਾਂਚਿਆਂ, ਲੋਕ ਸੰਘਰਸ਼ ਨਾਲ ਜੁੜੇ ਅਖੌਤੀ ਸੰਗਠਨਾਂ, ਧਾਰਮਿਕ ਅਦਾਰਿਆਂ, ਪ੍ਰੈਸ ਤੇ ਮੀਡੀਆ ਆਦਿ ਵਿਚ ਫੈਲੇ ਭ੍ਰਿਸ਼ਟਾਚਾਰ, ਪੈਸੇ ਦੀ ਲਲਕ ਅਤੇ ਪੈਸੇ ਦੀ ਸਰਦਾਰੀ ਦ; ਵਿਅੰਗ-ਚਿੱਤਬ ਉਚਾਰਦਾ ਤੇ ਉਸਾਰਦਾ ਹੋਇਆ ਇਨ੍ਹਾਂ ਦਾ ਵਿਅੰਗ ਚਿਤਰ ਪੇਸ਼ ਕਰਦਾ ਹੈ, ਦਾ ਅਧਿਐਨ, ਵਿਸ਼ਲੇਸ਼ਣ ਤੇ ਮੁਲਾਂਕਣ ਪੇਸ਼ ਕੀਤਾ ਗਿਆ ਹੈ।

ਸਮੁੱਚੇ ਅਧਿਐਨ-ਵਿਵੇਚਨ ਨੂੰ ਸਾਰ ਤੇ ਸਥਾਪਨਾਵਾਂ ਵਿਚ ਸੂਤ੍ਰਿਕ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਅਧਿਐਨ ਅਤੇ ਖੋਜ ਦੇ ਇਸ ਕਾਰਜ ਵਿਚ **ਡਾ. ਸੁਰਿੰਦਰ ਕੁਮਾਰ ਦਵੇਸ਼ਵਰ (ਪ੍ਰੋਫੈਸਰ),** ਵੱਲੋਂ ਜਿਸ ਤਰ੍ਹਾਂ ਦਾ ਸਹਿਯੋਗ, ਪ੍ਰੇਰਣਾ ਅਤੇ ਇਸ ਵਿਸ਼ੇ ਨਾਲ ਸੰਬੰਧਿਤ ਛੋਟੇ ਤੋਂ ਛੋਟੇ ਨੁੱਕਤੇ ਨੂੰ ਸਮਝਾਉਣ ਲਈ ਮੇਰਾ ਮਾਰਗ-ਦਰਸ਼ਨ ਕੀਤਾ ਉਸ ਲਈ ਸ਼ਬਦਿਕ ਤੇ ਰਸਮੀ ਧੰਨਵਾਦ ਵੀ ਭਾਵੇਂ ਜ਼ਰੂਰੀ ਹੈ, ਪਰੰਤੂ ਮੈਂ ਆਪਣੇ ਭਾਵ-ਪੱਧਰ ਤੇ ਅੰਦਰਲੇ ਸਤਿਕਾਰ ਤੇ ਪਿਆਰ ਦਾ ਸ਼ਬਦਾਂ ਵਿਚ ਇਜ਼ਹਾਰ ਕਰਨ ਤੋਂ ਅਸਮਰਥ ਹਾਂ। ਮੇਰੇ ਪੂਜਨਯ ਪਿਤਾ ਸਵਰਗੀ ਡਾ. ਟੀ.ਆਰ. ਵਿਨੋਦ ਇਨ੍ਹਾਂ 'ਤੇ ਮੇਰਾ ਭਾਰ ਸੁੱਟ ਗਏ ਸਨ। ਇਸ ਖੋਜ-ਪ੍ਰਬੰਧ ਦਾ ਵਿਸ਼ਾ ਵੀ ਭਾਵੇਂ ਉਨ੍ਹਾਂ ਨੇ ਹੀ ਸੁਝਾਇਆ ਸੀ ਅਤੇ ਮੈਨੂੰ ਇਸ ਖੋਜ ਵਲ ਉਨ੍ਹਾਂ ਵੱਲੋਂ ਹੀ ਪਹਿਲੀ ਪ੍ਰੇਰਣਾ ਮਿਲੀ ਸੀ, ਪਰੰਤੂ

ਡਾ. ਸਾਹਿਬ ਨੇ ਜਿਸ ਸੁਹਿਰਦਤਾ ਤੇ ਜ਼ਿੰਮੇਵਾਰੀ ਨਾਲ ਇਸ ਕਾਰਜ ਵਿਚ ਮੇਰੀ ਅਗਵਾਈ ਕੀਤੀ ਹੈ, ਮੈਂ ਅਤੇ ਮੇਰਾ ਪਰਿਵਾਰ ਹਮੇਸ਼ਾਂ ਉਨ੍ਹਾਂ ਲਈ ਕ੍ਰਿਤੱਗ ਰਹੇਗਾ।

ਆਪਣੇ ਸਮੁੱਚੇ ਪਰਿਵਾਰ ਦੇ ਨਾਲ ਨਾਲ ਸਾਰੇ ਵਿਦਵਾਨਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਅਤੇ ਮਜ਼ਮੂਨਾਂ ਨੂੰ ਮੈਂ ਆਪਣੇ ਇਸ ਖੋਜ-ਕਾਰਜ ਵਿਚ ਵਰਤਿਆ ਹੈ।

ਅੰਤ ਵਿਚ ਵਿਭਾਗ ਦੇ ਮੁਖੀ ਡਾ. ਸੁਖਦੇਵ ਸਿੰਘ ਸਿਰਸਾ ਲਈ ਵੀ ਅਭਾਰ ਪ੍ਰਗਟ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਹਮੇਸ਼ਾ ਹੱਲਾਸ਼ੇਰੀ ਦਿੱਤੀ।

ਸ੍ਰੀ ਕਰਮਜੀਤ ਸਿੰਘ ਸੋਢੀ ਦਾ ਧੰਨਵਾਦ ਕਰਨਾ ਵੀ ਆਪਣਾ ਫਰਜ ਸਮਝਦਾ ਹਾਂ ਜਿਨ੍ਹਾਂ ਨੇ ਮੇਰੇ ਹੱਥ-ਲਿਖੇ ਖਰੜਿਆਂ ਨੂੰ ਕੰਪਿਊਟਰੀ ਲਿਖਤ ਵਿਚ ਢਾਲਿਆ ਅਤੇ ਕਈ ਵਾਰ ਸੋਧ-ਸੁਧਾਈ ਦੇ ਕਾਰਜ ਨੂੰ ਹਮੇਸ਼ਾ ਖੁਸ਼ੀ ਖੁਸ਼ੀ ਨਿਭਾਇਆ।

(ਵਿਨੀਤ ਕੁਮਾਰ)

## ਅਧਿਆਇ ਪਹਿਲਾ

## ਕਾਨੂੰਨ ਤੇ ਨਿਆਂ ਦਾ ਸੰਕਲਪ: ਇਤਿਹਾਸਕ-ਸਿਧਾਂਤਕ ਪਰਿਪੇਖ

- ਕਾਨੂੰਨ/ਨਿਆਂ : ਪਰਿਭਾਸ਼ਾ ਤੇ ਇਸ ਦੇ ਵਿਭਿੰਨ ਸਕੂਲ
- ਕਾਨੂੰਨ ਦੀ ਵੰਡ
- ਕਾਨੂੰਨ ਦੇ ਸ੍ਰੋਤ
- ਸੰਸਾਰ ਦੇ ਪ੍ਰਮੁਖ ਨਿਆਂ ਪ੍ਰਬੰਧ
- ਭਾਰਤੀ ਕਾਨੂੰਨ ਤੇ ਨਿਆਂ ਪ੍ਰਣਾਲੀ
  (ੳ) ਵੈਦਿਕ ਕਾਲ
  (ਅ) ਧਰਮ ਸ਼ਾਸਤਰ
  (ੲ) ਸੂਤਰ ਕਾਲ
  (ਸ) ਮੁਗਲ ਕਾਲ
  (ਹ) ਬਸਤੀਵਾਦੀ ਕਾਨੂੰਨ ਅਤੇ ਨਿਆਂ ਪ੍ਰਣਾਲੀ
  (ਕ) ਸੁਤੰਤਰ ਭਾਰਤ ਦਾ ਕਾਨੂੰਨ ਤੇ ਨਿਆਂ ਪ੍ਰਣਾਲੀ

# ਕਾਨੂੰਨ ਤੇ ਨਿਆਂ ਦਾ ਸੰਕਲਪ: ਇਤਿਹਾਸਕ-ਸਿਧਾਂਤਕ ਪਰਿਪੇਖ

ਧਰਤੀ ਉੱਤੇ ਇੱਕ ਸੈੱਲੀ ਜੀਵ ਤੋਂ ਲੈ ਕੇ ਬਹੁਸੈੱਲੀ ਜੀਵ ਤੱਕ ਸਮੇਂ-ਸਮੇਂ ਸਿਰ ਅਣਗਿਣਤ ਜੀਵ ਜਾਤੀਆਂ ਬਣਦੀਆਂ ਬਿਣਸਦੀਆਂ ਰਹੀਆਂ ਹਨ। ਇਹ ਪ੍ਰਕਿਰਿਆ ਲਗਾਤਾਰ ਜਾਰੀ ਰਹੀ ਹੈ ਅਤੇ ਭਵਿੱਖ ਵਿੱਚ ਵੀ ਜਾਰੀ ਰਹੇਗੀ। ਇਸਦਾ ਬੁਨਿਆਦੀ ਕਾਰਨ ਇਹ ਹੈ ਕਿ ਮਾਦਾ ਵਿਰੋਧੀ ਤੱਤਾਂ ਦਾ ਬਣਿਆ ਹੋਇਆ ਹੋਣ ਕਰਕੇ ਇਹਨਾਂ ਤੱਤਾਂ ਵਿਚਲੇ ਲਗਾਤਾਰ ਸੰਘਰਸ਼ ਸਦਕਾ ਸਦਾ ਗਤੀਸ਼ੀਲ ਰਿਹਾ ਹੈ। ਨਿਰਜੀਵ ਪ੍ਰਕਿਰਤੀ ਦੀ ਸਜੀਵ ਪ੍ਰਕਿਰਤੀ ਵਿਚ ਤਬਦੀਲੀ ਦਾ ਇਹ ਬੁਨਿਆਦੀ ਅਤੇ ਸਦੀਵੀ ਸਬਬ ਹੈ। ਚਾਰਲਸ ਡਾਰਵਿਨ ਨੇ ਆਪਣੇ ਵਿਕਾਸ ਸਿਧਾਂਤ ਦਾ ਆਧਾਰ ਮਾਦੇ ਵਿਚਲੀਆਂ ਅੰਤਰ-ਵਿਰੋਧੀ ਸ਼ਕਤੀਆਂ ਨੂੰ ਪ੍ਰਵਾਨ ਕਰਦਿਆਂ ਮਨੁੱਖ ਜਾਤੀ ਨੂੰ ਜੀਵਾਂ ਦੇ ਵਿਕਾਸ ਦਾ ਸਿਖਰ ਦਰਸਾਇਆ ਹੈ।

ਮਨੁੱਖ ਜਾਤੀ ਵੀ ਅਣਗਿਣਤ ਵਰ੍ਹੇ ਹੋਰ ਜੀਵ ਜਾਤੀਆਂ ਦੀ ਤਰ੍ਹਾਂ ਕੁਦਰਤ ਕੋਲੋਂ ਆਪਣੀ ਖਾਧ ਖੁਰਾਕ ਦੀ ਭਾਲ ਵਿੱਚ ਜੰਗਲਾਂ, ਪਹਾੜਾਂ ਅਤੇ ਸਮੁੰਦਰਾਂ ਵਿੱਚ ਭੌਂਦੀ ਰਹੀ ਹੈ। ਲੱਖਾਂ ਕਰੋੜਾਂ ਵਰ੍ਹਿਆਂ ਦੇ ਇਸ ਵਿਕਾਸ ਦੌਰਾਨ ਜਿੰਨੀਆਂ ਜਾਤੀਆਂ ਵੀ ਹੋਂਦ ਵਿਚ ਆਈਆਂ ਹਨ ਉਹ ਸਭ ਕੁਦਰਤੀ ਯੋਗਤਾ ਦੀ ਪੱਧਰ 'ਤੇ ਹੀ ਜੂਨ ਗੁਜ਼ਾਰਾ ਕਰਦੀਆਂ ਰਹੀਆਂ ਹਨ। ਸਮੂਹਾਂ ਵਿਚ ਤਾਂ ਉਹ ਨਿਰ ਸੰਦੇਹ ਬੱਝੀਆਂ ਰਹੀਆਂ ਹਨ ਪਰ ਸਮਾਜ ਸਿਰਜਣ ਦੇ ਯੋਗ ਉਨ੍ਹਾਂ ਕੋਲ ਦਿਮਾਗ ਨਹੀਂ ਸੀ ਜਿਸ ਕਰਕੇ ਪੈਦਾਵਾਰ ਦੀ ਪ੍ਰਕਿਰਿਆ ਦੀ ਸੋਝੀ ਵੀ ਉਹ ਗ੍ਰਹਿਣ ਨਹੀਂ ਕਰ ਸਕੀਆਂ। ਉਨ੍ਹਾਂ ਦੇ ਮੁਕਾਬਲੇ ਵਿੱਚ ਮਨੁੱਖ ਜਾਤੀ ਦੀ ਸਮੂਹ ਤੋਂ ਸਮਾਜ ਵਿੱਚ ਬਦਲਣ ਦੇ ਯੋਗ ਹੋ ਸਕੀ। ਇਸ ਦਾ ਕਾਰਣ ਹੈ ਕਿ ਵਿਕਾਸ ਪ੍ਰਕਿਰਿਆ ਦੇ ਦੌਰਾਨ ਮਨੁੱਖ ਹੀ ਵਡੇਰੇ ਵਿਕਸਿਤ ਅਤੇ ਜਟਿਲ ਦਿਮਾਗ ਦਾ ਮਾਲਕ ਬਣ ਸਕਿਆ। ਆਪਣੇ ਦਿਮਾਗ ਦੀ ਇਸ ਵਿਲੱਖਣ ਖ਼ਾਸੀਅਤ ਸਦਕਾ ਉਹ ਸਮਾਜੀ ਪੈਦਾਵਾਰ ਕਰਨ ਦੇ ਯੋਗ ਹੋਇਆ। ਅੰਗਰੇਜ਼ੀ ਦਾ ਇੱਕ ਪ੍ਰਸਿੱਧ ਵਿਦਵਾਨ ਮਨੁੱਖ ਜਾਤੀ ਦੀ ਇਸ

ਖ਼ਾਸੀਅਤ ਦੇ ਆਧਾਰ 'ਤੇ ਹੀ ਇਸ ਨੂੰ ਸਮਾਜੀ ਤੌਰ 'ਤੇ ਪੈਦਾਵਾਰ ਕਰਨ ਵਾਲਾ ਜੀਵ ਆਖਦਾ ਹੈ।

ਜੂਨ ਗੁਜ਼ਾਰੇ ਲਈ ਅਣਗਿਣਤ ਵਰ੍ਹੇ ਲਗਾਤਾਰ ਕੁਦਰਤੀ ਪਦਾਰਥ ਜੁਟਾਉਂਦਿਆਂ ਅਤੇ ਸ਼ਕਤੀਆਂ ਵਰਤਦਿਆਂ ਮਨੁੱਖ ਨੇ ਜਦੋਂ ਪੈਦਾਵਾਰ ਕਰਨ ਦੀ ਜਾਂਚ ਸਿੱਖ ਲਈ ਤਾਂ ਉਹ ਕਿਸੇ ਹੱਦ ਤੱਕ ਕੁਦਰਤ ਦੀ ਦਾਸਤਾ ਤੋਂ ਮੁਕਤ ਹੋ ਗਿਆ ਅਤੇ ਇਹ ਮੁਕਤੀ ਲਗਾਤਾਰ ਵੱਧਦੀ ਚਲੀ ਗਈ। ਪਰੰਤੂ ਇਕੱਲਾ ਇਕਹਿਰਾ ਮਨੁੱਖ ਪੈਦਾਵਾਰ ਕਰਨ ਦੇ ਯੋਗ ਨਹੀਂ ਹੋ ਸਕਦਾ ਸੀ। ਉਸ ਨੂੰ ਜਾਂ ਤਾਂ ਦੂਜੇ ਮਨੁੱਖਾਂ ਦੇ ਸਹਿਯੋਗ ਨਾਲ ਪੈਦਾਵਾਰ ਦੇ ਕਾਰਜ ਵਿੱਚ ਜੁਟਨਾ ਪੈਂਦਾ ਸੀ ਤੇ ਜਾਂ ਫੇਰ ਦੂਸਰੇ ਮਨੁੱਖਾਂ ਦੇ ਬਣਾਏ ਸੰਦਾਂ ਨਾਲ ਪੈਦਾਵਾਰ ਕਰਨੀ ਪੈਂਦੀ ਸੀ। ਇਸ ਪ੍ਰਕਾਰ ਪੈਦਾਵਾਰ ਦਾ ਕਾਰਜ ਮੁੱਢ ਕਾਲ ਤੋਂ ਹੀ ਸਮੂਹਕ ਕਾਰਜ ਬਣਿਆ ਆ ਰਿਹਾ ਹੈ। ਜਿਹੜਾ ਕਾਰਜ ਸਾਨੂੰ ਵਿਅਕਤੀਗਤ ਜਾਪਦਾ ਹੈ ਉਹਦੇ ਪਿੱਛੇ ਵੀ ਵਾਸਤਵ ਵਿਚ ਪੀੜ੍ਹੀਆਂ ਦਾ ਤਜਰਬਾ ਕਾਰਜਸ਼ੀਲ ਹੁੰਦਾ ਹੈ। ਇਸ ਤਰ੍ਹਾਂ ਮਨੁੱਖ ਜਾਤੀ ਦੀ ਪੈਦਾਵਾਰ ਕਰਨ ਦੀ ਸਮਰੱਥਾ ਨੇ ਜਿੱਥੇ ਮਨੁੱਖ ਜਾਤੀ ਨੂੰ ਕੁਦਰਤ ਕੋਲੋਂ ਮੁਕਤੀ ਦੁਆਈ ਉੱਥੇ ਮਨੁੱਖ ਨੂੰ ਸਮਾਜ ਵਲੋਂ ਲਾਗੂ ਕੀਤੀਆਂ ਕੁੱਝ ਬੰਦਸ਼ਾਂ ਵੀ ਪ੍ਰਵਾਨ ਕਰਨੀਆਂ ਪਈਆਂ। ਇਸ ਤਰ੍ਹਾਂ ਆਦਿ ਕਾਲ ਦੇ ਮਨੁੱਖੀ ਸਮੂਹ ਪ੍ਰਚਲਿਤ ਅਤੇ ਲਾਜ਼ਮੀ ਤੌਰ 'ਤੇ ਪ੍ਰਵਾਨ ਕੀਤੇ ਜਾਣ ਵਾਲੇ ਨਿਯਮਾਂ ਅਨੁਸਾਰ ਮਨੁੱਖੀ ਰਿਸ਼ਤਿਆਂ ਵਿਚ ਬੱਝਦਾ ਚਲਾ ਗਿਆ ਹੈ। ਆਦਿ ਕਾਲ ਪਰਿਵਾਰ ਤੋਂ ਲੈ ਕੇ ਅਜੋਕੇ ਅੰਤਰ-ਰਾਸ਼ਟਰੀ ਸੰਬੰਧਾਂ ਤੱਕ ਮਨੁੱਖਾਂ ਨੇ ਜਿੰਨੇ ਵੀ ਸਮਾਜੀ ਰਿਸ਼ਤੇ ਬਣਾਏ ਹਨ ਉਹ ਸਭ ਦੇ ਸਭ ਇੱਕ ਜਾਂ ਦੂਸਰੀ ਕਿਸਮ ਦੇ ਨਿਯਮਾਂ, ਬੰਦਸ਼ਾਂ ਜਾਂ ਬੰਧੇਜਾਂ ਉੱਤੇ ਨਿਰਭਰ ਹਨ। ਇਹਨਾਂ ਨਿਯਮਾਂ ਨੂੰ ਇੱਕ ਪਾਸਿਓਂ ਸਮਾਜਕ ਪ੍ਰਵਾਨਗੀ ਪ੍ਰਵਾਨ ਹੁੰਦੀ ਹੈ, ਦੂਸਰੇ ਪਾਸੇ ਤੋਂ ਹਰੇਕ ਸਮਾਜਕ ਵਿਅਕਤੀ ਨੂੰ ਇਹ ਨਿਯਮ ਨਾ ਚਾਹੁੰਦੇ ਹੋਏ ਵੀ ਪ੍ਰਵਾਨ ਕਰਨੇ ਪੈਂਦੇ ਹਨ। ਇਉਂ ਸਮਾਜ ਮਨੁੱਖਾਂ ਦੇ ਸਮੂਹ ਦਾ ਨਾਮ ਨਹੀਂ

ਸਗੋਂ ਨਿਯਮਾਂ ਅਤੇ ਕਦਰਾਂ ਕੀਮਤਾਂ ਅਨੁਸਾਰ ਢਲਿਆ ਹੋਇਆ ਸੰਗਠਨ ਹੁੰਦਾ ਹੈ ਜਿਹੜਾ ਇੱਕੋ ਵੇਲੇ ਵੰਨ-ਸੁਵੰਨਾ ਵੀ ਹੁੰਦਾ ਹੈ ਅਤੇ ਲਗਾਤਾਰ ਬਦਲਦਾ ਵੀ ਰਹਿੰਦਾ ਹੈ।

ਕਿਸੇ ਖ਼ਾਸ ਸਮੇਂ ਵਿਚ ਪ੍ਰਚਲਿਤ ਨਿਯਮਾਂ ਅਨੁਸਾਰ ਵਿਅਕਤੀ ਦੇ ਸਮਾਜੀ ਕਾਰਜ ਨੂੰ ਸਮਾਜ ਦੀ ਇੱਕ ਜਾਂ ਦੂਸਰੀ ਸੰਸਥਾ ਵੱਲੋਂ ਜੋ ਇਵਜਾਨਾ ਮਿਲਦਾ ਹੈ ਉਹ ਉਦੋਂ ਤੱਕ ਨਿਆਂ ਅਖਵਾਉਂਦਾ ਹੈ ਜਦੋਂ ਤੱਕ ਪ੍ਰਚਲਿਤ ਮਰਯਾਦਾ ਅਤੇ ਵਿਅਕਤੀਗਤ ਸੰਸਕਾਰਾਂ ਦਾ ਅਨੁਸਾਰੀ ਬਣਿਆ ਰਹੇ।

ਸੰਖੇਪ ਵਿਚ ਨਿਆਂ ਉਹ ਸਮਾਜੀ ਪ੍ਰਤੀਮਾਨ ਹੈ ਜਿਸ ਅਨੁਸਾਰ ਵਿਅਕਤੀ ਜਾਂ ਸੰਸਥਾ ਦੇ ਕਾਰਜਾਂ ਦਾ ਉਚਿਤ ਮੁੱਲ ਪਾਇਆ ਜਾਂਦਾ ਹੈ। ਇਸ ਪਹਿਲੂ ਤੋਂ ਵੇਖਿਆ ਨਿਆਂ ਦਾ ਸੰਕਲਪ ਆਪਣੇ ਆਪ ਵਿਚ ਇੱਕ ਮੁੱਲ ਵੀ ਹੈ, ਦੂਸਰੇ ਸਮਾਜੀ ਮੁੱਲਾਂ 'ਤੇ ਆਧਾਰਿਤ ਵੀ ਹੈ ਅਤੇ ਉਨ੍ਹਾਂ ਦੀ ਪਰਖ ਕਸੌਟੀ ਵੀ ਹੈ।

ਕਿਸੇ ਵੀ ਵਸਤ ਜਾਂ ਵਰਤਾਰੇ ਦੀ ਵਿਆਖਿਆ ਕਰਨੀ ਜਿੰਨੀ ਸੌਖੀ ਹੁੰਦੀ ਹੈ, ਉਸ ਦੀ ਪਰਿਭਾਸ਼ਾ ਕਰਨੀ ਉਨੀ ਹੀ ਔਖੀ ਹੈ। ਇਸੇ ਤਰ੍ਹਾਂ 'ਕਾਨੂੰਨ' ਸ਼ਬਦ ਨੂੰ ਪਰਿਭਾਸ਼ਤ ਕਰਨ ਵਿਚ ਵੀ ਔਖਿਆਈ ਆਉਂਦੀ ਹੈ, ਜਿਸ ਦੇ ਕਈ ਕਾਰਨ ਹਨ। ਇਸ ਪ੍ਰਸੰਗ ਵਿਚ ਪਹਿਲਾ ਕਾਰਨ ਤਾਂ ਇਹ ਹੈ ਕਿ ਸਮੂਹ ਸਮਾਜਾਂ ਨੂੰ ਆਪਣੀ ਆਦਿ ਅਵਸਥਾ ਤੋਂ ਆਪਣੇ ਸਭਿਅਤਾ ਦੇ ਸਿਖ਼ਰ ਤਕ ਪਹੁੰਚਣ ਲਈ ਨਿਰੰਤਰ ਵਿਕਾਸ ਦੀ ਪ੍ਰਕਿਰਿਆ ਵਿਚੋਂ ਗੁਜਰਣਾ ਪਿਆ ਹੈ। ਇਸ ਵਿਕਾਸ ਦੌਰਾਨ ਉਹ ਅਨੇਕ ਤਰ੍ਹਾਂ ਦੀਆਂ ਸਥਿਤੀਆਂ/ਪਰਿਸਥਿਤੀਆਂ ਤੇ ਪ੍ਰਭਾਵਾਂ ਨਾਲ ਬਾਬਸਤ ਹੁੰਦਾ ਰਿਹਾ ਹੈ। ਇਸ ਕਾਰਨ ਇਨ੍ਹਾਂ ਵਿਚ ਨਾ ਤਾਂ ਵਿਕਾਸ ਦੀ ਇਕਸਾਰਤਾ ਹੈ ਅਤੇ ਨਾ ਹੀ ਵਿਸ਼ੇਸ਼ਤਾਵਾਂ ਦੀ ਸਾਂਝ। ਇਸ ਤਰ੍ਹਾਂ ਹੀ 'ਕਾਨੂੰਨ' ਸ਼ਬਦ ਵਿਚ ਵੀ ਇਨ੍ਹਾਂ ਸਮਾਜਾਂ ਦੀਆਂ ਬਹੁਤ ਸਾਰੀਆਂ ਗੱਲਾਂ ਸ਼ਾਮਿਲ ਹਨ, ਜਿਵੇਂ ਹਿੰਦੂ ਸਮਾਜ ਵਿਚ 'ਕਾਨੂੰਨ' ਸ਼ਬਦ ਲਈ ਧਰਮ, ਇਸਲਾਮ ਵਿਚ ਹੁਕਮ, ਰੋਮਨ ਵਿਚ ਜਸ, ਫਰਾਂਸ

ਵਿਚ ਡਰਾਇਟ (Droit) ਅਤੇ ਜਰਮਨ ਵਿਚ 'Richet ਪਦ ਵਰਤੇ ਜਾਂਦੇ ਹਨ, ਜਿਹੜੇ ਵੱਖ-ਵੱਖ ਅਰਥਾਂ ਤੇ ਵਿਚਾਰਾਂ ਦੇ ਸੂਚਕ ਹਨ। ਇਸ ਪ੍ਰਸੰਗ ਵਿਚ ਦੂਜਾ ਕਾਰਨ 'ਕਾਨੂੰਨ' ਸ਼ਬਦ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ। ਵਕੀਲ, ਦਾਰਸ਼ਨਿਕ ਤੇ ਧਰਮ-ਸ਼ਾਸਤੀ 'ਕਾਨੂੰਨ' ਸ਼ਬਦ ਦੇ ਵੱਖ-ਵੱਖ ਅਰਥ ਕਰਦੇ ਹਨ। ਇਸ ਲਈ 'ਕਾਨੂੰਨ' ਸ਼ਬਦ ਦੀ ਪਰਿਭਾਸ਼ਾ ਕਰਨੀ ਔਖੀ ਹੈ। ਪਰ ਫਿਰ ਵੀ ਕਾਨੂੰਨ ਨੂੰ ਪਰਿਭਾਸ਼ਤ ਕਰਨ ਦੇ ਯਤਨ ਹੋਏ ਹਨ ਤੇ ਹੋ ਰਹੇ ਹਨ। ਇਹਨਾਂ ਯਤਨਾਂ ਨੂੰ ਪੁਰਾਤਨ ਕਾਲ ਤੋਂ ਅੱਜ ਤੱਕ ਹੋਈਆਂ ਕਾਨੂੰਨ ਦੀਆਂ ਪਰਿਭਾਸ਼ਾਵਾਂ ਵਿਚੋਂ ਵੇਖਿਆ ਜਾ ਸਕਦਾ ਹੈ। ਇਨ੍ਹਾਂ ਨੂੰ ਮੁੱਖ ਰੂਪ ਵਿਚ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ:

1) **ਆਰਦਸ਼ਵਾਦੀ (idealistic)**

2) **ਪ੍ਰਤੱਖਣਵਾਦੀ (positivist)**

3) **ਸਮਾਜ-ਸ਼ਾਸਤਰੀ (sociological)**

ਇਨ੍ਹਾਂ ਵੱਖ-ਵੱਖ ਸਕੂਲਾਂ ਦੀਆਂ ਪਰਿਭਾਸ਼ਾਵਾਂ ਨੂੰ ਸੰਖੇਪ ਵਿਚ ਜਾਣ ਲੈਣਾ ਉਚਿੱਤ ਹੈ ਤਾਂ ਜੋ 'ਕਾਨੂੰਨ' ਸ਼ਬਦ ਅਤੇ ਇਸ ਦੇ ਸਰੂਪ ਨੂੰ ਅਸਾਨੀ ਨਾਲ ਸਮਝਿਆ ਜਾ ਸਕੇ।

**ਆਦਰਸ਼ਵਾਦੀ ਸਕੂਲ** : ਇਸ ਸਕੂਲ ਵਿਚ ਪੁਰਾਤਨ ਰੋਮ ਵਾਸੀਆਂ ਦੀ ਪਰਿਭਾਸ਼ਾ, ਹਿੰਦੂਆਂ ਦੇ ਧਾਰਮਿਕ-ਮੱਤ ਅਤੇ ਆਧੁਨਿਕ ਆਰਦਸ਼ਵਾਦੀਆਂ ਦੇ ਵਿਚਾਰ ਸ਼ਾਮਿਲ ਹੁੰਦੇ ਹਨ, ਜਿੰਨ੍ਹਾਂ ਨੇ 'ਕਾਨੂੰਨ' ਨੂੰ ਨੈਤਿਕ ਤੇ ਸਮਾਜਕ ਮਾਪਦੰਡਾਂ, ਧਾਰਮਿਕ ਨਿਯਮਾਂ ਅਤੇ ਆਦਰਸ਼ਵਾਦੀ ਨਜ਼ਰੀਏ ਨਾਲ ਰਾਜ ਦਾ ਸਰਵ-ਉੱਚ ਗੁਣ ਕਹਿਕੇ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਪ੍ਰਸੰਗ ਵਿਚ ਸਭ ਤੋਂ ਪੁਰਾਣੀਆਂ ਪਰਿਭਾਸ਼ਾਵਾਂ ਰੋਮ ਵਾਸੀਆਂ ਵੱਲੋਂ ਦਿੱਤੀਆਂ ਮਿਲਦੀਆਂ ਹਨ, ਜਿੰਨ੍ਹਾਂ ਵਿਚ *ਜਸਟੀਨਅਨ ਦੇ ਡਾਈਜੈਸਟ (Justinian's Digest) ਨੇ 'ਕਾਨੂੰਨ' ਨੂੰ ਉਚਿੱਤ ਅਤੇ ਅਨੁਚਿੱਤ ਪੱਧਰ 'ਤੇ*

*ਰੱਖਕੇ, ਅਲਪੀਅਨ* (Ulpian) *ਨੇ ਉਚਿੱਤ ਅਤੇ ਚੰਗੇ ਦੀ ਕਲਾ ਜਾਂ ਵਿਗਿਆਨ ਨੂੰ 'ਕਾਨੂੰਨ' ਕਹਿਕੇ, ਸਿਸਰੋ* (Cicero) *ਨੇ ਕੁਦਰਤ ਵਿਚ ਲਾਗੂ ਸਰਵ-ਉੱਚ ਤਰਕ ਨੂੰ 'ਕਾਨੂੰਨ' ਦੀ ਸੰਗਿਆ ਦੇ ਕੇ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ।*[1] ਇਨ੍ਹਾਂ ਪ੍ਰਮੁੱਖ ਰੋਮਨ ਪਰਿਭਾਸ਼ਾਵਾਂ ਵਿਚ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਉਪਰੋਕਤ ਪਰਿਭਾਸ਼ਾਵਾਂ ਵਿਚ 'ਨਿਆਂ' (Justice) ਨੂੰ 'ਕਾਨੂੰਨ' (Law) ਦਾ ਪ੍ਰਮੁੱਖ ਤੱਤ ਮੰਨਕੇ 'ਨਿਆਂ' ਤੇ 'ਕਾਨੂੰਨ' ਨੂੰ ਆਪਸ ਵਿਚ ਰੱਲਗੱਡ ਕਰ ਦਿੱਤਾ ਗਿਆ ਹੈ, ਜਿਸ ਕਾਰਨ ਇਹ ਪਰਿਭਾਸ਼ਾਵਾਂ ਵਿਹਾਰਕ ਹੋਣ ਦੀ ਬਜਾਇ ਕੇਵਲ ਸਿਧਾਂਤਕ ਪੱਧਰ ਉੱਤੇ ਹੀ ਤਾਰਕਿਕ ਜਾਪਦੀਆਂ ਹਨ।

ਇਸ ਸੰਦਰਭ ਵਿਚ ਹੀ ਪ੍ਰਾਚੀਨ ਹਿੰਦੂਮੱਤ ਵੱਲੋਂ 'ਕਾਨੂੰਨ' ਅਤੇ 'ਕਾਨੂੰਨ' ਉੱਤੇ ਕੀਤੀਆਂ ਟਿੱਪਣੀਆਂ ਵੀ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਵਿਚ 'ਕਾਨੂੰਨ' ਨੂੰ ਅਧਿਆਤਮਵਾਦੀ ਦ੍ਰਿਸ਼ਟੀ ਨਾਲ ਪਰਿਭਾਸ਼ਤ ਕਰਦਿਆਂ ਇਸ ਨੂੰ ਰਾਜਨੀਤਕ ਪ੍ਰਮੁੱਖ ਆਦੇਸ਼ ਸਮਝਣ ਦੀ ਬਜਾਇ ਪ੍ਰਮਾਤਮਾ ਦਾ ਹੁਕਮ ਮੰਨਿਆ ਗਿਆ ਹੈ। ਇਸ ਮੱਤ ਅਧੀਨ ਹਾਕਮ ਵੀ ਪ੍ਰਮਾਤਮਾ ਦੇ ਹੁਕਮ ਅਰਥਾਤ ਕਾਨੂੰਨ ਦਾ ਪਾਬੰਦ ਹੈ। ਉਸ ਦਾ ਮੁੱਖ ਕਰਤੱਵ ਪ੍ਰਮਾਤਮਾ ਦੇ ਹੁਕਮ/ਕਾਨੂੰਨ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਹੈ। *ਕਾਨੂੰਨ ਦੇ ਇਸ ਹਿੰਦੂ-ਮੱਤ ਵਿਚ ਨੈਤਿਕ ਅਤੇ ਧਾਰਮਿਕ ਹਦਾਇਤਾਂ ਨੂੰ ਕਾਨੂੰਨੀ ਅਨੁਭੂਤੀਆਂ ਨਾਲ ਮਿਸ਼ਰਤ ਕਰਕੇ ਗ੍ਰਹਿਣ ਕੀਤਾ ਗਿਆ ਹੈ ਅਤੇ ਕਾਨੂੰਨ ਨੂੰ 'ਧਰਮ' ਨਾਲ ਜੋੜਿਆ ਗਿਆ ਹੈ।* ਇਸ ਪ੍ਰਕਾਰ ਹੀ ਹਿੰਦੂ ਮੱਤਾਂ ਅਧੀਨ ਕਾਨੂੰਨ ਵਿਚ ਧਰਮ ਦੀ ਦੰਡਿਕ ਬੰਧਸ਼ ਮੌਜੂਦ ਹੈ ਅਤੇ ਕਾਨੂੰਨ ਧਰਮ ਤੇ ਧਰਮ ਕਾਨੂੰਨ ਨਾਲ ਰੱਲਗੱਡ ਹੁੰਦਾ ਹੋਇਆ ਸਭ ਨਾਗਰਿਕਾਂ ਲਈ ਸਮਾਨ ਹੈ। ਇਸ ਕਾਰਨ ਹੀ ਨਿਆਂ ਦਾ ਤੱਤ ਹਮੇਸ਼ਾ ਹੀ ਹਿੰਦੂ-ਮੱਤ ਦੀ ਕਾਨੂੰਨ ਸੰਬੰਧੀ ਧਾਰਨਾ ਦੇ ਅੰਗ-ਸੰਗ ਰਿਹਾ ਹੈ ਅਤੇ ਇਸ ਨੂੰ ਰੋਮ ਵਾਸੀਆਂ ਦੀ ਪਰਿਭਾਸ਼ਾਵਾਂ ਦੇ ਅਨੁਰੂਪ ਹੀ ਕਾਨੂੰਨ ਨਾਲ ਰੱਲਗੱਡ ਕਰਕੇ ਹੀ ਸਮਝਿਆ ਗਿਆ ਹੈ। ਇਸ ਦੀ ਸਭ ਤੋਂ

ਵੱਡੀ ਉਦਾਹਰਨ ਹਿੰਦੂ ਮੱਤ ਦੇ ਵੇਦਾਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ, ਜਿਨ੍ਹਾਂ ਅਧੀਨ *ਕਾਨੂੰਨ ਨੂੰ ਰਾਜਿਆਂ ਦਾ ਰਾਜਾ ਮੰਨਿਆ ਗਿਆ ਹੈ, ਜੋ ਰਾਜਿਆਂ ਨਾਲੋਂ ਵਧੇਰੇ ਸ਼ਕਤੀਸ਼ਾਲੀ ਅਤੇ ਕਠੋਰ ਹੈ। ਇਸ ਤੋਂ ਵੱਧਕੇ ਤਾਕਤਵਰ ਕੋਈ ਨਹੀਂ ਜਿਸ ਦੀ ਮਦਦ ਨਾਲ ਕਮਜ਼ੋਰ ਵੀ ਤਾਕਤਵਰ ਉੱਤੇ ਭਾਰੂ ਪੈ ਸਕਦਾ ਹੈ।*[3]

ਇਨ੍ਹਾਂ ਉਪਰੋਕਤ ਪ੍ਰਾਚੀਨ ਰੋਮ ਵਾਸੀਆਂ ਤੇ ਹਿੰਦੂ-ਮੱਤ ਦੁਆਰਾ ਪ੍ਰਸਤੁਤ ਕਾਨੂੰਨ ਦੀਆਂ ਪਰਿਭਾਸ਼ਾਵਾਂ ਉਸ ਸਮੇਂ ਦੀਆਂ ਹਨ ਜਿਸ ਸਮੇਂ ਕਾਨੂੰਨ, ਨਿਆਂ, ਨੈਤਿਕਤਾ ਤੇ ਧਰਮ ਵਿਚਕਾਰ ਕੋਈ ਸਪੱਸ਼ਟ ਭੇਦ ਸਥਾਪਿਤ ਨਹੀਂ ਹੋਇਆ ਸੀ। ਇਸ ਕਾਰਨ ਇਨ੍ਹਾਂ ਪਰਿਭਾਸ਼ਾਵਾਂ ਵਿਚ ਇਹ ਵਿਭਿੰਨ ਤੱਤ ਮਿਸ਼ਰਤ ਰੂਪ ਵਿਚ ਹੀ ਕਾਰਜਸ਼ੀਲ ਹਨ। ਆਧੁਨਿਕ ਸਮੇਂ ਵਿਚ ਕਾਨੂੰਨ ਕਾਫ਼ੀ ਹੱਦ ਤੱਕ ਧਰਮ ਨਿਰਪੱਖ ਸਰੂਪ ਗ੍ਰਹਿਣ ਕਰ ਚੁੱਕਿਆ ਹੈ ਅਤੇ ਇਸਨੇ ਸਮਾਜ ਵਿਗਿਆਨ ਦੀ ਸੁਤੰਤਰ ਸ਼ਾਖਾ ਦੇ ਤੌਰ 'ਤੇ ਕਾਫ਼ੀ ਵਿਕਾਸ ਕੀਤਾ ਹੈ। ਭਾਵੇਂ ਉਪਰੋਕਤ ਵਿਕੋਲਿਤਰੀਆਂ ਪਰਿਭਾਸ਼ਾਵਾਂ ਅਧੀਨ ਕਾਨੂੰਨ ਨੂੰ ਨਿਆਂ ਨਾਲ ਸੰਬੰਧਿਤ ਕਰਕੇ ਪਰਿਭਾਸ਼ਤ ਕਰਨ ਦਾ ਸਕਾਰਾਤਮਕ ਯਤਨ ਕੀਤਾ ਗਿਆ ਹੈ, ਜਿਸ ਵਿਚੋਂ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਕਰਕੇ ਆਧੁਨਿਕ ਵਿਦਵਾਨਾਂ ਨੇ ਕਾਨੂੰਨ ਨੂੰ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ।

ਇਸ ਪ੍ਰਸੰਗ ਵਿਚ ਸਭ ਤੋਂ ਪ੍ਰਸਿੱਧ ਪਰਿਭਾਸ਼ਾ *ਸਾਲਮੰਡ (Salmond's) ਦੀ ਹੈ। ਉਸ ਨੇ ਕਾਨੂੰਨ ਨੂੰ ਸਿਧਾਂਤਾਂ ਦਾ ਝੁੰਡ ਕਿਹਾ ਹੈ ਜੋ ਰਾਜ ਦੁਆਰਾ ਮਾਨਤਾ ਪ੍ਰਾਪਤ ਹੁੰਦੇ ਹਨ ਅਤੇ ਰਾਜ ਦੁਆਰਾ ਨਿਆਂ ਪ੍ਰਸ਼ਾਸਨ ਵਿਚ ਲਾਗੂ ਕੀਤੇ ਜਾਂਦੇ ਹਨ।*[4] *ਇਸ ਦਾ ਭਾਵ ਹੈ ਕਿ ਕਾਨੂੰਨ ਉਨ੍ਹਾਂ ਨਿਯਮਾਂ ਦਾ ਬਣਿਆ ਹੋਇਆ ਹੈ ਜੋ ਅਦਾਲਤ ਵੱਲੋਂ ਕਾਰਜ ਵਿਚ ਲਿਆਏ ਜਾਂਦੇ ਹਨ।* ਇਸ ਪਰਿਭਾਸ਼ਾ ਦੇ ਦੋ ਅਰਥ ਨਿਕਲਦੇ ਹਨ ਇਕ ਕਾਨੂੰਨ ਨੂੰ ਸਮਝਣ ਲਈ ਇਸ ਦੇ ਉਦੇਸ਼ ਨੂੰ ਜਾਣਨਾ ਅਤੇ ਦੂਜਾ ਕਾਨੂੰਨ ਦੇ ਸਹੀ ਸਰੂਪ ਨੂੰ ਸਮਝਣ ਲਈ ਵਿਧਾਨ ਪਾਲਿਕਾ ਕੋਲ ਜਾਣ ਦੀ ਬਜਾਇ ਨਿਆਂ ਪਾਲਿਕਾ ਅਰਥਾਤ ਅਦਾਲਤ ਦਾ ਸਹਾਰਾ ਲੈਣਾ।

ਸਾਲਮੰਡ ਦੀ ਉਪਰੋਕਤ ਪਰਿਭਾਸ਼ਾ ਦੀ ਕਾਨੂੰਨ ਦੇ ਕਈ ਵਿਦਵਾਨਾਂ ਵੱਲੋਂ ਸਖ਼ਤ ਆਲੋਚਨਾ ਕੀਤੀ ਗਈ ਹੈ। ਉਨ੍ਹਾਂ ਵਿਚੋਂ ਇਕ ਵਿਦਵਾਨ ਵੀਨੋਗਰੈਡੀਫ (Vinogradoff) ਨੇ ਸਾਲਮੰਡ ਦੀ ਪਰਿਭਾਸ਼ਾ ਦੀ ਕਮਜ਼ੋਰੀ ਨੂੰ ਕਾਨੂੰਨ ਦੀ ਕਾਰਜਸ਼ੀਲਤਾ ਵਿਚ ਨਿਆਂਕਰਤਾ (ਜੱਜ) ਦੇ ਕਾਰਜਾਂ ਨੂੰ ਰਲਗੱਡ ਕਰਨ ਦੀ ਰੁਚੀ ਵਿਚ ਵੇਖਿਆ ਹੈ। ਉਹ ਸਾਲਮੰਡ ਦੀ ਆਲੋਚਨਾ ਕਰਦਾ ਹੋਇਆ ਕਹਿੰਦਾ ਹੈ ਕਿ ਸਾਲਮੰਡ ਦੀ ਕਾਨੂੰਨ ਦੀ ਪਰਿਭਾਸ਼ਾ ਉਸ ਪ੍ਰਕਾਰ ਹੈ ਜਿਵੇਂ ਕਿ ਮੈਡੀਸਨ ਦੀ ਪਰਿਭਾਸ਼ਾ ਪੁੱਛੀ ਜਾਵੇ ਅਤੇ ਜਵਾਬ ਮਿਲੇ ਕਿ ਡਾਕਟਰ ਦੁਆਰਾ ਲਿਖਿਆ ਦਵਾਈ ਦਾ ਨੁਸਖਾ। ਇਸ ਪ੍ਰਕਾਰ ਵੀਨੋਗਰੈਡੀਫ ਵੱਲੋਂ ਸਾਲਮੰਡ ਦੀ ਪਰਿਭਾਸ਼ਾ ਦੀ ਆਲੋਚਨਾ ਦਾ ਪ੍ਰਮੁੱਖ ਨੁਕਤਾ ਇਹ ਹੈ ਕਿ ਉਸਨੇ 'ਕਾਨੂੰਨ' ਨੂੰ 'ਨਿਆਂ' ਨਾਲ ਉਲਝਾ ਦਿੱਤਾ, ਜਦੋਂ ਕਿ ਕਾਨੂੰਨ ਅਤੇ ਨਿਆਂ ਇਕੋ ਚੀਜ ਨਹੀਂ ਹਨ। ਕਾਨੂੰਨ ਸਮਾਜ ਵਿਚ ਚੰਗੇ ਤੇ ਬੁਰੇ ਨੂੰ ਪਰਿਭਾਸ਼ਤ ਕਰਨ ਵਾਲੀ ਸ਼ਕਤੀ ਹੁੰਦੀ ਹੈ, ਜਦੋਂ ਕਿ ਨਿਆਂ ਸ਼ਖ਼ਸੀਅਤ ਮਨੁੱਖ ਦੇ ਨੈਤਿਕ ਪੱਖ ਨਾਲ ਸੰਬੰਧਿਤ ਹੈ ਅਰਥਾਤ ਕਾਨੂੰਨ ਦੇ ਕਈ ਮਕਸਦ ਹਨ, ਜਿੰਨ੍ਹਾਂ ਵਿਚੋਂ ਨਿਆਂ ਇਕ ਹੈ। ਇਸ ਪ੍ਰਸੰਗ ਵਿਚ ਡਾ. ਤ੍ਰਿਪਤੀ ਵੀਨੋਗਰੈਡੀਫ ਸਾਲਮੰਡ ਦੀ ਪਰਿਭਾਸ਼ਾ ਦੀ ਆਲੋਚਨਾ ਤੇ ਪੱਖ ਵਿਚ ਲਿਖਦਾ ਹੈ:

> *While reading the definition given by Salmond one can mark that the emphasis is on 'law' and 'justice' means that which is legal. Salmond never means that law is justice but the utmost that he says is that only law has been defined by Salmond in terms of its purpose may help in understanding the nature of law but law serves many ends and by confining it only to the pursuit of 'justice' Salmond has narrowed the field of law.*[5]

ਇਸ ਪ੍ਰਕਾਰ ਸਾਲਮੰਡ ਦੀ ਪਰਿਭਾਸ਼ਾ ਆਪਣੇ-ਆਪ ਵਿਚ ਵਿਵਾਦਪੂਰਨ ਤੇ ਸੰਕੁਚਿਤ ਪ੍ਰਵਿਰਤੀ ਵਾਲੀ ਹੈ, ਜਿਹੜੀ ਵਿਧਾਨ ਦੀ ਬਜਾਇ ਅਦਾਲਤ ਦੀ ਪ੍ਰਮੁੱਖਤਾ ਅਤੇ

ਅਦਾਲਤ ਦੁਆਰਾ ਕਾਨੂੰਨ ਨੂੰ ਬਣਾਏ ਜਾਣ ਦੇ ਪ੍ਰਸੰਗ ਨੂੰ ਪ੍ਰਗਟ ਕਰਦੀ ਕੇਵਲ ਇੰਗਲੈਂਡ ਦੀ ਆਮ-ਕਾਨੂੰਨ ਪ੍ਰਣਾਲੀ ਉੱਤੇ ਹੀ ਲਾਗੂ ਹੁੰਦੀ ਹੈ ਜਿੱਥੇ ਨਿਆਂਕਰਤਾ ਕਾਨੂੰਨਾਂ ਨੂੰ ਬਣਾਉਂਦੇ ਹਨ। ਇਸ ਤਰ੍ਹਾਂ ਉਪਰੋਕਤ ਆਦਰਸ਼ਵਾਦੀ ਪਰਿਭਾਸ਼ਾਵਾਂ ਆਪਣੇ ਮਿਸ਼ਰਤ ਸੁਭਾਅ (ਰੋਮ ਵਾਸੀਆਂ ਤੇ ਹਿੰਦੂ-ਮੱਤ ਦੀਆਂ ਪਰਿਭਾਸ਼ਾਵਾਂ) ਅਤੇ ਸੰਕੁਚਿਤ ਸਰੂਪ (ਸਾਲਮੰਡ ਦੀ ਪਰਿਭਾਸ਼ਾ) ਕਾਰਨ ਅਤਾਰਕਿਕ ਪ੍ਰਤੀਤ ਹੁੰਦੀਆਂ ਹਨ ਅਤੇ ਇਨ੍ਹਾਂ ਵਿਚੋਂ ਕਾਨੂੰਨ ਦੀ ਕੋਈ ਤਰਕਸੰਗਤ ਤੇ ਸੰਪੂਰਨ ਪ੍ਰਵਿਰਤੀ ਤੇ ਪ੍ਰਯੋਜਨ ਨਹੀਂ ਉਭਰਦਾ ਹੈ।

**ਪ੍ਰਤੱਖਵਾਦੀ ਸਕੂਲ** : ਕਾਨੂੰਨ ਦੀ ਪ੍ਰਤੱਖਵਾਦੀ ਪਰਿਭਾਸ਼ਾ ਨਾਲ ਸੰਬੰਧਿਤ ਸਕੂਲ ਵੀ ਬਹੁਤ ਪੁਰਾਣਾ ਹੈ, ਜਿਸ ਦੀ ਪੁਰਾਤਨ ਵਿਆਖਿਆ ਆਸਟਿਨ (Austin) ਦੀ ਕਾਨੂੰਨ ਸੰਬੰਧੀ ਪਰਿਭਾਸ਼ਾ ਵਿਚੋਂ ਵੇਖੀ ਜਾ ਸਕਦੀ ਹੈ। ਇਸ ਅਨੁਸਾਰ, *ਕਾਨੂੰਨ ਉੱਤਮ ਰਾਜਨੀਤਕ ਵਿਅਕਤੀਆਂ ਜਾਂ ਸਰਬ-ਸੱਤਾਧਾਰੀ ਵੱਲੋਂ ਰਾਜਨੀਤਕ ਤੌਰ 'ਤੇ ਛੋਟੇ ਵਿਅਕਤੀਆਂ ਲਈ ਸਥਾਪਤ ਨਿਯਮਾਂ ਦਾ ਸਮੂਹ ਹੈ, ਅਰਥਾਤ ਕਾਨੂੰਨ ਸਰਬ-ਸੱਤਾਧਾਰੀ (Sovereign) ਦਾ ਹੁਕਮ ਹੈ, ਜਿਸ ਵਿਚ ਤਿੰਨ ਤੱਤਾਂ-ਆਦੇਸ਼, ਫ਼ਰਜ਼ ਅਤੇ ਦੰਡ ਨਿਹਿਤ ਹੁੰਦੇ ਹਨ।*[6] ਆਸਟਿਨ ਵੱਲੋਂ ਕੀਤੀ ਗਈ 'ਕਾਨੂੰਨ' ਦੀ ਇਸ ਪਰਿਭਾਸ਼ਾ ਦੀ ਕਈ ਪੱਖਾਂ ਤੋਂ ਨੁਕਤਾਚੀਨੀ ਕਰਦਿਆਂ ਕਿਹਾ ਗਿਆ ਹੈ ਕਿ ਸਾਰੇ ਕਾਨੂੰਨ ਕੇਵਲ ਸਰਬ-ਸੱਤਾਧਾਰੀ ਦਾ ਹੁਕਮ ਹੀ ਨਹੀਂ ਹੁੰਦੇ ਅਤੇ ਨਾਲ ਹੀ ਜਿਹੜੇ ਲੋਕ ਕਾਨੂੰਨ ਦਾ ਪਾਲਣ ਕਰਦੇ ਹਨ ਉਹ ਸਿਰਫ ਦੰਡਿਕ ਬੰਦਸ਼ ਕਾਰਨ ਹੀ ਕਾਨੂੰਨ ਦੀ ਪਾਲਣਾ ਨਹੀਂ ਕਰਦੇ। ਇਸ ਪ੍ਰਸੰਗ ਵਿਚ W.N. Hibbert ਲਿਖਦਾ ਹੈ:

> *Austin insists on the importance of ascertaining who 'sets the rules.' i.e., originates is 'who enforces obedience to it.' Many rules have been 'set' in the ordinary acceptation of the term for instance, many have grown up through custom. The enforcement of the rule by a determinate authority, no matter how*

*the rule originated, is the matter of real importance for the purpose of determining whether the rule is a rule of law or not.*[7]

ਇਸ ਦੇ ਨਾਲ ਹੀ ਆਸਟਿਨ ਨੇ ਕਾਨੂੰਨ ਦੀ ਪਰਿਭਾਸ਼ਾ ਦਿੰਦਿਆਂ ਰੀਤੀ ਰਿਵਾਜ, ਅੰਤਰ-ਰਾਸ਼ਟਰੀ ਕਾਨੂੰਨ ਅਤੇ ਜੱਜਾਂ ਦੁਆਰਾ ਬਣਾਏ ਕਾਨੂੰਨ ਨੂੰ ਪ੍ਰੋਖੇ ਵੀ ਕਰ ਦਿੱਤਾ ਹੈ। ਇਸ ਪ੍ਰਕਾਰ ਦੀਆਂ ਉਣਤਾਈਆਂ ਹੋਰਨਾਂ ਪ੍ਰਤੱਖਵਾਦੀ ਕਾਨੂੰਨਦਾਨਾਂ ਦੀਆਂ ਪਰਿਭਾਸ਼ਾਵਾਂ (ਜਿਵੇਂ ਕੇਲਸੇਨ (kelsen) ਦੀ ਪਰਿਭਾਸ਼ਾ) ਵਿਚੋਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

**ਸਮਾਜ-ਸ਼ਾਸਤਰੀ ਸਕੂਲ** : ਪ੍ਰਤੱਖਵਾਦੀ ਸਕੂਲ ਤੋਂ ਇਲਾਵਾ ਸਮਾਜ-ਸ਼ਾਸਤਰੀ ਸਕੂਲ ਦੀ ਕਾਨੂੰਨ ਸਬੰਧੀ ਕੀਤੀ ਪਰਿਭਾਸ਼ਾ ਮਿਲਦੀ ਹੈ, ਜਿਸ ਵਿਚ ਕਾਨੂੰਨ ਨੂੰ ਇਸ ਦੇ ਸਮਾਜਕ ਪੱਖ ਨਾਲ ਸੰਬੰਧਿਤ ਕਰਕੇ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪ੍ਰਸੰਗ ਵਿਚ ਕਈ ਪਰਿਭਾਸ਼ਾਵਾਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਇਕ ਡਗਯੂਟ (Duguit's) ਵੱਲੋਂ ਕੀਤੀ ਪਰਿਭਾਸ਼ਾ ਹੈ, ਜਿਸ ਅਨੁਸਾਰ ਕਾਨੂੰਨ ਜ਼ਰੂਰੀ ਤੇ ਨਿਵੇਕਲਾ ਸਮਾਜਕ-ਤੱਥ ਹੈ, ਜਿਸ ਦਾ ਆਧਾਰ ਤੱਤ ਸਮਾਜਕ ਜ਼ਿੰਦਗੀ ਦੀਆਂ ਲੋੜਾਂ ਵਿਚ ਨਿਹਿਤ ਹੈ। ਇਸ ਦੀ ਹੋਂਦ ਸਿਰਫ਼ ਉਦੋਂ ਹੀ ਰਹਿ ਸਕਦੀ ਹੈ ਜਦੋਂ ਲੋਕ ਇਕੱਠੇ ਰਹਿੰਦੇ ਹਨ ਅਤੇ ਇਕ ਦੂਸਰੇ ਉੱਤੇ ਨਿਰਭਰ ਹੁੰਦੇ ਸਮਾਜਕ ਇੱਕਜੁਟਤਾ (ਡਗਯੂਟ ਇਸ ਨੂੰ social solidarity ਕਹਿੰਦਾ ਹੈ) ਦਾ ਅਨੁਸਰਨ ਕਰਦੇ ਹਨ। ਇਨ੍ਹਾਂ ਸਮਾਜਕ ਸੰਸਥਾਵਾਂ ਦਾ ਨਿਸ਼ਾਨਾ ਸਮਾਜਕ ਇੱਕਜੁਟਤਾ ਨੂੰ ਬਚਾਉਣਾ ਅਤੇ ਅੱਗੇ ਲਿਜਾਉਣਾ ਹੁੰਦਾ ਹੈ। ਇਸ ਸੰਦਰਭ ਵਿਚ ਸਿਰਫ਼ ਉਨ੍ਹਾਂ ਨਿਯਮਾਂ ਨੂੰ ਹੀ ਕਾਨੂੰਨ ਦੀ ਸੰਗਿਆ ਦਿੱਤੀ ਜਾ ਸਕਦੀ ਹੈ ਜਿਹੜੇ ਇਸ ਉਦੇਸ਼ ਨੂੰ ਅੱਗੇ ਲੈ ਕੇ ਜਾਂਦੇ ਹਨ। ਡਗਯੂਟ ਦੇ ਸਿਧਾਂਤ ਦੀ ਸਮੀਖਿਆ ਕਰਦਾ S.N. Dhayani ਲਿਖਦਾ ਹੈ:

*The doctrine of mutual interdependence is the core of Duguists theory of law and society which unite individual members of a social group by sheer force of*

*their common needs and interests. For men live together in groups and societies, they are dependent upon, solidarity with another. They have common needs which they can satisfy only by common life and at the same time, they have different needs to satisfaction of which they assure by exchange of reciprocal services. The progress of humanity is assured by continuous growth in both direction of individual activity. Man is so placed in society have the obligation to realize this progress because in doing so we realizes himself.*[8]

ਇਸ ਤਰ੍ਹਾਂ ਡਗਯੂਟ ਦੀ ਕਾਨੂੰਨ ਦੀ ਪਰਿਭਾਸ਼ਾ ਕਾਨੂੰਨ ਦਾ ਆਧਾਰ ਸਮਾਜਕ ਹਕੀਕਤਾਂ ਅਤੇ ਸਮਾਜਕ ਲੋੜਾਂ ਨੂੰ ਕਿਆਸ ਕਰਦੀ ਹੈ, ਜੋ ਆਪਣੇ ਆਪ ਵਿਚ ਇਕ ਮਹੱਤਵਪੂਰਨ ਨੁਕਤਾ ਹੈ।

ਪ੍ਰੰਤੂ ਫਿਰ ਵੀ ਡਗਯੂਟ ਦੀ ਇਸ ਪਰਿਭਾਸ਼ਾ ਦੀ ਕਈ ਪੱਖਾਂ ਤੋਂ ਨੁਕਤਾਚੀਨੀ ਕੀਤੀ ਗਈ ਮਿਲਦੀ ਹੈ ਜਿਵੇਂ ਡਗਯੂਟ ਨੇ ਸਰਵ-ਸੱਤਾਧਾਰੀ ਦੀ ਹੈਸੀਅਤ ਦੇ ਦਰਜੇ ਨੂੰ ਘਟਾ ਕੇ ਇਕ ਏਜੰਸੀ ਬਣਾ ਦਿੱਤਾ ਹੈ ਅਤੇ ਡਗਯੂਟ ਦੁਆਰਾ ਵਰਤਿਆ ਗਿਆ ਸ਼ਬਦ ਸਮਾਜਕ-ਇੱਕਜੁਟਤਾ ਵੀ ਅਸਪੱਸ਼ਟਤਾ ਦਾ ਧਾਰਨੀ ਹੈ। ਇਸ ਕਾਰਨ ਡਗਯੂਟ ਦੀ ਪਰਿਭਾਸ਼ਾ ਕਾਫ਼ੀ ਹੱਦ ਤੱਕ ਅਸਪੱਸ਼ਟਤਾ ਅਤੇ ਭਰਮ ਦੀ ਧਾਰਨੀ ਬਣ ਜਾਂਦੀ ਹੈ ਅਤੇ ਕਾਨੂੰਨ ਨੂੰ ਕੁਦਰਤੀ-ਕਾਨੂੰਨ (natural law) ਦੇ ਨੇੜੇ ਲੈ ਜਾਂਦੀ ਹੈ। ਡਗਯੂਟ ਦੀ ਇਸ ਪਰਿਭਾਸ਼ਾ ਦੇ ਸਮਾਨਾਂਤਰ ਸਮਾਜ-ਸ਼ਾਸਤਰੀ ਸਕੂਲ ਦੇ ਦੂਜੇ ਚਿੰਤਕ ਤੇ ਸਮਾਜ-ਸ਼ਾਸਤਰੀ ਇਹਰਿੰਗ (Ihering) ਦੀ ਪਰਿਭਾਸ਼ਾ ਪ੍ਰਾਪਤ ਹੁੰਦੀ ਹੈ, ਜਿਸ ਅਧੀਨ ਇਹਰਿੰਗ ਨੇ ਕਾਨੂੰਨ ਨੂੰ ਜ਼ਿੰਦਗੀ ਦੀਆਂ ਅਵਸਥਾਵਾਂ ਦੀ ਗਾਰੰਟੀ ਦਾ ਆਧਾਰ ਦੱਸਦਿਆਂ ਕਾਨੂੰਨ ਨੂੰ ਰਾਜ (state) ਦੀ ਨਿਯੰਤਰਨ ਸ਼ਕਤੀ ਦਾ ਪ੍ਰਮੁੱਖ ਕਾਰਕ ਦੱਸਿਆ ਹੈ।[9] ਇਹਰਿੰਗ ਦੀ ਇਸ ਪਰਿਭਾਸ਼ਾ ਵਿਚ ਕਈ ਸੰਭਾਵਨਾਵਾਂ ਮੌਜੂਦ ਹਨ ਜਿਵੇਂ ਕਾਨੂੰਨ ਨੂੰ ਸਮਾਜ ਨੂੰ ਕਾਬੂ ਕਰਨ ਦਾ

ਸਿਰਫ਼ ਇਕੋ ਇਕੋ ਨਿਸ਼ਚਤ ਤਰੀਕਾ ਮੰਨਣਾ, ਕਾਨੂੰਨ ਦਾ ਕੰਮ ਸਮਾਜਕ ਮਨੋਰਥ ਕਿਆਸ ਕਰਨਾ ਅਤੇ ਕਾਨੂੰਨ ਦੇ ਬਲਯੁਕਤ ਰੂਪ ਨੂੰ ਸਵੀਕਾਰ ਕਰਨਾ। ਇਸ ਤਰ੍ਹਾਂ ਉਸ ਦੀ ਕਾਨੂੰਨ ਬਾਰੇ ਦਿੱਤੀ ਪਰਿਭਾਸ਼ਾ ਵਧੇਰੇ ਸਪੱਸ਼ਟ ਤੇ ਸਰਲ ਹੈ, ਜਿਹੜੀ ਕਾਨੂੰਨ ਦੀਆਂ ਲਗਭਗ ਉਨ੍ਹਾਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਪ੍ਰਗਟ ਕਰਦੀ ਹੈ ਜਿਹੜੀਆਂ ਆਧੁਨਿਕ ਸਮੇਂ ਵਿਚ ਕਾਨੂੰਨ ਵਿਚ ਨਿਹਿਤ ਹੁੰਦੀਆਂ ਹਨ। ਇਸ ਪ੍ਰਕਾਰ ਦੀ ਪਰਿਭਾਸ਼ਾ ਹੀ ਅਮਰੀਕੀ ਕਾਨੂੰਨ ਦਰਸ਼ਨਿਕ ਡੀ. ਆਰ. ਪਾਉਂਡ (D. R. Pound) ਦੀ ਪ੍ਰਾਪਤ ਹੁੰਦੀ ਹੈ ਜਿਸ ਅਧੀਨ ਇਹਰਿੰਗ ਪਰਿਭਾਸ਼ਾ ਨੂੰ ਵਿਹਾਰਕ ਰੂਪ ਦਿੰਦੇ ਹੋਏ ਇਸ ਵਿਚ 'ਹਿੱਤ' (interest) ਨੂੰ ਮਹੱਤਵ ਦਿੰਦਾ ਹੈ ਅਤੇ ਅਜਿਹੇ ਕਾਨੂੰਨ ਨੂੰ ਗਿਆਨ ਤੇ ਅਨੁਭਵ ਦੇ ਰੂਪ ਵਿਚ ਵੇਖਦਾ ਹੈ ਜਿਸ ਦੁਆਰਾ ਸਮਾਜਕ-ਨਿਯੰਤਰਣ ਸਥਾਪਿਤ ਹੁੰਦਾ ਹੈ।[10] ਇਸ ਤਰ੍ਹਾਂ ਹੀ ਮੈਕਸ ਵੈਬਰ ਨੇ ਵੀ ਕਾਨੂੰਨ ਦੇ ਸਮਾਜਕ, ਰਾਜਨੀਤਕ ਅਤੇ ਆਰਥਕ ਪੱਖਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਕਾਨੂੰਨ ਨੂੰ ਸਮਾਜ-ਸ਼ਾਸਤਰੀ ਨਜ਼ਰੀਏ ਤੋਂ ਵੇਖਿਆ। ਸਮਾਜ-ਸ਼ਾਸਤਰੀ ਸਕੂਲ ਦੀਆਂ ਇਹ ਪਰਿਭਾਸ਼ਾਵਾਂ ਬਾਹਰਮੁਖੀ ਦ੍ਰਿਸ਼ਟੀਕੋਣ ਅਪਨਾਉਣ ਕਰਕੇ ਵਧੇਰੇ ਤਰਕਸੰਗਤ ਜਾਪਦੀਆਂ ਹਨ ਪ੍ਰੰਤੂ ਫਿਰ ਵੀ ਇਹ ਪਰਿਭਾਸ਼ਾਵਾਂ ਕਾਨੂੰਨ ਦੇ ਇਕ ਜਾਂ ਦੋ ਤੱਤਾਂ ਉੱਤੇ ਹੀ ਵਧੇਰੇ ਧਿਆਨ ਕੇਂਦਰਿਤ ਕਰਦੀਆਂ ਆਪਣੀਆਂ ਸੀਮਾਵਾਂ ਅਧੀਨ ਹੀ ਵਿਚਰਦੀਆਂ ਹਨ।

ਯਥਾਰਥਵਾਦੀ ਪਰਿਭਾਸ਼ਾ:

ਯਥਾਰਥਵਾਦੀ ਮੱਤ ਮੁੱਖ ਤੌਰ 'ਤੇ ਕਾਨੂੰਨ ਨੂੰ ਅਦਾਲਤੀ ਪ੍ਰਕ੍ਰਿਆ ਨਾਲ ਜੋੜ ਕੇ ਦੇਖਦਾ ਹੈ। ਇਸ ਮੱਤ ਦੇ ਪਮੁੱਖ ਪ੍ਰਵਕਤਾ ਜੀਰੋਮ ਫਰੈਂਕ, ਗਰੇਅ, ਕਾਰਡੋਜੇ ਆਦਿ ਹਨ। ਇਨ੍ਹਾਂ ਦੀ ਮੁੱਖ ਧਾਰਨਾ ਹੈ ਕਿ ਕਾਨੂੰਨ ਜੱਜਾਂ ਦੁਆਰਾ ਬਣਾਇਆ ਜਾਂਦਾ ਹੈ ਅਤੇ ਨਿਯਮ ਨਿਸ਼ਚਿਤ ਕਾਨੂੰਨ ਉਦੋਂ ਹੀ ਬਣਦਾ ਹੈ ਜਦੋਂ ਅਦਾਲਤ ਇਨ੍ਹਾਂ ਸਬੰਧੀ ਆਪਣਾ ਫੈਸਲਾ ਦਿੰਦੀ ਹੈ।[11]

ਇਸ ਪ੍ਰਕਾਰ ਕਾਨੂੰਨ ਦੀਆਂ ਵਿਭਿੰਨ ਪਰਿਭਾਸ਼ਾਵਾਂ ਦੀ ਚਰਚਾ ਤੋਂ ਬਾਅਦ ਅਸੀਂ ਵੇਖਦੇ ਹਾਂ ਕਿ ਕਾਨੂੰਨ ਸ਼ਬਦ ਨੂੰ ਪਰਿਭਾਸ਼ਤ ਕਰਨ ਲਈ ਕਈ ਯਤਨ ਕੀਤੇ ਗਏ ਹਨ ਜਿਹੜੇ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਕਾਨੂੰਨ ਦੀ ਇੱਕ ਜਾਂ ਦੋ ਵਿਸ਼ੇਸ਼ਤਾਵਾਂ ਨੂੰ ਹੀ ਪਕੜਦੇ ਹਨ ਅਤੇ ਕਾਨੂੰਨ ਦੇ ਸਮੁੱਚੇ ਸਰੂਪ ਨੂੰ ਉਭਾਰਨ ਵਿਚ ਅਸਫ਼ਲ ਹੀ ਰਹਿੰਦੇ ਹਨ। ਇਸ ਪ੍ਰਸੰਗ ਵਿਚ ਕੋਈ ਸਕੂਲ ਕਾਨੂੰਨ ਧਰਮ ਨਾਲ ਜਾਂ ਪ੍ਰਮਾਤਮਾ ਦੇ ਹੁਕਮ ਨਾਲ ਸੰਬੰਧਤ ਕਰਦਾ ਹੈ, ਕੋਈ ਕਾਨੂੰਨ ਤੇ ਨਿਆਂ ਨੂੰ ਰਲਗੱਡ ਕਰਕੇ ਵੇਖਦਾ ਹੈ ਅਤੇ ਕੋਈ ਕਾਨੂੰਨ ਨੂੰ ਸੱਤਾਧਾਰੀ ਵਰਗ ਦੇ ਹੱਥ ਵਿਚ ਰਾਜ ਕਰਨ ਦਾ ਯੰਤਰ ਦੱਸਦਾ ਹੈ। ਕਾਨੂੰਨ ਦੀਆਂ ਇਹ ਪਰਿਭਾਸ਼ਾਵਾਂ ਨਿਰਸੰਦੇਹ ਕਾਨੂੰਨ ਦਾ ਸਹੀ ਤੇ ਸਮੁੱਚਾ ਵਿਸ਼ਲੇਸ਼ਣ ਤੇ ਮੁਲਾਂਕਣ ਨਹੀਂ ਕਰਦੀਆਂ। ਇਸ ਪ੍ਰਸੰਗ ਨੂੰ ਸਪੱਸ਼ਟ ਕਰਦਾ ਡਾ. ਤ੍ਰਿਪਤੀ ਕਾਨੂੰਨ ਦੀਆਂ ਪਰਿਭਾਸ਼ਾਵਾਂ ਦਾ ਵਿਸ਼ਲੇਸ਼ਣ ਕਰਦਾ ਇਸ ਮੁਲਾਂਕਣ ਉੱਤੇ ਪਹੁੰਚਦਾ ਹੈ:

> *Most of the definition discussed above have been given keeping in view only the legal system of which the gurist giving the definition had the experience. They present a partial and not a complete picture of law. The Function of a definition is to give a precise but full idea contained in the term which is being defined. Only such a definition can have an universal application.*[12]

ਇਸ ਤਰ੍ਹਾਂ ਉਪਰੋਕਤ ਪਰਿਭਾਸ਼ਾਵਾਂ ਆਪਣੀਆਂ ਆਪਣੀਆਂ ਸੰਭਾਵਨਾਵਾਂ ਤੇ ਸੀਮਾਵਾਂ ਵਿਚ ਲਿਪਟੀਆਂ ਹੋਈਆਂ ਸੰਪੂਰਨ ਪਰਿਭਾਸ਼ਾਵਾਂ ਦਾ ਦਰਜਾ ਨਹੀਂ ਰੱਖਦੀਆਂ, ਪ੍ਰੰਤੂ ਕਾਨੂੰਨ ਦੇ ਸੰਦਰਭ ਵਿਚ ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਗੱਲ ਜ਼ਰੂਰ ਸਪੱਸ਼ਟ ਹੁੰਦੀ ਹੈ ਕਿ ਕਾਨੂੰਨ ਇਕ ਸਮਾਜਕ ਸੰਸਥਾ ਹੈ, ਜਿਹੜੀ ਉਦੋਂ ਹੋਂਦ ਗ੍ਰਹਿਣ ਕਰਦੀ ਹੈ ਜਦੋਂ ਸੰਬੰਧਿਤ ਸਮਾਜ ਦੇ ਮੈਂਬਰ ਨਿਸ਼ਚਿਤ ਕਦਰਾਂ-ਕੀਮਤਾਂ ਵਿਚ ਬੱਝਦੇ ਹਨ। ਇਨ੍ਹਾਂ ਕਦਰਾਂ-ਕੀਮਤਾਂ ਵਿਚ ਬੱਝਦੇ ਹਨ। ਇਨ੍ਹਾਂ ਕਦਰਾਂ-ਕੀਮਤਾਂ ਵਿਚ

ਸੰਬੰਧਤ ਮੈਂਬਰਾਂ ਦਾ ਵਿਸ਼ਵਾਸ ਅਤੇ ਇਨ੍ਹਾਂ ਨੂੰ ਮੰਨਣਾ ਹੀ ਕਿਸੇ ਪ੍ਰਕਾਰ ਦੇ ਕਾਨੂੰਨ ਦ ਆਰੰਭ ਬਿੰਦੂ ਹੈ। ਇਨ੍ਹਾਂ ਨੂੰ ਬਾਅਦ ਵਿਚ ਸੰਬੰਧਤ ਸਮਾਜ ਵਿਧਾਨਕ ਕਾਨੂੰਨ ਦਾ ਰੂਪ ਦਿੰਦਾ ਹੈ ਅਤੇ ਇਨ੍ਹਾਂ ਨੂੰ ਬਣਾਉਣ ਤੇ ਲਾਗੂ ਕਰਨ ਦੇ ਢੰਗ ਤਰੀਕੇ ਵੀ ਇਜ਼ਾਦ ਕਰਦਾ ਹੈ। ਕਾਨੂੰਨ ਦੀ ਇਸ ਵਿਕਾਸ ਪ੍ਰਕਿਰਿਆ ਤੋਂ ਬਾਅਦ ਦੇ ਬਿੰਦੂ ਉੱਤੇ ਵਿਧਾਨਕ-ਪ੍ਰਬੰਧ 'ਤੇ ਕਾਬਜ ਵਿਅਕਤੀ ਜਾਂ ਸ੍ਰੇਣੀ ਆਪਣੇ ਹਿਤਾਂ ਜਾਂ ਦ੍ਰਿਸ਼ਟੀਕੋਣਾਂ ਨੂੰ ਧਿਆਨ ਵਿਚ ਰੱਖਦੀ ਹੋਈ ਕਾਨੂੰਨੀ-ਢਾਂਚੇ ਦਾ ਨਿਰਮਾਣ ਕਰਦੀ ਹੈ। ਇਸ ਤਰ੍ਹਾਂ ਕਾਨੂੰਨ, ਜਿਹੜਾ ਪਹਿਲਾਂ ਪਹਿਲ ਸਥਿਤੀਆਂ ਤੇ ਲੋੜਾਂ ਵਿਚ ਉਪਜਿਆ ਆਦਰਸ਼ਕ-ਨਿਆਂ ਹੁੰਦਾ ਹੈ, ਬਾਅਦ ਵਿਚ ਵਿਧਾਨਕ-ਪ੍ਰਬੰਧ ਉੱਤੇ ਕਾਬਜ਼ ਵਿਅਕਤੀਆਂ ਜਾਂ ਸ੍ਰੇਣੀਆਂ ਦੀ ਸੱਤਾ ਦਾ ਨਿਆਂ ਬਣਕੇ ਰਹਿ ਜਾਂਦਾ ਹੈ। ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਹੋਈਆਂ ਕਾਨੂੰਨ ਦੀਆਂ ਪਰਿਭਾਸ਼ਾਵਾਂ ਤੋਂ ਬਾਅਦ ਕਾਨੂੰਨ ਮੁੱਖ ਰੂਪ ਵਿਚ ਕਿੰਨੇ ਪ੍ਰਕਾਰ ਦਾ ਹੈ। ਇਹ ਜਾਣਨਾ ਵੀ ਜ਼ਰੂਰੀ ਹੈ। ਕਾਨੂੰਨ ਦੀਆਂ ਕਿਸਮਾਂ ਜਾਂ ਵੰਡ ਦੀ ਪ੍ਰਥਾ ਬਹੁਤ ਪੁਰਾਣੀ ਹੈ। ਰੋਮਨ ਦੇ ਕਾਨੂੰਨਦਾਨਾਂ ਨੇ ਵੀ ਇਸ ਪ੍ਰਕਾਰ ਦੀ ਵੰਡ ਕੀਤੀ ਹੇ। ਪੁਰਾਣੇ ਭਾਰਤੀ ਕਾਨੂੰਨਦਾਨਾਂ ਨੇ 'ਵਿਵਹਾਰ' (ਦੀਵਾਨੀ ਕਾਨੂੰਨ) ਅਧੀਨ ਅਠਾਰਾਂ ਸਿਰਲੇਖਾਂ ਅਧੀਨ ਇਸ ਨੂੰ ਵਿਚਾਰਿਆ ਹੈ। ਉਨ੍ਹਾਂ ਨੇ ਦੀਵਾਨੀ ਤੇ ਫ਼ੌਜਦਾਰੀ ਕਾਨੂੰਨ ਵਿਚ ਨਿਖੇੜ ਕਰਦੇ ਹੋਏ ਫ਼ੌਜਦਾਰੀ ਕਾਨੂੰਨ ਨੂੰ ਅੱਗੋਂ ਕਈ ਸਿਰਲੇਖਾਂ ਅਧੀਨ ਵਿਚਾਰਿਆ ਹੈ।

**ਕਾਨੂੰਨ ਦੇ ਵਿਭਿੰਨ ਪ੍ਰਕਾਰ:** ਆਮ ਤੌਰ 'ਤੇ ਕਾਨੂੰਨ ਨੂੰ **ਸਾਧਾਰਨ ਕਾਨੂੰਨ ਤੇ ਵਿਸ਼ੇਸ਼ ਕਾਨੂੰਨ** ਵਿਚ ਵੰਡਿਆ ਜਾਂਦਾ ਹੈ। ਇਨ੍ਹਾਂ ਵਿਚੋਂ ਸਾਧਾਰਨ ਕਾਨੂੰਨ ਦੇਸ਼ ਦਾ ਆਮ ਕਾਨੂੰਨ ਹੁੰਦਾ ਹੈ ਅਤੇ ਵਿਸ਼ੇਸ਼ ਕਾਨੂੰਨ ਉਹ ਸੰਕਲਪ ਹੁੰਦਾ ਹੈ, ਜਿਹੜਾ ਆਪਣੀ ਪ੍ਰਕਿਰਤੀ, ਸ੍ਰੋਤ ਅਤੇ ਪ੍ਰਯੋਗ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਸਾਧਾਰਨ ਕਾਨੂੰਨ ਸਾਰੇ ਸਮੂਹਾਂ ਉੱਤੇ ਸਮਾਨ ਰੂਪ ਵਿਚ ਲਾਗੂ ਹੁੰਦਾ ਹੈ ਜਦ ਕਿ ਵਿਸ਼ੇਸ਼ ਕਾਨੂੰਨ ਦਾ ਅਸਤਿਤਵ ਆਪਣੇ ਆਪ ਵਿਚ ਸੁਤੰਤਰ ਹੁੰਦਾ ਹੈ ਅਤੇ ਉਸ

ਦਾ ਪ੍ਰਯੋਗ ਵੀ ਸੀਮਿਤ ਹੁੰਦਾ ਹੈ। ਉਦਾਹਰਨ ਦੇ ਤੌਰ 'ਤੇ ਭਾਰਤੀ ਦੰਡ ਸੰਹਿਤਾ, ਭਾਰਤੀ ਕੰਪਨੀ ਕਾਨੂੰਨ ਆਦਿ ਦੇਸ਼ ਦੇ ਵਿਹਾਰਕ ਜਾਂ ਸਾਧਾਰਨ ਕਾਨੂੰਨ ਹਨ ਕਿਉਂਕਿ ਇਹ ਸਾਰੇ ਦੇਸ਼ ਵਿਚ ਲਾਗੂ ਹੁੰਦੇ ਹਨ ਅਤੇ ਇਨ੍ਹਾਂ ਦਾ ਖੇਤਰ ਵਿਸ਼ਾਲ ਹੈ। ਇਸ ਦੇ ਮੁਕਾਬਲੇ ਮੱਧ-ਪ੍ਰਦੇਸ਼ ਸੰਹਿਤਾ, ਉੱਤਰ-ਪ੍ਰਦੇਸ਼ ਪੰਚਾਇਤ ਰਾਜ ਅਧਿਕਾਰ, ਦਿੱਲੀ ਭਾਖੜਾ ਨਿਯੰਤਰਨ ਅਧਿਕਾਰ ਆਦਿ ਵਿਸ਼ੇਸ਼ ਕਾਨੂੰਨ ਹਨ ਜੋ ਕਿ ਸਥਾਨ ਵਿਸ਼ੇਸ਼ ਉੱਤੇ ਹੀ ਲਾਗੂ ਹੁੰਦੇ ਹਨ ਅਤੇ ਇਨ੍ਹਾਂ ਦਾ ਘੇਰਾ ਵੀ ਸੰਕੁਚਿਤ ਹੁੰਦਾ ਹੈ। ਇਹ ਸਾਧਾਰਨ ਤੇ ਵਿਸ਼ੇਸ਼ ਦੀ ਆਮ ਜਿਹੀ ਵੰਡ ਤੋਂ ਇਲਾਵਾ ਕਾਨੂੰਨ ਦੇ ਵਿਭਿੰਨ ਵਿਦਵਾਨਾਂ ਨੇ ਕਾਨੂੰਨ ਦੀ ਵੰਡ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਕੀਤੀ ਹੈ ਅਤੇ ਇਸ ਵਿਚ ਵਧੇਰੇ ਸੂਖ਼ਮਤਾ ਲਿਆਉਣ ਦਾ ਯਤਨ ਕੀਤਾ ਹੈ, ਜਿਨ੍ਹਾਂ ਵਿਚੋਂ ਕੁਝ ਵਿਦਵਾਨਾਂ ਦੀ ਕੀਤੀ ਵੰਡ ਇਸ ਪ੍ਰਕਾਰ ਹੈ:

**ਸਾਲਮੰਡ ਅਨੁਸਾਰ ਕਾਨੂੰਨ ਦੀ ਵੰਡ** : ਸਾਲਮੰਡ ਕਾਨੂੰਨ ਨੂੰ ਸਿਧਾਂਤਾਂ ਦਾ ਝੁੰਡ ਕਹਿੰਦਾ ਹੈ ਜੋ ਰਾਜ ਦੁਆਰਾ ਮਾਨਤਾ ਪ੍ਰਾਪਤ ਹੁੰਦੇ ਹਨ ਅਤੇ ਰਾਜ ਦੁਆਰਾ ਨਿਆਂ ਪ੍ਰਸ਼ਾਸਨ ਵਿਚ ਲਾਗੂ ਕੀਤੇ ਜਾਂਦੇ ਹਨ।[13] ਇਸ ਦਾ ਭਾਵ ਹੈ ਕਿ ਉਹ ਕਾਨੂੰਨ ਨੂੰ ਉਨ੍ਹਾਂ ਨਿਯਮਾਂ ਦਾ ਬਣਿਆ ਕਿਆਸ ਕਰਦਾ ਹੈ ਜੋ ਨਿਆਂ ਲਈ ਅਦਾਲਤ ਵੱਲੋਂ ਕਾਰਜ ਵਿਚ ਲਿਆਏ ਜਾਂਦੇ ਹਨ। ਸਾਲਮੰਡ ਇਸ ਪ੍ਰਕਾਰ ਦੇ ਸਿਧਾਂਤਾਂ ਨੂੰ ਹੇਠ ਲਿਖੇ ਅੱਠ ਵਰਗਾਂ ਵਿਚ ਰੱਖਕੇ ਵੇਖਦਾ ਹੋਇਆ ਇਨ੍ਹਾਂ ਦੀ ਵੰਡ ਇਸ ਪ੍ਰਕਾਰ ਕਰਦਾ ਹੈ:

1. **ਆਦੇਸ਼ਾਤਮਿਕ ਕਾਨੂੰਨ (imperative law) :** ਸਾਲਮੰਡ ਦਾ *ਆਦੇਸ਼ਾਤਮਿਕ ਕਾਨੂੰਨ ਤੋਂ ਭਾਵ ਉਨ੍ਹਾਂ ਮਨੁੱਖੀ ਕਿਰਿਆਵਾਂ ਦੇ ਨਿਯਮਾਂ ਤੋਂ ਹੈ ਜਿਹੜੇ ਮਨੁੱਖਾਂ ਉੱਤੇ ਅਜਿਹੇ ਅਧਿਕਾਰੀ ਦੁਆਰਾ ਲਾਗੂ ਕੀਤੇ ਜਾਂਦੇ ਹਨ ਜਿਸ ਦੀ ਆਗਿਆ ਪਾਲਣ ਲਈ ਉਹ ਬੰਧਨਕਾਰੀ ਹੁੰਦੇ ਹਨ ਅਰਥਾਤ ਆਦੇਸ਼ਾਤਮਿਕ ਕਾਨੂੰਨ ਉਹ ਨਿਯਮ ਹਨ ਜੋ ਕਿਸੇ ਉੱਚ-ਸ਼ਕਤੀ ਦੁਆਰਾ ਪ੍ਰਭਾਵਿਤ ਕੀਤੇ ਜਾਂਦੇ ਹਨ।*[14] ਇਸ ਸੰਦਰਭ ਵਿਚ ਇਹ

ਗੱਲ ਯਾਦ ਰੱਖਣਯੋਗ ਹੈ ਕਿ ਜੇਕਰ ਕਿਸੇ ਕਾਨੂੰਨ ਦਾ ਪਾਲਣ ਵਿਅਕਤੀ ਦੀ ਆਪਣੀ ਮਰਜ਼ੀ/ਇੱਛਾ ਉੱਤੇ ਨਿਰਭਰ ਕਰਦਾ ਹੈ ਤਾਂ ਉਸ ਨੂੰ ਆਦੇਸ਼ਾਤਮਿਕ ਕਾਨੂੰਨ ਨਹੀਂ ਕਿਹਾ ਜਾ ਸਕਦਾ। ਇਸ ਤਰ੍ਹਾਂ ਦੇ ਕਾਨੂੰਨ ਦਾ ਇੱਕੋ ਆਧਾਰ ਤੱਤ ਇਹ ਹੈ ਕਿ ਇਹ ਕਾਨੂੰਨ ਪ੍ਰਭੂਤਾਸ਼ਾਲੀ ਵਿਅਕਤੀ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ ਅਤੇ ਸਾਰੇ ਵਿਅਕਤੀ ਇਸ ਨੂੰ ਮੰਨਣ ਲਈ ਮਜ਼ਬੂਰ ਹੁੰਦੇ ਹਨ।

ਹਰੇਕ ਰਾਜ ਦੀਆਂ ਸਰਕਾਰਾਂ ਆਪਣੇ ਅਧੀਨ ਹੋਂਦ ਰੱਖਣ ਵਾਲੇ ਭਿੰਨ ਸਮੂਹਾਂ ਜਾਂ ਵਿਅਕਤੀਆਂ ਨੂੰ ਕਾਬੂ ਵਿਚ ਰੱਖਣ ਲਈ ਅਜਿਹੇ ਨਿਯਮਾਂ ਦਾ ਨਿਰਮਾਣ ਕਰਦੀਆਂ ਹਨ। ਇਨ੍ਹਾਂ ਦਾ ਉਦੇਸ਼ ਸ਼ਾਂਤੀ ਵਿਵਸਥਾ ਨੂੰ ਬਣਾਈ ਰੱਖਣਾ ਅਤੇ ਰਾਜ ਵਿਰੋਧੀ ਸ਼ਕਤੀਆਂ ਦੀ ਉਤਪੱਤੀ ਨੂੰ ਰੋਕਣਾ ਹੁੰਦਾ ਹੈ। ਪਰਿਵਾਰ, ਸਿੱਖਿਅਕ ਸੰਸਥਾਵਾਂ, ਧਾਰਮਿਕ-ਸੰਸਥਾਵਾਂ ਆਦਿ ਦੇ ਪ੍ਰਬੰਧਕਾਂ ਦੁਆਰਾ ਜਾਰੀ ਕੀਤੇ ਆਦੇਸ਼ ਵੀ ਇਸ ਪ੍ਰਕਾਰ ਦੇ ਕਾਨੂੰਨ ਅਧੀਨ ਹੀ ਆਉਂਦੇ ਹਨ। ਇਸ ਤਰ੍ਹਾਂ ਰਾਜ ਦੇ ਵਿਭਿੰਨ ਸਮੂਹ ਪਰਸਪਰ-ਸੰਚਾਲਨ ਦੇ ਲਈ ਆਦੇਸ਼ਾਤਮਿਕ ਕਾਨੂੰਨ ਦਾ ਨਿਰਮਾਣ ਕਰਦੇ ਹਨ ਜਿਹੜੇ ਰਾਜ ਦੀ ਇੱਛਾ ਤੇ ਸ਼ਕਤੀ ਨੂੰ ਪ੍ਰਦਰਸ਼ਤ ਕਰਦੇ ਹਨ। ਕਈ ਕਾਨੂੰਨ-ਸ਼ਾਸਤਰੀ (ਜਿਵੇਂ ਆਸਟਿਨ ਤੇ ਹਾਬਿਸ) 'ਸਿਵਲ' ਕਾਨੂੰਨ ਨੂੰ ਵੀ ਇਸ ਕਾਨੂੰਨ ਦੇ ਅਰਥ ਘੇਰੇ ਵਿਚ ਹੀ ਰੱਖਦੇ ਹਨ ਕਿਉਂਕਿ ਇਸ ਕਾਨੂੰਨ ਦੁਆਰਾ ਵੀ ਰਾਜ, ਅਧੀਨ ਵਿਅਕਤੀਆਂ ਤੇ ਸਮੂਹਾਂ ਨੂੰ ਕਾਬੂ ਵਿਚ ਰੱਖਣ ਲਈ, ਯਤਨ ਕਰਦੇ ਹਨ ਅਤੇ ਇਨ੍ਹਾਂ ਦੀ ਉਲੰਘਣਾ 'ਤੇ ਦੰਡਿਤ ਕਰਨ ਦੀ ਵਿਵਸਥਾ ਵੀ ਕਾਇਮ ਰੱਖਦੇ ਹਨ।

2. **ਭੌਤਿਕ/ਵਿਗਿਆਨਿਕ ਕਾਨੂੰਨ (physical or scientific law)** : ਸਾਲਮੰਡ ਅਨੁਸਾਰ ਭੌਤਿਕਤਾ ਜਾਂ ਵਿਗਿਆਨ ਨਾਲ ਸੰਬੰਧਤ ਕਾਨੂੰਨ ਪ੍ਰਕਿਰਤੀ ਦੀ ਇਕਰੂਪਤਾ ਨੂੰ ਵਿਅਕਤ ਕਰਦਾ ਹੈ। ਇਨ੍ਹਾਂ ਕਾਨੂੰਨਾਂ ਦੇ ਨਿਯਮ ਪ੍ਰਕਿਰਤੀ ਦੀ ਇਕਰੂਪਤਾ ਪ੍ਰਗਟ ਕਰਨ ਵਾਲੇ ਸਿਧਾਂਤ ਹੁੰਦੇ ਹਨ। ਉਦਾਹਰਨ ਦੇ ਤੌਰ 'ਤੇ ਗਰੈਵਿਟੀ ਦਾ ਸਿਧਾਂਤ,

ਚੁੰਬਕੀ ਸਿਧਾਂਤ, ਬ੍ਰਹਿਮੰਡ ਸੰਬੰਧੀ ਸਿਧਾਂਤ, ਸਮੇਂ ਦੀ ਸੰਖੇਪਤਾ ਦਾ ਸਿਧਾਂਤ ਆਦਿ ਭੌਤਿਕ ਜਾਂ ਵਿਗਿਆਨਿਕ ਕਾਨੂੰਨ ਦੇ ਅੰਤਰਗਤ ਆਉਂਦੇ ਹਨ। ਇਸ ਸੰਦਰਭ ਵਿਚ ਸਾਲਮੰਡ ਦਾ ਮੱਤ ਹੈ:

> *Even the actions of human beings so far as they are uniform are the subject of law of this description, as for example, when we speak of the laws of psychology. There are rules expressing not what men ought to do, but what they do.*[15]

3. **ਪ੍ਰਕਿਰਤਿਕ ਜਾਂ ਨੈਤਿਕ ਕਾਨੂੰਨ (natural or moral law)** : ਪ੍ਰਕਿਰਤਿਕ ਜਾਂ ਨੈਤਿਕ ਕਾਨੂੰਨ ਤੋਂ ਭਾਵ ਕਾਨੂੰਨ ਦੇ ਠੀਕ ਜਾਂ ਗ਼ਲਤ ਹੋਣ ਨਾਲ ਸੰਬੰਧਤ ਹੈ। *ਯੂਨਾਨੀ ਤਾਤਵਿਕ ਵਿਦਵਾਨਾਂ ਨੇ ਪ੍ਰਕਿਰਤਿਕ ਕਾਨੂੰਨ ਨੂੰ ਸਮੁੱਚੀ ਮਨੁੱਖ-ਜਾਤੀ ਦੇ ਮਾਰਗ-ਦਰਸ਼ਨ ਦੇ ਲਈ ਸਰਵ-ਲੌਕਿਕ ਤਰਕ ਅਰਥਾਤ ਈਸ਼ਵਰ ਦੁਆਰਾ ਨਿਰਧਾਰਤ ਵਿਚਾਰ ਦਾ ਨਿਯਮ ਕਿਹਾ ਹੈ। ਜੇਕਰ ਮਨੁੱਖ ਦੇ ਕਾਰਜ ਨੂੰ ਨਿਆਇ ਕਿਹਾ ਜਾਵੇ ਤਾਂ ਪ੍ਰਕਿਰਤਿਕ ਨਿਆਇ ਦੇ ਸਿਧਾਂਤਾਂ ਨੂੰ ਪ੍ਰਕਿਰਤਿਕ ਕਾਨੂੰਨ ਜਾਂ ਨੈਤਿਕ ਕਾਨੂੰਨ ਜਾਂ 'ਸਦਾਚਾਰਕ ਕਾਨੂੰਨ' ਕਿਹਾ ਜਾ ਸਕਦਾ ਹੈ। ਸਾਲਮੰਡ ਅਨੁਸਾਰ ਨਿਆਇ ਦੋ ਤਰ੍ਹਾਂ ਦਾ ਹੁੰਦਾ ਹੈ : ਇਕ ਪ੍ਰਕਿਰਤਿਕ ਨਿਆਇ ਤੇ ਦੂਜਾ ਨਿਸ਼ਚਿਤ ਨਿਆਇ।*[16] ਇਨ੍ਹਾਂ ਵਿਚੋਂ ਪ੍ਰਕਿਰਤਿਕ ਨਿਆਇ ਤੋਂ ਭਾਵ ਉਸ ਨਿਆਇ ਤੋਂ ਹੈ ਜਿਹੜਾ ਆਦਰਸ਼ ਤੇ ਵਿਹਾਰ ਵਿਚ ਇਕੋ ਤਰ੍ਹਾਂ ਦਾ ਹੁੰਦਾ ਹੈ। ਨਿਸ਼ਚਿਤ ਨਿਆਇ ਤੋਂ ਭਾਵ ਉਸ ਨਿਆਇ ਤੋਂ ਹੈ ਜਿਹੜਾ ਮਨੁੱਖ ਦੁਆਰਾ ਅਨੁਭਵ ਤੇ ਵਿਚਾਰਾਂ ਦੇ ਆਧਾਰ ਉੱਤੇ ਨਿਸ਼ਚਿਤ ਕੀਤਾ ਜਾਂਦਾ ਹੈ ਅਤੇ ਅਪੂਰਨ ਤੇ ਅਸ਼ੁੱਧ ਰੂਪ ਵਿਚ ਅਭਿਵਿਅਕਤ ਹੁੰਦਾ ਹੈ। ਸਿਵਲ ਕਾਨੂੰਨ ਇਸ ਤਰ੍ਹਾਂ ਦੇ ਨਿਆਇ ਨੂੰ ਹੀ ਵਿਅਕਤ ਕਰਦਾ ਹੈ।

*ਪ੍ਰਕਿਰਤਿਕ ਕਾਨੂੰਨ ਨੂੰ ਵਿਭਿੰਨ ਵਿਦਵਾਨਾਂ ਨੇ ਵਿਭਿੰਨ ਨਾਮਾਂ ਨਾਲ ਵਿਅਕਤ ਕੀਤਾ ਹੈ। ਕੁਝ ਵਿਚਾਰਕਾਂ ਨੇ ਇਸ ਨੂੰ ਦੈਵੀ ਕਾਨੂੰਨ (Divine law) ਕਿਹਾ ਹੈ,*

*ਜਿਹੜਾ ਈਸ਼ਵਰ ਵੱਲੋਂ ਮਨੁੱਖ ਉੱਤੇ ਲਾਗੂ ਕੀਤਾ ਗਿਆ ਹੈ। ਇਸ ਕਾਨੂੰਨ ਨੂੰ ਮਨੁੱਖ ਦੀ ਤਰਕ-ਸ਼ਕਤੀ ਉੱਤੇ ਆਧਾਰਿਤ ਹੋਣ ਕਾਰਨ ਤਾਰਕਿਕ ਕਾਨੂੰਨ (law of reason) ਵੀ ਕਿਹਾ ਗਿਆ ਹੈ। ਇਸ ਦੇ ਨਾਲ ਹੀ ਇਸ ਕਾਨੂੰਨ ਨੂੰ ਅਲਿਖਿਤ-ਕਾਨੂੰਨ (jus non scriptum) ਵੀ ਕਿਹਾ ਗਿਆ ਹੈ ਕਿਉਂਕਿ ਇਹ ਕਿਸੇ ਗ੍ਰੰਥ ਜਾਂ ਪੁਸਤਕ ਵਿਚ ਨਹੀਂ ਲਿਖਿਆ ਗਿਆ ਸਗੋਂ ਇਹ ਤਾਂ ਮਨੁੱਖ ਦੇ ਮਨ ਉੱਤੇ ਲਿਖਿਆ ਗਿਆ ਹੈ। ਇਸ ਤੋਂ ਇਲਾਵਾ ਇਸ ਕਾਨੂੰਨ ਨੂੰ ਸਰਵ-ਵਿਆਪਕ ਹੋਣ ਕਰਕੇ ਸਰਵ-ਵਿਆਪੀ-ਕਾਨੂੰਨ (universal law) ਵੀ ਕਿਹਾ ਜਾਂਦਾ ਹੈ।*[17]

4. **ਪ੍ਰੰਪਰਕ ਕਾਨੂੰਨ (conventional law)** : ਸਾਲਮੰਡ ਦੇ ਅਨੁਸਾਰ ਪ੍ਰੰਪਰਕ ਕਾਨੂੰਨ ਵਿਚ ਉਹ ਨਿਯਮ ਆਉਂਦੇ ਹਨ ਜਿਹੜੇ ਵਿਅਕਤੀਆਂ ਦੁਆਰਾ ਆਪਣੀਆਂ ਸਵੈ-ਇੱਛਾਵਾਂ ਦੁਆਰਾ ਇੱਕ-ਦੂਜੇ ਉੱਤੇ ਲਾਏ ਜਾਂਦੇ ਹਨ ਜਿਵੇਂ ਕਿਸੇ ਕਲੱਬ ਦੇ ਨਿਯਮ ਜਾਂ ਸਮਾਜ-ਵਿਸ਼ੇਸ਼ ਦੇ ਨਿਯਮ।[18] ਇਨ੍ਹਾਂ ਨਿਯਮਾਂ ਵਿਚ ਪਰਿਵਰਤਨ ਰਾਜ ਦੁਆਰਾ ਕੀਤਾ ਜਾਂਦਾ ਹੈ ਤਾਂ ਇਹ ਨਿਯਮ ਸਿਵਲ-ਨਿਯਮਾਂ ਦਾ ਦਰਜਾ ਪ੍ਰਾਪਤ ਕਰ ਜਾਂਦੇ ਹਨ।

5. **ਰੂੜ੍ਹੀਗਤ ਕਾਨੂੰਨ (customary law)** : ਰਾਜ ਦੀ ਉੱਤਪਤੀ ਤੋਂ ਪਹਿਲਾਂ ਆਦਿਕਾਲੀਨ ਸਮਾਜ ਵਿਚ ਪ੍ਰਚਲਿਤ ਕਈ ਰੂੜ੍ਹੀਆਂ ਨੂੰ ਕਾਨੂੰਨ ਦਾ ਦਰਜਾ ਪ੍ਰਾਪਤ ਹੋ ਗਿਆ ਹੈ। ਇਨ੍ਹਾਂ ਪੰਪਰਾਗਤ ਰੂੜ੍ਹੀਆਂ ਦਾ ਪਾਲਣ ਕਾਨੂੰਨ ਦੀ ਤਰ੍ਹਾਂ ਹੀ ਕੀਤਾ ਜਾ ਰਿਹਾ ਹੈ। ਸਾਲਮੰਡ ਇਨ੍ਹਾਂ ਪਰੰਪਰਾਗਤ ਰੂੜ੍ਹੀਆਂ ਨੂੰ ਜਿਨ੍ਹਾਂ ਦਾ ਪਾਲਣ ਵਿਅਕਤੀ ਆਪਣੀ ਇੱਛਾ ਅਨੁਸਾਰ ਕਰਦੇ ਹਨ, ਨੂੰ ਹੀ ਰੂੜ੍ਹੀਵਾਦੀ ਕਾਨੂੰਨ ਕਹਿੰਦਾ ਹੈ।

6. **ਵਿਹਾਰਿਕ ਕਾਨੂੰਨ (practical law)** : ਸਾਲਮੰਡ ਦੇ ਅਨੁਸਾਰ ਵਿਹਾਰਿਕ ਕਾਨੂੰਨ ਦੇ ਅੰਤਰਗਤ ਉਹ ਕਾਨੂੰਨ ਆਉਂਦੇ ਹਨ, ਜਿਨ੍ਹਾਂ ਨੂੰ ਕਿਸੇ ਵਿਹਾਰਿਕ ਉਦੇਸ਼ ਲਈ ਬਣਾਇਆ ਗਿਆ ਹੁੰਦਾ ਹੈ।[19] ਦੂਜੇ ਸ਼ਬਦਾਂ ਵਿਚ ਉਹ ਕਾਨੂੰਨ ਜਿਹੜੇ ਵਿਅਕਤੀ

ਦਾ ਉਦੇਸ਼ ਦੇ ਪ੍ਰਤੀ ਮਾਰਗ-ਦਰਸ਼ਨ ਕਰਦੇ ਹਨ, ਉਨ੍ਹਾਂ ਨੂੰ ਵਿਹਾਰਿਕ ਜਾਂ ਤਕਨੀਕੀ ਕਾਨੂੰਨ ਕਹਿੰਦੇ ਹਨ।

7. **ਅੰਤਰਰਾਸ਼ਟਰੀ ਕਾਨੂੰਨ (international law)** : ਅੰਤਰ-ਰਾਸ਼ਟਰੀ ਕਾਨੂੰਨ ਨੂੰ ਅਠਾਰਵੀਂ ਸਦੀ ਵਿਚ 'ਰਾਸ਼ਟਰਾਂ ਦਾ ਕਾਨੂੰਨ' ਕਿਹਾ ਜਾਂਦਾ ਸੀ ਜਿਸ ਨੂੰ 1780 ਈ. ਵਿਚ ਬੇਨਥਨ ਨੇ ਅੰਤਰ-ਰਾਸ਼ਟਰੀ ਕਾਨੂੰਨ ਦਾ ਨਾਮ ਦੇ ਦਿੱਤਾ। ਇਹ ਕਾਨੂੰਨ ਇਹੋ ਜਿਹੇ ਨਿਯਮਾਂ ਦਾ ਸੰਕਲਨ ਹੁੰਦਾ ਹੈ ਜਿਹੜਾ ਰਾਜਾਂ ਦੇ ਪਰਸਪਰ ਸੰਬੰਧਾਂ ਨੂੰ ਨਿਰਧਾਰਿਤ ਕਰਦਾ ਹੈ। ਇਸ ਲਈ ਹੀ ਰਸਲ (Russel) ਅਨੁਸਾਰ ਅੰਤਰ-ਰਾਸ਼ਟਰੀ ਕਾਨੂੰਨ ਉਨ੍ਹਾਂ ਨਿਯਮਾਂ ਦਾ ਸੰਕਲਨ ਹੈ ਜਿਨ੍ਹਾਂ ਦੇ ਸੰਬੰਧ ਵਿਚ ਰਾਸ਼ਟਰ ਇਕ ਦੂਜੇ ਦੇ ਪ੍ਰਤੀ ਆਪਣੇ ਵਿਵਹਾਰਾਂ ਨੂੰ ਨਿਯੰਤਰਤ ਕਰਨ ਲਈ ਸਹਿਮਤ ਹੁੰਦੇ ਹਨ।[20] ਇਸ ਪ੍ਰਕਾਰ ਹੀ ਸਾਲਮੰਡ ਅੰਤਰ-ਰਾਸ਼ਟਰੀ ਕਾਨੂੰਨ ਅਧੀਨ ਉਨ੍ਹਾਂ ਨਿਯਮਾਂ ਨੂੰ ਰੱਖਦਾ ਹੈ ਜਿਨ੍ਹਾਂ ਅਧੀਨ ਪ੍ਰਭੂਤਾਸ਼ਾਲੀ ਰਾਜ ਇਕ-ਦੂਜੇ ਦੇ ਪ੍ਰਤੀ ਆਪਣੇ ਵਿਵਹਾਰਾਂ ਨੂੰ ਕਾਬੂ ਵਿਚ ਰੱਖਦੇ ਹਨ।[21] ਜੇਕਰ ਕਿਸੇ ਨਵੇਂ ਰਾਜ ਨੂੰ ਦੂਜੇ ਰਾਜਾਂ ਵੱਲੋਂ ਮਾਨਤਾ ਮਿਲ ਜਾਂਦੀ ਹੈ ਤਾਂ ਉਹ ਰਾਜ ਸਹਿਜ ਹੀ ਅੰਤਰ-ਰਾਸ਼ਟਰੀ ਕਾਨੂੰਨ ਦੇ ਘੇਰੇ ਵਿਚ ਆ ਜਾਂਦਾ ਹੈ। ਪ੍ਰੰਤੂ ਸਮੱਸਿਆ ਇਹ ਹੈ ਕਿ ਕਈ ਕਾਨੂੰਨ-ਸ਼ਾਸਤਰੀ ਅੰਤਰ-ਰਾਸ਼ਟਰੀ ਕਾਨੂੰਨ ਨੂੰ 'ਕਾਨੂੰਨ' ਦੇ ਰੂਪ ਵਿਚ ਸਵੀਕਾਰ ਕਰਨ ਤੋਂ ਗੁਰੇਜ ਕਰਦੇ ਹਨ। ਜਿਵੇਂ ਆਸਟਿਨ ਅੰਤਰ-ਰਾਸ਼ਟਰੀ ਕਾਨੂੰਨ ਨੂੰ 'ਸਕਾਰਾਤਮਿਕ ਨੈਤਿਕਤਾ' (positive morality) ਕਹਿੰਦਾ ਹੈ ਕਿਉਂਕਿ ਇਹ ਸਵੈ-ਇੱਛਾ ਉੱਤੇ ਨਿਰਧਾਰਿਤ ਹੁੰਦੀ ਹੈ ਅਤੇ ਹਰੇਕ ਰਾਜ ਪ੍ਰਭੂਤਾਧਾਰੀ ਹੋਣ ਕਰਕੇ ਇਸ ਨੂੰ ਮੰਨਣ ਲਈ ਮਜ਼ਬੂਰ ਨਹੀਂ ਹੁੰਦਾ। ਇਸ ਪ੍ਰਕਾਰ ਹੀ ਲਾਰਡ ਸੈਲਿਸਬਰੀ (Lord Salisbury) ਕਹਿੰਦਾ ਹੈ ਕਿ ਅੰਤਰ-ਰਾਸ਼ਟਰੀ ਕਾਨੂੰਨ ਨੂੰ ਕਾਨੂੰਨ ਕਹਿਣਾ ਭ੍ਰਮਕ ਹੈ ਕਿਉਂਕਿ ਇਸ ਨੂੰ ਕਿਸੇ ਅਦਾਲਤ ਵੱਲੋਂ ਲਾਗੂ ਨਹੀਂ ਕੀਤਾ ਜਾਂਦਾ।[22] ਇਸ ਤਰ੍ਹਾਂ ਹੀ ਹਾਲੈਂਡ ਵੀ ਅੰਤਰ-ਰਾਸ਼ਟਰੀ ਕਾਨੂੰਨ ਨੂੰ ਕਾਨੂੰਨ ਮੰਨਣ ਤੋਂ ਇਨਕਾਰੀ ਹੈ ਕਿਉਂਕਿ ਇਸ ਪਿੱਛੇ ਕੋਈ ਪ੍ਰਭੂਤਾ-ਸ਼ਕਤੀ ਕੰਮ

ਨਹੀਂ ਕਰਦੀ ਅਤੇ ਇਹ ਕੇਵਲ ਨੈਤਿਕ-ਕੋਡ (moral code) ਹੀ ਹਨ। ਉਹ ਕਹਿੰਦਾ ਹੈ:

> *That international law is the vanishing point of jurisprudence since it lacks any arbiter of disputed questions save public opinion, beyond and above the disputant parties themselves, and since, in proportion as it tends to become assimilated to state into a larger society it ceases to government. The realization of the cavities maxima of which theorists have dreamed would thus be not the triumph but the extrication of international law, which can subsist only between states which, on the one hand, sufficiently resemble one another and are enough to krit together by common interests, to be susceptible of a uniform pressure of pulic opinion, which, on the other hand they are not so politically combined as to be controlled by the force of a central authority.*[23]

ਪ੍ਰੰਤੂ ਇਨ੍ਹਾਂ ਤਰਕਾਂ ਦੇ ਬਾਵਜੂਦ ਅੰਤਰ-ਰਾਸ਼ਟਰੀ ਕਾਨੂੰਨ ਦੇ ਵਰਤਮਾਨ ਸਰੂਪ ਨੂੰ ਦੇਖਦੇ ਹੋਏ ਇਸ ਨੂੰ ਕਾਨੂੰਨ ਦੀ ਸੰਗਿਆ ਦਿੱਤੀ ਜਾ ਸਕਦੀ ਹੈ ਕਿਉਂਕਿ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ (General Assembly), ਸੁਰੱਖਿਆ ਪਰਿਸ਼ਦ (Security Council) ਤੇ ਅੰਤਰ-ਰਾਸ਼ਟਰੀ ਅਦਾਲਤ (International Court of Justice) ਦੀ ਅਜੋਕੀ ਕਾਰਜ ਪ੍ਰਣਾਲੀ ਨੂੰ ਦੇਖਦੇ ਹੋਏ ਇਹ ਕਹਿਣਾ ਕਠਿਨ ਹੈ ਕਿ ਇਸ ਕਾਨੂੰਨ ਪਿੱਛੇ ਕੋਈ ਪ੍ਰਭੂਤਾ-ਸ਼ਕਤੀ ਕਾਰਜਸ਼ੀਲ ਨਹੀਂ।

8. **ਨਾਗਰਿਕ ਕਾਨੂੰਨ (civil law)** : ਕਿਸੇ ਦੇਸ਼ ਵਿਚ ਪ੍ਰਚਲਿਤ ਕਾਨੂੰਨ ਉਸ ਦੇਸ਼ ਦਾ ਨਾਗਰਿਕ-ਕਾਨੂੰਨ ਅਖਵਾਉਂਦਾ ਹੈ। ਹਾਲੈਂਡ ਤੇ ਆਸਟਿਨ ਇਸ ਕਾਨੂੰਨ ਨੂੰ ਸਕਾਰਾਤਮਿਕ ਕਾਨੂੰਨ ਕਹਿੰਦੇ ਹਨ ਅਤੇ ਹੋਰ ਕਈ ਵਿਦਵਾਨ ਇਸ ਨੂੰ ਸਥਾਨਕ-ਕਾਨੂੰਨ ਕਹਿੰਦੇ ਹਨ।[24] ਭਾਵੇਂ ਵਿਭਿੰਨ ਕਾਨੂੰਨ-ਸ਼ਾਸਤਰੀ ਇਸ ਦਾ ਅਰਥ ਕੋਈ ਵੀ ਲੈਣ ਪਰ ਇਨ੍ਹਾਂ ਦਾ ਅਰਥ ਉਸ ਕਾਨੂੰਨ ਤੋਂ ਹੀ ਹੁੰਦਾ ਹੈ ਜੋ ਕਿਸੇ ਦੇਸ਼ ਵਿਚ

ਨਿਆਂਪਾਲਿਕਾ ਦੁਆਰਾ ਲਾਗੂ ਹੁੰਦਾ ਹੈ ਅਤੇ ਇਸ ਵਿਚ ਨਿਸ਼ਚਿਤਤਾ, ਇਕਰੂਪਤਾ ਤੇ ਨਿਯੰਤਰਤਾ ਦਾ ਗੁਣ ਹੁੰਦਾ ਹੈ ਜਿਸ ਕਾਰਨ ਇਹ ਸਾਰੇ ਦੇਸ਼ ਵਿਚ ਲਾਗੂ ਹੁੰਦਾ ਹੈ।

**ਹਾਲੈਂਡ ਅਨੁਸਾਰ ਕਾਨੂੰਨ ਦੀ ਵੰਡ** : ਕਾਨੂੰਨ ਦੀ ਦੂਜੀ ਮਹੱਤਵਪੂਰਨ ਵੰਡ ਹਾਲੈਂਡ ਦੀ ਕੀਤੀ ਮਿਲਦੀ ਹੈ ਜਿਸ ਅਨੁਸਾਰ ਕਾਨੂੰਨ ਦੇ ਖੇਤਰ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ।[25] ਪਹਿਲਾ ਉਹ ਕਾਨੂੰਨ ਜਿਹੜੇ ਵਿਅਕਤੀਆਂ ਦੇ ਪਰਸਪਰ ਅਧਿਕਾਰਾਂ ਨੂੰ ਕ੍ਰਮਿਕ ਰੂਪ ਦਿੰਦੇ ਹਨ, ਜਿਨ੍ਹਾਂ ਨੂੰ ਹਾਲੈਂਡ ਨਿੱਜੀ ਕਾਨੂੰਨ (private law) ਕਹਿੰਦਾ ਹੈ। ਦੂਜੇ ਉਹ ਕਾਨੂੰਨ ਜਿਹੜੇ ਵਿਅਕਤੀ ਤੇ ਰਾਜ ਦੇ ਸੰਬਧਾਂ ਨੂੰ ਸਥਿਰ ਰੱਖ ਸਕਦੇ ਹਨ, ਜਿਸ ਨੂੰ ਹਾਲੈਂਡ ਲੋਕ-ਕਾਨੂੰਨ ਕਹਿੰਦਾ ਹੈ ਅਤੇ ਤੀਸਰੇ ਅਧੀਨ ਅੰਤਰ-ਰਾਸ਼ਟਰੀ ਕਾਨੂੰਨ ਆਉਂਦੇ ਹਨ ਜਿਨ੍ਹਾਂ ਅਧੀਨ ਵਿਭਿੰਨ ਰਾਜ ਪਰਸਪਰ ਸੰਬੰਧ ਕਾਇਮ ਰੱਖਦੇ ਹਨ। ਭਾਵੇਂ ਹਾਲੈਂਡ ਅੰਤਰ-ਰਾਸ਼ਟਰੀ ਕਾਨੂੰਨ ਨੂੰ 'ਕਾਨੂੰਨ' ਦੀ ਸੰਗਿਆ ਦੇਣਾ ਉਚਿਤ ਨਹੀਂ ਸਮਝਦਾ ਪ੍ਰੰਤੂ ਇਹ ਕਾਨੂੰਨ ਨਿੱਜੀ-ਕਾਨੂੰਨ ਤੇ ਲੋਕ ਕਾਨੂੰਨ ਨਾਲ ਸੰਬੰਧ ਰੱਖਦਾ ਹੈ ਇਸ ਲਈ ਉਹ ਅੰਤਰ-ਰਾਸ਼ਟਰੀ ਕਾਨੂੰਨ ਨੂੰ ਉਦਾਰਤਾਵਸ ਹੀ ਕਾਨੂੰਨ ਦੀ ਸੰਗਿਆ ਦਿੰਦਾ ਹੈ। ਹਾਲੈਂਡ ਦੀ ਇਹ ਵੰਡ ਕਾਨੂੰਨ ਦੇ ਪ੍ਰਕਾਰਜ ਦੇ ਅਧਾਰ 'ਤੇ ਕੀਤੀ ਗਈ ਹੈ, ਜਿਸ ਨੂੰ ਹਾਲੈਂਡ ਹੇਠ ਲਿਖੇ ਵਰਗਾਂ ਵਿਚ ਰੱਖਦੇ ਦੇਖਦਾ ਹੈ[26]:-

1) *ਵਾਸਤਵਿਕ ਅਤੇ ਪ੍ਰਕਿਰਿਆਤਮਿਕ ਕਾਨੂੰਨ*

   *(substantive and procedural law)*

2) *ਵਿਅਕਤੀਗਤ ਕਾਨੂੰਨ, ਲੋਕ-ਕਾਨੂੰਨ ਅਤੇ ਅੰਤਰ-ਰਾਸ਼ਟਰੀ ਕਾਨੂੰਨ*

3) *ਸਾਧਾਰਨ ਅਤੇ ਵਿਸ਼ੇਸ਼ ਕਾਨੂੰਨ*

4) *in Rem ਅਤੇ in Personam ਕਾਨੂੰਨ*

*5) ਪੂਰਵਵਰਤੀ ਕਾਨੂੰਨ ਅਤੇ ਸਾਧਕ (remedial) ਕਾਨੂੰਨ (antecedent and remedial)*[15]

ਹਾਲੈਂਡ ਦੇ ਅਨੁਸਾਰ ਵਾਸਤਵਿਕ ਕਾਨੂੰਨ ਵਿਭਿੰਨ ਅਧਿਕਾਰਾਂ ਨੂੰ ਪਰਿਭਾਸ਼ਤ ਕਰਦਾ ਹੈ ਜਦਕਿ ਕਿਰਿਆਤਮਿਕ ਕਾਨੂੰਨ ਇਨ੍ਹਾਂ ਅਧਿਕਾਰਾਂ ਨੂੰ ਪੂਰੇ ਕਰਨ ਹਿੱਤ ਅਪਣਾਈ ਜਾਣ ਵਾਲੀ ਪ੍ਰਕਿਰਿਆ ਦਾ ਵਰਨਣ ਕਰਦਾ ਹੈ। ਦੂਜੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਵਾਸਤਵਿਕ ਕਾਨੂੰਨ ਦਾ ਸੰਬੰਧ ਨਿਆਇ-ਪ੍ਰਸ਼ਾਸਨ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨਾ ਹੁੰਦਾ ਹੈ ਜਦਕਿ ਕਿਰਿਆਤਮਿਕ ਕਾਨੂੰਨ ਇਨ੍ਹਾਂ ਉਦੇਸ਼ਾਂ ਨੂੰ ਪੂਰੇ ਕਰਨ ਹਿੱਤ ਸਾਧਨ ਦੇ ਰੂਪ ਵਿਚ ਅਪਣਾਈ ਜਾਣ ਵਾਲੀ ਪ੍ਰਕਿਰਿਆ ਨਾਲ ਸੰਬੰਧ ਰੱਖਦਾ ਹੈ। ਇਸ ਪ੍ਰਕਰ ਦੀ ਹਾਲੈਂਡ Law in Rem ਅਤੇ Law in Personam ਵਿਚ ਅੰਤਰ ਕਰਦਾ ਹੋਇਆ ਲਿਖਦਾ ਹੈ ਕਿ in- Rem ਕਾਨੂੰਨ ਉਨ੍ਹਾਂ ਸਰਵ-ਜਨਕ ਅਧਿਕਾਰਾਂ ਦੇ ਪਰਿਵਰਤਨ ਨਾਲ ਸੰਬੰਧਿਤ ਹੈ ਜਿਹੜੇ ਵਿਅਕਤੀ ਨੂੰ ਜਨ-ਸਧਾਰਨ ਦੇ ਵਿਰੁੱਧ ਪ੍ਰਾਪਤ ਹੁੰਦੇ ਹਨ। ਜਦਕਿ Law in Personam ਦਾ ਸੰਬੰਧ ਇਹੋ ਜਿਹੇ ਵਿਅਕਤੀਗਤ ਅਧਿਕਾਰਾਂ ਦੇ ਪਰਿਵਰਤਨ ਨਾਲ ਸੰਬੰਧਿਤ ਹੈ ਜੋ ਵਿਅਕਤੀ ਨੂੰ ਕਿਸੇ ਵਿਅਕਤੀ ਜਾਂ ਵਿਸ਼ੇਸ਼-ਵਿਅਕਤੀ ਦੇ ਵਿਰੁੱਧ ਪ੍ਰਾਪਤ ਹੁੰਦੇ ਹਨ ਜਿਵੇਂ ਵਿਰਾਸਤ ਜਾਂ ਉਤਰਾਧਿਕਾਰ ਆਦਿ rem ਨਾਲ ਸੰਬੰਧਿਤ ਹਨ ਜਦਕਿ ਭਾਗੀਦਾਰੀ ਦਾ ਕਾਨੂੰਨ ਵਿਅਕਤੀਗਤ ਕਾਨੂੰਨ ਨਾਲ ਸੰਬੰਧਿਤ ਹੈ।

ਇਸ ਤਰ੍ਹਾਂ ਹੀ ਹਾਲੈਂਡ ਅਨੁਸਾਰ ਪੂਰਵਵਰਤੀ ਕਾਨੂੰਨ (antecedent law) ਦਾ ਸੰਬੰਧ ਇਹੋ ਜਿਹੇ specific enforcement ਨਾਲ ਹੈ ਜੋ ਰਸਮੀ ਕਾਨੂੰਨ ਦੇ ਬਿਨਾਂ ਵੀ ਸੰਭਵ ਹੋਵੇ। ਇਸ ਦੇ ਉਲਟ ਰਸਮੀ ਕਾਨੂੰਨ ਵਿਚ ਵਿਅਕਤੀ ਦੇ ਕਿਸੇ ਅਧਿਕਾਰ ਦਾ ਉਲੰਘਣ ਜਾਂ ਹਨਨ ਹੋਣ ਦੀ ਦਸ਼ਾ ਵਿਚ ਉਪਲਬਧ ਤਰੀਕਿਆਂ ਦਾ ਵਰਨਣ ਹੁੰਦਾ ਹੈ।

**ਆਸਟਿਨ ਅਨੁਸਾਰ ਕਾਨੂੰਨ ਦੀ ਵੰਡ** : ਆਸਟਿਨ ਨੇ ਕਾਨੂੰਨ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਹੈ:–

*1) ਦੈਵੀ ਕਾਨੂੰਨ (Divine law)*

*2) ਮਨੁੱਖੀ ਕਾਨੂੰਨ (Human Law)*

*3) ਨਿਸ਼ਚਿਤ ਨੈਤਿਕਤਾ ਜਿਸ ਨੂੰ ਪ੍ਰਤੀਕਾਤਮਿਕ ਤਰੀਕੇ ਨਾਲ ਕਾਨੂੰਨ ਕਿਹਾ ਜਾਂਦਾ ਹੈ (law figuratively so called)*

*4) ਉਹ ਕਾਨੂੰਨ ਜਿਸਨੂੰ ਆਲੰਕਾਰਿਕ ਤਰੀਕੇ ਨਾਲ ਕਾਨੂੰਨ ਦੀ ਸੰਗਿਆ ਦਿੱਤੀ ਜਾਂਦੀ ਹੈ*[27]

ਇਸ ਪ੍ਰਕਾਰ ਵਿਭਿੰਨ ਵਿਦਵਾਨਾਂ ਨੇ ਵਿਭਿੰਨ ਆਧਾਰਾਂ 'ਤੇ ਕਾਨੂੰਨ ਦੀ ਵੰਡ ਕੀਤੀ ਹੈ। ਪ੍ਰੰਤੂ ਇਸ ਤੋਂ ਬਿਨਾਂ ਵੀ ਕਾਨੂੰਨ ਦੀ ਵੰਡ ਨੂੰ ਸਾਧਾਰਨ ਤੌਰ 'ਤੇ ਦੋ ਰੂਪਾਂ ਵਿਚ ਵਿਭਾਜਤ ਕੀਤਾ ਜਾ ਸਕਦਾ ਹੈ। ਪਹਿਲੇ ਵਿਚ ਅੰਤਰ-ਰਾਸ਼ਟਰੀ ਕਾਨੂੰਨ ਨੂੰ ਰੱਖਿਆ ਜਾ ਸਕਦਾ ਹੈ ਅਤੇ ਦੂਜੇ ਰੂਪ ਅਧੀਨ ਰਾਸ਼ਟਰੀ ਕਾਨੂੰਨ ਨੂੰ ਸਮਝਿਆ ਜਾ ਸਕਦਾ ਹੈ।

**ਅੰਤਰ-ਰਾਸ਼ਟਰੀ ਕਾਨੂੰਨ** : ਅੰਤਰ-ਰਾਸ਼ਟਰੀ ਕਾਨੂੰਨ ਨਿਯਮਾਂ ਦੇ ਉਹ ਸਮੂਹ ਹਨ ਜੋ ਕਿ ਨਾ ਸਿਰਫ਼ ਰਾਸ਼ਟਰਾਂ (ਰਾਜਾਂ) ਦੇ ਸੰਬੰਧਾਂ ਨੂੰ ਹੀ ਵਿਵਸਥਤ ਕਰਦੇ ਹਨ ਬਲਕਿ ਵਿਅਕਤੀਆਂ ਅਤੇ ਰਾਸ਼ਟਰਾਂ ਦੇ ਸੰਬੰਧਾਂ ਨੂੰ ਵੀ ਵਿਵਸਥਤ ਕਰਦੇ ਹਨ। ਇਸ ਪ੍ਰਕਾਰ ਦੇ ਕਾਨੂੰਨ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਵੀ ਵੱਖ-ਵੱਖ ਹਨ। ਆਸਟਿਨ ਅੰਤਰ-ਰਾਸ਼ਟਰੀ ਕਾਨੂੰਨ ਨੂੰ ਕਾਨੂੰਨ ਹੀ ਸਵੀਕਾਰ ਨਹੀਂ ਕਰਦਾ ਕਿਉਂਕਿ ਇਸ ਪਿੱਛੇ ਦੰਡਕ ਬੰਦਸ਼ ਨਹੀਂ ਹੁੰਦੀ। ਕੈਲਸਰ ਅੰਤਰ-ਰਾਸ਼ਟਰੀ ਕਾਨੂੰਨ ਦਾ ਮਜ਼ਬੂਤ ਰਮਾਇਤੀ ਹੈ। ਪ੍ਰੰਤੂ ਇਨ੍ਹਾਂ ਵਿਵਾਦਾਂ ਤੋਂ ਪਰ੍ਹੇ ਵਰਤਮਾਨ ਕਾਲ ਵਿਚ ਇਸ ਨੁਕਤੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਅੰਤਰ-ਰਾਸ਼ਟਰੀ ਕਾਨੂੰਨ ਵਿਭਿੰਨ ਰਾਸ਼ਟਰਾਂ ਦੀ ਹੋਂਦ ਤੇ ਸਹਿ-ਹੋਂਦ ਦੀ ਨੀਤੀ ਲਈ ਬਹੁਤ ਜ਼ਰੂਰੀ ਹੈ।

ਇਹ ਕਾਨੂੰਨ ਅੱਗੋਂ ਦੋ ਭਾਗਾਂ ਜਨਕ ਅੰਤਰ-ਰਾਸ਼ਟਰੀ ਕਾਨੂੰਨ (Public International Law) ਅਤੇ ਨਿੱਜੀ ਅੰਤਰ-ਰਾਸ਼ਟਰੀ ਕਾਨੂੰਨ (Private International Law) ਵਿਚ ਵੰਡਿਆ ਜਾ ਸਕਦਾ ਹੈ। ਜਨਤਕ ਅੰਤਰ-ਰਾਸ਼ਟਰੀ ਕਾਨੂੰਨ ਨਿਯਮਾਂ ਦਾ ਉਹ ਸਮੂਹ ਹੈ ਜਿਹੜਾ ਰਾਸ਼ਟਰਾਂ ਵਿਚਕਾਰ ਵਿਹਾਰ ਤੇ ਸੰਬੰਧਾਂ ਨੂੰ ਵਿਵਸਥਤ ਕਰਦਾ ਹੈ। ਅਸਲ ਵਿਚ ਇਨ੍ਹਾਂ ਨਿਯਮਾਂ ਨੂੰ ਹੀ ਅੰਤਰ-ਰਾਸ਼ਟਰੀ ਕਾਨੂੰਨ ਦੀ ਸੰਗਿਆ ਦਿੱਤੀ ਜਾਂਦੀ ਹੈ। ਇਸ ਦੇ ਨਾਲ ਨਿੱਜੀ ਅੰਤਰ-ਰਾਸ਼ਟਰੀ ਕਾਨੂੰਨ ਤੋਂ ਭਾਵ ਉਹਨਾਂ ਨਿਯਮਾਂ ਜਾਂ ਸਿਧਾਂਤਾਂ ਤੋਂ ਹੈ ਜਿਨ੍ਹਾਂ ਰਾਹੀਂ ਵੱਖੋ ਵੱਖਰੇ ਮਾਮਲਿਆਂ ਵਿਚ ਵਿਦੇਸ਼ੀ ਅੰਸ਼ ਦਾ ਫੈਸਲਾ ਕੀਤਾ ਜਾਂਦਾ ਹੈ। ਜਿਵੇਂ ਜੇਕਰ ਇਕ ਭਾਰਤੀ ਤੇ ਬੰਗਲਾਦੇਸ਼ੀ ਵਿਚਕਾਰ ਕੋਈ ਮੁਆਇਦਾ ਹੁੰਦਾ ਹੈ ਜੋ ਕਿ ਪਾਕਿਸਤਾਨ ਵਿਚ ਨਿਭਾਉਣਾ ਤੈਹ ਹੋਇਆ ਹੈ, ਇਸ ਵਿਚ ਜਿਨ੍ਹਾਂ ਨਿਯਮਾਂ ਅਤੇ ਸਿਧਾਂਤਾਂ ਰਾਹੀਂ ਦੋਹਾਂ ਪੱਖਾਂ ਦੇ ਅਧਿਕਾਰ ਤੇ ਜ਼ਿੰਮੇਵਾਰੀ ਨਿਸ਼ਚਿਤ ਹੋਵੇਗੀ, ਉਨ੍ਹਾਂ ਨੂੰ ਨਿੱਜੀ ਅੰਤਰ-ਰਾਸ਼ਟਰੀ ਕਾਨੂੰਨ ਕਿਹਾ ਜਾਂਦਾ ਹੈ। ਕੁੱਝ ਵਿਦਵਾਨ ਅਜਿਹੇ ਕਾਨੂੰਨ ਨੂੰ ਅੰਤਰ-ਰਾਸ਼ਟਰੀ ਕਾਨੂੰਨ ਮੰਨਣ ਵਿਚ ਸੰਕੋਚ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਵਿਚ ਰਾਸ਼ਟਰਾਂ ਦੀ ਬਜਾਇ ਵਿਅਕਤੀ ਸ਼ਾਮਿਲ ਹੁੰਦੇ ਹਨ ਤੇ ਇਨ੍ਹਾਂ ਦੇ ਨਿਯਮਾਂ ਵਿਚ ਇਕਸਾਰਤਾ ਨਹੀਂ ਹੁੰਦੀ। ਇਸ ਦੇ ਨਾਲ ਹੀ ਸਥਾਨਕ ਅਦਾਲਤਾਂ (ਜਿਸ ਦੇਸ਼ ਵਿਚ ਮੁਕੱਦਮਾ ਚੱਲਦਾ ਹੈ) ਸਥਾਨਕ ਕਾਨੂੰਨਾਂ ਅਨੁਸਾਰ ਹੀ ਫੈਸਲਾ ਕਰਦੀਆਂ ਹਨ। ਇਸ ਲਈ ਕਈ ਵਿਦਵਾਨ ਇਸ ਪ੍ਰਕਾਰ ਦੇ ਕਾਨੂੰਨ ਨੂੰ ਅੰਤਰ-ਰਾਸ਼ਟਰੀ ਕਾਨੂੰਨ ਦੀ ਸੰਗਿਆ ਦੇਣ ਤੋਂ ਗੁਰੇਜ ਕਰਦੇ ਹਨ।

**ਰਾਸ਼ਟਰੀ ਕਾਨੂੰਨ** : ਰਾਸ਼ਟਰੀ ਕਾਨੂੰਨ, ਜਿਵੇਂ ਨਾਮ ਤੋਂ ਸਪੱਸ਼ਟ ਹੈ, ਰਾਸ਼ਟਰਾਂ ਦੇ ਅੰਦਰ ਹੀ ਲਾਗੂ ਹੁੰਦਾ ਹੈ, ਜਿਸ ਨੂੰ ਅੱਗੋਂ ਦੋ ਭਾਗਾਂ ਪਬਲਿਕ ਕਾਨੂੰਨ (Public Law) ਤੇ ਨਿੱਜੀ ਕਾਨੂੰਨ (Private Law) ਵਿਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਵਿਚੋਂ ਪਬਲਿਕ ਕਾਨੂੰਨ ਰਾਹੀਂ ਹੀ ਰਾਜ ਦੇ ਵਧੇਰੇ ਕਾਰਜ ਵਿਵਸਥਤ ਹੁੰਦੇ ਹਨ ਅਤੇ

ਇਨ੍ਹਾਂ ਦੁਆਰਾ ਹੀ ਰਾਜ ਦੀਆਂ ਵਿਭਿੰਨ ਸੰਸਥਾਵਾਂ ਦੇ ਕਾਰਜ ਅਤੇ ਰਾਜ ਤੇ ਵਿਅਕਤੀਆਂ ਦੇ ਸੰਬੰਧ ਨਿਸ਼ਚਿਤ ਹੁੰਦੇ ਹਨ। ਪਬਲਿਕ ਕਾਨੂੰਨ ਦੇ ਵਿਭਿੰਨ ਰੂਪ ਜਿਵੇਂ *ਸੰਵਿਧਾਨਕ ਕਾਨੂੰਨ (Constitutional Law)* ਰਾਜ ਦੇ ਰੂਪ ਤੇ ਬਣਤਰ ਨੂੰ ਨਿਰਧਾਰਤ ਕਰਦਾ ਹੈ, *ਪ੍ਰਸ਼ਾਸਨਿਕ ਕਾਨੂੰਨ (Administrative Law)* ਪ੍ਰਸ਼ਾਸਨ ਦੇ ਅੰਗਾਂ ਦੀ ਬਣਤਰ, ਸ਼ਕਤੀਆਂ ਤੇ ਕਾਰਜਾਂ, ਪ੍ਰਸ਼ਾਸਨ ਦੀਆਂ ਸ਼ਕਤੀਆਂ ਤੇ ਪ੍ਰਤੀਬੰਧ ਲਾਉਣ ਅਤੇ ਪ੍ਰਸ਼ਾਸਨ ਦੀਆਂ ਸ਼ਕਤੀਆਂ ਤੇ ਕਾਰਜਾਂ ਸੰਬੰਧੀ ਢੰਗ/ਤਰੀਕਿਆਂ ਅਤੇ ਉਨ੍ਹਾਂ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਾ ਹੈ ਅਤੇ *ਫ਼ੌਜਦਾਰੀ/ਅਪਰਾਧਕ ਕਾਨੂੰਨ (Criminal Law)* ਵਿਅਕਤੀਗਤ ਤੇ ਸਮਾਜਕ ਅਪਰਾਧ ਨੂੰ ਪਰਿਭਾਸ਼ਤ ਕਰਦਾ ਅਤੇ ਸਜ਼ਾ ਨਿਸ਼ਚਿਤ ਕਰਦਾ, ਸ਼ਾਂਤੀ ਬਣਾਈ ਰੱਖਣ ਦਾ ਕਾਰਜ ਕਰਦਾ ਹੈ।

ਰਾਸ਼ਟਰੀ ਕਾਨੂੰਨ ਦਾ ਦੂਜਾ ਰੂਪ ਨਿੱਜੀ ਕਾਨੂੰਨ ਵਜੋਂ ਜਾਣਿਆ ਜਾ ਸਕਦਾ ਹੈ। ਕਾਨੂੰਨ ਦੀ ਇਹ ਸ਼ਾਖ਼ਾ ਨਾਗਰਿਕਾਂ ਦੇ ਆਪਸੀ ਸੰਬੰਧਾਂ ਨੂੰ ਨਿਰਧਾਰਤ ਅਤੇ ਨਿਯੰਤਰਨ ਕਰਦੀ ਹੈ। ਇਸ ਕਾਨੂੰਨ ਵਿਚ ਨਿੱਜੀ ਵਿਅਕਤੀ ਹੀ ਧਿਰਾਂ ਹੁੰਦੇ ਹਨ ਅਤੇ ਰਾਜ ਆਪਣੀ ਨਿਆਇਕ ਸੰਸਥਾਵਾਂ ਦੁਆਰਾ ਉਨ੍ਹਾਂ ਵਿਚ ਆਪਸੀ ਮਸਲਿਆਂ ਦਾ ਨਿਪਟਾਰਾ ਕਰਦੇ ਹਨ। ਇਸ ਤਰ੍ਹਾਂ ਦੇ ਕਾਨੂੰਨ ਦਾ ਵਰਗੀਕਰਨ ਕਰਨਾ ਮੁਸ਼ਕਿਲ ਹੈ ਪ੍ਰੰਤੂ ਫਿਰ ਵੀ ਇਸ ਵਿਚ ਵਿਅਕਤੀਆਂ ਦਾ ਕਾਨੂੰਨ (Law of Persons), ਜਾਇਦਾਦ ਦਾ ਕਾਨੂੰਨ (Law of Property), ਕਾਨੂੰਨ ਦਾ ਆਪਸੀ ਵਿਰੋਧ (Conflit of Law) ਅਤੇ ਫ਼ਰਜ ਦਾ ਕਾਨੂੰਨ (Law of Obligation) ਸ਼ਾਮਿਲ ਹੁੰਦੇ ਹਨ। ਕਾਨੂੰਨਾਂ ਦੀ ਵੰਡ ਨੂੰ ਇਸ ਪ੍ਰਕਾਰ ਵੇਖਿਆ ਜਾ ਸਕਦਾ ਹੈ:




ਇਸ ਪ੍ਰਕਾਰ ਕਾਨੂੰਨ ਦੀ ਵੰਡ ਵਿਭਿੰਨ ਆਧਾਰਾਂ ਉੱਤੇ ਵਿਭਿੰਨ ਪ੍ਰਕਾਰ ਨਾਲ ਕੀਤੀ ਜਾ ਸਕਦੀ ਹੈ ਅਤੇ ਕੀਤੀ ਜਾਂਦੀ ਹੈ। ਪ੍ਰੰਤੂ ਇਸ ਸੰਦਰਭ ਵਿਚ ਮੁੱਖ ਨੁਕਤਾ ਕਾਨੂੰਨ ਦੇ ਉਦੇਸ਼ ਦਾ ਹੈ, ਜਿਸ ਦਾ ਅਰਥ ਮਨੁੱਖੀ-ਹਿੱਤਾਂ ਦੀ ਰੱਖਿਆ ਕਰਨਾ ਹੈ। ਡੇਵਿਸ ਇਸ ਲਈ ਹੀ ਕਾਨੂੰਨ ਦੇ ਤਿੰਨ ਲੋਕ-ਹਿੱਤ, ਸਮਾਜਕ-ਹਿੱਤ ਤੇ ਨਿੱਜੀ-ਹਿੱਤ ਉਦੇਸ਼ਾਂ ਨੂੰ ਨਿਰਧਾਰਿਤ ਕਰਦਾ ਹੈ। ਇੱਥੇ ਇਹ ਸਪੱਸ਼ਟ ਕਰ ਦੇਣਾ ਵੀ ਉਚਿੱਤ ਹੈ ਕਿ ਕਾਨੂੰਨ ਆਪਣੇ ਆਪ ਵਿਚ ਕੋਈ ਉਦੇਸ਼ ਨਹੀਂ ਸਗੋਂ ਉਦੇਸ਼ ਪ੍ਰਾਪਤੀ ਦਾ ਮਾਧਿਅਮ ਹੈ, ਜਿਸ ਦਾ ਅੰਤਿਮ ਉਦੇਸ਼ ਸਮਾਜ ਵਿਚ ਨਿਆਂਸ਼ੀਲਤਾ ਨੂੰ ਬਣਾਈ ਰੱਖਣਾ ਹੈ। ਇਸ ਲਈ ਸਾਲਮੰਡ ਕਾਨੂੰਨ ਨੂੰ ਰਾਜ ਦੁਆਰਾ ਸਥਾਪਿਤ ਅਜਿਹੇ ਸਿਧਾਂਤਾਂ ਦਾ ਸਮੂਹ ਦੱਸਦਾ ਹੈ ਜੋ ਸਮਾਜ ਵਿਚ ਨਿਆਂਸ਼ੀਲਤਾ ਨੂੰ ਬਣਾਈ ਰੱਖਣ ਵਿਚ ਸਹਾਈ ਹੁੰਦੇ ਹਨ।[28] ਇਸ ਲਈ ਸਮਾਜਕ ਨਿਆਂ, ਸਮਾਜਕ ਸੁਰੱਖਿਆ ਤੇ ਵਿਅਕਤੀਆਂ ਦੇ ਆਪਸੀ ਹਿੱਤਾਂ ਦੇ ਟਕਰਾਵਾਂ ਦੀ ਸਥਿਤੀ ਨੂੰ ਕਾਟਦੇ ਹੋਏ ਸਮਾਜਕ ਸੰਗਠਨ ਨੂੰ ਬਣਾਈ ਰੱਖਣਾ ਹੀ ਇਸ ਦਾ ਪ੍ਰਮੁੱਖ ਉਦੇਸ਼ ਹੈ। ਇਸ ਦੀ

ਉਤਪਤੀ ਦੇ ਵਿਭਿੰਨ ਸ੍ਰੋਤ ਹਨ, ਜਿਨ੍ਹਾਂ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਨਿਰਧਾਰਿਤ ਕੀਤਾ ਗਿਆ ਹੈ।

**ਕਾਨੂੰਨ ਦੇ ਸ੍ਰੋਤ (Source of Law) :**

ਸਾਧਾਰਨ ਅਰਥਾਂ ਵਿਚ ਸ੍ਰੋਤ (Source) ਸ਼ਬਦ ਦਾ ਅਰਥ ਆਰੰਭ ਜਾਂ ਉਤਪੰਨ ਹੋਣ ਤੋਂ ਹੈ, ਪਰ ਕਾਨੂੰਨ ਦੇ ਸੰਦਰਭ ਵਿਚ ਇਸ ਸ੍ਰੋਤ ਸ਼ਬਦ ਦੀ ਕੋਈ ਨਿਸ਼ਚਿਤ ਵਿਆਖਿਆ ਕਰਨੀ ਮੁਸ਼ਕਿਲ ਹੈ। ਇਸ ਪ੍ਰਸੰਗ ਵਿਚ ਜੇਕਰ ਕਿਸੇ ਨਿਆਂ-ਕਰਤਾ ਤੋਂ ਉਸ ਦੁਆਰਾ ਕੀਤੇ ਫ਼ੈਸਲੇ ਦੇ ਸ੍ਰੋਤਾਂ ਬਾਰੇ ਪੁੱਛਿਆ ਜਾਵੇ ਤਾਂ ਨਿਰਸੰਦੇਹ ਉਹ ਕਿਸੇ ਕਾਨੂੰਨ, ਪੂਰਵ-ਨਿਸ਼ਚਿਤ ਜਾਂ ਕਿਸੇ ਹੋਰ ਸੰਬੰਧਤ ਵਿਵਸਥਾ ਦਾ ਹਵਾਲਾ ਦੇਵੇਗਾ ਜਿਸ ਦੇ ਆਧਾਰ 'ਤੇ ਉਸ ਨੇ ਫ਼ੈਸਲਾ ਕੀਤਾ ਹੈ। ਇਸ ਪ੍ਰਸੰਗ ਵਿਚ ਵਿਅਕਤੀਗਤ ਵਿਵੇਕ ਸ਼ਕਤੀ, ਬੁੱਧੀ ਤੇ ਪ੍ਰਚਲਿਤ ਧਾਰਨਾਵਾਂ ਆਦਿ ਵੀ 'ਸ੍ਰੋਤ' ਦਾ ਆਧਾਰ ਹੋ ਸਕਦੀਆਂ ਹਨ ਅਤੇ ਉਹ ਵਿਅਕਤੀ (ਜਿਸ ਨੂੰ ਆਪਣੇ ਕੀਤੇ ਫੈਸਲੇ ਦੇ ਸ੍ਰੋਤ ਬਾਰੇ ਪੁੱਛਿਆ ਜਾਂਦਾ ਹੈ) ਆਪਣੇ ਫੈਸਲੇ ਦੇ ਸ੍ਰੋਤ ਦੇ ਰੂਪ ਵਿਚ ਰੋਮਨ ਕਾਨੂੰਨ ਦੀ ਜਸਟੀਨਿਅਨ ਦੁਆਰਾ ਰਚਿਤ 'ਡਾਈਜੇਸਟ' ਜਾਂ ਬ੍ਰਿਟੇਨ ਦੇ ਹਾਉਸ ਔਫ਼ ਲਾਡਰਸ ਦੇ ਕਿਸੇ ਫੈਸਲੇ ਜਾਂ ਅਮਰੀਕਾ ਦੇ ਸੁਪਰੀਮ ਕੋਰਟ ਦੇ ਕਿਸੇ ਫੈਸਲੇ ਦਾ ਉਦਾਹਰਨ ਜਾਂ ਕਿਸੇ ਭਾਰਤੀ ਕਾਨੂੰਨ-ਸ਼ਾਸਤਰ ਆਦਿ ਦਾ ਹਵਾਲਾ ਵੀ ਦੇ ਸਕਦਾ ਹੈ। ਇਸ ਸੰਦਰਭ ਵਿਚ *ਨਿਆਂ-ਕਰਤਾ ਦੇ ਫਸਲੇ ਦੀ ਆਧਾਰਸ਼ੀਲਾ ਕਾਨੂੰਨ-ਸਾਮੱਗਰੀ ਹੀ ਕਿਸੇ ਰਾਜਨੀਤਕ ਧਾਰਨਾ ਜਾਂ ਸ਼ਾਸ਼ਨ ਨੀਤੀ 'ਤੇ ਆਧਾਰਿਤ ਹੋ ਸਕਦੀ ਹੈ ਜੋ ਉਸ ਕਾਨੂੰਨ ਦਾ ਸ੍ਰੋਤ ਕਹੀ ਜਾ ਸਕਦੀ ਹੈ।*[29] *ਇਸ ਦੇ ਬਾਵਜੂਦ ਇਹ ਕਹਿਣਾ ਠੀਕ ਹੈ ਕਿ ਕਾਨੂੰਨ ਦਾ ਇਕ ਸ੍ਰੋਤ ਕਿਹੜਾ ਹੋ ਸਕਦਾ ਹੈ।*

> *The first factor is that different authorities have given different meaning to the expression 'source of law' and second factor is that different school of*

*jurisprudence have given importance to some particular source of law while relegating the other source to the background.*[30]

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਕਾਨੂੰਨ ਦੇ ਸੰਦਰਭ ਵਿਚ 'ਸ੍ਰੋਤ' ਸ਼ਬਦ ਦਾ ਪ੍ਰਯੋਗ ਸਰਲ ਤੇ ਸਪੱਸ਼ਟ ਨਹੀਂ ਹੈ। ਇਸ ਲਈ ਹੀ ਡੇਲ (Del Vecchio) *ਕਾਨੂੰਨ ਦੇ ਸ੍ਰੋਤ ਦਾ ਮੂਲ ਆਧਾਰ ਮਾਨਵੀ ਸੁਭਾਅ ਵਿਚ ਨਿਹਿਤ ਕਰਦਾ ਹੈ।*[31] ਪ੍ਰੰਤੂ ਇਸ ਦੇ ਬਾਵਜੂਦ ਵੀ ਅਸੀਂ ਕਾਨੂੰਨ ਦੇ ਸੰਦਰਭ ਵਿਚ 'ਸ੍ਰੋਤ' ਦੇ ਅਰਥਾਂ ਨੂੰ ਅਦਾਲਤ ਦੇ ਫੈਸਲਿਆਂ ਦੇ ਲਈ ਜ਼ਰੂਰੀ ਸਮੱਗਰੀ ਇਕੱਠਾ ਕਰਨ ਤੱਕ ਹੀ ਸੀਮਿਤ ਰੱਖ ਸਕਦੇ ਹਾਂ ਕਿਉਂਕਿ ਅਦਾਲਤਾਂ ਦਾ ਮੁਖ ਕਾਰਜ ਕਾਨੂੰਨ ਦੀ ਵਿਆਖਿਆ ਕਰਨਾ ਅਤੇ ਉਸਨੂੰ ਉਚਿਤ ਰੂਪ ਵਿਚ ਲਾਗੂ ਕਰਨਾ ਹੈ। ਫਿਰ ਵੀ ਕਾਨੂੰਨ ਦੇ ਸ੍ਰੋਤਾਂ ਦੇ ਸੰਦਰਭ ਵਿਚ ਸਰਵਪ੍ਰਥਮ ਪ੍ਰਸ਼ਨ ਇਹ ਉਠਦਾ ਹੈ ਕਿ ਕਾਨੂੰਨ ਨਿਰਮਾਤਾ ਆਪਣੇ ਫੈਸਲੇ ਦੇ ਲਈ ਸਮੱਗਰੀ ਇਕੱਠੀ ਕਿਥੋਂ ਕਰਦੇ ਹਨ? ਇਸ ਪ੍ਰਸ਼ਨ ਨਾਲ ਵਿਭਿੰਨ ਵਿਦਵਾਨ ਆਪਣੇ-ਆਪਣੇ ਦ੍ਰਿਸ਼ਟੀਕੋਣ ਨਾਲ ਨਜਿੱਠਦੇ ਹਨ, ਜਿਨ੍ਹਾਂ ਵਿਚ ਸਾਲਮੰਡ, ਆਸਟਿਨ, ਹਾਲੈਂਡ ਆਦਿ ਪ੍ਰਮੁੱਖ ਹਨ:

**ਕਾਨੂੰਨ ਦੇ ਸ੍ਰੋਤਾਂ ਦੇ ਵਿਸ਼ੇ ਵਿਚ ਸਾਲਮੰਡ ਦੇ ਵਿਚਾਰ :**

ਸਾਲਮੰਡ ਨੇ ਕਾਨੂੰਨ ਦੇ ਸ੍ਰੋਤਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ[32]–*ਇਕ ਰਸਮੀ ਸ੍ਰੋਤ (Formal Sources) ਅਤੇ ਦੂਜਾ ਭੌਤਿਕ ਸ੍ਰੋਤ (Material Sources)। ਭੌਤਿਕ ਸ੍ਰੋਤਾਂ ਨੂੰ ਵੀ ਅੱਗੇ ਦੋ ਭਾਗਾਂ ਵਿਚ ਵਿਭਾਜਤ ਕੀਤਾ ਗਿਆ ਹੈ–(1) ਇਤਿਹਾਸਿਕ ਸ੍ਰੋਤ (2) ਕਾਨੂੰਨੀ ਸ੍ਰੋਤ।* ਕਾਨੂੰਨੀ ਸ੍ਰੋਤ ਚਾਰ ਪ੍ਰਕਾਰ ਦੇ ਹੁੰਦੇ ਹਨ, ਜਿਨ੍ਹਾਂ ਨੂੰ ਸਾਲਮੰਡ ਹੇਠ ਲਿਖੇ ਅਨੁਸਾਰ ਵਿਭਾਜਿਤ ਕਰਦਾ ਹੈ : ਵਿਧਾਨ, ਪੂਰਵ ਧਾਰਨਾਵਾਂ, ਰੂੜ੍ਹੀਆਂ, ਰੀਤੀਗਤ ਕਾਨੂੰਨ




**ਰਸਮੀ ਸ੍ਰੋਤ** : ਸਾਲਮੰਡ ਦੇ ਅਨੁਸਾਰ ਕਾਨੂੰਨ ਦੇ ਕੁਝ ਅਜਿਹੇ ਸ੍ਰੋਤ ਹਨ ਜਿਨ੍ਹਾਂ ਦੁਆਰਾ ਕਾਨੂੰਨ ਆਪਣੀ 'ਸ਼ਕਤੀ ਜਾਂ ਵੈਧਤਾ' ਪ੍ਰਾਪਤ ਕਰਦਾ ਹੈ। ਇਨ੍ਹਾਂ ਸ੍ਰੋਤਾਂ ਨੂੰ ਉਪਚਾਰਿਕ ਸ੍ਰੋਤ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦਾ ਕੰਮ ਕਾਰਜ ਰਾਜ ਦੀ ਇੱਛਾ ਅਤੇ ਸ਼ਕਤੀ ਨਾਲ ਹੈ, ਜੋ ਰਾਜ ਦੀਆਂ ਅਦਾਲਤਾਂ ਦੁਆਰਾ ਦਿੱਤੇ ਫੈਸਲਿਆਂ ਦੇ ਮਾਧਿਅਮ ਦੁਆਰਾ ਅਭਿਵਿਅਕਤ ਹੁੰਦਾ ਹੈ।

> *The former are allowed by the courts as of right, the latter have no such claim. They influence more or less extensively the course of legal development, but they speak with no authority.*[33]

ਸਾਲਮੰਡ ਦਾ ਕਥਨ ਹੈ ਕਿ ਕਿਸੇ ਨਿਯਮ ਨੂੰ ਕਾਨੂੰਨੀ ਰੂਪ ਪ੍ਰਾਪਤ ਹੋਣ ਦੇ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਉਹ ਨਿਯਮ ਅਦਾਲਤ ਦੁਆਰਾ ਸਵੀਕਾਰ ਕਰ ਲਿਆ ਗਿਆ ਹੋਵੇ। ਅਨੇਕ ਵਿਦਵਾਨਾਂ ਨੇ ਸਾਲਮੰਡ ਦੇ ਇਸ ਵਿਚਾਰ ਦਾ ਖੰਡਨ ਕਰਦੇ ਹੋਏ ਕਿਹਾ ਹੈ ਕਿ ਜੇ ਕਿਸੇ ਨਿਯਮ ਨੂੰ ਸੰਸਦ ਦੁਆਰਾ ਕਾਨੂੰਨ ਦੇ ਰੂਪ ਵਿਚ ਪਰਿਵਰਤਿਤ ਕਰ ਦਿੱਤਾ ਜਾਂਦਾ ਹੈ ਤਾਂ ਇਹ ਜ਼ਰੂਰੀ ਨਹੀਂ ਕਿ ਅਦਾਲਤ ਦੁਆਰਾ ਵੀ ਉਸਨੂੰ ਕਾਨੂੰਨ ਦੇ ਰੂਪ ਵਿਚ ਹੀ ਸਵੀਕਾਰ ਕਰ ਲਿਆ

ਜਾਏ। ਸਾਲਮੰਡ ਨੇ ਭਰਮ ਵਸ ਕਾਨੂੰਨ ਦੀ ਮਨਜ਼ੂਰੀ ਨੂੰ ਹੀ ਕਾਨੂੰਨ ਦਾ ਸ੍ਰੋਤ ਮੰਨ ਲਿਆ ਹੈ ਜੋ ਕਿ ਠੀਕ ਪ੍ਰਤੀਤ ਨਹੀਂ ਹੁੰਦਾ।

**ਭੌਤਿਕ ਸ੍ਰੋਤ** : ਕਾਨੂੰਨ ਦਾ ਭੌਤਿਕ ਜਾਂ ਤਾਤਵਿਕ ਸ੍ਰੋਤ ਉਹ ਹੈ ਜਿਸ ਦੁਆਰਾ ਕਾਨੂੰਨ ਦੀ ਵਿਸ਼ਾ ਸਮੱਗਰੀ ਪ੍ਰਾਪਤ ਹੁੰਦੀ ਹੈ। ਸਾਲਮੰਡ ਨੇ ਕਾਨੂੰਨ ਤੇ ਭੌਤਿਕ ਸ੍ਰੋਤਾਂ ਨੂੰ ਦੋ ਹਿੱਸਿਆ ਵਿਚ ਵੰਡਿਆ ਹੈ- ਇਤਿਹਾਸਿਕ ਸ੍ਰੋਤ (Historial Sources of Law) ਅਤੇ ਕਾਨੂੰਨੀ ਸ੍ਰੋਤ (Legal Sources of Law)। ਇਨ੍ਹਾਂ ਦੋਹਾਂ ਕਾਨੂੰਨਾਂ ਵਿਚਕਾਰ ਅੰਤਰ ਦੱਸਦਾ ਹੋਇਆ Hibbert ਲਿਖਦਾ ਹੈ:

> *A Judicial decision is a legal material source, assuming of course that it creates a new rule of law but the source whence the court drew the writings of some lawyer of authority or the digest or code as the historical sources.*

1. **ਇਤਿਹਾਸਕ ਸ੍ਰੋਤ** : ਕਾਨੂੰਨ ਦਾ ਇਤਿਹਾਸਕ ਸ੍ਰੋਤ ਕਾਨੂੰਨ ਦੇ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਕਾਨੂੰਨ ਨਿਰਮਾਣ ਦੇ ਲਈ ਸਮੱਗਰੀ ਇਕੱਠੀ ਕਰਦਾ ਹੈ। ਇਤਿਹਾਸਕ ਸ੍ਰੋਤਾਂ ਦਾ ਸੰਬੰਧ ਕਾਨੂੰਨੀ ਇਤਿਹਾਸ ਨਾਲ ਹੈ, ਨਾ ਕਿ ਕਾਨੂੰਨੀ ਸਿਧਾਂਤਾਂ ਨਾ। ਇਹ ਕਾਨੂੰਨ ਦੇ ਅਧਿਕਾਰਿਤ ਸ੍ਰੋਤ ਨਹੀਂ ਹੁੰਦੇ ਬਲਕਿ ਅਨੁਯਾਈ (persuasive) ਸ੍ਰੋਤ ਹੁੰਦੇ ਹਨ। ਉਦਾਹਰਣ ਦੇ ਤੌਰ 'ਤੇ ਅਸੀਂ ਕਾਨੂੰਨ ਲੇਖਕਾਂ ਦੀਆਂ ਰਚਨਾਵਾਂ, ਵਿਦੇਸ਼ੀ ਕਾਨੂੰਨ ਰਿਪੋਰਟਾਂ, ਕਾਨੂੰਨ-ਪੱਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਲੇਖ, ਟਿੱਪਣੀਆਂ ਆਦਿ ਨੂੰ ਵੇਖ ਸਕਦੇ ਹਾਂ।

2. **ਕਾਨੂੰਨੀ ਸ੍ਰੋਤ** : ਕਾਨੂੰਨ ਦੇ ਅਜਿਹੇ ਤੱਤ ਹਨ ਜਿਨ੍ਹਾਂ ਨੂੰ ਕਾਨੂੰਨ ਦੁਆਰਾ ਮਾਨਤਾ ਦਿੱਤੀ ਗਈ ਹੈ। ਇਹ ਸ੍ਰੋਤ ਅਧਿਕਾਰਿਤ ਹੁੰਦੇ ਹਨ ਭਾਵ ਮਾਨਤਾ ਪ੍ਰਾਪਤ ਹੁੰਦੇ ਹਨ। ਸਾਲਮੰਡ ਦੇ ਅਨੁਸਾਰ ਇਹ ਸ੍ਰੋਤ *''ਅਜਿਹੇ ਆਧਾਰ ਹਨ ਜਿਨ੍ਹਾਂ ਦੇ ਮਾਧਿਅਮ ਨਾਲ ਨਵੇਂ ਸਿਧਾਂਤ ਕਾਨੂੰਨ ਵਿਚ ਪ੍ਰਵੇਸ਼ ਕਰਕੇ ਕਾਨੂੰਨੀ ਸ੍ਰੋਤਾਂ ਦੇ*

*ਮਾਧਿਅਮ ਦੁਆਰਾ ਕਾਨੂੰਨ ਵਿਚ ਨਵੇਂ ਸਿਧਾਂਤਾਂ ਦਾ ਸਮਾਵੇਸ਼ ਕਰਦੇ ਹਨ।''*[35] ਇਸ ਪ੍ਰਕਾਰ ਦੇ ਕਾਨੂੰਨ ਹੇਠ ਲਿਖੇ ਚਾਰ ਪ੍ਰਕਾਰ ਦੇ ਹੁੰਦੇ ਹਨ:

(ੳ) **ਵਿਧਾਨ (Legislations) ਜਾਂ ਅਧਿਨਿਯਮਤ ਕਾਨੂੰਨ** : ਅਧਿਨਿਯਮਤ ਕਾਨੂੰਨ ਰਾਜ ਦੀ ਵਿਧਾਨ ਸ਼ਕਤੀ ਦੁਆਰਾ ਨਿਰਮਿਤ ਕੀਤਾ ਜਾਂਦਾ ਹੈ, ਜਿਸਨੂੰ 'ਕਾਨੂੰਨ' ਦੇ ਰੂਪ ਵਿਚ ਰਾਜ ਦੀਆਂ ਸਾਰੀਆਂ ਅਦਾਲਤਾਂ ਦੁਆਰਾ ਮਾਨਤਾ ਦਿੱਤੀ ਜਾਂਦੀ ਹੈ। ਉਦਾਹਰਣ ਦੇ ਤੌਰ 'ਤੇ ਸੰਪੱਤੀ ਅਧਿਕਾਰ ਅਧਿਨਿਯਮ, ਟੈਕਸ ਅਧਿਨਿਯਮ ਜਾਂ ਕੰਪਨੀ ਅਧਿਨਿਯਮ।

(ਅ) **ਪੂਰਵ-ਨਿਰਧਾਂਤ ਜਾਂ ਨਜ਼ਰੀਏ** : ਅਦਾਲਤਾਂ ਦੁਆਰਾ ਦਿੱਤੇ ਗਏ ਪੂਰਵ ਨਿਰਣੈ ਵੀ ਭਵਿੱਖ ਵਿਚ ਉਸੇ ਪ੍ਰਕਾਰ ਦੀਆਂ ਸਥਿਤੀਆਂ ਵਿਚ ਪੂਰਵ-ਉਦਾਹਰਣ ਦੇ ਰੂਪ ਵਿਚ ਲਾਗੂ ਕੀਤੇ ਜਾ ਸਕਦੇ ਹਨ। ਇਨ੍ਹਾਂ ਨਿਰਣਿਆਂ ਨੂੰ ਅਦਾਲਤਾਂ ਦੁਆਰਾ ਕਾਨੂੰਨ ਦੇ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਹੈ। ਸਾਰੀਆਂ ਨਿਚਲੀਆਂ ਅਦਾਲਤਾਂ ਉੱਚ ਅਦਾਲਤਾਂ ਦੇ ਨਿਰਣਿਆਂ ਨੂੰ ਸਵੀਕਾਰ ਕਰਦੀਆਂ ਹਨ, ਪਰ ਉੱਚ ਅਦਾਲਤ ਲਈ ਨਿੱਚਲੀ ਅਦਾਲਤ ਦੇ ਨਿਰਣਿਆ ਨੂੰ ਮੰਨਣਾ ਜ਼ਰੂਰੀ ਨਹੀਂ, ਸਗੋਂ ਇਹ ਅਦਾਲਤ ਨਿਚਲੀ ਅਦਾਲਤ ਦੇ ਨਿਰਣਿਆਂ ਨੂੰ ਬਦਲ ਵੀ ਸਕਦੀ ਹੈ।

(ੲ) **ਰੀਤੀਗਤ ਕਾਨੂੰਨ (customary law)** : ਇਸ ਪ੍ਰਕਾਰ ਦੇ ਕਾਨੂੰਨ ਉਨ੍ਹਾਂ ਧਾਰਨਾਵਾਂ ਵਿਚੋਂ ਪੈਦਾ ਹੁੰਦੇ ਹਨ, ਜਿਨ੍ਹਾਂ ਨੂੰ ਕਾਨੂੰਨ ਦੁਆਰਾ ਵਿਹਾਰਕ ਨਿਯਮਾਂ ਦੇ ਰੂਪ ਵਿਚ ਸਵੀਕਾਰ ਕੀਤਾ ਹੁੰਦਾ ਹੈ। ਜਿਸ ਤਰ੍ਹਾਂ ਮੱਧ-ਪ੍ਰਦੇਸ਼ ਦੇ ਛੱਤੀਸਗੜ੍ਹ ਇਲਾਕੇ ਦੇ ਆਦਿ ਵਾਸੀ ਕਬੀਲਿਆਂ ਵਿਚ ਇਹ ਪ੍ਰਥਾ ਪ੍ਰਚਲਿਤ ਹੈ ਕਿ ਵਿਆਹ ਸਿਰਫ਼ ਫੁੱਲਾਂ ਦੀ ਮਾਲਾ ਪਾਕੇ ਹੀ ਕਰ ਲਿਆ ਜਾਂਦਾ ਹੈ। ਇਸ ਰਸਮ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਹੈ ਅਤੇ ਇਸ ਪ੍ਰਕਾਰ ਦਾ ਵਿਆਹ ਕਾਨੂੰਨੀ ਸਵੀਕਾਰ ਕੀਤਾ ਜਾਂਦਾ ਹੈ।

(ਸ) **ਪ੍ਰੰਪਰਾਗਤ ਕਾਨੂੰਨ (Conventional Law)** : ਇਸ ਪ੍ਰਕਾਰ ਦੇ ਕਾਨੂੰਨ ਲੋਕਾਂ ਦੁਆਰਾ ਆਪਸੀ ਸਮਝੌਤੇ ਦੇ ਆਧਾਰ ਉੱਤੇ ਨਿਰਮਿਤ ਹੁੰਦੇ ਹਨ ਅਤੇ ਇਹ ਕਾਨੂੰਨ

ਕੇਵਲ ਉਨ੍ਹਾਂ ਵਿਅਕਤੀਆਂ ਲਈ ਹੀ ਬੰਧਨਕਾਰੀ ਹੁੰਦੇ ਹਨ ਜਿਨ੍ਹਾਂ ਨੇ ਇਸ ਦੇ ਨਿਰਮਾਣ ਲਈ ਸਹਿਮਤੀ ਦਿੱਤੀ ਹੁੰਦੀ ਹੈ। ਅੰਤਰ-ਰਾਸ਼ਟਰੀ ਕਾਨੂੰਨ ਦਾ ਆਧਾਰ ਸ੍ਰੋਤ ਇਹੋ ਕਾਨੂੰਨ ਹੈ।

ਸਾਲਮੰਡ ਨੇ ਉਪਰੋਕਤ ਚਾਰ ਵਿਧਾਨਕ ਸ੍ਰੋਤਾਂ ਨੂੰ ਹੀ ਕਾਨੂੰਨ ਦਾ ਪ੍ਰਮੁੱਖ ਸ੍ਰੋਤ ਮੰਨਿਆ ਹੈ। *ਇਸ ਦੇ ਇਲਾਵਾ ਵੀ ਕਈ ਸ੍ਰੋਤ ਹੋ ਸਕਦੇ ਹਨ ਪਰ ਉਨ੍ਹਾਂ ਨੂੰ ਅਦਾਲਤ ਵੱਲੋਂ ਮਾਨਤਾ ਨਹੀਂ ਦਿੱਤੀ ਜਾਂਦੀ ਹੈ।*[36] ਉਹ ਸਿਰਫ਼ ਮਾਰਗ-ਦਰਸ਼ਕ ਦਾ ਕਾਰਜ ਹੀ ਕਰਦੇ ਹਨ, ਜਿਵੇਂ ਪ੍ਰਮੁੱਖ ਕਾਨੂੰਨ-ਨਿਰਮਾਤਾਵਾਂ ਦੇ ਮੱਤ, ਵਿਦੇਸ਼ੀ ਅਦਾਲਤਾਂ ਦੇ ਨਿਰਣੈ ਆਦਿ ਬੰਧਨਕਾਰੀ ਸ਼ਕਤੀ ਨਾ ਰੱਖਦੇ ਹੋਏ ਵੀ ਕਾਨੂੰਨ ਦੇ ਵਿਸ਼ੇ-ਵਸਤੂ ਨੂੰ ਅਕਾਰ ਦੇਣ ਵਿਚ ਮਦਦ ਕਰਦੇ ਹਨ। ਪਰ ਡਾ. Glanvilla Williams ਨੇ ਕਾਨੂੰਨ ਦੇ ਵਿਧਾਨਿਕ ਅਤੇ ਇਤਿਹਾਸਿਕ ਸ੍ਰੋਤਾਂ ਵਿਚ ਅੰਤਰ ਸਪੱਸ਼ਟ ਕਰਦੇ ਹੋਏ ਲਿਖਿਆ ਹੈ ਕਿ ਵਿਧਾਨ ਅਤੇ ਪੂਰਵ-ਨਿਰਣੈ ਕਾਨੂੰਨ ਦੇ ਵਿਧਾਨਕ ਸ੍ਰੋਤ ਜ਼ਰੂਰ ਹਨ ਪਰ ਅਦਾਲਤਾਂ ਦੁਆਰਾ ਕਿਸੇ ਨਿਰਣੈ ਉੱਤੇ ਪਹੁੰਚਣ ਲਈ ਅਪਣਾਏ ਗਏ ਨਿਯਮਾਂ ਨੂੰ ਕਾਨੂੰਨ ਦੇ ਵਾਸਤਵਿਕ ਉਦਭਵ ਦਾ ਇਤਿਹਾਸਿਕ ਸ੍ਰੋਤ ਮੰਨਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਹੀ Keeton ਸਾਲਮੰਡ ਦੇ ਕਾਨੂੰਨੀ ਸ੍ਰੋਤਾਂ ਦੀ ਆਲੋਚਨਾ ਕਰਦਾ ਲਿਖਦਾ ਹੈ:

> *The only meaning which can be implied by the term "Source of law" is the materials out of which the law is eventually fashioned through the activity of judges. He does not recognize state as the source of law because it is only an organization concerned with the enforcement of law. As regards literary source, he says that it is more correct to say that there are the sources of knowledge of law exists before it is recorded in statute books the law reports and text-books written in so far the text-books written may themselves suggest the formulation of a new rule of law.*[37]

ਇਸ ਪ੍ਰਕਾਰ ਹੀ ਏਲਮ ਨੇ ਸਾਲਮੰਡ ਦੇ ਸ੍ਰੋਤਾਂ ਦੀ ਆਲੋਚਨਾ ਇਸ ਆਧਾਰ ਉੱਤੇ ਕੀਤੀ ਹੈ ਕਿ ਇਸ ਵਿਚ ਇਤਿਹਾਸਿਕ ਸ੍ਰੋਤਾਂ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਹ ਗੱਲ ਵੀ ਯਾਦ ਰੱਖਣਯੋਗ ਹੈ ਕਿ ਕਾਨੂੰਨ ਕਿਸੇ ਇਕ ਜਾਂ ਦੋ ਸ੍ਰੋਤਾਂ ਵਿਚੋਂ ਪੈਦਾ ਨਹੀਂ ਹੁੰਦਾ। ਸਗੋਂ ਇਹ ਲੋਕ-ਮੱਤ ਵਿਚੋਂ ਪ੍ਰਵਾਨਗੀ ਪ੍ਰਾਪਤ ਕਰਦਾ ਹੈ ਅਰਥਾਤ ਇਸ ਦਾ ਵਾਸਤਵਿਕ ਸ੍ਰੋਤ ਤਾਂ ਸਮਾਜ ਹੈ।

**ਕਾਨੂੰਨ ਦੇ ਸ੍ਰੋਤਾਂ ਪ੍ਰਤੀ ਆਸਟਿਨ ਦੇ ਵਿਚਾਰ:**

ਆਸਟਿਨ ਅਨੁਸਾਰ 'ਕਾਨੂੰਨ ਦੇ ਸ੍ਰੋਤਾਂ' ਦੇ ਤਿੰਨ ਅਰਥ[38] ਨਿਕਲਦੇ ਹਨ, ਪਹਿਲਾ ਕਾਨੂੰਨ ਦੇ ਵਾਸਤਵਿਕ ਨਿਰਮਾਤਾ (Direct or immediate Author), ਦੂਜਾ ਇਤਿਹਾਸਿਕ ਦਸਤਾਵੇਜ (Historical document) ਅਤੇ ਤੀਜਾ ਉਹ 'ਕਾਰਨ' (Cause), ਜਿਹੜੇ ਕਾਨੂੰਨ ਦੇ ਨਿਰਮਾਣ ਵਿਚ ਮੂਲ ਕਾਰਨ ਦੀ ਭੂਮਿਕਾ ਨਿਭਾਉਂਦੇ ਹਨ ਜਿਵੇਂ ਧਰਮ, ਵਿਧਾਨ, ਕਾਨੂੰਨ ਨਿਰਣੈ ਤੇ ਨੈਤਿਕ ਆਚਾਰ ਆਦਿ। ਆਸਟਿਨ ਦੇ ਇਨ੍ਹਾਂ ਸ੍ਰੋਤਾਂ ਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ:

1. **ਪ੍ਰਤੱਖ ਜਾਂ ਵਾਸਤਵਿਕ ਨਿਰਮਾਤਾ** : ਆਸਟਿਨ ਅਨੁਸਾਰ ਕਾਨੂੰਨ ਦਾ ਪ੍ਰਤੱਖ ਜਾਂ ਵਾਸਤਵਿਕ ਨਿਰਮਾਤਾ ਉਹ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਹੁੰਦਾ ਹੈ ਜਿਹੜਾ ਕਾਨੂੰਨ ਨੂੰ ਮੌਲਿਕ ਸਰੂਪ ਵਿਚ ਬਣਾਉਂਦਾ ਹੈ ਅਤੇ ਇਨ੍ਹਾਂ ਨਿਯਮਾਂ ਨੂੰ ਬੰਧਨਕਾਰੀ ਪ੍ਰਭਾਵ ਪ੍ਰਦਾਨ ਕਰਦਾ ਹੈ। ਇਹ ਚਾਰ ਪ੍ਰਕਾਰ ਦੇ ਹੋ ਸਕਦੇ ਹਨ ਜਿਵੇਂ ਨਿਆਂ-ਪਾਲਿਕਾ ਦੀ ਸ਼ਕਤੀ ਨਾਲ, ਰਾਜਨੀਤਕ ਸ਼ਕਤੀ/ਕਾਰਜਪਾਲਿਕਾ ਦੀ ਸ਼ਕਤੀ ਨਾਲ, ਉਹ ਵਿਅਕਤੀ ਜਿਨ੍ਹਾਂ ਦੇ ਵਿਹਾਰ ਰੂੜ੍ਹ ਬਣ ਜਾਣ ਅਤੇ ਸਮਝੌਤੇ ਦੇ ਰੂਪ ਵਿਚ। ਇਹ ਚਾਰ ਪ੍ਰਕਾਰ ਦੇ ਵਿਅਕਤੀ ਕਾਨੂੰਨ ਬਣਾਉਣ ਦਾ ਅਧਿਕਾਰ ਪ੍ਰਭੁਤਾਧਾਰੀ ਤੋਂ ਹੀ ਪ੍ਰਾਪਤ ਕਰਦੇ ਹਨ ਅਤੇ ਪ੍ਰਤੱਖ ਰੂਪ ਵਿਚ ਕਾਨੂੰਨ ਦਾ ਨਿਰਮਾਣ ਕਰਦੇ ਹਨ। ਆਸਟਿਨ *ਇਨ੍ਹਾਂ ਵਿਅਕਤੀਆਂ ਦੀ ਤੁਲਨਾ ਉਸ ਵਿਅਕਤੀ*

*ਨਾਲ ਕਰਦਾ ਹੈ ਜਿਹੜਾ ਖੂਹ ਵਿਚੋਂ ਪਾਣੀ ਕੱਢਦਾ ਹੈ ਅਤੇ ਅੱਗੇ ਸੰਚਾਲਿਤ ਕਰਦਾ ਹੈ।*[39] ਉਹ ਲਿਖਦਾ ਹੈ:

> *A corporate body or a subordinate legislature is the source of these laws which it makes and publishes with sovern consent. Courts of justice are a source of law, in so far as this consists of judicial decisions binding upon subsequent judges. And admitting species of law, custom or the persons with whom the custom originated, are authors or souces of law.*[40]

2. **ਇਤਿਹਾਸਿਕ ਦਸਤਾਵੇਜ** : ਇਹ ਅਜਿਹੇ ਇਤਿਹਾਸਿਕ ਤੱਥ ਹੁੰਦੇ ਹਨ ਜਿਨ੍ਹਾਂ ਦੁਆਰਾ ਕਾਨੂੰਨ ਦੇ ਅਸਤਿਤਵ ਦੀ ਪੁਸ਼ਟੀ ਹੁੰਦੀ ਹੈ। ਸਾਲਮੰਡ ਇਨ੍ਹਾਂ ਨੂੰ 'ਕਾਨੂੰਨ ਦੇ ਸਾਹਿਤਕ ਸ੍ਰੋਤ' (Literary Sources of law) ਦੇ ਰੂਪ ਵਿਚ ਮਾਨਤਾ ਦਿੰਦਾ ਹੈ।

> *In the above sense the foundation or sources of the law are their immediate or makes, thuse the supreme legislation is the author or source of the laws which is publishes directly. A corporate body, or a subordinate legislature is the source of these laws which it makes and publishes with sovereign's consent. Courts of justice are a source of law, in so as the law consists of judicial decisions, binding upon subsequent judge. And admitting that customs constitute a distinct species of law, custom or the persons which whom the custom origiration are authors or source of law.*[41]

3. **ਕਾਰਨ (Causes)** : ਕਾਨੂੰਨ ਦੇ ਇਸ ਸ੍ਰੋਤ ਵਿਚ ਉਨ੍ਹਾਂ ਕਾਰਨਾਂ ਦੀ ਵਿਵੇਚਨਾ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਆਧਾਰ ਉੱਤੇ ਕਾਨੂੰਨ ਆਸ਼ਰਿਤ ਹੁੰਦਾ ਹੈ, ਜਿਵੇਂ ਵਿਧਾਨ, ਨਿਆਂ-ਨਿਰਣੇ, ਰੂੜ੍ਹੀਆਂ ਤੇ ਧਰਮ ਆਦਿ।

ਡਾ. ਏਲਨ (Allen) ਨੇ ਆਸਟਿਨ ਦੁਆਰਾ ਪ੍ਰਸਤੁਤ ਕਾਨੂੰਨੀ ਸ੍ਰੋਤ ਸ਼ਬਦ ਦੇ ਉਪਰੋਕਤ ਅਰਥ ਵਿਚ ਇਸਤੇਮਾਲ ਕੀਤੇ ਜਾਣ 'ਤੇ ਪ੍ਰਸ਼ਨ ਚਿੰਨ੍ਹ ਲਗਾਇਆ ਹੈ। ਉਸ ਅਨੁਸਾਰ ਆਸਟਿਨ ਨੇ ਜਿਸ ਅਰਥ ਵਿਚ ਇਸ ਸ਼ਬਦ ਦਾ ਪ੍ਰਯੋਗ ਕੀਤਾ ਹੈ

ਉਸ ਅਨੁਸਾਰ *ਰੂੜ੍ਹੀਗਤ-ਕਾਨੂੰਨ ਨੂੰ ਹੀ ਕਾਨੂੰਨ ਦੀ ਸੰਗਿਆ ਵਿਚ ਰੱਖਿਆ ਗਿਆ ਹੈ ਜਦੋਂ ਕਿ ਰੂੜ੍ਹੀਗਤ-ਕਾਨੂੰਨ ਪ੍ਰਭੁਤਾਸ਼ਾਲੀ ਦੀ ਸ਼ਕਤੀ ਦੀ ਦੇਣ ਨਹੀਂ ਹੁੰਦੇ।*[42] ਇਹ ਕੇਵਲ ਵਿਹਾਰਿਕ ਨਿਯਮਾਂ ਵਿਚੋਂ ਉਤਪਨ ਹੋਏ ਹੁੰਦੇ ਹਨ ਜਿਸ ਨੂੰ ਰਾਜ ਰਸਮੀ/ਉਪਚਾਰਿਕ ਮੰਨ ਲੈਂਦਾ ਹੈ। ਇਸ ਪ੍ਰਕਾਰ ਹੀ Holland ਆਸਟਿਨ ਦੇ ਸ੍ਰੋਤ ਸ਼ਬਦ ਦੇ ਪ੍ਰਯੋਗ ਬਾਰੇ ਲਿਖਦਾ ਹੈ:

> *(1) Sometimes of the term the word is employed to denote the quarter whence we obtain our knowledge of the law e.g., whether form the statute-book the reports or exteemed treatises. (2) sometime to denote the ultimate authority which give them the force of law e.g., the state. (3) sometime to indicate the causes which have brought into existence rules which have subsequently acquired that force; custom, religion, scientific, discussion and (4) sometime to indicate the organs through which the state either grants legal recognition by rules previously unauthoritation, or itself creater new law; adjudication, equity, legislation.*[43]

**ਕਾਨੂੰਨ ਦੇ ਸ੍ਰੋਤਾਂ ਸੰਬੰਧੀ ਹਾਲੈਂਡ ਦੇ ਵਿਚਾਰ:**

ਹਾਲੈਂਡ ਦੇ ਅਨੁਸਾਰ ਕਾਨੂੰਨ ਦੇ ਸ੍ਰੋਤ ਬਾਰੇ ਸ਼ੰਕੇ ਦਾ ਕਾਰਨ ਇਹ ਹੈ ਕਿ ਇਸ ਵਿਚ ਕਾਨੂੰਨ ਦੀ ਉਤਪਤੀ ਨਾਲ ਸੰਬੰਧਿਤ ਸਾਰੇ ਵਿਸ਼ਿਆਂ ਦਾ ਸਮਾਵੇਸ਼ ਕਰ ਦਿੱਤਾ ਜਾਂਦਾ ਹੈ। ਹਾਲੈਂਡ ਦੇ ਅਨੁਸਾਰ ਕਾਨੂੰਨ ਦੇ ਸ੍ਰੋਤ ਸ਼ਬਦ ਦਾ ਅਰਥ ਕਾਨੂੰਨ ਦੇ ਹੇਠ ਲਿਖੇ ਖੇਤਰਾਂ ਤੱਕ ਹੀ ਸੀਮਿਤ ਰੱਖਿਆ ਜਾਣਾ ਚਾਹੀਦਾ ਹੈ:

> *(1) ਅਜਿਹੀ ਸਮੱਗਰੀ ਜਿਸ ਰਾਹੀਂ ਕਾਨੂੰਨ ਦੇ ਵਿਸ਼ੇ ਵਿਚ ਜਾਣੀ ਉਪਲਬਧ ਹੋ ਸਕਦੀ ਹੈ ਜਾਂ ਕਾਨੂੰਨ ਸੰਬੰਧਿਤ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਦੀ ਸਮੱਗਰੀ ਨੂੰ ਕਾਨੂੰਨ ਦਾ ਸਾਹਿਤਕ ਸ੍ਰੋਤ ਕਿਹਾ ਜਾ ਸਕਦਾ ਹੈ ਅਰਥਾਤ ਇਸ ਵਿਚ ਕਾਨੂੰਨ ਸੰਬੰਧਿਤ*

*ਗ੍ਰੰਥ, ਟੀਕੇ ਜਾਂ ਰਿਪੋਰਟ ਆਦਿ ਦਾ ਸਮਾਵੇਸ਼ ਕੀਤਾ ਜਾ ਸਕਦਾ ਹੈ। ਇਹ ਕਾਨੂੰਨ ਦਾ ਉਹ ਸ੍ਰੋਤ ਹੈ ਜਿਸ ਦੇ ਆਧਾਰ ਉੱਤੇ ਕਾਨੂੰਨ ਦੇ ਮਾਹਿਰ ਜਾਂ ਹੋਰ ਇਛੁੱਕ ਵਿਅਕਤੀ ਕਾਨੂੰਨ ਦੇ ਸ੍ਰੋਤਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।*

*(2) ਕਾਨੂੰਨ ਦਾ ਬੰਧਨਕਾਰੀ ਪ੍ਰਭਾਵ ਦਿਖਾਉਣ ਵਾਲੀ ਸ਼ਕਤੀ ਨੂੰ ਕਾਨੂੰਨ ਦੇ ਉਪਚਾਰਿਕ ਸ੍ਰੋਤ ਦੇ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਹੈ। ਇਹ ਉਹ ਸ਼ਕਤੀ ਹੁੰਦੀ ਹੈ ਜਿਹੜੀ ਨਿਯਮ ਨੂੰ ਕਾਨੂੰਨ ਦਾ ਰੂਪ ਪ੍ਰਦਾਨ ਕਰਦੀ ਹੈ। ਕਾਨੂੰਨ ਨੂੰ ਰਾਜ ਦੀ ਸ਼ਕਤੀ ਦੁਆਰਾ ਤਰਕਸੰਗਤਾ ਪ੍ਰਾਪਤ ਹੁੰਦੀ ਹੈ, ਇਸ ਲਈ ਰਾਜ ਨੂੰ ਕਾਨੂੰਨ ਦਾ ਉਪਚਾਰਿਕ ਸ੍ਰੋਤ ਕਿਆਸ ਕੀਤਾ ਜਾਂਦਾ ਹੈ।*

*(3) ਕਾਨੂੰਨ ਦੇ ਸ੍ਰੋਤ ਦੇ ਸਰੂਪ ਵਿਚ ਉਨ੍ਹਾਂ ਕਾਰਨਾਂ ਦਾ ਸਮਾਵੇਸ਼ ਵੀ ਹੈ ਜਿਨ੍ਹਾਂ ਦੇ ਪਰਿਣਾਮ ਸਰੂਪ ਕਾਨੂੰਨ ਦੇ ਨਿਯਮ ਅਸਤਿਤਵ ਵਿਚ ਆਉਂਦੇ ਹਨ ਅਤੇ ਜਿਹੜੇ ਅੱਗੇ ਚੱਲਦੇ 'ਕਾਨੂੰਨ' ਦਾ ਰੂਪ ਧਾਰਨ ਕਰ ਲੈਂਦੇ ਹਨ। ਰੂੜ੍ਹੀ, ਧਾਰਨਾਵਾਂ ਤੇ ਧਰਮ ਆਦਿ ਇਹੋ ਕਾਨੂੰਨ ਦੇ ਸ੍ਰੋਤ ਹਨ।*

*(4) ਕਾਨੂੰਨ ਦੇ ਸ੍ਰੋਤ ਦੇ ਰੂਪ ਵਿਚ ਸੰਸਥਾਵਾਂ ਜਾਂ ਰਾਜ ਦੇ ਅੰਗਾਂ ਦਾ ਸਮਾਵੇਸ਼ ਵੀ ਹੈ, ਜਿਸਦੇ ਦੁਆਰਾ ਰਾਜ ਪੂਰਵ-ਪ੍ਰਚਲਿਤ ਧਾਰਨਾਵਾਂ ਨੂੰ ਮਾਨਤਾ ਪ੍ਰਦਾਨ ਕਰਦਾ ਹੈ ਜਾਂ ਨਵੀਆਂ ਵਿਧੀਆਂ ਦਾ ਨਿਰਮਾਣ ਕਰਦਾ ਹੈ ਜਿਵੇਂ ਨਿਆਇਕ ਨਿਰਣੇ, ਵਿਧਾਨ ਆਦਿ।*[44]

**ਕਾਨੂੰਨ ਦੇ ਸ੍ਰੋਤਾਂ ਸੰਬੰਧੀ ਕੀਟਨ ਦੇ ਵਿਚਾਰ :**

ਕੀਟਨ (Keeton) ਕਾਨੂੰਨ ਦੇ ਰਸਮੀ ਸ੍ਰੋਤ ਨੂੰ 'ਕਾਨੂੰਨ ਦੇ ਸ੍ਰੋਤ' ਸਵੀਕਾਰ ਨਹੀਂ ਕਰਦਾ। ਉਸ ਦਾ ਮੱਤ ਹੈ ਕਿ ਆਧੁਨਿਕ ਮਨੁੱਖੀ ਸਮਾਜਾਂ ਵਿਚ ਕਾਨੂੰਨ ਦਾ

ਰਸਮੀ ਸ੍ਰੋਤ 'ਰਾਜ' ਹੈ। ਪ੍ਰੰਤੂ ਰਾਜ ਕੇਵਲ ਵਿਧੀ ਨੂੰ ਲਾਗੂ ਕਰਦਾ ਹੈ ਇਸ ਨੂੰ ਕਾਨੂੰਨ ਦਾ ਵਾਸਤਵਿਕ ਸ੍ਰੋਤ ਨਹੀਂ ਮੰਨਿਆ ਜਾ ਸਕਦਾ ਹੈ। ਇਸ ਤਰ੍ਹਾਂ ਹੀ ਉਹ ਸਾਲਮੰਡ ਦੁਆਰਾ ਦੱਸੇ 'ਕਾਨੂੰਨ ਦੇ ਸਾਹਿਤਕ ਸ੍ਰੋਤਾਂ' ਦੀ ਵੀ ਅਲੋਚਨਾ ਕਰਦਾ ਹੈ ਕਿਉਂਕਿ ਇਸ ਤੋਂ ਕਾਨੂੰਨ ਨਾ ਹੀ ਜਨਮ ਲੈਂਦਾ ਹੈ ਅਤੇ ਨਾ ਹੀ ਪੈਦਾ ਹੁੰਦਾ ਹੈ। ਇਹ ਤਾਂ ਕੇਵਲ ਵਿਧੀ ਦਾ ਗਿਆਨ ਪ੍ਰਾਪਤ ਕਰਨ ਦਾ ਸਾਧਨ ਮਾਤਰ ਹਨ, ਜਿਨ੍ਹਾਂ ਨੂੰ ਕਾਨੂੰਨ ਦੇ ਸ੍ਰੋਤ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਾਲਮੰਡ ਦੇ ਕਾਨੂੰਨੀ ਸ੍ਰੋਤਾਂ ਦੀ ਆਲੋਚਨਾ ਕਰਦੇ ਹੋਏ ਕੀਟਨ ਨੇ ਹੇਠ ਲਿਖਿਆ ਮਾਡਲ ਪੇਸ਼ ਕੀਤਾ ਹੈ :[45]




ਕਾਨੂੰਨ ਦੇ ਬੰਧਨਕਾਰੀ ਸ੍ਰੋਤ ਤੋਂ ਕੀਟਨ ਦਾ ਭਾਵ ਉਸ ਸ੍ਰੋਤ ਤੋਂ ਹੈ ਜਿਹੜਾ ਨਿਆਇ-ਕਰਤਾ ਦੇ ਵਿਵੇਕ ਉੱਤੇ ਰੋਕ ਲਗਾਉਂਦਾ ਹੈ ਅਤੇ ਜਿਸ ਦੇ ਆਧਾਰ ਉੱਤੇ ਨਿਆਇ-ਕਰਤਾ ਆਪਹੁਦਰੇ ਢੰਗ ਨਾਲ ਨਿਆਇ ਨਹੀਂ ਕਰ ਸਕਦਾ ਹੈ। ਇਸ ਦੇ ਉਲਟ persuasive ਸ੍ਰੋਤ ਉਹ ਹਨ ਜਿਹੜੇ ਨੈਤਿਕ ਆਚਾਰ ਜਾਂ ਪ੍ਰਸਥਿਤੀਆਂ ਉੱਤੇ ਆਧਾਰਿਤ ਹੁੰਦੇ ਹਨ। ਇਹੋ ਜਿਹੇ ਸ੍ਰੋਤਾਂ ਉੱਤੇ ਅਦਾਲਤਾਂ ਦੁਆਰਾ ਉਸੇ ਦਸ਼ਾ ਵਿਚ ਮਾਨਤਾ ਦਿੱਤੀ ਜਾਂਦੀ ਹੈ ਜਦ ਇਸ ਸੰਬੰਧ ਵਿਚ ਕੋਈ ਬੰਧਨਕਾਰੀ ਵਿਵਸਥਾ

ਨਾ ਹੋਵੇ। ਅਰਥਾਤ ਇਸ ਪ੍ਰਕਾਰ ਦੇ ਕਾਨੂੰਨੀ-ਸ੍ਰੋਤ ਦੇ ਵਿਸ਼ੇ ਵਿਚ ਨਿਆਇ-ਕਰਤਾ ਦੁਆਰਾ ਆਪਣੇ ਵਿਵੇਕ ਤੋਂ ਕੰਮ ਲਿਆ ਜਾਂਦਾ ਹੈ।

ਇਸ ਪ੍ਰਕਾਰ ਉਪਰੋਕਤ ਵਿਭਿੰਨ ਵਿਦਵਾਨ ਨੇ ਵਿਭਿੰਨ ਦ੍ਰਿਸ਼ਟੀਕੋਣਾਂ ਦੀ ਸਹਾਇਤਾ ਨਾਲ ਕਾਨੂੰਨ ਦੇ ਸ੍ਰੋਤਾਂ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਵਿਚ ਭਾਵੇਂ ਕਈ ਵਿਸੰਗਤੀਆਂ ਤੇ ਅੰਤਰ-ਵਿਰੋਧ ਦਿਖਾਈ ਦਿੰਦੇ ਹਨ ਪ੍ਰੰਤੂ ਫਿਰ ਵੀ ਸਾਲਮੰਡ ਦੁਆਰਾ ਦਰਸਾਏ ਕਾਨੂੰਨ-ਸ੍ਰੋਤਾਂ ਨੂੰ ਕਾਨੂੰਨ ਦੇ ਵਿਦਵਾਨਾਂ ਵੱਲੋਂ ਵਧੇਰੇ ਮਾਨਤਾ ਤੇ ਸਨਮਾਨ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਹੈ। ਇਥੇ ਇਹ ਧਿਆਨ ਦੇਣ ਯੋਗ ਹੈ ਕਿ ਸਾਲਮੰਡ ਦੀ ਪੁਸਤਕ **Jurisprudence** ਦੇ ਗਿਆਰਵੇਂ ਸੰਸਕਰਣ ਵਿਚੋਂ ਸੰਪਾਦਿਕ Glanvilla Williams ਨੇ ਸਾਲਮੰਡ ਦੁਆਰਾ ਦਿੱਤੇ ਸ੍ਰੋਤਾਂ ਵਿਚੋਂ ਰਸਮੀ/ਉਪਚਾਰਿਕ (formal) ਸ਼ਬਦ ਨੂੰ ਹਟਾ ਦਿੱਤਾ ਹੈ ਕਿਉਂਕਿ ਉਸ ਅਨੁਸਾਰ ਰਸਮੀ ਕੋਈ ਵੀ ਵਿਸ਼ੇਸ਼ ਅਰਥ ਨਹੀਂ ਰੱਖਦਾ ਅਤੇ ਇਹ ਨਿਰਾਰਥਕ ਪ੍ਰਤੀਤ ਹੁੰਦਾ ਹੈ। ਇਸ ਤੋਂ ਇਲਾਵਾ ਸਾਲਮੰਡ ਨੇ ਰਸਮੀ ਸ੍ਰੋਤਾਂ ਦਾ ਪ੍ਰਯੋਗ ਰਾਜ ਦੀ ਪ੍ਰਭੂਤਾ-ਸ਼ਕਤੀ ਦੇ ਸੰਦਰਭ ਵਿਚ ਹੀ ਕੀਤਾ ਹੈ। ਪ੍ਰੰਤੂ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਜੇਕਰ ਇਸ ਸ਼ਕਤੀ ਨੂੰ ਹੀ ਕਾਨੂੰਨ ਦਾ ਸ੍ਰੋਤ ਮੰਨਿਆ ਜਾਵੇ ਤਾਂ ਇਹ ਸ਼ਕਤੀ ਵਿਧਾਨ-ਪਾਲਿਕਾ ਜਾਂ ਕਾਰਜ-ਪਾਲਿਕਾ ਦੀ ਬਜਾਇ ਨਿਆਂ-ਪਾਲਿਕਾ ਦੁਆਰਾ ਕਿਉਂ ਪ੍ਰਗਟ ਨਹੀਂ ਹੁੰਦੀ? ਇਨ੍ਹਾਂ ਕਾਰਨਾਂ ਕਰਕੇ ਹੀ Glanvilla Williams ਨੇ ਰਸਮੀ (formal) ਸ਼ਬਦ ਨੂੰ ਹਟਾ ਦਿੱਤਾ ਹੈ ਅਤੇ ਸਾਲਮੰਡ ਦੇ ਕਾਨੂੰਨੀ-ਸ੍ਰੋਤ ਦੇ ਮਾਡਲ ਨੂੰ ਤਾਰਕਿਕ ਰੂਪ ਦਿੱਤਾ ਹੈ।

ਕਾਨੂੰਨ ਦੇ ਸਰੋਤਾਂ ਬਾਰੇ ਵੱਖ-ਵੱਖ ਵਿਦਵਾਨਾਂ ਦੁਆਰਾ ਕੀਤੀਆਂ ਵਿਆਖਿਆਵਾਂ ਅਤੇ ਉਨ੍ਹਾਂ ਦੀਆਂ ਭਾਵ ਸੀਮਾਵਾਂ ਦੇ ਮੱਦੇਨਜ਼ਰ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਕਾਨੂੰਨ ਦੇ ਮੁੱਖ ਸਰੋਤ ਵਾਸਤਵ ਵਿੱਚ ਹੇਠ ਲਿਖੇ ਤਿੰਨੇ ਬਣਦੇ ਹਨ:-

1 ਰੀਤੀ ਰਿਵਾਜ (Customs)

2 ਨਿਆਇਕ ਦ੍ਰਿਸ਼ਟਾਂਤ (Precedent)

3 ਵਿਧਾਨਕਾਰੀ (Legislation)

ਇਨ੍ਹਾਂ ਵਿਚ ਉਹ ਇਕਰਾਰਨਾਮਾ ਵੀ ਸ਼ਾਮਲ ਹੈ ਜਿਹੜਾ ਕਾਨੂੰਨ ਦੇ ਅਧੀਨ ਜਾਇਜ਼ ਹੋਵੇ ਅਤੇ ਜੋ ਪਰੰਪਰਾਗਤ ਕਾਨੂੰਨ ਵਿਚ ਵਾਧਾ ਕਰਦਾ ਹੋਵੇ।

**ਸੰਸਾਰ ਦੇ ਤਿੰਨ ਮੁਖ ਕਾਨੂੰਨੀ ਪ੍ਰਬੰਧ** :

ਸਮਕਾਲੀ ਸੰਸਾਰ ਦੇ ਪ੍ਰਮੁੱਖ ਕਾਨੂੰਨੀ ਪਰਿਵਾਰ ਨੂੰ ਮੁਖ ਰੂਪ ਵਿਚ ਤਿੰਨ ਪ੍ਰਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਹ ਤਿੰਨ ਮੁੱਖ ਪ੍ਰਬੰਧ ਹਨ – ਰੋਮਨ ਜਰਮੈਨਿਕ ਪਰਿਵਾਰ (Romano-Germanic Family), ਜਨਤਕ ਕਾਨੂੰਨ ਪਰਿਵਾਰ (Common Law Family) ਅਤੇ ਸਮਾਜਵਾਦੀ ਕਾਨੂੰਨ ਦਾ ਪਰਿਵਾਰ (Family of Socialist Law) ਇਨ੍ਹਾਂ ਤੋਂ ਇਲਾਵਾ ਕੁਝ ਹੋਰ ਪ੍ਰਬੰਧ ਵੀ ਹਨ ਪਰੰਤੂ ਪ੍ਰਮੁੱਖ ਰੂਪ ਵਿਚ ਇਹ ਤਿੰਨ ਹੀ ਹਨ।

1. **ਰੋਮਨ ਜਰਮੈਨਿਕ ਪਰਿਵਾਰ (Romano-Germanic Family)** : ਇਸ ਵਿਚ ਉਹ ਦੇਸ਼ ਸ਼ਾਮਲ ਹੈ ਜਿਨ੍ਹਾਂ ਵਿਚ ਕਾਨੂੰਨ ਵਿਗਿਆਨ ਦਾ ਵਿਕਾਸ ਰੋਮਨ ਸਿਵਲ ਕਾਨੂੰਨ ਦੇ ਆਧਾਰ ਉਤੇ ਹੋਇਆ ਹੈ। ਇਥੇ ਕਾਨੂੰਨ ਦੇ ਨਿਯਮਾਂ ਨੂੰ ਵਿਹਾਰ ਦੇ ਨਿਯਮਾਂ ਦੇ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ ਅਤੇ ਆਪਣੇ ਅੰਤਿਮ ਰੂਪ ਵਿਚ ਇਹ ਇਨਸਾਫ ਤੇ ਨੈਤਿਕਤਾ ਦੇ ਵਿਚਾਰ ਨਾਲ ਜੁੜਦੇ ਹਨ। ਇਸ ਪਰਿਵਾਰ ਦਾ ਗੁਣ ਇਹ ਹੈ ਕਿ ਕਾਨੂੰਨ ਮੁਖ ਰੂਪ ਵਿਚ ਇਤਿਹਾਸਕ ਕਾਰਜ ਵਿਚੋਂ ਪੈਦਾ ਹੋਇਆ ਹੈ ਜਿਹੜਾ ਨਾਗਰਿਕ ਦੇ ਨਿਜੀ ਸੰਬੰਧਾਂ ਨੂੰ ਨਿਯਮਤ ਕਰਨ ਦਾ ਸਾਧਨ ਹੈ। ਇਹ ਨਿਜੀ ਕਾਨੂੰਨ ਆਪਣੇ ਅਧਿਕਾਰਤ ਪਖੋਂ ਧਰਮ ਨਿਰਪੱਖ ਹੈ।

2. **ਜਨਤਕ ਕਾਨੂੰਨ ਪਰਿਵਾਰ (Common Law Family)** : ਇਸ ਵਿਚ ਇੰਗਲੈਂਡ ਦਾ ਕਾਨੂੰਨ ਅਤੇ ਇਸ ਕਾਨੂੰਨ ਦੇ ਆਧਾਰ ਤੇ ਜਿਹੜੇ ਦੂਜੇ ਕਾਨੂੰਨ ਦੇ ਮਾਡਲ

ਵਿਕਸਤ ਹੋਏ ਹਨ ਉਹ ਸ਼ਾਮਲ ਹਨ। ਇਹ ਉਨ੍ਹਾਂ ਜੱਜਾਂ ਦੁਆਰਾ ਤਿਆਰ ਕੀਤਾ ਗਿਆ ਹੈ ਜਿਨ੍ਹਾਂ ਨੇ ਵਿਸ਼ੇਸ਼ ਤਰ੍ਹਾਂ ਦੇ ਝਗੜਿਆਂ ਨੂੰ ਨਿਜੱਠਿਆ ਹੈ। ਜਨਤਕ ਕਾਨੂੰਨ ਉਹੀ ਕਾਨੂੰਨ ਹੈ ਜਿਹੜਾ ਕਿਸੇ ਮੁਕੱਦਮੇ ਨੂੰ ਨਿਜੱਠਦਾ ਹੈ ਅਤੇ ਇਹ ਕਾਨੂੰਨ ਤੋਂ ਭਿੰਨ ਹੈ ਜਿਹੜਾ ਭਵਿੱਖ ਦੇ ਵਿਹਾਰ ਦੇ ਨੇਮਾਂ ਨੂੰ ਨਿਰਧਾਰਤ ਕਰਦਾ ਹੈ। ਇਸ ਤਰ੍ਹਾਂ ਜਨਤਕ ਕਾਨੂੰਨ ਜੱਜ ਦੁਆਰਾ ਬਣਾਇਆ ਕਾਨੂੰਨ ਹੈ ਜਿਹੜਾ ਨਿਆਇਕ ਫੈਸਲਿਆਂ ਦਾ ਨਿਆਇਕ Legal Proceeding ਉਤੇ ਆਧਾਰਤ ਹੁੰਦਾ ਹੈ। ਇਹ ਕਾਨੂੰਨੀ ਵੰਡ, ਇਸ ਦਾ ਸੰਕਲਪ ਇਸਦੀ ਸ਼ਬਦਾਵਲੀ ਤੇ ਵਿਧੀ ਰੋਮਾਨੋ-ਜਰਮੈਨਿਕ ਪਰਿਵਾਰ ਦੇ ਕਾਨੂੰਨ ਨਾਲ ਬਿਲਕੁੱਲ ਹੀ ਭਿੰਨ ਹੈ।

3. **ਸਮਾਜਵਾਦੀ ਕਾਨੂੰਨ ਦਾ ਪਰਿਵਾਰ** : ਇਸ ਰੋਮਨ ਕਾਨੂੰਨ ਵਾਂਗ ਕਾਨੂੰਨ ਦੇ ਰਾਜ ਉਤੇ ਮਾਪਦੰਡ ਹੈ। ਇਹ ਸਮਾਜਵਾਦੀ ਰੂਪ ਵਿਚ ਪ੍ਰਚਲਿਤ ਰਿਹਾ। ਇਸੇ ਨਿਜੀ ਕਾਨੂੰਨ ਦੀ ਥਾਂ ਪਬਲਿਕ ਕਾਨੂੰਨ ਲੈ ਲਈ। ਇਹ ਰੂਪ ਵਿਚ ਕ੍ਰਾਂਤੀ ਦੇ ਕਾਰਜਾਂ ਦੀ ਪੂਰਤੀ ਲਈ ਸਹਿਯੋਗੀ ਹੈ।
4. **ਮੁਸਲਿਮ ਤੇ ਹਿੰਦੂ ਕਾਨੂੰਨ** : ਇਹ ਕਾਨੂੰਨ ਧਰਮ ਨਾਲ ਜੁੜਿਆ ਹੈ। ਮੁਸਲਿਮ ਕਾਨੂੰਨ ਦਾ ਸ੍ਰੋਤ ਕੁਰਾਨ ਹੈ ਅਤੇ ਹਿੰਦੂ ਕਾਨੂੰਨ ਦਾ ਸ੍ਰੋਤ ਇਹ ਵੈਦ, ਸਿਮ੍ਰਤੀਆਂ ਤੇ ਸੂਤਰ ਹਨ। ਪੱਛਮ ਦੀ ਤਰ੍ਹਾਂ ਇਨ੍ਹਾਂ ਦੋਵੇਂ ਸਮੁਦਾਇਆਂ ਵਿਚ ਕਾਨੂੰਨ ਨੂੰ ਸਮਾਜ ਦਾ ਅਨਿਵਾਰੀ ਅੰਗ ਤੇ ਆਧਾਰ ਮੰਨਿਆ ਗਿਆ ਹੈ। ਚੰਗੀ ਸਮਾਜਿਕ ਵਿਵਸਥਾ ਲਈ ਕਾਨੂੰਨ ਦਾ ਮਹੱਤਵ ਜ਼ਰੂਰੀ ਹੈ ਅਤੇ ਲੋਕਾਂ ਨੂੰ ਕਾਨੂੰਨ ਅਨੁਵਾਰਕ ਰਹਿਣਾ ਚਾਹੀਦਾ ਹੈ ਅਤੇ ਅਦਾਲਤਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਕਾਨੂੰਨ ਦਾ ਸਤਿਕਾਰ ਹੋਵੇ ਕਿਉਂਕਿ ਕਾਨੂੰਨ ਤੋਂ ਬਾਹਰ ਜਾਣ ਦਾ ਅਰਥ ਸਮਾਜ ਵਿਚ ਅਕਾਰਨੀ ਜਾਂ ਮਨਮਰਜ਼ੀ ਪੈਦਾ ਕਰਨਾ ਹੈ। ਚੀਨ ਵਿਚ ਸਾਲਸੀ ਕਾਨੂੰਨ ਇੱਕ ਸਮੁਦਾਏ

ਪ੍ਰਤੀਕ ਹੋਣਗੇ। ਪੰਚਾਇਤੀ ਫੈਸਲੇ ਅਨੁਸਾਰ ਚੱਲਦਾ ਹੈ। ਉਥੇ ਚੰਗਾ ਨਾਗਰਿਕ ਉਸਨੂੰ ਮੰਨਿਆ ਜਾਂਦਾ ਹੈ ਜਿਹੜਾ ਕਾਨੂੰਨ ਨਾਲ ਸਰੋਕਾਰ ਰੱਖਣ ਦੀ ਥਾਂ ਆਪਣੇ ਝਗੜੇ ਜਾਂ ਕਿਸੇ ਹੋਰ ਲਈ ਸਾਲਸੀ ਫੈਸਲਾ ਹੀ ਮੰਨੇ।

**ਭਾਰਤੀ ਕਾਨੂੰਨ ਵਿਵਸਥਾ (Indian Legal System)**

ਕਾਨੂੰਨ ਜਿੱਥੇ ਰਾਜਨੀਤਕ ਸੰਗਠਨ ਅਤੇ ਸਮਾਜ ਦੀ ਸਰੰਚਨਾ ਨੂੰ ਪ੍ਰਭਾਵਿਤ ਕਰਦਾ ਹੈ ਉੱਥੇ ਵਿਅਕਤੀਗਤ ਸੰਬੰਧਾਂ ਦੀ ਨਿਯਮਾਂਵਲੀ ਅਤੇ ਵਿਧੀ-ਵਿਧਾਨ ਪ੍ਰਦਾਨ ਕਰਦਾ ਹੋਇਆ ਸੰਬੰਧਤ ਸਮੁਦਾਇਆਂ ਵਿਚਲੇ ਲੋਕਾਂ ਵਿੱਚ ਆਪਸੀ ਲੜਾਈ ਝਗੜਿਆਂ ਦੇ ਨਿਪਟਾਰੇ ਲਈ ਨਿਰਪੱਖ ਪ੍ਰਬੰਧਕੀ ਨਿਜ਼ਾਮ ਰਾਹੀਂ ਸਮਾਜ ਵਿੱਚ ਸਥਿਰਤਾ ਵੀ ਪ੍ਰਦਾਨ ਕਰਦਾ ਹੈ। ਇਸ ਲਈ ਸਾਰੇ ਹੀ ਮਨੁੱਖੀ ਸਮਾਜਾਂ ਵਿੱਚ ਕਾਨੂੰਨ ਇੱਕ ਜਾਂ ਦੂਜੇ ਰੂਪ ਵਿੱਚ ਪ੍ਰਾਪਤ ਵੀ ਹੈ ਅਤੇ ਪ੍ਰਚਲਤ ਵੀ। ਜਦੋਂ ਅਸੀਂ ਕਾਨੂੰਨ ਪ੍ਰਣਾਲੀ ਸ਼ਬਦ ਦੀ ਵਰਤੋਂ ਕਰਦੇ ਹਾਂ ਤਾਂ ਇਸ ਦਾ ਅਰਥ ਕਿਸੇ ਵੀ ਰਾਜ ਜਾਂ ਸਮੁਦਾਏ ਦੇ ਕਾਨੂੰਨਾਂ ਦੀ ਸਮੁੱਚਤਾ ਤੋਂ ਹੁੰਦਾ ਹੈ।

ਕਿਸੇ ਵੀ ਦੇਸ਼/ਰਾਜ ਦੀ ਕਾਨੂੰਨ ਪ੍ਰਣਾਲੀ ਉਸ ਸਮਾਜ ਦੇ ਆਰਥਿਕ ਰਾਜਨੀਤਿਕ ਅਤੇ ਸਭਿਆਚਾਰਕ ਸੁਭਾਅ ਨੂੰ ਵੀ ਪ੍ਰਤੀਬਿੰਬਤ ਕਰਦੀ ਹੈ। ਇਸ ਪ੍ਰਸੰਗ ਵਿੱਚ ਜਦੋਂ ਅਸੀਂ ਭਾਰਤ ਵਿਚਲੀ ਨਿਆਂ ਪ੍ਰਣਾਲੀ ਦੀ ਗੱਲ ਕਰਦੇ ਹਾਂ ਤਾਂ ਇਸ ਦੀ ਵਿਸ਼ੇਸ਼ਤਾ ਅਤੇ ਵਿਲੱਖਣਤਾ ਇਸਦੇ ਆਪਣੇ ਉਪਰੋਕਤ ਸੁਭਾਅ ਕਾਰਨ ਹੈ। ਭਾਰਤੀ ਆਧੁਨਿਕ ਕਾਨੂੰਨ ਬਾਰੇ ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਇਸ ਦਾ ਇੱਕ ਦਿਲਚਸਪ ਅਤੇ ਕੌੜਾ ਪਹਿਲੂ ਇਹ ਹੈ ਕਿ ਆਧੁਨਿਕ ਭਾਰਤੀ ਕਾਨੂੰਨੀ ਪ੍ਰਬੰਧ ਬਰਤਾਨਵੀ ਸਾਮਰਾਜ ਦੀਆਂ ਲੋੜਾਂ ਵਿਚੋਂ ਪੈਦਾ ਹੋਇਆ ਹੈ। ਇਸ ਲਈ ਇਹ ਤਕਨੀਕੀ ਅਤੇ ਪ੍ਰਕ੍ਰਿਆ ਪੱਖੋਂ ਜਿੱਥੇ ਬਹੁਤ ਜਟਿਲ, ਜ਼ੋਖ਼ਮ ਭਰਪੂਰ ਤੇ ਖਰਚੀਲਾ ਹੈ ਉੱਥੇ ਇਹ ਆਮ ਨਾਗਰਿਕ ਵਿਸ਼ੇਸ਼ ਕਰਕੇ ਅਨਪੜ੍ਹ ਲੋਕਾਂ ਲਈ ਅਜੇ ਵੀ ਵਿਦੇਸ਼ੀ ਹੈ। ਜਿਵੇਂ ਅਸੀਂ ਉਪਰ ਕਿਹਾ ਹੈ ਕਿ ਕਾਨੂੰਨੀ ਪ੍ਰਬੰਧ ਕਿਸੇ ਵੀ

ਰਾਜ ਜਾਂ ਸਮੁਦਾਏ ਦੇ ਸਮੁੱਚੇ ਜੀਵਨ ਨੂੰ ਪ੍ਰਤੀਬਿੰਬਤ ਕਰਨ ਵਾਲਾ ਹੁੰਦਾ ਹੈ, ਉਹ ਅਜੇ ਤੱਕ ਵੀ ਭਾਰਤੀ ਕਾਨੂੰਨ ਵਿੱਚ ਸਪੱਸ਼ਟ ਰੂਪ ਵਿੱਚ ਇਸ ਕਰਕੇ ਹੀ ਦਿਖਾਈ ਨਹੀਂ ਦਿੰਦਾ ਕਿ ਆਧੁਨਿਕ ਭਾਰਤੀ ਕਾਨੂੰਨ ਦੀ ਕੋਡੀਫਿਕੇਸ਼ਨ ਬਰਤਾਨਵੀ ਸਾਮਰਾਜ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੋਈ ਹੈ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਅਸੀਂ ਆਪਣੇ ਭਾਰਤੀ ਸੰਵਿਧਾਨ ਅਧੀਨ ਇਸ ਵਿੱਚ ਭਾਵੇਂ ਬਹੁਤ ਸਾਰੇ ਬਦਲਾਵ ਲਿਆਂਦੇ ਹਲ ਅਤੇ ਆਜ਼ਾਦ ਭਾਰਤ ਦੀਆਂ ਨਵੀਆਂ ਲੋੜਾਂ ਅਨੁਸਾਰ ਇਸ ਵਿੱਚ ਹੋਰ ਵਾਧੇ-ਘਾਟੇ ਅਤੇ ਨਵੀਆਂ ਵਿਆਖਿਆਵਾਂ ਸ਼ਾਮਲ ਕੀਤੀਆਂ ਗਈਆਂ ਹਨ ਪਰ ਮੁੱਖ ਰੂਪ ਵਿੱਚ ਇਸ ਦਾ ਬੁਨਿਆਦੀ ਢਾਂਚਾ ਬਸਤੀਵਾਦੀ ਰਾਜ ਵਾਲਾ ਹੀ ਹੈ।

ਭਾਰਤ ਵਿਚ ਕਾਨੂੰਨ ਦੀ ਵਿਵਸਥਾ ਦੀ ਇੱਕ ਸਮਰਿੱਧ ਪ੍ਰੰਪਰਾ ਹੈ। ਜਦੋਂ ਅਸੀਂ ਹਿੰਦੂ ਕਾਨੂੰਨ (Hindu Law) ਦੀ ਗੱਲ ਕਰਦੇ ਹਾਂ ਤਾਂ ਇਸਦੇ ਮੁੱਖ ਰੂਪ ਵਿੱਚ ਦੋ ਸਰੋਤ ਬਣਦੇ ਹਨ। ਪਹਿਲਾ ਧਰਮ ਦੇ ਫ਼ਰਮਾਨ ਅਤੇ ਦੂਜਾ ਵੇਦ ਸਿਮ੍ਰਤੀਆਂ ਆਦਿ। ਹਿੰਦੂ ਕਾਨੂੰਨ ਦੇ ਮੁੱਖ ਰੂਪ ਵਿਚ ਤਿੰਨ ਕਾਲ ਬਣਦੇ ਹਨ:[46]

1. ਵੈਦਿਕ ਕਾਲ (ਪੂਰਵ ਸੂਤਰ ਕਾਲ)
2. ਧਰਮ ਸ਼ਾਸਤਰ
   (ੳ) ਸਿਮ੍ਰਤੀ ਕਾਲ
   (ਅ) ਸੂਤਰ ਕਾਲ
3. ਉੱਤਰ ਸਿਮ੍ਰਤੀ ਕਾਲ

**ਵੈਦਿਕ ਕਾਲ** :- ਇਸ ਸਮੇਂ ਦਾ ਪ੍ਰਮਾਣਿਕ ਇਤਿਹਾਸ ਉਪਲੱਬਧ ਨਹੀਂ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਆਰੀਆ ਅਤੇ ਭਾਰਤੀ ਆਰੀਆ ਲੋਕਾਂ ਵਿੱਚ ਵਿਸ਼ਵ ਦੀਆਂ ਵਿਕਸਤ ਸੱਭਿਆਤਾਵਾਂ ਜਿਨ੍ਹਾਂ ਵਿੱਚ ਬੈਬੂਲ ਜਾਂ ਮਿਸਰ ਆਦਿ ਦੀਆਂ ਸੱਭਿਆਤਾਵਾਂ ਸ਼ਾਮਲ ਹਨ, ਵਾਂਗ ਇਤਿਹਾਸਕ ਦਸਤਾਵੇਜ ਰੱਖਣ ਜਾਂ ਸੰਭਾਲਣ ਦੀ ਪ੍ਰੰਪਰਾ ਨਹੀਂ ਸੀ। ਪ੍ਰੰਤੂ ਫਿਰ ਵੀ ਪੱਛਮੀ ਅਤੇ ਭਾਰਤੀ ਵਿਦਵਾਨਾਂ ਨੇ ਵੈਦਿਕ

ਕਾਲ ਦੇ ਸਮੇਂ ਨੂੰ ਨਿਸ਼ਚਿਤ ਕੀਤਾ ਹੈ ਜਿਹੜਾ 4000 ਈ.ਪੂ ਤੋਂ 1000 ਈ.ਪੂ. ਦਾ ਬਣਦਾ ਹੈ। ਇਹ ਵੀ ਸੰਭਵ ਹੈ ਕਿ ਵੇਦਾਂ ਦੇ ਕੁੱਝ ਸ਼ਲੋਕ 4000 ਈ.ਪੂ. ਤੋਂ ਵੀ ਪਹਿਲਾਂ ਦੇ ਹੋਣ। ਹਿੰਦੂ ਮਤ ਵਿੱਚ ਕਾਨੂੰਨ ਧਰਮ ਦੀ ਇੱਕ ਸ਼ਾਖ ਹੈ। ਇਸੇ ਲਈ ਉਹ ਕਾਨੂੰਨ ਨੂੰ ਦੈਵੀ ਸਿਆਣਪ ਵਜੋਂ ਸਵੀਕਾਰਦੇ ਹੋਏ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਬ੍ਰਹਿਮੰਡ ਦਾ ਹਰ ਵਰਤਾਰਾ ਉਸ ਦੈਵੀ ਕਾਨੂੰਨ ਦੁਆਰਾ ਹੀ ਨਿਯੰਤਰਿਤ ਹੈ। ਇਹ ਕਾਨੂੰਨ ਇੱਕ ਤਰ੍ਹਾਂ ਨਾਲ ਪ੍ਰਾਕ੍ਰਿਤਕ ਕਾਨੂੰਨ ਹੈ ਜਾਂ ਤਰਕ ਦਾ ਕਾਨੂੰਨ ਹੈ ਜੋ ਅਲਿਖਤ ਹੈ।[47] 'ਸਰੂਤੀ' ਦੇ ਸਮੇਂ ਵਿੱਚ ਪਹੁੰਚਣ 'ਤੇ ਕਾਨੂੰਨ ਇੱਕ ਤਰ੍ਹਾਂ ਨਾਲ ਪਰੰਪਰਿਕ ਵਜੋਂ ਆਪਣਾ ਦਰਜਾ ਹਾਸਲ ਕਰਦਾ ਹੈ। 'ਸਿਮ੍ਰਤੀਆਂ' ਦਾ ਕਾਨੂੰਨ ਪੁਰਾਤਨ ਕਾਨੂੰਨ ਦਾ ਫਰੇਮ ਵਰਕ ਹੈ। ਇਸ ਉਤੇ ਵੀ ਭਾਵੇਂ ਜ਼ਿਆਦਾ ਜ਼ੋਰ ਧਰਮ ਉੱਤੇ ਹੀ ਦਿੱਤਾ ਗਿਆ ਹੈ ਪਰ ਫਿਰ ਵੀ ਇਨ੍ਹਾਂ ਧਰਮ ਸ਼ਾਸਤਰਾਂ ਵਿੱਚ ਕਾਨੂੰਨ, ਰੀਤੀ ਰਿਵਾਜਾਂ 'ਤੇ ਹੀ ਆਧਾਰਤ ਹੈ। 'ਮਨੂ ਸਿਮਰਿਤੀ' ਵਿੱਚ ਧਰ ਨੂੰ ਕਰਤੱਵ ਨਾਲ ਜੋੜਿਆ ਗਿਆ ਹੈ ਅਤੇ ਇਸ ਵਿੱਚ ਇਸ ਬਾਰੇ ਲੰਮੀ ਚੌੜੀ ਵਿਵਸਥਾ ਹੈ। ਭਾਰਤ ਦਾ ਪੁਰਾਤਨ ਹਿੰਦੂ ਕਾਨੂੰਨ ਵੇਦਾਂ ਵਿੱਚ ਨਿਹਿਤ ਹੈ ਅਤੇ ਸਿਮ੍ਰਤੀਆਂ ਰਾਹੀਂ ਪੇਸ਼ ਹੋਇਆ ਹੈ। ਇਸ ਤਰ੍ਹਾਂ ਇਹ ਬੁਨਿਆਦੀ ਆਧਾਰ ਸਿਮ੍ਰਤੀਆਂ ਦਾ ਕਾਨੂੰਨ ਹੈ ਅਤੇ ਸਮੇਂ-ਸਮੇਂ ਵਿੱਚ ਇਸ ਵਿੱਚ ਵਾਧਾ ਘਾਟਾ ਹੁੰਦਾ ਰਿਹਾ ਹੈ। ਸਤਵੀਂ ਸਦੀ ਤੋਂ ਬਾਅਦ 'ਸਿਮ੍ਰਤੀ' ਦੀਆਂ ਜਿਹੜੀਆਂ ਆਲੋਚਨਾਵਾਂ ਅਤੇ ਟਿੱਪਣੀਆਂ ਪ੍ਰਾਪਤ ਹੋਈਆਂ ਹਨ ਉਨ੍ਹਾਂ ਰਾਹੀਂ ਕਾਨੂੰਨ ਦਾ ਵਿਸਥਾਰ ਅਤੇ ਸੰਯੋਜਨ ਵੀ ਹੋਇਆ ਹੈ। ਇਸ ਤਰ੍ਹਾਂ 'ਸਿਮ੍ਰਤੀਆਂ' ਵਿਚਲਾ ਕਾਨੂੰਨ ਮੁੱਖ ਰੂਪ ਵਿੱਚ ਪਰੰਪਰਿਕ ਸੀ, ਚਿਰਕਾਲ ਸਥਾਪਿਤ ਤੇ ਸਨਮਾਨਿਤ ਸੀ। ਸੰਸਥਾਵਾਂ ਤੇ ਰੀਤੀਆਂ ਨੂੰ ਨਿਆਂ ਅਨੁਸਾਰ ਸੁਰੱਖਿਅਤ ਰੱਖਣ ਦੇ ਆਦੇਸ਼ ਸਨ। ਕਾਨੂੰਨ ਨੂੰ ਸਿਰਫ਼ ਸਿਮ੍ਰਤੀਆਂ ਵਿੱਚ ਪਾਠ ਤੱਕ ਸੀਮਿਤ ਨਹੀਂ ਰੱਖਿਆ ਗਿਆ ਸੀ ਸਗੋਂ ਇਨ੍ਹਾਂ ਦੇ ਆਧਾਰ 'ਤੇ ਵਰਤੋਂ ਰਾਹੀਂ ਵੀ ਇਨ੍ਹਾਂ ਨੂੰ ਸੁਰੱਖਿਅਤ ਰੱਖਿਆ ਗਿਆ ਸੀ।

ਭਾਰਤੀ ਕਾਨੂੰਨ ਦੇ ਇਤਿਹਾਸਕ ਵਿਕਾਸ ਵਿੱਚ ***ਕੁਟੱਲਿਆ ਦਾ ਅਰਥ ਸ਼ਾਸਤਰ*** ਇੱਕ ਬਹੁਤ ਹੀ ਮਹੱਤਵਪੂਰਨ ਅਤੇ ਮੁੱਲਵਾਨ ਗ੍ਰੰਥ ਹੈ। ਇਸ ਗ੍ਰੰਥ ਦਾ ਅੱਠਵਾਂ ਭਾਗ ਕਾਨੂੰਨ ਵਿਵਸਥਾ ਦੇ ਵਿਭਿੰਨ ਪਹਿਲੂਆਂ ਨਾਲ ਜੁੜਿਆ ਹੋਇਆ ਸੀ। ਇਸ ਵਿੱਚ ਕਾਨੂੰਨ ਦੇ ਸਰੋਤ, ਜੱਜਾਂ ਤੇ ਮਜਿਸਟ੍ਰੇਟਾਂ ਦੇ ਅਧਿਕਾਰ, ਕਰਤੱਵ, ਸਿਵਲ ਪਰੋਸੀਜਰ ਅਤੇ ਲਾਅ ਆਫ ਐਵੀਡੈਂਸ ਦੇ ਵਿਸ਼ਿਆਂ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ***ਕੁਟੱਲਿਆ ਦੇ ਅਰਥ ਸ਼ਾਸਤਰ*** ਵਿੱਚ ਕਾਨੂੰਨ ਅਤੇ ਇਨਸਾਫ਼ ਬਾਰੇ ਸਪੱਸ਼ਟ ਆਦੇਸ਼ ਦਰਜ ਹਨ ਜਿਵੇਂ:-

1. *ਜਿਹੜਾ ਰਾਜਾ ਆਪਣੀ ਪਰਜਾ ਨੂੰ ਕਾਨੂੰਨ ਅਤੇ ਇਨਸਾਫ਼ ਰਾਹੀਂ ਸੁਰੱਖਿਅਤ ਰੱਖਣ ਦਾ ਫਰਜ਼ ਅਦਾ ਕਰਦਾ ਹੈ ਉਹ ਸਿੱਧਾ ਸਵਰਗ ਵਿੱਚ ਜਾਂਦਾ ਹੈ। ਦੂਜੇ ਪਾਸੇ ਜਿਹੜਾ ਰਾਜਾ ਆਪਣੀ ਪਰਜਾ ਨੂੰ ਅਜਿਹੀ ਸੁਰੱਖਿਆ ਮੁਹੱਈਆ ਨਹੀਂ ਕਰਵਾਉਂਦਾ ਤੇ ਬੇਕਸੂਰਾਂ ਨੂੰ ਸਜ਼ਾਵਾਂ ਦਿੰਦਾ ਹੈ ਉਹ ਸਵਰਗ ਵਿੱਚ ਨਹੀਂ ਜਾਂਦਾ।**

2. *ਜਦੋਂ ਨਿਰਪੱਖ ਹੋ ਕੇ ਕਿਸੇ ਗੁਨਾਹ ਦੇ ਅਨੁਪਾਤ ਅਨੁਸਾਰ ਸਜ਼ਾ ਦਿੱਤੀ ਜਾਂਦੀ ਹੈ ਤਾਂ ਬਿਨ੍ਹਾਂ ਇਹ ਦੇਖੇ ਕਿ ਉਹ ਬੰਦਾ ਖ਼ੁਦ ਰਾਜੇ ਦਾ ਲੜਕਾ ਹੈ ਜਾਂ ਦੁਸ਼ਮਣ, ਤਾਂ ਅਜਿਹੀ ਸਜ਼ਾ ਇੱਕ ਸ਼ਕਤੀ ਬਣਦੀ ਹੈ ਜਿਹੜੀ ਇੱਕ ਸੰਸਾਰ ਤੋਂ ਦੂਜੇ ਸੰਸਾਰ ਨੂੰ ਬਚਾ ਕੇ ਰੱਖਦੀ ਹੈ।*

3. *ਜੇ ਜੱਜ ਆਪਣੇ ਕਰਤੱਵ ਨੂੰ ਨਿਰਪੱਖ ਅਤੇ ਬਾਹਰਮੁਖੀ ਹੋ ਕੇ ਨਿਭਾਉਂਦਾ ਹੈ ਤਾਂ ਉਨ੍ਹਾਂ ਨੂੰ ਜਨਤਾ ਦਾ ਵਿਸ਼ਵਾਸ ਅਤੇ ਪਿਆਰ ਹਾਸਲ ਹੋਵੇਗਾ।*[48]

ਉਪਰੋਕਤ ਤਿੰਨੋ ਕਥਨ ਕੁਟੱਲਿਆ ਦੇ ਅਰਥ ਸ਼ਾਸਤਰ ਦੀ 'ਪੁਸਤਕ ਤੀਜੀ' ਦੇ ਪਹਿਲੇ ਭਾਗ ਦੇ ਵਿੱਚ ਦਰਜ ਹਨ।

ਕੁਟੱਲਿਆ ਦੇ ਅਰਥ ਸ਼ਾਸਤਰ ਅਨੁਸਾਰ ਕਾਨੂੰਨ ਦੇ ਚਾਰ ਮੁੱਖ ਸਰੋਤ ਹਨ[49]:-

1. **ਧਰਮ (Dharam):** ਜਿਹੜਾ ਸੱਚਾਈ 'ਤੇ ਆਧਾਰਤ ਹੈ।

2. **ਗਵਾਹੀ (Evidence):** ਜਿਹੜੀ ਮੌਕੇ 'ਤੇ ਆਧਾਰਤ ਹੈ।

3. **ਰੀਤੀ (Custom):** ਉਹ ਵਿਹਾਰ ਜੋ ਲੋਕਾਂ ਵੱਲੋਂ ਪ੍ਰਵਾਨਤ ਹੈ।

4. **ਸ਼ਾਹੀ ਫੁਰਮਾਨ (Royal Edicts):** ਰਾਜਾ ਜੋ ਕਾਨੂੰਨ ਬਣਾਉਂਦਾ ਹੈ।

ਇੱਥੇ ਇਹ ਵੀ ਦਰਜ ਹੈ ਕਿ ਜੇ ਸ਼ਾਸਤਰ ਅਤੇ ਲਿਖਤ ਕਾਨੂੰਨ ਜਿਹੜੇ ਧਰਮ 'ਤੇ ਆਧਾਰਨ ਹਨ, ਵਿੱਚ ਕੋਈ ਵਿਰੋਧ ਪੈਦਾ ਹੋ ਜਾਵੇ ਤਾਂ ਲਿਖਤ ਕਾਨੂੰਨ ਲਾਗੂ ਹੋਵੇਗਾ। ਇਸੇ ਤਰ੍ਹਾਂ ਇਹ ਪੁਸਤਕ ਜੱਜਾਂ, ਮੈਜਿਸਟਰੇਟਾਂ ਅਤੇ ਕਾਨੂੰਨ ਨਾਲ ਸਬੰਧਤ ਦੂਸਰੇ ਵਿਅਕਤੀਆਂ ਦੀਆਂ ਸ਼ਕਤੀਆਂ ਅਤੇ ਇਨ੍ਹਾਂ ਦੀਆਂ ਰੋਕਾਂ ਉੱਤੇ ਵੀ ਵਿਸਤ੍ਰਿਤ ਚਰਚਾ ਕਰਦੀ ਹੈ ਅਤੇ ਇਸ ਪੁਸਤਕ ਵਿੱਚ ਜੱਜਾਂ ਲਈ ਵਿਸ਼ੇਸ਼ ਤੌਰ 'ਤੇ ਕੁਝ ਦਿਸ਼ਾ ਨਿਰਦੇਸ਼ ਵੀ ਦਿੱਤੇ ਗਏ ਹਨ। ਇਸ ਪੁਸਤਕ ਦਾ ਇੱਕ ਭਾਗ ਕਰੀਮੀਨਲ ਇਨਵੈਸਟੀਗੇਸ਼ਨ ਅਤੇ ਸਿਵਲ ਕਾਨੂੰਨ ਦੇ ਵਿਭਿੰਨ ਮੁੱਦਿਆਂ ਨਾਲ ਵੀ ਜੁੜਿਆ ਹੋਇਆ ਹੈ ਅਤੇ ਇਸ ਵਿੱਚ ਸਜ਼ਾ ਦਾ ਉਪਬੰਧ ਵੀ ਸ਼ਾਮਲ ਕੀਤਾ ਗਿਆ ਹੈ, ਜਿਵੇਂ ਮੌਤ ਦੀ ਸਜ਼ਾ ਕਿਵੇਂ ਦਿੱਤੀ ਜਾਣੀ ਚਾਹੀਦੀ ਹੈ ਤਸੀਹੇ ਦੇ ਕੇ ਜਾਂ ਬਿਨਾਂ ਤਸੀਹਿਆਂ ਤੋਂ, ਪਾਣੀ ਵਿੱਚ ਡੁਬੋ ਕੇ ਜਾਂ ਅੱਗ ਨਾਲ ਸਾੜ ਕੇ ਜਾਂ ਦੋਸ਼ੀ ਦੇ ਸਰੀਰ ਨੂੰ ਵਿਚਾਲੇ ਤੋਂ ਫਾੜ ਕੇ।[50] ਇਸ ਸ਼ਾਸਤਰ ਵਿੱਚ ਸਪੱਸ਼ਟ ਰੂਪ ਵਿੱਚ ਦਰਜ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਦੇ ਜੁਰਮ ਲਈ ਕਿਸ ਤਰ੍ਹਾਂ ਦੀ ਮੌਤ ਦੀ ਸਜ਼ਾ ਦਿੱਤੀ ਜਾਣੀ ਹੈ। ਆਧੁਨਿਕ ਭਾਰਤੀ ਕਾਨੂੰਨੀ ਵਿਵਸਥਾ (Modern Indian Legal System) ਕਾਨੂੰਨ ਦੀ ਲੰਬੀ ਵਿਵਸਥਾ ਹੈ ਜਿਹੜੀ ਦੈਵੀ ਕਾਨੂੰਨ ਤੋਂ ਸ਼ੁਰੂ ਹੋ ਕੇ ਪ੍ਰਕ੍ਰਿਤਕ ਤੇ ਪਰੰਪਰਿਕ ਕਾਨੂੰਨ ਰਾਹੀਂ ਲਿਖਤੀ ਕਾਨੂੰਨ ਦੀ ਕਾਨੂੰਨੀ ਵਿਵਸਥਾ ਤੱਕ ਪਹੁੰਚੀ ਹੈ। ਭਾਰਤ ਵਿੱਚ ਵਿਦੇਸ਼ੀ ਸ਼ਾਸਕਾਂ ਦੀ ਆਮਦ ਨਾਲ ਇਸ ਕਾਨੂੰਨ ਵਿੱਚ ਬਦਲਾਅ ਵੀ ਆਇਆ ਹੈ। ਇਸਲਾਮ ਦੇ ਆਉਣ ਨਾਲ ਇਸ ਵਿੱਚ ਇਸਲਾਮਿਕ ਕਾਨੂੰਨ ਦੀਆਂ ਮੱਦਾਂ ਵੀ ਸ਼ਾਮਿਲ ਹੋਈਆਂ ਅਤੇ ਅੰਗਰੇਜ਼ਾਂ ਦੇ ਭਾਰਤ ਉੱਤੇ ਕਬਜਾ

ਕਰਨ ਤੋਂ ਬਾਅਦ ਉਨ੍ਹਾਂ ਵੱਲੋਂ ਬਸਤੀਵਾਦੀ ਕਾਨੂੰਨ ਸਾਡੇ ਉੱਤੇ ਠੋਸਿਆ ਗਿਆ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਭਾਰਤ ਛੋਟੇ ਰਾਜਾਂ ਵਿੱਚ ਵੰਡਿਆ ਸੀ ਜਾਂ ਇਹਨਾਂ ਵਿਚੋਂ ਕੁਝ ਰਾਜ ਵਿਆਪਕ ਰਾਜਾਂ ਦੇ ਅੰਗ ਵਜੋਂ ਕੰਮ ਕਰਦੇ ਹਨ। ਹਰ ਰਾਜ ਦਾ ਆਪਣਾ ਰਾਜਾ ਸੀ ਜਿਸ ਕੋਲ ਵਿਆਪਕ ਸ਼ਕਤੀਆਂ ਸੀ। ਇਨ੍ਹਾਂ ਰਾਜਾਂ ਵਿਚ ਜਿਉਂ ਜਿਉਂ ਫ਼ੌਜੀ ਸ਼ਕਤੀ ਵਧਦੀ ਗਈ ਤਿਉਂ ਤਿਉਂ ਫ਼ੌਜ ਜਿਆਦਾ ਸ਼ਕਤੀਸ਼ਾਲੀ ਹੁੰਦੀ ਚਲੀ ਗਈ ਕਿਉਂਕਿ ਇਹ ਫ਼ੌਜ ਹੀ ਸੀ ਜਿਹੜੀ ਕਿਸੇ ਰਾਜ ਦੀ ਅੰਦਰੂਨੀ ਤੇ ਬਾਹਰੀ ਤਾਕਤ ਅਥਵਾ ਸੱਤਾ ਨੂੰ ਬਚਾਉਣ ਵਿਚ ਜਿਆਦਾ ਸਹਾਈ ਹੁੰਦੀ ਸੀ। ਇਸ ਕਰਕੇ ਕੁਝ ਇਤਿਹਾਸਕਾਰਾਂ ਨੇ ਇਹ ਵੀ ਕਿਹਾ ਹੈ ਕਿ ਇਹ ਇਕ ਤਰ੍ਹਾਂ ਨਾਲ ਫ਼ੌਜੀ ਰਿਆਸਤਾਂ ਸਨ। ਇਸ ਪ੍ਰਬੰਧ ਨੂੰ ਮੁਸਲਮਾਨੀ ਰਾਜਾਂ ਵਿਚ ਵੀ ਪ੍ਰਚਲਿਤ ਦੇਖਿਆ ਗਿਆ ਹੈ। ਫ਼ੌਜ ਦੀ ਮੁੱਖ ਜ਼ਿੰਮੇਵਾਰੀ ਜਿੱਥੇ ਕਾਨੂੰਨ ਤੇ ਨਿਆਂ ਦੀ ਵਿਵਸਥਾ ਨੂੰ ਕਾਇਮ ਰੱਖਦੀ ਸੀ ਉਥੇ ਉਨ੍ਹਾਂ ਦਾ ਜ਼ਿਆਦਾ ਜੋਰ ਮਾਲੀਆ ਇਕੱਠਾ ਕਰਨ 'ਤੇ ਸੀ। ਇਸ ਮਨੋਰਥ ਲਈ ਪੂਰੀ ਰਿਆਸਤ ਨੂੰ ਅੱਗੋਂ ਉਪ-ਪ੍ਰਬੰਧਕੀ ਇਕਾਈਆਂ ਵਿਚ ਵੰਡਿਆ ਜਾਂਦਾ ਸੀ। ਹਰ ਉਪ-ਪ੍ਰਬੰਧਕੀ ਇਕਾਈ ਵਿਚ ਕੁਝ ਪਿੰਡ ਹੁੰਦੇ ਸਨ। ਪ੍ਰਬੰਧਕੀ ਇਕਾਈ ਦਾ ਮੁਖੀਆ ਕਿਸੇ ਵੀ ਪਿੰਡ ਵਿਚ ਉਦੋਂ ਤਕ ਦਖ਼ਲ ਨਹੀਂ ਸੀ ਦਿੰਦਾ ਜਦੋਂ ਤੱਕ ਉਹ ਪਿੰਡ ਸੁਚੱਜੇ ਰੂਪ ਵਿਚ ਮਾਲੀਆ ਅਦਾ ਕਰਦਾ ਸੀ। ਇਸ ਤਰ੍ਹਾਂ ਹਰ ਪਿੰਡ ਇਕ ਤਰ੍ਹਾਂ ਨਾਲ ਪੂਰਨ ਰੂਪ ਵਿਚ ਰਿਪਬਲਿਕ ਵਜੋਂ ਵਿਚਰਦਾ ਸੀ। ਇਸਦਾ ਅਰਥ ਇਹ ਹੋਇਆ ਕਿ ਪਿੰਡ ਦੀ ਪੱਧਰ 'ਤੇ ਪੈਦਾ ਹੋਈ ਕੋਈ ਵੀ ਨਿਆਂ ਸੰਬੰਧੀ ਸਮੱਸਿਆ ਦਾ ਨਿਪਟਾਰਾ ਪਿੰਡ ਦੀ ਪੰਚਾਇਤ ਜਾਂ ਇਸ ਦੇ ਮੁਖੀਆ ਦੁਆਰਾ ਕੀਤਾ ਜਾਂਦਾ ਸੀ। ਨਿਆਂ ਦਾ ਕੋਈ ਲਿਖਤੀ ਰੂਪ ਵੀ ਨਹੀਂ ਸੀ। ਨਿਆਂ ਉਸ ਮੁਖੀਏ ਜਾਂ ਪੰਚਾਇਤ ਦੀ ਰਾਇ ਨਾਲ ਕੀਤਾ ਜਾਂਦਾ ਸੀ। ਦੂਜੇ ਅਰਥਾਂ ਵਿਚ ਪਿੰਡ ਪੱਧਰ 'ਤੇ ਨਿਆਂ ਸੰਬੰਧੀ ਉੱਠੇ ਪ੍ਰਸ਼ਨਾਂ ਨੂੰ ਉਥੇ ਹੀ ਸੁਲਝਾ ਦਿੱਤਾ ਜਾਂਦਾ ਸੀ। ਰਾਜਾ ਜਾਂ ਬਾਦਸ਼ਾਹ ਉਦੋਂ ਹੀ ਇਸ ਵਿਚ

ਦਖਲਅੰਦਾਜ਼ੀ ਕਰਦੇ ਸਨ ਜਦੋਂ ਕੋਈ ਵਿਅਕਤੀ ਰਾਜ ਲਈ ਵੰਗਾਰ ਬਣਦਾ ਸੀ ਜਾਂ ਮਾਲੀਆ ਅਦਾ ਕਰਨ ਤੋਂ ਮੁਨਕਰ ਹੁੰਦਾ ਸੀ। ਇਸ ਦਾ ਪ੍ਰਮਾਣ ਮਦਰਾਸ ਦੀ ਉਦਾਹਰਣ ਰਾਹੀਂ ਐਚ.ਐਚ. ਡੌਡਵੈੱਲ ਦੇ ਕਥਨ ਤੋਂ ਮਿਲਦਾ ਹੈ।[51]

ਇਸ ਤਰ੍ਹਾਂ ਰਾਜ ਦੀਵਾਨੀ ਤੇ ਫ਼ੌਜਦਾਰੀ ਦੋਵੇਂ ਤਰ੍ਹਾਂ ਦੇ ਮਾਮਲਿਆਂ ਵਿਚ ਦਖਲ ਦਿੰਦਾ ਸੀ ਈਸਟ ਇੰਡੀਆ ਕੰਪਨੀ ਨੇ ਦੋ ਅਮਲੀ ਪ੍ਰਣਾਲੀ ਤਹਿਤ ਦੀਵਾਨੀ ਤਾਂ ਪ੍ਰਾਪਤ ਕਰ ਲਈ ਪ੍ਰੰਤੂ ਸਿਵਲ ਤੇ ਕਾਨੂੰਨੀ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਤੋਂ ਪੂਰਨ ਰੂਪ ਵਿਚ ਮੁਕਤ ਰਹੀ। ਇਨਸਾਫ਼ ਨਾਲ ਜੁੜਿਆ ਪ੍ਰਬੰਧ ਮਹਿੰਗਾ ਹੀ ਨਹੀਂ ਸੀ ਸਗੋਂ ਅਜਿਹਾ ਕਰਨ ਨਾਲ ਕੰਪਨੀ ਨੂੰ ਮਹਿਸੂਸ ਹੋਇਆ ਕਿ ਅਜੇ ਕੱਚੇ ਪੈਰੀਂ ਲੋਕਾਂ ਦੀ ਪ੍ਰਤੀਕਿਰਿਆ ਜਾਂ ਰੋਸ ਨੂੰ ਉਹ ਬਿਨਾਂ ਮਤਲਬ ਸਹਿਣਾ ਨਹੀਂ ਸੀ ਚਾਹੁੰਦੀ। ਇਸ ਲਈ ਨਿਜ਼ਾਮਤ ਦਾ ਕਾਰਜ ਨਵਾਬ ਨੂੰ ਹੀ ਸੌਂਪਿਆ ਗਿਆ ਅਤ ਦੀਵਾਨੀ ਦਾ ਕਾਰਜ ਦੀਵਾਨ ਨੂੰ ਦਿੱਤਾ ਗਿਆ। ਦੀਵਾਨੀ ਕਿਉਂਕਿ ਖ਼ੁਦ ਕੰਪਨੀ ਕੋਲ ਸੀ ਇਸ ਲਈ ਕੰਪਨੀ ਹੀ ਦੀਵਾਨ ਸੀ। ਹੌਲੀ ਹੌਲੀ ਕੰਪਨੀ ਜਿਆਦਾ ਸ਼ਕਤੀਸ਼ਾਲੀ ਹੁੰਦੀ ਚਲੀ ਗਈ ਤੇ ਉਹ ਦੂਜੇ ਰਾਜਾਂ ਨੂੰ ਵੀ ਆਪਣੇ ਨਾਲ ਜੋੜਦੀ ਚਲੀ ਗਈ। ਇਸ ਤਰ੍ਹਾਂ ਪ੍ਰਬੰਧਕੀ ਵਿਵਸਥਾ ਨੂੰ ਪੈਦਾ ਕਰਨ ਦੀ ਜ਼ੁੰਮੇਵਾਰੀ ਵੀ ਕੰਪਨੀ ਸਿਰ ਆਉਂਦੀ ਗਈ। ਨਿਆਇਕ ਵਿਵਸਥਾ ਦੇ ਮੁੱਖ ਰੂਪ ਵਿਚ ਪੰਜ ਉਪ ਅੰਗ ਬਣੇ। ਪਹਿਲਾਂ ਨਵਾਬ ਜਿਸ ਕੋਲ ਸੁਤੰਤਰ ਸ਼ਕਤੀਆਂ ਹਨ ਤੇ ਉਸਨੂੰ ਮੌਤ ਤਕ ਦੀ ਸਜ਼ਾ ਦੇਣ ਦਾ ਅਧਿਕਾਰ ਸੀ। ਆਮ ਲੜਾਈ ਝਗੜਿਆਂ ਦੇ ਨਿਪਟਾਰੇ ਲਈ ਨਾਇਬ ਦੀਵਾਨ ਫੈਸਲਾ ਕਰਦਾ ਸੀ। ਤੀਜੇ ਨੰਬਰ ’ਤੇ ਫ਼ੌਜਦਾਰ ਸੀ ਜਿਹੜਾ ਮੌਤ ਦੀ ਸਜ਼ਾ ਨੂੰ ਛੱਡ ਕੇ ਬਾਕੀ ਸਾਰੇ ਕੇਸਾਂ ਦਾ ਫੈਸਲਾ ਦਿੰਦਾ ਸੀ। ਚੌਥੇ ਨੰਬਰ ’ਤੇ ਮੋਹਤਿਸੀਲ ਸੀ ਜਿਹੜਾ ਨਸ਼ੇ ਜਾਂ ਨਜਾਇਜ਼ ਸ਼ਰਾਬ ਦੀ ਵਿਕਰੀ ਵਿਰੁੱਧ ਕਾਰਵਾਈ ਕਰਦਾ ਸੀ। ਪੰਜਵਾਂ ਇਲਾਕੇ ਵਿਚ ਰਾਤ ਨੂੰ ਅਮਨ ਕਾਨੂੰਨ ਬਣਾਈ ਰੱਖਣ ਲਈ ਜ਼ਿੰਮੇਵਾਰ ਸੀ। ਪੇਂਡੂ ਇਲਾਕੇ ਵਿਚ ਦੀਵਾਨੀ ਤੇ ਫ਼ੌਜਦਾਰੀ ਮਾਮਲਿਆਂ ਦੀ

ਜ਼ਿੰਮੇਵਾਰੀ ਜ਼ਿਮੀਦਾਰਾਂ ਉਤੇ ਸੀ। ਬਦਲੀਆਂ ਪਰਸਥਿਤੀਆਂ ਦੇ ਪ੍ਰਸੰਗ ਵਿਚ ਵਾਰਨ ਹੇਸਟਿੰਗ ਨੂੰ 1772 ਈ. ਵਿਚ ਇਹ ਦੋ ਅਮਲੀ ਪ੍ਰਣਾਲੀ ਖ਼ਤਮ ਕਰਨੀ ਪਈ ਤੇ ਸਮੁੱਚੀ ਸਿਵਲ ਕਾਨੂੰਨ ਤੇ ਨਿਆਂ ਵਿਵਸਥਾ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਕੰਪਨੀ ਨੂੰ ਆਪਣੇ ਸਿਰ ਲੈਣੀ ਪਈ। ਇਸ ਕਾਰਜ ਲਈ ਵਾਰਨ ਹੇਸਟਿੰਗ ਨੇ ਕੁਝ ਬੁਨਿਆਦੀ ਸੁਧਾਰਾਂ ਲਈ ਪਹਿਲਕਦਮੀ ਕੀਤੀ ਜਿਸ ਅਧੀਨ ਸਭ ਤੋਂ ਪਹਿਲਾਂ ਉਸਨੇ ਇੱਕ ਸੁਚੱਜੀ ਨਿਆਇਕ ਵਿਵਸਥਾ ਕਾਇਮ ਕੀਤੀ।[52] ਉਹਨਾਂ ਨੇ ਇਸ ਪ੍ਰਬੰਧ ਨੂੰ ਸਭ ਤੋਂ ਪਹਿਲਾਂ ਬੰਗਾਲ ਪ੍ਰੈਸੀਡੈਂਸੀ 'ਤੇ ਲਾਗੂ ਕੀਤਾ। ਜਿਉਂ ਜਿਉਂ ਉਹ ਆਪਣੇ ਰਾਜ ਦਾ ਵਿਸਥਾਰ ਕਰਦੇ ਗਏ ਤਿਉਂ ਤਿਉਂ ਉਹ ਇਸ ਪ੍ਰਬੰਧ ਦਾ ਜਿੱਥੇ ਹੋਰ ਵਿਸਥਾਰ ਕਰਦੇ ਰਹੇ ਉਥੇ ਇਸ ਨੂੰ ਜਿਆਦਾ ਕੁਸ਼ਲ ਬਣਾਉਣ ਲਈ ਇਸ ਵਿਚ ਹੋਰ ਬਦਲਾਅ ਵੀ ਕਰਦੇ ਰਹੇ। 1773 ਈ. ਵਿਚ ਰੈਗੂਲੇਟਿੰਗ ਐਕਟ ਜਿਹੜਾ ਬ੍ਰਿਟਿਸ਼ ਪਾਰਲੀਮੈਂਟ ਦੁਆਰਾ ਪਾਸ ਕੀਤਾ ਗਿਆ ਸੀ ਉਸ ਵਿਚ ਗਵਰਨਰ ਜਨਰਲ ਇਨ ਕੌਂਸਲ ਨੂੰ ਸਰਵੋਤਮ ਮੰਨਿਆ ਗਿਆ ਤੇ ਉਸ ਕੋਲ ਭਾਰਤ ਵਿਚਲੇ ਕੰਪਨੀ ਰਾਜ ਦੀਆਂ ਸਮੂਹ ਕਾਰਜਕਾਰੀ ਸ਼ਕਤੀਆਂ ਨੂੰ ਨਿਭਾਉਣ ਦੀ ਪੂਰੀ ਤਾਕਤ ਸੀ। ਰੈਗੂਲੇਟਿੰਗ ਐਕਟ ਵਿੱਚ ਇਕ ਸੁਪਰੀਮ ਕੋਰਟ ਦੀ ਵਿਵਸਥਾ ਵੀ ਕੀਤੀ ਗਈ ਜਿਸ ਵਿਚ ਚੀਫ਼ ਜਸਟਿਸ ਤੋਂ ਇਲਾਵਾ ਤਿੰਨ ਹੋਰ ਜੱਜ ਹੁੰਦੇ ਸਨ ਇਹਨਾਂ ਨੂੰ ਇੰਗਲੈਂਡ ਦਾ ਬਾਦਸ਼ਾਹ ਨਿਯੁਕਤ ਕਰਦਾ ਸੀ। ਇਹਨਾਂ ਨੂੰ ਸਮੇਤ ਅੰਗਰੇਜ਼ ਕਰਮਚਾਰੀ ਅਤੇ ਅੰਗਰੇਜ਼ਾਂ ਦੇ ਨੌਕਰ ਆਦਿ ਤੱਕ ਕੇਸਾਂ ਨੂੰ ਸੁਨਣ ਦਾ ਅਧਿਕਾਰ ਸੀ ਅਤੇ ਇਹਨਾਂ ਕੇਸਾਂ ਨੂੰ ਇੰਗਲੈਂਡ ਦੀ ਕਾਨੂੰਨੀ ਵਿਵਸਥਾ ਅਨੁਸਾਰ ਸੁਲਝਾਇਆ ਜਾਂਦਾ ਸੀ। ਐਸ.ਸੀ. ਰੇਅ ਚੌਧਰੀ ਅਨੁਸਾਰ ਕੰਪਨੀ ਨੇ ਜਿਸ ਨਿਆਂ ਪ੍ਰਬੰਧ ਨੂੰ ਲਾਗੂ ਕੀਤਾ ਉਸ ਦੇ ਹੇਠਲੇ ਪੱਧਰ 'ਤੇ ਦੋ ਦੀਵਾਨੀ ਤੇ ਫ਼ੌਜਦਾਰੀ ਅਦਾਲਤਾਂ ਸਨ। ਇਕ ਨੂੰ ਸਦਰ ਦੀਵਾਨੀ ਅਦਾਲਤ ਤੇ ਦੂਜੇ ਨੂੰ ਸਦਰ ਨਿਜ਼ਾਮਤ ਅਦਾਲਤ ਦਾ ਨਾਂ ਦਿੱਤਾ ਗਿਆ ਸੀ। ਲਾਡਰ ਕਾਰਨਵਾਲਿਸ ਦੇ ਸਮੇਂ ਵਿਚ ਇਹ ਦੋਵੇਂ ਤਰ੍ਹਾਂ

ਦੀਆਂ ਅਦਾਲਤਾਂ ਨੂੰ ਦੁਆਰਾ ਫਿਰ ਇਕ ਕਰ ਦਿੱਤਾ ਗਿਆ ਤੇ ਇਸਦੇ ਨਾਲ ਨਾਲ ਕੰਪਨੀ ਰਾਜ ਨੇ ਕਾਨੂੰਨ ਨੂੰ ਲਿਖਤੀ ਰੂਪ ਵੀ ਦੇ ਦਿੱਤਾ। ਇਸ ਲਈ ਉਹਨਾਂ ਨੇ ਇਕ ਲਾਅ ਕਮੀਸ਼ਨ ਮੈਕਾਲੇ ਦੀ ਚੇਅਰਮੈਨਸ਼ਿਪ ਵਿਚ ਨਿਯੁਕਤ ਕੀਤਾ। ਪਰ 1848 ਈ. ਵਿਚ ਇਸਨੂੰ ਖ਼ਤਮ ਕਰ ਦਿੱਤਾ ਗਿਆ। 1853 ਈ. ਦੇ ਚਾਰਟਰ ਐਕਟ ਤਹਿਤ ਪੈਨਲ ਕੋਡ ਦੀ ਪਰਖ ਲਈ ਇੰਗਲੈਂਡ ਵਿਚ ਇਕ ਕਮਿਸ਼ਨ ਦੀ ਸਥਾਪਤੀ ਕੀਤੀ। ਇਹਨਾਂ ਨੇ ਪਹਿਲੇ ਡਰਾਫ਼ਟ ਕੋਡ ਦੀ ਸਹਾਇਤਾ ਲੈ ਕੇ ਸਿਵਲ ਮਾਮਲਿਆਂ ਬਾਰੇ 1860 ਈ. ਵਿਚ ਅਤੇ ਫ਼ੌਜਦਾਰੀ ਮਾਮਲਿਆਂ ਬਾਰੇ 1861 ਈ. ਵਿਚ Code Procedure ਅਤੇ Code of Criminal Procedure ਨਾਂ ਤਹਿਤ ਹਾਈ ਕੋਰਟਾਂ ਅਤੇ ਨਿਚਲੀਆਂ ਅਦਾਲਤਾਂ ਵਿਚ ਇਹਨਾਂ ਨੂੰ ਲਾਗੂ ਕਰ ਦਿੱਤਾ। ਇਹ ਕੋਡਜ਼ ਹੀ ਅਸਲ ਵਿਚ ਭਾਰਤ ਦੀ ਆਧੁਨਿਕ ਨਿਆਂ ਪ੍ਰਣਾਲੀ ਦੇ ਆਧਾਰ ਬਣਦੇ ਹਨ।[53] ਕਿਉਂਕਿ ਹਰ ਦਸ ਸਾਲ ਬਾਅਦ ਕੰਪਨੀ ਨੂੰ ਬਰਤਾਨਵੀ ਪਾਰਲੀਮੈਂਟ ਤੋਂ ਤਰਮੀਆਂ ਦੀ ਪ੍ਰਵਾਨਗੀ ਲੈਣੀ ਪੈਂਦੀ ਸੀ ਦੂਜੇ ਬਰਤਾਨੀਆ ਦੀ ਪਾਰਲੀਮੈਂਟ ਵੀ ਕੰਪਨੀ ਉਤੇ ਆਪਣਾ ਸ਼ਿਕੰਜਾ ਬਣਾਈ ਰੱਖਣਾ ਚਾਹੁੰਦੀ ਸੀ। ਇਸ ਲਈ ਉਹ ਸਮੇਂ ਸਮੇਂ ਕੰਪਨੀ ਨੂੰ ਹਦਾਇਤਾਂ ਵੀ ਦਿੰਦੀ ਸੀ ਜਿਸਨੂੰ ਰੈਗੂਲੇਟਿੰਗ ਐਕਟ ਤਹਿਤ ਹਰ ਦਸ ਸਾਲ ਬਾਅਦ ਨਵਿਆਇਆ (Renew) ਜਾਂਦਾ ਸੀ। ਇਸ ਤਰ੍ਹਾਂ ਨਿਆਇਕ ਪ੍ਰਬੰਧ ਉਤੇ ਵੀ ਪੁਨਰ ਵਿਚਾਰ ਹੁੰਦਾ ਸੀ ਅਤੇ ਲੋੜ ਅਨੁਸਾਰ ਜਿਥੇ ਇਸ ਵਿਚ ਤਰਮੀਆਂ ਕੀਤੀਆਂ ਜਾਂਦੀਆਂ ਸਨ ਉਥੇ ਨਵੇਂ ਵਾਧੇ ਵੀ ਕੀਤੇ ਜਾਂਦੇ ਸਨ। ਇਹ ਵਿਵਸਥਾ 1858 ਈ. ਤਕ ਜਾਰੀ ਰਹੀ ਜਦੋਂ ਤਕ ਕੰਪਨੀ ਦਾ ਰਾਜ ਖ਼ਤਮ ਨਹੀਂ ਹੋਇਆ। 1858 ਈ. ਵਿਚ ਕੰਪਨੀ ਦੁਆਰਾ ਅਧਿਕਾਰਤ ਸਮੁੱਚਾ ਭਾਰਤ ਸਿੱਧਾ ਬ੍ਰਿਟਿਸ਼ ਰਾਜ ਅਧੀਨ ਹੋ ਗਿਆ। ਇਸ ਤੋਂ ਬਾਅਦ ਅੰਗਰੇਜ਼ੀ ਰਾਜ ਨੇ ਕਾਨੂੰਨ ਪ੍ਰਬੰਧ ਨੂੰ ਹੋਰ ਮਜਬੂਤ ਬਣਾਉਣ ਲਈ ਸਮੁੱਚੇ ਭਾਰਤ ਨੂੰ ਇਕ ਤਰ੍ਹਾਂ ਦੇ ਅਧੀਨ ਆਏ ਉਥੇ ਪ੍ਰਬੰਧਕੀ ਪੱਧਰ ਉੱਤੇ ਵੀ ਕਾਨੂੰਨ ਦੀ ਪ੍ਰਕਿਰਿਆ ਇਕਸਾਰ ਕੀਤੀ ਗਈ। ਵੱਡੀਆਂ

ਅਦਾਲਤਾਂ ਤੋਂ ਲੈ ਕੇ ਛੋਟੀਆਂ ਅਦਾਲਤਾਂ ਤਕ ਦਾ ਸਮੁੱਚਾ ਪ੍ਰਬੰਧਕੀ ਵਰਤਾਰਾ ਤੈਅ ਹੋਇਆ। ਵਕੀਲਾਂ ਤੋਂ ਲੈ ਕੇ ਜੱਜਾਂ ਤਕ ਅਤੇ ਦੂਸਰੇ ਕਰਮਚਾਰੀਆਂ ਤਕ ਦੀਆਂ ਮੁੱਢਲੀਆਂ ਯੋਗਤਾਵਾਂ ਤੋਂ ਲੈ ਕੇ ਉਹਨਾਂ ਦੀਆਂ ਤਨਖਾਹਾਂ, ਤਰੱਕੀਆਂ ਅਤੇ ਕੰਮ ਕਰਨ ਦੀ ਸਮੁੱਚੀ ਪ੍ਰਣਾਲੀ ਬਾਰੇ ਨੇਮ ਤੈਅ ਹੋਏ ਅਤੇ ਉਹਨਾਂ ਦੀ ਟ੍ਰੇਨਿੰਗ ਆਦਿ ਤਕ ਨੂੰ ਵੀ ਨਿਯਮਬੱਧ ਕੀਤਾ ਗਿਆ ਇਸ ਤਰ੍ਹਾਂ ਭਾਰਤ ਵਿਚ ਲਿਖਤੀ ਕਾਨੂੰਨ, ਉਸਦੀ ਪ੍ਰਕਿਰਿਆ, ਉਸਦਾ ਪ੍ਰਬੰਧਕੀ ਢਾਂਚਾ, ਉਸ ਦੀਆਂ ਜ਼ਿੰਮੇਵਾਰੀਆਂ ਅਤੇ ਜਵਾਬਦੇਹੀ ਆਦਿ ਤਕ ਦੇ ਸਮੁੱਚੇ ਪ੍ਰਬੰਧ ਤੇ ਕਾਰਜਾਂ ਨੂੰ ਲਿਖਤੀ ਤੇ ਨਿਯਮਬੱਧ ਕਰਨ ਦਾ ਸਿਹਰਾ ਬਰਤਾਨਵੀ ਸਾਮਰਾਜ ਨੂੰ ਜਾਂਦਾ ਹੈ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਸਾਡਾ ਆਪਣਾ ਸੰਵਿਧਾਨ ਬਣਿਆ। ਉਸ ਸੰਵਿਧਾਨ ਵਿੱਚ ਨਿਆਂ ਪਾਲਿਕਾ ਅਤੇ ਨਿਆਂ ਪ੍ਰਣਾਲੀ ਦੀ ਵਿਵਸਥਾ ਹੋਈ। ਉਸ ਵਿੱਚ ਆਮ ਆਦਮੀ ਦੇ ਹੱਕਾਂ ਅਤੇ ਕਰਤੱਵਾ ਨੂੰ ਵੀ ਦਰਜ ਕੀਤਾ ਗਿਆ। ਉਸ ਵਿੱਚ ਇਹ ਵੀ ਦਰਜ ਕੀਤਾ ਗਿਆ ਕਿ ਹਰ ਬੰਦੇ ਨੂੰ (Welfare State) ਕਲਿਆਣਕਾਰੀ ਰਾਜ ਦੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਅਤੇ ਕਾਨੂੰਨ ਦੀ ਨਜ਼ਰ ਵਿੱਚ ਸਾਰੇ ਬੰਦਿਆਂ ਨੂੰ ਸਮਾਨ ਮੰਨਿਆ ਜਾਵੇ। ਲਿਖਤੀ ਰੂਪ ਵਿੱਚ ਭਾਰਤੀ ਕਾਨੂੰਨ ਵਿਵਸਥਾ ਦੇ ਚਾਰ ਮੁਖ ਅੰਗ ਹਨ:

1. *ਵਿਸ਼ੇਸ਼ ਬੁਨਿਆਦੀ ਸਿਧਾਂਤ ਤੇ ਮੁੱਲ (ਇਹ ਜ਼ਿਆਦਾਤਰ ਭਾਰਤੀ ਸੰਵਿਧਾਨ ਵਿੱਚ ਦਰਜ ਹਨ)।*
2. *ਕਾਰਜਕਾਰੀ ਪ੍ਰਤੀਮਾਨ (Operational Norms) (ਭਾਰਤੀ ਨਾਗਰਿਕਾਂ ਦੇ ਅਧਿਕਾਰ ਤੇ ਫ਼ਰਜ਼ ਇਸ ਵਿੱਚ ਸਮਾਨ ਹਨ)*
3. *ਸੰਸਥਾਈ ਸੰਗਠਨ (Institutional Structure) ਕਾਨੂੰਨ ਵਿਵਸਥਾ ਲਾਗੂ ਕਰਨ ਦੇ ਸੰਸਥਾਈ ਸੰਗਠਨ।*
4. *ਕਾਨੂੰਨ ਨਾਲ ਸਬੰਧਤ ਕਾਨੂੰਨਦਾਨ ਜਿਵੇਂ (ਜੱਜ, ਵਕੀਲ ਆਦਿ)*

**ਸੰਵਿਧਾਨ** : ਇਹ ਸੰਵਿਧਾਨ ਅਸੀਂ 26 ਨਵੰਬਰ 1949 ਨੂੰ ਅਪਣਾਉਂਦੇ ਬਣਾਉਂਦੇ ਹਾਂ ਅਤੇ ਭਾਰਤੀ ਕੌਮ ਨੂੰ ਪ੍ਰਦਾਨ ਕਰਦੇ ਹਾਂ। 26 ਜਨਵਰੀ 1950 ਨੂੰ ਲਾਗੂ ਹੋਏ ਭਾਰਤੀ ਸੰਵਿਧਾਨ ਵਿੱਚ ਨਿਆਂ ਦੇ ਸੰਕਲਪ ਦੀ ਹੋਰ ਸਮਾਜੀ ਮੁੱਲਾਂ ਦੇ ਪ੍ਰਸੰਗ ਵਿੱਚ ਵਿਸਤਰਿਤ ਵਿਆਖਿਆ ਕੀਤੀ ਗਈ ਹੈ, ਸੰਵਿਧਾਨ ਦੀ ਪ੍ਰਸਤਾਵਨਾ ਵਿਚ ਅੰਕਿਤ ਹੈ:

> *ਅਸੀਂ ਭਾਰਤ ਦੇ ਲੋਕ ਦ੍ਰਿੜ ਨਿਰਨਾ ਕਰਦੇ ਹਾਂ ਕਿ ਭਾਰਤ ਪ੍ਰਭੂ ਸੱਤਾ ਸੰਪੰਨ ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕ ਤਾਂਤਰਿਕ ਗਣਤੰਤਰ ਹੋਵੇਗਾ ਜੋ ਕਿ ਭਾਰਤ ਦੇ ਹਰੇਕ ਸ਼ਹਿਰੀ ਲਈ ਸਮਾਜੀ ਆਰਥਿਕ ਅਤੇ ਸਿਆਸੀ ਨਿਆਂ; ਵਿਚਾਰ, ਪ੍ਰਗਟਾਓ, ਵਿਸ਼ਵਾਸ, ਧਰਮ ਅਤੇ ਪੂਜਾ ਦੀ ਆਜ਼ਾਦੀ, ਪਦਵੀ ਅਤੇ ਅਵਸਰ ਦੀ ਬਰਾਬਰੀ ਦੀ ਵਿਵਸਥਾ ਕਰੇਗਾ। ਇਹ ਸੰਵਿਧਾਨ ਸਾਰੇ ਸ਼ਹਿਰੀਆਂ ਵਿਚਕਾਰ-ਭਾਈਚਾਰਕ ਸਾਂਝ ਦਾ ਜਾਮਨ ਹੋਵੇਗਾ ਅਤੇ ਹਰੇਕ ਵਿਅਕਤੀ ਦੀ ਅਣਖ ਕਾਇਮ ਰੱਖਦਾ ਹੋਇਆ ਸਮੁੱਚੀ ਕੌਮ ਦੀ ਏਕਤਾ ਅਤੇ ਇੱਕ ਸੁਰਤਾ ਕਾਇਮ ਰੱਖੇਗਾ।*[54]

ਭਾਰਤੀ ਸੰਵਿਧਾਨ ਵਿੱਚ ਜਿਨ੍ਹਾਂ ਸਿਧਾਂਤਾਂ, ਨਿਯਮਾਂ, ਅਸੂਲਾਂ, ਕਾਇਦੇ ਕਾਨੂੰਨਾਂ ਅਤੇ ਮਰਿਯਾਦਾਵਾਂ ਦਾ ਜਿਕਰ ਕੀਤਾ ਗਿਆ ਹੈ ਉਨ੍ਹਾਂ ਦੀ ਵਿਆਖਿਆ ਹੀ ਸਮੁੱਚੇ ਸੰਵਿਧਾਨ ਦਾ ਮਜਮੂਨ ਹੈ। ਜਿਹੜੇ ਕਾਇਦੇ ਕਾਨੂੰਨ ਬਣਦੇ ਹਨ ਉਹ ਸੰਵਿਧਾਨ ਦੀ ਰੌਸ਼ਨੀ ਵਿੱਚ ਹੀ ਬਣਦੇ ਹਨ ਅਤੇ ਇਹਨਾਂ ਕਾਇਦੇ ਕਾਨੂੰਨਾਂ ਵਿੱਚ ਜਿਹੜੀਆਂ ਸੋਧਾਂ ਸਮੇਂ-ਸਮੇਂ ਸਿਰ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਦਾ ਵਿਧਾਨ ਵੀ ਸੰਵਿਧਾਨ ਵਿੱਚ ਚਰਚਿਤ ਕੀਤਾ ਗਿਆ ਹੈ। ਪ੍ਰਭੂ-ਸੱਤਾ ਸੰਪੰਨ ਭਾਰਤੀ ਰਾਜਤੰਤਰ ਜੋ ਦੂਸਰੇ ਮੁਲਕਾਂ ਦੀ ਹਰੇਕ ਕਿਸਮ ਦੀ ਦਾਸਤਾ ਤੋਂ ਆਪਣੇ ਆਪ ਨੂੰ ਆਜ਼ਾਦ ਸਮਝਦਾ ਹੈ ਨਾਲੋ ਨਾਲ ਦੂਸਰੇ ਕਿਸੇ ਮੁਲਕ ਨੂੰ ਵੀ ਆਪਣਾ ਗੁਲਾਮ ਬਣਾਉਣ ਲਈ ਕੋਈ ਵਿਵਸਥਾ

ਸੰਵਿਧਾਨ ਵਿੱਚ ਨਹੀਂ ਕਰਦਾ। ਇਹੀ ਨਹੀਂ ਸਗੋਂ ਸੁਤੰਤਰਤਾ ਦੇ ਸੰਕਲਪ ਨੂੰ ਮੱਧਕਾਲੀ ਬੰਦਸ਼ਾਂ ਤੋਂ ਵੀ ਮੁਕਤ ਕੀਤਾ ਗਿਆ ਹੈ। ਸੰਵਿਧਾਨ ਅਨੁਸਾਰ ਭਾਰਤ ਵਿੱਚ ਕਿਸੇ ਵੀ ਨਾਗਰਿਕ ਨੂੰ ਧਰਮ, ਜਾਤ-ਪਾਤ, ਲਿੰਗ, ਨਸਲ ਜਾਂ ਵਸੇਵੇ ਦੇ ਆਧਾਰ 'ਤੇ ਛੋਟਾ ਵੱਡਾ ਨਹੀਂ ਸਮਝਿਆ ਜਾ ਸਕਦਾ। ਰਾਜ ਦੇ ਕਾਨੂੰਨ ਦੀਆਂ ਨਜ਼ਰਾਂ ਵਿੱਚ ਹਰੇਕ ਸ਼ਹਿਰੀ ਬਰਾਬਰ ਦੇ ਹੱਕ ਰੱਖਦਾ ਹੈ।

ਭਾਵੇਂ ਪ੍ਰਸਤਾਵਨਾ ਵਿਚਲੇ ਕੁਲ ਸੰਕਲਪ ਨਿਆਂ ਨਾਲ ਜੁੜੇ ਹੋਏ ਹਨ ਪਰ ਸਮਾਜੀ, ਆਰਥਿਕ ਅਤੇ ਰਾਜਨੀਤਕ ਬਰਾਬਰੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ। ਇਸ ਬਰਬਰੀ ਦੀ ਵਿਆਖਿਆ ਕਰਨ ਤੋਂ ਪਹਿਲਾਂ ਇਹ ਵੀ ਚੇਤੇ ਰੱਖਣ ਵਾਲੀ ਗੱਲ ਹੈ ਕਿ ਮੱਧਕਾਲ ਦੇ ਜਿਹੜੇ ਵਿਤਕਰੇ ਭਾਰਤੀਆਂ ਵਿੱਚ ਮੌਜੂਦ ਹਨ ਅਤੇ ਜਿਨ੍ਹਾਂ ਅਨੁਸਾਰ ਸੰਪੰਨ ਸ਼੍ਰੇਣੀਆਂ ਦੇ ਵਿਅਕਤੀਆਂ ਨੂੰ ਵਿਸ਼ੇਸ਼ਤਤ ਅਧਿਕਾਰ ਪ੍ਰਾਪਤ ਸਨ ਉਹ ਖਤਮ ਕਰ ਦਿੱਤੇ ਗਏ। ਇਸ ਤੋਂ ਇਲਾਵਾ ਸਦੀਆਂ ਪੁਰਾਣੇ ਦੱਬੇ, ਕੁਚਲੇ ਲੋਕਾਂ ਦੀ ਤਰੱਕੀ ਲਈ ਵਿਸ਼ੇਸ਼ ਤੌਰ 'ਤੇ ਵਿਵਸਥਾ ਕੀਤੀ ਗਈ ਹੈ ਤਾਂ ਜੋ ਭਾਰਤ ਸੱਚ-ਮੁੱਚ ਇੱਕ ਧਰਮ-ਨਿਰਪੱਖ ਜਮਹੂਰੀ ਅਤੇ ਸਮਾਜਵਾਦੀ ਗਣਤੰਤਰ ਬਣ ਸਕੇ ਅਤੇ ਇਸ ਦੇਸ਼ ਦਾ ਹਰੇਕ ਸ਼ਹਿਰੀ ਆਪਣੇ ਫ਼ਰਜ਼ਾਂ ਦੀ ਪੂਰਤੀ ਕਰਦਾ ਹੋਇਆ ਆਪਣੇ ਹੱਕ ਬਿਨ੍ਹਾਂ ਕਿਸੇ ਭੈਅ ਤੋਂ ਮਾਣ ਸਕੇ।

ਭਾਰਤੀ ਸੰਵਿਧਾਨ ਵਿੱਚ ਨਿਆਂ ਦੇ ਸੰਕਲਪ ਦੀ ਇਸ ਭਾਵਨਾ ਉੱਤੇ ਸੰਪੂਰਨ ਬਲ ਦਿੱਤਾ ਗਿਆ ਹੈ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਜਿਨ੍ਹਾਂ ਬੁਨਿਆਦੀ ਮੁੱਲਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਅੱਗੋਂ ਜਿਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ ਉਹ ਨਿਆਂ ਮੂਲਕ ਵੀ ਹਨ ਅਤੇ ਨਿਆਂ ਪੁਸ਼ਟ ਵੀ। ਇਸਦਾ ਅਰਥ ਇਹ ਬਣਦਾ ਹੈ ਕਿ ਭਾਰਤੀ ਸੰਵਿਧਾਨ ਦੇ ਕਰਤਾ ਸਾਰੇ ਭਾਰਤੀਆਂ ਵਾਸਤੇ ਨਿਆਂਸ਼ੀਲ ਸਮਾਜ ਦੀ ਸਿਰਜਣਾ ਕਰਨ ਦੀ ਇੱਛਾ ਰੱਖਦੇ ਸਨ ਪ੍ਰੰਤੂ ਭਾਰਤੀ ਸਮਾਜ ਨੂੰ ਕਈ ਤਰ੍ਹਾਂ ਦੀ ਦਰਜਾ ਬੰਦੀਆਂ ਵਿੱਚ ਵੰਡਿਆ ਹੋਇਆ ਹੋਣ ਕਰਕੇ, ਸੰਵਿਧਾਨ ਵਿੱਚ

ਚਰਚਿਤ ਮੁੱਲ ਉੱਦੋਂ ਤੱਕ ਵਿਹਾਰਿਕ ਰੂਪ ਅਖਤਿਆਰ ਨਹੀਂ ਕਰ ਸਕਦੇ ਜਦੋਂ ਤੱਕ ਸਮਾਜੀ, ਸਿਆਸੀ ਜਾਂ ਆਰਥਿਕ ਨਾ ਬਰਾਬਰੀ ਖ਼ਤਮ ਨਹੀਂ ਹੁੰਦੀ। ਸੰਵਿਧਾਨਕਾਰ ਇਸ ਮਸਲੇ ਬਾਰੇ ਸੁਚੇਤ ਸਨ। ਇਸੇ ਲਈ ਉਨ੍ਹਾਂ ਨੇ ਮੂਲ ਅਧਿਕਾਰਾਂ ਦਾ ਜ਼ਿਕਰ ਕਰਦਿਆਂ ਉਸ ਵਿੱਚ ਸਮਾਜੀ, ਸਿਆਸੀ ਅਤੇ ਆਰਥਿਕ ਬਰਾਬਰੀ ਉੱਤੇ ਵੀ ਬਲ ਦਿੱਤਾ ਹੈ। ਪ੍ਰਸਤਾਵਨਾ ਵਿੱਚ ਵੀ ਇੱਕ ਸ਼ਬਦ ਸਮਾਜਵਾਦ ਦੀ ਵਰਤੋਂ ਕੀਤੀ ਗਈ ਹੈ। ਇਸ ਸ਼ਬਦ ਦਾ ਅਰਥ ਹੈ-ਪੈਦਾਵਾਰ ਦੇ ਸੋਮਿਆਂ ਅਤੇ ਸੰਦਾਂ ਦੀ ਸਾਂਝੀ ਮਾਲਕੀ ਤਾਂ ਜੋ ਕੋਈ ਵੀ ਧਨਵਾਨ ਆਪਣੇ ਧੰਨ ਦੀ ਪੂੰਜੀ ਵਜੋਂ ਵਰਤੋਂ ਕਰਕੇ ਕਾਮਿਆਂ ਦੀ ਕਿਰਤ ਸ਼ਕਤੀ ਦਾ ਸ਼ੋਸ਼ਣ ਨਾ ਕਰ ਸਕੇ।

ਪਰ ਇਸੇ ਸੰਵਿਧਾਨ ਵਿੱਚ ਹਰੇਕ ਵਿਅਕਤੀ ਨੂੰ ਸੰਪੱਤੀ ਦੀ ਨਿੱਜੀ ਅਤੇ ਵਿਅਕਤੀਗਤ ਮਾਲਕੀ ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਨਾਲੋਂ ਨਾਲ ਇਸ ਸੰਪੱਤੀ ਨੂੰ ਪੂੰਜੀ ਵਜੋਂ ਵਰਤਣ ਦਾ ਹਕ ਵੀ ਪ੍ਰਦਾਨ ਕੀਤਾ ਗਿਆ ਹੈ। ਇਸ ਹੱਕ ਉੱਤੇ ਕੁਝ ਬੰਦਸ਼ਾਂ ਵੀ ਲਗਾਈਆਂ ਗਈਆਂ ਹਨ। ਪਹਿਲੀ ਬੰਦਸ਼ ਤਾਂ ਇਹ ਹੈ ਕਿ ਕੋਈ ਵੀ ਵਿਅਕਤੀ ਕਿਸੇ ਕਾਮੇ ਤੋਂ ਮੁਫ਼ਤ ਕੰਮ ਅਰਥਾਤ ਵਗਾਰ ਨਹੀਂ ਕਰਵਾ ਸਕਦਾ। ਸਮਾਜ ਦੀ ਆਰਥਿਕ ਪ੍ਰਕਿਰਿਆ ਨੂੰ ਚਾਲੂ ਰੱਖਣ ਲਈ ਸਮਾਜੀ ਇਕਰਾਰਨਾਮੇ ਦੀ ਵਿਵਸਥਾ ਕੀਤੀ ਗਈ ਹੈ ਜਿਸਦਾ ਅਰਥ ਇਹ ਹੈ ਕਿ ਮੁਲਾਜ਼ਮ ਜਾਂ ਮਜ਼ਦੂਰ ਅਤੇ ਮਾਲਕ ਵਿਚਕਾਰ ਜਿਹੜਾ ਸਮਝੌਤਾ ਕੀਤਾ ਗਿਆ ਹੈ ਉਸ ਉੱਤੇ ਦੋਵੇਂ ਧਿਰਾਂ ਦਾ ਪੂਰਾ ਉਤਰਨਾ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ। ਪ੍ਰੰਤੂ ਮਾਲਕ ਦੁਆਰਾ ਕਾਮੇ ਦੇ ਸ਼ੋਸ਼ਣ ਦੀ ਵਿਵਸਥਾ ਤਾਂ ਸਮਝੌਤੇ ਦੇ ਅੰਤਰਗਤ ਹੀ ਮੌਜੂਦ ਹੁੰਦੀ ਹੈ-ਕਾਮੇ ਤੋਂ ਮਿਹਨਤ ਜ਼ਿਆਦਾ ਕਰਵਾਈ ਜਾਂਦੀ ਹੈ ਅਤੇ ਮੁਆਵਜ਼ਾ ਮੁਕਾਬਲਤਨ ਘੱਟ ਦਿੱਤਾ ਜਾਂਦਾ ਹੈ। ਕਾਮੇ ਦੀ ਮਿਹਨਤ ਕਾਰਨ ਜੋ ਪੈਦਾਵਾਰ ਹੁੰਦੀ ਹੈ ਉਸਦਾ ਇਕ ਹਿੱਸਾ ਮੁਨਾਫ਼ੇ ਦੀ ਸ਼ਕਲ ਵਿੱਚ ਪੂੰਜੀਪਤੀ ਦੇ ਕੋਲ ਚਲਿਆ

ਜਾਂਦਾ ਹੈ। ਇਸ ਪ੍ਰਕਾਰ ਕਿਰਤ ਦੀ ਲੁੱਟ ਹੁੰਦੀ ਰਹਿੰਦੀ ਹੈ ਜੋ ਕਿ ਸਰਮਾਏਦਾਰ ਵਿਵਸਥਾ ਦਾ ਅਟੱਨ ਨਿਯਮ ਹੈ ਪ੍ਰੰਤੂ ਭਾਰਤੀ ਸੰਵਿਧਾਨ ਇਸ ਦੀ ਖੁੱਲ੍ਹ ਦਿੰਦਾ ਹੈ।

ਇਸ ਖੁੱਲ੍ਹ ਸਦਕਾ ਭਾਰਤ ਦੋ ਵੱਡੀਆਂ ਸ੍ਰੇਣੀਆਂ ਵਿੱਚ ਵੰਡਿਆ ਹੋਇਆ ਹੈ–ਕਾਮਿਆਂ ਦੀ ਸ੍ਰੇਣੀ ਅਤੇ ਕੁਲੀਨਾਂ ਦੀ ਸ੍ਰੇਣੀ। ਇਨ੍ਹਾਂ ਦੋਹਾਂ ਸ੍ਰੇਣੀਆਂ ਵਿੱਚ ਆਰਥਿਕ ਪਾੜਾ ਵੱਧਦਾ ਚਲਿਆ ਜਾਂਦਾ ਹੈ–ਕਾਮੇ ਹੋਰ ਗਰੀਬ ਹੁੰਦੇ ਜਾਂਦੇ ਹਨ ਤੇ ਕੁਲੀਨ ਹੋਰ ਅਮੀਰ। ਦੋਹਾਂ ਸ੍ਰੇਣੀਆਂ ਵਿਚਕਾਰ ਦੂਰੀ ਵੱਧਦੀ ਚਲੀ ਜਾਂਦੀ ਹੈ ਜਿਸ ਨੂੰ ਸਫਲਾਂ ਅਤੇ ਅਸਫਲਾਂ ਵਿਚਕਾਰ ਤੋੜ ਵਿਛੋੜੇ ਦਾ ਨਾਮ ਦਿੱਤਾ ਗਿਆ ਹੈ। ਸਫਲਾਂ ਦੀ ਜੀਵਨ ਜਾਂਚ ਤਾਂ ਅਸਫਲਾਂ ਨਾਲੋਂ ਵੱਖਰੀ ਅਤੇ ਵਿਰੋਧੀ ਹੋ ਹੀ ਜਾਂਦੀ ਹੈ ਨਾਲੋਂ ਨਾਲ ਉਨ੍ਹਾਂ ਦੇ ਮਨਾਂ ਵਿੱਚ ਅਸਫਲਾਂ ਲਈ ਨਫ਼ਰਤ ਦੇ ਭਾਵ ਵੀ ਪ੍ਰਬਲ ਹੁੰਦੇ ਜਾਂਦੇ ਹਨ।

ਜਦੋਂ ਤੱਕ ਕਾਮਿਆਂ ਨੂੰ ਪੇਟ ਭਰਨ ਜੋਗਾ ਰੋਜ਼ਗਾਰ ਮਿਲਦਾ ਰਹਿੰਦਾ ਹੈ ਉਹ ਔਖੇ ਸੌਖੇ ਦਿਨ ਕੱਟੀ ਕਰਦੇ ਰਹਿੰਦੇ ਹਨ ਪ੍ਰੰਤੂ ਬੇਕਾਰੀ ਦੀ ਸਥਿਤੀ ਵਿੱਚ ਜਦੋਂ ਉਨ੍ਹਾਂ ਨੂੰ ਮੁੱਢਲੀਆਂ ਲੋੜਾਂ ਪੂਰੀਆਂ ਕਰਨੀਆਂ ਵੀ ਔਖੀਆਂ ਹੋ ਜਾਂਦੀਆਂ ਹਨ ਤਾਂ ਉਹ ਗ਼ੈਰ ਕਾਨੂੰਨੀ ਧੰਦੇ ਕਰਨ ਲਈ ਮਜਬੂਰ ਹੋ ਜਾਂਦੇ ਹਨ ਤੇ ਜਾਂ ਫੇਰ ਭੁੱਖ ਮਰੀ ਦਾ ਸ਼ਿਕਾਰ ਹੋ ਜਾਂਦੇ ਹਨ। ਹਾਲਾਤ ਦੇ ਧੱਕੇ ਹੋਏ ਉਹ ਆਤਮ ਹੱਤਿਆਵਾਂ ਕਰਨ ਲੱਗ ਪੈਂਦੇ ਹਨ ਅਥਵਾ ਸੁਚੇਤ ਵਿਦਰੋਹ ਦਾ ਰਾਹ ਅਖ਼ਤਿਆਰ ਕਰ ਲੈਂਦੇ ਹਨ ਅਤੇ ਵਿਵਸਥਾ ਵਿਰੁੱਧ ਵਿਦਰੋਹੀ ਰਾਹ 'ਤੇ ਚੱਲਣਾ ਸ਼ੁਰੂ ਕਰ ਦਿੰਦੇ ਹਨ। ਕਾਮਿਆਂ ਤੇ ਕੁਲੀਨਾਂ ਵਿਚਕਾਰ ਲਗਾਤਾਰ ਵੱਧ ਰਹੀ ਨਫ਼ਰਤ ਦੀ ਇਹ ਦੀਵਾਰ ਅਮਨ ਅਮਾਨ ਲਈ ਖਤਰਾ ਹੋ ਨਿਬੜਦੀ ਹੈ ਜੋ ਕਈ ਕਿਸਮਾਂ ਦੇ ਆਤੰਕ ਦਾ ਰੂਪ ਧਾਰਨ ਕਰਕੇ ਸਮਾਜ ਵਿੱਚ ਅਰਾਜਕਤਾ ਵਰਗੀ ਸਥਿਤੀ ਪੈਦਾ ਕਰ ਦਿੰਦੀ ਹੈ ਅਜਿਹੀ ਨਾਜੁਕ ਹਾਲਤ ਨੂੰ ਨਿਯੰਤਰਿਤ ਕਰਨ ਲਈ ਰਾਜਸੱਤਾ ਨੂੰ ਅਸਮਾ (ESMA) ਅਤੇ ਪੋਟਾ (POTA) ਵਰਗੇ ਸਖ਼ਤ ਕਾਨੂੰਨ ਬਣਾਉਣੇ ਪੈਂਦੇ ਹਨ ਅਤੇ ਪੁਲਿਸ, ਫ਼ੌਜ

ਅਤੇ ਪ੍ਰਸ਼ਾਸਨ ਦੀ ਸਹਾਇਤਾ ਨਾਲ ਬਾਗੀਆਂ ਨੂੰ ਦਬਾਉਣ ਲਈ ਕਦਮ ਚੁੱਕਣੇ ਪੈਂਦੇ ਹਨ।

ਸਮਾਜ ਵਿਚਲੀ ਸਿਧਾਂਤਕ ਸ਼੍ਰੇਣੀਗਤ ਲੜਾਈ ਅਮਲੀ ਰੂਪ ਧਾਰ ਲੈਂਦੀ ਹੈ ਜੋ ਕਿ ਦੋਹਾਂ ਵੱਡੇ ਵਰਗਾਂ ਦੇ ਜਾਨ ਮਾਲ ਲਈ ਖਤਰੇ ਦੀ ਨਿਸ਼ਾਨੀ ਹੋ ਨਿਬੜਦੀ ਹੈ। ਇਹੀ ਨਹੀਂ ਸਗੋਂ ਉਹ ਲੋਕ ਜਿਹੜੇ ਪ੍ਰਚਲਿਤ ਸਮਾਜੀ ਮਰਿਯਾਦਾ ਅਨੁਸਾਰ ਆਪਣਾ ਜੀਵਨ ਨਿਰਬਾਹ ਕਰ ਰਹੇ ਹੁੰਦੇ ਹਨ ਉਨ੍ਹਾਂ ਨੂੰ ਵੀ ਉਕਤ ਆਤੰਕ ਦਾ ਸ਼ਿਕਾਰ ਹੋਣਾ ਪੈ ਜਾਂਦਾ ਹੈ। ਇਸ ਪ੍ਰਕਾਰ ਸਮੁੱਚੀ ਸਮਾਜਿਕ ਵਿਵਸਥਾ ਡਾਵਾਂ ਡੋਲ ਹੋ ਜਾਂਦੀ ਹੈ ਜਿਸ ਵਿੱਚ ਹਰੇਕ ਵਿਅਕਤੀ ਲਈ ਸ਼ਾਂਤੀ ਪੂਰਵਕ ਬਸਰ ਕਰਨੀ ਮੁਸ਼ਕਿਲ ਹੋ ਜਾਂਦੀ ਹੈ। ਮਾਰਕਸਵਾਦ ਦੇ ਅੰਤਰਗਤ ਇਸ ਸਥਿਤੀ ਨੂੰ ਇਨਕਲਾਬੀ ਸਥਿਤੀ ਦਾ ਨਾਮ ਦਿੱਤਾ ਗਿਆ ਹੈ। ਇਹ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਕਾਬਲ ਧਿਰਾਂ ਹਕੂਮਤ ਕਰਨ ਦੇ ਯੋਗ ਨਹੀਂ ਰਹਿੰਦੀਆਂ ਅਤੇ ਮਹਿਕੂਮ ਧਿਰਾਂ ਪ੍ਰਚਲਿਤ ਵਿਵਸਥਾ ਤੋਂ ਨਾਬਰ ਹੋ ਜਾਂਦੀਆਂ ਹਨ। ਰਾਜ ਸੱਤਾ ਇਸ ਸਥਿਤੀ ਨੂੰ ਜਿੱਥੇ ਪ੍ਰਚਲਿਤ ਕਾਨੂੰਨ ਜਾਂ ਸੋਧੇ ਹੋਏ ਕਾਨੂੰਨ ਦੀ ਸਹਾਇਤਾ ਨਾਲ ਦਬਾਉਣ ਵਾਸਤੇ ਪੁਲਿਸ ਅਤੇ ਫ਼ੌਜ ਦੀ ਦੁਰਵਰਤੋਂ ਕਰਦੀ ਹੈ ਉੱਥੇ ਵਿਵਸਥਾ ਪੱਖੀ ਸੰਸਥਾਵਾਂ ਧਰਮ, ਜਾਤ-ਪਾਤ, ਭਾਸ਼ਾ, ਵਸੇਵੇ ਆਦਿ ਦੇ ਆਧਾਰ 'ਤੇ ਲੋਕਾਂ ਨੂੰ ਗੁੰਮਰਾਹ ਕਰਦੀਆਂ ਰਹਿੰਦੀਆਂ ਹਨ।

ਪ੍ਰਚਲਿਤ ਵਿਵਸਥਾ ਇੱਕ ਹੋਰ ਤਰੀਕੇ ਨਾਲ ਵੀ ਲੋਕਾਂ ਵਿੱਚ ਭਰਮ ਫੈਲਾਉਂਦੀ ਹੈ। ਉਹ ਲੋਕ ਪੱਖੀ ਕਦਮ ਚੁੱਕਦੀ ਹੈ ਅਤੇ ਕਲਿਆਣਕਾਰੀ ਰਾਜ ਜਾਂ ਸਮਾਜੀ ਵਿਕਾਸ ਦੇ ਨਾਂ ਤੇ ਲੋਕਾਂ ਵਿਚਕਾਰ ਸ੍ਰੇਣੀ ਚੇਤਨਾ ਤੋਂ ਸੱਖਣੇ ਰਾਸ਼ਟਰੀ ਵਿਚਾਰਧਾਰਾ ਦਾ ਪਸਾਰ ਕਰਦੀ ਹੈ। ਇਹੀ ਵਿਚਾਰਧਾਰਾ ਜੌੜੀ ਕੌਮ ਦੇ ਸੰਕਲਪ ਉੱਤੇ ਮਿੱਟੀ ਪਾ ਕੇ ਗਰੀਬਾਂ ਅਤੇ ਅਮੀਰਾਂ ਦੋਹਾਂ ਦੀ ਬਰਾਬਰ ਦੀ ਭਲਾਈ ਦਾ ਇੱਕ ਤਰਕ ਪੇਸ਼ ਕਰਦੀ ਹੈ।

ਭਾਰਤੀ ਸਵਿਧਾਨ 26 ਜਨਵਰੀ, 1950 ਵਿੱਚ ਲਾਗੂ ਕੀਤਾ ਗਿਆ ਜਿਸ ਵਿੱਚ ਭਾਰਤ ਨੂੰ ਸਮਾਜਵਾਦੀ, ਧਰਮ ਨਿਰਪੱਖ ਲੋਕਤੰਤਰੀ ਰਿਪਬਲਿਕ ਵਜੋਂ ਮਾਨਤਾ ਦਿੱਤੀ ਗਈ ਹੈ। ਇਹ ਅਜਿਹਾ ਰਾਜਨੀਤਕ ਦਸਤਾਵੇਜ ਹੈ ਜਿਸ ਵਿੱਚ ਰਾਜ ਦੀਆਂ ਸ਼ਕਤੀਆਂ ਨੂੰ ਤਿੰਨ ਅੰਗਾਂ– ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਵਿੱਚ ਵੰਡ ਕੇ ਇਨ੍ਹਾਂ ਦੇ ਕਾਰਜ ਖੇਤਰ ਨੂੰ ਨਿਰਧਾਰਤ ਕੀਤਾ ਗਿਆ ਹੈ। ਵਿਅਕਤੀ ਦੀ ਨਿੱਜੀ ਆਜ਼ਾਦੀ ਤੇ ਮਾਣ ਮਰਯਾਦਾ ਨੂੰ ਬਣਾਈ ਰੱਖਣ ਲਈ ਇਨਸਾਫ਼, ਆਜ਼ਾਦੀ ਅਤੇ ਸਮਾਨਤਾ ਦੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਗਰੰਟੀ ਦਿੱਤੀ ਗਈ ਹੈ। ਸੰਵਿਧਾਨ ਵਿੱਚ ਵਿਅਕਤੀ ਦੇ ਮੌਲਿਕ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਲਈ ਕਾਨੂੰਨ ਦੀ ਵਿਵਸਥਾ ਕੀਤੀ ਗਈ ਅਤੇ ਇਸ ਨੂੰ ਲਾਗੂ ਕਰਨ ਲਈ ਉੱਚ ਨਿਆਂ ਪਾਲਿਕਾ ਦੀ ਵਿਵਸਥਾ ਵੀ ਕੀਤੀ ਗਈ। ਸੰਵਿਧਾਨ ਵਿੱਚ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਵੀ ਸਪੱਸ਼ਟ ਕੀਤੇ ਗਏ ਹਨ ਅਤੇ ਸੰਵਿਧਾਨ ਵਿੱਚ ਇਹ ਵੀ ਵਿਵਸਥਾ ਕੀਤੀ ਗਈ ਹੈ ਕਿ ਨਿਆਂ ਪਾਲਿਕਾ ਰਾਜ ਦੀਆਂ ਵਿਧਾਨਕ ਤੇ ਕਾਰਜਕਾਰੀ ਸ਼ਕਤੀਆਂ ਉੱਤੇ ਕਿਵੇਂ ਨਿਯੰਤਰਣ ਰੱਖੇਗੀ। ਭਾਰਤੀ ਸੰਵਿਧਾਨ ਦੀ ਇੱਕ ਖਾਸ ਵਿਸ਼ੇਸਤਾ ਇਹ ਵੀ ਹੈ ਕਿ ਇਸ ਵਿੱਚ Rule of Law ਨੂੰ Supreme ਮੰਨਿਆ ਗਿਆ ਹੈ ਅਤੇ ਨਿਆਂ ਪਾਲਿਕਾ ਦੀ ਆਜ਼ਾਦੀ ਨੂੰ ਦ੍ਰਿੜ ਕਰਵਾਇਆ ਗਿਆ ਹੈ।

**ਫ਼ੌਜਦਾਰੀ ਅਤੇ ਦੀਵਾਨੀ ਕਾਨੂੰਨ** : ਸਮੁੱਚੇ ਕਾਨੂੰਨ ਨੂੰ ਦੋ ਪਰਵਰਗਾਂ ਵਿੱਚ ਵੰਡਿਆ ਗਿਆ ਹੈ : ਫ਼ੌਜਦਾਰੀ ਅਤੇ ਦੀਵਾਨੀ। ਫ਼ੌਜਦਾਰੀ ਕਾਨੂੰਨ ਮੁੱਖ ਰੂਪ ਵਿੱਚ ਉਨ੍ਹਾਂ ਵਿਰੁੱਧ ਲਾਗੂ ਹੁੰਦਾ ਹੈ ਜਿਹੜੇ ਸਮੁਦਾਏ ਜਾਂ ਵਿਅਕਤੀ ਦੇ ਖਿਲਾਫ਼ ਗਲਤ ਕੰਮ ਕਰਦੇ ਹਨ। ਜਦੋਂ ਕਿ ਦੀਵਾਨੀ ਕਾਨੂੰਨ ਵਿਅਕਤੀ ਦੇ ਅਧਿਕਾਰਾਂ ਤੇ ਕਰਤੱਵਾਂ ਨਾਲ ਜੁੜਿਆ ਹੋਇਆ ਹੈ। ਇਸ ਵਿੱਚ ਪਰਿਵਾਰ, ਜਾਇਦਾਦ, ਸਮਝੌਤਾ, ਕਿਰਤ, ਵਿੱਤ ਆਦਿ ਨਾਲ ਸੰਬੰਧਤ ਮਾਮਲੇ ਆਉਂਦੇ ਹਨ। ਫ਼ੌਜਦਾਰੀ ਕਾਨੂੰਨ ਜੁਰਮ ਕਰਨ

ਵਾਲੇ ਲੋਕਾਂ ਨੂੰ ਸਜ਼ਾ ਦੇਣ ਲਈ ਬਣਿਆ ਹੈ। ਇਸ ਦਾ ਉਪਬੰਧ ਅਨੁਛੇਦ ਧਾਰਾ ਵਿੱਚ ਦਰਜ ਕੀਤਾ ਗਿਆ ਹੈ।

**ਕਾਨੂੰਨ ਦੀ ਪ੍ਰਕ੍ਰਿਆ** : ਨਿਆਂ ਪਾਲਿਕਾ ਵਿੱਚ ਉਪਰੋਕਤ ਤੱਥਾਂ ਦੇ ਕਿਸੇ ਵੀ ਤਰ੍ਹਾਂ ਦੇ ਕੇਸ ਦੀ ਸੁਣਵਾਈ ਲਈ ਜੋ ਪ੍ਰਕ੍ਰਿਆ ਆਰੰਭ ਕੀਤੀ ਜਾਂਦੀ ਹੈ ਅਤੇ ਕੇਸ ਚਲਾਉਣ ਤੇ ਅਪੀਲ ਕਰਨ ਤੱਕ ਦੀ ਸਮੁੱਚੀ ਪ੍ਰਕ੍ਰਿਆ ਬਾਰੇ ਕੋਡ ਆਫ ਸੀਵਲ ਪਰੋਸੀਜਰ ਅਨੁਸਾਰ ਕਾਰਵਾਈ ਹੁੰਦੀ ਹੈ। ਇਸ ਵਿੱਚ ਐਵੀਡੈਂਸ ਐਕਟ, ਲਿਮੀਟੇਸ਼ਨ ਐਕਟ ਅਤੇ ਕੋਡ ਐਕਟ ਆਦਿ ਸ਼ਾਮਲ ਹਨ।[52] ਕੋਰਟ ਵਿੱਚ ਸੰਬੰਧਤ ਧਿਰਾਂ ਆਪਣੇ-ਆਪਣੇ ਵਕੀਲਾਂ ਰਾਹੀਂ ਆਪਣੇ ਪੱਖ ਪੇਸ਼ ਕਰਦੀਆਂ ਹਨ। ਇਸ ਲਈ ਲੋੜੀਂਦੇ ਤੱਥ ਅਤੇ ਗਵਾਹ ਆਦਿ ਪੇਸ਼ ਕੀਤੇ ਜਾਂਦੇ ਹਨ। ਦੋਵੇਂ ਧਿਰਾਂ ਤੋਂ ਪੇਸ਼ ਹੋਏ ਤੱਥ ਅਤੇ ਗਵਾਹੀ ਦੇ ਆਧਾਰ 'ਤੇ ਕਾਨੂੰਨ ਦੀ ਧਾਰਾ ਅਨੁਸਾਰ ਜੱਜ ਆਪਣਾ ਫੈਸਲਾ ਸੁਣਾਉਂਦੇ ਹਨ। ਫ਼ੌਜਦਾਰੀ ਕੇਸ ਵਿੱਚ ਹੋਏ ਵਾਕੇ ਬਾਰੇ ਪਹਿਲਾਂ ਪੁਲਿਸ ਤਫ਼ਤੀਸ਼ ਕਰਦੀ ਹੈ। ਤਫ਼ਤੀਸ਼ ਦੇ ਆਧਾਰ 'ਤੇ ਉਹ ਇਸ ਵਿੱਚ ਸ਼ਾਮਲ ਮੁਲਾਜਮਾਂ ਦੀ ਪਛਾਣ ਕਰਨ ਦੇ ਨਾਲ-ਨਾਲ ਇਨ੍ਹਾਂ ਉੱਤੇ ਬਣਦੀ ਕਾਨੂੰਨੀ ਧਾਰਾ ਅਨੁਸਾਰ ਕੋਰਟ ਵਿੱਚ ਮੁਕੱਦਮਾ ਦਾਇਰ ਕਰਦੀ ਹੈ। ਕੋਰਟ ਵਿਚ ਤੱਥਾਂ ਅਤੇ ਗਵਾਹਾਂ ਦੇ ਆਧਾਰ 'ਤੇ ਜੱਜ ਆਪਣਾ ਫੈਸਲਾ ਸੁਣਾਉਂਦੇ ਹਨ। ਦੋਵੇਂ ਤਰ੍ਹਾਂ ਦੇ ਮੁਕੱਦਮਿਆਂ ਵਿੱਚ ਦਿੱਤੇ ਫੈਸਲਿਆਂ ਵਿਰੁੱਧ ਉੱਚ ਅਦਾਲਤਾਂ ਵਿੱਚ ਅਪੀਲ ਕਰਨ ਦੀ ਵਿਵਸਥਾ ਹੈ। ਜੇ ਕੋਈ ਬੰਦਾ ਗਰੀਬ ਹੋਵੇ ਤਾਂ ਉਸਨੂੰ ਰਾਜ ਸਰਕਾਰ ਵੱਲੋਂ ਕਾਨੂੰਨੀ ਸਹਾਇਤਾ ਦੇਣ ਦੀ ਵਿਵਸਥਾ ਵੀ ਕੀਤੀ ਗਈ ਹੈ।

**ਸੰਸਥਾਈ ਸੰਗਠਨ** : ਅਦਾਲਤਾਂ ਅਜਿਹੀਆਂ ਸੰਸਥਾਵਾਂ ਹਨ ਜਿੱਥੇ ਲੜਾਈ ਝਗੜਿਆਂ ਦੀ ਸੁਣਵਾਈ ਹੁੰਦੀ ਹੈ ਅਤੇ ਉਹ ਇਨਸਾਫ਼ ਦੇਣ ਦੀ ਕੋਸ਼ਿਸ਼ ਵਿੱਚ ਹੁੰਦੀਆਂ ਹਨ। ਭਾਰਤ ਦੇ ਸੰਵਿਧਾਨ ਹਰ ਰਾਜ ਵਿੱਚ ਸਿਵਲ, ਸੈਸ਼ਨ ਅਤੇ ਹਾਈਕੋਰਟ ਤੱਕ ਦੀ ਵਿਵਸਥਾ ਕੀਤੀ ਗਈ ਹੈ। ਇਨ੍ਹਾਂ ਸਾਰੀਆਂ ਅਦਾਲਤਾਂ ਵੱਲੋਂ

ਦਿੱਤੇ ਫੈਸਲਿਆਂ ਵਿਰੁੱਧ ਪੁਨਰ ਅਪੀਲ ਲਈ ਭਾਰਤ ਦੀ ਉੱਚ ਨਿਆਂਪਾਲਿਕਾ ਹੈ। ਇਨ੍ਹਾਂ ਤੋਂ ਇਲਾਵਾ ਵਿਸ਼ੇਸ਼ ਤਰ੍ਹਾਂ ਦੇ ਕੇਸਾਂ ਲਈ ਵਿਸ਼ੇਸ਼ ਤਰ੍ਹਾਂ ਦੀਆਂ ਅਦਾਲਤਾਂ ਦਾ ਪ੍ਰਬੰਧ ਵੀ ਹੈ। ਇਸ ਤੋਂ ਇਲਾਵਾ ਪ੍ਰਬੰਧਕੀ ਤੇ ਮਾਲ ਟ੍ਰਿਬਿਊਨਲ ਆਮਦਨ ਕਰ ਨਾਲ ਸੰਬੰਧਤ ਟ੍ਰਿਬਿਊਨਲ ਦੀ ਵਿਵਸਥਾ ਵੀ ਕੀਤੀ ਗਈ ਹੈ।

**ਕਾਨੂੰਨ ਨਾਲ ਸੰਬੰਧਤ ਵਿਅਕਤੀ** : ਜੱਜਾਂ, ਵਕੀਲਾਂ ਅਤੇ ਬਾਰ (Bar) ਇਨਸਾਫ਼ ਕਰਨ ਤੇ ਦਿਵਾਉਣ ਵਿੱਚ ਸਹਾਇਤਾ ਕਰਨ ਲਈ ਸਿਰਫ਼ ਜੱਜ ਜਾਂ ਅਦਾਲਤ ਨਾਲ ਸੰਬੰਧਤ ਦੂਜੇ ਕਰਮਚਾਰੀ ਹੀ ਨਹੀ ਹੁੰਦੇ ਸਗੋਂ ਵਕੀਲ ਅਤੇ ਦੂਸਰੇ ਸਲਾਹਕਾਰ ਆਦਿ ਵੀ ਇਸ ਵਿੱਚ ਸ਼ਾਮਲ ਹੁੰਦੇ ਹਨ। ਇੱਕ ਅੰਦਾਜ਼ੇ ਅਨੁਸਾਰ ਸਾਡੇ ਦੇਸ਼ ਵਿੱਚ ਤਿੰਨ ਲੱਖ ਤੋਂ ਉੱਤੇ ਵਕੀਲ ਹਨ ਅਤੇ ਵੀਹ ਹਜਾਰ[53] ਤੋਂ ਉਪਰ ਜੱਜ ਕੰਮ ਕਰਦੇ ਹਨ। ਜੱਜ ਚਾਹੇ ਛੋਟੀ ਅਦਾਲਤ ਦੇ ਹੋਣ ਜਾਂ ਵੱਡੀ ਦੇ, ਉਹ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਤੋਂ ਪੂਰੀ ਤਰ੍ਹਾਂ ਨਾਲ ਆਜ਼ਾਦ ਹਨ। ਕਾਨੂੰਨ ਅਤੇ ਨਿਆਂ ਦੇ ਮਸਲੇ ਵਿੱਚ ਉਨ੍ਹਾਂ ਨੂੰ ਪੂਰਨ ਰੂਪ ਵਿੱਚ ਆਜ਼ਾਦੀ ਦਿੱਤੀ ਗਈ ਹੈ। ਜਿਹੜੀ ਵਿਅਕਤੀ ਉਨ੍ਹਾਂ ਦੁਆਰਾ ਸੁਣਾਏ ਫੈਸਲਿਆਂ ਦੀ ਅਵੱਗਿਆ ਕਰਦੇ ਹਨ ਉਨ੍ਹਾਂ ਲਈ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ। ਜੱਜਾਂ ਦੀ ਨਿਯੁਕਤੀ ਭਾਰਤ ਦੇ ਮੁੱਖ ਜੱਜ ਤੇ ਕੈਬਨਿਟ ਦੁਆਰਾ ਹੁੰਦੀ ਹੈ। ਰਾਜ ਦਾ ਗਵਰਨਰ ਰਾਜ ਵਿੱਚ ਨਿਆਂਇਕ ਅਫਸਰਾਂ ਦੀ ਨਿਯੁਕਤੀ ਕਰਦਾ ਹੈ। ਛੋਟੀਆਂ ਅਦਾਲਤਾਂ ਦੇ ਜੱਜ ਦੀ ਚੋਣ ਰਾਜ ਜੁਡੀਸ਼ੀਅਲ ਸਰਵਿਸਜ਼ ਦੁਆਰਾ ਕੀਤੀ ਜਾਂਦੀ ਹੈ।

ਵਕੀਲਾਂ ਦਾ ਮੁੱਖ ਕੰਮ ਇਨਸਾਫ਼ ਦਿਵਾਉਣ ਵਿੱਚ ਜੱਜਾਂ ਦੀ ਸਹਾਇਤਾ ਕਰਨਾ ਹੈ। 1961 ਦੇ ਐਡਵੋਕੇਟ ਐਕਟ ਅਨੁਸਾਰ ਇਹ ਤਹਿ ਕੀਤਾ ਗਿਆ ਹੈ ਕਿ ਅਦਾਲਤਾਂ ਅੱਗੇ ਸਿਰਫ਼ ਵਕੀਲ ਹੀ ਪੇਸ਼ ਹੋਣਗੇ ਕਿਉਂਕਿ ਵਕੀਲਾਂ ਦੀ ਮਾਹਿਰ ਸਹਾਇਤਾ ਤੋਂ ਬਿਨਾਂ ਜੱਜਾਂ ਨੂੰ ਕਿਸੇ ਵੀ ਤਰ੍ਹਾਂ ਦੇ ਕੇਸ ਦੇ ਤੱਥਾਂ ਤੱਕ ਪਹੁੰਚਣ ਵਿੱਚ ਔਖ ਆਉਂਦੀ ਹੈ। ਇਸੇ ਕਰਕੇ ਕਾਨੂੰਨ ਨਾਲ ਸੰਬੰਧਤ ਕਿੱਤੇ ਨੂੰ ਇੱਕ

ਮਹਾਨ ਕਿੱਤਾ ਗਰਦਾਨਿਆ ਗਿਆ ਹੈ ਬਸ਼ਰਤੇ ਇਸ ਕਿੱਤੇ ਨੂੰ ਇਮਾਨਦਾਰੀ ਨਾਲ ਨਿਭਾਇਆ ਜਾਵੇ।

ਉਪਰੋਕਤ ਅਧਿਐਨ ਤੋਂ ਸਪੱਸ਼ਟ ਹੈ ਕਿ ਭਾਰਤ ਵਿੱਚ ਕਾਨੂੰਨ ਤੇ ਨਿਆਂ ਦੇ ਮਸਲਿਆਂ ਨੂੰ ਨਜਿੱਠਣ ਲਈ ਇੱਕ ਪੂਰੀ ਕਾਨੂੰਨੀ ਵਿਵਸਥਾ ਕਾਇਮ ਕੀਤੀ ਗਈ ਹੈ। ਸੰਵਿਧਾਨ ਅਨੁਸਾਰ ਵਿਅਕਤੀ ਦੇ ਹੱਕਾਂ ਤੇ ਕਰਤੱਵਾਂ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਇਹਨਾਂ ਦੀ ਸੁਰੱਖਿਆ ਦੀ ਗਰੰਟੀ ਵੀ ਦਿੱਤੀ ਗਈ ਹੈ। ਦੀਵਾਨੀ ਤੇ ਫ਼ੌਜਦਾਰੀ ਕੇਸਾਂ ਬਾਰੇ ਵਿਸਤ੍ਰਿਤ ਰੂਪ ਵਿੱਚ ਇਸ ਦੇ ਨਿਯਮ ਬਣਾਏ ਗਏ ਹਨ। ਇਨ੍ਹਾਂ ਦੀ ਰੌਸ਼ਨੀ ਵਿੱਚ ਹਰ ਵਿਅਕਤੀ ਨੂੰ ਇਨਸਾਫ਼ ਦੇਣ ਦੀ ਵਿਵਸਥਾ ਕੀਤੀ ਗਈ ਹੈ। ਭਾਰਤ ਵਿੱਚ ਨਿਆਂ ਪਾਲਿਕਾ ਨੂੰ ਵਿਧਾਨ ਪਾਲਿਕਾ ਅਤੇ ਕਾਰਜਪਾਲਿਕਾ ਦੇ ਨਿਯੰਤਰਣ ਵਿੱਚੋਂ ਇਸ ਲਈ ਮੁਕਤ ਕੀਤਾ ਗਿਆ ਹੈ ਕਿ ਉਹ ਰਾਜ ਦੇ ਹਰ ਵਿਅਕਤੀ ਨੂੰ ਬਿਨਾਂ ਕਿਸੇ ਤਰ੍ਹਾਂ ਦੇ ਭੈਅ ਅਤੇ ਦਬਾਅ ਤੋਂ ਇਨਸਾਫ਼ ਦੇ ਸਕਣ।

## ਹਵਾਲੇ ਤੇ ਟਿੱਪਣੀਆਂ


1. Tripathi, *Jurisprudence and Legal Theory*, p. 95
2. Justice M. Rama Jois, *Legal and Constitutional History of India (Ancient Legal, Judicial and Constitutional System)*, p. 3
3. Justice M. Rama Jois, *Legal and Constitutional History of India (Ancient Legal, Judicial and Constitutional System)*, p. 11
4. *The law may be defined as the body of the principle recognized and applied by the state in the administration of justice. In the other words, law consists of rules recognized and acted on by the courts of justice.* Salmond, *Jurisprudence*, p. 41
5. Tripathi, *Jurisprudence and Legal Theory*, p. 97
6. Austin, *Literature on Jurisprudence*, V-I, p. 86
7. W.H. Hibbert, *Jurisprudence*, p.
8. S.N. Dhayani, *Fundamentals of Jurisprudence*, p. 210-211
9. ਵੀਰੇਂਦਰ ਕੁਮਾਰ ਕੌਸ਼ਿਕ, ***ਵਿਧੀ ਸ਼ਾਸਤਰ ਦੀ ਜਾਣ-ਪਛਾਣ,*** ਪੰਨਾ 9
10. ਉਹੀ, ਪੰਨਾ 10
11. S.N. Dhayani, Op. cit. p. 61-62
12. Tripathi, *Jurisprudence and Legal Theory*, p. 102
13. Ibid, p. 63
14. Salmond, *Jurisprudence*, p.-21
15. Salmond, *Jurisprudence*, p. 24
16. Ibid, p .26
17. B.S. Sinha, *A Text Book of Jurisprudence*, p. 31
18. Ibid, p. 34
19. Salmond, op. cit. p. 26
20. Ibid, p. 28

21. Ibid, p. 29

22. Ibid, p. 30

23. Holland, Element of Jurisprudence, 8th Edt, p. 345-46

24. Ibid, p. 347

25. Ibid, p. 349

26. M.P. Tandon, ***Jurisprudence***, p. 247

27. W.H. Hibbert, ***Jurisprudence***, p. 25-26

28. Nomita Aggarwal, ***Jurisprudence***, p. 58

29. S. Dayal, *A Text Book of Jurisprudence And Legal Theory*, p. 167

30. Ibid, p. 27

31. Del Vecchio, *Le Problem does, Sources*, p. 21

32. Salmond, *Jurisprudence*, p. 133-134

33. S. Dayal, *A Text Book of Jurisprudence And Legal Theory*, p. 167

34. W.H. Hibbert, *Jurisprudence*, p. 93

35. Salmond, *Jurisprudence*, p.

36. Salmond, Jurispoindes, p. 134

37. S. Dayal, *A Text Book of Jurisprudence And Legal Theory*, p. 168

38. Nomita Aggarwal, Op. cit. pp. 91-93

39. Austin, Lectures on Jurispoindes, p. 2

40. Austin, Lecture on Jurispoindes, p. 510

41. Ibid, p. 510

42. M.P. Tandon, Jurisprudene, p. 113

43. Allen, Law in the Making, p. 2

44. M.P. Tandon, Jurisprudence, p. 114

45. B.N. Mani, Tripathi, ***Jurisprudence***, p. 156

46. Satyajit A Desai, Hindu Mulla Law 21 edition 21 Page 8

47. ਉਹੀ, ਪੰਨਾ 14-15

48. L.K. Rangarajan, kantdiaya-The Arthashastra. Page 277

49. ਉਹੀ, ਪੰਨਾ 280

50. ਉਹੀ, ਪੰਨਾ 494-95

51. Social Culture and Economics History of India, page 14

52. Ibid, page 157

53. Ibid, page 143

54. Prof. Nomita Aggarwal Jurisprudence Page 61

55. ਉਹੀ, ਪੰਨਾ 61

## ਅਧਿਆਇ ਦੂਜਾ

## ਪੰਜਾਬੀ ਨਾਵਲ ਵਿਚ ਨਿਆਂ ਦੀ ਬਿਰਤਾਂਤਕਾਰੀ

- ਮੁੱਢਲੇ ਪੰਜਾਬੀ ਨਾਵਲ ਦੇ ਪ੍ਰਸੰਗ 'ਚ
- ਨਾਨਕ ਸਿੰਘ ਦੇ ਨਾਵਲਾਂ ਦੇ ਪ੍ਰਸੰਗ 'ਚ
- ਜਸਵੰਤ ਸਿੰਘ ਕੰਵਲ ਦੇ ਨਾਵਲ ਦੇ ਪ੍ਰਸੰਗ 'ਚ
- 1960 ਤੋਂ ਬਾਅਦ ਦੇ ਪੰਜਾਬੀ ਨਾਵਲ ਦੇ ਪ੍ਰਸੰਗ 'ਚ

## ਪੰਜਾਬੀ ਨਾਵਲ ਵਿਚ ਨਿਆਂ ਦੀ ਬਿਰਤਾਂਤਕਾਰੀ

1849 ਈ. ਵਿਚ ਪੰਜਾਬ ਉਤੇ ਬਰਤਾਨਵੀ ਸਾਮਰਾਜ ਦੇ ਕਬਜ਼ੇ ਦੀ ਘਟਨਾ ਇਸ ਪ੍ਰਾਂਤ ਦੀ ਸੰਸਕ੍ਰਿਤੀ ਦੇ ਵਿਕਾਸ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਇਸ ਨਾਲ ਪੰਜਾਬ ਦਾ ਆਧੁਨਿਕ ਕਾਲ ਸ਼ੁਰੂ ਹੁੰਦਾ ਹੈ ਜਿਹੜਾ ਵੱਖ-ਵੱਖ ਕਾਲ ਖੰਡਾਂ ਵਿਚੋਂ ਦੀ ਗੁਜ਼ਰਦਾ ਹੋਇਆ ਅਜੋਕੇ ਦੌਰ ਵਿਚ ਦਾਖਲ ਹੁੰਦਾ ਹੈ। ਆਧੁਨਿਕ ਕਾਲ ਤੋਂ ਮੁਰਾਦ ਪੂੰਜੀਵਾਦੀ ਸਨਅਤੀ ਸਮਾਜ ਦੀ ਸਥਾਪਨਾ ਤੋਂ ਹੈ। ਬਰਤਾਨਵੀ ਸਰਕਾਰ ਨੇ ਇਸ ਸੰਸਕ੍ਰਿਤੀ ਦੀ ਸਥਾਪਨਾ ਲਈ ਸਮੁੱਚੇ ਭਾਰਤ ਵਾਂਗ ਹੀ ਦੂਹਰੀ ਨੀਤੀ ਅਪਣਾਈ ਜਿਸ ਦੇ ਪਿੱਛੇ ਉਨ੍ਹਾਂ ਦੇ ਸਾਮਰਾਜੀ ਹਿਤ ਕਾਰਜਸ਼ੀਲ ਸਨ।[1]

ਇਸ ਤੱਥ ਦੀ ਪ੍ਰੋੜਤਾ ਕਰਦਿਆਂ ਡਾ. ਪਰਮਿੰਦਰ ਸਿੰਘ ਤੇ ਪ੍ਰੋ. ਕ੍ਰਿਪਾਲ ਸਿੰਘ ਕਸੇਲ ਨੇ ਲਿਖਿਆ ਹੈ, ''ਸਾਡੇ ਪ੍ਰਦੇਸ਼ ਵਿਚ ਪੂੰਜੀਵਾਦ ਨੇ ਸੁਤੰਤਰ ਰੂਪ ਵਿਚ ਉਨਤੀ ਨਹੀਂ ਕੀਤੀ ਸਗੋਂ ਪੂੰਜੀਵਾਦੀ ਨਿਜ਼ਾਮ ਦੇ ਪ੍ਰਭਾਵ ਅੰਗਰੇਜ਼ੀ ਸਾਮਰਾਜ ਦੇ ਬਸਤੀਵਾਦੀ ਰਾਜ-ਪ੍ਰਬੰਧ ਦੇ ਰਾਹੀਂ ਉਘੜੇ ਹਨ।''[2] ਬਰਤਾਨਵੀ ਹਕੂਮਤ ਨੇ ਆਪਣੀ ਸਾਮਰਾਜੀ ਨੀਤੀ ਅਧੀਨ ਇਕ ਪਾਸੇ ਪੰਜਾਬ ਵਿਚ ਖੇਤੀਬਾੜੀ ਵਧਾਰ ਅਤੇ ਸਨਅਤ ਨੂੰ ਉਤਸ਼ਾਹਿਤ ਕੀਤਾ ਦੂਸਰੇ ਪਾਸੇ ਸਾਮਰਾਜ ਨੇ ਪੰਜਾਬ ਦੀ ਮੱਧਕਾਲੀ ਸੰਸਕ੍ਰਿਤੀ ਪੇਂਡੂ ਭਾਈਚਾਰਾ, ਧਰਮ, ਜਾਤਪਾਤ, ਧੜੇਬਾਜ਼ੀ ਨੂੰ ਕਾਇਮ ਰੱਖਣ ਦਾ ਯਤਨ ਕੀਤਾ। ਸਾਮਰਾਜੀ ਸਾਧਨਾਂ ਦੇ ਮੁੱਢਲੇ ਕਾਲ ਵਿਚ ਇਸ ਦੀਆਂ ਲੋੜਾਂ ਅਤੇ ਪ੍ਰਭਾਵ ਵਜੋਂ ਜਿਹੜੀ ਪੰਜਾਬ ਦੀ ਮੱਧ-ਸ਼੍ਰੇਣੀ ਦੀ ਆਧੁਨਿਕ ਸੰਸਕ੍ਰਿਤਿਕ ਚੇਤਨਾ ਅਤੀਤਮੁਖੀ ਧਾਰਮਿਕ ਸੰਪਰਦਾਇਕ ਰੂਪ ਵਿਚ ਪੈਦਾ ਹੋਈ ਉਹੀ ਚੇਤਨਾ ਸਾਮਰਾਜੀ ਹਿੱਤਾਂ ਦੇ ਅੱਜਕਲ ਸੀ। ਡਾ. ਟੀ.ਆਰ. ਵਿਨੋਦ ਅਨੁਸਾਰ:

> *ਇਹ ਚੇਤਨਾ ਸਾਮਰਾਜੀ ਹਿੱਤਾਂ ਨੂੰ ਵੀ ਪੁਗਦੀ ਸੀ ਜਿਸ ਕਰਕੇ ਸਾਮਰਾਜੀ ਨੀਤੀ ਨੇ ਵੀ ਇਸ ਚੇਤਨਾ ਨੂੰ ਉਤਸ਼ਾਹਿਤ ਕੀਤਾ। ਪੰਜਾਬ ਦੀਆਂ ਹਿੰਦੂ, ਮੁਸਲਮਾਨ ਅਤੇ ਸਿੱਖ ਮੱਧ-ਸ਼੍ਰੇਣੀਆਂ ਨੇ ਪਰੰਪਰਾਗਤ*

*ਆਰਥਿਕ-ਧਾਰਮਿਕ ਆਗੂ ਸ਼੍ਰੇਣੀਆਂ ਦੀ ਸਹਾਇਤਾ ਨਾਲ ਆਪਣੇ-ਆਪਣੇ ਧਰਮਾਂ ਦੇ ਅਨੁਯਾਈ ਪੇਂਡੂਆਂ ਨੂੰ ਵੀ ਧਰਮ ਦੇ ਆਧਾਰ ਉਤੇ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ ਜਿਸ ਦੇ ਫਲਸਰੂਪ ਪੇਂਡੂ ਵਸੋਂ ਦੀ ਪਰੰਪਰਾਗਤ ਧਾਰਮਿਕ ਚੇਤਨਾ ਸੰਪਰਦਾਇਕ ਭਾਵ-ਸੰਸਕਾਰਾਂ ਦੇ ਰੂਪ ਵਿਚ ਵਿਕਸਤ ਹੋਈ।*[3]

ਇਸ ਪ੍ਰਕਾਰ ਪੰਜਾਬ ਵਿਚ ਪੁਰਾਤਨ ਅਤੇ ਆਧੁਨਿਕ ਸੰਸਕ੍ਰਿਤੀਆਂ ਦੇ ਮੇਲ ਜੋਲ ਵਿਚੋਂ ਮਿੱਸੀ ਜਿਹੀ ਸੰਸਕ੍ਰਿਤੀ ਪੈਦਾ ਹੋਈ ਜਿਸ ਦੇ ਪ੍ਰਭਾਵ ਤੇ ਪ੍ਰਮਾਣ ਪਿਛਲੇ 150-60 ਵਰ੍ਹਿਆਂ ਦੀ ਪੰਜਾਬ ਦੀ ਗਤੀਸ਼ੀਲ ਸੰਸਕ੍ਰਿਤੀ ਵਿਚ ਵੇਖੇ ਜਾ ਸਕਦੇ ਹਨ।

ਇਸ ਪ੍ਰਕਾਰ ਦੀ ਮਿੱਸੀ ਸੰਸਕ੍ਰਿਤੀ ਦੀ ਉਪਜ ਦਾ ਵੱਡਾ ਕਾਰਨ ਇਹ ਹੈ ਕਿ ਪੰਜਾਬ ਵਿਚ ਜੋ ਕੁਝ ਵੀ ਨਵਾਂ ਵਾਪਰਿਆ ਉਹ ਸਾਮਰਾਜੀ ਹਿਤਾਂ ਦੇ ਅਨੁਕੂਲ ਹੋਣ ਕਰਕੇ ਪੂੰਜੀਵਾਦੀ ਸੰਸਕ੍ਰਿਤੀ ਦਾ ਵਿਕਾਸ ਨਹੀਂ ਕਰ ਸਕਦਾ ਸੀ ਪਰ ਸਾਮਰਾਜੀ ਹਿਤਾਂ ਦੀ ਪੂਰਤੀ ਲਈ ਕਈ ਤਰ੍ਹਾਂ ਦੀਆਂ ਨਵੀਆਂ ਸੰਸਥਾਵਾਂ ਦੀ ਸਥਾਪਨਾ ਵੀ ਜ਼ਰੂਰੀ ਸੀ। ਮਿਸਾਲ ਵਜੋਂ ਪੰਜਾਬ ਦੀ ਬਰਤਾਨਵੀ ਹਕੂਮਤ ਨੇ ਨਵੀਆਂ ਨਹਿਰਾਂ ਦਾ ਜਾਲ ਵਛਾ ਕੇ ਇਥੋਂ ਦੀ ਮਾਰੂ ਧਰਤੀ ਨੂੰ ਸੇਂਜੂ ਬਣਾ ਦਿੱਤਾ, ਜਿਸ ਦੇ ਸਿੱਟੇ ਵਜੋਂ ਖੇਤੀਬਾੜੀ ਦੀ ਉਪਜ ਵਿਚ ਅਥਾਹ ਵਾਧਾ ਹੋਇਆ। ਇਹ ਵਾਧਾ ਪੰਜਾਬ ਦੀਆਂ ਮੰਡੀਆਂ, ਕਸਬਿਆਂ ਅਤੇ ਸ਼ਹਿਰਾਂ ਦੀ ਵਸੋਂ ਲਈ ਅੰਨ ਮੁਹੱਈਆ ਕਰਨ ਦਾ ਵਸੀਲਾ ਬਣਿਆ ਉਥੇ ਇਸ ਦਾ ਇਕ ਹਿੱਸਾ ਇੰਗਲੈਂਡ ਦੇ ਪੂੰਜੀਵਾਦੀ ਵਿਕਾਸ ਲਈ ਨਿਰਯਾਤ ਕੀਤਾ ਜਾਣ ਲੱਗ ਪਿਆ। ਖੇਤੀਬਾੜੀ ਦੀ ਉਪਜ ਦੇ ਵਾਧੇ ਲਈ ਪੰਜਾਬ ਵਿਚ ਵਪਾਰ ਅਤੇ ਛੋਟੀ ਮੋਟੀ ਸਨਅਤ ਦੇ ਵਿਕਾਸ ਦੇ ਮੌਕੇ ਪੈਦਾ ਕੀਤੇ ਇਸ ਦੇ ਸਿੱਟੇ ਵਜੋਂ ਦੁਕਾਨਦਾਰਾਂ, ਵਪਾਰੀਆਂ, ਕਾਰੀਗਰਾਂ ਤੇ ਸਨਅਤਕਾਰਾਂ ਦੇ ਨਵੇਂ ਵਰਗ ਹੋਂਦ ਵਿਚ ਆਉਣ ਲੱਗੇ ਜਿਹੜੇ ਪੰਜਾਬ ਦੀ

ਸੰਸਕ੍ਰਿਤੀ ਦੇ ਆਧੁਨਿਕ ਵਿਕਾਸ ਦਾ ਵਸੀਲਾ ਬਣੇ। ਪਰੰਤੂ ਇਹ ਵਿਕਾਸ ਸੰਪੂਰਨ ਰੂਪ ਵਿਚ ਪੂੰਜੀਵਾਦੀ ਤੇ ਉਸਦੀ ਉਦਯੋਗਿਕ ਸੰਸਕ੍ਰਿਤੀ ਵਾਲਾ ਨਹੀਂ ਸੀ। ਇਸ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਾ ਡਾ. ਟੀ.ਆਰ. ਵਿਨੋਦ ਲਿਖਦਾ ਹੈ:

> *ਪੰਜਾਬ ਉਤੇ ਬਰਤਾਨਵੀ ਸਾਮਰਾਜ ਦੇ ਕਬਜੇ ਦਾ ਪ੍ਰਯੋਜਨ ਬਰਤਾਨਵੀਆਂ ਦੇ ਪੂੰਜੀਪਤੀ ਵਪਾਰੀਆਂ ਤੇ ਕਾਰਖਾਨੇ ਦਾ ਅਧਿਕਾਰ ਸੀ। ਇਸ ਪ੍ਰਯੋਜਨ ਤੋਂ ਪ੍ਰੇਰਿਤ ਸਾਮਰਾਜ ਪੰਜਾਬ ਦਾ ਉਦਯੋਗਿਕ ਲੀਹਾਂ ਉਤੇ ਵਿਕਾਸ ਨਹੀਂ ਕਰ ਸਕਦਾ ਸੀ ਕਿਉਂਕਿ ਅਜਿਹਾ ਕਰਨ ਨਾਲ ਬਰਤਾਨਵੀਆਂ ਦੇ ਉਦਯੋਗਿਕ ਵਿਕਾਸ ਉਤੇ ਸੱਟ ਵਜਦੀ ਸੀ। ਸੋ ਬਰਤਾਨਵੀ ਹਕੂਮਤ ਨੇ ਪੰਜਾਬ ਵਿਚ ਜਰਾਇਤੀ ਦੇ ਵਾਧੇ ਅਤੇ ਬਰਤਾਨਵੀ ਕਾਰਖਾਨਿਆਂ ਵਿਚ ਤਿਆਰ ਹੋਏ ਮਾਲ ਦੀ ਖਪਤ ਲਈ ਲੋੜੀਂਦੀ ਨੀਤੀ ਅਪਣਾਈ ਜਿਸ ਦੇ ਸਿੱਟੇ ਵਜੋਂ ਪੰਜਾਬ ਅੰਤਰ ਰਾਸ਼ਟਰੀ ਮੰਡੀ ਦਾ ਤਾਂ ਅੰਗ ਬਣ ਗਿਆ ਪਰ ਪੇਂਡੂ ਪੰਜਾਬ ਵਿਚ ਉਦਯੋਗਿਕ ਸੰਸਕ੍ਰਿਤੀ ਦੀਆਂ ਜੜ੍ਹਾਂ ਨਾ ਲੱਗ ਸਕੀਆਂ।*[4]

ਬਰਤਾਨਵੀ ਸਰਕਾਰ ਨੇ ਜਿਸ ਜੱਟ ਸਿੱਖ ਸ੍ਰੇਣੀ ਕੋਲੋਂ ਪੰਜਾਬ ਦਾ ਰਾਜ ਖੋਹਿਆ ਸੀ ਉਸਦੇ ਡਰ ਨੂੰ ਦੂਰ ਅਥਵਾ ਘੱਟ ਕਰਨ ਲਈ ਜਿੱਥੇ ਪੰਜਾਬ ਦੇ ਪੁਰਾਣੇ ਜਾਗੀਰਦਾਰਾਂ ਨੂੰ ਜ਼ਮੀਨ ਦੀ ਨਿਜੀ ਮਾਲਕੀ ਦੇ ਹੱਕ ਪ੍ਰਦਾਨ ਕਰ ਦਿੱਤੇ ਉਥੇ ਕੁਝ ਇਕ ਨਵੇਂ ਜਾਗੀਰਦਾਰ ਘਰਾਣੇ ਵੀ ਪੈਦਾ ਹੋ ਗਏ। ਇਹ ਘਰਾਣੇ ਉਹ ਸਨ ਜਿਨ੍ਹਾਂ ਨੇ 1857 ਈ. ਵਿਚ ਹੋਏ ਗਦਰ (ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ) ਵਿਚ ਬਰਤਾਨਵੀ ਸਾਮਰਾਜ ਦਾ ਸਾਥ ਦਿੱਤਾ ਸੀ। ਇਸ ਤੋਂ ਇਲਾਵਾ ਬਰਤਾਨਵੀ ਸਾਮਰਾਜ ਨੇ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੇ ਧਾਰਮਿਕ ਸਥਾਨਾਂ ਨੂੰ ਵੀ ਖੁੱਲ੍ਹੀ ਆਰਥਿਕ ਇਮਦਾਦ ਦਿੱਤੀ ਜਿਸ ਕਰਕੇ ਪੰਜਾਬ ਦੀ ਬਹੁ ਗਿਣਤੀ ਜਨਤਾ

ਦੀ ਮਾਨਸਿਕਤਾ ਵਿਚ ਧੁਰ ਤੱਕ ਖੁੱਭੀਆਂ ਧਾਰਮਿਕ ਜੜ੍ਹਾਂ ਹੋਰ ਵੀ ਡੂੰਘੀਆਂ ਲੱਥ ਗਈਆਂ।

ਪੰਜਾਬ ਦੀ ਪਰੰਪਰਾਗਤ ਪੇਂਡੂ-ਸੰਸਕ੍ਰਿਤੀ ਵਿਚ ਮੂਲ ਪਰਿਵਰਤਨ ਬਰਤਾਨਵੀ ਸਾਮਰਾਜ ਦੇ ਆਰਥਕ, ਪ੍ਰਬੰਧਕੀ ਅਤੇ ਸਭਿਆਚਾਰਕ ਪ੍ਰਭਾਵਾਂ ਦਾ ਸਿੱਟਾ ਹੈ। ਡਾ. ਟੀ.ਆਰ. ਵਿਨੋਦ ਨੇ ਇਸ ਵਿਚਲੇ ਦੋ ਪ੍ਰਭਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ:

1. ਪੰਜਾਬ ਦੇ ਜ਼ਰਾਇਤੀ ਢਾਂਚੇ ਵਿਚ ਸਾਮਰਾਜ ਨੇ ਉਨ੍ਹਾਂ ਸਾਰੇ ਵਿਅਕਤੀਆਂ ਨੂੰ ਮਾਲਕੀ ਦੇ ਕਾਨੂੰਨੀ ਹਕੂਕ ਪ੍ਰਦਾਨ ਕਰ ਦਿੱਤੇ ਜਿਹੜੇ ਸਦੀਆਂ ਤੋਂ ਆਪਣੇ ਕਬਜ਼ੇ ਹੇਠਲੀ ਜ਼ਮੀਨ ਵਾਹੁੰਦੇ-ਵਹਾਉਂਦੇ ਆ ਰਹੇ ਸਨ।
2. ਇਸ ਤਰ੍ਹਾਂ ਪੰਜਾਬ ਵਿਚ ਮਾਲਕ ਕਿਸਾਨੀ ਦਾ ਨਵਾਂ ਵਰਗ ਪੈਦਾ ਹੋ ਗਿਆ। ਇਸ ਵਰਗ ਉਤੇ ਹਕੂਮਤ ਨੇ ਮੁਆਮਲੇ ਆਬਿਆਨੇ ਅਤੇ ਚੌਕੀਦਾਰ ਦੇ ਜਿਹੜੇ ਨਵੇਂ ਕਰ ਲਗਾਏ ਉਹ ਜ਼ਮੀਨ ਦੀ ਉਪਜ ਦੀ ਮਾਤਰਾ ਤੇ ਨਾ ਲਗਾ ਕੇ ਜ਼ਮੀਨ ਦੇ ਰਕਬੇ ਉਤੇ ਲਾਉਣੇ ਸ਼ੁਰੂ ਕਰ ਦਿੱਤੇ।

ਇਨ੍ਹਾਂ ਦੋਹਾਂ ਦੇ ਪ੍ਰਭਾਵ ਦੀ ਗੱਲ ਕਰਦਾ ਉਹ ਲਿਖਦਾ ਹੈ:

> *ਇਸ ਦਾ ਇਕ ਸਿੱਟਾ ਇਹ ਨਿਕਲਿਆ ਕਿ ਫਸਲਾਂ ਦੀ ਉਪਜ ਨਾ ਹੋਣ ਦੇ ਬਾਵਜੂਦ ਕਿਸਾਨੀ ਨੂੰ ਸਰਕਾਰੀ ਕਰ ਲਾਜ਼ਮੀ ਤੌਰ 'ਤੇ ਭਰਨੇ ਪੈਂਦੇ ਸਨ। ਇਹ ਕਰ ਉਪਜ ਦੇ ਰੂਪ ਵਿਚ ਵਸੂਲ ਨਹੀਂ ਕੀਤੇ ਜਾਂਦੇ ਸਨ ਸਗੋਂ ਇਨ੍ਹਾਂ ਦੀ ਅਦਾਇਗੀ ਨਕਦੀ ਦੇ ਰੂਪ ਵਿਚ ਕੀਤੀ ਜਾਂਦੀ ਸੀ। ਜਿਨ੍ਹਾਂ ਅੜੇ ਥੁੜੇ ਕਿਸਾਨਾਂ ਕੋਲ ਨਕਦੀ ਨਹੀਂ ਹੁੰਦੀ ਸੀ ਉਨ੍ਹਾਂ ਨੂੰ ਸ਼ਾਹੂਕਾਰਾਂ ਦਾ ਆਸਰਾ ਲੈਣਾ ਪੈਂਦਾ ਸੀ ਜਿਹੜੇ ਮੋਟੇ ਵਿਆਜ 'ਤੇ ਲੋੜੀਂਦੀ ਰਕਮ ਕਿਸਾਨ ਨੂੰ ਦੇ ਦਿੰਦੇ ਸਨ ਅਤੇ ਇਸ ਦੇ ਇਵਜ਼ ਵਿਚ ਕਿਸਾਨ ਦੀ ਜ਼ਮੀਨ ਪਹਿਲਾਂ ਗਹਿਣੇ ਫੇਰ ਬੈਅ ਕਰ ਲੈਂਦੇ ਸਨ।*[5]

ਸਮੁੱਚੇ ਰੂਪ ਵਿਚ ਪੰਜਾਬ ਦੀ ਕਿਸਾਨੀ ਹਕੂਮਤ, ਜਾਗੀਰਦਾਰਾਂ ਅਤੇ ਸ਼ਾਹੂਕਾਰਾਂ ਤਿੰਨਾਂ ਦੀ ਦਬੇਲ ਬਣ ਕੇ ਰਹਿ ਗਈ ਸੀ।

ਮੱਧਕਾਲ ਦੇ ਪੰਜਾਬ ਵਿਚ ਡਾਕੂਆਂ ਲੁਟੇਰਿਆਂ ਅਤੇ ਰਾਹਜ਼ਨਾਂ ਦਾ ਬੋਲਬਾਲਾ ਸੀ ਅਤੇ ਆਮ ਜਨਤਾ ਇਨ੍ਹਾਂ ਮੁਜ਼ਰਮਾਂ ਤੋਂ ਬਹੁਤ ਤੰਗ ਸੀ। ਮੁਗਲਸ਼ਾਹੀ ਦੁਆਰਾ ਪੰਜਾਬ ਵਿਚ ਅਮਨ ਅਮਾਨ ਕਾਇਮ ਰੱਖਣ ਅਤੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਲਈ ਜਿਹੜੀ ਪੁਲਿਸ ਅਤੇ ਫ਼ੌਜ ਰੱਖੀ ਹੋਈ ਸੀ ਉਹ ਖ਼ੁਦ ਹੀ ਆਮ ਜਨਤਾ ਉਤੇ ਜ਼ੁਲਮ ਕਰਦੀ ਸੀ ਅਤੇ ਉਨ੍ਹਾਂ ਦਾ ਧਨ ਮਾਲ ਲੁੱਟ ਲੈਣ ਦੇ ਨਾਲ ਨਾਲ ਉਨ੍ਹਾਂ ਦੀਆਂ ਇਸਤ੍ਰੀਆਂ ਦੀ ਇੱਜ਼ਤ ਆਬਰੂ ਵੀ ਸੁਰੱਖਿਅਤ ਨਹੀਂ ਸੀ। 18 ਵੀਂ ਸਦੀ ਈਸਵੀ ਦੇ ਪੰਜਾਬ ਵਿਚ ਜਿਹੜੀਆਂ ਮੁਗਲਸ਼ਾਹੀ ਨਾਲ ਸਿੱਖਾਂ ਦੀਆਂ ਝੱੜਪਾਂ ਹੁੰਦੀਆਂ ਰਹੀਆਂ ਹਨ ਉਨ੍ਹਾਂ ਦੇ ਪਿੱਛੇ ਪੁਲਿਸ ਅਤੇ ਫੌਜ ਦੇ ਅਹਿਲਕਾਰਾਂ ਅਤੇ ਮਾਤਹਿਤਾਂ ਦੇ ਜ਼ੋਰ-ਜਬਰ ਦਾ ਬਹੁਤ ਵੱਡਾ ਹੱਥ ਹੁੰਦਾ ਸੀ। ਇਸ ਦੇ ਵਿਰੁੱਧ ਸਿੱਖ ਮਿਸਲਾਂ ਨੇ ਲੜਾਈ ਵਿੱਢੀ ਸੀ ਅਤੇ 1880 ਈ. ਵਿਚ ਸ਼ੁਕਰ ਚਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ ਸਾਰੀਆਂ ਮਿਸਲਾਂ ਇਕੱਠੀਆਂ ਕਰਕੇ ਸਿੱਖ ਰਾਜ ਦੀ ਨੀਂਹ ਰੱਖੀ ਸੀ ਜਿਹੜਾ 1839 ਈ. ਵਿਚ ਮਹਾਰਾਜੇ ਦੇ ਦਿਹਾਂਤ ਤਕ ਨਿਰਵਿਘਨ ਚਲਦਾ ਰਿਹਾ। ਪਰ ਰਣਜੀਤ ਸਿੰਘ ਦੀ ਮੌਤ ਤੋਂ ਪਿੱਛੋਂ ਪੰਜਾਬ ਵਿਚ ਅਜਿਹੀ ਅਰਾਜਕਤਾ ਫੈਲੀ ਕਿ ਪੰਜਾਬ ਦੇ ਹਰੇਕ ਵਰਗ ਦਾ ਜੀਉਣਾ ਦੁੱਭਰ ਹੋ ਗਿਆ। ਬਰਤਾਨਵੀ ਸਰਕਾਰ ਨੇ ਸਭ ਤੋਂ ਮਹੱਤਵਪੂਰਨ ਕਾਰਜ ਪੰਜਾਬ ਵਿਚ ਰਾਜ ਪ੍ਰਬੰਧ ਦੇ ਖੇਤਰ ਵਿਚ ਕੀਤਾ।

> *ਪੰਜਾਬ ਦੇ ਰਾਜ-ਪ੍ਰਬੰਧ ਨੂੰ ਨਵੇਂ ਸਿਰਿਓਂ ਜ਼ਿਲ੍ਹਿਆਂ ਦੀਆਂ ਛੋਟੀਆਂ ਇਕਾਈਆਂ ਵਿਚ ਵੰਡ ਦਿੱਤਾ ਅਤੇ ਡਿਵੀਜਨ ਬਣਾ ਦਿੱਤੇ। ਇਸ ਤੋਂ ਉਪਰੰਤ ਅਦਾਲਤੀ ਤੇ ਮਾਲ-ਪ੍ਰਬੰਧ ਤੋਂ ਬਿਨਾਂ ਵਿਦਿਅਕ ਪ੍ਰਬੰਧ ਵੱਲ ਧਿਆਨ ਦਿੱਤਾ ਗਿਆ ਅਤੇ ਇਸ ਦਾ ਨਵਾਂ ਗਠਨ ਕੀਤਾ ਗਿਆ।*

*ਪੈਦਾਵਾਰ ਦੇ ਵਾਧੇ ਲਈ ਨਹਿਰਾਂ ਦਾ ਸਰਵੇਖਣ ਕੀਤਾ ਗਿਆ ਅਤੇ ਸਹਿਜੇ ਸਹਿਜੇ ਪੱਛਮੀ ਪੰਜਾਬ ਦੀਆਂ ਨਹਿਰੀ ਆਬਾਦੀਆਂ ਤੇ ਬਾਰਾਂ ਦੀ ਆਬਾਦਕਾਰੀ ਨੇ ਵੱਡੀ ਕ੍ਰਾਂਤੀ ਲੈ ਆਂਦੀ ਜਿਸਨੇ ਪੰਜਾਬ ਦੀ ਖੁਸ਼ਹਾਲੀ ਵਿਚ ਬੜਾ ਵੱਡਾ ਹਿੱਸਾ ਪਾਇਆ।*[6]

ਦਰਬਾਰੀ ਸਾਜਸ਼ਾਂ ਸਦਕਾ ਪੰਜਾਬੀਆਂ ਦੀ ਹਕੂਮਤ ਦਸਾਂ ਕੁ ਸਾਲਾਂ ਵਿਚ ਹੀ ਤਹਿਸ ਨਹਿਸ ਹੋ ਗਈ ਅਤੇ 1849 ਈ. ਵਿਚ ਪੰਜਾਬ ਉਤੇ ਅੰਗਰੇਜਾਂ ਦੀ ਹਕੂਮਤ ਕਾਇਮ ਹੋ ਗਈ। ਸਿੱਖਾਂ ਦੀ ਇਸ ਸਥਿਤੀ ਦਾ ਬਿਆਨ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਕਰਦਿਆਂ ਲਿਖਿਆ ਹੈ:

*ਪਿਛੇ ਇਕ ਸਰਕਾਰ ਨੇ ਖੇਡ ਚੱਲੀ, ਪਈ ਨਿੱਧ ਹੁੰਦੀ ਮਾਰੋ ਮਾਰ ਮੀਆਂ।*
*ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ, ਸਭੋ ਕਤਲ ਹੋਏ ਵਾਰੋ ਵਾਰ ਮੀਆਂ।*
*ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ, ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।*
*ਸ਼ਾਹ ਮੁਹੰਮਦ ਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ।*

ਅੰਗਰੇਜ ਹਕੂਮਤ ਤੋਂ ਪਹਿਲਾਂ ਦੇ ਪੰਜਾਬ ਵਿਚ ਜਿਹੜੀ ਕਾਨੂੰਨ ਵਿਵਸਥਾ ਅਤੇ ਨਿਆਂ ਪ੍ਰਣਾਲੀ ਪ੍ਰਚਲਿਤ ਸੀ ਉਹ ਬਹੁਤ ਕਰਕੇ ਰਿਵਾਜੀ ਅਤੇ ਅਲਿਖਤੀ ਸੀ। ਬਹੁਤੇ ਫੈਸਲੇ ਪੇਂਡੂ ਭਾਈਚਾਰੇ, ਜਾਤ ਬਰਾਦਰੀ ਜਾਂ ਭਾਈਚਾਰਕ ਸਾਂਝ ਨਾਲ ਪਿੰਡਾਂ ਵਿਚ ਹੀ ਹੱਲ ਹੋ ਜਾਂਦੇ ਸਨ। ਇਹ ਗੱਲ ਵੱਖਰੀ ਹੈ ਕਿ ਇਹ ਫੈਸਲੇ ਬਹੁਤੀ ਵਾਰੀ ਅਨਿਆਈ ਹੁੰਦੇ ਹਨ। ਜੇ ਕਿਸੇ ਗੰਭੀਰ ਅਪਰਾਧ ਦਾ ਫੈਸਲਾ ਉਕਤ ਸੰਗਠਨ ਨਹੀਂ ਕਰ ਸਕਦੇ ਹਨ ਤਾਂ ਉਹ ਰਾਜ ਦਰਬਾਰ ਵਿਚ ਚਲਿਆ ਜਾਂਦਾ ਸੀ ਜਿਸ ਦਾ ਫੈਸਲਾ ਰਾਜੇ ਦੇ ਮੂਹੋਂ ਨਿਕਲਿਆ ਪ੍ਰਮਾਨ ਹੀ ਹੁੰਦਾ ਸੀ।

ਪਰ ਅੰਗਰੇਜ਼ ਸਰਕਾਰ ਨੇ ਸਮੁੱਚੇ ਭਾਰਤ ਦੀ ਤਰ੍ਹਾਂ ਪੰਜਾਬ ਵਿਚ ਵੀ ਫੌਜਦਾਰੀ ਅਤੇ ਦੀਵਾਨੀ ਕਾਨੂੰਨ ਪ੍ਰਣਾਲੀਆਂ ਰੂਪ ਵਿਚ ਪ੍ਰਚਲਿਤ ਕਰ ਦਿਤੀਆਂ। ਇਨ੍ਹਾਂ ਪ੍ਰਣਾਲੀਆਂ ਦਾ ਸਾਰ ਤੱਤ ਭਾਵੇਂ ਅੰਤਲੇ ਰੂਪ ਵਿਚ ਬਰਤਾਨਵੀਆਂ ਦੀ ਪੂੰਜੀਪਤੀ ਸ਼੍ਰੇਣੀ ਦੇ ਹੱਕ ਵਿਚ ਹੀ ਭੁਗਤਦਾ ਸੀ ਪਰ ਤਾਂ ਵੀ ਨਿਆਂ ਕਰਨ ਵਾਸਤੇ ਲਿਖਤੀ ਕਾਨੂੰਨ ਦੀਆਂ ਮੱਦਾਂ ਦਾ ਸਹਾਰਾ ਲਿਆ ਜਾਂਦਾ ਸੀ। ਸਰਕਾਰ ਨੇ ਕਈ ਤਰ੍ਹਾਂ ਦੀਆਂ ਛੋਟੀਆਂ ਵੱਡੀਆਂ ਅਦਾਲਤਾਂ ਕਾਇਮ ਕਰ ਦਿੱਤੀਆਂ ਸਨ ਜਿਨ੍ਹਾਂ ਵਿਚ ਵਕੀਲ, ਦਲੀਲ ਅਤੇ ਅਪੀਲ ਦੀ ਵਿਵਸਥਾ ਸੀ। ਇਸ ਪ੍ਰਕਾਰ ਪੰਜਾਬ ਵਿਚ ਨਿਆਂ-ਪ੍ਰਣਾਲੀ ਦਾ ਲਿਖਤੀ ਕਾਨੂੰਨ 'ਤੇ ਆਧਾਰਿਤ ਇਕ ਨਵਾਂ ਢਾਂਚਾ ਲਾਗੂ ਹੋ ਗਿਆ ਸੀ।

ਭਾਰਤੀ ਪੰਜਾਬੀ ਜਨਤਾ ਨੂੰ ਸਾਮਰਾਜ ਪੱਖੀ ਸੰਸਕ੍ਰਿਤੀ ਨਾਲ ਜੋੜਨ ਲਈ ਜਿੱਥੇ ਬਰਤਾਨਵੀ ਸਰਕਾਰ ਨੇ ਪੰਜਾਬ ਵਿਚ ਜਗੀਰਦਾਰੀ ਅਤੇ ਜ਼ਮੀਨੀ ਮਾਲਕੀ ਦੇ ਕਾਨੂੰਨੀ ਹੱਕ ਦੇਣ ਦੇ ਨਾਲ ਨਾਲ ਨਵੀਆਂ ਨਹਿਰਾਂ ਕੱਢੀਆਂ, ਰੇਲਾਂ ਨਾਲ ਪੰਜਾਬ ਨੂੰ ਸਮੁੱਚੇ ਮੁਲਕ ਨਾਲ ਜੋੜਿਆ ਜਿਸ ਦੇ ਸਿੱਟੇ ਵਜੋਂ ਪੰਜਾਬ ਵਿਚ ਛੋਟੀ ਮੋਟੀ ਸਨਅਤਕਾਰੀ ਅਤੇ ਅੰਤਰ ਰਾਸ਼ਟਰੀ ਵਪਾਰ ਦਾ ਰਾਹ ਖੁਲ੍ਹਿਆ ਉਥੇ ਸਿੱਖਿਆ, ਸਿਹਤ ਅਤੇ ਲੋਕ ਭਲਾਈ ਦੇ ਵਿਭਾਗ ਖੋਲ੍ਹ ਕੇ ਪੰਜਾਬੀਆਂ ਨੂੰ ਜਿਉਣ ਦੀਆਂ ਥੋੜੀ ਬਹੁਤ ਸਹੂਲਤਾਂ ਵੀ ਪ੍ਰਦਾਨ ਕੀਤੀਆਂ। ਲਾਰਡ ਡਲਹੌਜੀ ਦੇ ਆਦੇਸ਼ ਮੁਤਾਬਕ ਰਾਜ-ਭਾਗ ਸੰਭਾਲਦਿਆਂ ਹੀ ਪੰਜਾਬ ਦੇ ਸਰਬਪੱਖ ਵਿਕਾਸ ਵੱਲ ਧਿਆਨ ਦਿੱਤਾ ਗਿਆ। *''ਯੋਜਨਾਬੱਧ ਤਰੀਕੇ ਨਾਲ ਖਰਚਾਂ ਦਾ ਅਨੁਮਾਨ ਲਾ ਕੇ ਕਚਹਿਰੀਆਂ, ਜੇਲ੍ਹਾਂ, ਹਸਪਤਾਲਾਂ ਤੇ ਫੌਜੀ ਬਾਰਕਾ ਦੀ ਉਸਾਰੀ ਵੱਲ ਧਿਆਨ ਦਿੱਤਾ, ਜਿਸ ਤੋਂ ਲੋਕਾਂ ਨੂੰ ਸਥਾਈ ਸਰਕਾਰ ਦੀ ਹੋਂਦ ਦਾ ਪ੍ਰਭਾਵ ਮਿਲ ਸਕੇ। ਦਰਿਆਵਾਂ ਦੇ ਵਹਿਣ ਮੋੜਕੇ, ਉਨ੍ਹਾਂ ਦੇ ਪਾਣੀਆਂ ਨੂੰ ਖੇਤੀ ਹਿਤ ਵਰਤਣ ਲਈ ਨਹਿਰਾਂ ਦਾ ਜਾਲ ਵਿਛਾਉਣ ਦੀਆਂ ਵਿਉਂਤਾ ਘੜੀਆਂ ਗਈਆਂ ........ ਮਹਿਸੂਲ ਤੇ ਕਰ-ਪ੍ਰਣਲੀ ਨੂੰ*

*ਸੁਧਾਰਿਆ ਗਿਆ। ...... ਬੋਰਡ ਦੇ ਚਾਰ ਸਾਲਾਂ ਦੇ ਸਮੇਂ ਵਿਚ ਉਸ ਦੇਸ਼ ਵਿਚ ਜੋ ਕਿ ਸਰਕਾਰੀ ਮਸ਼ੀਨਰੀ ਤੋਂ ਬਿਲਕੁਲ ਸਖਣਾ ਸੀ ਸਾਰੇ ਪੱਖਾਂ ਫੌਜੀ, ਸਿਵਲ ਅਤੇ ਆਰਥਕ ਵਿਚ ਪੂਰਨ ਰਾਜ-ਪ੍ਰਬੰਧ ਦੀ ਸਿਰਜਣਾ ਤੇ ਸਥਾਪਨਾ ਕੀਤੀ।*[7]

ਇਨ੍ਹਾਂ ਕਦਮਾਂ ਦੇ ਸਿੱਟੇ ਵਜੋਂ 19ਵੀਂ ਸਦੀ ਦੇ ਪਿਛਲੇ ਅੱਧ ਵਿਚ ਪੰਜਾਬ ਦੇ ਲੋਕ ਧਰਮ ਸੁਧਾਰ ਜਾਂ ਸਮਾਜ ਸੁਧਾਰ ਦੀਆਂ ਲਹਿਰਾਂ ਨਾਲ ਤਾਂ ਨਿਰਸੰਦੇਹ ਜੁੜੇ ਪਰ ਸਾਮਰਾਜ ਵਿਰੋਧੀ ਬਗਾਵਤਾਂ ਤੋਂ ਉਹ ਬਹੁਤ ਕਰਕੇ ਦੂਰ ਹੀ ਰਹੇ। ਸਾਮਰਾਜੀ ਕਾਨੂੰਨ ਅਤੇ ਨਿਆਂ ਦਾ ਮੁਖ ਮਨੋਰਥ ਸਮੁੱਚੇ ਭਾਰਤ ਦੀ ਤਰ੍ਹਾਂ ਪੰਜਾਬ ਉਤੇ ਵੀ ਬਰਤਾਨਵੀ ਹਕੂਮਤ ਨੂੰ ਪੱਕਿਆਂ ਪੈਰਾਂ 'ਤੇ ਸਥਾਪਿਤ ਕਰਨਾ ਸੀ। ਇਸ ਮਨੋਰਥ ਦੀ ਪੂਰਤੀ ਲਈ ਸਾਮਰਾਜ ਨੇ ਜਿਹੜੇ ਕਾਨੂੰਨ ਬਣਾਏ ਅਤੇ ਲਾਗੂ ਕੀਤੇ ਉਹ ਹਕੂਮਤ ਵਿਰੋਧੀ ਬਗਾਵਤਾਂ ਨੂੰ ਮਹਿਜ ਕਾਨੂੰਨੀ ਢੰਗ ਨਾਲ ਹੀ ਨਹੀਂ ਸਗੋਂ ਗੈਰ-ਕਾਨੂੰਨੀ ਢੰਗ ਨਾਲ ਵੀ ਕੁਚਲ ਦੇਣ ਦਾ ਪਰਪੱਕ ਇਰਾਦਾ ਕੀਤਾ ਹੋਇਆ ਸੀ। ਪਗੜੀ ਸੰਭਾਲ ਜੱਟਾ, ਨਾਮਧਾਰੀ ਲਹਿਰ, ਗਦਰ ਪਾਰਟੀ, ਅਕਾਲੀ ਮੋਰਚਿਆਂ, ਬੱਬਰ ਅਕਾਲੀ ਲਹਿਰ, ਸ਼ਹੀਦ ਭਗਤ ਸਿੰਘ ਦੀ ਲਹਿਰ, ਕਮਿਊਨਿਸਟ ਲਹਿਰ, ਪਰਜਾ ਮੰਡਲ ਲਹਿਰ ਆਦਿ ਨਾਲ ਜਿਹੜੀ ਸਖਤੀ ਸਰਕਾਰ ਨੇ ਵਰਤੀ ਉਹ ਇਤਿਹਾਸ ਵਿਚ ਸਦਾ ਸਦਾ ਲਈ ਦਰਜ ਕੀਤੀ ਜਾ ਚੁੱਕੀ ਹੈ।

ਭਾਰਤ ਦੀ ਬਰਤਾਨਵੀ ਸਰਕਾਰ ਦਾ ਨਰਮ ਵਰਤਾਓ ਸਿਰਫ ਕੌਮੀ ਕਾਂਗਰਸ ਨਾਲ ਸੀ ਕਿਉਂਕਿ ਇਸ ਜੱਥੇਬੰਦੀ ਦੀ ਨੀਤੀ ਜੇ ਇਕ ਪਾਸਿਓਂ ਬਰਤਾਨਵੀ ਸਾਮਰਾਜ ਨਾਲ ਸਮਝੌਤਾ ਕਰਕੇ ਚਲਣ ਦੀ ਸੀ ਉੱਥੇ ਇਹ ਜੱਥੇਬੰਦੀ ਸਾਮਰਾਜ ਵਿਰੋਧੀ ਖਾੜਕੂ ਲਹਿਰਾਂ ਦੇ ਪਾਸਾਰ ਵਿਚ ਵੀ ਬਹੁਤ ਵੱਡਾ ਰੋੜਾ ਬਣੀ ਹੋਈ ਸੀ। ਮਿਸਾਲ ਵਜੋਂ ਪਹਿਲੇ ਵਿਸ਼ਵ ਯੁੱਧ ਵਿਚ ਕਾਂਗਰਸ ਦੀ ਭੂਮਿਕਾ ਅੰਗਰੇਜ਼ਾਂ ਦੀ ਮਦਦ ਕਰਨ ਦੀ ਸੀ ਜਿਸ ਕਰਕੇ ਕਾਂਗਰਸ ਨੇ ਗਦਰ ਪਾਰਟੀ ਦੇ ਵਿਰੋਧ ਵਿਚ ਡਟ ਕੇ ਪ੍ਰਚਾਰ ਕੀਤਾ ਸੀ ਅਤੇ ਜਦੋਂ ਰਿਆਸਤ ਨਾਭਾ ਦੇ ਰਾਜੇ ਰਿਪੁਦਮਨ ਸਿੰਘ

ਨੇ ਅੰਗਰੇਜ਼ਾਂ ਦੀ ਸਹਾਇਤਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਅੰਗਰੇਜ਼ ਨੇ ਉਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਸੀ ਤਾਂ ਵੀ ਕਾਂਗਰਸ ਨੇ ਚੁੱਪੀ ਵੱਟੀ ਰੱਖੀ ਸੀ।

ਉਕਤ ਬਾਹਰਮੁਖੀ ਸਮਾਚਾਰਾਂ ਦੇ ਪ੍ਰਸੰਗ ਵਿਚ ਪੱਛਮੀ ਸਭਿਆਚਾਰ ਦੇ ਪ੍ਰਭਾਵਾਂ ਅਧੀਨ ਪੰਜਾਬੀ ਨਾਵਲ ਦਾ ਉਦੈ ਅਤੇ ਵਿਕਾਸ ਹੋਇਆ। ਪੰਜਾਬੀ ਨਾਵਲ ਦੇ ਉਦੈ ਹੋਣ ਬਾਰੇ ਡਾ. ਦਵੇਸ਼ਵਰ ਦੀ ਹੇਠ ਲਿਖੀ ਧਾਰਣਾ ਬਿਲਕੁਲ ਦਰੁਸਤ ਹੈ। ਉਸ ਦਾ ਵਿਚਾਰ ਹੈ:

> *ਭਾਰਤੀ ਨਾਵਲ ਦੇ ਪ੍ਰਸੰਗ ਵਿਚ ਜਦੋਂ ਅਸੀਂ ਪੰਜਬ ਦੇ ਉਦਭਵ ਵੱਲ ਆਉਂਦੇ ਹਾਂ ਇਸਦੇ ਉਦਭਵ ਦੇ ਭੌਤਿਕ ਤੇ ਵਿਚਾਰਧਾਰਾਈ ਆਧਾਰ ਵੀ ਲਗਭਗ ਉਹੀ ਸਨ, ਜਿਹੜੇ ਭਾਰਤੀ ਨਾਵਲ ਦੀ ਪਿੱਠ-ਭੂਮੀ ਵਿਚ ਕਾਰਜਸ਼ੀਲ ਸਨ। ਪੰਜਾਬ ਦੀ ਸਮਾਜਿਕ-ਆਰਥਿਕ ਬਣਤਰ ਦਾ ਸੁਭਾਅ ਸਾਮੰਤਕੀ ਸੀ। ਬਰਤਾਨਵੀ ਹਕੂਮਤ ਦਾ ਸੁਭਾਅ ਕਿਉਂਕਿ ਪੂੰਜੀਵਾਦੀ ਸਾਮਰਾਜੀ ਸੀ ਇਸ ਲਈ ਪੰਜਾਬ ਦਾ ਸਮਾਜਿਕ ਆਰਥਿਕ ਵਿਚ ਮਾਂ ਵੀ ਉਨ੍ਹਾਂ ਦੀਆਂ ਆਪਣੀਆਂ ਆਰਥਿਕ ਲੋੜਾਂ ਤੇ ਰਾਜਨੀਤਕ ਹਿੱਤਾਂ ਅਧੀਨ ਹੀ ਹੋਇਆ। ਫਲਸਰੂਪ ਜਿਹੜੀ ਸਮਾਜਿਕ-ਆਰਥਿਕ ਬਣਤਰ ਸਾਮਰਾਜੀ ਸੰਸਕ੍ਰਿਤੀ ਅਧੀਨ ਪੰਜਾਬ ਵਿਚ ਵਿਕਸਤ ਹੋਈ ਉਹ ਸੁਭਾਅ ਪੱਖੋਂ ਨਾ ਸਾਮੰਤੀ ਦੀ ਰਹੀ ਅਤੇ ਨਾ ਹੀ ਪੂਰੀ ਤਰ੍ਹਾਂ ਪੂੰਜੀਵਾਦੀ ਬਣ ਸਕੀ। ਅਜਿਹੀ ਬਣਤਰ ਵਿਚ ਜੋ ਮੱਧ-ਵਰਗ ਵੀ ਪੈਦਾ ਹੋਇਆ ਉਹ ਵੀ ਜ਼ਿਆਦਾਤਰ ਭੂਪਵਾਦੀ ਜੁਗ ਦੀ ਚੇਤਨਾ ਦੇ ਨੇੜੇ ਹੀ ਰਿਹਾ। ਵਸਤੂ-ਯਥਾਰਥ ਦੇ ਵਰਤ-ਵਰਤਾਰਿਆਂ ਪ੍ਰਤਿ ਉਸ ਦੀ ਦੁਵੱਲਤਾ ਵਾਲੀ ਪਹੁੰਚ-ਦ੍ਰਿਸ਼ਟੀ ਤੇ ਦਵੰਦਤਾ ਵਾਲੀ ਮਾਨਸਿਕਤਾ ਨੇ ਉਸ ਨੂੰ ਪੂਰੀ ਤਰ੍ਹਾਂ ਯਥਾਰਥਵਾਦੀ ਤੇ ਵਿਗਿਆਨਕ ਚੇਤਨਾ ਵਾਲੀ*

*ਦ੍ਰਿਸ਼ਟੀ ਦੇ ਲੜ ਨਾ ਲੱਗਣ ਦਿੱਤਾ ਸਗੋਂ ਉਹ ਪਰੰਪਰਾ ਤੇ ਆਧੁਨਿਕਤਾ ਵਾਲੀ ਚੇਤਨਾ ਦੇ ਵਿਚ-ਵਿਚਾਲੇ ਹੀ ਰਿਹਾ।*[8]

ਮੀਨਕਾਸ਼ੀ ਮੁਕਰਜੀ ਦੇ ਮੱਤ ਨਾਲ ਸਹਿਮਤ ਹੁੰਦੇ ਡਾ. ਦਵੇਸ਼ਵਰ 19ਵੀਂ ਸਦੀ ਦੇ ਅੰਤ ਤੇ ਵੀਹਵੀਂ ਸਦੀ ਦੇ ਆਰੰਭ ਵਿਚ ਭਾਰਤ ਦੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬੀ ਵਿਚ ਜਿਹੜਾ ਨਾਵਲ ਲਿਖਿਆ ਗਿਆ, ਉਸਨੂੰ ਉਹ ਮੁਖ ਰੂਪ ਵਿਚ ਤਿੰਨ ਪ੍ਰਵਿਰਤੀਆਂ ਵਿਚ ਵੰਡ ਕੇ ਵੇਖਦਾ ਹੈ:

1. ਸਮਾਜ-ਸੁਧਾਰ ਅਤੇ ਧਰਮ ਪ੍ਰਚਾਰ ਦੀ ਪ੍ਰਵਿਰਤੀ ;
2. ਇਤਿਹਾਸ ਅਤੇ ਫੈਂਟੇਸੀ ਦੇ ਮਾਧਿਅਮ ਨਾਲ ਨੈਤਿਕ ਤੇ ਸਦਾਚਾਰਕ ਪ੍ਰਵਿਰਤੀ; ਅਤੇ
3. ਸਮਕਾਲੀਨ ਭਾਰਤੀ ਸਮਾਜ ਦੀਆਂ ਵਾਸਤਵਿਕਤਾਵਾਂ ਦੇ ਯਥਾਰਥ-ਚਿਤ੍ਰਣ ਦੀ ਪ੍ਰਵਿਰਤੀ।[9]

ਪੰਜਾਬੀ ਦੇ ਬਹੁਤੇ ਨਾਵਲਕਾਰ ਵੀ ਸਾਮਰਾਜ ਪ੍ਰਤੀ ਨਰਮਾਈ ਵਾਲਾ ਨਜ਼ਰੀਆ ਰੱਖਦੇ ਸਨ। ਇਸ ਲਈ ਉਨ੍ਹਾਂ ਨੇ ਆਪਣੀ ਰਚਨਾ ਵਿਚ ਸਾਮਰਾਜ ਵਿਰੋਧੀ ਬਗਾਵਤਾਂ ਦਾ ਜਾਂ ਤਾਂ ਜ਼ਿਕਰ ਹੀ ਨਹੀਂ ਕੀਤਾ ਤੇ ਜਾਂ ਫਿਰ ਦਬੀ ਹੋਈ ਜ਼ਬਾਨ ਵਿਚ ਇਨ੍ਹਾਂ ਬਗਾਵਤਾਂ ਦੀਆਂ, ਖਾਮੀਆਂ ਨੂੰ ਹੀ ਗਲਪੀ ਰੂਪ ਵਿਚ ਪ੍ਰਦਾਨ ਕੀਤਾ। ਨਾਨਕ ਸਿੰਘ ਤੋਂ ਪਹਿਲਾਂ ਦੇ ਪੰਜਾਬੀ ਦੇ ਬਹੁਤ ਨਾਵਲਾਂ ਵਿਚ ਤਾਂ ਧਰਮ ਅਤੇ ਸਮਾਜ ਦੇ ਸੁਧਾਰ ਦੀ ਹੀ ਗੱਲ ਕੀਤੀ ਗਈ ਹੈ। ਆਰਥਿਕ ਰਾਜਨੀਤਕ ਹਾਲਤਾਂ ਨੂੰ ਅੱਖੋਂ ਓਹਲੇ ਕਰ ਦਿੱਤਾ ਗਿਆ ਹੈ।

ਇਹੀ ਨਹੀਂ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠਾਂ ਲਿਖਿਆ ਜਾਣ ਵਾਲਾ ਨਾਵਲ ਦੋ ਵਰਗਾਂ ਵਿਚ ਵੰਡਿਆ ਹੋਇਆ ਦ੍ਰਿਸ਼ਟੀਗੋਚਰ ਹੁੰਦਾ ਹੈ। ਭਾਈ ਵੀਰ ਸਿੰਘ ਜੋ ਕਿ ਪੰਜਾਬੀ ਨਾਵਲ ਦੇ ਮੋਢੀ ਵਜੋਂ ਸਥਾਪਿਤ ਹਨ। ਸਿੱਖ ਧਰਮ ਦੀ ਪੁਨਰ ਸੁਰਜੀਤੀ ਦੇ ਹੱਕ ਵਿਚ ਖਲੋਤੇ ਨਜ਼ਰ ਆਉਂਦੇ ਹਨ, ਜਦ ਕਿ ਭਾਈ ਮੋਹਨ

ਸਿੰਘ ਵੈਦ ਸਿੱਖਾਂ ਦੇ ਆਧੁਨਿਕ ਸੁਧਾਰਾਂ ਦੇ ਹਾਕਮੀ ਦ੍ਰਿਸ਼ਟੀਗੋਚਰ ਹੁੰਦੇ, ਸਿੰਘ ਸਭਾ ਲਹਿਰ ਦੇ ਪੰਜਾਬੀ ਨਾਵਲ ਦੀਆਂ ਇਨ੍ਹਾਂ ਦੋਹਾਂ ਧਾਰਾਵਾਂ ਵਿਚਲੇ ਇਸ ਫਰਕ ਨੂੰ ਡਾ. ਟੀ.ਆਰ. ਵਿਨੋਦ ਨੇ ਆਪਣੇ ਸੋਧ-ਪ੍ਰਬੰਧ ''**ਪੰਜਾਬੀ ਨਾਵਲ ਦਾ ਸੰਸਕ੍ਰਿਤਿਕ ਅਧਿਐਨ**'' ਵਿਚ ਸਪਸ਼ਟ ਅਤੇ ਤਾਰਕਿਕ ਵਿਸ਼ਲੇਸ਼ਣ ਕੀਤਾ ਹੈ। ਅਗਲੇ ਪੰਨਿਆਂ ਵਿਚ ਪੰਜਾਬੀ ਦੇ ਕੁਝ ਚੋਣਵੇਂ ਨਾਵਲਾਂ ਦੇ ਅਧਿਐਨ ਵਿਸ਼ਲੇਸ਼ਣ ਰਾਹੀਂ ਸਾਮਰਾਜੀ ਰਾਜਨੀਤੀ ਦੇ ਕਾਨੂੰਨ ਅਤੇ ਨਿਆਂ ਸਬੰਧੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਆਧੁਨਿਕ ਕਾਲ ਬਾਰੇ ਪੰਜਾਬੀ ਦਾ ਪਹਿਲਾ ਨਾਵਲ ਭਾਈ ਮੋਹਨ ਸਿੰਘ ਵੈਦ ਹੁਰਾਂ ਦਾ ***ਸਰੇਸ਼ਟ ਕਲਾ ਦੀ ਚਾਲ*** ਹੈ ਜਿਹੜਾ 1911 ਈ. ਵਿਚ ਪ੍ਰਕਾਸ਼ਤ ਹੋਇਆ। ਇਸ ਨਾਵਲ ਦੀ ਕਥਾ ਗਿਰਧਾਰੀ ਸਿੰਘ ਨਾਂ ਦੇ ਇਕ ਜੱਦੀ ਪੁਸ਼ਤੀ ਰਈਸ ਦੀਆਂ ਤਿੰਨ ਜਾਂ ਚਾਰ ਪੁਸ਼ਤਾਂ ਦੀ ਨਿਰਵਿਘਨ ਸਫ਼ਲਤਾ ਦੁਆਲੇ ਉਸਰੀ ਹੋਈ ਹੈ। ਗਿਰਧਾਰੀ ਸਿੰਘ ਦੇ ਪਰਿਵਾਰ ਦਾ ਮੱਤ ਹੈ ਕਿ ਸਿੱਖ ਧਰਮ ਦੀ ਉਨਤੀ ਲਈ ਜਿੱਥੇ ਇਸ ਧਰਮ ਦੇ ਅਸੂਲਾਂ ਦੀ ਪੈਰਵੀ ਜ਼ਰੂਰੀ ਹੈ ਉੱਥੇ ਸਿੱਖਾਂ ਨੂੰ ਖੇਤੀਬਾੜੀ, ਵਪਾਰ ਅਤੇ ਸਨਅਤ ਦੇ ਖੇਤਰਾਂ ਵਿਚ ਵੀ ਤਰੱਕੀ ਕਰਨ ਦੀ ਜ਼ਰੂਰਤ ਹੈ। ਬਰਤਾਨਵੀ ਹਕੂਮਤ ਨੇ ਭਾਰਤ ਵਿਚ ਜਿਸ ਤਰ੍ਹਾਂ ਦਾ ਪੂੰਜੀਵਾਦੀ ਸਮਾਜ ਆਰਥਿਕ ਪ੍ਰਬੰਧ ਪ੍ਰਚਲਿਤ ਕੀਤਾ ਸੀ ਉਹ ਭਾਰਤੀਆਂ ਨੂੰ ਪਦਾਰਥਕ ਉਨਤੀ ਦੇ ਥੋੜੇ ਬਹੁਤ ਮੌਕੇ ਵੀ ਪ੍ਰਦਾਨ ਕਰਦਾ ਸੀ। ਪੂੰਜੀਵਾਦੀ ਅਰਥਚਾਰੇ ਨੇ ਨਿਆਂ ਅਨੁਸਾਰ ਧਨ ਨਾਲ ਧਨ ਕਮਾਉਣ ਨੂੰ ਜਾਇਜ਼ ਸਮਝਿਆ ਜਾਂਦਾ ਹੈ। ਦੂਸਰੇ ਬਰਤਾਨਵੀਆਂ ਦੀ ਭਾਰਤੀ ਸਰਕਾਰ ਨੇ ਵਪਾਰ ਦਾ ਖੇਤਰ ਬਹੁਤ ਮੋਕਲਾ ਕਰ ਦਿੱਤਾ ਸੀ। ਹੁਣ ਵਪਾਰ ਸਿਰਫ ਪ੍ਰਾਂਤਕ ਹੱਦਬੰਦੀ ਤੋੜ ਕੇ ਸਮੁੱਚੇ ਭਾਰਤ ਵਿਚ ਹੀ ਨਹੀਂ ਸਗੋਂ ਭਾਰਤ ਤੋਂ ਬਾਹਰਲੇ ਮੁਲਕਾਂ ਵਿਚ ਵੀ ਫੈਲ ਗਿਆ ਸੀ। ਇਸ ਵਾਸਤੇ ਸਰਕਾਰ ਨੇ ਆਵਾਜਾਈ ਦੇ ਸਾਧਨਾਂ ਦੇ ਨਾਲ ਨਾਲ ਅਣਗਿਣਤ ਜਿਣਸਾਂ ਦੀ ਵੇਚ

ਵੱਟ ਦੀ ਖੁੱਲ੍ਹ ਦੇ ਦਿੱਤੀ ਸੀ। ਤੀਸਰੇ ਭਾਰਤ ਵਿਚ ਸਨਅਤ ਦੇ ਵਿਕਾਸ ਦੀਆਂ ਹਾਲਤਾਂ ਵੀ ਕਿਸੇ ਹੱਦ ਤੱਕ ਸਾਜ਼ਗਾਰ ਹੋ ਗਈਆਂ ਸਨ। ਚੌਥਾ ਮਾਲਕਾਂ ਅਤੇ ਉਨ੍ਹਾਂ ਦੇ ਕਾਰਿੰਦਿਆਂ ਵਿਚਕਾਰ ਕਾਨੂੰਨੀ ਇਕਰਾਰਨਾਮੇ ਦੇ ਸਬੰਧ ਕਾਇਮ ਹੋ ਗਏ ਸਨ।

ਭਾਈ ਗਿਰਧਾਰੀ ਸਿੰਘ ਦੇ ਖਾਨਦਾਨ ਨੇ ਉਪਰੋਕਤ ਹਾਲਤਾਂ ਦਾ ਲਾਭ ਉਠਾਇਆ। ਉਨ੍ਹਾਂ ਨੇ ਸਮੁੱਚੇ ਭਾਰਤ ਵਿਚ ਵਪਾਰ ਦੀਆਂ 18 ਕੋਠੀਆਂ ਕਾਇਮ ਕੀਤੀਆਂ ਜਿਨ੍ਹਾਂ ਰਾਹੀਂ ਕਈ ਤਰ੍ਹਾਂ ਦੇ ਮਾਲ ਦਾ ਵਪਾਰ ਹੁੰਦਾ ਸੀ। ਦੂਸਰੇ ਇਸ ਖਾਨਦਾਨ ਨੇ ਖੇਤੀਬਾੜੀ ਦੀ ਉਪਜ ਦੇ ਵਾਧੇ ਲਈ ਨਵੀਂ ਤਕਨੀਕ ਅਪਣਾਈ ਜਿਸ ਨਾਲ ਉਨ੍ਹਾਂ ਦੀ ਜਮੀਨ ਵਿਚੋਂ ਹਰ ਸਾਲ ਅੱਸੀ ਮਣ ਅਨਾਜ ਵੱਧ ਪੈਦਾ ਹੋਣ ਲੱਗ ਪਿਆ। ਤੀਸਰੇ ਭਾਈ ਸਾਹਿਬ ਨੇ ਇਕ ਅਜਿਹੀ ਮਸ਼ੀਨ ਬਣਵਾਈ ਜਿਹੜੀ ਬਲਦਾਂ ਦੀ ਸ਼ਕਤੀ ਨਾਲ ਇਕੋ ਸਮੇਂ ਅੱਠ ਪੱਖੇ ਖਿੱਚ ਸਕਦੀ ਸੀ। ਇਸ ਤੋਂ ਇਲਾਵਾ ਭਾਫ਼ ਅਤੇ ਤੇਲ ਨਾਲ ਚੱਲਣ ਵਾਲਾ ਇਕ ਕਾਰਖਾਨਾ ਵੀ ਲਗਾਇਆ ਗਿਆ ਜਿਸ ਵਿਚ ਕੰਬਲ ਅਤੇ ਲੋਈਆਂ ਬਣਦੀਆਂ ਸਨ।

ਬਰਤਾਨਵੀ ਕਾਨੂੰਨ ਦਾ ਇਕ ਮਹੱਤਵਪੂਰਨ ਪਹਿਲੂ ਮਾਲਕ ਅਤੇ ਨੌਕਰ ਵਿਚਲੇ ਸਬੰਧਾਂ ਨਾਲ ਜੁੜਿਆ ਹੋਇਆ ਹੈ। ਕਾਨੂੰਨੀ ਇਕਰਾਰਨਾਮੇ ਵਿਚ ਮਿਥੀਆਂ ਸ਼ਰਤਾਂ ਅਨੁਸਾਰ ਮਾਲਕ ਕਰਮਚਾਰੀ ਨੂੰ ਨਿਸ਼ਚਿਤ ਸਮੇਂ ਲਈ ਕੰਮ 'ਤੇ ਲਾਉਂਦਾ ਹੈ ਜਦੋਂ ਤਕ ਕਰਮਚਾਰੀ ਆਪਣਾ ਕੰਮ ਮਾਲਕ ਦੀ ਤਸੱਲੀ ਅਨੁਸਾਰ ਅਤੇ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਕੰਮ ਕਰਦਾ ਰਹਿੰਦਾ ਹੈ ਉਦੋਂ ਤੱਕ ਮਾਲਕ ਵੱਲੋਂ ਉਸ ਨੂੰ ਸਮੇਂ ਸਿਰ ਮਿਥੀ ਹੋਈ ਤਨਖਾਹ ਮਿਲਦੀ ਰਹਿੰਦੀ ਹੈ। ਜੇ ਕਰਮਚਾਰੀ ਜ਼ਿਆਦਾ ਮਿਹਨਤੀ ਅਤੇ ਯੋਗ ਹੋਵੇ ਤਾਂ ਮਾਲਕ ਉਸਦੀ ਤਰੱਕੀ ਵੀ ਕਰ ਦਿੰਦਾ ਹੈ, ਜਿਹਾ ਕਿ ਨਾਵਲ ਵਿਚ ਗਿਰਧਾਰੀ ਸਿੰਘ ਅਤੇ ਸ਼ੋਭਾ ਸਿੰਘ ਦੇ ਪ੍ਰਸੰਗ ਵਿਚ ਵਿਖਾਇਆ ਗਿਆ ਸੀ। ਜਦੋਂ ਗਿਰਧਾਰੀ ਸਿੰਘ ਕਲਕੱਤੇ ਦੀ ਕੋਠੀ

ਦਾ ਮੁਆਇਨਾ ਕਰਨ ਲਈ ਜਾਂਦਾ ਹੈ ਤਾਂ ਇਸ ਕੋਠੀ ਦੇ ਗੁਮਾਸ਼ਤੇ ਦੇ ਕਾਰ ਵਿਹਾਰ ਤੋਂ ਖੁਸ਼ ਹੋ ਕੇ ਉਸਦੀ ਤਨਖਾਹ ਵਿਚ ਵਾਧਾ ਕਰ ਦਿੰਦਾ ਹੈ। ਇਹ ਮਾਲਕ ਦੀ ਨੌਕਰ ਪ੍ਰਤੀ ਮਨ ਮਰਜ਼ੀ ਦਾ ਸੁਆਲ ਹੈ ਜਿਸ ਵਿਚ ਕਾਨੂੰਨ ਦਖ਼ਲ ਅੰਦਾਜ਼ੀ ਨਹੀਂ ਕਰਦਾ। ਪਰ ਪਟਨੇ ਦੇ ਗੁਮਾਸ਼ਤੇ ਬਦਰੀਦਾਸ ਨੇ ਗਿਰਧਾਰੀ ਸਿੰਘ ਦਾ ਅੱਠ ਹਜ਼ਾਰ ਰੁਪਿਆ ਆਪਣੇ ਨਿੱਜੀ ਕਾਰੋਬਾਰ ਵਿਚ ਲਾ ਰੱਖਿਆ ਹੈ ਜੋ ਕਿ ਕਾਨੂੰਨ ਦੀਆਂ ਨਜ਼ਰਾਂ ਵਿਚ ਅਪਰਾਧ ਹੈ। ਗਿਰਧਾਰੀ ਸਿੰਘ ਪਹਿਲਾਂ ਵੀ ਦੋ ਤਿੰਨ ਵਾਰੀ ਬਦਰੀਦਾਸ ਦੀ ਬੇਈਮਾਨੀ ਫੜ ਚੁੱਕਿਆ ਸੀ ਪਰ ਉਸਨੂੰ ਮੁਆਫ਼ ਕਰਦਾ ਰਿਹਾ ਸੀ। ਉਸਦਾ ਮਤ ਸੀ ਕਿ ਦੁਸ਼ਟਾਂ ਉਪਰ ਬਹੁਤ ਦਿਆ ਕਰਨ ਨਾਲ ਦੇਸ਼ ਵਿਚ ਦੁਸ਼ਟਤਾ ਵੱਧਦੀ ਹੈ। ਇਸ ਲਈ ਉਸ ਨੇ ਬਦਰੀਦਾਸ ਉਤੇ ਦੀਵਾਨੀ ਅਤੇ ਫੌਜ਼ਦਾਰੀ ਦੋਨੋਂ ਮੁਕੱਦਮੇ ਕਰ ਦਿੱਤੇ ਜਿਸ ਦੇ ਸਿੱਟੇ ਵਜੋਂ ਪਟਨੇ ਦੀ ਫੌਜ਼ਦਾਰ ਅਦਾਲਤ ਵਿਚੋਂ ਉਸਨੂੰ ਤਿੰਨ ਵਰ੍ਹੇ ਦੀ ਕੈਦ ਅਤੇ 500 ਰੁਪਿਆ ਜੁਰਮਾਨਾ ਹੋਇਆ। ਦੀਵਾਨੀ ਵਿਚ ਵੀ ਉਸ ਉੱਤੇ ਡਿਗਰੀ ਹੋ ਗਈ। ਇਸ ਤਰ੍ਹਾਂ ਪੰਜਾਬੀ ਦਾ ਇਹ ਪਹਿਲਾ ਨਾਵਲ ਹੈ ਜੋ ਆਧੁਨਿਕ ਕਾਲ ਦੀਆਂ ਹਾਲਤਾਂ ਨੂੰ ਜੀ ਆਇਆ ਆਖਦਾ ਹੋਇਆ ਸਿੱਖ ਸਮਾਜ ਵਿਚ ਆਧੁਨਿਕ ਸੁਧਾਰ ਦਾ ਰਾਖਾ ਪ੍ਰਤੀਤ ਹੁੰਦਾ ਹੈ।

ਸਿੰਘ ਸਭਾ ਲਹਿਰ ਨਾਲ ਸਬੰਧਿਤ ਸਭ ਤੋਂ ਵੱਡਾ ਲੇਖਕ ਭਾਈ ਵੀਰ ਸਿੰਘ ਹੈ ਜਿਸਨੇ ਪੰਜਾਬੀ ਵਿਚ ਕਈ ਨਵੇਂ ਸਾਹਿਤ ਰੂਪਾਂ ਨੂੰ ਜਨਮ ਦੇਣ ਦੇ ਨਾਲ ਨਾਲ ਪੰਜਾਬੀ ਦੇ ਮੌਲਿਕ ਨਾਵਲ ਦਾ ਵੀ ਮੁੱਢ ਬੰਨ੍ਹਿਆ। ਉਸ ਦਾ ਪਹਿਲਾ ਇਤਿਹਾਸਕ ਨਾਵਲ ***ਸੁੰਦਰੀ*** 1898 ਵਿਚ ਪ੍ਰਕਾਸ਼ਿਤ ਹੋਇਆ ਸੀ। ਪੰਜਾਬੀ ਦਾ ਇਹ ਪਹਿਲਾ ਨਾਵਲ ਹੈ ਜਿਸਦੀ ਮੌਲਿਕਤਾ ਸੰਦੇਹ ਰਹਿਤ ਹੈ। ਇਸ ਨਾਵਲ ਤੋਂ ਇਲਾਵਾ ਭਾਈ ਸਾਹਿਬ ਨੇ ***ਬਿਜੈ ਸਿੰਘ*** ਅਤੇ ***ਸਤਵੰਤ ਕੌਰ*** ਨਾਂ ਦੇ ਦੋ ਹੋਰ ਨਾਵਲ ਵੀ ਲਿਖੇ ਹਨ। ਇਹ ਤਿੰਨੇ ਨਾਵਲ 18ਵੀਂ ਸਦੀ ਦੇ ਸਿੱਖ ਇਤਿਹਾਸ ਨਾਲ ਸਬੰਧਿਤ ਹਨ ਅਤੇ ਸਿੱਖ ਧਰਮ ਦੇ ਅਸੂਲਾਂ ਦਾ ਪ੍ਰਸੰਸਾ ਭਾਵੀ ਚਿੱਤਰ ਰੂਪਮਾਨ ਕਰਦੇ ਹੋਏ

ਬਰਤਾਨਵੀ ਸਾਮਰਾਜ ਅਧੀਨ ਪਸਰ ਰਹੀ ਆਧੁਨਿਕ ਸਰਮਾਏਦਾਰ ਸੰਸਕ੍ਰਿਤੀ ਦੀ ਨਿੰਦਿਆ ਕਰਦੇ ਹਨ। ਇਸ ਤਰ੍ਹਾਂ ਭਾਈ ਸਾਹਿਬ ਜਿੱਥੇ ਸਿੱਖ ਧਰਮ ਦੀਆਂ ਬਰਕਤਾਂ ਅਤੇ ਮੱਧਕਾਲੀ ਸਿੱਖ ਸੰਸਕ੍ਰਿਤੀ ਦੀ ਪ੍ਰਸੰਸਾ ਕਰਦੇ ਹਨ ਉੱਥ ਪ੍ਰੋਖ ਰੂਪ ਵਿਚ ਪੱਛਮੀ ਸੰਸਕ੍ਰਿਤੀ ਦੇ ਵਿਰੋਧ ਰਾਹੀਂ ਬਰਤਾਨਵੀ ਹਕੂਮਤ ਦੇ ਖ਼ਿਲਾਫ਼ ਵੀ ਆਪਣਾ ਮੱਤ ਪੇਸ਼ ਕਰਦੇ ਹਨ।

ਪਰੰਤੂ ਇਤਿਹਾਸਕ ਗਤੀ ਦਾ ਇਹ ਤਕਾਜ਼ਾ ਸੀ ਕਿ ਬਰਤਾਨਵੀ ਸਾਮਰਾਜ ਦਾ ਵਿਰੋਧ ਸਰਮਾਏਦਾਰੀ ਦੀਆਂ ਕਦਰਾਂ ਕੀਮਤਾਂ ਨਾਲ ਮੱਧਕਾਲੀ ਪੇਂਡੂ ਸੰਸਕ੍ਰਿਤੀ ਨੂੰ ਢਾਹ ਕੇ ਉਹਦੀ ਥਾਂ 'ਤੇ ਆਧੁਨਿਕ ਕਾਲ ਦੀ ਸ਼ਹਿਰੀ ਸੰਸਕ੍ਰਿਤੀ ਦੇ ਹੱਕ ਵਿਚ ਖਲੋ ਕੇ ਹੀ ਭਾਰਤੀ ਆਜ਼ਾਦੀ ਦੇ ਸੰਘਰਸ਼ ਲਈ ਦਰੁਸਤ ਮੋਰਚਾ ਅਪਣਾਇਆ ਜਾ ਸਕਦਾ ਸੀ। ਬਰਤਾਨਵੀ ਸਾਮਰਾਜ ਇਸ ਧਾਰਨਾ ਬਾਰੇ ਸੁਚੇਤ ਸੀ। ਇਸੇ ਕਰਕੇ ਉਸਨੇ ਭਾਰਤੀ ਸਨਅਤ ਦੇ ਵਿਕਾਸ ਨੂੰ ਠੱਲ੍ਹ ਪਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਅਤੇ ਨਾਲ-ਨਾਲ ਧਰਮ ਅਤੇ ਜਾਤ-ਪਾਤ ਦੇ ਵਿਤਕਰਿਆਂ ਵਾਲੀ ਪੁਰਾਣੀ ਸੰਸਕ੍ਰਿਤੀ ਨੂੰ ਉਤਸ਼ਾਹਿਤ ਕੀਤਾ। ਸਾਡੇ ਮੱਤ ਦੀ ਪੁਸ਼ਟੀ ਡਾ. ਦਵੇਸ਼ਵਰ ਦੀ ਉਸ ਧਾਰਣਾ ਤੋਂ ਹੁੰਦੀ ਹੈ ਜਿਸ ਅਨੁਸਾਰ:

> *ਪੰਜਾਬ ਭਾਰਤ ਦਾ ਆਖ਼ਰੀ ਰਾਜ ਸੀ ਜਿਹੜਾ 1849 ਈ. ਵਿਚ ਬਰਤਾਨਵੀ ਰਾਜ ਵਿਚ ਸ਼ਾਮਲ ਕੀਤਾ ਗਿਆ। ਪੰਜਾਬ ਦੀ ਸਮਾਜਿਕ-ਆਰਥਿਕ ਬਣਤਰ ਦਾ ਸੁਭਾਅ ਸਾਮੰਤਕੀ ਸੀ। ਬਰਤਾਨਵੀ ਹਕੂਮਤ ਦਾ ਸੁਭਾਅ ਕਿਉਂਕਿ ਪੂੰਜੀਵਾਦੀ ਸਾਮਰਾਜੀ ਸੀ ਜਿਸ ਦਾ ਵਿਚਾਰਧਾਰਾਈ ਅਤੇ ਵਿਹਾਰਕ ਆਧਾਰ ਬਰਤਾਨਵੀਆਂ ਦੇ ਇਤਿਹਾਸਕ ਦੇ ਭੌਤਿਕ ਪ੍ਰਵਾਹ ਦੀ ਸੰਵਾਦੀ ਪ੍ਰਕਿਰਿਆ ਵਿਚੋਂ ਨਿਖਰਿਆ ਹੋਇਆ ਸੀ। ਉਸ ਨੇ ਪੰਜਾਬ ਦਾ ਸਮਾਜਿਕ-ਅਰਥਿਕ ਵਿਕਾਸ ਆਪਣੀਆਂ ਸਾਮਰਾਜੀ ਲੋੜਾਂ ਦੇ ਰਾਜਨੀਤਕ ਹਿੱਤਾਂ ਅਧੀਨ ਹੀ ਕੀਤਾ। ਇਸ ਦੇ*

*ਸਿੱਟੇ ਵਜੋਂ ਪੰਜਾਬ ਵਿਚ ਜਿਹੜੀ ਸਮਾਜਿਕ-ਆਰਥਿਕ ਤੇ ਵਿਚਾਰਧਾਰਾ ਦੀ ਪੱਧਰ 'ਤੇ ਤਬਦੀਲੀ ਹੋਈ ਉਹ ਸੁਭਾਅ ਪੱਖ ਨਾ ਸਾਮੰਤੀ ਹੀ ਰਹੀ ਅਤੇ ਨਾ ਹੀ ਪੂਰੀ ਤਰ੍ਹਾਂ ਪੂੰਜੀਵਾਦੀ ਬਣ ਸਕੀ। ਅਜਿਹੀ ਸਥਿਤੀ ਵਿਚ ਜੋ ਮੱਧ-ਵਰਗ ਵੀ ਹੋਂਦ ਵਿਚ ਆਇਆ ਉਸਨੇ ਆਰਥਿਕ ਤੇ ਭੌਤਿਕ ਲਾਭਾਂ ਲਈ ਤਾਂ ਪਦਾਰਥ ਪ੍ਰਤਿ ਮੋਹ ਵਾਲਾ ਰਵੱਈਆ ਇਖ਼ਤਿਆਰ ਕੀਤਾ ਪਰੰਤੂ ਸੰਸਕਾਰਾਂ ਪੱਖੋਂ ਉਹ ਜ਼ਿਆਦਾਤਰ ਭੂਪਵਾਦੀ ਜੁਗ ਦੀ ਚੇਤਨਾ ਦੇ ਨੇੜੇ ਹੀ ਰਿਹਾ। ਵਸਤੂ ਪਦਾਰਥ ਤੇ ਵਰਤ-ਵਰਤਾਰਿਆਂ ਪ੍ਰਤੀ ਉਸ ਦੀ ਇਸ ਦੁਵੱਲਤਾ ਦੇ ਦਵੰਦ ਵਾਲੀ ਪਹੁੰਚ-ਦ੍ਰਿਸ਼ਟੀ ਤੇ ਮਾਨਸਿਕਤਾ ਨੇ ਉਸ ਨੂੰ ਪੂਰੀ ਤਰ੍ਹਾਂ ਨਾਲ ਯਥਾਰਥਵਾਦੀ ਤੇ ਵਿਗਿਆਨਕ ਚੇਤਨਾ ਦੇ ਲੜ ਨਾ ਲੱਗਣ ਦਿੱਤਾ।*[10]

ਇਸ ਪ੍ਰਸੰਗ ਵਿਚ ਭਾਰਤੀ ਆਜ਼ਾਦੀ ਦੀ ਲਹਿਰ ਦੇ ਸਿਰਕੱਢ ਆਗੂ ਵੀ ਪੁਰਾਣੇ ਧਰਮ ਦੇ ਆਧਾਰ 'ਤੇ ਹੀ ਸਾਮਰਾਜੀ ਹਕੂਮਤ ਦੇ ਵਿਰੁੱਧ ਸੰਘਰਸ਼ ਕਰਦੇ ਰਹੇ ਹਨ। ਲੋਕ ਮਾਨਯ ਤਿਲਕ, ਮਹਾਤਮਾ ਗਾਂਧੀ, ਲਾਲਾ ਲਾਜਪਤ ਰਾਏ, ਸਵਾਮੀ ਦਯਾਨੰਦ, ਵਿਵੇਕਾਨੰਦ ਅਤੇ ਹੋਰ ਬਹੁਤ ਸਾਰੇ ਭਾਰਤੀ ਆਗੂ ਇਸੇ ਧਾਰਨਾ ਦੇ ਪੈਰੋਕਾਰ ਸਨ। ਪੰਜਾਬ ਵਿਚ ਸਿੱਖ ਧਰਮ ਦੇ ਅੰਤਰਗਤ ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ ਆਦਿ ਲਹਿਰਾਂ ਦਾ ਪ੍ਰੇਰਨਾ ਸੋਮਾ ਵੀ ਸਿੱਖ ਧਰਮ ਹੀ ਸੀ।

ਧਰਮ ਪ੍ਰੇਰਿਤ ਭਾਰਤੀ ਆਜ਼ਾਦੀ ਦੀ ਇਸ ਲਹਿਰ ਨੇ ਜਿੱਥੇ ਪੱਛਮੀ ਰਾਜਭਾਗ, ਇਸਾਈ ਧਰਮ ਅਤੇ ਸਭਿਆਚਾਰ ਵਿਰੁੱਧ ਭਾਰਤੀਆਂ ਦੇ ਮਨ ਵਿਚ ਨਫ਼ਰਤ ਪੈਦਾ ਕੀਤੀ, ਉੱਥੇ ਇਸ ਲਹਿਰ ਨੇ ਪੰਜਾਬ ਦੀ ਜਨਤਾ ਨੂੰ ਮੱਧਕਾਲੀ ਦਾਇਰੇ ਵਿਚ ਵੀ ਬੰਨ੍ਹ ਕੇ ਰੱਖ ਦਿੱਤਾ। ਸਭ ਤੋਂ ਵੱਡਾ ਹਾਨੀਕਾਰਕ ਸਿੱਟਾ ਇਹ ਨਿਕਲਿਆ ਕਿ ਸਰਵ ਭਾਰਤੀ ਧਰਮ ਨਿਰਪੱਖ ਆਜ਼ਾਦੀ ਦੀ ਲਹਿਰ ਸੰਪਰਦਾਇਕਤਾ

ਤੋਂ ਆਪਣਾ ਖਹਿੜਾ ਨਾ ਛੁੜਾ ਸਕੀ। ਹਿੰਦੂ ਮਹਾ ਸਭਾ, ਮੁਸਲਿਮ ਲੀਗ ਜਾਂ ਜਮਾਤਿ ਅਹਿਮਦੀਆਂ ਦੀਆਂ ਲਹਿਰਾਂ ਅੰਦਰ ਹਿੰਦੂ ਧਰਮ ਦੀਆਂ ਰਹੁ-ਰੀਤਾਂ ਨਾਲ ਬੱਝੀ ਹੋਈ ਕੌਮੀ ਕਾਂਗਰਸ ਮੁਸਲਮਾਨਾਂ ਅਤੇ ਸਿੱਖਾਂ ਨੂੰ ਆਪਣੇ ਨਾਲ ਪੂਰੀ ਤਰ੍ਹਾਂ ਨਾ ਜੋੜ ਸਕੀ ਜਿਸ ਦਾ ਲਾਭ ਉਠਾਉਂਦਿਆਂ ਬਰਤਾਨਵੀ ਸਾਮਰਾਜ ਨੇ ਏਸ ਨੂੰ ਭਾਰਤ ਅਤੇ ਪਾਕਿਸਤਾਨ ਦੇ ਦੋ ਮੁਲਕਾਂ ਵਿਚ ਵੰਡ ਦਿੱਤਾ। ਭਾਈ ਵੀਰ ਸਾਹਿਬ ਦੇ ਨਾਵਲਾਂ ਨੇ ਵੀ ਇਹ ਦੂਹਰੀ ਭੂਮਿਕਾ ਨਿਭਾਈ ਪ੍ਰਤੀਤ ਹੁੰਦੀ ਹੈ ਜਿਸ ਦਾ ਵਿਸਤਾਰ ਚਿਤਰ ਉਨ੍ਹਾਂ ਨੇ ਆਪਣੇ ਇਕੋ ਇਕ ਸਮਕਾਲ ਬਾਰੇ ਲਿਖੇ ਨਾਵਲ ***ਸੁਭਾਗ ਜੀ ਦਾ ਸੁਧਾਰ, ਹਥੀਂ ਬਾਬਾ ਨੌਧ ਸਿੰਘ*** (1917) ਲਿਖਿਆ ਹੈ। ਇਹ ਨਾਵਲ ਭਾਈ ਸਾਹਿਬ ਦੇ ਅਖ਼ਬਾਰ ਖਾਲਸਾ ਸਮਾਚਾਰ ਵਿਚ 1914-18 ਤੱਕ ਛਪਦਾ ਰਿਹਾ ਹੈ ਜਦੋਂ ਪਹਿਲੇ ਵਿਸ਼ਵ ਯੁੱਧ ਦਾ ਲਾਭ ਉਠਾ ਕੇ ਗਦਰ ਪਾਰਟੀ ਭਾਰਤੀ ਆਜ਼ਾਦੀ ਲਈ ਖਾੜਕੂ ਸੰਘਰਸ਼ ਵਿਚ ਰੁੱਝੀ ਹੋਈ ਸੀ। ਪਰੰਤੂ ਇਹ ਨਾਵਲ ਭਾਈ ਸਾਹਿਬ ਦੀ ਸਾਮਰਾਜ ਪੱਖੀ ਅਤੇ ਸਿੱਖ ਸਾਮੰਤਵਾਦ ਪੱਖੀ ਰਚਨਾ ਦ੍ਰਿਸ਼ਟੀ ਦੇ ਆਧਾਰ 'ਤੇ ਉਸਰਿਆ ਹੋਇਆ ਹੈ। ਜਿਸ ਸਿੱਖ ਸਰਦਾਰ ਵਰਗ ਦੀ ਭਾਈ ਸਾਹਿਬ ਜੀ ਇਸ ਨਾਵਲ ਰਾਹੀਂ ਪ੍ਰਤਿਨਿਧਤਾ ਕਰਦੇ ਹਨ। ਉਸ ਵਰਗ ਨੇ ਭਾਰਤੀ ਜਾਤ-ਪਾਤੀ ਦਰਜਾ ਬਦਰਜੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਸਿਆਸੀ ਸੱਤਾ ਹਾਸਲ ਕਰ ਲਈ ਸੀ। ਇਹ ਸਰਦਾਰ ਵਰਗ ਜੱਟ ਸਿੰਘ ਜਾਤੀਆਂ ਵਿਚੋਂ ਉੱਠਿਆ ਸੀ ਜਿਨ੍ਹਾਂ ਨੂੰ ਜਾਤਪਾਤੀ ਪ੍ਰਬੰਧ ਵਿਚ ਨੀਵਾਂ ਸਮਝਿਆ ਜਾਂਦਾ ਸੀ ਅਤੇ ਬ੍ਰਾਹਮਣੀ ਧਰਮ ਦੇ ਨਿਆਂ ਅਨੁਸਾਰ ਇਸ ਨੂੰ ਜਾਇਜ਼ ਵੀ ਖਿਆਲ ਕੀਤਾ ਜਾਂਦਾ ਸੀ। ਜੱਟਾਂ ਵਿਚੋਂ ਉੱਠਿਆ ਇਹ ਸਰਦਾਰ ਵਰਗ ਜਾਤਪਾਤੀ ਵਿਵਸਥਾ ਵਿਚ ਬ੍ਰਾਹਮਣੀ ਧਰਮ ਦੇ ਨਿਆਂਕਾਰੀ ਅਸੂਲਾਂ ਨੂੰ ਅਪਣਾ ਕੇ ਆਪਣੇ ਆਪ ਨੂੰ ਕਸ਼ੱਤਰੀਆਂ ਵਿਚ ਗਿਣਵਾਉਣਾ ਚਾਹੁੰਦਾ ਸੀ। ਇਹ ਵਰਗ ਬ੍ਰਾਹਮਣੀ ਧਰਮ ਦੇ ਅਸੂਲਾਂ ਦੇ ਵਿਰੁੱਧ ਹੋਣਾ ਸੀ ਪਰ ਸਿੱਖ ਸਰਦਾਰ ਵਰਗ ਦੇ ਹਿੱਤਾਂ ਨਾਲ ਬੱਝੇ ਹੋਏ

ਭਾਈ ਸਾਹਿਬ ਨੇ ਸਿੱਖ ਧਰਮ ਦੀ ਵੀ ਇਸ ਨਾਵਲ ਵਿਚ ਇਸ ਤਰ੍ਹਾਂ ਪੇਸ਼ਕਾਰੀ ਕੀਤੀ ਹੈ ਕਿ ਬ੍ਰਾਹਮਣੀ ਧਰਮ ਦੇ ਅਸੂਲ ਸਿੱਖ ਧਰਮ ਦੇ ਅਸੂਲ ਹੀ ਬਣ ਕੇ ਰਹਿ ਗਏ ਹਨ।

ਇਸ ਨਾਵਲ ਦੀ ਕਥਾ ਇਕ ਵਿਧਵਾ ਇਸਤਰੀ ਜਮਨਾ ਦੇ ਪੁਨਰ ਵਿਵਾਹ ਨਾਲ ਜੁੜੀ ਹੋਈ ਹੈ ਜਿਸਦਾ ਨਾਵਲਕਾਰ ਵਿਰੋਧ ਕਰਦਾ ਹੈ ਅਤੇ ਨਾਮ ਸਿਮਰਨ ਦੀ ਸਹਾਇਤਾ ਨਾਲ ਮੋਏ ਪਤੀ ਦੇ ਵਿਛੋੜੇ ਦੇ ਦੁੱਖ ਸਹਿਣ ਦੀ ਸਲਾਹ ਦਿੰਦਾ ਹੈ। ਸਿੱਖ ਧਰਮ ਅਤੇ ਪੱਛਮੀ ਨਿਆਂ ਪ੍ਰਣਾਲੀ ਦੇ ਅੰਤਰਗਤ ਵਿਧਵਾ ਵਿਆਹ ਨੂੰ ਨਿਆਈਂ ਸਮਝਿਆ ਜਾਂਦਾ ਹੈ। ਸਿੰਘ ਸਭਾ ਲਹਿਰ ਵੀ ਇਸਦੇ ਹੱਕ ਵਿਚ ਸੀ ਪਰ ਭਾਈ ਸਾਹਿਬ ਜਮਨਾ ਦੇ ਪੁਨਰ-ਵਿਆਹ ਦਾ ਇਸ ਲਈ ਵਿਰੋਧ ਕਰਦੇ ਹਨ ਕਿਉਂਕਿ ਸਿੱਖ ਸਰਦਾਰਾਂ ਦੀ ਬ੍ਰਾਹਮਣੀ ਸੋਚ ਦੇ ਇਹ ਗੱਲ ਉਲਟ ਜਾਂਦੀ ਹੈ।

ਭਾਈ ਸਾਹਿਬ ਬ੍ਰਾਹਮਣੀ ਧਰਮ ਦੀ ਜਾਤ-ਪਾਤੀ ਨਾ ਬਰਾਬਰੀ ਨੂੰ ਵੀ ਨਿਆਈਂ ਠਹਿਰਾਉਂਦੇ ਹਨ। ਨਾਵਲ ਦੇ ਨਾਇਕ ਬਾਬਾ ਨੌਧ ਸਿੰਘ ਦੇ ਪਿੰਡ ਵਿਚ ਪਿੰਡ ਦੇ ਅਛੂਤ ਗੁਰਦੁਆਰਾ ਉਸਾਰ ਲੈਂਦੇ ਹਨ। ਪਿੰਡ ਦਾ ਇਕ ਮੁਸਲਮਾਨ ਜਿਮੀਂਦਾਰ ਰਾਂਝਾ ਬਾਬਾ ਜੀ ਕੋਲ ਸ਼ਿਕਾਇਤ ਕਰਦਾ ਹੈ ਕਿ ਜੇ ਪਿੰਡ ਦੇ ਚੂਹੜ-ਚਮਾਰ 'ਗੁਰੂ ਗ੍ਰੰਥ ਸਾਹਿਬ' ਦੀ ਸਿੱਖਿਆ ਨਾਲ ਜੁੜ ਗਏ ਤਾਂ ਉਨ੍ਹਾਂ ਦੇ ਖੇਤਾਂ ਵਿਚ ਕੰਮ ਕੌਣ ਕਰੇਗਾ। ਭਾਈ ਸਾਹਿਬ ਵੱਖਰਾ ਗੁਰਦੁਆਰਾ ਬਣਾਉਣ ਦਾ ਤਾਂ ਵਿਰੋਧ ਨਹੀਂ ਕਰਦੇ ਪਰ ਉਹ ਚਾਹੁੰਦੇ ਹਨ ਕਿ 'ਗੁਰੂ ਗ੍ਰੰਥ ਸਾਹਿਬ' ਦਾ ਪਾਠ ਜੱਟਾਂ ਦੇ ਪੜ੍ਹੇ ਲਿਖੇ ਮੁੰਡੇ ਹੀ ਕਰਿਆ ਕਰਨ ਤਾਂ ਜੋ ਉਹ ਸਿੱਖ ਧਰਮ ਦੀ ਜਾਤ-ਪਾਤ ਵਿਰੋਧੀ ਸੰਸਕ੍ਰਿਤੀ ਦੇ ਅਸੂਲ ਉੱਤੇ ਝੂਠ ਦਾ ਪਰਦਾ ਪਾਈ ਰੱਖਣ।

ਸਿੱਖ ਧਰਮ ਦਾ ਇੱਕ ਅਸੂਲ ਭਾਣਾ ਮੰਨਣ ਦੇ ਸਿਧਾਂਤ ਨਾਲ ਵੀ ਸਬੰਧ ਰੱਖਦਾ ਹੈ। ਇਹ ਅਸੂਲ ਵੈਰੀ ਵਿਰੁੱਧ ਲੜਦਿਆਂ ਹੋਏ ਨੁਕਸਾਨ ਨੂੰ ਜਰ ਜਾਣ ਦੀ ਸਿੱਖਿਆ ਦੇਣ ਲਈ ਬਣਾਇਆ ਗਿਆ ਸੀ ਪਰ ਭਾਈ ਸਾਹਿਬ ਇਸ ਅਸੂਲ ਦੀ

ਵਰਤੋਂ ਅੰਗਰੇਜ਼ਾਂ ਪ੍ਰਤੀ ਸਿੱਖ ਸਰਦਾਰਾਂ ਦੀ ਵਫ਼ਾਦਾਰੀ ਵਿਖਾਉਣ ਲਈ ਕਰਦੇ ਹਨ। ਨਾਵਲ ਵਿਚਲੀ ਇਕ ਘਟਨਾ ਅਨੁਸਾਰ ਡਾਕਟਰ ਬੱਗਾ ਸਿੰਘ ਦੇ ਸਾਲੇ ਦੀ ਸਾਮਰਾਜੀ ਜੰਗ ਵਿਚ ਮੌਤ ਹੋ ਜਾਂਦੀ ਹੈ। ਡਾ. ਬੱਗਾ ਸਿੰਘ ਦੀ ਪਤਨੀ ਨੂੰ ਇਹ ਦੁੱਖ ਸਹਾਰਣ ਦਾ ਹੌਸਲਾ ਦੇਣ ਵਾਸਤੇ ਪਿੰਡ ਵਿਚ ਮਾਤਾ ਸਭਰਾਈ ਦੀਆਂ ਸੱਤ ਰਾਤਾਂ ਦੀ ਕਥਾ ਖੁਲ੍ਹਵਾ ਦਿੱਤੀ ਜਾਂਦੀ ਹੈ। ਇਹ ਕਥਾ ਧਰਮ ਲਈ ਜੂਝਦੇ ਸਿੱਖਾਂ ਨੂੰ ਹੌਸਲਾ ਦੇਣ ਵਾਸਤੇ ਸਿਰਜੀ ਗਈ ਸੀ ਪਰ ਭਾਈ ਸਾਹਿਬ ਇਸਦੀ ਵਰਤੋਂ ਸਾਮਰਾਜੀ ਜੰਗ ਨੂੰ ਨਿਆਂਸ਼ੀਲ ਠਹਿਰਾਉਣ ਲਈ ਕਰਦੇ ਹਨ।

ਸਿੱਖ ਸਰਦਾਰਾਂ ਦੀ ਬਰਤਾਨਵੀ ਹਕੂਮਤ ਨਾਲ ਵਫ਼ਾਦਾਰੀ ਦੇ ਸਬੰਧਾਂ ਦਾ ਗਿਆਨ ਇਕ ਹੋਰ ਨਾਵਲੀ ਸਥਿਤੀ ਵਿਚੋਂ ਵੀ ਹੁੰਦਾ ਹੈ। ਪਿੰਡ ਵਿਚ ਇਕ ਈਸਾਈ ਮਿਸ਼ਨਰੀ ਆਉਂਦਾ ਹੈ। ਉਹ ਮੁਹੰਮਤ ਰਸੂਲ ਵਿਰੁੱਧ ਬੁਰਾ ਭਲਾ ਆਖ ਦਿੰਦਾ ਹੈ ਜਿਸਤੋਂ ਚਿੜ੍ਹ ਕੇ ਰਾਂਝਾ ਵੀ ਈਸਾ ਦੇ ਇਕ ਦੋ ਔਗੁਣ ਗਿਣਾ ਦਿੰਦਾ ਹੈ। ਈਸਾਈ ਪਾਦਰੀ ਇਸ ਦੀ ਸ਼ਿਕਾਇਤ ਅੰਗਰੇਜ਼ ਅਫ਼ਸਰ ਕੋਲ ਕਰ ਦਿੰਦਾ ਹੈ। ਬਾਬਾ ਨੌਧ ਸਿੰਘ ਇਸ ਘਟਨਾ ਵਿਚ ਇਨਸਾਫ਼ ਮੰਗਣ ਦੀ ਬਜਾਏ ਰਾਂਝੇ ਲਈ ਮੁਆਫ਼ੀ ਮੰਗਦਾ ਹੈ ਅਤੇ ਅੰਗਰੇਜ਼ ਅਫ਼ਸਰ ਦੇ ਸਾਹਮਣੇ ਨਰਮਾਈ ਨਾਲ ਗੱਲ ਕਰਦਾ ਹੈ। ਸਿੱਟੇ ਵਜੋਂ ਰਾਂਝੇ ਨੂੰ ਮੁਆਫ਼ੀ ਮਿਲ ਜਾਂਦੀ ਹੈ ਅਤੇ ਨਿਆਂ ਦੀ ਗੱਲ ਪਿਛਾਂਹ ਪੈ ਜਾਂਦੀ ਹੈ।

ਡਾ. ਟੀ.ਆਰ. ਵਿਨੋਦ ਨੇ ਇਸ ਨਾਵਲ ਬਾਰੇ ਠੀਕ ਹੀ ਲਿਖਿਆ ਹੈ ਕਿ:

> *ਇਹ ਨਾਵਲ ਭਾਈ ਸਾਹਿਬ ਦੀ ਸਿੱਖ ਸਾਮੰਤਵਾਤੀ ਸੋਚ ਦਾ ਲਖਾਇਕ ਹੈ ਜਿਸ ਵਿਚ ਨਿਆਂਕਾਰੀ ਹਕੂਮਤੀ ਦਮਨ ਦੇ ਹੇਠਾਂ ਦਬ ਕੇ ਰਹਿ ਜਾਂਦੀ ਹੈ ਕਿਉਂਕਿ ਬਰਤਾਨਵੀ ਹਕੂਮਤ ਨੇ ਸਿੱਖ ਸਰਦਾਰਾਂ ਨੂੰ ਕਈ ਤਰ੍ਹਾਂ ਦੀਆਂ ਰਿਆਇਤਾਂ ਦੇ ਕੇ ਆਪਣੇ ਪੱਖ ਵਿਚ ਕਰ ਲਿਆ ਸੀ। ਅਜਿਹਾ ਕਰਦੇ ਹੋਏ ਭਾਈ ਸਾਹਿਬ ਭੁੱਲ ਜਾਂਦੇ ਹਨ ਕਿ*

*ਜੱਟ ਸਿੱਖ ਕਿਸਾਨੀ ਨਾਲ ਸਾਮਰਾਜੀ ਹਕੂਮਤ ਦਾ ਵਿਹਾਰ ਬਿਲਕੁਲ ਉਲਟ ਸੀ। 'ਪਗੜੀ ਸੰਭਾਲ ਜੱਟਾ' ਅਤੇ 'ਗਦਰ ਲਹਿਰ' ਇਸ ਦੇ ਪ੍ਰਤੱਖ ਪ੍ਰਮਾਣ ਹਨ। ਭਾਈ ਸਾਹਿਬ ਅੰਗਰੇਜ਼ਾਂ ਦੀਆਂ ਆਰਥਿਕ ਰਾਜਨੀਤਕ ਨੀਤੀਆਂ ਨੂੰ ਭੁੱਲ ਕੇ ਕੁਝ ਇਕ ਉਤਲੇ ਵਰਗ ਦੇ ਰੱਜੇ ਪੁੱਜੇ ਸਰਦਾਰਾਂ ਦੇ ਹੱਕ ਵਿਚ ਇਹ ਨਾਵਲ ਲਿਖਦੇ ਪ੍ਰਤੀਤ ਹੁੰਦੇ ਹਨ। ਸਿੰਘ ਸਭਾ ਲਹਿਰ ਦੀ ਅਗਵਾਈ ਇਸ ਵਰਗ ਦੇ ਹੱਥਾਂ ਵਿਚ ਹੀ ਸੀ ਤੇ ਭਾਈ ਸਾਹਿਬ ਇਸ ਵਰਗ ਨਾਲ ਆਪਣੇ ਨੇੜਲੇ ਸਬੰਧ ਕਾਇਮ ਰੱਖਣਾ ਚਾਹੁੰਦੇ ਸਨ।*[11]

ਭਾਈ ਸਾਹਿਬ ਦੇ ਮਨ ਵਿਚ ਸਿੱਖ ਰਾਜ ਦੇ ਖੁਸ ਜਾਣ ਦਾ ਖ਼ੇਦ ਜ਼ਰੂਰ ਸੀ। ਉਹ ਇਸ ਘਟਨਾ ਨੂੰ ਸਾਰੇ ਪੰਜਾਬੀਆਂ ਖਾਸ ਕਰਕੇ ਸਿੱਖਾਂ ਨਾਲ ਬਰਤਾਨਵੀ ਸਾਮਰਾਜ ਵਲੋਂ ਕੀਤਾ ਗਿਆ ਅਨਿਆਂ ਸਮਝਦੇ ਸਨ। ਨਾਵਲ ਵਿਚ ਇਕ ਤੋਂ ਜ਼ਿਆਦਾ ਥਾਵਾਂ ਉੱਤੇ ਸਿੱਖ ਰਾਜ ਦੇ ਸਮਿਆਂ ਦੇ ਨਿਆਂ ਅਤੇ ਬਰਤਾਨਵੀ ਹਕੂਮਤ ਦੇ ਸਮੇਂ ਦੇ ਅਨਿਆਂ ਦਾ ਤੁਲਨਾਤਮਕ ਵੇਰਵਾ ਪੇਸ਼ ਕੀਤਾ ਗਿਆ ਹੈ ਜਿਹੜਾ ਕਿ ਹੇਠ ਲਿਖੇ ਵਰਨਣ ਤੋਂ ਸਿੱਧ ਹੁੰਦਾ ਹੈ:

*ਅੱਗੇ ਹਿੰਦੂ ਸਿੱਖ ਮੁਸਲਮਾਨ ਰਲ ਬੈਠਦੇ ਸਾਂ; ਹਰ ਗੱਲ ਪੰਚਾਇਤ ਵਿਚ ਮੁਕਾ ਲੈਂਦੇ ਸਾਂ। ਹੁਣ ਠਾਣੇ ਦੀ ਧੁਰ ਬੱਝੇਗੀ ਫੇਰ ਸਿੱਖ ਠਾਣੇਦਾਰ ਆ ਗਿਆ ਤਾਂ ਸਿੱਖ ਤੇ ਹਿੰਦੂ ਤੇਰੇ ਦੀਨ ਭਾਈਆਂ ਦਾ ਮੱਕੂ ਬੰਨ੍ਹਣਗੇ। ਸੈਫ਼ਦੀਨਾ ਵੀਰਾ ਹਲ ਅਸੀਂ ਵਾਹਾਂਗੇ ਮੁੜ੍ਹਕੇ ਸਾਡੇ ਚੋਣਗੇ ਪਰ ਸਾਡੀ ਐਸ ਤਰ੍ਹਾਂ ਦੀ ਦੁੱਖਾਂ ਦੀ ਕਮਾਈ ਸੱਤ ਸੱਤ ਰੁਪਏ ਦੇ ਸਿਪਾਹੀਆਂ ਦੇ ਘਰ ਜਰਦੇ ਪੁਲਾ ਰਿਨ੍ਹਾਵੇਗੀ। ਸਿੱਖਾਂ ਦੇ ਵੇਲੇ ਬੜੇ ਘੱਟ ਮੁਕੱਦਮੇ ਹੁੰਦੇ ਸਨ ਲੋਕੀਂ ਕੂਹ ਨਹੀਂ ਸਨ ਮਾਰਦੇ ਤੇ ਪੰਚਾਇਤਾਂ ਵਾਲੇ ਘਰਾਂ ਵਿਚ ਨਵੇੜੇ ਕਰ ਦਿੰਦੇ ਸਨ।*[12]

ਇਹ ਵੇਰਵਾ ਅੰਗਰੇਜ਼ੀ ਰਾਜ ਦੇ ਪ੍ਰਸ਼ਾਸਕੀ ਢਾਂਚੇ ਵਿਸ਼ੇਸ਼ ਕਰਕੇ ਠਾਣਿਆਂ ਅਦਾਲਤਾਂ ਆਦਿ ਦੇ ਅਮਾਨ ਵੀ ਚਰਿੱਤਰ ਨੂੰ ਸਾਹਮਣੇ ਲਿਆਉਂਦਾ ਹੈ। ਇਸ ਤਰ੍ਹਾਂ ਸਾਮਰਾਜੀ ਨਿਆਂ ਦੀ ਮਿਥ ਨੂੰ ਤੋੜਦਾ ਹੈ ਪਰ ਪੁਰਾਤਨ ਪੇਂਡੂ ਪੰਜਾਬ ਦੀ ਸਾਂਝ ਨਿਆਏਸ਼ੀਲਤਾ ਤੇ ਖੁਸ਼ਹਾਲੀ ਦੀ ਮਿਥ ਦਾ ਸਿਰਜਣ ਵੀ ਕਰਦਾ ਹੈ।

ਇਸ ਤਰ੍ਹਾਂ ਦੇ ਵੇਰਵੇ ਗਲਪ ਬਾਹਰੀ ਭਾਸ਼ਣੀ ਟਿੱਪਣੀਆਂ ਦੇ ਰੂਪ ਵਿਚ ਨਿਆਂ ਪ੍ਰਣਾਲੀ ਦਾ ਪ੍ਰਗਟਾਵਾ ਕਰਦੇ ਹਨ। ਪਰੰਤੂ ਭਾਈ ਸਾਹਿਬ ਦੇ ਨਾਵਲਾਂ ਦੀ ਇਹ ਪ੍ਰਤੀਨਿਧ ਰਚਨਾ ਜੁਗ ਹੈ ਜਿਸ ਰਾਹੀਂ ਉਹ ਆਪਣੀ ਸਾਮਰਾਜੀ ਵਿਰੋਧੀ ਦ੍ਰਿਸ਼ਟੀ ਦੇ ਭੂਤਮੁਖੀ ਸੁਭਾਅ ਦਾ ਇਜ਼ਹਾਰ ਕਰਦੇ ਨਜ਼ਰ ਆਉਂਦੇ ਹਨ।

ਭਾਈ ਵੀਰ ਸਿੰਘ/ਬਾਬਾ ਨੌਧ ਸਿੰਘ ਨਾਵਲ ਵਿਚ ਧਾਰਮਿਕ ਸੰਪਰਦਾਇਕ ਭਾਵਨਾ ਦਾ ਸੰਪੂਰਨ, ਕਰਦੇ ਮਾਇਆ ਅਤੇ ਤ੍ਰਿਸ਼ਨਾ ਨੂੰ ਪੱਛਮ ਦੀ ਪਦਾਰਥਿਕ ਖੁਸ਼ਹਾਲੀ ਦੇ ਵਿਰੋਧ ਵਿਚ ਇਕ ਅਧਿਆਤਮਕ ਮੁਲ ਵਜੋਂ ਪੇਸ਼ ਕਰਨਾ, ਪੰਜਾਬ ਦੀ ਮੱਧਕਾਲੀ ਜਾਤ-ਪਾਤੀ ਬਣਤਰ ਦੇ ਪੱਖ ਵਿਚ ਖਲੋਣਾ, ਈਸਾਈ ਪ੍ਰਚਾਰਕ ਅਤੇ ਪਾਦਰੀ ਨਾਲ ਨਾ ਬਰਾਬਰੀ ਦੀ ਪੱਧਰ 'ਤੇ ਵਿਹਾਰ ਕਰਨਾ ਭਾਈ ਸਾਹਿਬ ਦੀ ਪਛੜੀ ਹੋਈ ਚੇਤਨਾ ਦੇ ਹੀ ਲਖਾਇਕ ਹਨ। ਇਸ ਦੌਰ ਦੇ ਨਾਵਲਾਂ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਾ ਡਾ. ਟੀ.ਆਰ. ਵਿਨੋਦ ਲਿਖਦਾ ਹੈ:

> *ਭਾਈ ਸਾਹਿਬ ਤਾਂ ਆਪਣੇ ਨਾਵਲ ਬਾਬਾ ਨੌਧ ਸਿੰਘ ਦੇ ਜੀਵਨ ਚਰਿਤਰ ਰਾਹੀਂ ਪੁਰਾਤਨ ਕੀਮਤਾਂ ਹੀ ਦ੍ਰਿੜ ਕਰਵਾਉਣਾ ਚਾਹੁੰਦੇ ਸਨ ਪਰ ਦੂਸਰੇ ਨਾਵਲਕਾਰ ਪੁਰਾਤਨ ਕੀਮਤਾਂ ਅਤੇ ਆਧੁਨਿਕ ਵਪਾਰਕ ਢਾਂਚੇ ਦੀਆਂ ਕੀਮਤਾਂ ਵਿਚ ਤਾਲ-ਮੇਲ ਬਿਠਾਉਣ ਦਾ ਯਤਨ ਕਰਦੇ ਪ੍ਰਤੀਤ ਹੁੰਦੇ ਹਨ। ਮੋਹਨ ਸਿੰਘ ਵੈਦ ਦੇ ਨਾਵਲਾਂ ਵਿਚ ਇਹ ਸੁਰ ਵਧੇਰੇ ਬਲਵਾਨ ਰੂਪ ਵਿਚ ਉਭਰਦੀ ਹੈ।*[13]

ਅਸਲ ਵਿਚ ਬਰਤਾਨਵੀ ਸਾਮਰਾਜ ਦਾ ਵਿਰੋਧ ਆਧੁਨਿਕ ਸੰਸਕ੍ਰਿਤੀ ਨੂੰ ਅਪਣਾ ਕੇ ਲੋਕਾਂ ਦੀ ਸਰਵ ਸਾਂਝੀ ਇਹ-ਲੌਕਿਕ ਖੁਸ਼ਹਾਲੀ ਲਈ ਲੋਕਾਂ ਦੀ ਚੇਤਨਾ ਦੇ ਵਿਕਾਸ ਨਾਲ ਹੀ ਸੰਭਵ ਸੀ ਪਰ ਸਾਮਰਾਜ ਅਤੇ ਇਸ ਵਿਰੁੱਧ ਉਠਣ ਵਾਲੀਆਂ ਕੌਮੀ ਲਹਿਰਾਂ ਮੱਧਕਾਲੀ ਸੰਸਕ੍ਰਿਤੀ ਨੂੰ ਬਰਕਰਾਰ ਰੱਖਣ ਦੇ ਹੱਕ ਵਿਚ ਸਨ ਤਾਂ ਜੋ ਭਾਰਤੀ ਸੁਤੰਤਰਤਾ ਸੰਗਰਾਮ ਲੋਕ ਮੁਖੀ ਅਥਵਾ ਸਮਾਜਵਾਦੀ ਵਿਚਾਰਧਾਰਾ ਵੱਲ ਮੋੜਾ ਨਾ ਕੱਟ ਸਕੇ। ਇਸ ਤਰ੍ਹਾਂ ਸਿੰਘ ਸਭਾ ਲਹਿਰ ਪੁਰਾਤਨਤਾ ਅਤੇ ਆਧੁਨਿਕਤਾ ਦੇ ਲੱਛਣਾਂ ਨੂੰ ਭਾਰਤੀ ਸਰਮਾਏਦਾਰੀ ਦੇ ਪਛੜੇਵੇਂ ਅਤੇ ਪਰਫੂਲਤਾ ਦੋਹਾਂ ਲਈ ਵਰਤਣ ਵਿਚ ਕਾਮਯਾਬ ਹੋਈ। ਨਾਮਧਾਰੀ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਕਾਮਾ ਗਾਟਾ ਮਾਰੂ ਲਹਿਰ, ਗਦਰ ਲਹਿਰ, ਅਕਾਲੀ ਅਤੇ ਬੱਬਰ ਅਕਾਲੀ ਲਹਿਰਾਂ, ਭਗਤ ਸਿੰਘ ਦੀ ਲਹਿਰ ਅਤੇ ਕਿਰਤੀ ਕਿਸਾਨ ਲਹਿਰਾਂ ਨੂੰ ਠੱਲ ਪਾਉਣ ਵਿਚ ਉਕਤ ਕਿਸਮ ਦੀਆਂ ਹਿੰਦੂ, ਸਿੱਖ ਜਾਂ ਮੁਸਲਮਾਨਾਂ ਵਿਚਕਾਰ ਚੱਲੀਆਂ ਲਹਿਰਾਂ ਪੂਰੀ ਤਰ੍ਹਾਂ ਸਫਲ ਰਹੀਆਂ। ਇਸਦੇ ਸਿੱਟੇ ਵਜੋਂ ਭਾਰਤ ਦੀ ਵੰਡ ਹੋਈ। ਸਾਮਰਾਜੀ ਗਲਬਾ ਆਜ਼ਾਦੀ ਉਪਰੰਤ ਵੀ ਬਰਕਰਾਰ ਰਿਹਾ। ਦੇਸੀ ਸਰਮਾਏਦਾਰੀ ਕਿਸੇ ਹੱਦ ਤੱਕ ਵਿਕਸਤ ਹੋਈ, ਆਧੁਨਿਕ ਸਿੱਖਿਆ ਅਤੇ ਸਨਅਤ ਦਾ ਵੀ ਥੋੜ੍ਹਾ ਬਹੁਤ ਵਿਕਾਸ ਹੋਇਆ ਪਰੰਤੂ ਲੋਕ ਚੇਤਨਾ, ਧਰਮ, ਜਾਤ-ਪਾਤ ਅਤੇ ਸ਼੍ਰੇਣੀ ਦੇ ਵਿਤਕਰਿਆ ਤੋਂ ਆਜ਼ਾਦ ਨਾ ਹੋ ਸਕੀ। ਇਹ ਧਾਰਨਾ ਸਿੰਘ ਸਭਾ ਲਹਿਰ ਦੇ ਨਾਵਲ ਤੋਂ ਬਾਅਦ ਦੇ ਪੰਜਾਬੀ ਨਾਵਲ ਉੱਤੇ ਵੀ ਲਾਗੂ ਹੰਦੀ ਹੈ ਜਿਵੇਂ ਕਿ ਅਸੀਂ ਅੱਗੇ ਜਾ ਕੇ ਵੇਖਾਂਗੇ।

ਨਾਨਕ ਸਿੰਘ ਪੰਜਾਬੀ ਦਾ ਪਹਿਲਾ ਨਾਵਲਕਾਰ ਹੈ ਜਿਸ ਨੇ ਆਪਣੇ ਨਾਵਲਾਂ ਵਿਚ ਭਾਰਤੀ ਸੁਤੰਤਰਤਾ ਸੰਗਰਾਮ ਦੀ ਗਾਂਧੀਵਾਦੀ ਰਾਜਨੀਤੀ ਤੇ ਬਰਤਾਨਵੀ ਹਕੂਮਤ ਦੀ ਨਿਆਂ ਪ੍ਰਣਾਲੀ ਦਾ ਕਈ ਪਹਿਲੂਆਂ ਤੋਂ ਚਿਤਰਣ ਕੀਤਾ ਹੈ। ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਜਦੋਂ ਨਾਨਕ ਸਿੰਘ ਨੇ ਨਾਵਲਕਾਰੀ ਦੇ ਪਿੜ ਵਿਚ

ਪੈਰ ਰੱਖਿਆ ਤਾਂ ਭਾਰਤੀ ਆਜ਼ਾਦੀ ਦੀ ਲਹਿਰ ਪੰਜਾਬ ਵਿਚ ਵੀ ਖਾਸੀ ਬਲ ਪਕੜ ਚੁੱਕੀ ਸੀ ਆਪਣੀ ਸਵੈ ਜੀਵਨੀ ***ਮੇਰੀ ਦੁਨੀਆਂ*** ਵਿਚ ਨਾਨਕ ਸਿੰਘ ਭਾਵੇਂ ਆਪਣੀ ਰਾਜਸੀ ਰੁਚੀ ਨੂੰ ਪ੍ਰਵਾਨ ਨਹੀਂ ਕਰਦਾ ਪਰ 'ਗੁਰੂ ਕੇ ਬਾਗ' ਦੇ ਮੋਰਚੇ ਵਿਚ ਉਹ ਭਾਗ ਲੈ ਚੁੱਕਿਆ ਸੀ। 'ਅਕਾਲੀ ਲਹਿਰ' ਦਾ ਇਹ ਮੋਰਚਾ ਭਾਵੇਂ ਧਾਰਮਿਕ ਮਨੋਰਥ ਦੀ ਪੂਰਤੀ ਲਈ ਸੀ ਤਾਂ ਵੀ ਟੇਢੇ ਢੰਗ ਨਾਲ ਇਹ ਮੋਰਚਾ ਸਾਮਰਾਜ ਦੇ ਰਾਜਨੀਤਕ ਵਿਰੋਧ ਦਾ ਵੀ ਪੱਖ ਪੂਰਦਾ ਸੀ। ਇਸ ਤੋਂ ਇਲਾਵਾ ਜੇਲ੍ਹ ਜੀਵਨ ਦੌਰਾਨ ਨਾਨਕ ਸਿੰਘ ਨੇ ਇਕ ਰਾਜਸੀ ਕੈਦੀ ਤੋਂ ਪ੍ਰੇਮ ਚੰਦ ਦੇ ਨਾਵਲ ਲੈ ਕੇ ਪੜ੍ਹੇ ਸਨ।[14] ਇਸ ਰਾਜਸੀ ਕੈਦੀ ਦਾ ਸਿਆਸੀ ਅਸਰ ਨਾਨਕ ਸਿੰਘ ਨੇ ਘੱਟੋ–ਘੱਟ ਅਚੇਤ ਰੂਪ ਵਿਚ ਜ਼ਰੂਰ ਕਬੂਲ ਕੀਤਾ[15] ਹੋਵੇਗਾ। ਪ੍ਰੇਮ ਚੰਦ ਦੇ ਨਾਵਲਾਂ ਵਿਚ ਵੀ ਸਾਮਰਾਜ ਵਿਰੋਧੀ ਕੌਮੀ ਸਿਆਸਤ ਦਾ ਜ਼ਿਕਰ ਪ੍ਰਤੱਖ ਜਾਂ ਪ੍ਰੋਖ ਰੂਪ ਵਿਚ ਮੌਜੂਦ ਸੀ। ਜਦੋਂ ਨਾਨਕ ਸਿੰਘ ਲਿਖਦਾ ਹੈ ਕਿ ਉਸਨੇ ਪ੍ਰੇਮ ਚੰਦ ਦੇ ਨਾਵਲ ਪੜ੍ਹ ਕੇ ਸਮਾਜੀ ਨਾਵਲ ਲਿਖਣ ਦਾ ਇਰਾਦਾ ਕੀਤਾ ਤਾਂ ਉਸਦੇ ਇਸ ਕਥਨ ਦੇ ਅੰਤਰਗਤ ਰਾਜਨੀਤੀ ਦੀ ਸੂਹ ਵੀ ਮਿਲਦੀ ਹੈ ਕਿਉਂਕਿ ਫਰੈਡਰਿਕ ਜੇਮਸਨ ਅਨੁਸਾਰ ਸਮਾਜਿਕ ਵਿਚਾਰ ਹੀ ਅੰਤ ਰਾਜਨੀਤੀ ਨਾਲ ਅਟੁੱਟ ਤੌਰ 'ਤੇ ਬੱਝੇ ਹੁੰਦੇ ਹਨ।

ਨਾਨਕ ਸਿੰਘ ਦੇ ਉਕਤ ਕਥਨਾਂ ਨੂੰ ਮੁੱਖ ਰੱਖ ਕੇ ਹੀ ਡਾ. ਸੁਖਦੇਵ ਸਿੰਘ ਖਾਹਰਾ ਉਸਦੇ ਪਹਿਲੇ ਨਾਵਲ ***ਮਤਰੇਈ ਮਾਂ*** (1942) ਨੂੰ ਭਾਰਤੀਆਂ ਵਿਰੁੱਧ ਸਾਮਰਾਜੀ ਸਿਆਸਤ ਦੇ ਚਿਹਨ ਵਜੋਂ ਵਿਆਖਿਆਉਂਦਾ ਹੈ। ਉਸ ਅਨੁਸਾਰ, *''ਨਾਵਲ ਦਾ ਨਾਇਕ ਮਦਨ ਭਾਰਤੀ ਜਨਤਾ ਦਾ ਪ੍ਰਤੀਕ ਹੈ ਅਤੇ ਉਸ ਦੀ ਮਤਰੇਈ ਮਾਂ ਦਿਆਲੀ ਸਾਮਰਾਜੀ ਹਕੂਮਤ ਦੀ ਪ੍ਰਤੀਕ ਹੈ। ਜਿਵੇਂ ਭਾਰਤੀ ਸੰਸਕ੍ਰਿਤੀ ਵਿਚ ਮਤਰੇਈ ਮਾਂ ਆਪਣੇ ਮਤਰੇਯ ਪੁੱਤਰ ਨੂੰ ਦੁੱਖ ਦਿੰਦੀ ਹੈ ਉਵੇਂ ਸਾਮਰਾਜ ਵੀ ਭਾਰਤੀ ਜਨਤਾ ਉੱਤੇ ਅਤਿਆਚਾਰ ਕਰਦਾ ਹੈ।''*[16]

ਦੂਸਰੇ ਪਾਸੇ ਤੋਂ ਨਾਨਕ ਸਿੰਘ ਦਾ ਪੱਛਮੀ ਨਿਆਂ ਪ੍ਰਣਾਲੀ ਬਾਰੇ ਨਜ਼ਰੀਆ ਖਾਸਾ ਉਦਾਰ ਹੋ ਗਿਆ ਹੈ। ਉਹ ਮਦਨ ਨੂੰ ਬੈਰਿਸਟਰੀ ਦੀ ਡਿਗਰੀ ਪ੍ਰਾਪਤ ਕਰਨ ਲਈ ਇੰਗਲੈਂਡ ਭੇਜਦਾ ਹੈ ਅਤੇ ਇਹ ਡਿਗਰੀ ਪ੍ਰਾਪਤ ਕਰਨ ਉਪਰੰਤ, ਸਾਮਰਾਜੀ ਕਾਨੂੰਨ ਅਤੇ ਨਿਆਂ ਦੇ ਇਕ ਰਾਖੇ ਵਜੋਂ ਸਰਕਾਰੀ ਵਕੀਲ ਬਣ ਜਾਂਦਾ ਹੈ। ਸਰਕਾਰੀ ਵਕੀਲ ਦੇ ਤੌਰ 'ਤੇ ਉਹ ਦਿਆਲੀ ਅਤੇ ਉਸਦੇ ਸਕੇ ਪੁੱਤਰ ਜਿੰਦੇ ਨੂੰ ਉਨ੍ਹਾਂ ਦੇ ਜ਼ੁਰਮਾਂ ਦੀ ਸਜ਼ਾ ਵੀ ਦਿਵਾਉਂਦਾ ਹੈ।

ਸਾਮਰਾਜੀ ਕਾਨੂੰਨ ਅਤੇ ਨਿਆਂ ਪ੍ਰਬੰਧ ਬਾਰੇ ਨਾਨਕ ਸਿੰਘ ਦੀ ਇਹ ਦੁਵੱਲੀ ਪਹੁੰਚ ਉਸ ਸਮੇਂ ਦੀ ਨਿਮਨ ਮੱਧਵਰਗੀ ਸੋਚ ਦੀ ਲਖਾਇਕ ਹੈ। ਇਹ ਵਰਗ ਪੱਛਮ ਦੀ ਸੰਸਕ੍ਰਿਤੀ ਨੂੰ ਇਕੋ ਸਮੇਂ ਅਪਣਾਉਂਦਾ ਵੀ ਹੈ ਅਤੇ ਨਿੰਦਦਾ ਵੀ ਹੈ। ਡਾ. ਖਾਹਰਾ ਨੇ ਨਾਵਲ ਦੇ ਅੰਤ ਉੱਤੇ ਦੋ ਅਜਿਹੇ ਸੰਕੇਤਾਂ ਦਾ ਜ਼ਿਕਰ ਕੀਤਾ ਹੈ, ''ਜਿਨ੍ਹਾਂ ਵਿਚ ਸਾਮਰਾਜ ਦੀ ਕਾਨੂੰਨੀ ਵਿਵਸਥਾ ਉੱਪਰ ਤਨਜ ਹੈ। ਪਹਿਲਾ ਇਹ ਹੈ ਕਿ ਮਦਨ ਨੂੰ ਸਰਕਾਰੀ ਵਕੀਲ ਦੀ ਨੌਕਰੀ ਕੇਵਲ ਆਪਣੀ ਯੋਗਤਾ ਨਾਲ ਨਹੀਂ ਮਿਲਦੀ, ਸਿਫ਼ਾਰਸ਼ ਨਾਲ ਮਿਲਦੀ ਹੈ। ਦੂਜਾ ਸ਼ਾਂਤੀ ਵੱਲੋਂ ਹਾਸੇ ਵਿਚ ਮਦਨ ਦੇ ਕਿੱਤੇ ਬਾਰੇ ਕੀਤੀ ਗਈ ਟਿੱਪਣੀ ਤੁਸਾਂ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾ ਕੇ ਲੋਕਾਂ ਦੇ ਖਿੱਸੇ ਖਾਲੀ ਕਰਨੇ ਨੇ।''[17]

ਸਚ ਮੁੱਚ ਹੀ ਇਹ ਸੰਕੇਤ ਨਾਨਕ ਸਿੰਘ ਦੀ ਸਾਮਰਾਜੀ ਕਾਨੂੰਨ ਅਤੇ ਨਿਆਂ ਬਾਰੇ ਦੁਬਲੀ ਸੋਚ ਦੇ ਲਖਾਇਕ ਹਨ ਅਤੇ ਜਮਾਤੀ ਸਮਾਜ ਦੀ ਨਿਆਂ ਵਿਵਸਥਾ ਦੀ ਦਬਵੀਂ ਆਵਾਜ਼ ਵਿਚ ਨਿਖੇਧੀ ਕਰਦੇ ਹਨ। ਜਮਾਤੀ ਸਮਾਨ ਵਿਚ ਕਾਨੂੰਨ ਅਤੇ ਨਿਆਂ ਲਾਜ਼ਮੀ ਤੌਰ 'ਤੇ ਹਾਕਮ ਜਮਾਤਾਂ ਦੇ ਹੱਕ ਵਿਚ ਭੁਗਤਦੇ ਹਨ। ਇਹ ਬਾਹਰਮੁਖੀ ਸੱਚ ਹੈ ਜਿਸ ਦਾ ਜ਼ਿਕਰ ਵਧੇਰੇ ਕਰੜੇ ਸ਼ਬਦਾਂ ਵਿਚ ਪੰਜਾਬੀ ਦੇ ਅਗਲੇ ਨਾਵਲਾਂ ਵਿਚ ਹੋਇਆ ਹੈ।

ਨਾਵਲੀ ਬਿਰਤਾਂਤ ਦੀ ਦ੍ਰਿਸ਼ਟੀ ਤੋਂ ਨਾਨਕ ਸਿੰਘ ਦਾ ਨਾਵਲ ***ਚਿੱਟਾ ਲਹੂ*** ਵਧੇਰੇ ਜਟਿਲ ਰਚਨਾ ਹੈ। ਇਸ ਨਾਵਲ ਵਿਚ ਕਈ ਤਰ੍ਹਾਂ ਦੇ ਗੰਭੀਰ ਸਮਾਜੀ ਮੁੱਦਿਆਂ ਦੇ ਪ੍ਰਸੰਗ ਵਿਚ ਨਾਵਲਕਾਰ ਨੇ ਨਿਆਂ ਪ੍ਰਣਾਲੀ ਦੇ ਮੁੱਦੇ ਨੂੰ ਵੀ ਉਠਾਇਆ ਹੈ ਜੋ ਕਿ ਨਾਵਲ ਦੀਆਂ ਦੋ ਸਥਿਤੀਆਂ ਦੇ ਰੂਪ ਵਿਚ ਪੇਸ਼ ਹੋਇਆ ਹੈ।

ਪਹਿਲੀ ਸਥਿਤੀ ਦਾ ਸਬੰਧ ਗੁਰਦਈ ਦੇ ਜੀਵਨ ਨਾਲ ਹੈ। ਗੁਰਦਈ ਦਾ ਸ਼ਰਾਬੀ ਕਬਾਬੀ ਪਿਤਾ ਜਵਾਨ ਜਹਾਨ ਗੁਰਦਈ ਨੂੰ ਪੁੱਤਾਂ ਪੋਤਿਆਂ ਵਾਲੇ ਸ਼ਾਹੂਕਾਰ ਨਾਲ ਧਨ ਦੇ ਲਾਲਚ ਵਿਚ ਵਿਆਹ ਦਿੰਦਾ ਹੈ। ਸਿੱਟੇ ਵਜੋਂ ਗੁਰਦਈ ਵਿਆਹ ਤੋਂ ਕੁਝ ਦਿਨਾਂ ਪਿੱਛੋਂ ਹੀ ਵਿਧਵਾ ਹੋ ਜਾਂਦੀ ਹੈ। ਪ੍ਰਚਲਿਤ ਕਾਨੂੰਨ ਅਨੁਸਾਰ ਗੁਰਦਈ ਆਪਣੇ ਸੌਤੇਲੇ ਪੁੱਤਰ ਕਰਮ ਚੰਦ ਤੋਂ ਆਪਣੇ ਪਤੀ ਦੀ ਜਾਇਦਾਦ ਵਿਚੋਂ ਆਪਣਾ ਬਣਦਾ ਹੱਕ ਮੰਗਦੀ ਹੈ। ਪਰ ਕਰਮ ਚੰਦ ਅਨਪੜ੍ਹ ਗੁਰਦਈ ਤੋਂ ਖਾਲੀ ਅਸ਼ਟਾਮ ਤੇ ਹਸਤਾਖ਼ਰ ਕਰਵਾ ਕੇ ਉਸ ਨੂੰ ਉਸਦੇ ਹਿੱਸੇ ਤੋਂ ਵਾਂਝਿਆ ਕਰ ਦਿੰਦਾ ਹੈ। ਇਸ ਤਰ੍ਹਾਂ ਉਹ ਗੁਰਦਈ ਨਾਲ ਛਲ ਵੀ ਕਰਦਾ ਹੈ ਅਤੇ ਉਹਦੇ ਹਿੱਸੇ ਦੀ ਜਾਇਦਾਦ ਵੀ ਹੜਪ ਜਾਂਦਾ ਹੈ ਅਤੇ ਉਸਨੂੰ ਮਾਰ ਕੁੱਟ ਕੇ ਮੋਈ ਹੋਈ ਸਮਝ ਕੇ ਬਾਹਰ ਸੁਟਵਾ ਦਿੰਦਾ ਹੈ। ਉਸਦੇ ਇਸ ਜੁਰਮ ਵਿਚ ਪਿੰਡ ਦਾ ਪੰਡਤ ਰਾਧੇ ਕ੍ਰਿਸ਼ਨ ਅਤੇ ਇਲਾਕੇ ਦਾ ਥਾਣੇਦਾਰ ਵੀ ਸ਼ਾਮਿਲ ਹਨ। ਨਾਨਕ ਸਿੰਘ ਅਨੁਸਾਰ ਨਾਵਲ ਦੀ ਇਹ ਸਥਿਤੀ ਸਾਮਰਾਜੀ ਨਿਆਂ ਪ੍ਰਣਾਲੀ ਨੂੰ ਬੇ-ਪਰਦ ਕਰਦੀ ਹੈ ਕਿਉਂਕਿ ਇਹ ਨਿਆਂ ਪ੍ਰਣਾਲੀ ਅਮਲੀ ਪੱਧਰ 'ਤੇ ਨਿਆਂ ਦੇ ਹੱਕਦਾਰ ਨਾਲ ਅਨਿਆਂ ਕਰਦੀ ਹੈ।

ਦੂਸਰੀ ਸਥਿਤੀ ਨਾਵਲ ਦੇ ਨਾਇਕ ਬਚਨ ਸਿੰਘ ਨਾਲ ਸਬੰਧਤ ਹੈ। ਬਚਨ ਸਿੰਘ ਉੱਤੇ ਪੰਡਤ ਰਾਧੇ ਕ੍ਰਿਸ਼ਨ, ਸ਼ਾਹੂਕਾਰ ਕਰਮ ਚੰਦ ਅਤੇ ਮਜਬੂਰੀ ਵਸ ਵੇਸ਼ਵਾ ਬਣੀ ਗੁਰਦਈ ਦੇ ਤਿੰਨ ਕਤਲਾਂ ਦਾ ਦੋਸ਼ ਲੱਗ ਜਾਂਦਾ ਹੈ। ਇਸ ਦੋਸ਼ ਵਿਚ ਉਸਨੂੰ ਝੂਠੀਆਂ ਗਵਾਹੀਆਂ ਦੇ ਆਧਾਰ 'ਤੇ ਫਾਂਸੀ ਲਗ ਜਾਂਦੀ ਹੈ। ਸਪਸ਼ਟ ਹੈ

ਕਿ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਕਿਸੇ ਵੀ ਮੁਲਜ਼ਮ ਨੂੰ ਮੁਜਰਮ ਨਹੀਂ ਠਹਿਰਾਇਆ ਜਾ ਸਕਦਾ। ਇਹ ਘਟਨਾ ਵੀ ਨਾਨਕ ਸਿੰਘ ਦੇ ਸਾਮਰਾਜੀ ਕਾਨੂੰਨ ਪ੍ਰਤੀ ਨਕਾਰਾਤਮਕ ਪਹੁੰਚ ਨੂੰ ਮੂਰਤੀਮਾਨ ਕਰਦੀ ਹੈ ਜੋ ਕਿ ਬਰਤਾਨਵੀ ਹਕੂਮਤ ਦੇ ਵਿਰੁੱਧ ਨਾਨਕ ਸਿੰਘ ਦਾ ਦੇਸ਼ ਭਗਤਕ ਜਜ਼ਬਾ ਨਜ਼ਰ ਆਉਂਦਾ ਹੈ ਅਤੇ ਉਸਦੀ ਨਿਡਰਤਾ ਦਾ ਸੂਚਕ ਹੈ। ਇਸ ਪ੍ਰਕਾਰ ***ਚਿੱਟਾ ਲਹੂ*** ਵਿਚ ਪੇਸ਼ ਸਾਮਰਾਜੀ ਨਿਆਂ ਵਿਵਸਥਾ ਦੇ ਬਿਰਤਾਂਤ ਰਾਹੀਂ ਬਰਤਾਨਵੀ ਕਾਨੂੰਨ ਦੀਆਂ ਖਾਮੀਆਂ ਉੱਤੇ ਪ੍ਰਕਾਸ਼ ਪਾਇਆ ਗਿਆ ਹੈ।

ਨਾਨਕ ਸਿੰਘ ਦਾ ਨਾਵਲ ***ਪਿਆਰ ਦੀ ਦੁਨੀਆਂ*** (1938 ਈ.) ਵਿਚ ਪ੍ਰਕਾਸ਼ਿਤ ਹੋਇਆ ਸੀ ਪਰ ਨਾਵਲ ਦੇ ਨੌਵੇਂ ਸੰਸਕਰਣ ਵਿਚ ਆਪਣੇ ਬਾਰੇ ਸਿਰਲੇਖ ਅਧੀਨ ਨਾਨਕ ਸਿੰਘ ਨੇ ਦੱਸਿਆ ਹੈ ਕਿ ਇਹ ਨਾਵਲ ਉਸ ਨੇ 1928-29 ਵਿਚ ਲਿਖਿਆ ਸੀ ਪਰ ਇਹ ਉਸ ਸਮੇਂ ਛਾਪਿਆ ਨਹੀਂ ਜਾ ਸਕਦਾ ਸੀ ਕਿਉਂਕਿ *''ਪਰ ਐਸਾ ਕਰਨਾ ਮੇਰੇ ਲਈ ਕਿਵੇਂ ਸੰਭਵ ਹੋ ਸਕਦਾ ਸੀ ਜਦ ਕਿ ਉਨ੍ਹਾਂ ਦੇਸ਼ ਭਗਤਾਂ ਦਾ ਮੁਕੱਦਮਾ ਅਦਾਲਤ ਵਿਚ ਚਲ ਰਿਹਾ ਸੀ ਜਿਸ ਬਾਰੇ ਤਦ ਤੀਕ ਕਿਸੇ ਕਿਸਮ ਦੀ ਨਾ ਤਾਂ ਕੋਈ ਰਾਇ ਜਮੀ ਨਾ ਹੀ ਟੀਕਾ-ਟਿੱਪਣੀ ਕੀਤੀ ਜਾ ਸਕਦੀ ਸੀ।''*[18]

ਇਸ ਤਰ੍ਹਾਂ ਨਾਨਕ ਸਿੰਘ ਨੇ ਇਹ ਨਾਵਲ 1938 ਈ. ਵਿਚ ਪ੍ਰਕਾਸ਼ਿਤ ਕਰਵਾਇਆ। ਉਸਨੇ ਇਸ ਨਾਵਲ ਦੀ ਸੋਧ ਸੁਧਾਈ ਤਾਂ ਜ਼ਰੂਰ ਕੀਤੀ ਪਰ ਇਸ ਦੀ ਬਣਤਰ ਦੀ ਮੂਲ ਸੰਰਚਣਾ ਉਵੇਂ ਕਿਉਂ ਰਹਿਣ ਦਿੱਤੀ। ਇਸ ਦਾ ਅਰਥ ਇਹ ਬਣਦਾ ਹੈ ਕਿ ਨਾਵਲ ਵਿਚ ਪੇਸ਼ ਨਿਆਂ ਦੇ ਮਸਲੇ ਬਾਰੇ ਨਾਨਕ ਸਿੰਘ ਦੀ ਜਿਹੜੀ ਰਚਨਾ-ਦ੍ਰਿਸ਼ਟੀ 1928-29 ਵਿਚ ਸੀ ਉਹੀ 1938 ਈ. ਵਿਚ ਕਾਇਮ ਰਹੀ।

ਇਹ ਰਚਨਾ ਦ੍ਰਿਸ਼ਟੀ ਨਾਵਲ ਵਿਚ ਤਿੰਨ ਸਥਿਤੀਆਂ ਦੇ ਪ੍ਰਸੰਗ ਵਿਚ ਪੇਸ਼ ਹੋਈ ਹੈ। ਪਹਿਲੀ ਸਥਿਤੀ ਦਾ ਸਬੰਧ ਨਾਵਲ ਦੇ ਇਕ ਕੇਂਦਰੀ ਪਾਤਰ ਪ੍ਰੀਤਮ ਸਿੰਘ ਨੂੰ ਪੁਲਿਸ ਦੀ ਸਬ ਇੰਸਪੈਕਟਰੀ ਦੀ ਨੌਕਰੀ ਮਿਲਣ ਨਾਲ ਹੈ। ਪ੍ਰੀਤਮ ਸਿੰਘ ਬਰਤਾਨਵੀ ਸਾਮਰਾਜ ਦੇ ਇਕ ਵਫ਼ਾਦਾਰ ਅਹਿਲਕਾਰ ਦਾ ਪੁੱਤਰ ਹੈ ਜਿਸ ਦੀਆਂ ਕੋਸ਼ਿਸ਼ਾਂ ਸਦਕਾ ਉਸਨੂੰ ਇਹ ਪਦਵੀ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਉਸਦੇ ਪਿਤਾ ਨੂੰ ਇਸ ਨੌਕਰੀ ਵਾਸਤੇ ਸਿਫ਼ਾਰਸ਼ ਕਰਨ ਵਾਲੇ ਜੱਜ ਨਾਲ ਵਾਅਦਾ ਕਰਨਾ ਪੈਂਦਾ ਹੈ ਕਿ ਨੌਕਰੀ ਮਿਲ ਜਾਣ ਉਪਰੰਤ ਉਹ ਆਪਣੀ ਧੀ ਪੁਸ਼ਪਾ ਦਾ ਵਿਆਹ ਉਸਦੇ ਪੁੱਤਰ ਸੋਹਨ ਸਿੰਘ ਨਾਲ ਕਰ ਦੇਵੇਗਾ। ਡਾ. ਵਿਨੋਦ ਇਸ ਸਥਿਤੀ ਨਾਲ ਜੁੜੇ ਹੋਏ ਨਿਆਂ ਦੇ ਮਸਲੇ ਬਾਰੇ ਲਿਖਦਾ ਹੈ ਕਿ, *''ਉਸ ਸਮਾਜ ਵਿਚ ਨੌਕਰੀਆਂ ਸਿਫ਼ਾਰਸ਼ਾਂ ਤੋਂ ਬਿਨਾਂ ਨਹੀਂ ਮਿਲਦੀਆਂ ਸਨ ਅਤੇ ਸਿਫ਼ਾਰਸ਼ ਦੀ ਕੀਮਤ ਧੀ ਦੇ ਸਿਫ਼ਾਰਸ਼ੀ ਨਾਲ ਜਾਂ ਉਸਦੇ ਕਿਸੇ ਰਿਸ਼ਤੇਦਾਰ ਨਾਲ ਤੋਰ ਦੇਣ ਤੱਕ ਦੀ ਵੀ ਹੋ ਸਕਦੀ ਸੀ। ਇਹ ਗੱਲ ਪੈਸਾ, ਕੀਮਤਾਂ ਦੇ ਹਵਾਲੇ ਹੋਈ ਸਖਸ਼ੀਅਤਾਂ ਨੂੰ ਵੀ ਪ੍ਰਵਾਨ ਸੀ।''*[19]

ਇਉਂ ਸਾਮਰਾਜੀ ਕਾਨੂੰਨ ਦਾ ਆਧਾਰ ਨਿਆਂ ਨਹੀਂ ਸੀ ਸਗੋਂ ਨਿਆਂ ਤੋਂ ਛੇਕੀ ਹੋਈ ਕੋਈ ਹੋਰ ਲਾਲਸਾ ਸੀ। ਇਹ ਮਸਲਾ ਹੋਰ ਵੀ ਸਪਸ਼ਟ ਹੋ ਸਕਦਾ ਸੀ ਜੇ ਸਬ ਇੰਸਪੈਕਟਰ ਦੀ ਅਸਾਮੀ ਲਈ ਲੋੜੀਂਦੀਆਂ ਸ਼ਰਤਾਂ ਦੀ ਜਾਣਕਾਰੀ ਦਿੱਤੀ ਹੁੰਦੀ। ਜੇ ਪ੍ਰੀਤਮ ਸਿੰਘ ਇਹ ਸ਼ਰਤਾਂ ਪੂਰੀਆਂ ਕਰਦਾ ਹੋਇਆ ਦਰਸਾਇਆ ਜਾਂਦਾ ਤਾਂ ਇਹ ਸਥਿਤੀ ਪ੍ਰੀਤਮ ਸਿੰਘ ਨਾਲ ਹੋਣ ਵਾਲੇ ਅਨਿਆਂ ਦਾ ਪ੍ਰਗਟਾਵਾ ਬਣ ਜਾਣੀ ਸੀ। ਇਸ ਦੇ ਉਲਟ ਜੇ ਪ੍ਰੀਤਮ ਸਿੰਘ ਯੋਗਤਾ ਪੂਰੀ ਨਾ ਕਰਨ ਦੇ ਬਾਵਜੂਦ ਸਿਫ਼ਾਰਸ਼ ਸਦਕਾ ਇਸ ਆਸਾਮੀ ਉੱਤੇ ਨਿਯੁਕਤ ਹੋ ਜਾਂਦਾ ਤਾਂ ਵੀ ਇਹ ਗੱਲ ਨਿਆਂਕਾਰੀ ਨਹੀਂ ਹੋਣੀ ਸੀ। ਜਾਪਦਾ ਹੈ ਜਿਵੇਂ ਡਾ. ਵਿਨੋਦ ਦਾ ਧਿਆਨ ਵੀ ਸਥਿਤੀ ਦੀ ਇਸ ਉਕਾਈ ਵੱਲ ਨਹੀਂ ਗਿਆ।

ਦੂਸਰੀ ਸਥਿਤੀ ਪ੍ਰੀਤਮ ਸਿੰਘ ਦੀ ਆਪਣੇ ਕਿੱਤੇ ਪ੍ਰਤੀ ਵਫ਼ਾਦਾਰੀ ਨਾਲ ਸਬੰਧਤ ਹੈ। ਪ੍ਰੀਤਮ ਸਿੰਘ ਨੂੰ ਸੇਠ ਪ੍ਰਭ ਦਿਆਲ ਸੰਤ ਉਂਕਾਰ ਨਾਥ ਅਤੇ ਉਨ੍ਹਾਂ ਦੇ ਦਲਾਲ ਮੁਲਖ ਰਾਜ ਤੋਂ ਇਲਾਵਾ ਡਾ. ਨਜ਼ੀਰ ਅਹਿਮਦ ਵਰਗੇ ਲੋਕਾਂ ਦੇ ਗ਼ੈਰ ਕਾਨੂੰਨੀ ਧੰਦਿਆਂ ਵਿਚ ਫਸੇ ਹੋਏ ਹੋਣ ਸਦਕਾ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦਾ ਕਾਰਜ ਸੰਭਾਲਿਆ ਜਾਂਦਾ ਹੈ। ਇਹ ਲੋਕ ਅਸਲੇ ਦਾ ਗ਼ੈਰ ਕਾਨੂੰਨੀ ਵਪਾਰ ਕਰਦੇ ਜਾਅਲੀ ਸਿੱਕੇ ਬਣਾਉਂਦੇ, ਭੋਲੀਆਂ ਕੁੜੀਆਂ ਨੂੰ ਫਸਾਉਂਦੇ ਅਤੇ ਬੇਗੁਨਾਹਾਂ ਦਾ ਖੂਨ ਵਹਾਉਂਦੇ ਹਨ। ਇਹ ਕਾਰਜ ਨਿਰਸੰਦੇਹ ਗ਼ੈਰ ਕਾਨੂੰਨੀ ਹਨ ਪਰ ਇਨ੍ਹਾਂ ਦਾ ਸਾਮਰਾਜ ਨਾਲ ਅਤੇ ਸ਼੍ਰੇਣੀ ਸਮਾਜ ਨਾਲ ਕਿਸ ਤਰ੍ਹਾਂ ਦਾ ਸਬੰਧ ਹੈ। ਇਸ ਬਾਰੇ ਪ੍ਰੀਤਮ ਸਿੰਘ ਨੂੰ ਕੋਈ ਗਿਆਨ ਨਹੀਂ। ਦੇਸੀ ਸਰਮਾਏਦਾਰੀ ਦੇ ਉਕਤ ਪ੍ਰਤੀਨਿਧ ਜਿੱਥੇ ਕਾਨੂੰਨੀ ਦਾਅ ਪੇਚਾਂ ਨਾਲ ਵੱਧ ਤੋਂ ਵੱਧ ਧਨ ਕਮਾਉਣ ਦੀ ਕੋਸ਼ਿਸ਼ ਕਰਦੇ ਹਨ ਉੱਥੇ ਗ਼ੈਰ ਕਾਨੂੰਨੀ ਢੰਗ ਤਰੀਕੇ ਵੀ ਉਹ ਆਪਣੇ ਲਾਲਚ ਦੀ ਪੂਰਤੀ ਲਈ ਵਰਤਦੇ ਹਨ, ਕਿਉਂਕਿ ਸਰਮਾਏਦਾਰੀ ਸਮਾਜ ਵਿਚ ਪੈਸਾ ਪ੍ਰਧਾਨ ਹੋ ਜਾਂਦਾ ਹੈ ਅਤੇ ਜਾਇਜ਼-ਨਜਾਇਜ਼ ਵਿਚਲੇ ਫ਼ਰਕ ਦੀ ਚੇਤਨਾ ਖਤਮ ਹੋ ਜਾਂਦੀ ਹੈ। ਨਿਆਂ ਅਨਿਆਂ ਦਾ ਮਸਲਾ ਸਮਾਜ ਦੀ ਮੂਲ ਸੰਰਚਨਾ ਨਾਲ ਸਬੰਧਤ ਹੈ ਜਦੋਂ ਤੱਕ ਸਮਾਜ ਨਿੱਜੀ ਜਾਇਦਾਦ ਤੇ ਆਧਾਰਿਤ ਰਹੇਗਾ ਇਨ੍ਹਾਂ ਦਾ ਗੰਢ ਚਿਤਰਾਵਾ ਬਣਿਆ ਰਹੇਗਾ। ਪਰ ਨਾਨਕ ਸਿੰਘ ਦੇ ਸਿਰਜੇ ਹੋਏ ਦਿਆਨਤਦਾਰ ਪੁਲਿਸ ਅਫ਼ਸਰ ਪ੍ਰੀਤਮ ਸਿੰਘ ਨੂੰ ਇਸ ਬੁਨਿਆਦੀ ਸਚਿਆਈ ਦਾ ਕੋਈ ਇਲਮ ਨਹੀਂ। ਇਹ ਇਕ ਤਰ੍ਹਾਂ ਦਾ ਪ੍ਰਸੰਗ ਮੁਕਤ ਆਦਰਸ਼ਵਾਦ ਹੈ ਜਿਹੜਾ ਨਾਨਕ ਸਿੰਘ ਦੀ ਨਾਵਲੀ ਚੇਤਨਾ ਦਾ ਮੂਲ ਆਧਾਰ ਹੈ। ਇਸ ਸਥਿਤੀ ਵਿਚੋਂ ਨਾਨਕ ਸਿੰਘ ਦੀ ਇਸੇ ਚੇਤਨਾ ਦੀ ਟੋਹ ਮਿਲਦੀ ਹੈ।

ਨਾਵਲ ਸਿੰਘ ਤੀਸਰੀ ਸਥਿਤੀ ਦਾ ਸਬੰਧ ਬਰਤਾਨਵੀ ਸਾਮਰਾਜ ਵਿਰੁੱਧ ਭਾਰਤੀਆਂ ਦੇ ਵਿਦਰੋਹ ਨਾਲ ਹੈ। ਬਰਤਾਨਵੀ ਸਾਮਰਾਜ ਨੇ ਭਾਰਤ ਉੱਤੇ ਆਪਣੀ

ਹਕੂਮਤ ਨੂੰ ਨਿਆਂਸ਼ੀਲ ਠਹਿਰਾਉਣ ਲਈ ਇਹ ਦਲੀਲ ਦਿੱਤੀ ਸੀ ਕਿ ਸਾਮਰਾਜ ਪਛੜੇ ਹੋਏ ਭਾਰਤੀ ਸਮਾਜ ਨੂੰ ਸਭਿਅਕ ਬਣਾਉਣ ਦਾ ਆਪਣਾ ਫਰਜ਼ ਨਿਭਾ ਰਿਹਾ ਹੈ। ਪਰੰਤੂ ਭਾਰਤੀ ਆਜ਼ਾਦੀ ਦੇ ਸੰਗਰਾਮ ਨਾਲ ਜੁੜੇ ਹੋਏ ਆਗੂਆਂ ਦਾ ਤਰਕ ਸੀ ਕਿ ਬਰਤਾਨਵੀ ਸਾਮਰਾਜ ਭਾਰਤ ਦੇ ਕੁਦਰਤੀ ਸੋਮਿਆਂ ਅਤੇ ਕਿਰਤ ਦੀ ਲੁੱਟ ਰਾਹੀਂ ਇਸ ਦੇਸ਼ ਨੂੰ ਕੰਗਾਲ ਕਰ ਰਹੇ ਹਨ ਅਤੇ ਇਸ ਲੁੱਟ ਨਾਲ ਬਰਤਾਨੀਆਂ ਦੀ ਸਰਮਾਏਦਾਰੀ ਦਾ ਵਿਕਾਸ ਕਰ ਰਹੇ ਹਨ। ਭਾਰਤੀ ਆਜ਼ਾਦੀ ਦੇ ਨੇਤਾਵਾਂ ਵਿਚੋਂ ਇਕ ਵਿਦਵਾਨ ਅਰਥ ਸ਼ਾਸਤਰੀ ਦਾਦਾ ਭਾਈ ਨਾਰੋ ਜੀ ਨੇ ਲੁੱਟ ਖਸੁੱਟ ਦੇ ਉਪਰੋਕਤ ਸਾਮਰਾਜੀ ਵਰਤਾਰੇ ਨੂੰ 'ਅਰਥਚਾਰੇ ਦੀ ਨਿਕਾਸ ਵਿਵਸਥਾ' ਦਾ ਨਾਮ ਦਿੱਤਾ ਸੀ ਜਿਸ ਅਨੁਸਾਰ ਸਾਮਰਾਜੀ ਹਕੂਮਤ ਵਪਾਰ ਰਾਹੀਂ ਭਾਰਤ ਦੀ ਆਰਥਿਕ ਲੁੱਟ ਕਰਦੀ ਹੈ ਭਾਈ ਨਾਰੋ ਜੀ ਦਾ ਇਹ ਸਿਧਾਂਤ ਭਾਰਤ ਦੀ ਸੁਤੰਤਰਤਾ ਲਹਿਰ ਲਈ ਬਹੁਤ ਉਤਸ਼ਾਹ ਜਨਕ ਸਿੱਧ ਹੋਇਆ ਸੀ ਅਤੇ ਭਾਰਤ ਵਿਚ ਪੈਦਾ ਹੋ ਰਹੀ ਦੇਸੀ ਸਰਮਾਏਦਾਰੀ ਦੇ ਪੱਖ ਵਿਚ ਵੱਡੀ ਦਲੀਲ ਦਾ ਕਾਰਜ ਨਿਭਾ ਰਿਹਾ ਸੀ।

ਭਾਰਤੀ ਸੁਤੰਤਰਤਾ ਸੰਗਰਾਮ ਦੇ ਨੇਤਾ ਇਸ ਗੱਲੋਂ ਵੀ ਸੁਚੇਤ ਸਨ ਕਿ ਬਰਤਾਨਵੀ ਸਾਮਰਾਜ ਭਾਰਤ ਦੇ ਕੁਦਰਤੀ ਅਤੇ ਮਨੁੱਖੀ ਸੋਮਿਆਂ ਨੂੰ ਦੂਸਰੇ ਮੁਲਕਾ ਨਾਲ ਯੁੱਧ ਵਿਚ ਆਪਣੇ ਲਾਭ ਲਈ ਵਰਤ ਰਿਹਾ ਹੈ। ਇਸ ਪ੍ਰਕਾਰ ਭਾਰਤੀ ਆਜ਼ਾਦੀ ਦੀ ਲਹਿਰ ਸਾਮਰਾਜ ਵਿਰੁੱਧ ਭਾਰਤੀ ਲੋਕਾਂ ਦੇ ਵਿਦਰੋਹ ਨੂੰ ਨਿਆਂ ਉਚਿਤ ਠਹਿਰਾਉਂਦੀ ਸੀ ਜਿਸ ਦਾ ਲੁਕਵਾਂ ਜਿਹਾ ਵੇਰਵਾ ਪ੍ਰੀਤਮ ਸਿੰਘ ਅਤੇ ਸੁੰਦਰਦਾਸ ਦੇ ਕਾਰਜਾਂ ਦੁਆਰਾ ***ਪਿਆਰ ਦੀ ਦੁਨੀਆ*** ਨਾਵਲ ਵਿਚ ਵੀ ਪੇਸ਼ ਹੋਇਆ ਹੈ। ਨਾਨਕ ਸਿੰਘ ਦੇ ਦੇਸ਼ ਪ੍ਰੇਮ ਦੀ ਗਵਾਹੀ ਭਰਦਾ ਹੈ।

ਪਰੰਤੂ ਇਹ ਵੇਰਵਾ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਲੜੀ ਜਾ ਰਹੀ ਆਜ਼ਾਦੀ ਦੀ ਲੜਾਈ ਦਾ ਵੀ ਪੱਖ ਪੂਰਦਾ ਹੈ। ਭਾਰਤੀ ਰਾਸ਼ਟਰੀ ਕਾਂਗਰਸ ਜੋ ਕਿ ਇਸ ਲੜਾਈ ਦੀ ਸਿਆਸੀ ਜਥੇਬੰਦੀ ਸੀ ਇਕੋ ਸਮੇਂ ਦੋ ਮੁਹਾਜਾਂ 'ਤੇ ਸੰਘਰਸ਼

ਕਰ ਰਹੀ ਸੀ। ਇਕ ਪਾਸਿਓਂ ਇਹ ਜਥੇਬੰਦੀ ਲੋਕਾਂ ਦੀ ਤਾਕਤ ਨੂੰ ਸੰਗਠਿਤ ਕਰਕੇ ਸਾਮਰਾਜੀ ਹਕੂਮਤ ਕੋਲੋਂ ਆਪਣੀਆਂ ਮੰਗਾਂ ਮਨਵਾਉਣ ਦੇ ਰਾਹ ਪਈ ਹੋਈ ਸੀ ਅਤੇ ਦੂਸਰੇ ਪਾਸੇ ਇਹ ਪਾਰਟੀ ਲੋਕਾਂ ਦੀ ਵਿਦਰੋਹੀ ਸ਼ਕਤੀ ਨੂੰ ਉਠ ਰਹੀ ਦੇਸੀ ਸਰਮਾਏਦਾਰੀ ਦੇ ਹਿਤੈਸ਼ੀ ਦਾਇਰੇ ਵਿਚ ਰੱਖਣਾ ਚਾਹੁੰਦੀ ਸੀ ਜਿਸ ਕਰਕੇ ਇਹ ਜਥੇਬੰਦੀ ਹਕੂਮਤ ਵਿਰੁੱਧ ਸ਼ਾਂਤਮਈ ਸੰਗਰਾਮ ਦੇ ਹੱਕ ਵਿਚ ਸੀ ਜਿਸ ਦੀ ਪ੍ਰਤਿਨਿਧਤਾ ਨਾਵਲ ਦੇ ਦੋ ਮੁੱਖ ਪਾਤਰ ਪ੍ਰੀਤਮ ਸਿੰਘ ਅਤੇ ਸੁੰਦਰਦਾਸ 'ਉਰਫ ਸੇਵਾਦਾਸ' ਕਰਦੇ ਹਨ।

ਭਾਰਤੀ ਸੁਤੰਤਰਤਾ ਸੰਗਰਾਮ ਦੇ ਉਪਰੋਕਤ ਅੰਦੋਲਨ ਦੇ ਮੁਕਾਬਲੇ ਵਿਚ ਭਾਰਤ ਅੰਦਰ ਤਿੱਖੇ ਖਾੜਕੂ ਘੋਲ ਵੀ ਸਿਰ ਚੁੱਕ ਰਹੇ ਸਨ। ਬੰਗਾਲ ਅਤੇ ਪੰਜਾਬ ਇਨ੍ਹਾਂ ਘੋਲਾਂ ਦੇ ਮੋਹਰੀ ਸਨ। ਕੇਵਲ ਪੰਜਾਬ ਵਿਚ ਹੀ ਪਗੜੀ ਸੰਭਾਲ ਜੱਟਾ ਲਹਿਰ, ਕਾਮਾ ਗਾਟਾ ਮਾਰੂ ਲਹਿਰ, ਗਦਰ ਲਹਿਰ, ਅਕਾਲੀ ਲਹਿਰ ਅਤੇ ਸ਼ਹੀਦੇ ਆਜ਼ਮ ਭਗਤ ਸਿੰਘ ਲਹਿਰ ਵਰਗੀਆਂ ਲਹਿਰਾਂ ਸਾਮਰਾਜਵਾਦ ਦਾ ਖਾੜਕੂ ਅਤੇ ਡਟਵਾਂ ਵਿਰੋਧ ਕਰ ਰਹੀਆਂ ਸਨ। ਹਥਲੇ ਨਾਵਲ ਵਿਚ ਨਾਨਕ ਸਿੰਘ ਨੇ 28-29 ਦੀ ਜਿਸ ਲਹਿਰ ਦਾ ਹਵਾਲਾ ਦਿੱਤਾ ਹੈ ਉਹ ਭਗਤ ਸਿੰਘ ਦੀ ਆਤੰਕਵਾਦੀ ਲਹਿਰ ਸੀ ਜਿਸ ਦੇ ਹਿੰਸਾਮਈ ਸੁਭਾ ਦੀ ਨਾਨਕ ਸਿੰਘ ਨਿਖੇਧੀ ਕਰਦਾ ਹੈ। ਇਸ ਲਹਿਰ ਦਾ ਗਾਲਪਨਿਕ ਚਿਤਰ ਮੂਰਤੀਮਾਨ ਕਰਨ ਲਈ ਨਾਨਕ ਸਿੰਘ ਬਾਬਾ ਜੀ ਦੀ ਪਾਰਟੀ ਨਾਲ ਨਾਵਲ ਦੀ ਨਾਇਕਾ ਪੁਸ਼ਪਾ ਦਾ ਸਬੰਧ ਜੋੜਦਾ ਹੈ ਅਤੇ ਪੁਸ਼ਪਾ ਨੂੰ ਹਿੰਸਕ ਸਰਗਰਮੀਆਂ ਵਿਚ ਹਿੱਸਾ ਲੈਂਦੀ ਵਿਖਾਉਂਦਾ ਹੈ। ਨਾਨਕ ਸਿੰਘ ਅਨੁਸਾਰ ਬਾਬਾ ਜੀ ਦੀ ਇਸ ਪਾਰਟੀ ਦਾ ਹਿੰਸਾਮਈ ਕਿਰਦਾਰ ਨਿਆਂ ਉਚਿਤ ਨਹੀਂ ਕਿਉਂਕਿ ਇਸ ਨਾਲ ਕਈ ਮਾਸੂਮ ਜਾਨਾਂ ਦਾ ਨੁਕਸਾਨ ਹੁੰਦਾ ਹੈ। ਦੂਸਰੇ ਹਿੰਸਾਮਈ ਕਾਰਵਾਈ ਕਿਉਂਕਿ ਗ਼ੈਰ ਕਾਨੂੰਨੀ ਹੁੰਦੀ ਹੈ ਜਿਸ ਕਰਕੇ ਲੁਕ ਛਿਪ ਕੇ ਕਰਨੀ ਪੈਂਦੀ ਹੈ। ਸਿੱਟੇ ਵਜੋਂ ਇਹ ਆਮ ਜਨਤਾ ਨੂੰ ਲਾਮਬੰਦ ਕਰਨ ਦੇ ਯੋਗ ਨਹੀਂ

ਹੁੰਦੀ। ਨਾਵਲਕਾਰ ਨੇ ਆਪਣੇ ਮੱਤ ਦੇ ਸਮੂਰਤਨ ਲਈ ਇਕ ਘਟਨਾ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਬਾਬਾ ਜੀ ਦੀ ਪਾਰਟੀ ਦਾ ਇੱਕ ਮੈਂਬਰ ਪਾਰਟੀ ਦੀ ਸਰਕਾਰ ਨੂੰ ਸਹੁੰ ਦੇਣ ਵਾਲੇ ਇਕ ਵਿਅਕਤੀ ਨੂੰ ਗੋਲੀ ਨਾਲ ਮਾਰ ਦਿੰਦਾ ਹੈ। ਸਿੱਟੇ ਵਜੋਂ ਉਸਦੀ ਪਤਨੀ ਵਿਧਵਾ ਹੋ ਜਾਂਦੀ ਹੈ ਜੋ ਕਿ ਇਕ ਦੁਖਮਈ ਘਟਨਾ ਹੈ। ਪ੍ਰੀਤਮ ਸਿੰਘ ਨੂੰ ਸਰਕਾਰ ਵੱਲੋਂ ਇਸ ਪਾਰਟੀ ਨੂੰ ਖਤਮ ਕਰਨ ਦਾ ਕਾਰਜ ਸੌਂਪਿਆ ਜਾਂਦਾ ਹੈ। ਉਹ ਆਪਣੀ ਇਸ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਉਣ ਦੇ ਕਾਰਜ ਵਿਚ ਜੁਟ ਜਾਂਦਾ ਹੈ ਪਰੰਤੂ ਸੁੰਦਰਦਾਸ ਦੇ ਪ੍ਰਭਾਵ ਹੇਠਾਂ ਆਈ ਹੋਈ ਪੁਸ਼ਪਾ ਖ਼ੁਦ ਹੀ ਬਾਬਾ ਜੀ ਨੂੰ ਗੋਲੀ ਮਾਰ ਦਿੰਦੀ ਹੈ। ਇਸ ਪ੍ਰਕਾਰ ਪ੍ਰੀਤਮ ਸਿੰਘ ਨੂੰ ਸੌਂਪਿਆ ਹੋਇਆ ਕਾਰਜ ਸਿਰੇ ਚੜ੍ਹ ਜਾਂਦਾ ਹੈ। ਨਾਨਕ ਸਿੰਘ ਪੁਸ਼ਪਾ ਦੇ ਇਸ ਕੰਮ ਦੀ ਸ਼ਲਾਘਾ ਕਰਦਾ ਹੈ ਪਰੰਤੂ ਪੁਸ਼ਪਾ ਬਾਬਾ ਜੀ ਦੀ ਕਾਤਲ ਹੈ। ਪ੍ਰਚਲਿਤ ਕਾਨੂੰਨ ਅਨੁਸਾਰ ਉਸ ਉੱਤੇ ਮੁਕੱਦਮਾ ਚਲਣਾ ਚਾਹੀਦਾ ਹੈ। ਪਰੰਤੂ ਪ੍ਰੀਤਮ ਸਿੰਘ ਅਤੇ ਸੁੰਦਰਦਾਸ ਅਜਿਹਾ ਨਹੀਂ ਸਮਝਦੇ। ਉਨ੍ਹਾਂ ਅਨੁਸਾਰ ਪੁਸ਼ਪਾ ਦੁਆਰਾ ਬਾਬਾ ਜੀ ਦਾ ਕਤਲ ਨਿਆਂਸ਼ੀਲ ਹੈ ਅਰਥਾਤ ਸਾਮਰਾਜ ਵਿਰੋਧੀ ਅਨਸਰ ਦੀ ਕਾਤਲ ਪ੍ਰੀਤਮ ਸਿੰਘ ਦੀਆਂ ਨਜ਼ਰਾਂ ਵਿਚ ਸਜ਼ਾ ਦੀ ਹੱਕਦਾਰ ਨਹੀਂ। ਆਪਣੇ ਪੈਂਤੜੇ ਦੇ ਹੱਕ ਵਿਚ ਪ੍ਰੀਤਮ ਸਿੰਘ ਇਹ ਦਲੀਲ ਵੀ ਦਿੰਦਾ ਹੈ ਕਿ ''ਪੁਸ਼ਪਾ ਉੱਤੇ ਕੋਈ ਸ਼ੱਕ ਨਹੀਂ ਕਰ ਸਕਦਾ ਕਿਉਂਕਿ ਪੁਲਿਸ ਅਫ਼ਸਰ ਦੀ ਭੈਣ ਕਤਲ ਵਰਗਾ ਸੰਗੀਨ ਅਪਰਾਧ ਨਹੀਂ ਕਰ ਸਕਦੀ।''[29]

ਇਸ ਤਰ੍ਹਾਂ ਇਹ ਨਾਵਲ ਬਰਤਾਨਵੀ ਸਾਮਰਾਜ ਦੇ ਪੱਖ ਵਿਚ ਅਚੇਤ ਹੀ ਭੁਗਤ ਜਾਂਦਾ ਹੈ। ਨਿਮਨ ਮੱਧ ਵਰਗ ਵਿਚੋਂ ਹੋਣ ਕਰਕੇ ਨਾਨਕ ਸਿੰਘ ਨੂੰ ਦੇਸ਼ ਭਗਤੀ ਦਾ ਜਜ਼ਬਾ ਚੰਗਾ ਲੱਗਣ ਦੇ ਬਾਵਜੂਦ ਉਹ ਸਾਮਰਾਜ ਵਿਰੋਧੀ ਨਜ਼ਰੀਆ ਨਹੀਂ ਅਪਣਾ ਸਕਦਾ। ਵਾਸਤਵ ਵਿਚ ਇਸ ਨਾਵਲ ਅੰਦਰ ਸੁੰਦਰਦਾਸ ਵੀ ਕਾਂਗਰਸ ਦੀ ਸ਼ਾਂਤਮਈ ਲਹਿਰ ਦਾ ਪ੍ਰਤਿਨਿਧ ਪਾਤਰ ਨਹੀਂ ਬਣ ਸਕਿਆ। ਨਾਵਲ

ਵਿਚ ਉਹ ਜਾਂ ਤਾਂ ਗਰੀਬ ਬੱਚਿਆਂ ਨੂੰ ਮਿੱਠੀਆਂ ਗੋਲੀਆਂ ਵੰਡਦਾ ਵਿਖਾਇਆ ਗਿਆ ਹੈ ਜਾਂ ਆਪਣੇ ਉੱਤੇ ਕਾਤਲਾਨਾ ਵਾਰ ਕਰਨ ਵਾਲੇ ਇਕ ਫ਼ਿਕਰਾਪ੍ਰਸਤ ਸਾਦਿਕ ਨੂੰ ਮੁਆਫ਼ ਕਰਦਾ ਵਿਖਾਇਆ ਗਿਆ ਹੈ ਜਾਂ ਫਿਰ ਪੁਸ਼ਪਾ ਨਾਲ ਵਿਆਹ ਕਰਵਾ ਕੇ ਪਿਆਰ ਦੀ ਦੁਨੀਆ ਵਸਾ ਲੈਂਦਾ ਹੈ। ਸਪਸ਼ਟ ਹੈ ਕਿ ਇਸ ਨਾਵਲ ਵਿਚ ਭਾਰਤੀ ਆਜ਼ਾਦੀ ਲਈ ਲੜੀ ਜਾ ਰਹੀ ਸ਼ਾਂਤਮਈ ਲੜਾਈ ਦਾ ਚਿੱਤਰ ਵੀ ਨਹੀਂ ਉਘੜਦਾ।

ਨਾਨਕ ਸਿੰਘ ਨੇ ਆਪਣੇ ਇਕ ਹੋਰ ਨਾਵਲ ***ਗਰੀਬ ਦੀ ਦੁਨੀਆ*** (1939) ਵਿਚ ਸਾਮਰਾਜੀ ਕਾਨੂੰਨ ਅਤੇ ਨਿਆਂ ਦਾ ਮਸਲਾ ਆਰਥਿਕ ਸੰਦਰਭ ਵਿਚ ਉਠਾਇਆ ਹੈ। ਰਾਇ ਸਾਹਿਬ ਅਮਰਨਾਥ ਦੇ ਕਾਰਖਾਨੇ ਵਿਚ ਹੜਤਾਲ ਹੋ ਜਾਂਦੀ ਹੈ। ਰਾਇ ਸਾਹਿਬ ਮਜਦੂਰਾਂ ਦੇ ਪ੍ਰਤਿਨਿਧ ਸ਼ੰਕਰ ਉਤੇ ਸਾਮਰਾਜ ਵਿਰੁੱਧ ਬੋਲਣ ਦਾ ਝੂਠਾ ਇਲਜ਼ਾਮ ਲਾ ਕੇ ਉਸ ਨੂੰ ਗ੍ਰਿਫ਼ਤਾਰ ਕਰਵਾ ਦਿੰਦੇ ਹਨ। ਇਹ ਸਥਿਤੀ ਨਾਨਕ ਸਿੰਘ ਨੇ ਇਸ ਲਈ ਮੂਰਤੀਮਾਨ ਕੀਤੀ ਜਾਪਦੀ ਹੈ ਕਿ ਸਾਮਰਾਜ ਦਾ ਵਿਰੋਧ ਵੱਡਾ ਦੋਸ਼ ਹੈ ਕਿਉਂਕਿ ਇਹ ਗ਼ੈਰ ਕਾਨੂੰਨੀ ਹੈ, ਨਾਨਕ ਸਿੰਘ ਇਸ ਗੱਲੋਂ ਅਣਜਾਣ ਪ੍ਰਤੀਤ ਹੁੰਦਾ ਹੈ ਕਿ ਸਾਮਰਾਜ ਅਤੇ ਭਾਰਤੀ ਸਰਮਾਏਦਾਰੀ ਦੋਹਾਂ ਦਾ ਭਾਰਤ ਦੇ ਮਜਦੂਰਾਂ ਅਤੇ ਕਿਸਾਨਾਂ ਵਿਰੁੱਧ ਗਠਜੋੜ ਹੈ ਇਉਂ, ਇਹ ਸਥਿਤੀ ਉਸ ਸਮੇਂ ਦੇ ਬਾਹਰ ਮੁਖੀ ਯਥਾਰਥ ਨੂੰ ਪੇਸ਼ ਕਰਨ ਵਿਚ ਊਣੀ ਰਹਿ ਜਾਂਦੀ ਹੈ।

ਦੂਸਰੀ ਸਥਿਤੀ ਰਾਇ ਸਾਹਿਬ ਦੀ ਗ੍ਰਿਫ਼ਤਾਰੀ ਨਾਲ ਸਬੰਧਤ ਹੈ। ਇਹ ਸਥਿਤੀ ਅਜਿਹੀ ਸੀ ਜਿਸ ਵਿਚੋਂ ਸਾਮਰਾਜ ਸਰਮਾਏਦਾਰੀ ਅਤੇ ਸੰਪਰਦਾਇਕਤਾ ਦੇ ਗਠਜੋੜ ਦਾ ਕਿਰਤ ਵਿਰੋਧੀ ਕਿਰਦਾਰ ਉੱਭਰ ਸਕਦਾ ਸੀ। ਪਰ ਨਾਨਕ ਸਿੰਘ ਰਾਇ ਸਾਹਿਬ ਦੀ ਦਿਲ ਦੇ ਦੌਰੇ ਨਾਲ ਹੋਈ ਮੌਤ ਦੀ ਜਾਣਕਾਰੀ ਦੇ ਕੇ ਇਸ ਸਥਿਤੀ ਦਾ ਅੰਤ ਕਰ ਦਿੰਦਾ ਹੈ। ਜਿਵੇਂ ਰਾਇ ਸਾਹਿਬ ਸਰਮਾਏਦਾਰ ਨਾ ਹੋਕੇ ਇਕ ਦਮ ਮਜ਼ਦੂਰ ਪੱਖੀ ਬਣ ਜਾਣ ਅਤੇ ਆਪਣੀ ਕਰਤੂਤ ਤੇ ਪਛਤਾਉਂਦੇ ਹੋਏ

ਪਰਾਣ ਛੱਡ ਦੇਣ। ਅਸਲ ਵਿਚ ਫ਼ਿਰਕਾ ਪ੍ਰਸਤੀ ਸਾਮਰਾਜ ਅਧੀਨ ਵਿਕਸਿਤ ਹੋ ਰਹੀ ਭਾਰਤੀ ਸਰਮਾਏਦਾਰੀ ਦਾ ਬੁਨਿਆਦੀ ਲੱਛਣ ਸੀ ਜਿਸ ਨੂੰ ਬਰਤਾਨਵੀ ਸਾਮਰਾਜ ਦੀ ਹਮਾਇਤ ਹਾਸਲ ਸੀ ਪਰੰਤੂ ਨਾਵਲ ਵਿਚੋਂ ਇਸ ਪ੍ਰਕਾਰ ਦੀ ਸਮਝ ਦੀ ਸੂਹ ਨਹੀਂ ਮਿਲਦੀ।

ਨਾਨਕ ਸਿੰਘ ਨੇ ਨਿਆਂ ਦਾ ਮਸਲਾ ਆਜ਼ਾਦ ਭਾਰਤ ਦੇ ਪ੍ਰਸੰਗ ਵਿਚ ਵੀ ਉਠਾਇਆ ਹੈ। ਇਸ ਪਹਿਲੂ ਤੋਂ ਉਸਦਾ ਨਾਵਲ **ਆਦਮ ਖੋਰ** (1951) ਉਸ ਦੀ ਪ੍ਰਤੀਨਿਧ ਰਚਨਾ ਕਹੀ ਜਾ ਸਕਦੀ ਹੈ। ਇਸ ਨਾਵਲ ਦਾ ਖਲਨਾਇਕ ਕਾਰਖਾਨੇਦਾਰ ਅਮਰ ਸਿੰਘ ਹੈ, ਸਿੰਗਾਰਾ ਸਿੰਘ ਉਹਸਿੰ ਸਿੰਘ ਚਿੰਤਾਮਨੀ ਅਤੇ ਉਸਦੀ ਬੱਚੀ ਦਾ ਕਾਤਲ ਹੈ। ਪਰੰਤੂ ਨਾਨਕ ਸਿੰਘ ਉਸ ਨੂੰ ਭਾਰਤੀ ਕਾਨੂੰਨ ਦੇ ਹਵਾਲੇ ਨਹੀਂ ਕਰਦਾ ਸਗੋਂ ਨਾਇਕ ਧਿਰ ਦੀ ਇਕ ਪਾਤਰ ਸਲੋਚਨਾ ਰਾਹੀਂ ਉਸਦਾ ਸੁਧਾਰ ਕਰਕੇ ਉਹਦੇ ਸਾਰੇ ਗੁਨਾਹ ਮੁਆਫ ਕਰ ਦਿੰਦਾ ਹੈ। ਇਹ ਨਾਨਕ ਸਿੰਘ ਦੇ ਉਸਦੇ ਮੱਧ ਵਰਗੀ ਦ੍ਰਿਸ਼ਟੀਕੋਣ ਦੀ ਲਖਾਇਕ ਘਟਨਾ ਬਣ ਜਾਂਦੀ ਹੈ।

ਇਹ ਗੱਲ ਉਸਦੇ ਸਾਹਿਤਕ ਅਕਾਦਮੀ ਪੁਰਸਕਾਰ ਜੇਤੂ ਨਾਵਲ ***ਇਕ ਮਿਆਨ ਦੋ ਤਲਵਾਰਾਂ*** (1960) ਉੱਤੇ ਵੀ ਲਾਗੂ ਹੁੰਦੀ ਹੈ। ਭਾਵੇਂ ਗਦਰ ਪਾਰਟੀ ਦੇ ਆਗੂ ਕਰਤਾਰ ਸਿੰਘ ਸਰਾਭਾ ਨੂੰ ਸਾਮਰਾਜ ਦਾ ਬਾਗੀ ਹੋਣ ਕਰਕੇ ਹਕੂਮਤ ਫਾਂਸੀ ਦੇ ਦਿੰਦੀ ਹੈ ਪਰੰਤੂ ਸਰਾਭੇ ਦੀ ਦੇਸ਼ ਭਗਤੀ ਦੀ ਉਪਮਾ ਦੇ ਬਾਵਜੂਦ ਨਾਨਕ ਸਿੰਘ ਉਸਦੇ ਹਿੰਸਾਮਈ ਕਾਰਜਾਂ ਦੀ ਪੁਸ਼ਟੀ ਨਹੀਂ ਕਰ ਸਕਦਾ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਨਾਨਕ ਸਿੰਘ ਨੇ ਸਿੰਘ ਸਭਾ ਲਹਿਰ ਦੇ ਨਾਵਲਕਾਰਾਂ ਦੇ ਵਿਪਰੀਤ ਸਾਮਰਾਜੀ ਕਾਨੂੰਨ ਅਤੇ ਨਿਆਂ ਦਾ ਇਕ ਤੋਂ ਜ਼ਿਆਦਾ ਸਥਿਤੀਆਂ ਦੇ ਪ੍ਰਸੰਗ ਵਿਚ ਬਿਰਤਾਂਤ ਸਿਰਜਿਆ ਹੈ ਅਤੇ ਦਬਵੀਂ ਜ਼ਬਾਨ ਵਿਚ ਭਾਰਤੀ ਆਜ਼ਾਦੀ ਦੀ ਲਹਿਰ ਦਾ ਪੱਖ ਪੂਰਦੇ ਹੋਇਆਂ ਸਾਮਰਾਜੀ ਨਿਆਂ ਪ੍ਰਣਾਲੀ ਦੀ ਨਿੰਦਿਆ ਕੀਤੀ ਹੈ। ਪਰੰਤੂ ਉਸ ਦੀ ਰਚਨਾ ਦ੍ਰਿਸ਼ਟੀ ਨਿਮਨ ਮੱਧ

ਵਰਗੀ ਦਾਇਰੇ ਦੀ ਚੀਜ਼ ਕਰਕੇ ਉਹ ਖੁੱਲ੍ਹ ਕੇ ਇਸ ਪ੍ਰਣਾਲੀ ਦਾ ਯਥਾਰਥਕ ਕਿਰਦਾਰ ਪੇਸ਼ ਕਰਨ ਤੋਂ ਉਕ ਜਾਂਦਾ ਹੈ।

ਕਾਨੂੰਨ ਅਤੇ ਨਿਆਂ ਦੀ ਬਿਰਤਾਂਤਕਾਰੀ ਦੇ ਪ੍ਰਸੰਗ ਵਿਚ ਅਗਲਾ ਮਹੱਤਵਪੂਰਨ ਨਾਵਲਕਾਰ ਜਸਵੰਤ ਸਿੰਘ ਕੰਵਲ ਹੈ। ***ਰਾਤ ਬਾਕੀ ਹੈ*** ਉਸ ਦਾ ਤੀਸਰਾ ਨਾਵਲ ਹੈ ਜਿਸ ਵਿਚ ਉਸਨੇ ਸ੍ਰੇਣੀ ਸਮਾਜ ਦੇ ਨਿਆਂ ਪ੍ਰਬੰਧਾਂ ਨੂੰ ਜਾਗੀਰਦਾਰੀ ਅਤੇ ਕਿਸਾਨੀ ਮੁਜ਼ਾਰੇ ਦੇ ਬੁਨਿਆਦੀ ਟਕਰਾਓ ਦੇ ਰੂਪ ਵਿਚ ਚਿਤਰਿਆ ਹੈ। ਇਸ ਨਾਵਲ ਦੀ ਰਚਨਾ ਵਸਤੂ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਅਗਵਾਈ ਵਿਚ ਬਣੀ ਨਾਲ ਪਾਰਟੀ ਕਿਸਾਨ ਪੱਖੀ ਕਿਰਦਾਰ ਅਤੇ ਵਿਹਾਰ ਨਾਲ ਹੈ। ਪੰਜਾਬ ਦੇ ਰਿਆਸਤੀ ਇਲਾਕੇ ਵਿਚ ਲਾਲ ਪਾਰਟੀ ਨੇ ਜਗੀਰਦਾਰਾਂ ਦੇ ਵਿਰੁੱਧ ਜਥੇਬੰਦਕ ਘੋਲ ਰਾਹੀਂ ਸਫਲਤਾ ਪ੍ਰਾਪਤ ਕੀਤੀ ਸੀ। ਉਹ ਇਸ ਨਾਵਲ ਦਾ ਕੇਂਦਰੀ ਧੁਰਾ ਬਣਦੀ ਹੈ। ਇਸ ਘੋਲ ਨੇ ਜਗੀਰਦਾਰਾਂ ਦੀ ਮਾਲਕੀ ਵਾਲੀ ਬਹੁਤ ਸਾਰੀ ਜ਼ਮੀਨ ਛੋਟੇ ਕਿਸਾਨਾਂ ਅਤੇ ਮੁਜਾਰਿਆਂ ਵਿਚ ਵੰਡ ਦਿੱਤੀ ਸੀ। ਇਸ ਪ੍ਰਕਾਰ ਮਾਲਕ ਕਿਸਾਨੀ ਦੀ ਗਿਣਤੀ ਵਿਚ ਕਾਫੀ ਵਾਧਾ ਹੋ ਗਿਆ ਸੀ ਅਤੇ ਕੁਝ ਇਕ ਜਗੀਰਦਾਰਾਂ ਦੀਆਂ ਜ਼ਮੀਨਾਂ ਵੀ ਖੁੱਸ ਗਈਆਂ ਸਨ। ਪਰੰਤੂ ਨਾਵਲਕਾਰ ਇਸ ਸਫਲਤਾ ਨੂੰ ਭਾਗਸਮ ਰੂਪ ਵਿਚ ਹੀ ਪ੍ਰਵਾਨ ਕਰਦਾ ਹੈ। ਨਾਵਲੀ ਵੇਰਵਿਆਂ ਅਨੁਸਾਰ ਪੈਪਸੂ ਦੇ ਜਗੀਰਦਾਰਾਂ ਨੇ ਆਪਣੀ ਰਾਖੀ ਲਈ ਨਾ ਕੇਵਲ ਗੁੰਡੇ ਹੀ ਪਾਲੇ ਹੋਏ ਸਨ ਸਗੋਂ ਉਨ੍ਹਾਂ ਦੀਆਂ ਜ਼ਮੀਨਾਂ ਉੱਤੇ ਮਾਲਕੀ ਦੇ ਕਾਨੂੰਨ ਦਾ ਵੀ ਹੱਥ ਸੀ। ਇਸ ਕਾਨੂੰਨ ਦੀ ਰਾਖੀ ਲਈ ਸਾਰੀ ਸਰਕਾਰੀ ਜਮੀਨ ਮੁੱਖ ਤੌਰ 'ਤੇ ਪੁਲਿਸ ਯਤਨਸ਼ੀਲ ਸੀ। ਨਾਵਲ ਵਿਚ ਦਰਸਾਇਆ ਗਿਆ ਹੈ ਕਿ ਕਿਸਾਨ ਆਗੂ ਚਰਨ ਕਿਸਾਨਾਂ ਦੀ ਜਥੇਬੰਦਕ ਤਾਕਤ ਦੀ ਵਰਤੋਂ ਰਾਹੀਂ ਜਗੀਰਦਾਰਾਂ ਨੂੰ ਵਟਾਈ ਨਾ ਦੇ ਕੇ ਸਾਰੀ ਦੀ ਸਾਰੀ ਪੈਦਾਵਾਰ ਉੱਤੇ ਕਾਸ਼ਤਕਾਰਾਂ ਦਾ ਕਬਜ਼ਾ ਕਰਵਾ ਦਿੰਦਾ ਹੈ। ਪਰੰਤੂ ਜਗੀਰਦਾਰ ਚਰਨ ਉੱਤੇ ਕਤਲ ਦਾ ਝੂਠਾ ਮੁਕੱਦਮਾ ਬਣਵਾ ਕੇ ਉਸ ਨੂੰ

ਗ੍ਰਿਫਤਾਰ ਕਰਵਾ ਦਿੰਦੇ ਹਨ ਅਤੇ ਉਹ ਪੁਲਿਸ ਦੀ ਹਿਰਾਸਤ ਵਿਚ ਅਨਿਆਈ ਮੌਤ ਮਾਰਿਆ ਜਾਂਦਾ ਹੈ। ਉਸ ਦੀ ਅਰਥੀ ਨਾਲ ਹਜ਼ਾਰਾਂ ਕਿਸਾਨ ਤੁਰਦੇ ਵਿਖਾਏ ਗਏ ਹਨ ਜੋ ਕਿ ਚਰਨ ਨੂੰ ਕਿਸਾਨ ਪੱਖੀ ਸ਼ਹੀਦ ਹੋਣ ਦਾ ਮਾਣ ਪ੍ਰਦਾਨ ਕਰਦੇ ਹਨ। ਸਪਸ਼ਟ ਹੈ ਕਿ ਆਜ਼ਾਦ ਭਾਰਤ ਦਾ ਕਾਨੂੰਨ ਨਿਰਪੱਖ ਨਿਆਂ ਵੱਲ ਨਹੀਂ ਖਲੋਂਦਾ। ਮਾਨਵੀ ਸਦਾਚਾਰ ਦੀ ਦ੍ਰਿਸ਼ਟੀ ਤੋਂ ਜ਼ਮੀਨ ਦੀ ਮਲਕੀਅਤ ਅਤੇ ਉਪਜ ਉੱਤੇ ਹਲ ਵਾਹਕ ਦਾ ਕਬਜ਼ਾ ਹੋਣਾ ਚਾਹੀਦਾ ਹੈ। ਨਾਵਲਕਾਰ ਇਸ ਸਦਾਚਾਰਕ ਮੁੱਲ ਦੇ ਹੱਕ ਵਿਚ ਕਿਸਾਨੀ ਦੀ ਜਦੋ-ਜਹਿਦ ਦਾ ਪ੍ਰਸੰਸਾਮਈ ਚਿੱਤਰ ਮੂਰਤੀਵਾਨ ਕਰਦਾ ਹੈ। ਇਸ ਪ੍ਰਕਾਰ ਇਹ ਨਾਵਲ ਨਾਨਕ ਸਿੰਘ ਦੇ ਜਮਾਤੀ ਸਮਝੌਤੇ ਦੇ ਅਸੂਲ ਨੂੰ ਨਕਾਰਦਾ ਹੋਇਆ ਜਮਾਤੀ ਜਦੋ-ਜਹਿਦ ਦਾ ਪ੍ਰਤਿਮਾਨ ਸਿਰਜਦਾ ਹੈ ਜੋ ਕਿ ਕੰਮ ਦੀ ਸੋਚ ਪੱਖੀ ਸੋਚ ਦਾ ਸਥੂਲ ਪ੍ਰਮਾਣ ਹੋ ਨਿਬੜਦਾ ਹੈ ਅਤੇ ਭਾਰਤ ਵਿਚ ਜਗੀਰਦਾਰੀ ਸਰਮਾਏਦਾਰੀ ਸਮਾਜੀ ਪ੍ਰਬੰਧ ਦੇ ਖਿਲਾਫ਼ ਆਵਾਜ਼ ਬੁਲੰਦ ਕਰਦਾ ਹੈ।

ਜਸਵੰਤ ਸਿੰਘ ਕੰਵਲ ਦਾ ਕਾਨੂੰਨ ਅਤੇ ਨਿਆਂ ਸਬੰਧੀ ਦੂਸਰਾ ਸਿਆਸੀ ਨਾਵਲ ***ਲਹੂ ਦੀ ਲੋਅ*** ਹੈ ਜਿਹੜਾ ਬੰਗਾਲ ਦੇ ਇਲਾਕੇ ਦਾਰਜਲਿੰਗ ਦੇ ਇਕ ਪਿੰਡ ਨਕਲਵਾੜੀ ਦੇ ਕਿਸਾਨੀ ਵਿਦਰੋਹ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਗਿਆ ਹੈ। ਇਸ ਵਿਦਰੋਹ ਦਾ ਅਸਰ ਪੰਜਾਬ ਦੇ ਬੁੱਧੀਜੀਵੀਆਂ ਨੇ ਸਵੀਕਾਰ ਕਰਦਿਆਂ ਪੰਜਾਬ ਵਿਚ ਵੀ ਇਸ ਲਹਿਰ ਦੀ ਉਸਾਰੀ ਦੀ ਕੋਸ਼ਿਸ਼ ਕੀਤੀ ਸੀ। ਇਸ ਲਹਿਰ ਨਾਲ ਜੁੜੇ ਸਰਗਰਮ ਕਾਰਕੁਨਾਂ ਨੇ ਲੋਕਾਂ ਨੂੰ ਜਗਾਉਣ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਪਰੰਤੂ ਇਹ ਲਹਿਰ ਆਪਣੇ ਉਦੇਸ਼ ਵਿਚ ਕਾਮਯਾਬ ਨਾ ਹੋ ਸਕੀ ਅਤੇ ਲੋਕ ਲਹਿਰ ਦੇ ਵਿਕਾਸ ਤੋਂ ਪਹਿਲਾਂ ਹੀ ਸਾਮੰਤੀ ਸਰਮਾਏਦਾਰੀ ਸਾਮਰਾਜੀ ਸੱਤਾ ਦੇ ਦਮਨ ਚੱਕਰ ਦਾ ਸ਼ਿਕਾਰ ਹੋ ਕੇ ਰਹਿ ਗਈ। ਕੰਵਲ ਕਿਸਾਨੀ ਅਤੇ ਕਾਮਿਆਂ ਨਾਲ ਸੱਚੀ ਸੁੱਚੀ ਹਮਦਰਦੀ ਰੱਖਣ ਵਾਲੇ ਬੁੱਧੀਜੀਵੀਆਂ ਦੀ ਸ਼ਹਾਦਤ ਦਾ ਗਲਪੀ

ਬਿੰਬ ਮੂਰਤੀਮਾਨ ਕਰਦਾ ਹੋਇਆ ਦਰਸਾਉਂਦਾ ਹੈ ਕਿ ਉਹ ਲੋਕਾਂ ਨੂੰ ਨਿਆਂ ਦਿਵਾਉਣ ਵਾਸਤੇ ਆਪਣੀਆਂ ਜਾਨਾਂ ਉੱਤੇ ਖੇਡ ਗਏ ਪਰੰਤੂ ਖ਼ੁਦ ਵੀ ਰਾਜ ਸੱਤਾ ਦੇ ਅਨਿਆਂ ਦਾ ਸ਼ਿਕਾਰ ਹੋ ਗਏ। ਉਨ੍ਹਾਂ ਦੀ ਕੁਰਬਾਨੀ ਨਾਲ ਕਿਸੇ ਭਾਂਤ ਦੀ ਲੋਕ ਲਹਿਰ ਨਾ ਉਸਰ ਸਕੀ ਅਤੇ ਇਹ ਕੁਰਬਾਨੀ ਕੁਝ ਇਕ ਸੂਝ ਤੋਂ ਸੱਖਣੇ ਮਨੁੱਖਾਂ ਦੀ ਰੁਮਾਂਟਿਕ ਜਦੋ-ਜਹਿਦ ਬਣ ਕੇ ਰਹਿ ਗਈ।

ਨਾਵਲ ਦਾ ਬਿਰਤਾਂਤ ਪੰਜਾਬ ਸਰਕਾਰ ਵਲੋਂ ਰੋਪੜ ਦੇ ਇਲਾਕੇ ਵਿਚ ਭਾਰਤ ਦੇ ਇਕ ਸਿਰ ਕੱਢ ਧਨਵਾਨ ਨੂੰ 1500 ਏਕੜ ਦਾ ਫਾਰਮ ਪਟੇ ਉੱਤੇ ਦਿੱਤੇ ਜਾਣ ਨਾਲ ਬੱਝਦਾ ਹੈ। ਇਸ ਫਾਰਮ ਉਤੇ ਨੀਵੇਂ ਬੀਜ ਬੀਜੇ ਜਾਣੇ ਹਨ ਜਿਨ੍ਹਾਂ ਦੀ ਵਿਕਰੀ ਰਾਹੀਂ ਜਿੱਥੇ ਝਾੜ ਵਿਚ ਵਾਧਾ ਕਰਨ ਦੀ ਇੱਛਾ ਅਤੇ ਆਸ ਛਿਪੀ ਹੋਈ ਹੈ ਉੱਥੇ ਪੰਜਾਬ ਦੇ ਹਲਵਾਹਕਾਂ ਦੀ ਮਿਹਨਤ ਦੀ ਲੁੱਟ ਦਾ ਭਾਵ ਵੀ ਮੌਜੂਦ ਹੈ। ਪੰਜਾਬ ਵਿਚ ਸਰਮਾਏਦਾਰੀ ਭਾਂਤ ਦੀ ਖੇਤੀ ਦਾ ਵਿਕਾਸ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਪਿਛਲੇ ਅੱਧ ਵਿਚ ਬੱਝ ਗਿਆ ਸੀ। ਸਰਮਾਏਦਾਰੀ ਖੇਤੀ ਸਾਮੰਤੀ ਖੇਤੀ ਨਾਲੋਂ ਲੁੱਟ ਦੀ ਵਿਧੀ ਵਿਚ ਵੱਖਰੀ ਸੀ। ਇਹ ਵੱਡੇ ਵੱਡੇ ਫਾਰਮਾਂ ਤੇ ਮਸ਼ੀਨੀ ਖੇਤੀ ਕਰਨ ਦੀ ਨਵੀਂ ਵਿਧੀ ਸੀ ਜਿਸ ਉੱਤੇ ਦਿਹਾੜੀਦਾਰ ਕਾਮਿਆਂ ਨੇ ਮਸ਼ੀਨਾਂ ਰਾਹੀਂ ਵਾਹੁਣ, ਬੀਜਣ ਅਤੇ ਫਸਲਾਂ ਕੱਟਣ ਵਰਗੇ ਕਾਰਜ ਕਰਨੇ ਸਨ। ਇਸ ਤਰ੍ਹਾਂ ਉਹ ਪੁਰਾਣੀ ਭਾਂਤ ਦੇ ਮੁਜ਼ਾਰਿਆਂ, ਵਗਾਰੀਆਂ ਅਤੇ ਸੀਰੀਆਂ ਨਾਲੋਂ ਦਿਹਾੜੀਦਾਰਾਂ ਵਿਚ ਵੱਟ ਗਏ ਸਨ ਅਤੇ ਖੇਤੀਬਾੜੀ ਦਾ ਕਿੱਤਾ ਇਕ ਸਨਅਤ ਦਾ ਰੂਪ ਅਖ਼ਤਿਆਰ ਕਰ ਗਿਆ ਸੀ। ਸਰਮਾਏਦਾਰੀ ਸਨਅਤ ਮਨੁੱਖ ਨੂੰ ਮਸ਼ੀਨ ਦੇ ਇਕ ਬੇਜਾਨ ਕਲ-ਪੁਰਜ਼ੇ ਵਿਚ ਬਦਲ ਕੇ ਉਸ ਕੋਲੋਂ ਮਿਥੀ ਦਿਹਾੜੀ ਤੇ ਮਿਥੀ ਮਿਹਨਤ ਕਰਵਾਉਂਦੀ ਹੈ ਅਤੇ ਵਾਫ਼ਰ ਮਿਹਨਤ ਦੀ ਲੁੱਟ ਰਾਹੀਂ ਵੱਡੇ ਮੁਨਾਫੇ ਕਮਾਉਂਦੀ ਹੈ। ਲੋਕ ਪੱਖੀ ਬੁੱਧੀਜੀਵੀਆਂ ਨੂੰ ਇਹ ਸਥਿਤੀ ਕਿਸਾਨੀ ਨਾਲ ਅਨਿਆਂਕਾਰੀ ਪ੍ਰਤੀਤ ਹੁੰਦੀ ਹੈ ਜਿਸ ਦੇ ਵਿਰੁੱਧ ਬਗਾਵਤ ਲਈ ਉਹ ਕਿਸਾਨ ਦੀ ਜਥੇਬੰਦਕ ਲਹਿਰ ਦੀ ਉਸਾਰੀ ਕਰਨਾ

ਚਾਹੁੰਦੇ ਹਨ। ਕੰਵਲ ਨੂੰ ਉਨ੍ਹਾਂ ਦਾ ਇਹ ਮਨੋਰਥ ਨਿਆਂਮਈ ਲਗਦਾ ਸੀ ਜਿਸ ਕਰਕੇ ਉਹ ਸਾਰੇ ਨਾਵਲ ਵਿਚ ਇਸ ਲਹਿਰ ਦੇ ਮੋਢੀਆਂ ਨਾਲ ਹਮਦਰਦੀ ਰੱਖਦਾ ਹੋਇਆ ਉਨ੍ਹਾਂ ਨੂੰ ਸਿੱਖੀ ਦੇ ਖਾੜਕੂ ਵਿਰਸੇ ਰਾਹੀਂ ਪ੍ਰੇਰਿਤ ਕਰਕੇ ਸ਼ਹਾਦਤ ਲਈ ਤਿਆਰ ਕਰਦਾ ਹੈ। ਪਰੰਤੂ ਰਾਜ ਸੱਤਾ ਬਹੁਤ ਤਾਕਤਵਰ ਹੈ ਅਤੇ ਲੋਕ ਚੇਤਨਾ ਬਹੁਤ ਪਛੜੀ ਹੋਈ। ਸਿੱਟਾ ਨਾਕਾਮੀ ਵਿਚ ਨਿਕਲਦਾ ਹੈ। ਡਾ. ਕੇਸਰ ਸਿੰਘ ਨੇ ਆਪਣੇ ਇਕ ਲੇਖ ''**ਲਹੂ ਦੀ ਲੋਅ, ਜਜ਼ਬਾਤੀ ਸਮਾਜਵਾਦ**'' ਵਿਚ ਇਸ ਨਾਵਲ ਵਿਚ ਆਖ਼ਰੀ ਫ਼ਿਕਰੇ *'ਕੌਫੀ ਪੀ ਕੇ ਉਹ ਦੋਵੇਂ ਲੋਕਾਂ ਦੀ ਭੀੜ ਵਿਚ ਵੜ ਗਏ'*[21] ਦੇ ਵਿਸ਼ਲੇਸ਼ਣ ਰਾਹੀਂ ਉਕਤ ਧਾਰਨਾ ਉੱਤੇ ਪ੍ਰਕਾਸ਼ ਪਾਉਂਦਿਆਂ ਦੱਸਿਆ ਹੈ ਕਿ:

1. *ਇਸ ਲਹਿਰ ਵਿਚ ਕੌਫੀ ਪੀ ਕੇ ਲੋਕਾਂ ਦੀ ਭੀੜ ਵਿਚ ਵੜ ਜਾਣ ਵਾਲੇ ਮੱਧ ਵਰਗੀ ਜਹਿਨੀਅਤ ਦੇ ਸ਼ਿਕਾਰ ਹਨ।*
2. *ਲੋਕ ਚੇਤੰਨ ਜਥੇਬੰਦੀਆਂ ਵਿਚ ਬੱਝੇ ਹੋਣ ਦੀ ਬਜਾਏ ਨਿਰੀ ਭੀੜ ਸਨ।*
3. *ਇਹ ਭੀੜ ਧੁਰ ਤੋਂ ਤੁਰੀ ਆਉਂਦੀ ਰੀਤ ਦੀ ਗੁਲਾਮ ਸੀ।*
4. *ਇਨ੍ਹਾਂ ਨੂੰ ਨਿਆਂ ਵਾਸਤੇ ਤਿਆਰ ਕਰਨ ਲਈ ਲਗਾਤਾਰ ਉਪਰਾਲੇ ਕਰਨ ਦੀ ਜ਼ਰੂਰਤ ਸੀ।*

ਮੱਧ ਵਰਗੀ ਆਗੂ ਇਸ ਤਰ੍ਹਾਂ ਦੀ ਕੋਸ਼ਿਸ਼ ਕਰਨ ਵਾਸਤੇ ਭੀੜ ਵਿਚ ਵੜ੍ਹਦੇ ਹਨ ਜੋ ਕਿ ਕਿਸਾਨਾਂ ਅਤੇ ਕਾਮਿਆਂ ਦੇ ਭਵਿੱਖ ਮੁਖੀ ਸਾਰਥਕ ਕਾਰਜ ਦੀ ਪਸ਼ੀਨਗੋਈ ਪ੍ਰਤੀਤ ਹੁੰਦੀ ਹੈ।

1960 ਤੋਂ ਬਾਅਦ ਦੇ ਪੰਜਾਬੀ ਨਾਵਲ ਵਿਚ ਜਿਨ੍ਹਾਂ ਨਾਵਲਕਾਰਾਂ ਨੇ ਨਿਆਂ ਵਿਵਸਥਾ ਅਤੇ ਇਸ ਨਾਲ ਸੰਬੰਧਿਤ ਇਸ ਦੇ ਉਪ ਸਿਸਟਮਾਂ ਦੇ ਯਥਾਰਥ ਨੂੰ ਇੱਕ ਥੀਮ ਵਜੋਂ ਜਾਂ ਉਪ-ਥੀਮ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਉਨ੍ਹਾਂ ਵਿਚ ਗੁਰਦਿਆਲ ਸਿੰਘ ਉੱਘਾ ਨਾਵਲਕਾਰ ਹੈ। ਗੁਰਦਿਆਲ ਸਿੰਘ ਦੀ ਨਾਵਲੀ ਚੇਤਨਾ ਦੀ ਵਿਲੱਖਣਤਾ ਪੰਜਾਬੀ ਨਾਵਲ ਦੇ ਸੰਰਚਨਾਤਮਕ ਮਾਡਲ ਨੂੰ ਇੱਕ ਨਵੀਂ ਦਿਸ਼ਾ

ਦੇਣ ਵਿੱਚ ਵੀ ਹੈ। ਗੁਰਦਿਆਲ ਸਿੰਘ ਤੋਂ ਪਹਿਲਾਂ ਨਾਵਲ ਉਦੇਸ਼ਮੁਖੀ ਹੈ ਅਤੇ ਆਪਣੇ ਇਸ ਉਦੇਸ਼ ਦੀ ਸਥਾਪਤੀ ਇਸ ਵਿਚਲੇ ਨਾਇਕਾਂ ਦੇ ਸਿਰਜਣ ਰਾਹੀਂ ਕਰਵਾਉਂਦਾ ਹੈ ਤਾਂ ਗੁਰਦਿਆਲ ਸਿੰਘ ਦਾ ਨਾਵਲ ਇਸ ਪੱਖੋਂ ਨਾਇਕ ਦਾ ਵਿੱਗਠਨ ਕਰਦਾ ਹੈ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਸਾਧਾਰਨ ਮਨੁੱਖ ਆਪਣੀ ਜਾਤੀ ਜਮਾਤੀ ਸਮਾਜਕ ਸਭਿਆਚਾਰਕ ਸਥਿਤੀ ਦੇ ਪ੍ਰਸੰਗ ਵਿਚ ਤਨਾਉ/ਤ੍ਰਾਸਦੀ ਹੰਢਾਉਂਦਾ ਹੈ, ਕਿਉਂਕਿ ਇਹ ਸਾਧਾਰਨ ਮਨੁੱਖ ਸਾਡੀ ਜਾਤੀ-ਜਮਾਤੀ ਸੰਸਕ੍ਰਿਤੀ ਦੇ ਉਸ ਭਾਵ/ਵਿਚਾਰ ਪ੍ਰਬੰਧ ਦੇ ਚਾਬੇ ਵਿਚ ਹੀ ਨਹੀਂ ਸਗੋਂ ਉਸ ਨੂੰ ਸਮਝਣ ਤੋਂ ਵੀ ਅਸਮਰੱਥ ਹੈ। ਫਲਸਰੂਪ ਅਜਿਹੀ ਵਸਤੂ-ਸਥਿਤੀ ਉਸ ਨੂੰ 'ਅਣਹੋਏ' ਜਾਂ 'ਅਣਗੌਲੇ' ਰੂਪ ਵਿਚ ਬਣਾਈ ਰੱਖਣ ਲਈ ਉਸ ਉੱਤੇ ਭਾਰੂ ਹੈ। ਇਉਂ ਗੁਰਦਿਆਲ ਸਿੰਘ ਆਪਣੇ ਪੂਰਵਲੇ ਪੰਜਾਬੀ ਨਾਵਲ ਦੀ ਸਮੱਸਿਆ ਤੋਂ ਸਮਾਧਾਨ ਵਾਲੀ ਸੁਖਾਂਤ-ਦ੍ਰਿਸ਼ਟੀ ਦੇ ਸੰਰਚਨਾਤਮਕ ਮਾਡਲ ਦੀ ਸਮੱਸਿਆ ਤੋਂ ਸਮੱਸਿਆ ਤਕ ਦੀ ਦੁਖਾਂਤ ਦ੍ਰਿਸ਼ਟੀ ਵਾਲੇ ਨਵੇਂ ਸੰਰਚਨਾਤਮਕ ਮਾਡਲ ਵਾਲੇ ਨਾਵਲ ਦੀ ਸ਼ੁਰੂਆਤ ਕਰਦਾ ਹੈ। ਇਸੇ ਲਈ ਡਾ. ਜੋਗਿੰਦਰ ਸਿੰਘ ਰਾਹੀ ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਗੱਲ ਕਰਦਾ ਲਿਖਦਾ ਹੈ ਕਿ ਉਸ ਦੇ ਪਹਿਲੇ ਨਾਵਲ ਨਾਲ ਹੀ *''ਪੰਜਾਬੀ ਨਾਵਲ ਆਪਣਾ ਆਸਣ ਬਦਲਦਾ ਹੈ।''*[22]

ਨਿਆਂ ਦੇ ਪ੍ਰਸੰਗ ਵਿਚ ਵੇਖਿਆ ਉਸ ਦੇ ਤਿੰਨ **ਨਾਵਲ ਅਣਹੋਏ, ਅੱਧ ਚਾਨਣੀ ਰਾਤ** ਅਤੇ **ਆਹਣ** ਹਨ ਜਿਹੜੇ ਇਸ ਪ੍ਰਬੰਧ ਦੇ ਯਥਾਰਥ ਦੇ ਵਿਭਿੰਨ ਪੱਖਾਂ ਨੂੰ ਪੇਸ਼ ਕਰਦੇ ਹਨ। ਉਸ ਦੀ ਨਿਆਂ ਸਬੰਧੀ ਬਿਰਤਾਂਤਕਾਰੀ ਦੀ ਵਸਤ ਦਾ ਸਮਾਂ ਬਰਤਾਨਵੀ ਸਾਮਰਾਜ ਅਤੇ ਇਸ ਦੇ ਪਿੱਠ ਰਿਆਸਤੀ ਸਮੇਂ ਦੇ ਸ਼ਾਸ਼ਕਾਂ ਨਾਲ ਸੰਬੰਧਿਤ ਹਨ। 'ਅੱਧ ਚਾਨਣੀ ਰਾਤ' ਨਾਵਲ ਦਾ ਆਰੰਭ .... ਕੇਂਦਰੀ ਪਾਤਰ ਮੋਦਨ ਦੇ ਕਤਲ ਕੇਸ ਵਿਚ 14 ਸਾਲ ਦੀ ਸਜ਼ਾ ਭੁਗਤਣ ਤੋਂ ਬਾਅਦ ਜੇਲ ਵਿਚੋਂ ਰਿਹਾਅ ਹੋਣ ਨਾਲ ਹੁੰਦਾ ਹੈ। ਇਸ ਨਾਵਲ ਵਿੱਚ ਭਾਵੇਂ ਨਿਆਂ ਪ੍ਰਣਾਲੀ ਅਤੇ

ਇਸ ਦੀ ਸਮੁੱਚੀ ਪ੍ਰਕਿਰਿਆ ਦਾ ਵਿਸਤਰਿਤ ਵਿਵਰਣ ਤਾਂ ਨਹੀਂ ਪੇਸ਼ ਕੀਤਾ ਗਿਆ ਪਰੰਤੂ ਸੰਕੇਤ ਰੂਪ ਵਿਚ ਇਸ ਪ੍ਰਣਾਲੀ ਦੀ ਮੁੱਢਲੀ ਉਪ-ਸੰਸਥਾ ਜਿਹੜੀ ਕਿਸੇ ਜ਼ੁਰਮ ਦੀ ਤਫ਼ਤੀਸ਼ ਨਾਲ ਜੁੜੀ ਹੈ ਉਸ ਦਾ ਸੁਭਾਅ ਨਿਸ਼ਚਿਤ ਰੂਪ ਵਿਚ ਪ੍ਰਗਟ ਕਰਦੀ ਹੈ। ਇਹ ਕਾਰਜ ਪੁਲਿਸ ਨੇ ਨਿਭਾਉਣਾ ਹੁੰਦਾ ਹੈ। ਪੁਲਿਸ ਦਾ ਬੁਨਿਆਦੀ ਸੁਭਾਅ ਜਿਹੜਾ ਇਸ ਨਾਵਲ ਰਾਹੀਂ ਪ੍ਰਤੀਬਿੰਬਤ ਹੁੰਦਾ ਹੈ ਉਹ ਜ਼ੁਰਮ ਦੇ ਤੱਥਾਂ ਦੀ ਤਫ਼ਤੀਸ਼ ਦਾ ਨਹੀਂ ਸਗੋਂ ਪੈਸੇ ਦਾ ਰਾਜਸੀ ਪ੍ਰਭਾਵ ਦੁਆਰਾ ਪ੍ਰਭਾਵਿਤ ਹੋ ਕੇ ਇਨ੍ਹਾਂ ਤੱਥਾਂ ਨੂੰ ਤੋੜ-ਮਰੋੜ ਕੇ ਇਸ ਤਰ੍ਹਾਂ ਵਰਤਣ ਦਾ ਹੈ ਜਿਹੜਾ ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਬਣਾਉਂਦਾ ਹੈ। ਮੋਦਨ ਦਾ ਪਿਓ ਪਾਲਾ ਇੱਕ ਬਹੁਤ ਹੀ ਸਾਫ਼ ਦਿਲ ਤੇ ਸੱਚਾਈ 'ਤੇ ਪਹਿਰਾ ਦੇਣ ਵਾਲਾ ਇਨਸਾਨ ਸੀ ਜਿਸ ਕਰਕੇ ਪਿੰਡ ਦੇ ਹਰ ਮਸਲੇ ਵਿਚ ਉਸ ਦੀ ਰਾਇ ਮੰਨੀ ਜਾਂਦੀ ਹੈ। ਇਸ ਪਿੰਡ ਵਿੱਚ ਇੱਕ ਹੋਰ ਘਣੇਦਿਆਂ ਦਾ ਕਿਰਸਾਨੀ ਪਰਿਵਾਰ ਹੈ ਜਿਹੜਾ ਮੋਦਨ ਦੇ ਪਿਓ ਦੇ ਅਜਿਹੇ ਸੁਭਾਅ ਨੂੰ ਪਸੰਦ ਨਹੀਂ ਕਰਦਾ। ਮੋਦਨ ਦੇ ਪਰਿਵਾਰ ਅਤੇ ਘਣੇ ਨੰਬਰਦਾਰ ਦੇ ਪਰਿਵਾਰ ਵਿਚਕਾਰ ਟਕਰਾਉ ਦਾ ਮੂਲ ਕਾਰਣ ਵੱਖਰੇ ਵੱਖਰੇ ਜਾਇਦਾਦੀ ਮੁੱਲ ਵੀ ਹਨ। ਘਣਾ ਨੰਬਰਦਾਰ ਦੇ ਵੰਡਦਿਆਂ ਨੇ ਆਪਣੇ ਨਾਨਕਿਆਂ ਦੀ ਜ਼ਮੀਨ ਉਤੇ ਬੈਠੇ ...... ਇਕ ਵਡੇਰੇ ਦੀ ਜਾਇਦਾਦ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਮੋਦਨ ਦੇ ਇਕ ਵਡੇਰੇ ਨੇ ਭਰੀ ਪੰਚਾਇਤ ਵਿਚ ਇਨ੍ਹਾਂ ਦੀ ਚੰਗੀ ਲਾਹਪਾਹ ਕੀਤੀ ਅਤੇ ਫੈਸਲਾ ਪ੍ਰਚਲਿਤ ਮੁੱਲ ਵਿਧਾਨ ਅਨੁਸਾਰ ਅਸਲੀ ਵਾਰਸਾਂ ਦੇ ਹੱਕ ਵਿਚ ਕਰ ਦਿੱਤਾ। ਇਹ ਇਨ੍ਹਾਂ ਦੋਹਾਂ ਪਰਿਵਾਰਾਂ ਵਿਚ ਆਪਸੀ ਵਿਰੋਧ ਦੇ ਕਾਰਨ ਨਿਜੀ ਜਾਇਦਾਦ ਬਣਾਉਣ ਦੀ ਲਾਲਸਾ ਕਰਕੇ ਸਨ। ਇਹ ਵਿਰੋਧ ਉਦੋਂ ਹੋਰ ਤੇਜ਼ ਹੋ ਗਿਆ ਜਦੋਂ ਪਿੰਡ ਦੇ ਇਕ ਹੋਰ ਮਸਲੇ ਵਿਚ ਮੋਦਨ ਦੇ ਪਿਉ ਪਾਲੇ ਨੇ ਘਣੇ ਨੰਬਰਦਾਰ ਦੇ ਵਿਰੁੱਧ ਫੈਸਲਾ ਦਿੱਤਾ ਜਿਸ ਨੂੰ ਨੰਬਰਦਾਰ ਬਰਦਾਸ਼ਤ ਨਹੀਂ ਕਰਦਾ। ਇਹ ਨੰਬਰਦਾਰ ਖਾਂਦੇ-ਪੀਂਦੇ ਜਿਮੀਦਾਰਾਂ ਵਿਚੋਂ ਹੈ। ਦੂਜੇ ਇਸ ਦਾ ਸਰਕਾਰੀ

ਦਰਬਾਰੇ ਵੀ ਜੋੜ-ਤੋੜ ਹੈ। ਪਿੰਡ ਅਤੇ ਇਲਾਕੇ ਦੇ ਮਸਲਿਆਂ ਵਿਚ ਉਹ ਲੋਕਾਂ ਦੇ ਕੰਮ ਕਰਵਾਉਣ ਲਈ ਪੁਲਿਸ ਆਦਿ ਨੂੰ ਪੈਸੇ ਦੇਣ ਦੀ ਵਿਚੋਲਗੀਰੀ ਵੀ ਕਰਦਾ ਸੀ। ਇਸ ਕਰਕੇ ਉਹ ਮੋਦਨ ਦੇ ਪਿਓ ਤੋਂ ਆਪਣੀ ਪਿੰਡ ਵਿਚ ਹੋਈ ਬੇਇੱਜਤੀ ਦਾ ਬਦਲਾ ਲੈਣ ਲਈ ਉਸ ਉੱਤੇ ਅਫ਼ੀਮ ਦਾ ਝੂਠਾ ਕੇਸ ਪੁਆ ਦਿੰਦਾ ਹੈ। ਮੋਦਨ ਦੇ ਪਿਓ ਨੂੰ ਇਸ ਝੂਠੇ ਕਸ ਵਿਚ ਸਜ਼ਾ ਹੋ ਜਾਂਦੀ ਹੈ। ਉਹ ਇਸ ਬਦਨਾਮੀ ਨੂੰ ਨਾ ਸਹਿੰਦਾ ਹੋਇਆ ਰੱਬ ਨੂੰ ਪਿਆਰਾ ਹੋ ਜਾਂਦਾ ਹੈ। ਮੋਦਨ ਘਰ ਦੇ ਵਿਚ ਵੱਡਾ ਹੋਣ ਕਾਰਨ ਆਪਣੇ ਪਿਓ ਦਾ ਬਦਲਾ ਲੈਣ ਨੂੰ ਆਪਣਾ ਫ਼ਰਜ਼ ਸਮਝਦਾ ਹੈ, ਕੁਝ ਆਪਣੀ ਇੱਜ਼ਤ ਕਰਕੇ ਅਤੇ ਕੁਝ ਲੋਕਾਂ ਵੱਲੋਂ ਚੁੱਕ ਚੁਕਾਈ ਜਾਂ ਤਾਹਨੇ ਮਿਹਣੇ ਸੁਨਣ ਕਰਕੇ ਉਹ ਇਕ ਦਿਨ ਨੰਬਰਦਾਰ ਦਾ ਕਤਲ ਕਰ ਦਿੰਦਾ ਹੈ। ਘਰ ਦੀ ਆਰਥਿਕ ਹਾਲਤ ਜ਼ਿਆਦਾ ਚੰਗੀ ਨਾ ਹੋਣ ਕਰਕੇ ਦੂਜੇ ਨਿਆਂ ਪ੍ਰਬੰਧ ਵਿੱਚ ਪੈਦਾ ਹੋ ਚੁਕੀ ਗਿਰਾਵਟ ਤੇ ਭ੍ਰਿਸ਼ਟਤਾ ਦੇ ਹੁੰਦੇ ਆਪਣੇ ਆਪ ਨੂੰ ਬਚਾਅ ਨਹੀਂ ਸਕਦਾ। ਫ਼ਲਸਰੂਪ ਉਸ ਨੂੰ 14 ਸਾਲ ਦੀ ਸਜ਼ਾ ਕੱਟਣੀ ਪੈਂਦੀ ਹੈ।

ਜਿਵੇਂ ਅਸੀਂ ਪਹਿਲਾਂ ਕਿਹਾ ਹੈ ਕਿ ਇਹ ਨਾਵਲ ਸਾਡੀ ਨਿਆਂ ਵਿਵਸਥਾ ਦੇ ਵਿਆਪਕ ਬਿੰਬ ਦੀ ਸਿਰਜਣਾ ਤਾਂ ਭਾਵੇਂ ਨਹੀਂ ਕਰਦਾ ਪਰੰਤੂ ਸੰਕੇਤ ਰੂਪ ਵਿਚ ਇਸ ਪ੍ਰਬੰਧ ਦੇ ਸੁਭਾਅ ਦਾ ਜਿਹੜਾ ਪੱਖ ਇਸ ਨਾਵਲ ਵਿਚੋਂ ਪ੍ਰਤੀਬਿੰਬਤ ਹੁੰਦਾ ਹੈ ਉਹ ਇਹ ਹੈ ਕਿ ਗ਼ਰੀਬ ਵਿਅਕਤੀ ਇਸ ਪ੍ਰਬੰਧ ਕੋਲੋਂ ਇਨਸਾਫ਼ ਦੀ ਮੰਗ ਨਹੀਂ ਕਰ ਸਕਦਾ। ਇਹੀ ਨਹੀਂ ਗੁਰਦਿਆਲ ਸਿੰਘ ਇਸ ਨਾਵਲ ਰਾਹੀਂ ਇਹ ਵੀ ਦਰਸਾਉਂਦਾ ਹੈ ਕਿ ਸਾਧਾਰਨ ਬੰਦਾ ਆਪਣੀ ਇੱਜ਼ਤ-ਅਣਖ ਲਈ ਜੇ ਕੋਈ ਗੁਨਾਹ ਕਰ ਵੀ ਬੈਠਦਾ ਹੈ ਤਾਂ ਇਹ ਵਿਵਸਥਾ ਉਸ ਨੂੰ ਆਰਥਿਕ ਤੌਰ ਉੱਤੇ ਇਸ ਹੱਦ ਤੱਕ ਤੋੜ ਦਿੰਦੀ ਹੈ ਜਿੱਥੇ ਬੰਦਾ ਆਪਣੇ ਸਮਾਜਿਕ ਰਿਸ਼ਤਿਆਂ ਨੂੰ ਹੀ ਨਹੀਂ ਗੁਆਉਂਦਾ ਸਗੋਂ ਉਸ ਦਾ ਭੁਗਤਾਨ ਉਸ ਨੂੰ ਜੀਵਨ ਦੀਆਂ ਹੋਰ ਬਹੁਤ ਸਾਰੀਆਂ ਦੁਸ਼ਵਾਰੀਆਂ ਰਾਹੀਂ ਵੀ ਕਰਨਾ ਪੈਂਦਾ ਹੈ।

ਅਣਹੋਏ ਨਾਵਲ ਦਾ ਕੇਂਦਰੀ ਪਾਤਰ ਬਿਸ਼ਨਾ ਹੈ। ਨਾਵਲ ਦੀ ਸ਼ੁਰੂਆਤ ਬਿਸ਼ਨੇ ਦੁਆਰਾ ਕਾਨੂੰਨੀ ਤੌਰ 'ਤੇ ਰਜਿਸਟਰ ਹੋਏ ਮਕਾਨ ਨੂੰ ਕਾਨੂੰਨ ਦੀ ਮੱਦਦ ਰਾਹੀਂ ਹੀ ਧੋਹੇ ਜਾਣ ਤੋਂ ਹੁੰਦੀ ਹੈ। ਬਿਸਨੇ ਨੇ ਬੁੱਕ ਰੁਪਇਆ ਦਾ ਦੇ ਕੇ ਇਹ ਮਕਾਨ ਖਰੀਦਿਆ ਸੀ ਅਤੇ ਅਦਾਲਤ ਨੇ ਇਸ ਮਕਾਨ ਦੀ ਰਜਿਸਟਰੀ ਕਾਨੂੰਨੀ ਤੌਰ 'ਤੇ ਬਿਸ਼ਨੇ ਦੇ ਨਾਂ ਕੀਤੀ ਹੈ ਪਰੰਤੂ ਅੰਗਰੇਜ਼ੀ ਸਾਮਰਾਜੀ ਦੀ ਪਿੱਠ ਰਿਆਸਤੀ ਸਰਕਾਰ ਇਹ ਕਹਿ ਕੇ ਉਸ ਦਾ ਮਕਾਨ ਖੋਹਣ ਦੀ ਕੋਸ਼ਿਸ਼ ਕਰਦੀ ਹੈ ਕਿ ਇਹ ਤਾਂ ਮੰਡੀ ਦੀ ਤਰੱਕੀ ਲਈ ਚਾਹੀਦਾ ਹੈ। ਭਾਵੇਂ ਉਹ ਇਸ ਬਦਲੇ ਬਿਸ਼ਨੇ ਨੂੰ ਮੁਆਵਜਾ ਦੇਣ ਲਈ ਤਿਆਰ ਹਨ ਪਰੰਤੂ ਬਿਸ਼ਨੇ ਨੂੰ ਇਹ ਗੱਲ ਪਰਵਾਨ ਨਹੀਂ। ਬਿਸ਼ਨਾ ਜਬਰਨ ਘਰ 'ਤੇ ਕਬਜ਼ਾ ਕਰਨ ਆਈ ਪੁਲਿਸ ਦਾ ਵਿਰੋਧ ਕਰਦਾ ਹੈ ਜਿਸ ਕਰਕੇ ਉਸ ਉੱਤੇ ਅਤੇ ਉਸ ਦੇ ਭਰਾ ਉੱਤੇ ਮੁਕੱਦਮਾ ਦਰਜ ਹੋ ਜਾਂਦਾ ਹੈ ਅਤੇ ਦੋਹਾਂ ਭਰਾਵਾਂ ਨੂੰ ਤਿੰਨ-ਤਿੰਨ ਮਹੀਨੇ ਦੀ ਕੈਦ ਅਤੇ 100-100 ਰੁਪਏ ਜੁਰਮਾਨ ਦੀ ਸਜ਼ਾ ਹੁੰਦੀ ਹੈ। ਇਸ ਨਾਵਲ ਦੀ ਇੱਕ ਉਪ ਕਥਾ ਵੀ ਹੈ ਜਿਸ ਵਿਚ ਕਾਨੂੰਨ ਬਿਸ਼ਨੇ ਦੀ ਲੋੜ ਨੂੰ ਸਾਹਮਣੇ ਰੱਖ ਕੇ ਫੈਸਲਾ ਨਹੀਂ ਕਰਦਾ ਸਗੋਂ ਸੇਠ ਦਾ ਪੱਖ ਪੂਰਦਾ ਹੈ। ਡਾ. ਟੀ.ਆਰ. ਵਿਨੋਦ ਇਸ ਨਾਵਲ ਵਿੱਚ ਪੇਸ਼ ਪਾਤਰ ਬਿਸ਼ਨੇ ਦੀ ਸਥਿਤੀ ਦੇ ਪ੍ਰਸੰਗ ਵਿਚ ਕਾਨੂੰਨ ਤੇ ਨਿਆਂ ਬਾਰੇ ਆਪਣਾ ਪੱਖ ਪੇਸ਼ ਕਰਦਾ ਹੋਇਆ ਲਿਖਦਾ ਹੈ:

> *ਕਾਨੂੰਨ ਆਪਣੇ ਸਿਰਜਨਾ ਦਾ ਪੱਖ ਪੂਰ ਗਿਆ ਹੈ। ਇਹ ਕਾਨੂੰਨ ਸਰਮਾਏਦਾਰੀ ਨਿਜ਼ਾਮ ਦਾ ਕਾਨੂੰਨ ਹੈ ਜਿਹੜਾ ਨਿੱਜੀ ਜਾਇਦਾਦ ਦਾ ਹੱਕ ਦਿੰਦਾ ਹੈ ਪਰ ਜਦੋਂ ਰਾਜ ਨੂੰ ਇਹ ਹੱਕ ਖੋਹਣ ਦੀ ਲੋੜ ਪੈਂਦੀ ਹੈ ਤਾਂ ਇਹੀ ਕਾਨੂੰਨ ਆਪਣੀ ਸੰਘੀ ਆਪਣੇ ਹੱਥਾਂ ਨਾਲ ਘੁੱਟ ਦਿੰਦਾ ਹੈ। ਪੈਸੇ ਦਾ ਰਾਜ ਕਹਿੰਦਾ ਇਹੀ ਹੈ ਕਿ ਉਸ ਦਾ ਕਾਨੂੰਨ ਕਿਸੇ*

*ਵੀ ਕਿਸਮ ਦੇ ਪੱਖਪਾਤ ਤੋਂ ਉੱਪਰ ਨਿਰੋਲ ਇਨਸਾਫ਼ ਦੀਆਂ ਨੀਹਾਂ ਉੱਤੇ ਖਲੋਤਾ ਹੈ।*[23]

ਇਸ ਤਰ੍ਹਾਂ ਗੁਰਦਿਆਲ ਸਿੰਘ ਬਰਤਾਨਵੀ ਸਾਮਰਾਜ ਦੌਰਾਨ ਸਰਮਾਏਦਾਰੀ ਨਿਜਾਮ ਦੇ ਉਸ ਨਿਆਂ ਪ੍ਰਬੰਧ ਦੇ ਅਜਿਹੇ ਅਮਾਨਵੀ ਤੇ ਭ੍ਰਿਸ਼ਟ ਵਿਹਾਰ ਨੂੰ ਇਸ ਨਾਵਲ ਰਾਹੀਂ ਪ੍ਰਸਤੁਤ ਕਰਨ ਦਾ ਯਤਨ ਕਰਦਾ ਹੈ।

ਗੁਰਦਿਆਲ ਸਿੰਘ ਦਾ ਤੀਸਰਾ ਨਾਵਲ 'ਆਹਣ' ਵੀ ਬਰਤਾਨਵੀ ਸਮੇਂ ਦੌਰਾਨ ਦੇ ਰਿਆਸਤੀ ਸਮਿਆਂ ਨਾਲ ਸੰਬੰਧਿਤ ਹੈ। ਰਿਆਸਤਾਂ ਦੌਰਾਨ ਜ਼ਮੀਨ ਦੇ ਹੱਕ-ਹਕੂਕ ਭਾਵੇਂ ਨਿਜੀ ਤੌਰ 'ਤੇ ਲੋਕਾਂ ਨੂੰ ਮਿਲ ਗਏ ਸਨ ਪਰੰਤੂ ਇਸ ਦੇ ਇਵਜਾਨੇ ਵਿੱਚ ਜੋ ਕਰ ਦੇ ਰੂਪ ਵਿੱਚ ਇਹਨਾਂ ਕਿਰਸਾਨਾਂ ਨੂੰ ਹਰ ਛਿਮਾਹੀ ਦੇਣਾ ਪੈਂਦਾ ਸੀ ਉਹ ਫ਼ਸਲ ਦੇ ਉਤਪਾਦਨ ਨਾਲੋਂ ਕਿਤੇ ਜ਼ਿਆਦਾ ਸੀ ਕਿਉਂਕਿ ਉਸ ਸਮੇਂ ਦੀ ਪੂਰੀ ਕਿਰਸਾਨੀ ਦਾ ਦਾਰੋਮਦਾਰ ਕੁਦਰਤ ਉੱਤੇ ਸੀ, ਔੜ ਜਾਂ ਹੋਰ ਕੁਦਰਤੀ ਆਫਤਾਂ ਆਉਣ ਨਾਲ ਜੇ ਫ਼ਸਲ ਤਬਾਹ ਹੋ ਜਾਂਦੀ ਸੀ ਤਾਂ ਉਸ ਸਮੇਂ ਦੀ ਸਰਕਾਰ ਤੇ ਦਰਬਾਰ ਨਾਲ ਇਸ ਦਾ ਕੋਈ ਸੰਬੰਧ ਨਹੀਂ ਸੀ। 'ਆਹਣ' ਸ਼ਬਦ ਦਾ ਅਰਥ 'ਟਿੱਡੀ ਦਲ' ਤੋਂ ਹੈ। ਗੁਰਦਿਆਲ ਸਿੰਘ ਨੇ ਇਸ ਨੂੰ ਦੋ ਅਰਥਾਂ ਵਿੱਚ ਵਰਤਿਆ ਹੈ ਇੱਕ ਅਵਿਧਾ ਰੂਪ ਵਿੱਚ ਜਦੋਂ ਅਜਿਹਾ ਟਿੱਡੀ ਦਲ ਫਸਲਾਂ 'ਤੇ ਹਮਲਾ ਕਰਦਾ ਸੀ ਤਾਂ ਫਸਲਾਂ ਪੂਰੀ ਤਰ੍ਹਾਂ ਨਾਲ ਤਬਾਹ ਹੋ ਜਾਂਦੀਆਂ ਸਨ। ਬੰਦਿਆਂ ਤੇ ਪਸ਼ੂਆਂ ਦੇ ਖਾਣ ਲਈ ਕੁਝ ਵੀ ਨਹੀਂ ਸੀ ਬਚਦਾ। ਅਜਿਹਾ ਟਿੱਡੀ ਦਲ ਇਸ ਨਾਵਲ ਵਿਚ ਸਿਰਜੇ ਪਿੰਡ ਕਰਮਗੜ੍ਹ ਉੱਤੇ ਹਮਲਾ ਕਰਦਾ ਹੈ ਜਿਸ ਕਰਕੇ ਉਸ ਪਿੰਡ ਅਤੇ ਇਲਾਕੇ ਦੀਆਂ ਫਸਲਾਂ ਪੂਰੀ ਤਰ੍ਹਾਂ ਚੱਟੀਆਂ ਜਾਂਦੀਆਂ ਸਨ। ਇਸ ਪਿੰਡ ਨਾਲ ਵੀ ਇਹ ਭਾਣਾ ਵਰਤਿਆ। ਰਿਆਸਤੀ ਸ਼ਾਸਕਾਂ ਨੇ ਕਿਰਸਾਨੀ ਦੀ ਮੱਦਦ ਕਰਨ ਦੀ ਥਾਂ ਆਪਣਾ ਮਾਮਲਾ ਵਸੂਲ ਕਰਨ ਨੂੰ ਆਪਣਾ ਬੁਨਿਆਦੀ ਸੁਭਾਅ ਬਣਾ ਲਿਆ ਸਿੱਟੇ ਵਜੋਂ ਪਿੰਡ ਅਤੇ ਰਾਜ ਵਿਚ ਵਿਰੋਧ ਪੈਦਾ ਹੋ

ਗਿਆ। ਅੰਤਾਂ ਦੇ ਦਬਾਅ, ਜ਼ੁਲਮ ਅਤੇ ਸਜ਼ਾਵਾਂ ਰਾਹੀਂ ਇਸ ਪਿੰਡ ਨੂੰ ਤਬਾਹ ਹੀ ਨਹੀਂ ਕੀਤਾ ਗਿਆ ਸਗੋਂ ਜਾਨੀ ਪੱਧਰ 'ਤੇ ਵਿਅਕਤੀਆਂ ਨੂੰ ਕੋਹ–ਕੋਹ ਕੇ ਮਾਰਿਆ ਗਿਆ। ਸੱਤਾ ਵੱਲੋਂ ਇਸ ਸਾਰੀ ਗ਼ੈਰਕਾਨੂੰਨੀ ਕਾਰਵਾਈ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸੱਤਾ ਜਿਹੜੀ Rule of law ਦੀ ਗੱਲ ਕਰਦੀ ਹੈ ਅਤੇ ਸਾਰਿਆਂ ਨੂੰ ਨਿਰਪੱਖ ਰੂਪ ਵਿਚ ਇਹ ਪ੍ਰਦਾਨ ਕਰਨ ਦਾ ਭਰਮ ਪਾਲਦੀ ਹੈ, ਅਸਲ ਵਿਚ ਉਹੀ ਸੱਤਾ ਇਸੇ Rule of Law ਨੂੰ ਉਹਨਾਂ ਲੋਕਾਂ ਦੇ ਵਿਰੁੱਧ ਹੀ ਵਰਤਦੀ ਹੈ। ਇਉਂ ਇਹ 'ਆਹਣ' ਕੁਦਰਤੀ ਆਫ਼ਤ ਹੀ ਨਹੀਂ ਸਗੋਂ 'ਸੱਤਾ' ਦੀ ਆਹਣ ਇਸ ਕੁਦਰਤੀ ਆਫ਼ਤ ਤੋਂ ਵੀ ਵਧ ਖਤਰਨਾਕ ਹੈ।

ਇਉਂ ਗੁਰਦਿਆਲ ਸਿੰਘ ਨੇ ਆਪਣੇ ਇਹਨਾਂ ਤਿੰਨਾਂ ਨਾਵਲਾਂ ਰਾਹੀਂ ਨਿਆਂ ਪ੍ਰਣਾਲੀ ਅਤੇ ਇਸ ਨਾਲ ਸੰਬੰਧਿਤ ਇਸ ਦੇ ਉਪ ਅੰਗਾਂ ਦੇ ਕਰੂਰ ਅਤੇ ਕਰੂਪ ਯਥਾਰਥ ਨੂੰ ਭਾਵੇਂ ਭਰਵੇਂ ਰੂਪ ਵਿਚ ਤਾਂ ਪੇਸ਼ ਨਹੀਂ ਕੀਤਾ ਪਰੰਤੂ ਉਸ ਦੁਆਰਾ ਕੀਤੀ ਸੰਕੇਤਕ ਬਿਰਤਾਂਤਕਾਰੀ ਇਸ ਗੱਲ ਨੂੰ ਸਪੱਸ਼ਟ ਕਰਦੀ ਹੈ ਕਿ ਸਾਮਰਾਜੀ ਤੇ ਸਰਮਾਏਦਾਰੀ ਵਿਵਸਥਾਵਾਂ ਵਿੱਚ ਕਾਨੂੰਨ ਹਮੇਸ਼ਾ ਸੱਤਾ, ਪੈਸੇ ਤੇ ਤਾਕਤ ਵਾਲਿਆਂ ਦਾ ਹੀ ਹੱਥ ਠੋਕਵਾਂ ਹਥਿਆਰ ਬਣਦਾ ਹੈ ਭਾਵੇਂ ਰਾਜ ਤੇ ਸੱਤਾ Rule of Law ਦੇ ਯਤਨ ਕਰਦੀ ਹੈ, ਪਰੰਤੂ ਵਾਸਤਵ ਰੂਪ ਵਿਚ ਸਾਧਾਰਨ ਬੰਦੇ ਨੂੰ ਘੱਟ ਹੀ ਇਨਸਾਫ਼ ਮਿਲਦਾ ਹੈ।

ਗੁਰਦਿਆਲ ਸਿੰਘ ਤੋਂ ਬਾਅਦ ਨਿਆਂ ਪ੍ਰਣਾਲੀ ਨੂੰ ਇਕ ਸੰਪੂਰਨ ਸਮਾਜਿਕ ਸਿਸਟਮ ਵਜੋਂ ਪੰਜਾਬੀ ਨਾਵਲ ਵਿਚ ਕੇਂਦਰੀ ਥੀਮ ਵਜੋਂ ਭਾਵੇਂ ਕਿਸੇ ਵੀ ਨਾਵਲਕਾਰ ਨੂੰ ਨਹੀਂ ਲਿਆ ਪਰੰਤੂ ਇਸ ਦੇ ਤਫ਼ਤੀਸ਼ੀ ਅਥਵਾ ਪੁਲਿਸ ਸਿਸਟਮ ਜਿਹੜੀ ਸੱਤਾ ਦੇ ਇਕ ਜੋਰਾਵਰੀ ਪ੍ਰਬੰਧ Oppressive ਵਜੋਂ ਕਾਰਜ ਨਿਭਾਉਂਦੀ ਹੈ ਉਸਦੇ ਤਸ਼ੱਦਦ ਅਤੇ ਕਰੂਪ ਚਿਹਰੇ ਦਾ ਪਰਦਾ ਪੰਜਾਬੀ ਦੇ ਅਨੇਕ ਨਾਵਲਾਂ ਵਿਚ ਹੋਇਆ ਹੈ। ਪੰਜਾਬ ਸਮੱਸਿਆ ਨਾਲ ਸੰਬੰਧਿਤ ਲੱਗਭਗ ਸਾਰੇ ਨਾਵਲਾਂ ਵਿਚ ਪੁਲਿਸ ਰਾਜ ਸੱਤਾ

ਦੇ ਇਕ ਜ਼ੋਰਾਵਰੀ ਯੋਗ ਵਜੋਂ ਕਾਰਜ ਕਰਦੀ ਹੋਈ ਤੱਥ ਆਧਾਰਿਤ ਤਫ਼ਤੀਸ਼ ਨਹੀਂ ਕਰਦੀ ਸਗੋਂ ਅਨੇਕਾਂ ਬੇਕਲਸ ਸਾਧਾਰਨ ਮੁੰਡਿਆਂ ਦਾ ਬੰਦਿਆਂ ਉੱਤੇ ਅੰਨਾ ਤਸ਼ੱਦਦ ਕਰਦੀ ਹੋਈ ਇਸ ਸਮੱਸਿਆ ਨੂੰ ਹੋਰ ਪੇਚੀਦਾ ਬਣਾਉਂਦੀ ਹੈ। ਪੈਸੇ ਪਦਉਨਤੀ ਅਤੇ ਆਪਣੇ ਰਾਜਸੀ ਤੇ ਪ੍ਰਬੰਧਕੀ ਆਗੂਆਂ ਨੂੰ ਖੁਸ਼ ਕਰਨ ਲਈ ਇਕ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਬਣਾਉਣ ਦਾ ਖਲਨਾਇਕੀ ਕਾਰਜ ਕਰਦੀ ਹੈ। ਇਹ ਸਾਰਾ ਕੁਝ ਨਿਆਂ ਪ੍ਰਣਾਲੀ ਦੀ ਨਿਗ੍ਹਾ ਹੇਠ ਹੋਇਆ ਪਰੰਤੂ ਇਸ ਵਿਚ ਇਸ ਦਾ ਦਖ਼ਲ ਘੱਟ ਹੀ ਰਿਹਾ। 1990 ਤੋਂ ਬਾਅਦ ਜਿਹੜੇ ਦੂਜੇ ਨਾਵਲਕਾਰਾਂ ਨੇ ਨਾਵਲ ਲਿਖੇ ਇਨ੍ਹਾਂ ਵਿਚ ਬਲਦੇਵ ਸਿੰਘ ਛੇ ਕੇਲ ਕਲੋਟੀ ਆਪਣੀ ਪ੍ਰੋਢ ਨਾਵਲ ਸੰਵੇਦਨਾ ਕਰਕੇ ਦੂਜਾ ਆਪਣੇ ਅਧਿਐਨ ਤੇ ਖੋਜ ਦੀ ਰੁੱਚੀ ਰੱਖਣ ਕਰਕੇ ਪੰਜਾਬੀ ਨਾਵਲ ਵਿਚ ਆਪਣੀ ਵਿਲੱਖਣਤਾ ਸਥਾਪਿਤ ਕਰਨ ਵਿਚ ਕਾਮਯਾਬ ਹੋਏ ਹਨ। ਬਲਦੇਵ ਸਿੰਘ ਦਾ ਕੱਚੀਆਂ ਕੰਧਾਂ, ਲਾਲ ਬੱਤੀ, ਅੰਨ੍ਹਦਾਤਾ ਅਤੇ ਸਤਲੁਜ ਵਹਿੰਦਾ ਰਿਹਾ ਆਦਿ ਅਜਿਹੇ ਨਾਵਲ ਹਨ ਜਿਹੜੇ ਸਾਡੀ ਨਿਆਂ ਪ੍ਰਣਾਲੀ ਦੇ ਯਥਾਰਥ ਦੇ ਉਨ੍ਹਾਂ ਪੱਖਾਂ ਤੋਂ ਪਰਦਾ ਚੁਕਦੇ ਹਨ ਜਿਹੜਾ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਵੀ ਮੁਖ ਰੂਪ ਵਿਚ ਬਰਤਾਨਵੀ ਸਾਮਰਾਜ ਦੁਆਰਾ ਤਿਆਰ ਕੀਤੇ ਕਾਨੂੰਨੀ ਪ੍ਰਬੰਧਕੀ ਢਾਂਚੇ ਦੀ ਹੀ ਤਰਜ਼ਮਾਨੀ ਕਰਦੇ ਹਨ। ਇਸ ਅਨੁਸਾਰ ਕਾਨੂੰਨ ਉਤੇ ਸੱਤਾ ਤੇ ਉਸਦੇ ਪ੍ਰਬੰਧਕੀ ਢਾਂਚੇ ਦਾ ਨਿਯੰਤ੍ਰਿਣ ਹੈ ਜਿਹੜਾ ਇਸ ਨੂੰ ਦਮਨ ਅਤੇ ਸ਼ਕਤੀ ਦੇ ਰੂਪ ਵਿਚ ਵਰਤਦਾ ਹੈ। ਕੇਵਲ ਕਲੋਟੀ ਦੇ ਨਾਵਲ ਹੋਣੀ ਇਕ ਦੇਸ਼ ਦੀ ਅਤੇ ਮਾਅ ਭੂਮੀ ਦੋ ਅਜਿਹੇ ਨਾਵਲ ਹਨ ਜਿਹੜੇ ਸਾਡੇ ਦੇਸ਼ ਦੇ ਇਸੇ ਨਿਆਇਕ ਢਾਂਚੇ ਉਤੇ ਵਿਅੰਗ ਕਰਦੇ ਹਨ। ਘਾਟੀ ਪੁਤਰੀ ਗਰਾਂ ਦੀ ਉਸ ਦਾ ਅਜਿਹਾ ਨਾਵਲ ਹੈ ਜਿਹੜਾ ਸੰਸਾਰ ਦੇ ਅਤਿ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੇ ਨਾਂ ਵਿਸ਼ੇਸ਼ ਕਰਕੇ ਅਮਰੀਕਾ ਵਰਗੇ ਦੇਸ਼ ਦੇ ਉਸ ਮਖੋਟੇ ਨੂੰ ਸਾਡੇ ਸਾਹਮਣੇ ਪ੍ਰਦਰਸ਼ਿਤ ਕਰਦਾ ਹੈ ਜਿਹੜਾ ਇਕ ਪਾਸੇ ਦੁਨੀਆ ਵਿਚ ਆਪਣੇ ਮਾਨਵੀ ਹੱਕਾਂ ਦਾ ਢੰਡੋਰਾ ਪਿੱਟਦਾ ਹੈ

ਅਤੇ ਉਸੇ ਦੇਸ਼ ਵਿਚ ਮਨੁੱਖ ਨੂੰ ਇਕ ਉਪਕਰਨ ਦੀ ਤਰ੍ਹਾਂ ਜਾਸੂਸੀ ਲਈ ਹਾਇਰ ਕੀਤਾ ਜਾਂਦਾ ਹੈ ਅਤੇ ਜਦੋਂ ਉਹ ਬੰਦਾ ਕੰਮ ਦਾ ਨਹੀਂ ਰਹਿੰਦਾ ਜਾਂ ਉਸ ਉਤੇ ਸ਼ੱਕ ਪੈਦਾ ਹੋ ਜਾਂਦਾ ਹੈ ਤਾਂ ਉਸ ਨੂੰ 'ਫਾਇਰ' ਕਰ ਦਿਤਾ ਜਾਂਦਾ ਹੈ। ਅਜਿਹੀ ਸਥਿਤੀ ਵਿਚ ਉਸ ਦੇਸ਼ ਦਾ ਕਾਨੂੰਨ ਵੀ ਉਨ੍ਹਾਂ ਦਾ ਸਾਥ ਦਿੰਦਾ ਹੈ।

ਪੰਜਾਬੀ ਨਾਵਲ ਵਿਚ ਨਿਆਂ ਪ੍ਰਣਾਲੀ ਦੇ ਸਮੁੱਚੇ ਪ੍ਰਬੰਧਕੀ ਢਾਂਚੇ ਦੇ ਕਿਰਦਾਰ ਤੇ ਕਾਰਗੁਜ਼ਾਰੀ ਨੇ ਜੇ ਕਿਸੇ ਪੰਜਾਬੀ ਦੇ ਨਾਵਲਕਾਰ ਨੇ ਇਕ ਕੇਂਦਰੀ ਥੀਮ ਬਣਾਕੇ ਆਪਣੇ ਨਾਵਲਾਂ ਵਿਚ ਇਸ ਦੀ ਬਿਰਤਾਂਤਕਾਰੀ ਕੀਤੀ ਹੈ ਤਾਂ ਮਿਤਰਸੈਨ ਮੀਤ ਹੈ। ਕਿਸੇ ਜੁਰਮ ਦੇ ਵਾਪਰਨ ਤੋਂ ਲੈ ਕੇ ਉਸਦੇ ਨਿਆਂ ਪ੍ਰਣਾਲੀ ਵਿਚ ਪੇਸ਼ ਕਰਨ ਅਤੇ ਉਸ ਬਾਰੇ ਵਕੀਲਾਂ, ਜੱਜਾਂ ਤੇ ਦਫਤਰੀ ਮੁਲਾਜਮਾਂ ਆਦਿ ਤਕ ਦੀ ਕਾਰਜ ਸ਼ੈਲੀ ਦੇ ਬਰੀਕ ਤੋਂ ਬਰੀਕ ਤੱਥਾਂ ਦੀ ਪੇਸ਼ਕਾਰੀ ਰਾਹੀਂ ਉਹ ਇਸ ਪ੍ਰਬੰਧਕੀ ਢਾਂਚੇ ਦੇ ਤਥਗਤ ਯਥਾਰਥ ਨੂੰ ਆਪਣੇ ਚਾਰ ਨਾਵਲਾਂ– ਤਫ਼ਤੀਸ਼, ਕਟਹਿਰਾ, ਸੁਧਾਰ ਘਰ ਅਤੇ ਕੌਰਵ ਸਭਾ ਰਾਹੀਂ ਇਸ ਤਰ੍ਹਾਂ ਰੂਪਾਂਤ੍ਰਿਤ ਕਰਦਾ ਹੈ ਕਿ ਇਸ ਪ੍ਰਬੰਧਕੀ ਢਾਂਚੇ ਦੇ ਕਾਰਜੀ ਸੁਭਾਅ ਦਾ ਸਾਰ ਰਾਹੀਂ ਸਾਡੇ ਸਮੁੱਚੇ ਰਾਜਸੀ ਢਾਂਚੇ ਦੇ ਸਾਰ ਦਾ ਨਿਰੂਪਨ ਕਰਨ ਵਿਚ ਸਫਲ ਹੋਇਆ ਹੈ। ਇਨ੍ਹਾਂ ਨਾਵਲਾਂ ਵਿਚ ਨਿਆਂ ਦੀ ਬਿਰਤਾਂਤਕਾਰੀ ਬਾਰੇ ਅਸੀਂ ਅਗਲੇ ਅਧਿਆਇ ਵਿਚ ਵਿਸਤ੍ਰਿਤ ਰੂਪ ਵਿਚ ਵਿਸ਼ਲੇਸ਼ਣ ਤੇ ਮੁਲਾਂਕਣ ਕਰਾਂਗੇ।

## ਹਵਾਲੇ ਅਤੇ ਟਿੱਪਣੀਆਂ

1. ਟੀ.ਆਰ. ਵਿਨੋਦ, ***ਪੰਜਾਬ ਨਾਵਲ-ਵਿਹਾਰਕ ਪਰਿਪੇਖ,*** ਪੰਨਾ 54
2. ਕਿਰਪਾਲ ਸਿੰਘ ਕਸੇਲ, ਪਰਮਿੰਦਰ ਸਿੰਘ ਤੇ ਗੋਬਿੰਦ ਸਿੰਘ ਲਾਬਾਂ, ***ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ,*** ਪੰਨਾ 347
3. ਟੀ.ਆਰ. ਵਿਨੋਦ, ਉਹੀ, ਪੰਨਾ 55
4. ਉਹੀ, ***ਸੰਸਕ੍ਰਿਤੀ: ਸਿਧਾਂਤ ਅਤੇ ਵਿਹਾਰ,*** ਪੰਨਾ 54
5. ਉਹੀ, ਪੰਨਾ 62
6. ਕਿਰਪਾਲ ਸਿੰਘ ਕਸੇਲ (ਸੰਪਾ.), ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰਨਾ 8
7. ਕਿਰਪਾਲ ਸਿੰਘ ਕਸੇਲ, ਪਰਮਿੰਦਰ ਸਿੰਘ ਤੇ ਗੋਬਿੰਦ ਸਿੰਘ ਲਾਬਾਂ, ***ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ,*** ਪੰਨਾ 375-76
8. ਸੁਰਿੰਦਰ ਕੁਮਾਰ ਦਵੇਸ਼ਵਰ, ***ਸਮਾਜ ਸੱਤਾ ਤੇ ਸਮਕਾਲੀ ਨਾਵਲ,*** ਪੰਨਾ 21
9. ਉਹੀ, ਪੰਨਾ 21-22
10. ਸੁਰਿੰਦਰ ਕੁਮਾਰ ਦਵੇਸ਼ਵਰ, ***ਕਥਾ ਪ੍ਰਵਾਹ,*** ਪੰਨਾ 9
11. ਟੀ.ਆਰ. ਵਿਨੋਦ, ***ਪੰਜਾਬੀ ਨਾਵਲ ਵਿਹਾਰਕ ਪਰਿਪੇਖ,*** ਪੰਨੇ 56-57
12. ਭਾਈ ਵੀਰ ਸਿੰਘ, ***ਬਾਬਾ ਨੌਧ ਸਿੰਘ,*** ਪੰਨਾ 37
13. ਟੀ.ਆਰ. ਵਿਨੋਦ, ***ਪੰਜਾਬੀ ਨਾਵਲ ਦਾ ਅਧਿਐਨ,*** ਪੰਨਾ 8
14. ਨਾਨਕ ਸਿੰਘ, ***ਮੇਰੀ ਦੁਨੀਆ,*** ਪੰਨਾ 88
15. ਉਹੀ, ਪੰਨਾ 88
16. ਸੁਖਦੇਵ ਸਿੰਘ ਖਹਿਰਾ, ***ਖੋਜ-ਦਰਪਣ*** (ਨਾਵਲ ਵਿਸ਼ੇਸ਼ ਅੰਕ), ਪੰਨਾ 28
17. ਉਹੀ
18. ਨਾਨਕ ਸਿੰਘ, ***ਪਿਆਰ ਦੀ ਦੁਨੀਆ,*** ਭੂਮਿਕਾ
19. ਟੀ.ਆਰ. ਵਿਨੋਦ, ***ਪੰਜਾਬੀ ਨਾਵਲ ਅਧਿਐਨ,*** ਪੰਨਾ 78

20. ਨਾਨਕ ਸਿੰਘ, ***ਪਿਆਰ ਦੀ ਦੁਨੀਆ,*** ਪੰਨਾ 341

21. ਕੇਸਰ ਸਿੰਘ ਕੇਸਰ, ***ਵਰਗ ਸੰਘਰਸ਼ ਤੇ ਗਲਪ ਸਾਹਿਤ,*** ਪੰਨੇ 88–89

22. ਜੋਗਿੰਦਰ ਸਿੰਘ ਰਾਹੀ, ***ਪੰਜਾਬੀ ਨਾਵਲ,*** ਪੰਨਾ 34

23. ਟੀ.ਆਰ. ਵਿਨੋਦ, ***ਪੰਜਾਬੀ ਨਾਵਲ ਅਧਿਐਨ,*** ਪੰਨਾ 112

## ਅਧਿਆਇ ਤੀਜਾ

## ਮਿੱਤਰ ਸੈਨ ਮੀਤ ਦੇ ਮੁੱਢਲੇ ਨਾਵਲਾਂ ਵਿਚ ਨਿਆਂ ਦੀ ਬਿਰਤਾਂਤਕਾਰੀ

- *ਅੱਗ ਦੇ ਬੀਜ਼* ਨਾਵਲ ਦੇ ਪ੍ਰਸੰਗ 'ਚ
- *ਕਾਫ਼ਲਾ* ਨਾਵਲਾਂ ਦੇ ਪ੍ਰਸੰਗ 'ਚ

# ਮਿੱਤਰ ਸੈਨ ਮੀਤ ਦੇ ਮੁਢਲੇ ਨਾਵਲਾਂ ਵਿਚ ਨਿਆਂ ਦੀ ਬਿਰਤਾਂਤਕਾਰੀ

ਮਿੱਤਰ ਸੈਨ ਮੀਤ ਦਾ ਪਹਿਲਾ ਨਾਵਲ ***ਅੱਗ ਦੇ ਬੀਜ*** 1971 ਵਿਚ ਛਪਿਆ ਸੀ। ਇਸ ਨਾਵਲ ਦੀ ਭੂਮਿਕਾ ਵਿਚ ਪੰਜਾਬੀ ਦੇ ਪ੍ਰਸਿਧ ਲੋਕ ਪੱਖੀ ਰੰਗ ਕਰਮੀ ਗੁਰਸ਼ਰਨ ਸਿੰਘ ਨੇ ਲਿਖਿਆ ਹੈ ਕਿ, *''ਇਸ ਨਾਵਲ ਦੇ ਬੀਜ ਬਗਾਵਤ ਦੇ ਬੀਜ ਹਨ ਜੋ ਨੌਜਵਾਨਾਂ ਦੀਆਂ ਛਾਤੀਆਂ ਵਿਚ ਬੀਜੇ ਜਾ ਰਹੇ ਹਨ ਅਤੇ ਜਿਨ੍ਹਾਂ ਨੇ ਇਕ ਦਿਨ ਉਸ ਅੱਗ ਨੂੰ ਜਨਮ ਦੇਣਾ ਹੈ ਜਿਸ ਨੇ ਇਸ ਨਕਾਰਾ ਸਮਾਜਿਕ ਭਾਈਚਾਰੇ ਨੂੰ ਸਾੜ ਕੇ ਸੁਆਹ ਕਰਨਾ ਹੈ।''*[1] ਇਸ ਨਾਵਲ ਦੀ ਰਚਨਾ ਵਸਤੂ ਬਾਰੇ ਖ਼ੁਦ ਲੇਖਕ ਦੀ ਪੰਜਾਬੀ ਦੇ ਇਕ ਗਲਪ ਆਲੋਚਕ ਡਾਕਟਰ ਸੁਖਦੇਵ ਸਿੰਘ ਖਾਹਰਾ ਨਾਲ ਕੀਤੀ ਇਕ ਲੰਮੀ ਮੁਲਾਕਾਤ ਵਿਚ ਦਸੀ ਹੈ:

> *ਮੇਰੇ ਪਿਤਾ ਜੀ ਪਟਵਾਰੀ ਸਨ। ਪਹਿਲਾਂ ਪਰਿਵਾਰ ਉਨ੍ਹਾਂ ਦੇ ਨਾਲ ਨਾਲ ਰਹਿੰਦਾ ਸੀ। ਜੀਵਨ ਦੇ ਪਹਿਲੇ ਅੱਠ ਨੌ ਸਾਲ ਪਿੰਡ ਵਿਚ ਗੁਜ਼ਾਰੇ। ਅਨਭੋਲ ਮਨ ਨੇ ਜਿਥੇ ਪੇਂਡੂ ਜੀਵਨ ਨੂੰ ਆਪਣੇ ਅੰਦਰ ਸਮੋ ਲਿਆ, ਉਥੇ ਕਿਰਸਾਣੀ ਦੇ ਦੁਖ ਦਰਦ ਵੀ ਅਚੇਤ ਤੌਰ ਤੇ ਜਿਹਨ ਵਿਚ ਉਕਰੇ ਗਏ..... ਜਿਹੜੇ ਹੁਣ ਤਕ ਮੇਰੀਆਂ ਰਚਨਾਵਾਂ ਵਿਚ ਮੇਰਬਾ ਸਹਾਈ ਹੈ।*[2]

1971 ਵਿਚ ਜਦੋਂ ਇਹ ਨਾਵਲ ਲਿਖਿਆ ਗਿਆ ਸੀ ਤਾਂ ਪੰਜਾਬੀ ਦੇ ਬਹੁਤ ਸਾਹਿਤਕਾਰਾਂ ਉਤੇ ਬੰਗਾਲ ਵਿੱਚ ਉਠੀ ਲਹਿਰ ਦਾ ਡੂੰਘਾ ਪ੍ਰਭਾਵ ਸੀ। ਮਿੱਤਰ ਸੈਨ ਮੀਤ ਨੇ ਵੀ ਇਸ ਨਾਵਲ ਦੀ ਰਚਨਾ ਉਕਤ ਲਹਿਰ ਦੇ ਦ੍ਰਿਸ਼ਟੀਕੋਣ ਦਾ ਅਸਰ ਕਬੂਲ ਕਰਦਿਆਂ ਕੀਤੀ ਹੈ। ਪਟਵਾਰੀ ਦਾ ਪੁੱਤਰ ਹੋਣ ਦੇ ਬਾਵਜੂਦ ਉਹ ਅੜੇ-ਥੁੜੇ ਪਰਿਵਾਰ ਦੀ ਸੰਤਾਨ ਸੀ। ਕਿਉਂਕਿ, *''ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਨਾ ਹੀ ਕਿਸਾਨਾਂ ਕੋਲ ਪੈਸੇ ਹੁੰਦੇ ਸਨ ਅਤੇ ਨਾ ਹੀ ਪਟਵਾਰੀਆਂ ਨੂੰ ਪੈਸੇ ਦੇਣ ਦਾ ਰਿਵਾਜ ਹੁੰਦਾ ਸੀ। (ਇਉਂ) ਪੈਸਾ ਪੀਣ ਅਤੇ ਵਰਤਣ ਤੇ ਰਿਸ਼ਵਤ ਉਹਨੀਂ ਦਿਨੀ*

*ਨਾ ਮਾਤਰ ਸੀ। ਪਰ ਕਿਸਾਨ ਉਹਨਾਂ ਨੂੰ ਖਾਣ ਵਾਲੀਆਂ ਚੀਜ਼ਾਂ ..... ਦੇ ਦਿੰਦੇ ਸਨ। ਇਸ ਕਰਕੇ ਪਟਵਾਰੀ ਥੋੜੀ ਤਨਖਾਹ ਨਾਲ ਵੀ ਆਪਣੇ ਪਰਿਵਾਰ ਦਾ ਗੁਜ਼ਾਰਾ ਵਧੀਆ ਕਰ ਲੈਂਦਾ ਸੀ।''*[3] ਦਸ ਸਾਲ ਪਿੰਡ ਵਿਚ ਬਤੀਤ ਕਰਨ ਉਪਰੰਤ ਜਦੋਂ ਉਸਦਾ ਪਰਿਵਾਰ ਪਿੰਡ ਦੇ ਨਾਲ ਲਗਦੇ ਕਸਬੇ ਬਰਨਾਲਾ ਵਿਚ ਰਹਿਣ ਲੱਗਿਆ ਤਾਂ ਵੀ ਉਸਦਾ ਵਾਹ ਵਾਸਤਾ ਇਸ ਕਸਬੇ ਦੀਆਂ ਝੌਂਪੜੀਆਂ ਝੁੱਗੀਆਂ ਵਿਚ ਰਹਿਣ ਵਾਲੇ ਦਬੇ ਕੁਚਲੇ ਗਰੀਬ ਕਾਮਿਆਂ ਨਾਲ ਪਿਆ। ਇਸ ਤਰ੍ਹਾਂ ਨਿੱਜੀ ਅਨੁਭਵ ਅਤੇ ਨਕਸਲੀ ਸਮਝ ਸਦਕਾ ਉਹ ਇਸ ਨਾਵਲ ਵਿਚ ਛੋਟੀ ਕਿਸਾਨੀ ਦੇ ਦੁਖ ਦਰਦ ਦੀ ਵਿਥਿਆ ਆਖਣ ਦੇ ਯੋਗ ਹੋਇਆ।[4]

ਪਰੰਤੂ 1971 ਵਿਚ ਉਹ 19 ਕੁ ਵਰ੍ਹਿਆਂ ਦਾ ਨੌਜਵਾਨ ਵਿਦਿਆਰਥੀ ਹੀ ਸੀ ਜਿਹੜਾ ਆਪਣੇ ਘਰ ਦੀ ਅਤੇ ਆਲੇ ਦੁਆਲੇ ਦੀ ਗਰੀਬੀ ਤੋਂ ਤੰਗ ਆ ਕੇ ਰੋਹ ਜਾਂ ਵਿਦਰੋਹ ਨੂੰ ਇਸਦਾ ਸਮਾਧਾਨ ਸਮਝਦਾ ਸੀ। ਅਜੋਕੇ ਸਮਾਜ ਦੀ ਜਟਿਲਤਾ ਤੋਂ ਉਹ ਅਣਜਾਣ ਸੀ ਅਤੇ ਗਰੀਬ ਘਰਾਂ ਦੇ ਮੁੰਡੇ ਕੁੜੀਆਂ ਦੀਆਂ ਮੁਸੀਬਤਾਂ ਉਹ ਭਾਵੁਕ ਜਿਹਾ ਅਨੁਭਵ ਰਖਦਾ ਸੀ। ਸਿੱਟਾ ਇਹ ਨਿਕਲਿਆ ਕਿ ਉਸਦੀ ਰਚਨਾ ਦ੍ਰਿਸ਼ਟੀ ਨਾਵਲ ਦੀ ਰਚਨਾ ਵਸਤੂ ਦੇ ਧੁਰ ਅੰਦਰ ਝਾਂਕ ਕੇ ਹਕੀਕਤ ਨੂੰ ਪੂਰੀ ਤਰ੍ਹਾਂ ਗਲਪੀ ਬਿੰਬ ਵਿਚ ਨਾ ਢਾਲ ਸਕੀ ਅਤੇ ਇਹ ਨਾਵਲ ਸਤਹੀ ਜਿਹੇ ਵੇਰਵਿਆਂ ਦਾ ਕਲਾ ਵਿਹੂਣਾ ਬਿਰਤਾਂਤ ਬਣ ਕੇ ਰਹਿ ਗਿਆ।

ਇਸ ਨਾਵਲ ਦੀ ਕਹਾਣੀ ਆਜ਼ਾਦ ਭਾਰਤ ਦੇ ਪਿੰਡਾਂ ਵਿਚ ਹੌਲੀ ਹੌਲੀ ਪ੍ਰਵੇਸ਼ ਕਰ ਰਹੀ ਪੂੰਜੀਵਾਦੀ ਵਿਵਸਥਾ ਨਾਲ ਸੰਬੰਧਿਤ ਹੈ। ਨਾਵਲ ਦਾ ਬਿਰਤਾਂਤਕਾਰ ਖੁਦ ਲੇਖਕ ਹੈ ਜਿਸ ਨੇ ਪਿੰਡਾਂ ਵਿਚ ਛੋਟੀ ਕਿਸਾਨੀ ਦੇ ਨਿਘਾਰ ਅਤੇ ਧਨੀ ਕਿਸਾਨੀ ਦੇ ਉਭਾਰ ਦੇ ਅੰਤਰ ਵਿਰੋਧ ਦੇ ਆਧਾਰ ਉਤੇ ਇਸ ਨਾਵਲ ਦੇ ਬਿਰਤਾਂਤ ਦੀ ਰਚਨਾ ਕੀਤੀ ਹੈ ਅਤੇ ਨਿਆਂ ਦੀ ਦ੍ਰਿਸ਼ਟੀ ਤੋਂ ਅੰਤਰ ਵਰਗੀ

ਸੰਬੰਧਾਂ ਦੀ ਪੇਸ਼ਕਾਰੀ ਰਾਹੀਂ ਛੋਟੀ ਕਿਸਾਨੀ ਨਾਲ ਹੋਣ ਵਾਲੇ ਅਨਿਆਂ ਦਾ ਹਕੀਕੀ ਪਰ ਸਰਲ ਸਪਾਟ ਪ੍ਰਗਟਾਵਾ ਕੀਤਾ ਹੈ।

ਆਜ਼ਾਦੀ ਤੋਂ ਪਿਛੋਂ ਪੰਜਾਬ ਦੇ ਪਿੰਡਾਂ ਵਿਚ ਵੀਹਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਪੂੰਜੀਵਾਦੀ ਰਿਸ਼ਤਿਆਂ ਦਾ ਪਹਿਲਾਂ ਨਾਲੋਂ ਕਿਤੇ ਵੱਧ ਤੇਜ਼ੀ ਨਾਲ ਵਿਕਾਸ ਹੋਣ ਲਗ ਪਿਆ ਸੀ। ਸਿੱਟੇ ਵਜੋਂ ਛੋਟੀ ਅਤੇ ਸੀਮਾਂਤ ਕਿਸਾਨੀ ਦੀ ਮਲਕੀਅਤ ਖੁਸਣ ਲੱਗੀ ਅਤੇ ਉਨ੍ਹਾਂ ਦੀ ਜ਼ਮੀਨ ਧਨਵਾਨਾਂ ਦੇ ਹੱਥਾਂ ਵਿਚ ਜਾਣ ਲਗ ਪਈ ਸੀ। ਅਜਿਹੀ ਬਾਹਰਮੁਖੀ ਹਕੀਕਤ ਦੀ ਪੇਸ਼ਕਾਰੀ ਲਈ ਨਾਵਲ ਨੇ ਕਿਸਾਨੀ ਦੀਆਂ ਦੋਹਾਂ ਧਿਰਾਂ ਦੇ ਵਿਰੋਧ ਜੁਟੀ ਵੇਰਵਿਆਂ ਦੇ ਆਧਾਰ 'ਤੇ ਨਾਵਲ ਦਾ ਬਿਰਤਾਂਤ ਸਿਰਜਿਆ ਹੈ ਅਤੇ ਨਿਆਂ ਦੇ ਮਸਲੇ ਨੂੰ ਖੁਰ ਰਹੀ ਕਿਸਾਨੀ ਦੇ ਹਿੱਤਾਂ ਦੀ ਦ੍ਰਿਸ਼ਟੀ ਤੋਂ ਉਠਾਇਆ ਹੈ।

ਨਿਆਂ ਦੀ ਪੇਸ਼ਕਾਰੀ ਲਈ ਨਾਵਲਕਾਰ ਨੇ ਪਿੰਡ ਦੀ ਪੱਧਰ 'ਤੇ ਪੂੰਜੀਵਾਦੀ ਰਿਸ਼ਤਿਆਂ ਦੇ ਪ੍ਰਵੇਸ਼ ਨਾਲ ਕਿਸਾਨੀ ਦੀਆਂ ਵਿਭਿੰਨ ਪਰਤਾਂ ਵਿਚ ਵਟਣ ਦੀ ਪ੍ਰਕਿਰਿਆ ਨੂੰ ਬਿਰਤਾਂਤਕਾਰੀ ਦੀ ਕੇਂਦਰੀ ਜੁਗਤ ਵਜੋਂ ਅਪਣਾਇਆ ਹੈ। ਨਾਵਲਕਾਰ ਦੱਸਦਾ ਹੈ ਕਿ, ''ਨਾਵਲ ਦੀ ਕੇਂਦਰੀ ਪਾਤਰ ਕਰਤਾਰ ਕਿਆਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿਚ ਹਕੂਮਤ ਦੀ ਸੇਵਾ ਕੀਤੀ ਸੀ ਜਿਸਦੇ ਇਵਜ਼ਾਨੇ ਵਜੋਂ ਇਸ ਪਰਿਵਾਰ ਨੂੰ ਮਹਾਰਾਜੇ ਕਲੋਂ ਜਗੀਰ ਮਿਲੀ ਸੀ। ਪੀੜ੍ਹੀ ਦਰ ਪੀੜ੍ਹੀ ਦੀ ਵੰਡ ਦੇ ਸਿੱਟੇ ਵਜੋਂ ਇਹ ਜਗੀਰ ਛੋਟੀਆਂ ਛੋਟੀਆਂ ਇਕਾਈਆਂ ਵਿਚ ਵੰਡੀ ਜਾਂਦੀ ਰਹੀ। ਕਰਤਾਰ ਦੇ ਬਾਪੂ ਅਤੇ ਚਾਚੇ ਦੇ ਹਿੱਸੇ ਵਿਚ ਕੁਲ ਛੇ ਕਿੱਲੇ ਜ਼ਮੀਨ ਆਈ ਸੀ। ਜਦੋਂ ਤਕ ਦੋਵੇਂ ਭਰਾ ਇਕੱਠੇ ਖੇਤੀ ਕਰਦੇ ਰਹੇ, ਉਨ੍ਹਾਂ ਦਾ ਕਿਸਾਨੀ ਮਾਪਾਂ ਅਨੁਸਾਰ ਜੂਨ-ਗੁਜ਼ਾਰਾ ਹੁੰਦਾ ਰਿਹਾ ਅਤੇ ਪਿੰਡ ਵਿਚ ਇੱਜ਼ਤ-ਆਬਰੂ ਵੀ ਬਣੀ ਰਹੀ। ਪਰੰਤੂ ਕਰਤਾਰ ਦਾ ਚਾਚਾ ਪਿੰਡ ਦੇ ਵੈਲੀਆਂ ਵਿਚ ਪੈਰ ਧਰਨ ਲਗ ਪਿਆ ਸੀ ਜਿਸ ਕਰਕੇ ਉਹ ਖੇਤੀਬਾੜੀ ਦੇ ਕਾਰਜ ਵਿਚ ਦਿਲਚਸਪੀ ਨਹੀਂ ਲੈਂਦਾ ਸੀ।[5]

ਹੋਰ ਵੰਡ ਤੋਂ ਡਰਦਾ ਹੋਇਆ ਕਰਤਾਰ ਦਾ ਬਾਪੂ ਆਪਣੇ ਭਰਾ ਦੇ ਵਿਹਲੜਪੁਣੇ ਨੂੰ ਜਰਦਾ ਆ ਰਿਹਾ ਸੀ। ਇਥੋਂ ਤੱਕ ਕਿ ਉਸਨੂੰ ਬਣਦਾ ਸਰਦਾ ਪੈਸਾ-ਫਕਾ ਵੀ ਦਿੰਦਾ ਰਿਹਾ ਸੀ। ਪਰੰਤੂ ਪਿੰਡ ਦੀ ਚੁੱਕ ਚੁਕਾਈ ਕਰਕੇ ਅਤੇ ਲੋੜੋਂ ਵੱਧ ਖਰਚਾ ਪੂਰਾ ਕਰਨ ਲਈ ਕਰਤਾਰ ਦਾ ਚਾਚਾ ਆਪਣੇ ਵੱਡੇ ਭਰਾ ਨਾਲੋਂ ਅੱਡ ਹੋ ਗਿਆ ਜਿਸਦੇ ਸਿੱਟੇ ਵਜੋਂ ਦੋਹਾਂ ਦੀ ਆਰਥਿਕ ਹਾਲਤ ਪਤਲੀ ਪੈਂਦੀ ਗਈ। ਕਰਤਾਰ ਦੇ ਇੱਕ ਭੈਣ ਸੀ ਜਿਸ ਕਰਕੇ ਕਬੀਲਦਾਰੀ ਦਾ ਤੋਰਾ ਤੋਰਨ ਲਈ ਕਰਤਾਰ ਦੇ ਪਿਓ ਨੂੰ ਸਖ਼ਤ ਮਿਹਨਤ ਕਰਨੀ ਪੈਂਦੀ ਸੀ। ਫ਼ਿਰ ਵੀ ਤਿੰਨ ਕਿੱਲਿਆਂ ਦੀ ਉਪਜ ਨਾਲ ਜੂਨ-ਗੁਜ਼ਾਰਾ ਕਰਨਾ ਔਖਾ ਪ੍ਰਤੀਤੀ ਹੋ ਰਿਹਾ ਸੀ। ਕਬੀਲਦਾਰੀ ਦੇ ਬੋਝ, ਭੋਇੰ ਦੀ ਥੁੜ੍ਹ, ਵਿਤੋਂ ਵੱਧ ਮੁਸ਼ੱਕਤ ਅਤੇ ਖੁਰਾਕ ਦੀ ਕਮੀ ਕਰਕੇ ਕਰਤਾਰ ਦੇ ਪਿਓ ਦੀ ਸਿਹਤ ਨਿਘਰਦੀ ਜਾਂਦੀ ਸੀ। ਦੂਸਰੇ ਪਛੜੀ ਹੋਈ ਭਾਰਤੀ ਖੇਤੀਬਾੜੀ ਕੁਦਰਤ ਦੇ ਕਰਮ ਉਤੇ ਨਿਰਭਰ ਸੀ ਜਿਸਦਾ ਵੇਰਵਾ ਨਾਵਲਕਾਰ ਨੇ ਹੇਠ ਲਿਖੇ ਅਨੁਸਾਰ ਦਿੱਤਾ ਹੈ:

> *ਫੇਰ ਜਿਵੇਂ ਧੁਰਾ ਪਲਟਿਆ। ਕਦੇ ਸੋਕਾ ਪੈ ਜਾਂਦਾ ਤੇ ਕਦੇ ਬਾਰਸ਼ਾਂ ਹੀ ਨਾ ਥੰਮਦੀਆਂ। ਪੱਕ ਕੇ ਤਿਆਰ ਹੋਈਆਂ ਫਸਲਾਂ ਭੰਗ ਦੇ ਭਾੜੇ ਰੁੜ ਜਾਂਦੀਆਂ ..... ਉਸਦੇ ਪੱਲੇ ਤਾਂ ਪਹਿਲਾਂ ਹੀ ਨਿਵਾਣ ਵਾਲੀ ਜ਼ਮੀਨ ਪਈ ਸੀ। ਜੇ ਭੋਰਾ ਮੀਂਹ ਪੈ ਗਿਆ ਤਾਂ ਪਾਣੀ ਭਰ ਗਿਆ ਤੇ ਜੇ ਨਾ ਪਿਆ ਤਾਂ ਸੋਕਾ ਪੈ ਗਿਆ .... ਵੱਡੇ ਮੀਂਹ ਪਏ। ਇਕ ਕੋਠਾ ਢਹਿ ਗਿਆ। ਹੇਠ ਆ ਕੇ ਬਲਦ ਨਕਾਰ ਹੋ ਗਿਆ। ਆਫ਼ਤ ਤੇ ਆਫ਼ਤ ਆਉਣ ਲੱਗੀ।*[6]

*ਇਸ ਪ੍ਰਕਾਰ ਲਗਾਤਾਰ ਨਿਘਰਦੀ ਜਾਂਦੀ ਆਰਥਿਕ ਹਾਲਤ ਨੇ ਉਸ ਨੂੰ ਦੋ ਕਿੱਲੇ ਪੈਲੀ ਪਹਿਲੋਂ ਗਹਿਣੇ ਧਰਨ ਫੇਰ ਵੇਚਣ ਲਈ ਮਜਬੂਰ ਕਰ ਦਿੱਤਾ।*[7]

ਕਰਤਾਰ ਦੇ ਪਿਉ ਨੇ ਸੁਣ ਰੱਖਿਆ ਸੀ ਕਿ, *''ਪਿੰਡ ਦਾ ਇਕ ਮੁੰਡਾ ਵਕੀਲ ਬਣ ਗਿਆ ਹੈ ਅਤੇ ਇਕ ਪ੍ਰੋਫੈਸਰ।''*[8] ਉਸ ਨੂੰ ਵੀ ਕਰਤਾਰ ਦੀ ਪੜ੍ਹਾਈ ਵਿਚ ਹੀ ਆਪਣੇ ਪਰਿਵਾਰ ਦੀ ਮੁਕਤੀ ਦਿਸਣ ਲਗ ਪਈ। ਘਰ ਦੀ ਤੰਗੀ ਦੇ ਬਾਵਜੂਦ ਕਰਤਾਰ ਪੜ੍ਹਦਾ ਚਲਿਆ ਗਿਆ ਅਤੇ ਉਸ ਨੇ ਐਮ.ਏ. ਕਰ ਲਈ। ਇਸ ਤਰ੍ਹਾਂ ਕਬੀਲਦਾਰੀ ਅਤੇ ਕਰਤਾਰ ਦੀ ਪੜ੍ਹਾਈ ਦੇ ਖਰਚ ਦੇ ਉਸਦੇ ਪਿਉ ਨੂੰ ਆਪਣੀ ਦੋ ਕਿੱਲੇ ਹੋਰ ਜ਼ਮੀਨ ਵੇਚਣ ਲਈ ਮਜਬੂਰ ਕਰ ਦਿੱਤਾ।[9]

ਪੰਜਾਬ ਦੇ ਪਿੰਡਾਂ ਵਿਚ ਪੂੰਜੀਵਾਦ ਦਾ ਪ੍ਰਵੇਸ਼ 1849 ਈ. ਵਿਚ ਪੰਜਾਬ ਦੇ ਬਰਤਾਨਵੀ ਹਕੂਮਤ ਵਿਚ ਰਲ ਜਾਣ ਤੋਂ ਬਾਅਦ ਹੋਣਾ ਸ਼ੁਰੂ ਹੋਇਆ ਸੀ। ਸਾਮਰਾਜੀ ਰਾਜਸੀ ਸੱਤਾ ਨੇ ਜ਼ਮੀਨ ਦੀ ਨਿੱਜੀ ਮਾਲਕੀ ਦਾ ਕਾਨੂੰਨ ਪਾਸ ਕਰ ਦਿੱਤਾ ਸੀ ਜਿਸ ਦੇ ਸਿੱਟੇ ਵਜੋਂ ਜ਼ਮੀਨ ਵੀ ਉਪਜ ਅਤੇ ਕਿਰਤ ਦੀ ਤਰ੍ਹਾਂ ਮੰਡੀ ਦੀ ਜਿਣਸ ਬਣ ਕੇ ਰਹਿ ਗਈ ਸੀ ਅਤੇ ਸ਼ਾਹੂਕਾਰਾਂ ਦੀ ਇਕ ਨਵੀਂ ਸ਼੍ਰੇਣੀ ਹੋਂਦ ਵਿਚ ਆ ਗਈ ਸੀ ਜਿਹੜੀ ਜ਼ਮੀਨ ਦੀ ਖ਼ਰੀਦ ਵੇਚ ਦਾ ਕਿੱਤਾ ਵੀ ਕਰਨ ਲੱਗ ਪਈ ਸੀ।[10]

ਕਬੀਲਦਾਰੀ ਦੇ ਬੋਝ, ਜ਼ਮੀਨ ਗਹਿਣੇ ਧਰਕੇ ਲਏ ਕਰਜ਼ੇ ਦੇ ਵਿਆਜ ਅਤੇ ਕਰਤਾਰ ਦੀ ਪੜ੍ਹਾਈ ਦਾ ਖਰਚ ਪੂਰਾ ਕਰਨ ਲਈ ਅਖੀਰ ਦੋ ਕਿੱਲੇ ਜ਼ਮੀਨ ਵਿਕ ਗਈ ਤੇ ਇਉਂ ਕਰਤਾਰ ਦਾ ਪਿਉ 'ਮਾਲਕ ਤੋਂ ਕਾਮਾ ਬਣ ਗਿਆ।'[11]

ਪੂੰਜੀਵਾਦੀ ਅਰਥ ਚਾਰੇ 'ਮੁਨਾਫੇ, ਮੰਡੀ ਅਤੇ ਮੁਕਾਬਲੇ' ਦੇ ਆਧਾਰ 'ਤੇ ਉਸਰਿਆ ਹੁੰਦਾ ਹੈ। ਇਸ ਪ੍ਰਬੰਧ ਵਿਚ ਮਾਨਵੀ ਰਿਸ਼ਤੇ ਧਨ ਦੇ ਰਿਸ਼ਤਿਆਂ ਵਿਚ ਬਦਲ ਜਾਂਦੇ ਹਨ। ਕਰਤਾਰ ਕਿਆਂ ਨਾਲ ਵੀ ਇਹੀ ਵਾਪਰਿਆ ਹੈ। ਉਹ ਕਿਸਾਨਾਂ ਤੋਂ ਕਾਮਿਆਂ ਦੀ ਸ਼੍ਰੇਣੀ ਵਿੱਚ ਰਲਦੇ ਗਏ ਅਤੇ ਧਨੀ ਜਿਮੀਦਾਰਾਂ ਦੀ ਨਵੀਂ ਸ਼੍ਰੇਣੀ ਹੋਰ ਧਨੀ ਹੁੰਦੀ ਗਈ। ਇਸ ਦਾ ਖ਼ਾਸਾ ਵਿਸਤ੍ਰਿਤ ਵੇਰਵਾ ਨਾਵਲਕਾਰ ਨੇ ਇਕ ਵਿਅਕਤੀ ਦੇ 'ਕੰਗਾਲ' ਤੋਂ ਅਮੀਰ ਬਣ ਜਾਣ ਦੇ ਰੂਪ ਵਿਚ ਦਿੱਤਾ ਹੈ।

ਇਸ ਵੇਰਵੇ ਵਿਚੋਂ ਨਾਵਲਕਾਰ ਦੀ ਸਮਝ ਦੀਆਂ ਦੋ ਗੱਲਾਂ ਖਾਸ ਤੌਰ ’ਤੇ ਉਜਾਗਰ ਹੁੰਦੀਆਂ ਹਨ। ਇਕ ਤਾਂ ਧਨ ਨਾਜਾਇਜ਼ ਹੀਲਿਆਂ ਨਾਲ ਜੁੜਦਾ ਹੈ ਜਿਵੇਂ ਕਿ ਪਿੰਡ ਦੇ ਕੰਗਾਲ ‘ਸਰਦਾਰ’ ਨੇ ਪੁਲਿਸ ਅਤੇ ਹੋਰ ਸਰਕਾਰੀ ਕਰਮਚਾਰੀਆਂ ਦੀ ਮਦਦ ਨਾਲ ਸਮਗਲਿੰਗ ਦੇ ਗ਼ੈਰ ਕਾਨੂੰਨੀ ਕਿੱਤੇ ਵਿਚੋਂ ਧਨ ਕਮਾਇਆ ਹੈ। ਦੂਸਰਾ ਇਹ ਧਨ ਉਹ ਕਿਸੇ ਉਪਜਾਊ ਕਿੱਤੇ ਵਿਚ ਖਰਚ ਕਰਨ ਦੀ ਥਾਂ ਐਸ਼ੋ ਇਸ਼ਰ ਉਤੇ ਖਰਚਦਾ ਹ। ਸਿੱਟੇ ਵਜੋਂ ਪੰਜਾਬ ਦਾ ਬਹੁਤ ਸਾਰਾ ਧਨ ਉਪਜਾਊ ਕਾਰੋਬਾਰ ਵਿਚ ਲਗਣ ਦੀ ਥਾਂ ਸੁੱਖ ਸਹੂਲਤਾਂ ਅਤੇ ਐਸ਼ ਪ੍ਰਸ਼ਤੀ ਦੀ ਭੇਟਾ ਚੜ ਜਾਂਦਾ ਹੈ ਅਤੇ ਪੂੰਜੀ ਵਿਚ ਨਹੀਂ ਬਦਲਦਾ ਜਿਸ ਕਰਕੇ ਪੰਜਾਬ ਵਿਚ ਲੋੜੀਂਦਾ ਪੈਦਾਵਾਰੀ ਢਾਂਚਾ ਅਜੇ ਤੱਕ ਵੀ ਪੈਦਾ ਨਹੀਂ ਹੋ ਸਕਿਆ। ਹਰੇ ਇਨਕਲਾਬ ਦੀ ਬਦੌਲਤ ਪੈਦਾ ਹੋਣ ਵਾਲੇ ਧਨ ਦਾ ਇਕ ਹਿੱਸਾ ਹੀ ਪੂੰਜੀ ਦਾ ਰੂਪ ਧਾਰਨ ਕਰ ਸਕਿਆ ਹੈ ਜਿਸ ਕਰਕੇ ਖੇਤੀਬਾੜੀ ਅਤੇ ਸਨਅਤ ਦੇ ਖੇਤਰ ਵਿਚ ਸੰਭਾਵਿਤ ਵਿਕਾਸ ਨਹੀਂ ਹੋ ਸਕਿਆ। ਸੇਵਾਵਾਂ ਦੇ ਖੇਤਰ ਵਿਚ ਜ਼ਰੂਰ ਵਾਧਾ ਹੋਇਆ ਹੈ ਅਤੇ ਸ਼ਰਾਬ ਦੇ ਸ਼ਬਾਬ ਦੀਆਂ ਕਈ ਤਰ੍ਹਾਂ ਦੀਆਂ ਦੁਕਾਨਾਂ ਖੁਲ੍ਹ ਗਈਆਂ।

ਅਸੀਂ ਪਿਛੇ ਆਖ ਆਏ ਹਾਂ ਕਿ ਬਰਤਾਨਵੀ ਸਾਮਰਾਜ ਨੇ ਪੰਜਾਬ ਵਿਚ ਜ਼ਮੀਨ ਦੀ ਨਿੱਜੀ ਮਾਲਕੀ ਦਾ ਕਾਨੂੰਨ ਲਾਗੂ ਕਰ ਦਿੱਤਾ ਸੀ ਜਿਸ ਦੇ ਸਿੱਟੇ ਵਜੋਂ ਜ਼ਮੀਨ ਵੀ ਮੰਡੀ ਦੀ ਜਿਣਸ ਬਣ ਗਈ ਸੀ। ਜ਼ਮੀਨ ਦੀ ਵੇਚ ਵਟ ਸ਼ੁਰੂ ਹੋ ਗਈ ਸੀ, ਅੜੇ-ਥੁੜੇ ਕਿਸਾਨ ਆਪਣੀ ਕਬੀਲਦਾਰੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਧਨੀਆਂ ਕੋਲ ਆਪਣੀ ਨਿੱਜੀ ਮਾਲਕੀ ਵਾਲੇ ਟੱਕ ਗਹਿਣੇ ਜਾਂ ਬੈਅ ਕਰਨ ਲੱਗ ਪਏ ਸਨ। ਇਸ ਪ੍ਰਕਾਰ ਪੇਂਡੂ ਪੱਧਰ ’ਤੇ ਵੀ ਧਨੀ ਜ਼ਿਮੀਦਾਰਾਂ ਦੀ ਨਵੀਂ ਜਮਾਤ ਪੈਦਾ ਹੋ ਗਈ ਸੀ ਜਿਹੜੇ ਛੋਟੀ ਸੀਮਾਂਤ ਕਿਸਾਨੀ ਦੀ ਜ਼ਮੀਨ ਦੇ ਮਾਲਕ

ਬਣਦੇ ਜਾ ਰਹੇ ਸਨ ਅਤੇ ਛੋਟੀ ਕਿਸਾਨੀ ਗ਼ੈਰ ਮਾਲਕ ਕਾਮਿਆਂ ਵਿਚ ਰਲਦੀ ਜਾ ਰਹੀ ਸੀ।

ਹਥਲੇ ਨਾਵਲ ਵਿਚ ਕਰਤਾਰ ਦੇ ਬਾਪੂ ਨੂੰ ਕਬੀਲਦਾਰੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਤੇ ਕੁਦਰਤੀ ਆਫ਼ਤਾਂ ਤੋਂ ਮਜਬੂਰ ਹੋ ਕੇ ਆਪਣੀ ਦੋ ਕਿੱਲੇ ਜ਼ਮੀਨ ਪਹਿਲੋਂ ਗਹਿਣੇ ਕਰਨ ਅਤੇ ਪਿੱਛੇ ਬੈਅ ਕਰਨੀ ਪੈ ਗਈ ਸੀ ਅਤੇ ਉਸ ਕੋਲ ਤਿੰਨ ਕਿੱਲਿਆਂ ਦੀ ਨਿਜੀ ਮਾਲਕੀ ਵਿਚੋਂ ਕੇਵਲ ਇਕ ਕਿੱਲਾ ਬਚਿਆ ਰਹਿ ਗਿਆ ਸੀ। ਜ਼ਮੀਨ ਦੇ ਇਸ ਟੁਕੜੇ ਨੂੰ ਉਹ ਕਿਵੇਂ ਬਚਾ ਕੇ ਰੱਖੀ ਆ ਰਿਹਾ ਸੀ। ਕੇਵਲ ਇਸ ਆਸ ਤੇ ਕਿ ਉਸ ਦਾ ਪੁੱਤਰ ਜਦੋਂ ਪੜ੍ਹ ਲਿਖਕੇ ਅਫ਼ਸਰ ਬਣ ਗਿਆ ਤਾਂ ਉਹ ਬਹੁਤ ਸਾਰੀ ਜ਼ਮੀਨ ਖਰੀਦ ਲਵੇਗਾ ਅਤੇ ਕੰਗਾਲ ਕਿਸਾਨ ਦਾ ਪੁੱਤਰ ਨਹੀਂ ਅਖਵਾਏਗਾ।

ਜ਼ਮੀਨ ਦੀ ਨਿਜੀ ਮਾਲਕੀ ਦਾ ਸੰਸਕਾਰ ਕਿਸਾਨੀ ਦੀ ਮਾਨਸਿਕਤਾ ਵਿਚ ਇੰਨਾ ਡੂੰਘਾ ਲੱਥਿਆ ਹੋਇਆ ਹੈ ਕਿ ਉਹ ਸਰਮਾਏਦਾਰੀ ਨਿਜ਼ਾਮ ਦੇ ਕੰਧ 'ਤੇ ਲਿਖੇ ਨੂੰ ਵੀ ਪ੍ਰਵਾਨ ਕਰਨ ਲਈ ਤਿਆਰ ਨਹੀਂ। ਸਮੁੱਚੀ ਕਿਸਾਨੀ ਦਾ ਸਾਂਝਾ ਸੰਸਕਾਰ ਹੋਣ ਕਰਕੇ ਕਿਸਾਨੀ ਦੀ ਸਮਾਜੀ ਹੈਸੀਅਤ ਵੀ ਨਿਜੀ ਮਾਲਕੀ ਉਤੇ ਹੀ ਨਿਰਭਰ ਸਮਝੀ ਜਾਂਦੀ ਹੈ। ਇਸ ਦਾ ਇਕ ਦਿਲ ਵਿੰਨ੍ਹਣਾ ਵੇਰਵਾ ਨਾਵਲਕਾਰ ਨੇ ਉਦੋਂ ਦਿੱਤਾ ਹੈ ਜਦੋਂ ਕਰਤਾਰ ਆਪਣੀ ਭੋਂ ਦਾ ਆਖ਼ਰੀ ਕਿੱਲਾ ਵੇਚਕੇ ਪਰਤਦਾ ਹੈ।[12]

ਕਰਤਾਰ ਨੇ ਚੰਡੀਗੜ੍ਹ ਤੋਂ ਐਮ.ਏ. (ਇਤਿਹਾਸ) ਪਹਿਲੇ ਦਰਜ਼ੇ ਵਿਚ ਪਾਸ ਕੀਤੀ ਹੈ। ਇਹ ਉਹਦੇ ਪਿਉ ਦੀ ਕੁਰਬਾਨੀ ਦਾ ਸਿੱਟਾ ਸੀ ਪਰ ਇਹ ਦਿਨ ਵੇਖਣ ਤੋਂ ਪਹਿਲਾਂ ਹੀ ਉਹ ਤੁਰ ਗਿਆ ਜਿਸ ਦਾ ਉਸ ਕਰਤਾਰ ਨੂੰ ਬਹੁਤ ਝੋਰਾ ਸੀ। ਆਪਣੇ ਪਿਉ ਦੀ ਤਰ੍ਹਾਂ ਕਰਤਾਰ ਵੀ ਸਮਝਦਾ ਸੀ ਕਿ ਪੜ੍ਹ ਲਿਖ ਕੇ ਉਹ ਕੋਈ ਵੱਡਾ ਅਫ਼ਸਰ ਬਣ ਜਾਵੇਗਾ ਅਤੇ ਘਰ ਦੇ ਸਾਰੇ ਰੋਣੇ ਧੋਣੇ ਧੋ ਦੇਵੇਗਾ।

ਅਮੀਰ ਬਣਨ ਦੀ ਖਾਹਿਸ਼ ਉਸ ਦੇ ਦਿਲ ਵਿਚ ਉਦੋਂ ਵੀ ਉੱਸਲ ਵੱਟੇ ਲੈਂਦੀ ਰਹਿੰਦੀ ਸੀ ਜਦੋਂ ਉਹ ਚੰਡੀਗੜ੍ਹ ਵਿਖੇ ਪੜ੍ਹਦਾ ਹੋਇਆ ਦੂਸਰੇ ਵਿਦਿਆਰਥੀਆਂ ਨੂੰ ਐਸ਼ਾਂ ਕਰਦਾ ਵੇਖਦਾ ਪਰ ਉਹਦੀ ਕੋਈ ਪੇਸ਼ ਨਾ ਜਾਂਦੀ ਅਤੇ ਉਹ ਮਨ ਮਸੋਸ ਕੇ ਰਹਿ ਜਾਂਦਾ। ਉਹ ਤਾਂ ਘੱਟ ਤੋਂ ਘੱਟ ਖਰਚਾ ਕਰਕੇ ਆਪਣੀ ਪੜ੍ਹਾਈ ਪੂਰੀ ਕਰਨਾ ਚਾਹੁੰਦਾ ਸੀ ਕਿਉਂਕਿ ਉਹਦੇ ਪਿਉ ਕੋਲ ਇਸ ਤੋਂ ਵੱਧ ਜੋਖੋਂ ਹੀ ਨਹੀਂ ਸੀ। ਇਉਂ ਉਹ ਕਈ ਤਰ੍ਹਾਂ ਦੀਆਂ ਦੁਸ਼ਵਾਰੀਆਂ ਸਹਿ ਕੇ ਅਤੇ ਆਪਣਾ ਮਨ ਮਾਰ ਕੇ ਅਖ਼ੀਰ ਐਮ.ਏ. (ਇਤਿਹਾਸ) ਪਾਸ ਕਰਨ ਵਿਚ ਕਾਮਯਾਬ ਹੋ ਗਿਆ, ਉਹ ਵੀ ਪਹਿਲੇ ਦਰਜੇ ਵਿਚ।

ਇਸ ਸਫਲਤਾ ਸਦਕਾ ਉਹਨੂੰ ਉਮੀਦ ਬੱਝ ਗਈ ਸੀ ਕਿ ਉਹ ਹੋਰ ਨਹੀਂ ਤਾਂ ਲੈਕਚਰਾਰ ਜ਼ਰੂਰ ਲਗ ਜਾਵੇਗਾ। ਪਰ ਪੂਰੇ ਡੇਢ ਸਾਲ ਤੋਂ ਉਹ ਇੰਟਰਵਿਊ ਦਿੰਦਾ ਆ ਰਿਹਾ ਸੀ ਸਫਲਤਾ ਉਸ ਨੂੰ ਫੇਰ ਵੀ ਨਹੀਂ ਮਿਲੀ ਸੀ।

ਪੂੰਜੀਵਾਦੀ ਆਰਥਿਕ ਵਿਵਸਥਾ ਆਪਣੀ ਪ੍ਰਗਤੀ ਲਈ ਪਹਿਲੇ ਸਮਿਆਂ ਨਾਲੋਂ ਕਿਤੇ ਵੱਧ ਕੰਮ ਦੇ ਮੌਕੇ ਪੈਦਾ ਕਰਦੀ ਹੈ। ਇਨ੍ਹਾਂ ਮੌਕਿਆਂ ਵਿਚ ਕੁਝ ਇਕ ਮਾਲਕ ਕਿਸਾਨੀ ਤੋਂ ਗ਼ੈਰ ਮਾਲਕ ਬਣੀ ਕਿਸਾਨੀ ਦੇ ਮੁੰਡੇ ਕੁੜੀਆਂ ਨੂੰ ਵੀ ਮਿਲ ਜਾਂਦੀ ਹੈ। ਪਰ ਪੂੰਜੀਵਾਦੀ ਵਿਵਸਥਾ ਦਾ ਇਹ ਅੰਤਰੀਵੀ ਖ਼ਾਸਾ ਹੈ ਕਿ ਇਹ ਆਪਣੇ ਸਾਧਨਾਂ ਅਤੇ ਸੰਦਾਂ ਨਾਲ ਕੰਮ ਕਰਨ ਵਾਲੀ ਵਸੋਂ ਦੇ ਵੱਡੇ ਭਾਗ ਤੋਂ ਉਨ੍ਹਾਂ ਦੇ ਰੋਟੀ-ਰੋਜ਼ੀ ਦੇ ਵਸੀਲੇ ਤਾਂ ਖੋਹੰਦੀ ਰਹਿੰਦੀ ਹੈ ਪਰ ਰੋਜ਼ਗਾਰ ਦੇ ਮੌਕੇ ਬਹੁਤ ਘੱਟ ਲੋੜੀਂਦਾ ਨੂੰ ਪ੍ਰਦਾਨ ਕਰਦੀ ਹੈ। ਇਉਂ ਬੇਰੁਜ਼ਗਾਰੀ ਪੂੰਜੀਵਾਦੀ ਵਿਵਸਥਾ ਦਾ ਅਨਿਆਰੀ ਅੰਗ ਹੋ ਨਿਬੜਦੀ ਹੈ।

ਇਹ ਸਥਿਤੀ ਦੇ ਧਨੀਆਂ ਦੇ ਹੱਕ ਵਿਚ ਬੜੇ ਲਾਭਕਾਰੀ ਸਿੱਟੇ ਨਿਕਲਦੇ ਹਨ। ਇਕ ਤਾਂ ਕਾਮਿਆਂ ਦਾ ਮੰਡੀ ਵਿਚ ਮੁਕਾਬਲਾ ਸਖ਼ਤ ਹੋ ਜਾਣ ਕਰਕੇ ਪੂੰਜੀਪਤੀਆਂ ਨੂੰ ਘੱਟ ਉਜਰਤਾਂ ਉਤੇ ਕਾਮੇ ਮਿਲ ਜਾਂਦੇ ਹਨ। ਦੂਸਰੇ ਉਹ ਕਾਮਿਆਂ

ਤੋਂ ਕਿਤੇ ਵੱਧ ਕੰਮ ਲੈਣ ਦੇ ਯੋਗ ਹੁੰਦੇ ਹਨ। ਤੀਸਰੇ ਮਜ਼ਦੂਰਾਂ ਨੂੰ ਮਾਲਕਾਂ ਦੀ ਹਰੇਕ ਜਾਇਜ਼ ਨਜਾਇਜ਼ ਸ਼ਰਤ ਮੰਨਣੀ ਪੈਂਦੀ ਹੈ ਜਿਸ ਦੇ ਸਿੱਟੇ ਵਜੋਂ ਮਜਦੂਰਾਂ ਜਾਂ ਮੁਲਾਜ਼ਮਤ ਉਨ੍ਹਾਂ ਲਈ ਜ਼ਲਾਲਤ ਬਣ ਕੇ ਰਹ ਜਾਂਦੀ ਹੈ। ਚੌਥੇ ਉਨ੍ਹਾਂ ਨੂੰ ਖ਼ਤਰਨਾਕ ਦੁਸ਼ਵਾਰ ਅਤੇ ਗ਼ਲੀਜ਼ ਕੰਮ ਮਾਲਕਾ ਦੀਆਂ ਸ਼ਰਤਾਂ ਤੇ ਕਰਨੇ ਪੈਂਦੇ ਹਨ। ਪਰ ਕੰਮ ਸਾਰਿਆਂ ਨੂੰ ਫੇਰ ਵੀ ਨਹੀਂ ਮਿਲਦਾ। ਇਸ ਤਰ੍ਹਾਂ ਬੇਕਾਰੀ ਦੇ ਭੰਨੇ ਹੋਏ ਨੌਜਵਾਨ ਸੱਤਾਧਾਰੀ ਧਿਰਾਂ ਨੂੰ ਰਿਸ਼ਵਤ ਦੇਣ ਲਈ ਮਜਬੂਰ ਹੋ ਜਾਂਦੇ ਹਨ।

ਨਾਵਲਕਾਰ ਨੇ ਇਸ ਸਥਿਤੀ ਦਾ ਇਕ ਬੜਾ ਹੀ ਕਠੋਰ ਦ੍ਰਿਸ਼ ਨਾਵਲ ਵਿਚ ਮੂਰਤੀਮਾਨ ਕੀਤਾ ਹੈ। ਕਰਤਾਰ ਇਸ ਨਾਵਲ ਵਿਚ ਨੌਕਰੀ ਲੈਣ ਲਈ ਸਮਗਲਿੰਗ ਦੀ ਕਮਾਈ ਨਾਲ ਬਣੇ ਪਿੰਡ ਦੇ ਇਕ ਸਰਦਾਰ ਨੂੰ ਰਿਸ਼ਵਤ ਦੇਣ ਲਈ ਆਪਣੀ ਜੱਦੀ ਜ਼ਮੀਨ ਦਾ ਬਚਿਆ ਆਪਣਾ ਹਿੱਸੇ ਦਾ ਇਕ ਕਿੱਲਾ ਪਿੰਡ ਦੇ ਹੀ ਇਕ ਧਨੀ ਜ਼ਿਮੀਦਾਰ ਨਿਰੰਜਨ ਕੋਲ ਵੇਚ ਦਿੰਦਾ ਹੈ। ਪਰ ਉਹਦੀ ਇਕ ਵੱਟਤ ਅਜਾਈ ਚਲੀ ਜਾਂਦੀ ਹੈ। ਸਰਦਾਰ ਦੇ ਭਰੋਸੇ 'ਤੇ ਉਹ ਉਸ ਨਾਲ ਚੰਡੀਗੜ੍ਹ ਚਲਿਆ ਜਾਂਦਾ ਹੈ ਜਿਥੇ ਇਕ ਹੋਟਲ ਵਿਚ ਠਹਿਰ ਸਦਕਾ ਉਹਦੀ ਰਾਜ ਪੂੰਜੀ ਦਾ ਇਕ ਹਿੱਸਾ ਸਰਦਾਰ ਦੀ ਐਸ਼ ਪ੍ਰਸਤੀ ਉਤੇ ਹੀ ਖਰਚ ਹੋ ਜਾਂਦਾ ਹੈ।

ਕਰਤਾਰ ਦਾ ਸਰਦਾਰ ਉਤੇ ਵਿਸ਼ਵਾਸ ਉਦੋਂ ਡੋਲਦਾ ਹੈ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਚੋਣ ਤਾਂ ਉਸ ਉਮੀਦਵਾਰ ਦੀ ਹੋ ਗਈ ਹੈ ਜਿਸ ਨੇ ਪੰਜ ਹਜ਼ਾਰ ਦੀ ਥਾਂ ਦਸ ਹਜ਼ਾਰ ਦਾ ਚੜ੍ਹਾਵਾ ਚੜ੍ਹਾਇਆ ਹੈ।[13]

ਸਥਿਤੀ ਨੂੰ ਹੋਰ ਪ੍ਰਭਾਵਕਾਰੀ ਬਣਾਉਣ ਲਈ ਨਾਵਲਕਾਰ ਪਰਮਜੀਤ ਨਾਂ ਦੀ ਇਕ ਹੋਰ ਉਮੀਦਵਾਰ ਦਾ ਜ਼ਿਕਰ ਕਰਦਾ ਹੈ। ਜਿਹੜੀ ਕਾਲਜ ਦੇ ਪ੍ਰਧਾਨ ਕੋਲ ਲਗਾਤਾਰ ਤਿੰਨ ਦਿਨ ਆਪਣੀ ਦੇਹ ਵੇਚਦੀ ਰਹੀ ਹੈ ਪਰ ਚੋਣ ਉਸ ਦੀ ਵੀ ਨਹੀਂ ਹੁੰਦੀ। ਪਰਮਜੀਤ ਦਰ ਦਰ ਦੀਆਂ ਠੋਕਰਾਂ ਖਾ ਕੇ ਜਦੋਂ ਨਿਰਾਸ਼ ਹੋ ਜਾਂਦੀ ਹੈ ਤਾਂ ਨੌਕਰੀ ਲੈਣ ਲਈ ਉਹ ਕਾਲਜ ਦੇ ਪ੍ਰਧਾਨ ਨਾਲ ਆਪਣੇ ਤਨ ਦਾ ਸੌਦਾ

ਮਜਬੂਰੀ ਵਸ ਕਰਦੀ ਹੈ। ਪਰਮਜੀਤ ਦੀ ਇਸ ਮਜਬੂਰੀ ਦਾ ਗਲਪੀ ਚਿੱਤਰ ਕਰਦਾ ਹੋਇਆ ਨਾਵਲਕਾਰ ਲਿਖਦਾ ਹੈ:

> *ਘਰ ਦੀ ਕਬੀਲਦਾਰੀ ਬੜੀ ਲੰਬੀ ਏ। ਤਿੰਨ ਛੋਟੀਆਂ ਭੈਣਾਂ ਨੇ ਅਤੇ ਦੋ ਨਿੱਕੇ ਭਰਾ ਸੀ ਬੁੱਢੀ ਤੇ ਪਿਉ ਦਾ ਸਾਇਆ ਉਠੇ ਨੂੰ ਤਾਂ ਜਿਵੇਂ ਸਦੀਆਂ ਬੀਤ ਗਈਆਂ ਨੇ। ਨਾ ਕੋਈ ਜ਼ਮੀਨ ਨਾ ਵਣਜ ਵਪਾਰ ਤੇ ਇਕ ਮੁਲਾਜ਼ਮ ਕਿਨ੍ਹਾ ਕੁ ਕੁਝ ਸਟੋਰ ਕਰਕੇ ਰੱਖ ਸਕਦਾ।*[14]

ਸਪਸ਼ਟ ਹੈ ਕਿ ਪਰਮਜੀਤ ਨੂੰ ਉਹਦੇ ਪਰਿਵਾਰ ਦੀ ਆਰਥਿਕ ਮਜਬੂਰੀ ਦੇਹ ਦਾ ਵਪਾਰ ਕਰਨ ਲਈ ਮਜ਼ਬੂਰ ਕਰਦੀ ਹੈ ਪਰ ਰੋਜ਼ਗਾਰ ਫਿਰ ਵੀ ਨਹੀਂ ਮਿਲਦਾ। ਮੁਕਾਬਲੇ ਦੀ ਮੰਡੀ ਵਿਚ ਜੇ ਕਰਤਾਰ ਦਾ ਆਖ਼ਰੀ ਕਿੱਲਾ ਉਹਦਾ ਕੁਝ ਸੰਵਾਰ ਨਹੀਂ ਸਕਦਾ ਤਾਂ ਪਰਮਜੀਤ ਦਾ ਦੇਹ ਵਪਾਰ ਵੀ ਅਜਾਂਈ ਜਾਂਦਾ ਹੈ ਅਤੇ ਕਾਲਜ ਦੀ ਨੌਕਰੀ ਉਸ ਤੀਜੇ ਵਿਅਕਤੀ ਦੀ ਝੋਲੀ ਪੈ ਜਾਂਦੀ ਹੈ ਜੋ ਪ੍ਰਧਾਨ ਦੀ ਜੇਬ ਵਿਚ ਦਸ ਹਜ਼ਾਰ ਦੇ ਨੋਟ ਪਾ ਦਿੰਦਾ ਹੈ। ਇਹ ਪੂੰਜੀਵਾਦੀ ਭਾਂਤ ਦਾ ਮੁਕਾਬਲਾ ਹੈ ਜਿਹੜਾ ਭ੍ਰਿਸ਼ਟਾਚਾਰ ਅਤੇ ਵਿਭਚਾਰ ਦੇ ਖੇਤਰਾਂ ਵਿਚ ਪਸਰਿਆ ਹੋਇਆ ਹੈ। ਇਸ ਮੁਕਾਬਲੇ ਵਿਚ ਤਨ ਨਾਲੋਂ ਧਨ ਦਾ ਮੁੱਲ ਵਧੇਰੇ ਪੈਂਦਾ ਹੈ।

ਨਾਵਲ ਦੀ ਇਹ ਅੰਤਲੀ ਸਥਿਤੀ ਅਜੋਕੀ ਪੂੰਜੀਵਾਦੀ ਵਿਵਸਥਾ ਦੇ ਇਸ ਸੁਭਾ ਨੂੰ ਬੇਪਰਦ ਕਰਦੀ ਹੈ ਕਿ ਇਹ ਵਿਵਸਥਾ ਭਾਵੇਂ ਕਈਆਂ ਲਈ ਕੰਮ ਦੇ ਮੌਕੇ ਪੈਦਾ ਕਰਦੀ ਹੈ ਤਾਂ ਜੋ ਉਨ੍ਹਾਂ ਦੀ ਮਿਹਨਤ ਦੀ ਲੁੱਟ ਖਸੁੱਟ ਨਾਲ ਆਪਣੇ ਆਪ ਨੂੰ ਬਰਕਰਾਰ ਰੱਖ ਸਕੇ ਅਤੇ ਬੇਰੁਜ਼ਗਾਰ ਕਾਮਿਆਂ ਦੇ ਮਨ ਵਿਚ ਇਹ ਭਰਮ ਵੀ ਬਣਾਈ ਰੱਖੇ ਕਿ ਜਾਇਜ਼ ਨਜਾਇਜ਼ ਢੰਗ ਵਰਤ ਕੇ ਉਹ ਆਪਣਾ ਹੱਕ ਪ੍ਰਾਪਤ ਕਰ ਸਕਦੇ ਹਨ। ਪਰ ਨਾਵਲੀ ਪਾਠ ਵਿਚੋਂ ਬਾਹਰਮੁਖੀ ਯਥਾਰਥ ਦੀ ਜਿਹੜੀ ਝਲਕ ਪੈਂਦੀ ਹੈ, ਉਹ ਇਹ ਹੈ ਕਿ ਇਹ ਵਿਵਸਥਾ ਸਾਰਿਆਂ ਨੂੰ ਕੰਮ ਮੁਹੱਈਆ ਕਰ ਹੀ ਨਹੀਂ ਸਕਦੀ ਕਿਉਂਕਿ ਸਾਰਿਆਂ ਦੀ ਕਿਰਤ ਦੀ ਇਸ ਨੂੰ ਲੋੜ

ਨਹੀਂ। ਕਿਰਤ ਦੀ ਮੰਡੀ ਵਿਚ ਮੁਕਾਬਲਾ ਬਣਾਈ ਰੱਖਣ ਲਈ ਇਹ ਅਣਵਿਉਂਤੇ ਅਤੇ ਬੇਲੋੜੇ ਸਿੱਖਿਆ ਸਿਖਲਾਈ ਦੇ ਪ੍ਰਬੰਧ ਕਰਦੀ ਹੈ ਜਿਸ ਕਰਕੇ ਬੇਰੋਜ਼ਗਾਰੀ ਇਸ ਵਿਵਸਥਾ ਦਾ ਅਨਿਆਈ ਲੱਛਣ ਹੋ ਨਿਬੜਦੀ ਹੈ।

ਨਾਵਲ ਦੇ ਪਾਠ ਵਿਚ ਜਿਨ੍ਹਾਂ ਤਿੰਨ ਵਿਅਕਤੀਆਂ- ਕਰਤਾਰ, ਪਰਮਜੀਤ ਅਤੇ ਬੇਨਾਮ ਸਫਲ ਮਨੁੱਖ-ਵਿਚਕਾਰ ਮੁਕਾਬਲਾ ਦਿਖਾਇਆ ਗਿਆ ਹੈ ਉਹ ਸਾਡੇ ਉਪਰੋਕਤ ਮੱਤ ਦੀ ਪੁਸ਼ਟੀ ਕਰਦਾ ਹੈ। ਅਸਾਮੀ ਇਕ ਹੈ ਪਰ ਉਮੀਦਵਾਰ ਤਿੰਨ ਹਨ। ਦੋ ਨੇ ਤਾਂ ਵਿਹਲੇ ਰਹਿਣਾ ਹੀ ਰਹਿਣਾ ਹੈ। ਉਨ੍ਹਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਰੋਜ਼ਗਾਰ ਦੇਣ ਦੀ ਸਮਰਥਾ ਪੂੰਜੀਵਾਦੀ ਵਿਵਸਥਾ ਵਿਚ ਨਹੀਂ ਹੈ ਅਤੇ ਨਾ ਹੀ ਇਸ ਵਿਵਸਥਾ ਦੀ ਅਜਿਹੀ ਕੋਈ ਜ਼ਰੂਰਤ ਹੈ। ਇਸ ਦੇ ਉਲਟ ਬੇਰੋਜ਼ਗਾਰੀ ਇਸ ਵਿਵਸਥਾ ਲਈ ਲਾਭਕਾਰੀ ਸਾਬਤ ਹੁੰਦੀ ਹੈ ਜਿਸ ਦੇ ਕਾਰਨਾਂ ਬਾਰੇ ਅਸੀਂ ਪਿੱਛੇ ਚਰਚਾ ਕਰ ਚੁੱਕੇ ਹਾਂ। ਪੂੰਜੀਵਾਦੀ ਵਿਵਸਥਾ ਦੀ ਕਾਰਜ-ਨੀਤੀ ਵਿਚ ਲੋੜ ਅਨੁਸਾਰ ਤਾਲੀਮ ਅਤੇ ਤਰਬੀਅਤ ਦੇਣ ਦੀ ਕੋਈ ਨੀਤੀ ਨਹੀਂ ਬਣਾਈ ਜਾਂਦੀ। ਇਸ ਪ੍ਰਕਾਰ ਬਹੁਤ ਸਾਰੇ ਕਾਮੇ ਆਪਣੇ ਪੱਲਿਉਂ ਖਰਚ ਕਰਕੇ ਉੱਚੀ ਤੋਂ ਉੱਚੀ ਸਿੱਖਿਆ ਦੀ ਸਿਖਲਾਈ ਹਾਸਲ ਕਰਨ ਤੋਂ ਬਾਅਦ ਵੀ ਬੇਰੋਜ਼ਗਾਰਾਂ ਦੀ ਕਤਾਰ ਹੀ ਲੰਮੀ ਕਰਦੇ ਹਨ ਅਤੇ ਸਮਾਜ ਬਹੁਤ ਸਾਰਾ ਧਨ ਅਜਾਈ ਗੁਆਉਣ ਦਾ ਨਾ ਚਾਹੁੰਦੇ ਹੋਈ ਵੀ ਕਾਰਨ ਬਣਦੇ ਹਨ। ਇਉਂ ਬੇਰੋਜ਼ਗਾਰੀ ਦਾ ਮਸਲਾ ਨਿਰਾ ਪੁਰਾ ਵਿਅਕਤੀ ਲਈ ਹੀ ਹਾਨੀਕਾਰਕ ਸਾਬਤ ਨਹੀਂ ਹੁੰਦਾ, ਸਮੁੱਚੇ ਸਮਾਜ ਵਾਸਤੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜੀਆਂ ਕਰਦਾ ਹੈ। ਦੂਸਰੇ ਮੁਲਕਾਂ ਵਿਚ ਪਰਵਾਸ, ਗ਼ੈਰ ਕਾਨੂੰਨੀ ਕਾਰਜ ਕਰਨ ਵੱਲ ਰੁਝਾਨ ਆਤਮ ਹੱਤਿਆਵਾਂ ਅਤੇ ਭੁੱਖਮਰੀ ਆਦਿ ਇਸ ਮਸਲੇ ਦੇ ਉਭਰਵੇਂ ਪਹਿਲੂ ਹਨ। ਆਜ਼ਾਦ ਭਾਰਤ ਵਿਚ ਪੂੰਜੀਵਾਦੀ ਵਿਵਸਥਾ ਦੇ ਵਿਕਾਸ ਦੇ ਨਾਲ ਕਰਤਾਰ ਵਰਗੇ ਪੜ੍ਹੇ ਲਿਖੇ ਲੋਕਾਂ ਦੇ ਜੀਵਨ ਨੂੰ ਅੰਤਰ-ਸਬੰਧਤ ਕਰਦਾ ਹੋਇਆ। ਡਾ. ਵਿਨੋਦ ਇਸ ਵਿਵਸਥਾ ਤੇ ਟਿੱਪਣੀ ਕਰਦਾ ਹੈ:

*ਆਜ਼ਾਦ ਭਾਰਤ ਸਾਮਰਾਜ ਅਤੇ ਉਸ ਦੀ ਸਰਪ੍ਰਸਤੀ ਅਧੀਨ ਵਿਕਾਸ ਦੇ ਸਰਮਾਏਦਾਰੀ ਰਾਹ ਉਤੇ ਚਲ ਰਿਹਾ ਹੈ। ਇਹ ਬਹੁਤ ਸਾਰੇ ਖੇਤਰਾਂ ਵਿਚ ਪੂਰਨ ਰੂਪ ਵਿਚ ਅਸਫ਼ਲ ਹੋਇਆ ਹੈ। ਜੋ ਲੋੜੀਂਦਾ ਸੀ ਤੇ ਪ੍ਰਾਪਤ ਕਰਨ ਯੋਗ ਸੀ, ਇਹ ਉਹ ਵੀ ਪ੍ਰਾਪਤ ਨਹੀਂ ਕਰ ਸਕਿਆ ਦੂਜੇ ਪਾਸੇ ਜੋ ਕੁਝ ਵੀ ਇਹਨਾਂ ਪੈਦਾ ਕੀਤਾ ਉਹ ਰਾਜ ਸੱਤਾ ਦੇ ਕਾਬਜ ਜਮਾਤ ਨੇ ਵਿਸ਼ਵੀ ਸਾਮਰਾਜ ਨਾਲ ਸਾਂਝਾ ਕੀਤਾ। ਇਸ ਤਰ੍ਹਾਂ ਦੇਸ਼ ਦੀ ਬੁਰਜੁਆਈ ਦੇ ਛੋਟੇ ਹਿੱਸੇ ਨੇ ਭਾਰਤ ਦੇ ਪ੍ਰਾਕ੍ਰਿਤਕ ਅਤੇ ਮਾਨਵੀ ਸਰੋਤਾਂ ਦਾ ਸ਼ੋਸ਼ਿਨ ਕੀਤਾ ਹੈ। ਇਸ ਸਥਿਤੀ ਵਿਚ ਦੇਸ਼ ਦੋ ਵਿਰੋਧੀ ਕੈਂਪਾਂ ਅਮੀਰਾਂ ਤੇ ਗਰੀਬਾਂ ਵਿਚ ਵੰਡਿਆ ਗਿਆ ਹੈ। ...... ਮੀਤ ਨੇ ਇਹ ਸਾਰਾ ਕੁਝ ਆਪਣੇ ਜੀਵਨ ਵਿਚ ਅਨੁਭਵ ਕੀਤਾ ਹੈ ਅਤੇ ਕਰਤਾਰ ਦੇ ਪਿਉ ਦੀ ਦੁਖਾਂਤ ਸਥਿਤੀ ਰਾਹੀਂ ਇਸ ਨਾਵਲ ਵਿਚ ਪੇਸ਼ ਕੀਤਾ ਹੈ।*[15]

ਪਰੰਤੂ ਬੇਰੋਜ਼ਗਾਰ ਮਨੁੱਖ ਭਵਿੱਖਮੁਖੀ ਚੇਤਨਾ ਦੇ ਲੜ ਲਗ ਕੇ ਸਮਕਾਲੀ ਸ਼੍ਰੇਣੀ-ਸਮਾਜ ਵਿਰੁੱਧ ਸਾਰਥਕ ਵਿਦਰੋਹ ਦੇ ਲੜ ਲਗ ਸਕਦੇ ਹਨ। ਇਹ ਵਿਦਰੋਹ ਮੁੱਢਲੇ ਪੜਾਵਾਂ 'ਤੇ ਰੋਮਾਂਇਕ, ਵਿਅਕਤੀਗਤ ਅਤੇ ਗ਼ੈਰ ਤਾਰਕਿਕ ਹੀ ਹੁੰਦਾ ਹੈ ਪਰ ਇਸ ਵਿਦਰੋਹ ਵਿਚ ਹੀ ਭਵਿੱਖਮੁਖੀ ਸਮੂਹਕ ਸੁਚੇਤ ਅਤੇ ਨਿਰੰਤਰ ਸੰਘਰਸ਼ ਦੇ ਬੀਜ ਛੁਪੇ ਹੋਏ ਹਨ। ਨਾਵਲੀ ਪਾਠ ਇਸ ਤਰ੍ਹਾਂ ਦੇ ਵਿਦਰੋਹ ਨਾਲ ਮੁਕਦਾ ਹੈ ਜਿਸ ਬਾਰੇ ਸਪਸ਼ਟ ਭਾਂਤ ਸੂਚਿਤ ਕਰਦਾ ਹੋਇਆ ਇਸ ਨਾਵਲ ਦੀ ਭੂਮਿਕਾ ਵਿਚ ਨਾਟਕਕਾਰ ਗੁਰਸ਼ਰਨ ਸਿੰਘ ਲਿਖਦਾ ਹੈ ਕਿ:

*ਜਿਹੜੇ ਅੱਗ ਦੇ ਬੀਜ ਮਿੱਤਰ ਸੈਨ ਮੀਤ ਆਪਣੇ ਨਾਵਲ ਵਿਚ ਪਾ ਰਿਹਾ ਹੈ ਉਹ ਇਸ 20 ਸਾਲਾ ਨੌਜਵਾਨ ਵਿਦਿਆਰਥੀ ਲੇਖਕ ਦੇ ਆਪਣੇ ਹੰਢਾਏ ਹੋਏ ਪਲਾਂ ਦਾ ਪ੍ਰਗਟਾਵਾ ਹੈ। ਇਸ ਪ੍ਰਗਟਾਵ ਵਿਚ*

*ਕੋਈ ਬਨਾਵਟ ਨਹੀਂ ਕੋਈ ਦੰਭ ਨਹੀਂ ਅਤੇ ਕੋਈ ਕਲਾ ਦੀਆਂ ਕਲਾਬਾਜੀਆਂ ਨਹੀਂ ਸਗੋਂ ਸੱਚੇ ਤੇ ਸੁੱਚੇ ਰੂਪ ਵਿਚ ਪਾਠਕਾਂ ਦੇ ਅੱਗੇ ਹੈ। ਇਸ ਵਿਚ ਸਮੇਟੀ ਹੋਈ ਅੱਗ ਦਾ ਸੇਕ ਪਾਠਕਾਂ ਦੇ ਖ਼ੂਨ ਨੂੰ ਗਾਉਂਦਾ ਹੈ ਅਤੇ ਉਨ੍ਹਾਂ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਇਹ ਅੱਗ ਜਦੋਂ ਪ੍ਰਚੰਡ ਹੋਵੇਗੀ ਉਸ ਵੇਲੇ ਹੀ ਸਮਾਜ ਦਾ ਕਲਿਆਣ ਹੋਵੇਗਾ। ਅੱਗ ਦੇ ਬੀਜਾਂ ਦਾ ਬੀਜਿਆ ਜਾਣਾ ਇਕ ਮੁਬਾਰਕ ਕਦਮ ਹੈ ਹੁਣ ਉਡੀਕ ਅੱਗ ਦੀ ਹੈ।*[16]

ਨਿਆਂ ਦੇ ਹੱਕ ਵਿਚ ਅਤੇ ਅਨਿਆਂ ਦੇ ਵਿਰੋਧ ਵਿਚ ਲਿਖੇ ਇਸ ਨਾਵਲ ਦੀ ਬਿਰਤਾਂਤਕਾਰੀ ਦੀ ਜੁਗਤ ਨਿਰਸੰਦੇਹ ਸਿੱਧੀ, ਸਰਲ, ਸਪਾਟ ਅਤੇ ਸਤਰੀ ਹੈ। ਜਿਸ ਕਰਕੇ ਇਹ ਨਾਵਲ ਸਾਮਕਾਲ ਦੇ ਬਾਹਰਮੁੱਖੀ ਯਥਾਰਥ ਨੂੰ ਉਸ ਦੇ ਸਮੁੱਚੇ ਅਤੇ ਗਹਿਰਾਈ ਵਿਚ ਚਿਤਰਣ ਤੋਂ ਮਹਿਰੂਮ ਰਹਿ ਗਿਆ ਹੈ। ਪਰ ਇਸ ਦੀ ਰਚਨਾ ਵਸਤੂ ਅਤੇ ਰਚਨਾ ਦ੍ਰਿਸ਼ਟੀ ਨਿਰਸੰਦੇਹ ਪਰਸੰਸਾ ਦੀ ਪਾਤਰ ਹੈ। ਜਿਸ ਦੇ ਵਿਭਿੰਨ ਪਹਿਲੂ ਅਤੇ ਪਸਾਰ ਸਮਾਜ ਰੂਪ ਵਿਚ ਗਲਪੀ ਬਿੰਬ ਵਿਚ ਢਲ ਕੇ ਉਸ ਦੇ ਅਗਲੇ ਨਾਵਲ ***ਤਫਤੀਸ਼*** ਤੋਂ ਮੂਰਤੀਮਾਨ ਹੋਣੇ ਸ਼ੁਰੂ ਹੋ ਜਾਂਦੇ ਹਨ। ਪ੍ਰੋ: ਖਾਹਰਾ ਨੇ ਇਸ ਨਾਵਲ ਵਿਚ ਸੁਧਾਰਵਾਦੀ, ਪ੍ਰਗਤੀਵਾਦੀ ਅਤੇ ਹਕੀਕਤਨਿਗਾਰੀ ਤਿੰਨਾਂ ਦ੍ਰਿਸ਼ਟੀਆਂ ਦੀ ਮਿੱਸ ਦੀ ਦਰੁੱਸਤ ਨਿਸ਼ਾਹਨਦੇਹੀ ਕਰਦਿਆਂ ਸੰਕੇਤ ਦਿੱਤਾ ਹੈ ਕਿ ਮੀਤ ਆਪਣੇ ਨਾਵਲ ਤਫ਼ਤੀਸ਼ ਵਿਚ ਸ਼ੁਧਹਕੀਕਤ ਨਿਗਾਰੀ ਦੇ ਦ੍ਰਿਸ਼ਟੀਕੋਣ ਨੂੰ ਅਪਣਾਉਂਦਾ ਨਜ਼ਰ ਆਉਂਦਾ ਹੈ।[17]

ਪੇਂਡੂ ਜੀਵਨ ਬਾਰੇ ਮਿੱਤਰ ਸੈਨ ਮੀਤ ਦਾ ਦੂਸਰਾ ਨਾਵਲ ***ਕਾਫ਼ਲਾ*** ਦਾ ਰਚਨਾ ਕਾਲ 1973 ਹੈ ਜਦ ਕਿ ਇਸ ਦਾ ਪ੍ਰਕਾਸ਼ਨ ਸਾਲ 1986 ਹੈ। ਰਚਨਾ ਅਤੇ ਪ੍ਰਕਾਸ਼ਨ ਵਿਚਕਾਰ ਵਕਤ ਦਾ ਇਹ ਫਾਸਲਾ ਨਕਸਲੀ ਲਹਿਰ ਜੋ ਕਿ ਇਸ ਨਾਵਲ ਦੀ ਰਚਨਾ ਸਮੱਗਰੀ ਹੈ, ਦੇ ਉਤਾਰ ਦੀ ਦਸ਼ਾ ਦਾ ਸੰਕੇਤਕ ਹੈ। ਨਾਵਲ

ਦੀ ਮੁਖ ਕਥਾ ਵਲ ਸੰਕੇਤ ਕਰਦਾ ਓਮ ਪ੍ਰਕਾਸ਼ ਗਾਧੋ ਇਸ ਨਾਵਲ ਦੀ ਪ੍ਰਵੇਸ਼ਿਕਾ ਵਿਚ ਲਿਖਦਾ ਹੈ:

> *ਪਾਣੀ ਦੀ ਲਹਿਰ ਅਤੇ ਸਮਾਜਿਕ ਔਕੜਾਂ ਚੌਂ ਪੈਦਾ ਹੋਈ ਆਕ੍ਰੋਸ਼ ਦੀ ਲਹਿਰ ਵਿਚ ਬਹੁਤ ਵੱਡਾ ਅੰਤਰ ਹੁੰਦਾ ਹੈ। ਸਮਾਜਿਕ ਆਕ੍ਰੋਸ਼ ਦੀ ਉਮਰ ਸਮਾਜਿਕ ਅਨਿਆਂ ਦੇ ਨਾਲ ਨਾਲ ਧੁਖਦੀ ਰਹਿੰਦੀ ਹੈ। ਧੁਖਦੀ ਹੋਈ ਅੱਗ ਕਦੇ-ਕਦੇ ਲਾਟ ਵੀ ਬਣ ਜਾਂਦੀ ਹੈ। ਸਮਾਜਿਕ ਅੱਗ ਦੇ ਵੱਖ-ਵੱਖ ਰੂਪ ਹੁੰਦੇ ਹਨ ਕਿਤੇ ਇਹ ਅੱਗ ਬੁਝਕੇ ਸੁਆਹ ਬਣੀ ਹੋਈ ਹੁੰਦੀ ਹੈ ਤੇ ਕਿਤੇ ਇਸ ਅੱਗ ਦੇ ਅੰਗਿਆਰ ਮਘਦੇ ਹੁੰਦੇ ਹਨ ਤੇ ਕਿਸੇ ਪਾਸੇ ਇਸ ਅੱਗ ਦੀਆਂ ਲਾਟਾਂ ਉੱਚੀਆਂ ਹੋ ਜਾਂਦੀਆਂ ਹਨ। ਇਸ ਤਰ੍ਹਾਂ ਦੀ ਸਮਾਜਿਕ-ਅੱਗ ਦੀ ਕਹਾਣੀ ਨੂੰ ਹੀ ਇਸ ਨਾਵਲ ਵਿਚ ਰੂਪਮਾਨ ਕੀਤਾ ਹੈ।*[18]

ਉਹ ਅੱਗੇ ਲਿਖਦਾ ਹੈ:

> *'ਮੀਤ' ਦੇ ਇਸ ਨਾਵਲ ਵਿਚ ਜਾਗੀਰਦਾਰੀ ਦੇ ਧੱਕੜ-ਵਿਵਹਾਰ ਅਤੇ ਚੌਧਰੀਆਂ ਦੇ ਵਿਹਾਰ ਦੀਆਂ ਲੂੰਬੜ-ਚਾਲਾਂ ਨੂੰ ਬੜੇ ਹੀ ਆਪੇ ਨਾਲ ਚਿਤਰਿਆ ਗਿਆ ਹੈ। ਜਾਗੀਰਦਾਰੀ ਦੇ ਧੱਕੜ-ਪੁਣੇ 'ਚੋਂ ਜੋ ਧੱਕੜ ਕਾਮੁਕਤਾ ਅਤੇ ਚੌਧਰੀਆਂ ਦੇ ਸੁਆਰਥ 'ਚੋਂ ਜੋ ਲੀਚੜਪੁਣਾ ਪੈਦਾ ਹੁੰਦਾ ਰਹਿੰਦਾ ਹੈ। ਉਹ ਪਿੰਡ ਨੂੰ ਖੱਜਲ-ਖੁਆਰ ਕਰਦਾ ਹੈ, ਉਸ ਦੀ ਕਹਾਣੀ ਹੈ, ਇਹ ਨਾਵਲ।*[19]

ਬੰਗਾਲ ਦੇ ਇਕ ਪਿੰਡ ਨਕਲਸਵਾੜੀ ਵਿਚੋਂ ਉਠੇ ਖਾੜਕੂ ਵਿਦਰੋਹ ਦਾ ਅਸਰ ਪੰਜਾਬ ਦੇ ਨੌਜਵਾਨ ਵਰਗ ਉਤੇ ਵੀ ਪੈਣਾ ਸ਼ੁਰੂ ਹੋ ਗਿਆ ਸੀ ਅਤੇ ਪੰਜਾਬੀ ਦੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿੱਚ ਇਸ ਦਾ ਉਤਸ਼ਾਹਜਨਕ ਚਿੱਤਰ ਰੂਪਮਾਨ ਕਰਨਾ ਸ਼ੁਰੂ ਕਰ ਦਿੱਤਾ ਸੀ। ਪਰੰਤੂ ਸਰਕਾਰੀ ਆਤੰਕਵਾਦ ਇਸ ਲਹਿਰ

ਉਤੇ ਇੰਨੀ ਤੇਜ਼ੀ ਅਤੇ ਤੀਖਣਤਾ ਨਾਲ ਵਰ੍ਹਿਆ ਸੀ ਕਿ ਇਹ ਲਹਿਰ ਬਹੁਤ ਛੇਤੀ ਖਿੰਡ ਪੁੰਡ ਗਈ ਸੀ। ਇਹ ਇਕ ਕਾਰਣ ਸੀ ਕਿ ਇਸ ਨਾਵਲ ਨੂੰ ਤੁਰੰਤ ਨਾ ਛਪਵਾਇਆ ਜਾ ਸਕਿਆ ਸੀ। ਖ਼ੁਦ ਲਹਿਰ ਦੇ ਕਾਰਕੁੰਨ ਵੀ ਇਨਕਲਾਬੀ ਦਹਿਸ਼ਤ ਦੀ ਰਣਨੀਤੀ ਦਾ ਤਿਆਗ ਕਰਕੇ ਨਵੇਂ ਸਿਰੇ ਤੋਂ ਕਿਸੇ ਤਾਰਕਿਕ ਕਾਰਜਸ਼ੀਲਤਾ ਦੀ ਤਲਾਸ਼ ਵਿਚ ਜੁਟ ਗਏ ਸਨ। ਇਉਂ ਇਹ ਨਾਵਲ ਅਣਛਪੇ ਰੂਪ ਵਿਚ ਪਿਆ ਰਿਹਾ ਅਤੇ ਕਿਸੇ ਢੁਕਵੇਂ ਸਮੇਂ ਦੀ ਉਡੀਕ ਕਰਨ ਲੱਗਿਆ। ਡਾ. ਸੁਖਦੇਵ ਸਿੰਘ ਖਾਹਰਾ ਦੀ ਸੋਚ ਅਨੁਸਾਰ 1986 ਦਾ ਸਾਲ ਇਸ ਦੇ ਪ੍ਰਕਾਸ਼ਨ ਲਈ ਢੁਕਵਾਂ ਸਾਬਤ ਹੋਇਆ ਕਿਉਂਕਿ, *ਇਸ ਦਾ ਸੰਬੋਧਨ ਆਪਣੇ ਸਮਕਾਲ ਦੇ ਉਸ ਪਾਠਕ ਨੂੰ ਹੈ ਜਿਸ ਨੂੰ ਦਹਿਸ਼ਤਜ਼ਦਾ ਕਰਕੇ ਧਾਰਮਿਕ-ਸੰਪਰਦਾਇਕ ਲੀਹਾਂ ਉੱਪਰ ਬਣਾਏ ਜਾ ਰਹੇ ਕਾਫ਼ਲਿਆਂ ਵਿਚ ਜਬਰੀ ਸ਼ਾਮਲ ਕੀਤਾ ਜਾ ਰਿਹਾ ਸੀ।''*[19] ਇਸ ਨਾਵਲ ਦੀ ਕੇਂਦਰੀ ਥੀਮ ਬਾਰੇ ਡਾ. ਟੀ.ਆਰ. ਵਿਨੋਦ ਲਿਖਦਾ ਹੈ:

ਇਸ ਨਾਵਲ ਦੀ ਕੇਂਦਰੀ ਥੀਮ ਪਿੰਡ ਦੀਆਂ ਬੁਨਿਆਦੀ ਜਮਾਤਾਂ ਦੇ ਅੰਤਰ-ਵਿਰੋਧਾਂ, ਹਿੱਤਾਂ ਨਾਲ ਆਪਣਾ ਸਰੋਕਾਰ ਰੱਖਦੀ ਹੈ। ਇਹ ਜਮਾਤ ਉਨ੍ਹਾਂ ਦੀ ਹੈ ਜਿਹੜੇ ਮਾਲਕ ਤਾਂ ਹਨ ਪਰ ਕੰਮ ਨਹੀਂ ਕਰਦੇ। ਦੂਜੀ ਜਮਾਤ ਉਨ੍ਹਾਂ ਦੀ ਹੈ ਜਿਹੜੇ ਮਾਲਕ ਨਹੀਂ ਪਰ ਕੰਮ ਕਰਦੇ ਹਨ। ਨਾਵਲ ਦਾ ਆਰੰਭ ਜ਼ਿਮੀਦਾਰ ਪਰਿਵਾਰ ਦੇ ਜੀਵਨ ਪ੍ਰਗਟਾ ਰਾਹੀਂ ਹੁੰਦਾ ਹੈ। ਇਸ ਪਰਿਵਾਰ ਕੋਲ ਵਿਰਾਸਤ ਵਿਚ ਮਿਲੀ ਕਾਫ਼ੀ ਸਾਰੀ ਜ਼ਮੀਨ ਹੈ ਜਿਥੇ ਬੇਜ਼ਮੀਨ ਕਾਸ਼ਤਕਾਰ ਖੇਤੀ ਕਰਦੇ ਹਨ। ਇਹ ਜਮਾਤ ਜ਼ਿਮੀਦਾਰ ਜਮਾਤ ਲਈ ਵਾਧੂ/ਵਾਫਰ ਉਤਪਾਦ ਮੁਹੱਈਆ ਕਰਵਾਉਂਦੀ ਹੈ। ਇਹ ਰੀਤ ਸਦੀਆਂ ਤੋਂ ਚਲੀ ਆ ਰਹੀ ਹੈ। ਪਰੰਤੂ ਕਾਮਾ ਸ਼੍ਰੇਣੀਆਂ ਆਪਣੇ ਸ਼ੋਸ਼ਿਣ ਬਾਰੇ ਚੇਤੰਨ ਨਹੀਂ। ਜ਼ਿਮੀਦਾਰਾਂ ਦੀਆਂ ਸਾਰੀਆਂ ਪੀੜ੍ਹੀਆਂ ਆਨੰਦਮਈ ਜੀਵਨ ਜਿਹੜਾ ਧਨ, ਸ਼ਰਾਬ ਤੇ ਔਰਤ ਦੁਆਲੇ ਘੁੰਮਦਾ ਹੈ, ਵਤੀਤ ਕਰਦੀਆਂ ਹਨ।[20]

''ਪਿਛੋਕੜ ਅਤੇ ਪਰਿਪੇਖ: ਮੁਢਲੇ ਨਾਵਲ'' ਨਾਂ ਦੇ ਆਪਣੇ ਲੇਖ ਵਿਚ ਡਾ. ਖਾਹਰਾ ਦੋਹਾਂ ਨਾਵਲਾਂ ਦੀ ਬਿਰਤਾਂਤਕਾਰੀ ਵਿਚਲੇ ਅੰਤਰ ਬਾਰੇ ਆਪਣੀ ਰਾਇ ਜ਼ਾਹਿਰ ਕਰਦਾ ਹੋਇਆ ਲਿਖਦਾ ਹੈ:

> *ਜਿੱਥੇ ਪਹਿਲੇ ਨਾਵਲ ਦੀ ਸੰਰਚਨਾ ਇਕਹਿਰੀ ਬਿਰਤਾਂਤ ਗਤੀ ਵਾਲੀ ਹੋਣ ਕਰਕੇ ਇਸ ਰਚਨਾ ਦੇ 'ਲੰਮੀ ਕਹਾਣੀ' ਜਾਂ 'ਨਾਵਲਿਟ' ਹੋਣ ਦਾ ਪ੍ਰਭਾਵ ਦਿੰਦੀ ਹੈ ਉਥੇ **ਕਾਫ਼ਲਾ** ਦੀ ਬਿਰਤਾਂਤ ਗਤੀ ਇਕੋ ਵੇਲੇ ਇਕਾਲਕਤਾ ਅਤੇ ਬਹੁਕਾਲਤਾ ਦੀਆਂ ਦਿਸ਼ਾਵਾਂ ਵਿਚ ਫੈਲੀ ਹੋਣ ਕਰਕੇ ਨਾਵਲੀ ਚਰਿੱਤਰ ਦੀ ਧਾਰਨੀ ਹੈ।*[21]

ਇਸ ਨਾਵਲ ਦੀ ਬਿਰਤਾਂਤਕਾਰੀ ਦੀ ਵਿਧੀ ਬਹੁਕਥਾਵੀ ਹੈ: ਇਕ ਕਥਾ ਸਰਦਾਰ ਦੇ ਪਰਿਵਾਰ ਦੀ ਹੈ, ਦੂਸਰੀ ਚੌਧਰੀਆਂ ਦੇ ਪਰਿਵਾਰ ਦੀ ਹੈ, ਤੀਸਰੀ ਨਾਵਲ ਦੀ ਨਾਇਕਾ ਕਰਤਾਰੋ ਕੇ ਪਰਿਵਾਰ ਦੀ ਹੈ; ਚੌਥੀ ਦਾ ਸਬੰਧ ਨਸ਼ਈਆ ਦੀ ਤਿੱਕੜੀ ਨਾਲ ਹੈ; ਪੰਜਵੀਂ ਇਨਕਲਾਬੀ ਅਨਸਰਾਂ ਦੀ ਕਾਰਵਾਈ ਪ੍ਰਕਾਸ਼ਮਾਨ ਕਰਦੀ ਹੈ ਜਦ ਕਿ ਛੇਵੀਂ ਸਟੇਟ ਦੀ ਇਕ ਬਾਂਹ ਪੁਲਿਸ ਦੇ ਕਿਰਦਾਰ ਨੂੰ ਨੰਗਾ ਕਰਦੀ ਹੈ। ਇਨ੍ਹਾਂ ਸਾਰੀਆਂ ਕਥਾਵਾਂ ਦੀ ਬੱਝਵੀਂ ਬਣਤ ਵਿਚੋਂ ਤਤਕਾਲੀ ਨਿਆਂ ਪ੍ਰਣਾਲੀ ਦੇ ਇਕ ਤੋਂ ਜ਼ਿਆਦਾ ਪੱਖ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ।

ਪੇਂਡੂ ਰਹਿਤਲ ਦੀ ਪਹਿਲੀ ਵੱਡੀ ਜਮਾਤ ਕਿਸਾਨੀ ਹੈ ਜੋ ਗਿਣਤ ਵਿਚ ਬਹੁਤੀ ਅਤੇ ਜ਼ਮੀਨ ਦੀ ਮਾਲਕ ਹੋਣ ਕਰਕੇ ਪੇਂਡੂ ਜੀਵਨ ਦੇ ਸਮੁੱਚੇ ਕਾਰ-ਵਿਹਾਰ ਉਤੇ ਹਾਵੀ ਹੈ। ਪਿੰਡਾਂ ਦੀ ਦੂਸਰੀ ਵੱਡੀ ਜਮਾਤ ਵਿਹੜਿਆਂ ਦੇ ਵਾਸੀ ਭੂਮੀਹੀਣ ਕੰਮੀ-ਕਮੀਣਾਂ ਦੀ ਹੈ। ਇਸ ਜਮਾਤ ਦੀ ਸਮਾਜਿਕ-ਆਰਥਿਕ ਹਾਲਤ ਇੰਨੀ ਪਤਲੀ ਹੈ ਕਿ ਭੂਮੀ ਦੇ ਜਿਸ ਟੁਕੜੇ ਉੱਤੇ ਇੰਨਾਂ ਨੇ ਆਪਣੇ 'ਘੁਰਣਿਆਂ ਵਰਗੇ' ਕੱਚੇ ਕੋਠੇ ਛੱਤੇ ਹੋਏ ਹਨ, ਉਹ ਟੁਕੜਾ ਵੀ ਰਿਵਾਜੀ ਅਤੇ ਕਾਨੂੰਨੀ ਤੌਰ 'ਤੇ ਮਾਲਕ

ਕਿਸਾਨੀ ਦਾ ਹੈ। ਇਉਂ ਵਿਹੜਿਆਂ ਦੇ ਵਾਸੀ ਇਹ ਲੋਕ ਖੇਤੀ ਯੋਗ ਜ਼ਮੀਨ ਤੋਂ ਤਾਂ ਵਾਂਝੇ ਹਨ ਹੀ, ਇਹ ਆਪਣੇ ਕੱਚੇ ਕੋਠਿਆਂ ਦੇ ਵੀ ਮਾਲਕ ਨਹੀਂ ਹਨ।

ਆਪਣਾ ਜੂਨ-ਗੁਜ਼ਾਰਾ ਕਰਨ ਲਈ ਇਹ ਜਮਾਤ ਕਿਸਾਨੀ ਉਤੇ ਨਿਰਭਰ ਹੈ। ਕਿਸਾਨੀ ਦਾ ਗੋਲ੍ਹਪੁਣਾ ਇਹ ਪੁਸ਼ਤਾਂ ਤੋਂ ਉਨ੍ਹਾਂ ਦੀਆਂ ਸ਼ਰਤਾਂ ਉੱਤੇ ਕਰਦੇ ਆ ਰਹੇ ਹਨ। ਇਹ ਜਮਾਤ ਦੇ ਗੱਭਰੂ ਕਿਸਾਨਾਂ ਨਾਲ ਸੀਰ ਕਮਾਉਂਦੇ ਹਨ, ਜੁਆਕ ਇਨ੍ਹਾਂ ਦੇ ਡੰਗਰ ਸਾਂਭਦੇ ਹਨ ਅਤੇ ਨੂੰਹਾਂ-ਧੀਆਂ ਇਨ੍ਹਾਂ ਦੇ ਘਰ ਦਾ ਗੋਹਾ-ਕੂੜਾ ਕਰਦੀਆਂ ਹਨ। ਪਿੰਡਾਂ ਵਿਚ ਦਿਹਾੜੀ 'ਤੇ ਕੰਮ ਕਰਨ ਦਾ ਰਿਵਾਜ ਅਜੇ ਮੁੱਢਲੇ ਪੜਾਅ 'ਤੇ ਹੀ ਸੀ ਜਿਸ ਕਰਕੇ ਦਿਹਾੜੀ ਦਾ ਸਵਾਲ ਉਨ੍ਹਾਂ ਦਿਨਾਂ ਵਿਚ ਦੋਹਾਂ ਜਮਾਤਾਂ ਦੇ ਪਰਸਪਰ ਟਕਰਾ ਦਾ ਕਾਰਣ ਬਣਦਾ ਸੀ।

ਨਾਵਲ ਦਾ ਮੁੱਢ ਪਿੰਡ ਦੇ ਵੱਡੇ ਸਰਦਾਰ ਦੇ 'ਕਾਕਾ ਜੀ' ਦੀਆਂ ਜਿਨਸੀ ਕਰਤੂਤਾਂ ਦੀ ਸੂਚਨਾ ਨਾਲ ਬੱਝਦਾ ਹੈ। *''ਪਹਿਲੀ ਵਾਰ ਜਦੋਂ ਉਹ ਪੰਦਰਾਂ ਵਰ੍ਹਿਆਂ ਦਾ ਸੀ, ਨਿਹਾਲੇ ਤਖਾਣ ਦੀ ਨੂੰਹ ਸੰਤੋ ਦਾ ਨਿੱਘ ਉਹਨੂੰ ਪ੍ਰਾਪਤ ਹੋਇਆ ਸੀ।''*[22] ਇਸ ਤੋਂ ਪਿੱਛੋਂ ਤਾਂ ਉਸ ਦਾ ਜਾਣੋ ਕੜ ਪਾੜ ਗਿਆ ਸੀ- ਹਰਨਾਮੋ ਜਾਂ ਜੀਤੋ ਜੋ ਵੀ ਉਸ ਦੇ ਧੱਕੇ ਚੜ੍ਹ ਜਾਂਦੀ, ਉਹੀ ਉਹਦੀ ਹਵਸ ਦਾ ਸ਼ਿਕਾਰ ਬਣ ਜਾਂਦੀ। ਸੰਗ-ਸ਼ਰਮ ਜਾਂ ਬਦਨਾਮੀ ਦਾ ਡਰ ਉਹਦੇ ਕੋਲੋਂ ਖੰਡ ਲਾ ਕੇ ਉੱਡ ਗਏ ਸਨ। ਇਹ ਸਰਦਾਰਾਂ ਦਾ ਸ਼ੁਗਲ ਸੀ ਅਤੇ ਉਨ੍ਹਾਂ ਦਾ ਅਧਿਕਾਰ ਵੀ। ਮੀਤੋ ਵਰਗੀ ਕੋਈ ਕੁੜੀ ਜੇ ਥੋੜ੍ਹਾ ਮੋਟਾ ਤੰਗ ਵੀ ਕਰਦੀ ਸੀ ਤਾਂ ਇਹ ਉਹਦਾ ਨਖਰਾ ਹੀ ਸੀ। ਉਂਝ ਉਹਨੇ ਗੱਲ ਦੀ ਭਾਫ਼ ਤੱਕ ਨਹੀਂ ਕੱਢੀ ਸੀ।

ਸਰਦਾਰ ਦੀਆਂ ਸ਼ਿਕਾਰ ਨੂੰਹਾਂ-ਧੀਆਂ ਵੱਲੋਂ ਕਿਉਂਕਿ ਕੋਈ ਉਜਰ ਨਹੀਂ ਕੀਤਾ ਜਾਂਦਾ ਰਿਹਾ ਸੀ, ਇਸ ਲਈ ਸਰਦਾਰ ਦੀ ਇਹ ਕਰਤੂਤ ਨਿਆਂ/ਅਨਿਆਂ ਦਾ ਮਸਲਾ ਖੜ੍ਹਾ ਨਹੀਂ ਕਰਦੀ। ਇਹ ਮਹਿਜ਼ ਨਾਵਲਕਾਰ ਦੀ ਸਦਾਚਾਰਕ ਸੋਚ ਦਾ ਹੀ ਪਰਤੌ ਹੈ ਕਿ ਉਹ ਸਰਦਾਰ ਨੂੰ ਵਿਭਚਾਰੀ ਸਿੱਧ ਕਰਨ ਲਈ ਅਤੇ ਪਿੰਡ

ਦੀਆਂ ਨੂੰਹਾਂ-ਧੀਆਂ ਨਾਲ ਹੋਏ ਅਨਿਆਂ ਦੀ ਸੂਚਨਾ ਦੇਣ ਲਈ ਹੀ ਅਜਿਹਾ ਕਰਦਾ ਪ੍ਰਤੀਤੀ ਹੁੰਦਾ ਹੈ। ਜ਼ੋਰ ਜਬਰ ਦੀ ਬਾਤ ਇਨ੍ਹਾਂ ਘਟਨਾਵਾਂ ਨਾਲ ਨਹੀਂ ਜੋੜੀ ਗਈ, ਇਥੋਂ ਤੱਕ ਕਿ ਇਨ੍ਹਾਂ ਕੁੜੀਆਂ ਤੀਵੀਆਂ ਦੀ ਮਜਬੂਰੀ ਦਾ ਵੀ ਕੋਈ ਵੇਰਵਾ ਨਹੀਂ ਦਿੱਤਾ ਗਿਆ। ਇਸ ਤਰ੍ਹਾਂ ਸਰਦਾਰ ਦੀ ਜ਼ਿਆਦਤੀ ਦਾ ਮਸਲਾ ਇਨ੍ਹਾਂ ਸੂਚਨਾਵਾਂ ਵਿਚੋਂ ਉੱਕਾ ਹੀ ਨਹੀਂ ਮਿਲਦਾ।

ਨਾਵਲ ਵਿਚ ਨਿਆਂ ਦਾ ਮਸਲਾ ਉਦੋਂ ਹੋਂਦ ਵਿਚ ਆਉਂਦਾ ਹੈ ਜਦੋਂ ਮਜ਼ਹਬੀਆਂ ਦੀ 15 ਕੁ ਵਰ੍ਹਿਆਂ ਦੀ ਇਕ ਹੁੰਦੜਹੇਲ ਕੁੜੀ ਕਰਤਾਰੋ 'ਕਾਕਾ ਜੀ' ਦੇ ਪੰਜਿਆਂ ਵਿਚੋਂ ਆਪਣੇ ਜ਼ੋਰ ਨਾਲ ਨਿਕਲ ਕੇ ਸਾਬਤ-ਸਬੂਤ ਆਪਣੇ ਘਰ ਪਰਤ ਆਉਂਦੀ ਹੈ। ਕਰਤਾਰੋ ਦਾ ਇਹ ਕਾਰਜ ਸਰਦਾਰ ਦੀ ਸ਼ਾਨ ਉਤੇ ਧੱਬਾ ਹੈ ਜੋ ਉਸ ਤੋਂ ਬਰਦਾਸ਼ਤ ਨਹੀਂ ਹੁੰਦਾ। ਗੁੱਸੇ ਅਤੇ ਨਮੋਸ਼ੀ ਦੀ ਅੱਗ ਵਿਚ ਸੜਦੇ ਸਰਦਾਰ ਨੂੰ 'ਸਹੇ ਨਾਲੋਂ ਪਹੇ' ਦਾ ਫ਼ਿਕਰ ਹੈ। ਜੇ ਗੱਲ ਉੱਡ ਗਈ ਤਾਂ ਬਦਨਾਮੀ ਤਾਂ ਹੋਵੇਗੀ ਹੀ, ਪਿੰਡ ਦੀਆਂ ਦੂਜੀਆਂ ਨੂੰਹਾਂ-ਧੀਆਂ ਦੇ ਹੌਸਲੇ ਵੀ ਵੱਧ ਜਾਣਗੇ। ਇਸ ਲਈ ਉਹ ਕਰਤਾਰੋ ਨੂੰ ਆਪਣੇ ਚੁੰਗਲ ਵਿਚ ਫਸਾਉਣ ਦੀ ਵਿਉਂਤ ਘੜਦਾ ਹੈ।

ਇਹ ਵਿਉਂਤਕਾਰੀ ਵੀ ਉਸ ਦੀ ਪੁਸ਼ਤੈਨੀ ਜਗੀਰੂ ਹੈਂਕੜ ਉਤੇ ਕਲੰਕ ਹੈ। ਜਗੀਰੂ ਕਦਰਾਂ-ਕੀਮਤਾਂ ਅਨੁਸਾਰ ਪਿੰਡ ਦੀਆਂ ਨੂੰਹਾਂ-ਧੀਆਂ ਦੀ ਇੱਜ਼ਤ ਆਬਰੂ ਨੂੰ ਸ਼ੁਗਲ ਮੇਲਾ ਸਮਝਣ ਵਾਲਾ ਸਰਦਾਰ 'ਨਾਬਰ' ਹੋਈ ਔਰਤ ਦਾ ਜਬਰੀ ਬਲਾਤਕਾਰ ਕਰੇਗਾ, ਨਾ ਕਿ ਉਹਨੂੰ ਫਸਾਉਣ ਜਾਂ ਫੁਸਲਾਉਣ ਲਈ ਇਕ ਜਾਂ ਦੂਸਰੀ ਕਿਸਮ ਦੀ ਸਾਜ਼ਸ਼ ਰਚੇਗਾ। ਕਰਤਾਰੋ ਕਿਸੇ ਸਰਦੇ-ਪੁੱਜਦੇ ਘਰ ਦੀ ਕੁੜੀ ਨਹੀਂ ਕਿ ਸਰਦਾਰ ਨੂੰ ਲੜਾਈ-ਝਗੜੇ ਦਾ ਖਤਰਾ ਹੋਵੇ। ਉਹ ਤਾਂ ਉਹਦੇ ਕਰਜ਼ਾਈ ਤੇ ਨਸ਼ਾਖੋਰ ਮਜ਼ਹਬੀ ਦੀ ਧੀ ਹੈ ਜਿਹੜਾ ਸਰਦਾਰ ਦੇ ਸਾਹਮਣੇ ਅੱਖ ਝਪਕਣ ਤੱਕ ਦੀ ਦਲੇਰੀ ਨਹੀਂ ਕਰ ਸਕਦਾ। ਉਹਦੇ ਪਾਲਤੂ ਗੁੰਡੇ ਉਹਦੇ ਇਕੋ ਇਸ਼ਾਰੇ 'ਤੇ

ਕਰਤਾਰੋ ਨੂੰ ਉਸਦੇ ਪੈਰਾਂ ਵਿਚ ਲਿਆ ਕੇ ਸੁੱਟ ਸਕਦੇ ਹਨ ਪਰ ਸਰਦਾਰ ਇਸ ਤਰ੍ਹਾਂ ਕਰਦਾ ਨਹੀਂ ਵਿਖਾਇਆ ਗਿਆ। ਅਸਲ ਵਿਚ ਇਹ ਇਸ ਨਾਵਲ ਦੀ ਬਿਰਤਾਂਤਕਾਰੀ ਦਾ ਇਕ ਨੁਕਸ ਨਜ਼ਰ ਆਉਂਦਾ ਹੈ। ਸਾਜ਼ਸ਼ ਨੂੰ ਨੇਪਰੇ ਚੜ੍ਹਾਉਣ ਲਈ ਸਰਦਾਰ ਵਰ੍ਹਿਆਂ ਬੱਧੀ ਇੰਤਜ਼ਾਰ ਕਰਦਾ ਹੈ ਅਤੇ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ, ਪਰ ਉਹਦੀ ਦਾਲ ਉਦੋਂ ਹੀ ਗਲਦੀ ਹੈ ਜਦੋਂ ਕਰਤਾਰੋ ਖ਼ੁਦ ਉਹਦੀ ਰਖੇਲ ਬਣ ਕੇ ਉਹਦੀ ਕੋਠੀ ਵਿਚ ਰਹਿਣਾ ਸ਼ੁਰੂ ਕਰ ਦਿੰਦੀ ਹੈ। ਪਿੰਡ ਦੀ ਜਾਤ-ਪਾਤੀ ਸੰਸਕ੍ਰਿਤੀ ਅਨੁਸਾਰ ਸਰਦਾਰ ਲਈ ਇਹ ਨਮੋਸ਼ੀ ਵਾਲੀ ਗੱਲ ਹੈ ਪਰ ਇਸ ਦਾ ਵਿਰੋਧ ਤਾਂ ਉਹਦਾ ਪਿਉ ਅਤੇ ਉਹਦੇ ਚਾਰ ਕੜੀ ਵਰਗੇ ਪੁੱਤਰ ਵੀ ਨਹੀਂ ਕਰਦੇ। ਸਪਸ਼ਟ ਹੈ ਕਿ ਜ਼ੋਰਾਵਰਾਂ ਲਈ ਲੋਕਾਚਾਰ, ਸ਼ਿਸ਼ਟਾਚਾਰ ਜਾਂ ਸਦਾਚਾਰ ਅਰਥ ਵਿਹੂਣੇ ਸ਼ਬਦ ਹਨ।

*ਆਪਣੇ ਮਨੋਰਥ ਦੀ ਸਫ਼ਲਤਾ ਲਈ ਸਰਦਾਰ ਆਪਣੇ ਵਫ਼ਾਦਾਰ ਕਾਮੇ ਬੰਤ ਦੀ ਮਦਦ ਨਾਲ ਕਰਤਾਰੋ ਦੇ ਪ੍ਰੇਮੀ ਬਲਦੇਵ ਨੂੰ ਚੌਧਰੀਆਂ ਦੇ ਖੇਤੋਂ ਹਟਾ ਕੇ ਆਪਣੇ ਖੇਤ ਵਿਚ ਕਾਮਾ ਰੱਖ ਲੈਂਦਾ ਹੈ ਜਿਸ ਲਈ ਉਹ ਬਲਦੇਵ ਸਿਰ ਚੜ੍ਹਿਆ ਚੌਧਰੀਆਂ ਦਾ 400 ਰੁਪਏ ਦਾ ਕਰਜ਼ ਵੀ ਉਤਾਰ ਦਿੰਦਾ ਹੈ। ਉਹ ਕਰਤਾਰੋ ਦੇ ਪਿਉ ਦੇ ਕਰਜ਼ ਉਤੇ ਵੀ ਲਕੀਰ ਫੇਰ ਦਿੰਦਾ ਹੈ ਅਤੇ ਉਹਨੂੰ ਨਸ਼ੇ-ਪੱਤੇ ਲਈ ਕੁਝ ਹੋਰ ਪੈਸੇ ਦੇ ਕੇ ਕਰਤਾਰੋ ਦਾ ਬਲਦੇਵ ਨਾਲ ਵਿਆਹ ਕਰਵਾਉਣ ਵਿਚ ਸਫ਼ਲ ਹੋ ਜਾਂਦਾ ਹੈ।*[27]

ਸਰਦਾਰ ਦਾ ਖਿਆਲ ਹੈ ਕਿ ਕਰਤਾਰੋ ਘਰਵਾਲੀ ਤਾਂ ਬਲਦੇਵ ਦੀ ਹੋਵੇਗੀ ਪਰ ਬਿਸਤਰ ਉਹਦਾ ਗਰਮ ਕਰਿਆ ਕਰੇਗੀ ਪਰ ਕਰਤਾਰੋ ਵਿਚਲੀ ਬਲਵਾਨ ਔਰਤ ਸਰਦਾਰ ਨਾਲ ਕਲਾਮ ਤੱਕ ਨਹੀਂ ਕਰਦੀ, ਸਗੋਂ ਉਹਦੀ ਚਾਲ ਤੋਂ ਤੰਗ ਆ ਕੇ ਉਹਨੂੰ ਹੋਰ ਵੀ ਨਫ਼ਤਰ ਕਰਨ ਲੱਗ ਪੈਂਦੀ ਹੈ।

ਸਰਦਾਰ ਦੀ ਹਵਸ ਕਰਤਾਰੋ ਦੇ ਇਸ ਵਤੀਰੇ ਨਾਲ ਹੋਰ ਵੀ ਭੜਕਦੀ ਹੈ। ਉਹ ਆਪਣੀ ਚਾਲ ਦਾ ਦੂਸਰਾ ਕਦਮ ਚੁੱਕਦਾ ਹੈ ਅਤੇ ਬਲਦੇਵ ਨੂੰ ਉਹਦੇ ਬੇਲੀਆਂ ਬੇਨੂ ਅਤੇ ਬਿੰਦਰ ਨਾਲ ਅਫ਼ੀਮ ਖਾਣ ਦੀ ਚਾਟ ਲਾ ਦਿੰਦਾ ਹੈ। ਹੌਲੀ ਹੌਲੀ ਨਸ਼ਾ ਉਨ੍ਹਾਂ ਦੇ ਹੱਡਾਂ ਵਿਚ ਘਰ ਕਰ ਜਾਂਦਾ ਹੈ। ਜਦੋਂ ਸਰਦਾਰ ਦੀ ਦਿੱਤੀ ਅਫ਼ੀਮ ਨਾਲ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੁੰਦਾ ਤਾਂ ਉਹ ਪਿੰਡ ਦੇ ਘਰਾਂ ਜਾਂ ਖੇਤਾਂ ਵਿਚੋਂ ਜੋ ਵੀ ਹੱਥ ਲਗਦਾ ਹੈ, ਉਸ ਨੂੰ ਵੇਚ-ਵੱਟ ਕੇ ਆਪਣੀ ਲਤ ਪੂਰੀ ਕਰਨ ਦੇ ਰਾਹ ਪੈ ਜਾਂਦੇ ਹਨ।

ਕਰਤਾਰੋ ਬਲਦੇਵ ਦੇ ਨਸ਼ੇ-ਪੱਤੇ ਦੀ ਆਦਤ ਤੋਂ ਅਖ਼ੀਰ ਇਤਨੀ ਤੰਗ ਆ ਜਾਂਦੀ ਹੈ ਕਿ ਉਹਨੂੰ ਘਰੋਂ ਕੱਢ ਦਿੰਦੀ ਹੈ। ਭਾਵੇਂ ਇਸ ਅਰਸੇ ਦੌਰਾਨ ਉਹ ਬਲਦੇਵ ਦੇ ਸੰਗ ਵਿਚੋਂ ਇਕ ਧੀ ਹਰਬੰਸੋ ਅਤੇ ਇਕ ਪੁਤ ਜੈਲੇ ਨੂੰ ਵੀ ਜਨਮ ਦੇ ਚੁੱਕੀ ਹੁੰਦੀ ਹੈ ਜਿਨ੍ਹਾਂ ਦੇ ਪਾਲਣ-ਪੋਸ਼ਣ ਦਾ ਭਾਰ ਉਹਦੇ ਮੋਢਿਆਂ ਤੇ ਪੈ ਜਾਣ ਦੇ ਬਾਵਜੂਦ ਉਹ ਸਰਦਾਰ ਦੀ ਈਨ ਨਹੀਂ ਮੰਨਦੀ ਅਤੇ ਮਿਹਨਤ-ਮਜ਼ਦੂਰੀ ਕਰਕੇ ਘਰ ਤੋਰਦੀ ਰਹਿੰਦੀ ਹੈ।

ਪਰ ਸਰਦਾਰ ਉਹਦੇ ਮਗਰ ਹੱਥ ਧੋ ਕੇ ਪਿਆ ਹੋਇਆ ਹੈ। ਉਹ ਪੁਲਿਸ ਨਾਲ ਮਿਲ ਕੇ ਤਿੰਨੇ ਨਸ਼ਈਆ ਨੂੰ ਮਰਵਾ ਸੁੱਟਦਾ ਹੈ। ਪਿੰਡ ਵਾਲੇ ਉਨ੍ਹਾਂ ਤੋਂ ਪਹਿਲੋਂ ਹੀ ਤੰਗ ਆ ਚੁੱਕੇ ਹਨ ਅਤੇ ਇਕੱਲੀ ਕਰਤਾਰੋ ਸਰਦਾਰ ਨਾਲ ਆਢਾ ਨਹੀਂ ਲਾ ਸਕਦੀ। ਇਉਂ ਕਤਲਾਂ ਦੀ ਗੱਲ ਭਾਵੇਂ ਲੁਕੀ-ਛਿਪੀ ਰਹਿ ਜਾਂਦੀ ਹੈ ਪਰ ਇਹ ਵਾਰਦਾਤ ਕਰਤਾਰੋ ਦੀ ਨਫ਼ਰਤ ਨੂੰ ਕ੍ਰੋਧ ਵਿਚ ਬਦਲ ਦਿੰਦੀ ਹੈ ਅਤੇ ਉਹ ਬਦਲਾ ਲੈਣ ਦਾ ਪ੍ਰਣ ਕਰ ਲੈਂਦੀ ਹੈ।

ਇਹ ਘਟਨਾ ਨਸ਼ਿਆਂ ਦੇ ਵਿਵੇਕ ਤੇ ਪ੍ਰਕਾਸ਼ ਪਾਉਂਦੀ ਪ੍ਰਤੀਤ ਹੁੰਦੀ ਹੈ, ਸਕਤੇ ਆਪਣੇ ਕਾਮਿਆਂ ਨੂੰ ਨਸ਼ਿਆਂ ਦੀ ਇਲਤ ਲਾ ਕੇ ਉਨ੍ਹਾਂ ਤੋਂ ਵਿਤੋਂ ਵੱਧ ਕੰਮ ਵੀ ਲੈਂਦੇ ਹਨ ਅਤੇ ਅੱਧ ਵਿਚਾਲੇ ਡੋਬਾ ਵੀ ਦੇ ਦਿੰਦੇ ਹਨ। ਇਉਂ ਚੰਗੇ-ਭਲੇ

ਕਾਮੇ ਮਾਲਕਾਂ ਦੇ ਹੱਥੇ ਚੜ੍ਹ ਕੇ ਆਪਣੀ ਸਰੀਰਕ ਕਿਰਤ ਕਰਨ ਦੀ ਸ਼ਕਤੀ ਗੁਆ ਬਹਿੰਦੇ ਹਨ। ਘਰ ਵਿਚ ਉਨ੍ਹਾਂ ਨੂੰ ਕੋਈ ਨਹੀਂ ਸਾਂਭਦਾ ਅਤੇ ਪਿੰਡ ਵਿਚ ਉਹ ਨਿੱਕੀਆਂ ਮੋਟੀਆਂ ਚੋਰੀਆਂ ਕਰਨ ਸਦਕਾ ਬਦਨਾਮ ਹੋ ਜਾਂਦੇ ਹਨ ਅਤੇ ਅਖੀਰ ਅਣਿਆਈ ਮੌਤ ਮਾਰੇ ਜਾਂਦੇ ਹਨ।

ਪਿੰਡ ਵਿਚ ਦੋ ਅਮੀਰ ਘਰਾਣੇ ਹਨ। ਸਰਦਾਰਾਂ ਦਾ ਘਰਾਣਾ ਤਾਂ ਆਪਣਾ ਜੱਦੀ-ਪੁਸ਼ਤੀ ਜ਼ਮੀਨ ਉੱਤੇ ਪਿੰਡ ਦੇ ਅੜੇ-ਥੁੜੇ ਕਿਸਾਨਾਂ ਜਾਂ ਕੰਮੀਂ-ਕਮੀਣਾਂ ਦੀ ਮਿਹਨਤ ਮੁਸ਼ੱਕਤ ਨਾਲ ਪੈਦਾ ਹੋਈ ਉਪਜ ਵਿਚੋਂ ਆਪਣੀ ਮਾਲਕੀ ਦੇ ਇਵਜ਼ ਵਿਚ ਉਪਜ ਦਾ ਵੱਡਾ ਹਿੱਸਾ ਹਾਸਿਲ ਕਰ ਲੈਂਦਾ ਹੈ ਜਦ ਕਿ ਦੂਸਰਾ ਘਰ ਚੌਧਰੀਆਂ ਦਾ ਹੈ ਜਿਨ੍ਹਾਂ ਨੇ ਲੋੜਵੰਦ ਕਿਸਾਨਾਂ ਦੀਆਂ ਜ਼ਮੀਨਾਂ ਆਪਣੀ ਪੂੰਜੀ ਦੀ ਤਾਕਤ ਨਾਲ ਹਥਿਆਈਆਂ ਹਨ। ਵਸਤਾਂ ਦੀ ਵੇਚ-ਵੱਟ ਜਾਂ ਵਿਆਜ ਰਾਹੀਂ ਉਹ ਸ਼ਾਹੂਕਾਰ-ਜ਼ਿਮੀਂਦਾਰ ਬਣ ਗਏ ਅਤੇ ਇਸ ਪ੍ਰਕਾਰ ਜ਼ਮੀਨ ਦੀ ਪੈਦਾਵਾਰ ਵੀ ਉਨ੍ਹਾਂ ਦੇ ਘਰ ਵਿੱਚ ਆਉਣ ਲੱਗ ਪਈ ਹੈ।

ਇਨ੍ਹਾਂ ਦੋਹਾਂ ਘਰਾਣਿਆਂ ਦੀ ਜੀਵਨ ਜਾਂਚ ਵਿਚ ਢੇਰ ਅੰਤਰ ਹੈ। ਸਰਦਾਰ ਉਤੇ ਜਗੀਰੂ ਸੋਚ ਭਾਰੀ ਹੈ। ਉਹ ਧਨ ਨਾਲ ਧਨ ਕਮਾਉਣ ਦਾ ਢੰਗ ਤਰੀਕਾ ਅਖ਼ਤਿਆਰ ਕਰਨ ਦੀ ਬਜਾਏ ਧਨ ਨੂੰ ਐਸ਼-ਪ੍ਰਸਤੀ ਲਈ ਵਰਤਦਾ ਹੈ ਤੇ ਜਾਂ ਫੇਰ ਅਹਿਲਕਾਰਾਂ ਅਤੇ ਪੁਲਸੀਆਂ ਨਾਲ ਮਿੱਤਰਤਾ ਗੰਢਣ ਲਈ ਆਪਣੀ ਪਿੰਡ ਦੀ ਕੋਠੀ ਵਿਚ ਹੀ ਸ਼ਾਹੀ ਦਾਅਵਤਾਂ ਦਾ ਪ੍ਰਬੰਧ ਕਰਦਾ ਹੈ। ਉਹ ਪਿੰਡ ਦੀਆਂ ਨੂੰਹਾਂ-ਧੀਆਂ ਦੀ ਦੇਹ ਵਰਤਣ ਵਾਸਤੇ ਵੀ ਧਨ ਖਰਚਣ ਤੋਂ ਸੰਕੋਚ ਨਹੀਂ ਕਰਦਾ। ਕਰਤਾਰੋ ਨੂੰ ਆਪਣੀ ਰਖੇਲ ਬਣਾਉਣ ਲਈ ਉਹ ਬਲਦੇਵ ਸਿਰ ਚੜ੍ਹਿਆ ਚੌਧਰੀਆਂ ਦਾ ਕਰਜ਼ਾ ਚੁਕਾ ਦਿੰਦਾ ਹੈ ਅਤੇ ਕਰਤਾਰੋ ਦੇ ਅਸਲੀ ਪਿਉ ਦਾ ਕਰਜ਼ ਮੁਆਫ਼ ਕਰਨ ਦੇ ਨਾਲ ਨਾਲ ਉਹਨੂੰ ਥੋੜ੍ਹਾ-ਬਹੁਤ ਨਕਦ ਦੇ ਕੇ ਕਰਤਾਰੋ ਦਾ ਵਿਆਹ ਬਲਦੇਵ ਨਾਲ ਕਰਵਾ ਦਿੰਦਾ ਹੈ। ਜਦੋਂ ਬਲਦੇਵ ਦੇ ਜੀਉਂਦੇ-ਜੀਅ ਉਹ

ਕਰਤਾਰੋ ਦੀ ਦੇਹ ਨੂੰ ਵਰਤਣ ਵਿਚ ਨਾਕਾਮ ਰਹਿੰਦਾ ਹੈ, ਤਾਂ ਪੁਲਿਸ ਦੇ ਹੱਥ ਉਹਦਾ ਝੂਠੇ ਪੁਲਿਸ ਮੁਕਾਬਲੇ ਵਿਚ ਕਤਲ ਕਰਵਾ ਦਿੰਦਾ ਹੈ।

ਇਹ ਵਾਰਦਾਤ ਕਰਤਾਰੋ ਦੇ ਮਨ ਵਿਚ ਸਰਦਾਰ ਲਈ ਨਫ਼ਰਤ ਅਤੇ ਕ੍ਰੋਧ ਦੇ ਜਜ਼ਬੇ ਨੂੰ ਸਿਖਰ 'ਤੇ ਪੁਚਾ ਦਿੰਦੀ ਹੈ। ਉਹ ਸਰਦਾਰ ਦੇ ਘਰ ਕਮਾਉਣ ਦੀ ਥਾਂ ਚੌਧਰੀਆਂ ਦੇ ਘਰ ਦੀ ਚਾਕਰ ਬਣ ਜਾਂਦੀ ਹੈ ਅਤੇ ਆਪਣੇ ਦੋਹਾਂ ਬੱਚਿਆਂ ਹਰਬੰਸੋ ਤੇ ਜੈਲੇ ਨੂੰ ਵੀ ਚੌਧਰੀਆਂ ਦੇ ਘਰੇ ਕੰਮ-ਕਾਰ ਤੇ ਲਗਵਾ ਦਿੰਦੀ ਹੈ।

ਜਿੱਥੋਂ ਤੱਕ ਕਾਮਿਆਂ ਦੇ ਆਰਥਿਕ ਸ਼ੋਸ਼ਿਣ ਅਤੇ ਔਰਤਾਂ ਦੀ ਦੇਹ ਨੂੰ ਆਪਣੀ ਵਾਸਨਾ ਦੀ ਤ੍ਰਿਪਤੀ ਲਈ ਵਰਤਣ ਦਾ ਸਵਾਲ ਹੈ ਚੌਧਰੀਆਂ ਦਾ ਵਤੀਰਾ ਸਰਦਾਰ ਵਰਗਾ ਹੀ ਹੈ ਪਰ ਉਹ ਜ਼ੋਰ-ਜਬਰ ਜਾਂ ਧਨ ਦੀ ਵਰਤੋਂ ਕਰਨ ਦੀ ਬਜਾਏ ਮੁਫ਼ਤੋ ਮਫ਼ਤ ਆਪਣੀ ਕਾਮਨਾ ਪੂਰੀ ਕਰਨਾ ਚਾਹੁੰਦੇ ਹਨ। ਪਰ ਕਰਤਾਰੋ ਦੇ ਦਲੇਰ ਅਤੇ ਸੁੱਚੇ ਚਰਿੱਤਰ ਸਾਹਮਣੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਜਾਂਦੀ ਅਤੇ ਕਰਤਾਰੋ ਉਨ੍ਹਾਂ ਦੇ ਘਰ ਦਾ ਕੰਮ ਕਰਨ ਤੋਂ ਇਨਕਾਰ ਕਰ ਦਿੰਦੀ ਹੈ।

ਕਰਤਾਰੋ ਦੇ ਨਾਇਕੀ ਚਰਿੱਤਰ ਦੀ ਪੇਸ਼ਕਾਰੀ ਲਈ ਨਾਵਲਕਾਰ ਤੀਜੀ ਸਥਿਤੀ ਦੀ ਸਿਰਜਣਾ ਕਰਦਾ ਹੈ। ਉਹ ਪਿੰਡ ਦੀਆਂ ਕਈ ਹੋਰ ਔਰਤਾਂ ਨਾਲ ਰਲ ਕੇ ਸ਼ਹਿਰ ਵਿਚਲੇ ਕਪਾਹ ਦੇ ਕਾਰਖਾਨੇ ਵਿਚ ਦਿਹਾੜੀ ਉਪਰ ਕੰਮ ਕਰਨਾ ਸ਼ੁਰੂ ਕਰ ਦਿੰਦੀ ਹੈ। ਕਾਰਖਾਨੇ ਦੇ ਮੁਲਾਜ਼ਮਾਂ ਦਾ ਕਿਰਦਾਰ ਤਿੰਨ-ਚਾਰ ਦਿਨਾਂ ਵਿਚ ਹੀ ਨੰਗਾ ਹੋ ਜਾਂਦਾ ਹੈ। ਉਹ ਵੀ ਕਰਤਾਰੋ ਅਤੇ ਹਰਬੰਸੋ ਨੂੰ ਆਪਣੀ ਹਵਸ ਦਾ ਸ਼ਿਕਾਰ ਬਨਾਉਣ ਲੋਚਦੇ ਹਨ ਪਰ ਕਰਤਾਰੋ ਦੀ ਨਾਬਰੀ ਉਨ੍ਹਾਂ ਤੋਂ ਜਰੀ ਨਹੀਂ ਜਾਂਦੀ। ਇਉਂ ਉਹ ਦੋਹਾਂ ਨੂੰ ਹਟਾ ਦਿੰਦੇ ਹਨ ਅਤੇ ਉਨ੍ਹਾਂ ਦੀ ਬਣਦੀ ਦਿਹਾੜੀ ਵਿਚੋਂ ਵੀ ਕਾਰਖਾਨੇ ਦੇ ਰਿਵਾਜ ਅਨੁਸਾਰ ਪੈਸੇ ਕੱਟ ਲੈਂਦੇ ਹਨ।

ਨਾਵਲਕਾਰ ਨੇ ਇਹ ਸਥਿਤੀਆਂ ਇਸ ਲਈ ਉਸਾਰੀਆਂ ਹਨ ਤਾਂ ਜੋ ਸਿੱਧ ਹੋ ਸਕੇ ਕਿ ਕਾਮਿਆਂ ਨੂੰ ਵਿਦਮਾਨ ਸ਼੍ਰੇਣੀ ਸਮਾਜ ਵਿਚ ਪਿੰਡ ਜਾਂ ਸ਼ਹਿਰ ਕਿਤੇ ਵੀ

ਨਿਆਂ ਨਹੀਂ ਮਿਲਦਾ। ਅਮੀਰਾਂ ਕੋਲੋਂ ਨਿਆਂ ਦੀ ਆਸ ਛੱਡ ਕੇ ਅਖੀਰ ਕਰਤਾਰੋ ਪਿੰਡ ਦੇ ਵਿਚਲੇ ਮੇਲ ਦੇ ਘਰਾਂ ਦਾ ਕੰਮ-ਧੰਦਾ ਕਰ ਕੇ ਆਪਣੇ ਘਰ ਦਾ ਨਿਰਬਾ ਕਰਨ ਲੱਗ ਪਈ ਪਰ ਪਿੰਡ ਦੇ ਛੜੇ-ਛੜਾਂਗ ਉਹਨੂੰ ਆਪਣੀ 'ਘਰ ਵਾਲੀ' ਬਨਾਉਣ ਲਈ ਤੰਗ ਕਰਨ ਲੱਗ ਪਏ। ਇਕ ਹੋਰ ਬਿਪਤਾ ਹਰਬੰਸੋ ਦੀ ਚੜ੍ਹਦੀ ਜਵਾਨੀ ਦੀ ਵੀ ਸੀ ਜਿਸ ਨੂੰ ਮਾਣਨ ਦੀਆਂ ਕੋਸ਼ਿਸ਼ਾਂ ਪਿੰਡ ਦੇ ਮੁੰਡੇ-ਖੁੰਡੇ ਕਰਨ ਲੱਗੇ। ਇਸ ਪ੍ਰਕਾਰ ਕਰਤਾਰੋ ਨੂੰ ਆਪਣੇ ਨਾਲੋਂ ਵੀ ਵੱਧ ਆਪਣੀ ਧੀ ਦਾ ਫਿਕਰ ਵੱਢ-ਵੱਢ ਖਾਣ ਲਗ ਪਿਆ। ਉਹ ਕਿਵੇਂ ਨਾ ਕਿਵੇਂ ਆਪਣੀ ਕੰਜ ਕੁਆਰੀ ਧੀ ਦਾ ਕਾਜ ਰਚਾਉਣਾ ਚਾਹੁੰਦੀ ਸੀ ਪਰ ਕੋਈ ਸਬੀਲ ਬਣਦੀ ਨਜ਼ਰ ਨਹੀਂ ਆ ਰਹੀ ਸੀ।

ਵੀਹਵੀਂ ਸਦੀ ਦੇ ਸਤਵੇਂ ਦਹਾਕੇ ਦੇ ਅੱਧ ਤੋਂ ਬਾਅਦ ਪੰਜਾਬ ਵਿਚ ਵੀ ਜਮਾਤੀ ਜਾਤਪਾਤੀ ਅਤੇ ਜਿਨਸੀ ਜ਼ਿਆਦਤੀਆਂ ਦੀਆਂ ਸ਼ਿਕਾਰ ਧਿਰਾਂ ਨੂੰ ਨਿਆਂ ਦਿਵਾਉਣ ਦੇ ਉਦੇਸ਼ ਨਾਲ ਇਕ ਖਾੜਕੂ ਲਹਿਰ ਪੈਦਾ ਹੋ ਗਈ ਸੀ ਜਿਸ ਦੇ ਕਾਰਕੁਨਾਂ ਰੂਪੋਸ਼ ਰਹਿ ਕੇ ਸ਼ੋਸ਼ਿਤ ਜਨਤਾ ਨੂੰ ਉਨ੍ਹਾਂ ਦੀ ਹਕੀਕਤ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਨੀਤੀ ਅਪਣਾ ਲਈ ਸੀ। ਕਰਤਾਰੋ ਅਤੇ ਉਸ ਦਾ ਪੁੱਤਰ ਜੈਲਾ ਇਸ ਲਹਿਰ ਦੇ ਸੰਪਰਕ ਵਿਚ ਆ ਕੇ ਸਰਦਾਰ ਕੋਲੋਂ ਉਸ ਦੀਆਂ ਵਧੀਕੀਆਂ ਦਾ ਬਦਲਾ ਲੈਣਾ ਚਾਹੁੰਦੇ ਸਨ ਪਰ ਪਿੰਡ ਦੇ ਆਮ ਲੋਕ ਇਸ ਲਹਿਰ ਦੇ ਕਾਰਕੁਨਾਂ ਦੀ ਕਰਤਾਰੋ ਕੇ ਘਰੇ ਆਮਦ ਦਾ ਬੁਰਾ ਮਨਾਉਂਦੇ ਸਨ। ਕਰਤਾਰੋ ਦੀ ਪਿੱਠ ਪਿੱਛੇ ਪਿੰਡ ਦੀਆਂ ਤੀਵੀਆਂ ਉਹਦੇ ਅਤੇ ਉਹਦੀ ਧੀ ਹਰਬੰਸੋ ਉਤੇ ਭੈੜੇ ਚਾਲਚਲਣ ਦੀਆਂ ਤੋਹਮਤਾਂ ਲਾਉਂਦੀਆਂ ਹਨ ਜਿਨ੍ਹਾਂ ਦੇ ਘਰੀਂ ਲਹਿਰ ਦੇ ਕਾਰਕੁਨ ਰਾਤਾਂ ਕੱਟਦੇ ਹਨ। ਇਉਂ ਨਾਵਲਕਾਰ ਨੇ ਪੀੜ੍ਹਤ ਧਿਰਾਂ ਵਾਸਤੇ ਲੜਕੀ ਇਸ ਰੂਪੋਸ਼ ਲਹਿਰ ਦੇ ਦੁਖਾਂਤ ਨੂੰ ਬਿਰਤਾਂਤ ਦੀ ਵਿਡੰਬਨਾਮਈ ਵਿਧੀ ਰਾਹੀਂ ਮੂਰਤੀਮਾਨ ਕੀਤਾ ਹੈ। ਚੇਤਨਾ ਦੇ ਸਦੀਆਂ ਪੁਰਾਣੇ

ਪਛੜੇਵੇਂ ਦੀਆਂ ਮਾਰੀਆਂ ਹੋਈਆਂ ਧਿਰਾਂ ਹੀ ਆਪਣੀ ਹਮਦਰਦ ਲਹਿਰ ਦੇ ਰਾਹ ਦਾ ਰੋੜਾ ਬਣ ਜਾਂਦੀਆਂ ਹਨ। ਆਮ ਜਨਤਾ ਦੀ ਇਕ ਵੱਡੀ ਕਮਜ਼ੋਰੀ ਇਹ ਰਹੀ ਹੈ ਕਿ ਬਹੁਤੇ ਲੋਕ ਇਕ ਦੂਜੇ ਦੀ ਨਿੰਦਿਆ ਚੁਗਲੀ ਵਿਚੋਂ ਸੁਆਦ ਲੈਂਦੇ ਹਨ। ਨਾਵਲ ਵਿਚ ਪੇਸ਼ ਦੋ ਤੀਵੀਆਂ ਦੀ ਗੱਲਬਾਤ ਇਸ ਧਾਰਨਾ ਦਾ ਸਬੂਤ ਹੈ।

ਅਖ਼ੀਰ ਕਰਤਾਰੋ ਆਪਣੀ ਬਿਪਤਾ ਦਾ ਹੱਲ ਸਰਦਾਰ ਨਾਲ ਸਮਝੌਤੇ ਵਿਚ ਤਲਾਸ਼ ਕਰਦੀ ਹੈ। ਉਹ ਖ਼ੁਦ ਹੀ ਸਰਦਾਰ ਨੂੰ ਉਤੇਜਿਤ ਕਰਨ ਦਾ ਸਾਂਗ ਰਚਦੀ ਹੈ ਅਤੇ ਉਹਦੀ ਸਹਾਇਤਾ ਨਾਲ ਹਰਬੰਸੋ ਦੇ ਹੱਥ ਪੀਲੇ ਕਰ ਕੇ ਉਹਦੀ ਚਿੰਤਾ ਤੋਂ ਸੁਰਖਰੂ ਹੋ ਜਾਂਦੀ ਹੈ। ਉਹ ਖੁਦ ਵੀ, ਸਰਦਾਰ ਦੀ ਕੋਠੀ ਵਿਚ ਰਹਿਣ ਲਗ ਪੈਂਦੀ ਹੈ ਅਤੇ ਜੈਲੇ ਨੂੰ ਵੀ ਸਮਝਾ-ਬੁਝਾ ਕੇ ਸਰਦਾਰ ਦੇ ਖੇਤਾਂ ਵਿਚ ਕੰਮ ਕਰਨ ਲਈ ਮਨਾ ਲੈਂਦੀ ਹੈ।

ਕਰਤਾਰੋ ਦੇ ਇਸ ਕਰਮ ਦੀ ਪਿੰਡ ਵਿਚ ਨਿਖੇਧੀ ਹੁੰਦੀ ਹੈ ਅਤੇ ਲਹਿਰ ਦੀ ਵੀ ਬਦਨਾਮੀ ਹੁੰਦੀ ਹੈ ਪਰ ਸਰਦਾਰ ਦੇ ਡਰ ਕਰਕੇ ਕੋਈ ਵੀ ਉਭਾਰ ਕੇ ਕੁਝ ਨਹੀਂ ਆਖ ਸਕਦਾ। ਲਗਦਾ ਹੈ ਉਬਲਦਾ ਪਾਣੀ ਸ਼ਾਂਤ ਹੋ ਗਿਆ ਹੈ- ਸਰਦਾਰ ਦੀ ਕਈ ਵਰ੍ਹਿਆਂ ਦੀ ਅਤਿਪ੍ਰਤ ਆਸ ਨੂੰ ਬੂਰ ਪੈ ਗਿਆ ਹੈ ਅਤੇ ਬੇਆਸਰਾ ਕਰਤਾਰੋ ਨੂੰ ਠਹਿਰ ਮਿਲ ਗਈ ਹੈ।

ਪਰ ਸਰਦਾਰ ਦੇ ਚਾਰੇ ਜੁਆਨ ਪੁੱਤ ਵਿਧਵਾ ਅਛੂਤ ਦੀ ਕੋਠੀ ਵਿਚ ਰਿਹਾਇਸ਼ ਨੂੰ ਉੱਕਾ ਬਰਦਾਸ਼ਤ ਨਹੀਂ ਕਰਦੇ। ਇਸ ਨਾਲ ਉਨ੍ਹਾਂ ਦੀ ਸਰਦਾਰੀ ਦੀ ਸ਼ਾਨ ਨੂੰ ਧੱਬਾ ਲੱਗਦਾ ਹੈ। ਇਸ ਲਈ ਉਹ ਆਪਣੇ ਮਨ ਦੀ ਭੜਾਸ ਕੱਢਣ ਲਈ ਜੈਲੇ ਦੀਆਂ ਬਾਹਾਂ ਥਰੈਸ਼ਰ ਵਿਚ ਦੇ ਕੇ ਡੌਲਿਆਂ ਤੋਂ ਵੱਢ ਦਿੰਦੇ ਹਨ ਅਤੇ ਉਹਨੂੰ ਸਦਾ ਲਈ ਅਪਾਹਜ ਬਣਾ ਦਿੰਦੇ ਹਨ।

ਕਰਤਾਰੋ ਉਤੇ ਇਹ ਤੀਜਾ ਵਾਰ ਹੈ ਜੋ ਸਰਦਾਰ ਅਤੇ ਉਸ ਦੇ ਪਰਿਵਾਰ ਨੇ ਉਸ ਉੱਤੇ ਕੀਤਾ ਹੈ। ਇਸ ਵਾਰ ਨਾਲ ਉਹਦੇ ਮਨ ਵਿਚ ਚਿਰਾਂ ਤੋਂ ਸੁਲਗਦੀ

ਬਦਲੇ ਦੀ ਅੱਗ ਭੜਕ ਉਠਦੀ ਹੈ ਅਤੇ ਉਹ ਰਾਤ ਨੂੰ ਛੁਰੇ ਨਾਲ ਸਰਦਾਰ ਦੇ ਵੱਡੇ ਪੁੱਤ ਦਾ ਕਤਲ ਕਰ ਦਿੰਦੀ ਹੈ ਜਿਸ ਨੂੰ ਲਕੋਣ ਲਈ ਉਹ ਇਉਂ ਕੀਰਨੇ ਪਾਉਂਦੀ ਹੈ ਜਿਵੇਂ ਉਹਦੇ ਕੁੱਖੋਂ ਜਾਏ ਦੀ ਮੌਤ ਹੋ ਗਈ ਹੋਵੇ।

ਇਹੀ ਨਹੀਂ, ਕੁਝ ਦਿਨਾਂ ਪਿੱਛੋਂ ਉਹ ਸਰਦਾਰ ਦਾ ਵੀ ਕਤਲ ਕਰ ਦਿੰਦੀ ਹੈ ਅਤੇ ਇਉਂ ਸਿਆਪਾ ਕਰਦੀ ਹੈ ਜਿਵੇਂ ਉਹਦੀ ਵਿਆਹੀ ਮੁਕਲਾਈ ਘਰ ਵਾਲੀ ਹੋਵੇ। ਭਾਵੇਂ ਉਸ ਵਲੋਂ ਖੇਡਿਆ ਗਿਆ ਇਹ ਨਾਟਕ ਭਾਵ-ਨਾਟਕੀ ਸਥਿਤੀ ਬਣ ਕੇ ਰਹਿ ਗਿਆ ਪਰ ਆਪਣੇ ਬਚਾਉ ਲਈ ਉਸ ਨੂੰ ਇਹ ਪਖੰਡ ਕਰਨਾ ਪੈਂਦਾ ਹੈ ਜਿਸ ਕਰਕੇ ਘੱਟੋ ਘੱਟ ਜੈਲੇ ਅਤੇ ਲਹਿਰ ਦੇ ਹੋਰ ਕਾਰਕੁਨਾਂ ਦੇ ਮਨ ਵਿਚ ਪੈਦਾ ਹੋਣ ਵਾਲੇ ਨਕਾਰਾਤਮਕ ਭਾਵ ਪਰਸੰਸਾ ਵਿਚ ਬਦਲ ਜਾਂਦੇ ਹਨ। ਕਰਤਾਰੋ ਦੇ ਮਨ ਵਿਚ ਵਸੀ ਬਦਲੇ ਦੀ ਅੱਗ ਅਜੇ ਪੂਰੀ ਤਰ੍ਹਾਂ ਠੰਡੀ ਨਹੀਂ ਹੁੰਦੀ- ਉਹ ਤਾਂ ਸਰਦਾਰ ਦੇ ਪੂਰੇ ਦੇ ਪੂਰੇ ਖਾਨਦਾਨ ਨੂੰ ਮਿਟਾ ਦੇਣ ਦਾ ਇਰਾਦਾ ਕਰੀ ਬੈਠੀ ਹੈ।

ਇਹ ਇਰਾਦਾ ਉਸ ਵੇਲੇ ਦੀ ਲੋਕ-ਪੱਖੀ ਲਹਿਰ ਦੀ ਸ਼ਖਸੀ ਕਤਲਾਂ ਦੀ ਰਣਨੀਤੀ ਦਾ ਹੀ ਇਜ਼ਹਾਰ ਹੈ। ਲਹਿਰ ਦੇ ਕੁਝ ਕਾਰਕੁਨਾਂ ਨੇ ਇਲਾਕੇ ਦੇ ਇਕ ਵਿਸਵੇਦਾਰ ਨੂੰ ਪਹਿਲੋਂ ਹੀ ਕਤਲ ਕਰ ਦਿੱਤਾ ਹੋਇਆ ਹੈ ਜਿਸ ਦਾ ਉਨ੍ਹਾਂ ਨੂੰ ਬੜਾ ਵੱਡਾ ਮੁੱਲ ਤਾਰਨਾ ਪੈਂਦਾ ਹੈ। ਲਹਿਰ ਦੇ ਕਈ ਆਗੂ ਸੱਚੇ-ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਜਾਂਦੇ ਹਨ; ਕਈ ਹੋਰ ਆਪਣੀਆਂ ਜਾਨਾਂ ਬਚਾ ਕੇ ਵਿਦੇਸ਼ਾਂ ਨੂੰ ਤੁਰ ਜਾਂਦੇ ਹਨ ਅਤੇ ਕਈ ਪੰਜਾਬ ਵਿਚ ਸੁਲਗਦੀ ਖਾੜਕੂ ਸਿੱਖ ਲਹਿਰ ਵਿਚ ਸ਼ਾਮਿਲ ਹੋ ਜਾਂਦੇ ਹਨ ਪਰ ਲਹਿਰ ਦਾ ਇਹ ਭੁਲੇਖਾ ਜ਼ਰੂਰ ਦੂਰ ਹੋ ਜਾਂਦਾ ਹੈ ਕਿ ਸ਼ਖਸੀ ਕਤਲਾਂ ਜਾਂ ਨਿਜੀ ਕੁਰਬਾਨੀਆਂ ਜਾਂ ਵਧੀਕੀਆਂ ਦਾ ਵਿਅਕਤੀਗਤ ਬਦਲਾ ਲੈਣ ਨਾਲ ਲਹਿਰ ਦੀਆਂ ਸਰਗਰਮੀਆਂ ਨੂੰ ਜਨਤਾ ਦਾ ਹੁੰਗਾਰਾ ਮਿਲ ਜਾਵੇਗਾ।

ਇਸ ਪ੍ਰਕਾਰ ਇਹ ਨਾਵਲ ਕਰਤਾਰੋ ਦੇ ਨਾਇਕੀ ਆਪੇ ਨੂੰ ਪੇਸ਼ ਕਰਦਾ ਹੋਇਆ ਲਹਿਰ ਦੀ ਰਣਨੀਤੀ ਦੀਆਂ ਖ਼ਾਮੀਆਂ ਉੱਤੇ ਪ੍ਰਕਾਸ਼ ਪਾਉਂਦਾ ਹੈ।

ਬਹੁਕਥਾਵੀਂ ਬਿਰਤਾਂਤਕਾਰੀ ਵਸਤੂ-ਯਥਾਰਥ ਦੇ ਜਟਿਲ ਪ੍ਰਬੰਧ ਦੀ ਪੇਸ਼ਕਾਰੀ ਦੀ ਕਾਰਗਰ ਵਿਧੀ ਹੈ ਪਰੰਤੂ ਇਸ ਵਿਧੀ ਦੀ ਸੁਯੋਗ ਵਰਤੋਂ ਲਈ ਨਿਪੁੰਨ ਸ਼ਿਲਪਕਾਰੀ ਦੀ ਜ਼ਰੂਰਤ ਹੁੰਦੀ ਹੈ। ਹਥਲੇ ਨਾਵਲ ਵਿਚਲੀਆਂ ਵਿਭਿੰਨ ਸਥਿਤੀਆਂ ਦੇ ਜੋੜ-ਮੇਲ ਵਿਚ ਗਲਪੀ ਕਲਾ ਉੱਤੇ ਢਿੱਲੀ ਪਕੜ ਹੋਣ ਕਰਕੇ ਕਈ ਕਿਸਮ ਦੀਆਂ ਉਕਾਈਆਂ ਰਹਿ ਗਈਆਂ ਹਨ। ਮੀਤ ਦੀ ਗਲਪ-ਕਲਾ ਬਾਰੇ ਲਿਖੀ ਆਪਣੀ ਅੰਗ੍ਰੇਜ਼ੀ ਦੀ ਕਿਤਾਬ ਵਿਚ ਡਾਕਟਰ ਟੀ.ਆਰ. ਵਿਨੋਦ ਨੇ ਇਨ੍ਹਾਂ ਉਕਾਈਆਂ ਦਾ ਜ਼ਿਕਰ ਕੀਤਾ ਹੈ। ਉਸ ਦਾ ਖਿਆਲ ਹੈ ਕਿ ਸਰਦਾਰ ਦੇ ਕਿਰਦਾਰ ਅਤੇ ਵਿਹਾਰ ਦੀ ਪੇਸ਼ਕਾਰੀ ਵਿਚ ਅਸੰਗਤੀ-ਦੋਸ਼ ਦ੍ਰਿਸ਼ਟੀਗੋਚਰ ਹੁੰਦਾ ਹੈ। ਸਰਦਾਰ ਪਿੰਡ ਦਾ ਖੁਹੈ, ਉਹਦੇ ਇਕ ਇਸ਼ਾਰੇ ਤੇ ਉਹਦੇ ਪਾਲੇ ਹੋਏ ਗੁੰਡੇ ਕਰਤਾਰੋ ਵਰਗੀਆਂ ਨੂੰ ਧੂਹ ਲਿਆ ਕੇ ਉਹਦੇ ਕਦਮਾਂ ਵਿਚ ਸੁੱਟ ਸਕਦੇ ਹਨ। ਇਹ ਧੱਕਾ ਉਹਦੀ ਸਰਦਾਰੀ ਦੀ ਸ਼ਾਨ ਨੂੰ ਪੁੱਗਦਾ ਵੀ ਹੈ ਪਰ ਸਰਦਾਰ ਤਾਂ ਆਪਣੇ ਮਕਸਦ ਦੀ ਕਾਮਯਾਬੀ ਲਈ ਲੰਮੀ-ਚੌੜੀ ਸਾਜ਼ਿਸ਼ ਕਰਦਾ ਹੈ। ਇਹ ਸਾਜ਼ਿਸ਼ ਵੀ ਕਰਤਾਰੋ ਦੇ ਸਾਜ਼ਿਸ਼ੀ ਮਨੋਰਥ ਦੀ ਪੂਰਤੀ ਲਈ ਰਚੀ ਚਾਲ ਸਦਕਾ ਕਈ ਵਰ੍ਹਿਆਂ ਬਾਅਦ ਸਿਰੇ ਚੜ੍ਹਦੀ ਹੈ ਜਦੋਂ ਸਰਦਾਰ ਦੀ ਉਮਰ ਢਲ ਜਾਂਦੀ ਹੈ ਅਤੇ ਕਰਤਾਰੋ ਦੋ ਬੱਚਿਆਂ ਦੀ ਮਾਂ ਬਣ ਜਾਦੀ ਹੈ।

ਸਰਦਾਰ ਦੇ ਵੱਡੇ ਪੁੱਤਰ ਅਤੇ ਖ਼ੁਦ ਸਰਦਾਰ ਦੇ ਕਤਲ ਉਤੇ ਪਰਦਾ ਪਾਉਣ ਲਈ ਕਰਤਾਰੋ ਜੋ ਪਖੰਡ ਕਰਦੀ ਹੈ, ਉਹ ਵੀ ਵਸਤੂ-ਸਥਿਤੀ ਨਾਲ ਮੇਲ ਨਹੀਂ ਖਾਂਦਾ। ਕਰਤਾਰੋ ਦਾ ਰੋਣ-ਪਿੱਟਣ ਇਕ ਤਰ੍ਹਾਂ ਦਾ ਭਾਵ ਨਾਟਕੀ ਕਾਰਜ ਬਣ ਜਾਂਦਾ ਹੈ ਜਿਸ ਉੱਤੇ ਨਾਵਲਕਾਰ ਦੇ ਆਖੇ ਲਗ ਕੇ ਹੀ ਭਰੋਸਾ ਕੀਤਾ ਜਾ ਸਕਦਾ ਹੈ।

ਵਾਸਤਵ ਵਿਚ ਇਹ ਨਾਵਲ ਨਕਸਲੀ ਲਹਿਰ ਦੀ ਚੜ੍ਹਤ ਨੂੰ ਦਰਸਾਉਣ ਲਈ ਲਿਖਿਆ ਗਿਆ ਪ੍ਰਤੀਤ ਹੁੰਦਾ ਹੈ ਪਰ ਮਿਥੇ ਉਦੇਸ਼ ਦੀ ਪੂਰਤੀ ਲਈ ਵਿਭਿੰਨ ਘਟਨਾਵਾਂ ਦਾ ਜੋ ਤਾਣਾ-ਪੇਟਾ ਬੁਣਿਆ ਗਿਆ ਹੈ, ਉਹਦੇ ਵਿਚੋਂ ਕਲਾਮਈ ਪੈਟਰਨ ਨਹੀਂ ਉਘੜਦਾ। ਇਨ੍ਹਾਂ ਦੋਹਾਂ ਨਾਵਲਾਂ ਬਾਰੇ ਆਪਣੀ ਰਾਇ ਦਾ ਇਜ਼ਹਾਰ ਕਰਦਿਆਂ ਡਾਕਟਰ ਸੁਖਦੇਵ ਸਿੰਘ ਖਾਹਰਾ ਨੇ ਲਿਖਿਆ ਹੈ:

> *ਮੀਤ ਦੇ ਦੋਵੇਂ ਮੁਢਲੇ ਨਾਵਲਾਂ ਵਿਚ ਹਕੀਕਤ ਦੀ ਪੇਸ਼ਕਾਰੀ ਵਿਸ਼ੇਸ਼ ਕਰ ਕੇ ਜ਼ਮੀਨੀ ਰਿਸ਼ਤਿਆਂ ਦੇ ਇਰਦ-ਗਿਰਦ ਬੁਣੇ ਹੋਏ ਭਾਵ ਸੰਸਕਾਰਾਂ ਦੇ ਅੰਤਰ ਵਿਰੋਧਾਂ ਨੂੰ ਹਕੀਕਤ ਪਸੰਦੀ ਦੇ ਪੈਂਤੜੇ ਤੋਂ ਚਿਤਰਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਜਿੱਥੋਂ ਤੱਕ ਉਹ ਇਸ ਹਕੀਕਤ ਨੂੰ ਆਪਣੀ ਮਨਪਸੰਦ ਵਿਚਾਰਧਾਰਾ ਦੀ ਮਦਦ ਨਾਲ ਮਨੋਇੱਛਤ ਦਸ਼ਾ ਵਿਚ ਸੁਧਾਰਨ ਜਾਂ ਤਬਦੀਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਹ ਚਿਤ੍ਰਣ ਨੂੰ ਮੈਗਨੀਫਾਈ ਕਰਨ ਦੀ ਰੁਚੀ ਹਕੀਕਤ ਪਸੰਦੀ ਤੋਂ ਮੁਖ ਮੋੜ ਲੈਂਦੀ ਹੈ।*[23]

ਡਾ. ਹਰਿਚਰਨ ਸਿੰਘ ਭਾਟੀਆ ਵੀ ਉਹਦੇ ਪਹਿਲੇ ਦੋਹਾਂ ਨਾਵਲਾਂ ਬਾਰੇ ਆਪਣਾ ਮੱਤ ਪੇਸ਼ ਕਰਦਾ ਹੋਇਆ ਲਿਖਦਾ ਹੈ:

> *ਉਸ ਦੌਰ ਦੇ ਉਸ ਦੇ ਪਾਤਰ ਅਤੇ ਘਟਨਾਵਾਂ ਰੁਮਾਂਸ ਦੀ ਸੰਘਣੀ ਪਰਤ ਹੇਠ ਵਿਚਾਰੇ ਉਹ ਖੁਦ ਬੇਸ਼ਕ ਆਪਣੇ ਇਨਕਲਾਬੀ ਉਦੇਸ਼ ਪ੍ਰਤਿ ਸੁਹਿਰਦ ਅਤੇ ਪ੍ਰਤਿਬੱਧ ਜ਼ਰੂਰ ਸੀ ਪਰੰਤੂ ਉਸ ਦੇ ਪਾਤਰ ਅਤੇ ਸਿਰਜਤ ਘਟਨਾਵਾਂ ਦੀ ਸਥਿਤੀ ਜਟਿਲਤਾ ਨੂੰ ਸਮਝਣ ਤੋਂ ਲਗਭਗ ਅਸਮਰਥ ਹੀ ਸਨ। ਉਹ ਝਟਪਟ ਹੀ ਇਨਕਲਾਬੀ ਬਣ ਜਾਂਦੇ ਸਨ ਅਤੇ ਇਨਕਲਾਬ ਦੀਆਂ ਸੰਭਾਵਨਾਵਾ ਨੂੰ ਵਧਾ ਚੜ੍ਹਾ ਕੇ ਗ੍ਰਹਿਣ ਤੇ ਪੇਸ਼ ਕਰਦੇ ਸਨ। ਉਨ੍ਹਾਂ ਲਈ ਜਮਾਤੀ ਦੁਸ਼ਮਣਾਂ ਦਾ ਸਫ਼ਾਇਆ,*

*ਹਥਿਆਰ ਬੰਦ ਘੋਲ ਅਤੇ ਕ੍ਰਾਂਤੀ ਆਸਾਨ ਜਿਹੇ ਵਰਤਾਰੇ ਸਨ। ਏਸ ਪੜਾਅ ਤਕ ਮਸਲਿਆਂ ਦੀ ਨਿਸ਼ਾਨਦੇਹੀ ਹੀ ਮੀਤ ਦੀ ਪ੍ਰਾਪਤੀ ਹੈ।*[24]

ਇਹ ਦੋਵੇਂ ਨਾਵਲ ਮੀਤ ਦੇ ਬਚਪਨ ਦੇ ਅਨੁਭਵ ਅਤੇ ਕੱਚੀ ਉਮਰ ਦੀ ਸਿਰਜਣਾ ਹਨ। ਉਹਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਹ ਇਨ੍ਹਾਂ ਨਾਵਲਾਂ ਵਿਚ ਪੰਜਾਬ ਦੇ ਪਿੰਡਾਂ ਦੀਆਂ ਦੋਹਾਂ ਦੱਬੀਆਂ-ਕੁਚਲੀਆਂ ਸ੍ਰੇਣੀਆਂ, ਛੋਟੀ ਸੀਮਾਂਤ ਕਿਸਾਨੀ ਅਤੇ ਅਛੂਤ ਕਾਮੇ ਦੇ ਸੰਤਾਪ ਨੂੰ ਅੱਠਵੇਂ ਦਹਾਕੇ ਦੀ ਖਾੜਕੂ ਲਹਿਰ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। ਪਰ ਪਹਿਲਾ ਨਾਵਲ ***ਅੱਗ ਦੇ ਬੀਜ*** ਜਿਥੇ ***ਨਿਆਂ*** ਲਈ ਸਹਿਕਦੀ ਕਿਸਾਨੀ ਦਾ ਇਕਹਿਰੀ ਬਣਤ ਵਾਲਾ ਬਿਰਤਾਂਤ ਹੈ, ਉਥੇ ਦੂਸਰਾ ਨਾਵਲ ***ਕਾਫ਼ਲਾ*** ਬਹੁਕਥਾਵੀ ਬਿਰਤਾਂਤਕਾਰੀ ਰਾਹੀਂ ਨਿਆਂ ਲਈ ਸੂਝਦੇ ਲੋਕਾਂ ਦਾ ਸੰਵੇਦਨਸ਼ੀਲ ਚਿੱਤਰ ਰੂਪਮਾਨ ਕਰਦਾ ਹੈ। ਨਾਵਲੀ ਪਾਠ ਵਿਚੋਂ ਸੰਘਰਸ਼ਮਈ ਲਹਿਰ ਦੀਆਂ ਉਕਾਈਆਂ ਦਾ ਜ਼ਿਕਰ ਨਾਵਲਕਾਰ ਦੀ ਵਿਕਸਤ ਹੋ ਰਹੀ ਸੋਝੀ ਦਾ ਲਖਾਇਕ ਹੈ। ਉਸ ਅਨੁਸਾਰ ਇਸ ਲਹਿਰ ਦਾ ਨਾਕਾਮੀ ਦਾ ਭੇਤ ਲਹਿਰ ਦੀ ਕਾਰਜਵਿਧੀ ਵਿਚ ਛੁਪਿਆ ਹੋਇਆ ਹੈ। ਲਹਿਰ ਦੇ ਸਾਹਸੀ ਕਾਰਕੁਨ ਰੂਪੋਸ਼ ਰਹਿ ਕੇ ਅਨਿਆਂ-ਭੋਗਦੀ ਜਨਤਾ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ। ਲਹਿਰ ਦੇ ਆਗੂਆਂ ਦੀ ਧਾਰਨਾ ਹੈ ਕਿ ਉਨ੍ਹਾਂ ਦੀ ਨਿਸ਼ਕਾਮੀ ਕੁਰਬਾਨੀ ਲੋਕਾਂ ਲਈ ਖ਼ੁਦ-ਬਖ਼ੁਦ ਇਨਕਲਾਬੀ ਚੇਤਨਾ ਦੀ ਵਾਹਕ ਬਣ ਜਾਵੇਗੀ ਪਰ ਇਤਿਹਾਸ ਵਿਚ ਇਸ ਤਰ੍ਹਾਂ ਕਦੇ ਨਹੀਂ ਵਾਪਰਦਾ। ਰੂਪੋਸ਼ ਰਹਿ ਕੇ ਕਤਲ ਵਰਗੀਆਂ ਗ਼ੈਰਕਾਨੂੰਨੀ ਕਾਰਵਾਈਆਂ ਕਿਸੇ ਵੀ ਲਹਿਰ, ਉਹਦੇ ਸਰਗਰਮ ਕਾਰਕੁਨਾਂ ਅਤੇ ਸੁਹਿਰਦ ਹਮਦਰਦਾਂ ਵਾਸਤੇ ਹਾਨੀਕਾਰਕ ਸਾਬਤ ਹੁੰਦੀਆਂ ਹਨ ਜਿਵੇਂ ਕਿ ਨਾਵਲ ਵਿਚਲੀ ਲੋਕਪੱਖੀ ਲਹਿਰ ਨਾਲ ਵਾਪਰਦਾ ਹੈ। ਇਉਂ ਬੁਰਜੂਆ ਜ਼ਮਹੂਰੀਅਤ ਵਿਚ ਮੌਜੂਦ ਪ੍ਰਗਟਾਵੇ ਦੀ ਆਜ਼ਾਦੀ ਦੀ ਸੰਭਾਵਨਾ ਦੀ ਵਰਤੋਂ ਨਾਲ ਹੀ ਸਮਾਜਵਾਦੀ ਇਨਕਲਾਬੀ ਦੀ ਚੇਤਨਾ ਫੈਲਾਈ ਜਾ ਸਕਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਮਿੱਤਰ ਸੈਨ ਮੀਤ, ਅੱਗ ਦੇ ਬੀਜ਼, ***ਭੂਮਿਕਾ,*** ਪੰਨਾ 7
2. ਸੁਖਦੇਵ ਸਿੰਘ ਖਾਹਰਾ, ***ਨਾਵਲਕਾਰ ਮਿੱਤਰ ਸੈਨ ਮੀਤ,*** ਪੰਨਾ 128
3. ਟੀ.ਆਰ. ਵਿਨੋਦ, ***Fiction of Mittar Sain Meet***, p. 4
4. ਸੁਖਦੇਵ ਸਿੰਘ ਖਾਹਰਾ, ***ਨਾਵਲਕਾਰ ਮਿੱਤਰ ਸੈਨ ਮੀਤ,*** ਪੰਨੇ 128–129
5. ਮਿੱਤਰ ਸੈਨ ਮੀਤ, ***ਅੱਗ ਦੇ ਬੀਜ਼,*** ਪੰਨਾ 20
6. ਉਹੀ, ਪੰਨਾ 22
7. ਉਹੀ, ਪੰਨਾ 23
8. ਉਹੀ, ਪੰਨਾ 22
9. ਉਹੀ, ਪੰਨਾ 23
10. ਉਹੀ, ਪੰਨਾ 23
11. ਉਹੀ, ਪੰਨਾ 23
12. ਉਹੀ, ਪੰਨਾ 56
13. ਉਹੀ, ਪੰਨਾ 103
14. ਉਹੀ, ਪੰਨੇ 93–94
15. ਟੀ.ਆਰ. ਵਿਨੋਦ, ***Fiction of Mittar Sain Meet***, p. 2
16. ਮਿੱਤਰ ਸੈਨ ਮੀਤ, ਅੱਗ ਦੇ ਬੀਜ਼, ***ਭੂਮਿਕਾ,*** ਪੰਨੇ 7–8
17. ਸੁਖਦੇਵ ਸਿੰਘ ਖਾਹਰਾ, ***ਨਾਵਲਕਾਰ ਮਿੱਤਰ ਸੈਨ ਮੀਤ,*** ਪੰਨਾ 11
18. ਮਿੱਤਰ ਸੈਨ ਮੀਤ, ***ਕਾਫ਼ਲਾ,*** ਪੰਨਾ 7
19. ਉਹੀ, ਪੰਨਾ 8
20. ਟੀ.ਆਰ. ਵਿਨੋਦ, ***Fiction of Mittar Sain Meet***, p. E
21. ਸੁਖਦੇਵ ਸਿੰਘ ਖਾਹਰਾ, ***ਨਾਵਲਕਾਰ ਮਿੱਤਰ ਸੈਨ ਮੀਤ,*** ਪੰਨਾ 9

22. ਮਿੱਤਰ ਸੈਨ ਮੀਤ, ***ਕਾਫ਼ਲਾ***, ਪੰਨਾ 10

23. ਸੁਖਦੇਵ ਸਿੰਘ ਖਾਹਰਾ, ***ਨਾਵਲਕਾਰ ਮਿੱਤਰ ਸੈਨ ਮੀਤ***, ਪੰਨਾ 11

24. ਹਰਿਭਜਨ ਸਿੰਘ ਭਾਟੀਆ (ਸੰਪਾ.), ***ਕੌਰਵ ਸਭਾ ਦੀਆਂ ਪਰਤਾਂ***, ਪੰਨਾ 6

## ਅਧਿਆਇ ਚੌਥਾ

## ਮਿੱਤਰ ਸੈਨ ਮੀਤ ਦੇ ਤ੍ਰੈ-ਲੜੀ ਨਾਵਲਾਂ ਵਿਚ ਨਿਆਂ ਦੀ ਬਿਰਤਾਂਤਕਾਰੀ

- *ਤਫ਼ਤੀਸ਼ ਨਾਵਲ ਦੇ ਪ੍ਰਸੰਗ 'ਚ*
- *ਕਟਹਿਰਾ ਨਾਵਲ ਦੇ ਪ੍ਰਸੰਗ 'ਚ*
- *ਸੁਧਾਰ ਘਰ ਨਾਵਲ ਦੇ ਪ੍ਰਸੰਗ 'ਚ*

## ਮਿੱਤਰ ਸੈਨ ਮੀਤ ਦੇ ਤ੍ਰੈਲੜੀ ਨਾਵਲ : ਤਫ਼ਤੀਸ਼, ਕਟਹਿਰਾ ਅਤੇ ਸੁਧਾਰ ਘਰ ਵਿਚ ਨਿਆਂ ਦੀ ਬਿਰਤਾਂਤਕਾਰੀ

ਮਿੱਤਰਸੈਨ ਮੀਤ ਪੰਜਾਬੀ ਦੇ ਉਨ੍ਹਾਂ ਪ੍ਰਮੁੱਖ ਨਾਵਲਕਾਰਾਂ ਵਿਚੋਂ ਹੈ ਜਿੰਨ੍ਹਾਂ ਨੇ 1990 ਤੋਂ ਬਾਅਦ ਦੇ ਪੰਜਾਬੀ ਨਾਵਲ ਵਿਚ ਥੀਮ, ਉਸਦੇ ਨਿਭਾਅ ਅਤੇ ਦ੍ਰਿਸ਼ਟੀ ਪੱਖੋਂ ਸਿਫ਼ਤੀ ਵਾਧਾ ਕੀਤਾ ਹੈ। ***ਅੱਗ ਦੇ ਬੀਜ*** ਤੇ ***ਕਾਫ਼ਲਾ*** ਉਸਦੇ ਦੋ ਮੁਢਲੇ ਨਾਵਲ ਹਨ, ਜਿਹੜੇ ਇਕ ਤਰ੍ਹਾਂ ਨਾਲ ਉਸਦੇ ਪੰਜਾਬੀ ਨਾਵਲ ਵਿਚ ਨਾਵਲਕਾਰੀ ਦੇ ਮੁੱਢਲੇ ਪ੍ਰਯੋਗ ਹਨ। ਸੰਰਚਨਾਤਮਕ ਪੱਖੋਂ ਵੀ ਇਹ ਨਾਵਲ ਸਰਲ ਬਿਰਤਾਂਤ ਸਿਰਜਦੇ ਹਨ ਪ੍ਰੰਤੂ ਇਸਦੇ ਬਾਵਜੂਦ ਇਹ ਦੋਵੇਂ ਨਾਵਲ ਸਾਡੇ ਸਮਕਾਲੀ ਯਥਾਰਥ ਦੇ ਕੇਂਦਰੀ ਸਰੋਕਾਰਾਂ ਨਾਲ ਜੁੜੇ ਹੋਏ ਹਨ। ਇਹਨਾਂ ਦੋਹਾਂ ਨਾਵਲਾਂ ਦੀ ਰਚਨਾ ਵਸਤੂ, ਰਚਨਾ ਵਿਧੀ ਤੇ ਰਚਨਾ ਦ੍ਰਿਸ਼ਟੀ ਬਾਰੇ ਅਸੀਂ ਪਿਛਲੇ ਅਧਿਆਇ ਵਿਚ ਵਿਸਤ੍ਰਿਤ ਚਰਚਾ ਕਰ ਆਏ ਹਾਂ, ਵਿਸ਼ੇਸ਼ ਕਰਕੇ ਨਿਆਂ ਵਿਵਸਥਾ ਦੇ ਪ੍ਰਸੰਗ ਵਿਚ। ਮਿੱਤਰਸੈਨ ਮੀਤ ਨੂੰ ਜਿਹੜੇ ਚਾਰ ਨਾਵਲਾਂ ਨੇ ਪੰਜਾਬੀ ਨਾਵਲਕਾਰੀ ਵਿਚ ਵਿਸ਼ੇਸ਼ ਤੇ ਵਿਲੱਖਣ ਸਥਾਨ ਦਿਵਾਇਆ ਹੈ ਉਹ ***ਤਫ਼ਤੀਸ਼*** (1990), ***ਕਟਹਿਰਾ*** (1993), ***ਸੁਧਾਰ ਘਰ*** (2006) ਅਤੇ ***ਕੌਰਵ ਸਭਾ*** (2003) ਹਨ। ਪਹਿਲੋ ਤਿੰਨੋ ਨਾਵਲ ਆਪਣੀ ਸੁਤੰਤਰ ਹੋਂਦ ਰੱਖਦੇ ਹੋਏ ਵੀ ਕਥਾ ਤੇ ਥੀਮਕ ਸਾਂਝ ਕਰਕੇ ਇਕ ਦੂਜੇ ਨਾਲ ਅੰਤਰ-ਸਬੰਧਤ ਹਨ। ਇਹਨਾਂ ਤਿੰਨਾਂ ਨਾਵਲਾਂ ਦੀ ਕੇਂਦਰੀ ਥੀਮ ਸਾਡੀ ਨਿਆਂ ਪ੍ਰਣਾਲੀ ਦੇ ਤਿੰਨ ਉਪ ਪ੍ਰਬੰਧਾਂ- ਪੁਲਿਸ ਪ੍ਰਬੰਧ, ਨਿਆਂ ਪ੍ਰਬੰਧ ਅਤੇ ਜੇਲ੍ਹ ਪ੍ਰਬੰਧ ਨੂੰ ਆਪਣੇ ਕੇਂਦਰ ਵਿਚ ਰੱਖਦੇ ਹੋਏ ਇਹਨਾਂ ਤਿੰਨਾਂ ਪ੍ਰਬੰਧਕੀ ਸਿਸਟਮਾਂ ਵਿਚ ਪਸਰੇ ਵਿਆਪਕ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ, ਰਾਜਸੀ ਦਖ਼ਲ ਆਦਿ ਦੇ ਕਰੂਪ ਤੇ ਕਰੂਰ ਯਥਾਰਥ ਨੂੰ ਬੇਪਰਦ ਕਰਦੇ ਹਨ।

***ਤਫ਼ਤੀਸ਼*** ਮਿੱਤਰਸੈਨ ਮੀਤ ਦੀ ਇਸ ਲੜੀ ਦਾ ਪਹਿਲਾ ਨਾਵਲ ਹੈ ਜਿਹੜਾ ਪੰਜਾਬੀ ਦੇ ਪ੍ਰਸਿੱਧ ਵਿਦਵਾਨਾਂ ਦੀ ਨਿਗਾਹ ਚੜ੍ਹਿਆ। ਪ੍ਰੋ: ਅਤਰ ਸਿੰਘ ਇਸ

ਨਾਵਲ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਾ ਲਿਖਦਾ ਹੈ, *''ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਤਫ਼ਤੀਸ਼ ਨਾਵਲ ਪੰਜਾਬੀ ਨਾਵਲ ਦੀ ਮੁੱਖ ਧਾਰਾ ਨੂੰ ਇਕ ਨਵੀਂ ਦਿਸ਼ਾ ਵੱਲ ਮੋੜਦਾ ਹੈ, ਉਚੇਚੇ ਮਨੋਰਥਵਾਦ ਦੀ ਥਾਂ ਮਾਨਵਵਾਦੀ ਸੰਵੇਦਨਾ ਵੱਲ, ਨਾਅਰੇਬਾਜ਼ੀ ਦੀ ਥਾਂ ਮਨੁੱਖੀ ਸੋਚ ਦੀ ਪਛਾਣ ਅਤੇ ਇਸਦੇ ਘੋਰ ਦੁਖਾਂਤ ਵੱਲ।''*[1] ਡਾ. ਜੋਗਿੰਦਰ ਸਿੰਘ ਰਾਹੀ ਇਸ ਨਾਵਲ ਬਾਰੇ ਆਪਣੇ ਇਕ ਮਜ਼ਮੂਨ ''**ਤਫ਼ਤੀਸ਼ : ਵਿਧੀ ਅਤੇ ਵਸਤੂ**'' ਵਿਚ ਇਸਦਾ ਜ਼ਿਕਰ ਕਰਦਾ ਲਿਖਦਾ ਹੈ *''ਤਫ਼ਤੀਸ਼ ਪਹਿਲੀ ਸਫ਼ ਦੀ ਰਚਨ ਮੰਨਿਆ ਗਿਆ ਹੈ।''* ਮਿੱਤਰਸੈਨ ਮੀਤ ਦੇ ਮੁਢਲੇ ਦੋ ਪ੍ਰਯੋਗਿਕ ਨਾਵਲਾਂ ਦੇ ਮੁਕਾਬਲੇ ਵਿਚ ਇਸ ਰਚਨਾ ਨੂੰ ਜਦੋਂ ਉਹ ਇਕ ''ਵਿਲੱਖਣ ਰਚਨਾ'' ਕਹਿੰਦਾ ਹੈ ਤਾਂ ਉਹ ਆਪਣਾ ਤਰਕ ਸਿਰਜਦਾ ਲਿਖਦਾ ਹੈ:

> *ਇਸਦੀ ਵਿਲੱਖਣਤਾ ਦੀਆਂ ਜੜ੍ਹਾਂ ਖ਼ਾਸ ਕਿਸਮ ਦੇ ਗੁਣ ਵਿਚ ਹਨ ਇਹ ਇਕ ਘੋਖਣਯੋਗ ਚੀਜ਼ ਹੈ। ਹੁਣ ਤਕ ਇਹ ਜੜ੍ਹਾਂ ਨਾਵਲ ਦੇ ਥੀਮ ਵਿਚ ਵੇਖੀਆਂ ਗਈਆਂ ਹਨ ਪਰ ਨਾਵਲ ਦੀ ਸਨਾਖ਼ਤ ਨੂੰ ਇਸਦੇ ਥੀਮ ਤਕ ਮਹਿਦੂਦ ਕਰ ਦੇਣਾ ਵਾਜਬ ਨਹੀਂ ਲਗਦਾ। ਥੀਮ ਦੇ ਪੱਖੋ ਤਫ਼ਤੀਸ਼ ਸਾਡਾ ਪਹਿਲਾ ਨਾਵਲ ਹੈ ਜਿਸ ਵਿਚ ਇੰਤਜ਼ਾਮੀਆਂ ਦਾ ਬਹੁਪੱਖੀ ਆਲੋਚਨਾਤਮਕ ਚਿਤਰਨ ਮਿਲਦਾ ਹੈ। ਇਸ ਤੋਂ ਪਹਿਲਾਂ ਸਾਡੇ ਯਥਾਰਥਵਾਦੀ ਨਾਵਲ ਦੀ ਜ਼ਿਆਦਾ ਦਿਲਚਸਪੀ ਗ੍ਰਾਮ ਸੰਸਕ੍ਰਿਤੀ ਦੇ ਮਸਲਿਆਂ ਵਿਚ ਰਹੀ।* ***ਤਫ਼ਤੀਸ਼*** *ਦੀ ਵਿਸ਼ੇਸ਼ਤਾ ਦਾ ਮਹਿਵਰ ਇਸਦੇ ਨਵੇਕਲੇ ਵਿਸ਼ੇ ਖੇਤਰ ਤੇ ਉਸਦੇ ਵੇਰਵਿਆਂ ਨੂੰ ਬਾਰੀਕੀ ਨਾਲ ਚਿਤਰਨ ਵਿਚ ਨਿਸ਼ਚਿਤ ਕੀਤਾ ਗਿਆ ਹੈ।*[2]

ਡਾ. ਟੀ.ਆਰ. ਵਿਨੋਦ ਪੰਜਾਬੀ ਸਾਹਿਤ ਚਿੰਤਨ ਦਾ ਅਜਿਹਾ ਵਿਦਵਾਨ ਆਲੋਚਕ ਹੈ ਜਿਸਨੇ ਪੰਜਾਬੀ ਨਾਵਲ ਅਧਿਐਨ ਵਿਚ ਆਪਣੀ ਮਾਰਕਸਵਾਦੀ ਵਿਸ਼ਵ ਦ੍ਰਿਸ਼ਟੀ ਰਾਹੀਂ ਨਵੇਂ ਪ੍ਰਤਿਮਾਨ ਸਥਾਪਤ ਕੀਤੇ। ਪ੍ਰਾਪਤ ਪੰਜਾਬੀ ਨਾਵਲ ਵਿਚ ਜਦੋਂ

ਉਹ ਆਪਣੇ ਮਜ਼ਮੂਨ *''ਤਫ਼ਤੀਸ਼ : ਵਿਧਾਗਤ ਸੰਰਚਨਾ ਤੇ ਦ੍ਰਿਸ਼ਟੀ ਬਿੰਦੂ''* ਵਿਚ ***ਤਫ਼ਤੀਸ਼*** ਨਾਵਲ ਦੀ ਸਿਰਜਣਾਤਮਕ ਵਿਲੱਖਣਤਾ ਦੀ ਗੱਲ ਕਰਦਾ ਹੈ ਤਾਂ ਉਹ ਇਸ ਨਾਵਲ ਨੂੰ ਪੰਜਾਬੀ ਦਾ ਪਹਿਲਾ ਅਜਿਹਾ ਨਾਵਲ ਮੰਨਦਾ ਹੈ ਜਿਹੜਾ 'ਮਸ਼ਕਰੀ' ਦੀ ਢਾਲ 'ਤੇ ਢਲਿਆ ਹੈ। 'ਮਸ਼ਕਰੀ' ਨੂੰ ਪਰਿਭਾਸ਼ਤ ਕਰਦਾ ਡਾ. ਵਿਨੋਦ ਲਿਖਦਾ ਹੈ:

> *ਮਸ਼ਕਰੀ ਕਾਮ-ਸਾਹਿਤ ਦੀ ਇਕ ਵੰਨਗੀ ਹੈ ਜੋ ਸਥਿਤੀਆਂ ਪਰਿਸਥਿਤੀਆਂ ਦੀ ਹਸਾਉਣੀ (laughable) ਅਤੇ ਹਾਸੋਹੀਣੀ (ridiculous) ਪੇਸ਼ਕਾਰੀ ਰਾਹੀਂ ਪੇਸ਼ ਵਸਤੂ ਦਾ ਮਖੌਲ ਉਡਾਉਂਦੀ ਹੈ। ਨਕਲ, ਪਰਹਸਣ (farce), ਪੈਰੋਡੀ, ਵਿਅੰਗ ਕਥਾ, ਸਿੱਠਣੇ, ਵਿਅੰਗ ਚਿੱਤਰ (caricature), ਕਾਰਟੂਨ, ਮਸ਼ਕਰੀ ਦੇ ਭਿੰਨ ਭਿੰਨ ਰੂਪ ਹਨ।*[3]

ਇਸੇ ਪ੍ਰਸੰਗ ਵਿਚ ਡਾ. ਵਿਨੋਦ 'ਮਸ਼ਕਰੀ' ਨੂੰ ਇਕ ਵਿਧੀ ਵੀ ਮੰਨਦਾ ਹੈ ਅਤੇ ਇਕ ਵਿਧਾ ਵੀ। ਉਸਦਾ ਮੰਨਣਾ ਹੈ ਕਿ ਵਿਧੀ ਦੇ ਤੌਰ 'ਤੇ ਪੰਜਾਬੀ ਨਾਵਲਕਾਰ ਮਸ਼ਕਰੀ ਦੀ ਵਰਤੋਂ ਪਹਿਲਾਂ ਵੀ ਕਰਦੇ ਸਨ। ਉਸਨੇ ਨਾਨਕ ਸਿੰਘ ਦੇ ਨਾਵਲ ***ਪਵਿੱਤਰ ਪਾਪੀ*** ਵਿਚ ਦੁਕਾਨਦਾਰ ਅਤਰ ਸਿੰਘ ਦੀ ਕੰਜੂਸੀ ਦਾ ਵਿਅੰਗ ਚਿਤਰ ਮਸ਼ਕਰੀ ਦੀ ਵਿਧੀ 'ਤੇ ਢਲਿਆ ਮੰਨਿਆ ਹੈ, ਪਰੰਤੂ ਜਦੋਂ ਉਹ ਮਿੱਤਰਸੈਨ ਮੀਤ ਦੇ ਨਾਵਲ ***ਤਫ਼ਤੀਸ਼*** ਨੂੰ ਮਸ਼ਕਰੀ ਦੀ ਢਾਲ 'ਤੇ ਢਲਿਆ ਨਾਵਲ ਕਹਿੰਦਾ ਹੈ ਤਾਂ ਇਸ ਬਾਰੇ ਸਪਸ਼ਟ ਕਰਦਾ ਲਿਖਦਾ ਹੈ:

> *ਤਫ਼ਤੀਸ਼ ਤਾਂ ਮੁੱਢ ਤੋਂ ਲੈ ਕੇ ਅਖ਼ੀਰ ਤਕ ਮਸ਼ਕਰੀ ਰੂਪ ਵਿਚ ਢਲਿਆ ਹੋਇਆ ਹੈ ਜਿਸਦਾ ਤਕਰੀਬਨ ਹਰ ਵੇਰਵਾ ਸਮਾਜ ਦੇ 'ਸਾਊ' ਅੰਗ ਨੂੰ ਵਿਅੰਗ ਅਤੇ ਕਟਾਖਸ਼ (satire and irony) ਦੀ ਦ੍ਰਿਸ਼ਟੀ ਤੋਂ ਮੂਰਤੀਮਾਨ ਕਰਦਾ ਹੈ। ਨਾਵਲਕਾਰ ਦੀ ਇਹ ਦ੍ਰਿਸ਼ਟੀ ਨਾਵਲ ਵਿਚ ਅਤਿਕਥਨੀ, ਵਿਰੂਪਣ, ਵਿਰੋਧਾਭਾਸ਼, ਵਿਡੰਬਣਾ, ਸਮਵਿਥ*

*ਚਿਤਰਣ ਅਤੇ ਭਾਸ਼ਿਕ ਟਿੱਪਣੀਆਂ ਆਦਿ ਗਲਪੀ ਜੁਗਤਾਂ ਦੇ ਮਾਧਿਅਮ ਰਾਹੀਂ ਰੂਪਮਾਨ ਹੋਈ ਹੈ।*[4]

ਪ੍ਰੋ: ਗੁਰਬਖਸ਼ ਸਿੰਘ ਫਰੈਂਕ ਨੇ ਤਫ਼ਤੀਸ਼ ਨਾਵਲ ਦੀ ਵਿਲੱਖਤਾ ਦੋ ਗੱਲਾਂ ਵਿਚ ਨਿਸ਼ਚਿਤ ਕੀਤੀ ਹੈ। ਇਕ ਆਪਣੇ ਸਪਾਟ ਯਥਾਰਥ ਕਰਕੇ ਤੇ ਦੂਜਾ ਆਪਣੀ ਵਾਰਤਕ ਸ਼ੈਲੀ ਕਰਕੇ। ਡਾ. ਫਰੈਂਕ ਅਨੁਸਾਰ:

*ਤਫ਼ਤੀਸ਼ ਵਿਚਲਾ ਯਥਾਰਥ ਜੀਵਨ ਦੇ ਇਕ ਖ਼ਾਸ ਖੇਤਰ ਪੁਲਸ ਪ੍ਰਬੰਧ ਨੂੰ ਕੇਂਦਰ ਵਿਚ ਰਖਦਾ ਹੈ ਅਤੇ ਇਸ ਖੇਤਰ ਨੂੰ ਵਧ ਤੋਂ ਵਧ ਵਿਸ਼ਾਲਤਾ ਅਤੇ ਡੂੰਘਾਈ ਵਿਚ ਪੇਸ਼ ਕਰਦਾ ਹੈ। ਇਹ ਪੇਸ਼ਕਾਰੀ ਯਥਾਰਥ ਦੇ ਪ੍ਰਮਾਣਿਕ ਹੋਣ ਦਾ ਪ੍ਰਭਾਵ ਦਿੰਦੀ ਹੈ, ਕਿਉਂਕਿ ਇਸ ਵਿਚ ਦ੍ਰਿਸ਼ਟੀਕੋਣ, ਵਿਚਾਰਧਾਰਾ ਜਾਂ ਮੰਤਵ ਕਾਰਨ ਕੋਈ ਵੀ ਵਿਗਾੜ ਪਿਆ ਨਹੀਂ ਮਿਲਦਾ ..... ਇਹੋ ਜਿਹਾ ਸਪਾਟ ਯਥਾਰਥ ਆਲੰਕਾਰਕ ਭਾਸ਼ਾ ਵਿਚ ਵੀ ਪੇਸ਼ ਕੀਤਾ ਜਾ ਸਕਦਾ ਸੀ ਪਰ ਆਲੰਕਾਰਕ ਗਹਿਣੇ ਪਾਠਕ ਦਾ ਧਿਆਨ ਯਥਾਰਥ ਵਲੋਂ ਲਾਂਭੇ ਹਟਾ ਕੇ ਉਸਨੂੰ ਇਸ ਯਥਾਰਥ ਦੇ ਜਿਉਂ ਦਾ ਤਿਉਂ ਰੂਬਰੂ ਹੋਣ ਵਿਚ ਰੁਕਾਵਟ ਬਣਦੇ। ਲੇਖਕ ਨੇ ਨਾਵਲ ਵਿਚ 'ਸ਼ੁਧ ਵਾਰਤਕ' ਦੀ ਵਰਤੋਂ ਕੀਤੀ ਹੈ ਜਿਹੜੀ ਘਟਨਾ ਅਤੇ ਪਾਤਰਾਂ ਦਾ ਸਿੱਧਾ ਸਪਾਟ ਵਰਨਣ ਕਰਦੀ ਹੈ।*[5]

ਪੰਜਾਬੀ ਦੇ ਇਕ ਹੋਰ ਨਾਵਲ ਚਿੰਤਕ ਡਾ. ਸੁਖਦੇਵ ਸਿੰਘ ਖਾਹਰਾ ਨੇ ਵੀ ਇਸ ਨਾਵਲ ਨੂੰ ਆਪਣੇ ਅਧਿਐਨ ਅਧੀਨ ਲਿਆਂਦਾ ਹੈ। ਉਸਨੇ ਆਪਣੇ ਮਜ਼ਮੂਨ **''ਤਫ਼ਤੀਸ਼ ਦਾ ਵਿਸ਼ਲੇਸ਼ਣ''** ਵਿਚ ਇਸ ਨਾਵਲ ਬਾਰੇ ਲਿਖਿਆ ਹੈ:

*ਤਫ਼ਤੀਸ਼ ਤਕ ਪਹੁੰਚ ਕੇ ਨਾਵਲਕਾਰ ਰੁਮਾਂਟਕ ਪ੍ਰਗਤੀਵਾਦੀ ਪਰੰਪਰਾ ਦੇ ਭੰਜਨ ਅਤੇ ਯਥਾਰਥਵਾਦੀ ਨਾਵਲ ਨਾਲ ਸੰਵਾਦਕ ਅੰਤਰ ਕਿਰਿਆ ਸਥਾਪਤ ਕਰਕੇ ਅਨੁਭਵ ਖੇਤਰ, ਗਲਪ ਦ੍ਰਿਸ਼ਟੀ ਅਤੇ ਵਿਧੀ ਦੇ ਪੱਖ*

> *ਤੋਂ ਅਜਿਹੇ ਮਾਪਦੰਡ ਦਾ ਸਿਰਜਣ ਕਰਦਾ ਹੈ ਜਿਸਤੋਂ ਉਸ ਦੀ ਸਿਰਜਣਾਤਮਕ ਪ੍ਰਤਿਭਾ ਦੇ ਨਿਵੇਕਲੇ ਜਲੌਅ ਅਤੇ ਪੰਜਾਬੀ ਨਾਵਲ ਵਿਚ ਉਭਰ ਰਹੇ ਨਵੀਨ ਕਲਾਤਮਕ ਵਰਤਾਰੇ ਦੀ ਟੋਹ ਮਿਲਦੀ ਹੈ।*[6]

ਦਿਲਚਸਪ ਗੱਲ ਇਹ ਹੈ ਕਿ ***ਤਫ਼ਤੀਸ਼*** ਨਾਵਲ ਪੰਜਾਬੀ ਦਾ ਪਹਿਲਾ ਅਜਿਹਾ ਨਾਵਲ ਹੈ ਜਿਸ ਬਾਰੇ ਪੰਜਾਬੀ ਦੇ ਲਗਭਗ ਸਾਰੇ ਸਮਕਾਲੀ ਸਾਹਿਤ ਦੇ ਗਲਪ ਚਿੰਤਕਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਸਦਾ ਵੱਡਾ ਕਾਰਨ ਇਹ ਹੈ ਕਿ ਇਹ ਨਾਵਲ ਸਾਡੇ ਇੰਤਜ਼ਾਮੀਆਂ ਦੀ ਮੁਢਲੇ ਸਬ ਸਿਸਟਮ ਪੁਲਿਸ ਪ੍ਰਬੰਧ ਦੇ ਸਮੁੱਚੇ ਕਿਰਦਾਰ ਤੇ ਕਾਰ-ਵਿਹਾਰੀ ਸੁਭਾ ਦੇ ਸਾਰ ਨੂੰ ਪਕੜਨ ਅਤੇ ਉਸਨੂੰ ਗਲਪੀ ਰੂਪ ਵਿਚ ਪੇਸ਼ ਕਰਨ ਵਿਚ ਕਾਮਯਾਬ ਹੋਇਆ ਹੈ। ਉਪਰਲੀ ਸਤਹ 'ਤੇ ਤਾਂ ਇਹ ਇਕ ਆਮ ਘਟਨਾ ਨਜ਼ਰ ਆਉਂਦੀ ਹੈ, ਪਰੰਤੂ ਇਸ ਵਿਚ ਜਿਸ ਤਰ੍ਹਾਂ ਸਾਡੇ ਲੋਕ ਤੰਤਰੀ ਰਾਜ ਦੀਆਂ ਤਿੰਨੇ ਮੁਖ ਕੜੀਆਂ- ਵਿਧਾਨ ਪਾਲਿਕਾ, ਕਾਰਜ ਪਾਲਿਕਾ ਤੇ ਨਿਆਂ ਪਾਲਿਕਾ ਦੇ ਬਹੁ-ਪੱਖੀ ਯਥਾਰਥ ਰਾਹੀਂ ਇਨ੍ਹਾਂ ਦਾ ਪ੍ਰਤੀਨਿਧ ਖ਼ਾਸਾ ਵਿਅੰਗ ਤੇ ਵਿਡੰਬਨਾ ਦੀ ਜੁਗਤ ਰਾਹੀਂ ਪ੍ਰਤੀਬਿੰਬਤ ਹੁੰਦਾ ਹੈ, ਉਹ ਮਿੱਤਰਸੈਨ ਮੀਤ ਦੀ ਪ੍ਰੌਢ ਗਲਪੀ ਚੇਤਨਾ ਦਾ ਸੂਚਕ ਹੈ।

ਨਾਵਲ ਦੀ ਆਧਾਰ ਘਟਨਾ ਛੋਟੇ ਬੱਚੇ ਬੰਟੀ ਦੀ ਅਪਾਹਰਣ ਅਤੇ ਉਸ ਦੇ ਬਾਅਦ ਉਸ ਦੇ ਕਤਲ ਨਾਲ ਸੰਬੰਧਿਤ ਹੈ, ਜਿਸ ਉਤੇ ਇਸ ਨਾਵਲ ਦੀ ਸਮੁੱਚੀ ਸੰਰਚਨਾਤਮਕ ਉਸਾਰੀ ਹੋਈ ਹੈ। ਅਸਲ ਵਿਚ ਇਸ ਕਤਲ ਦੀ ਤਫ਼ਤੀਸ਼ ਨਾਵਲੀ ਕਾਰਜ ਦੀ ਅਜਿਹੀ ਪ੍ਰਕਿਰਿਆ ਹੈ ਜਿਹੜੀ ਇਸ ਨਾਵਲ ਦੀ ਕੇਂਦਰੀ ਥੀਮ ਨੂੰ ਸਾਡੀ ਸਮੁੱਚੀ ਨਿਆਇਕ ਅਤੇ ਪ੍ਰਬੰਧਕੀ ਵਿਵਸਥਾ ਵਿਚ ਇਸ ਤਰ੍ਹਾਂ ਖੋਲਦੀ ਹੈ, ਜਿਥੇ ਭ੍ਰਿਸ਼ਟਾਚਾਰ ਆਪਣੇ ਅਮਾਨਵੀ ਤੇ ਵਿਕਰਾਲ ਰੂਪ ਵਿਚ ਇਸ ਦੇ ਪ੍ਰਤਿਨਿਧ ਖ਼ਾਸੇ ਵਜੋਂ ਰੂਪਮਾਨ ਹੋਇਆ ਹੈ।

ਮਿੱਤਰਸੈਨ ਮੀਤ ਦੇ ਇਨ੍ਹਾਂ ਨਾਵਲਾਂ ਦੀ ਕੇਂਦਰੀ ਥੀਮ ਭਾਰਤੀ ਨਿਆਂ ਪ੍ਰਣਾਲੀ ਵਿਚ ਵਿਆਪਕ ਰੂਪ ਵਿਚ ਪਸਰੇ ਭ੍ਰਿਸ਼ਟਾਚਾਰ ਨਾਲ ਸੰਬੰਧਿਤ ਹੁੰਦੀ ਹੋਈ, ਇਸ ਦੀ ਸਮੁੱਚੀ ਕਾਰਜਸ਼ੈਲੀ ਦੇ ਸੁਭਾ ਦੇ ਸਾਰ ਨੂੰ ਵਿਅੰਗ ਰੂਪ ਵਿਚ ਪੇਸ਼ ਕਰਦੀ ਹੈ। ਇਸ ਪ੍ਰਣਾਲੀ ਦੀ ਮੁੱਢਲੀ ਪ੍ਰਬੰਧਕੀ ਇਕਾਈ ਪੁਲਿਸ ਪ੍ਰਬੰਧ ਹੈ ਜਿਸ ਦੀਆਂ ਮੁਖ ਰੂਪ ਵਿਚ ਤਿੰਨ ਜ਼ਿੰਮੇਵਾਰੀਆਂ ਹਨਃ

1. ਅਮਨ ਤੇ ਕਾਨੂੰਨ ਨੂੰ ਬਣਾਈ ਰੱਖਣਾ;
2. ਜੁਰਮ ਨੂੰ ਰੋਕਣਾ ਅਤੇ ਜੇ ਕਿਤੇ ਅਜਿਹਾ ਹੋਇਆ ਹੈ ਉਸਦੀ ਤਫ਼ਤੀਸ਼ ਕਰਨੀ;
3. ਦੋਸ਼ੀ ਖ਼ਿਲਾਫ਼ ਗਵਾਹੀ ਇਕੱਠੀ ਕਰਨੀ ਅਤੇ ਦੋਸ਼ੀ ਦਾ ਚਲਾਨ ਕਚਿਹਰੀ ਵਿਚ ਪੇਸ਼ ਕਰਨਾ।

ਉਸ ਦਾ ਸਭ ਤੋਂ ਵੱਡਾ ਵਿਅੰਗ ਇਹ ਹੈ ਕਿ ਸਾਡੀ ਲੋਕਤੰਤਰੀ ਵਿਵਸਥਾ ਵਿਚ ਜੋ ਪੁਲਿਸ ਵਿਭਾਗ ਕਾਇਮ ਕੀਤਾ ਹੋਇਆ ਹੈ ਇਸ ਸੰਸਥਾ ਦੀ ਪ੍ਰਬੰਧਕੀ ਬਣਤਰ ਅਤੇ ਸੁਭਾਅ ਬਸਤੀਵਾਦੀ ਜੁਗ ਵਾਲਾ ਹੀ ਹੈ। ਇਸ ਦਾ ਮੁਖ ਕਾਰਣ ਇਹ ਹੈ ਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ ਪੁਲਿਸ ਪ੍ਰਬੰਧ ਵਿਚ ਬਦਲਾ ਲਿਆਉਣ ਲਈ ਭਾਵੇਂ ਕਮਿਸ਼ਨ ਤਾਂ ਕਈ ਬਣੇ, ਪਰੰਤੂ ਮੂਲ ਰੂਪ ਵਿਚ ਇਸ ਦਾ ਢਾਂਚਾ ਤੇ ਕਾਰਜ ਪ੍ਰਣਾਲੀ ਉਹੀ ਰਹੀ ਜਿਹੜੀ ਅੰਗ੍ਰੇਜ਼ਾਂ ਨੇ ਆਪਣੇ ਸਾਮਰਾਜੀ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਤੈਅ ਕੀਤੀ ਸੀ। ਇਹੋ ਕਾਰਣ ਹੈ ਕਿ ਇਹ ਵਿਭਾਗ ਲੋਕਤੰਤਰੀ ਭਾਰਤ ਦੇ ਲੋਕਾਂ ਨਾਲ ਆਪਣਾ ਲੋਕ ਹਿਤੀ ਸੰਪਰਕ ਸਥਾਪਿਤ ਕਰਨ ਦੀ ਥਾਂ ਹਮੇਸ਼ਾ ਬਸਤੀਵਾਦੀ ਪ੍ਰਬੰਧ ਨੂੰ ਹੀ ਸ਼ਕਤੀ ਰਾਹੀਂ ਸਥਾਪਤ ਕਰਦਾ ਹੈ। ਅਫ਼ਰੀਕੀ ਚਿੰਤਕ ਫਰਾਂਜ ਫੈਨਨ ਨੇ ਇਹ ਤੱਥ ਦੀ ਪੁਸ਼ਟੀ ਕਰਦੇ ਲਿਖਿਆ ਹੈ ਕਿ, *''ਬਸਤੀਵਾਦੀ ਨਿਜ਼ਾਮ ਦੇ ਖ਼ਤਮ ਹੋ ਜਾਣ ਪਿਛੋਂ ਕੌਮੀ ਈਲੀਟ ਬੁਰਜੁਆਜੀ ਰਾਜ*

*ਸੱਤਾ ਉਤੇ ਕਾਬਜ਼ ਹੋ ਜਾਂਦੀ ਹੈ ਅਤੇ ਬਸਤੀਵਾਦੀ ਸ਼ਾਸ਼ਨ ਦੀਆਂ ਸੰਸਥਾਵਾਂ ਨੂੰ ਹੂਬਹੂ ਨਵੇਂ ਪ੍ਰਬੰਧ ਉਤੇ ਲਾਗੂ ਕਰ ਦਿੰਦੀ ਹੈ।*[7]

ਐਫ.ਆਈ.ਆਰ. ਦਰਜ ਕਰਵਾਉਣ ਲਈ ਜਿਹੜੇ ਬੰਦੇ ਥਾਣੇ ਜਾਂਦੇ ਹਨ ਉਹਨਾਂ ਨਾਲ ਪੁਲਿਸ ਦਾ ਵਤੀਰਾ ਲੋਕ ਸੇਵਾ ਵਾਲਾ ਨਹੀਂ, ਸਗੋਂ ਉਹਨਾਂ ਨੂੰ ਅਸਾਮੀ ਸਮਝਦੇ ਹੋਏ ਉਨ੍ਹਾਂ ਤੋਂ ਪੈਸੇ ਬਟੋਰਨ ਦਾ ਹੈ। ਇਸੇ ਲਈ ਇਹ ਦੋਵੇਂ ਮੁਲਾਜ਼ਮ ਆਏ ਬੰਦਿਆਂ ਨਾਲ ਘਿਣੌਨਾ ਵਿਹਾਰ ਕਰਦੇ ਹਨ। ਸਿੱਧੇ ਪੈਸੇ ਲੈਣ ਦੀ ਥਾਂ ਉਨ੍ਹਾਂ ਨੂੰ ਕੁਝ ਮੋਹਤਬਰ ਲਿਆਉਣ ਲਈ ਕਹਿੰਦੇ ਹਨ। ਇਹ ਮੋਹਤਬਰ ਉਹ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਉਹ ਪੈਸੇ ਬਟੋਰਦੇ ਹਨ। ਮੁਖਤਿਆਰ ਸਿੰਘ ਇਸ ਥਾਣੇ ਦਾ ਸੰਤਰੀ ਲੱਗਣ ਤੋਂ ਪਹਿਲਾਂ ਨਾਇਬ ਕੋਰਟ ਰਹਿ ਚੁੱਕਾ ਹੈ ਅਤੇ ਜੱਜਾਂ ਨਾਲ ਮਿਲਕੇ ਰਿਸ਼ਵਤ ਖਾਂਦਾ ਰਿਹਾ ਹੈ। ਕਿਸੇ ਜੱਜ ਦੀ ਕਰੋਪੀ ਦਾ ਸ਼ਿਕਾਰ ਹੋ ਕੇ ਉਹ ਥਾਣੇ ਲਗ ਗਿਆ ਹੈ। ਇਥੇ ਉਹ ਇਉਂ ਸਮਝ ਰਿਹਾ ਹੈ ਜਿਵੇਂ ਉਸਨੂੰ ਕੋਈ ਸਜ਼ਾ ਦੇ ਦਿੱਤੀ ਗਈ ਹੋਵੇ। ਨਾਵਲਕਾਰ ਇਸ ਸਾਰੀ ਸਥਿਤੀ ਨੂੰ ਪੇਸ਼ ਕਰਦਾ ਹੋਇਆ ਸਾਡੀ ਨਿਆਂ ਪ੍ਰਣਾਲੀ ਦੇ ਇਸ ਤਫ਼ਤੀਸ਼ੀ ਪ੍ਰਬੰਧ ਦੇ ਉਸ ਖਾਸੇ ਨੂੰ ਪ੍ਰਤੀਨਿਧ ਰੂਪ ਵਿਚ ਪੇਸ਼ ਕਰਦਾ ਹੈ ਜਿਹੜਾ ਨਿਆਂ ਪ੍ਰਣਾਲੀ ਦੀ ਸਮੁੱਚੀ ਪ੍ਰਕਿਰਿਆ ਵਿਚ ਅਜਿਹੇ ਖੱਪੇ ਛੱਡ ਜਾਂਦਾ ਹੈ ਜਿਸਦਾ ਫ਼ਾਇਦਾ ਇਸ ਪ੍ਰਣਾਲੀ ਨਾਲ ਜੁੜੀ ਸਮੁੱਚੀ ਅਫ਼ਸਰਸ਼ਾਹੀ ਉਠਾਉਂਦੀ ਹੈ। ਥਾਣੇਦਾਰ ਮਨਵੀਰ ਸਿੰਘ ਹੋਵੇ ਜਾਂ ਲਾਲ ਸਿੰਘ। ਇਸੇ ਥਾਣੇ ਵਿਚ ਮੁਖਤਿਆਰ ਸਿੰਘ ਹੋਵੇ ਜਾਂ ਥਾਣੇ ਦਾ ਸੰਤਰੀ ਪਰੰਤੂ ਇਹਨਾਂ ਸਾਰਿਆਂ ਦਾ ਬੁਨਿਆਦੀ ਖ਼ਾਸਾ ਇਕ ਹੀ ਹੈ। ਪੁਲਿਸ ਵਿਚ ਹਰ ਤਰ੍ਹਾਂ ਦੇ ਲੋਕ ਹਨ- ਬਘੇਲ ਸਿੰਘ ਵਰਗੇ ਮੁਨਸ਼ੀ ਜੋ ਬਚ ਬਚ ਕੇ ਰਿਸ਼ਵਤ ਲੈਂਦੇ ਹਨ, ਸ਼ਿਵ ਪ੍ਰਸਾਦ ਨਾਵਲੀ ਬਿਰਤਾਂਤ ਦਾ ਆਰੰਭਲਾ ਪ੍ਰਸੰਗ ਇਸੇ ਦੀ ਪੁਸ਼ਟੀ ਕਰਦਾ ਹੈ ਅਤੇ ਮਨਬੀਰ ਸਿੰਘ ਭੁੱਲਰ ਵਰਗੇ ਥਾਣੇਦਾਰ ਜਿਹੜੇ ਆਪ ਵੀ ਰਕਮਾਂ ਬਟੋਰਦੇ ਹਨ ਅਤੇ ਆਪਣੇ ਅਫ਼ਸਰਾਂ ਨੂੰ ਵੀ ਇਹਦੇ ਵਿਚੋਂ ਬਣਦਾ ਹਿੱਸਾ ਦਿੰਦੇ

ਹਨ। ਉਪਰਲੇ ਅਫ਼ਸਰ ਵੀ ਆਪਣੇ ਆਪਣੇ ਢੰਗ ਨਾਲ ਪੈਸਾ ਕਮਾਉਣ ਵਿਚ ਲੱਗੇ ਹਨ। ਕੋਈ ਸਮਗਲਰਾਂ ਨਾਲ ਮਿਲਕੇ ਪੈਸਾ ਕਮਾ ਰਿਹਾ ਹੈ ਤੇ ਕੋਈ ਦੂਜੇ ਸਮਾਜ ਵਿਰੋਧੀ ਅਨਸਰਾਂ ਦੀ ਇਕ ਜਾਂ ਦੂਜੇ ਢੰਗ ਨਾਲ ਸਹਾਇਤਾ ਕਰਕੇ। ਇੰਤਜ਼ਾਮੀਆ ਵਿਚ ਅਸੀਂ ਚੰਦ ਸਬ ਇੰਸਪੈਕਟਰ ਅਤੇ ਵੱਡੇ ਰੈਂਕਾਂ ਵਿਚ ਇਮਾਨਦਾਰ ਲੋਕ ਵੀ ਹਨ ਜਿਹੜੇ ਆਪਣਾ ਕੰਮ ਪੂਰੀ ਤਨਦੇਹੀ ਨਾਲ ਕਰ ਰਹੇ ਹਨ ਪਰ ਅਜਿਹੇ ਲੋਕਾਂ ਦੀ ਗਿਣਤੀ ਆਟੇ ਵਿਚ ਲੂਣ ਸਮਾਨ ਹੈ।

ਨਾਵਲੀ ਬਿਰਤਾਂਤ ਜਿਉਂ ਜਿਉਂ ਅੱਗੇ ਵਧਦਾ ਹੈ ਤਿਉਂ ਤਿਉਂ ਇਸ ਪ੍ਰਬੰਧਕੀ ਉਪ ਸਿਸਟਮ ਦੀਆਂ ਉਹ ਅੰਤਰੀਵੀ ਤੈਹਾਂ ਵਿਚਲਾ ਸੋਚ ਵੀ ਸਾਕਾਰ ਹੁੰਦਾ ਹੈ ਜਿਹੜਾ ਸਾਡੀ ਲੋਕਤੰਤਰੀ ਸਟੇਟ ਦੇ ਜਮਾਤੀ-ਸੁਭਾ ਨਾਲ ਜੁੜਿਆ ਹੈ। ਡਾ. ਟੀ.ਆਰ. ਵਿਨੋਦ ਮਿੱਤਰਸੈਨ ਮੀਤ ਦੇ ਨਿਆਂ ਪ੍ਰਣਾਲੀ ਨਾਲ ਸੰਬੰਧਿਤ ਨਾਵਲਾਂ ਦੇ ਪ੍ਰਸੰਗ ਵਿਚ ਗੱਲ ਕਰਦਾ ਲਿਖਦਾ ਹੈ:

> *ਮੂਲਭੂਤ ਵਿਰੋਧਾਭਾਸ ਮਿੱਤਰਸੈਨ ਮੀਤ ਦੇ ਨਾਵਲਾਂ ਦਾ ਕੇਂਦਰੀ ਬਿੰਦੂ ਰਿਹਾ ਹੈ। ਬੁਰਜ਼ੁਆ ਸਮਾਜਿਕ ਤਾਣੇ-ਬਾਣੇ ਦੀ ਸਥਾਪਨਾ ਦੇ ਨਾਲ ਹੀ ਨਿਆਂ ਸੰਬੰਧੀ ਮਸਲੇ ਉਸ ਦੀਆਂ ਰਚਨਾਵਾਂ ਦਾ ਯਥਾਰਥ ਬਣਦੇ ਹਨ। ਬੁਰਜ਼ੁਆ ਤਾਣੇ-ਬਾਣੇ ਦੀ ਸਥਾਪਨਾ ਦੇ ਨਾਲ ਹੀ ਨਿਆਂ ਸੰਬੰਧੀ ਮਸਲਿਆਂ ਨੂੰ ਨਜਿੱਠਣ ਲਈ ਇਕ ਲਿਖਤੀ ਕਾਨੂੰਨ ਹੋਂਦ ਵਿਚ ਆਇਆ। ਇਹ ਕਾਨੂੰਨ ਲੋਕਤੰਤਰ ਦੇ ਸਿਧਾਂਤ 'ਤੇ ਆਧਾਰਿਤ ਹੈ ਅਤੇ ਇਸ ਦੇ ਅਨੁਸਾਰ ਰਾਸ਼ਟਰ ਦੇ ਨਾਗਰਿਕਾਂ ਨੂੰ ਕਿਸੇ ਜਾਤ, ਵਰਗ, ਮੱਤ ਜਾਂ ਕਿਸੇ ਹੋਰ ਭੇਦ-ਭਾਵ ਤੋਂ ਬਿਨਾਂ ਸਮਾਨਤਾ ਅਤੇ ਨਿਰਪੱਖਤਾ ਨਾਲ ਵਿਹਾਰ ਕੀਤਾ ਜਾਵੇਗਾ। ਲਿਖਤ ਸੰਵਿਧਾਨ ਵਿਚ ਕਾਨੂੰਨ ਅਤੇ ਇਸ ਦੀ ਵਰਤੋਂ ਦਾ ਵਿਸਤਾਰ ਪੂਰਵਕ ਵਰਣਨ ਹੈ। ..... ਇਸ ਤਰ੍ਹਾਂ ਆਧੁਨਿਕ ਕਾਨੂੰਨ ਅਤੇ ਨਿਆਂ ਦੇਸ਼ ਦੇ ਮੁੱਖ ਤੇ*

*ਕੇਂਦਰੀ ਪੁਰਾਣੇ ਕਾਨੂੰਨ ਨਾਲੋਂ ਹੱਟਕੇ ਸੀ। ਵਕੀਲ, ਦਲੀਲ ਅਤੇ ਅਪੀਲ ਦਾ ਸਮਾਜ ਵਿਚ ਕੋਈ ਅਰਥ ਨਹੀਂ ਸੀ ਪਰ ਬੁਰਜ਼ੁਆ ਲੋਕਤੰਤਰੀ ਸਮਾਜ ਵਿਚ ਇਹਨਾਂ ਨੂੰ ਖ਼ਾਸ ਅਹਿਮੀਅਤ ਦਿਤੀ ਗਈ।*[8]

ਪਰੰਤੂ ਸਥਿਤੀ ਦਾ ਵਿਅੰਗ ਇਹ ਹੈ ਕਿ ਇਸ ਵਰਗ ਸਮਾਜ ਵਿਚ ਕਾਨੂੰਨ ਅਤੇ ਨਿਆਂ ਦੀਆਂ ਆਪਣੀਆਂ ਸੀਮਾਵਾਂ ਹਨ। ਸੰਵਿਧਾਨਕ ਤੇ ਸਿਧਾਂਤਕ ਪੱਧਰ 'ਤੇ ਤਾਂ ਇਹ ਮੰਨ ਲਿਆ ਗਿਆ ਕਿ ਕਾਨੂੰਨ ਨਿਰਪੱਖ ਅਤੇ ਵਰਗ ਹਿੱਤਾਂ ਤੋਂ ਉਪਰ ਹੋਣਾ ਚਾਹੀਦਾ ਹੈ ਪਰੰਤੂ *''ਮੌਜੂਦਾ ਦੌਰ ਦਾ ਕਾਨੂੰਨੀ ਢਾਂਚਾ ਆਧੁਨਿਕ ਸਮਾਜ ਦੇ ਸੱਤਾਧਾਰੀ ਵਰਗ ਦੇ ਹਿੱਤਾਂ ਨੂੰ ਅਣਡਿੱਠ ਨਹੀਂ ਕਰ ਸਕਿਆ।''*[9] ਡਾ. ਵਿਨੋਦ ਇਸੇ ਪ੍ਰਸੰਗ ਵਿਚ ਅੱਗੇ ਲਿਖਦਾ ਹੈ ਕਿ *''ਇਸ ਸੰਦਰਭ ਵਿਚ ਮੀਤ ਦੀ ਪਹਿਲੀ ਅਤੇ ਮੁੱਖ ਪ੍ਰਾਪਤੀ ਕਾਨੂੰਨ, ਨਿਆਂ ਅਤੇ ਲੋਕਾਈ ਦੇ ਦਵੰਦਾਤਮਕ ਸੰਬੰਧਾਂ ਨੂੰ ਕੇਂਦਰੀ ਬਿੰਦੂ ਬਣਾਉਂਦਾ ਹੈ।''*[10]

ਨਾਵਲ ਬਿਰਤਾਂਤ ਦੇ ਅਗਲੇਰੇ ਵੇਰਵਿਆਂ ਅਨੁਸਾਰ ਸਥਿਤੀ ਦਾ ਵਿਅੰਗ ਇਹ ਹੈ ਕਿ ਲੋਕਤੰਤਰੀ ਢਾਂਚੇ ਵਿਚ ਲੋਕਾਂ ਦੁਆਰਾ ਚੁਣੇ ਅਤੇ ਇਨ੍ਹਾਂ ਦੀ ਪ੍ਰਤਿਨਿਧਤਾ ਕਰਨ ਵਾਲੇ ਰਾਜਸੀ ਨੇਤਾਵਾਂ ਨੂੰ ਆਪਣੇ ਹੀ ਲੋਕਾਂ ਤੋਂ ਖ਼ਤਰਾ ਹੈ। ਇਸ ਕਰਕੇ ਕਸਬੇ ਦੀ ਤਕਰੀਬਨ ਸਾਰੀ ਪੁਲਿਸ ਇਨ੍ਹਾਂ ਮੰਤਰੀਆਂ ਦੀ ਸੁਰੱਖਿਆ ਉਪਰ ਲੱਗੀ ਹੋਈ ਹੈ ਜਿਸ ਕਰਕੇ ਥਾਣੇ ਵਿਚ ਕਰਮਚਾਰੀਆਂ ਦੀ ਕਮੀ ਹੋਣ ਕਾਰਣ ਥਾਣੇ ਵਿਚ ਮੌਜੂਦ ਕਰਮਚਾਰੀ ਲੋਕਾਂ ਦੀਆਂ ਸ਼ਿਕਾਇਤਾਂ ਤੇ ਸਮੱਸਿਆਵਾਂ ਨੂੰ ਨਜਿਠਣ ਦੀ ਥਾਂ ਉਨ੍ਹਾਂ ਤੋਂ ਪੈਸੇ ਬਟੋਰਨ ਦੀਆਂ ਜੁਗਤਾਂ ਘੜਦੇ ਹਨ। ਇਥੋਂ ਤਕ ਕਿ ਵੱਡੇ ਅਫਸਰ ਤਕ ਵੀ ਇਸ ਕਰਤੂਤ ਵਿਚ ਸ਼ਾਮਲ ਹਨ। ਇਹੋ ਹੀ ਕਾਰਣ ਹੈ ਕਿ ਇਲਕ ਦਾ ਡੀ.ਐਸ.ਪੀ. ਅਤਿਵਾਦੀਆਂ ਦੇ ਡਰੋਂ ਥਾਣੇ ਆਉਣ ਦੀ ਥਾਂ ਆਪਣੀ ਰਿਹਾਇਸ਼ ਤੋਂ ਹੀ ਦਫ਼ਤਰੀ ਕਾਰਜ ਚਲਾ ਰਿਹਾ ਹੈ। ਸੱਤ ਇਕ ਵੰਜਾ ਤੋਂ ਲੈ ਕੇ ਕਤਲ ਤਕ ਦੀਆਂ ਸਾਰੀਆਂ ਦਰਖ਼ਾਸਤਾਂ ਉਸਨੇ ਸਿੱਧੀਆਂ ਆਪਣੇ ਕੋਲ

ਮੰਗੀਆਂ ਹਨ, ਕਿਉਂਕਿ ਇਹ ਸਾਰਾ ਕੁਝ ਪੈਸੇ ਬਟੋਰਨ ਨਾਲ ਜੁੜਿਆ ਹੈ। ਇਸੇ ਤਰ੍ਹਾਂ ਪੁਲਿਸ ਵਲੋਂ ਫੜਿਆ ਗ਼ੈਰ-ਕਾਨੂੰਨੀ ਮਾਲ ਥਾਣੇ ਨਹੀਂ ਅਪੜਦਾ, ਉਸ ਦਾ ਰਸਤੇ ਵਿਚ ਹੀ ਸੌਦਾ ਹੋ ਜਾਂਦਾ ਹੈ। ਇਥੇ ਮਸਲਾ ਲੁੱਟ ਦਾ ਨਹੀਂ, ਸਗੋਂ ਸਿਰਫ਼ ਤੇ ਸਿਰਫ਼ ਲੁੱਟ ਦੀ ਵੰਡ ਦਾ ਹੁੰਦਾ ਹੈ। ਜਿਸ ਦਾ ਜਿਥੇ ਦਾਅ ਲਗ ਜਾਵੇ ਉਹ ਬਿਨ੍ਹਾਂ ਕਿਸੇ ਖ਼ੌਫ਼ ਤੋਂ ਲਾਈ ਜਾਂਦਾ ਹੈ। ਪਰੰਤੂ ਜਦੋਂ ਉਪਰਲਿਆਂ ਦਾ ਕੋਈ ਦਬਾਅ ਪੈਂਦਾ ਹੈ ਤਾਂ ਕੁਝ ਕਾਗਜ਼ੀ ਕਾਰਵਾਈ ਹੋ ਜਾਂਦੀ ਹੈ। ਇਹ ਇਸੇ ਪ੍ਰਸੰਗ 'ਚ ਹੈ ਕਿ ਸਰਕਾਰੀ ਵਕੀਲ ਸੁਰਿੰਦਰ ਦੇ ਕਹਿਣ ਅਤੇ ਦਰਵੇਸ਼ ਪੱਤਰਕਾਰ ਦੇ ਆ ਜਾਣ ਕਾਰਣ ਮੁਨਸ਼ੀ ਨੂੰ ਬੰਟੀ ਦੇ ਗੁੰਮ ਹੋ ਜਾਣ ਦੀ ਰਿਪੋਰਟ ਬਿਨਾਂ ਕਿਸੇ ਮੋਹਤਬਰ ਤੋਂ ਲਿਖਣੀ ਪੈਂਦੀ ਹੈ ਅਤੇ ਉਸਦੀ ਪੈਸੇ ਕਢਵਾਉਣ ਦੀ ਸਕੀਮ ਵੀ ਮਿੱਟੀ ਵਿਚ ਮਿਲ ਜਾਂਦੀ ਹੈ। ਕਿਉਂਕਿ ਰਿਸ਼ਵਤ ਲੈਣਾ ਉਸਦੇ ਖ਼ੂਨ ਵਿਚ ਸਮਾਇਆ ਹੈ, ਇਸ ਲਈ ਉਹ ਪੱਤਰਕਾਰ ਦਰਵੇਸ਼, ਇਹ ਭਾਵੇਂ ਪੁਲਿਸ ਦਾ ਟਾਊਟ ਤਾਂ ਨਹੀਂ, ਪਰੰਤੂ ਬਲੈਕਮੇਲਰ ਹੈ ਅਤੇ ਸਰਕਾਰੀ ਵਕੀਲ ਸੁਰਿੰਦਰ ਦੇ ਕਹਿਣ 'ਤੇ ਰਿਪੋਰਟ ਤਾਂ ਲਿਖਣ ਲਈ ਮੰਨ ਜਾਂਦਾ ਹੈ, ਪਰੰਤੂ ਉਹ ਸਰਕਾਰ ਨੂੰ ਕੋਸਦਾ ਕਹਿੰਦਾ ਹੈ:

> *ਕਾਹਦੀ ਸਰਕਾਰ ਹੈ ਸਾਲੀ। ਕਾਰਵਾਈ ਸਾਰੀ ਕਾਗਜ਼ੀ ਕਰਦੇ ਹਾਂ। ਕਾਗਜ਼ ਦਾ ਟੁਕੜਾ ਵੀ ਨਹੀਂ ਘਲਦੀ। ਸਾਰੀ ਸਟੇਸ਼ਨਰੀ ਬਾਬੂਆਂ ਦੇ ਘਰੀਂ ਅਪੜ ਜਾਂਦੀ ਹੈ। ..... ਮੁਨਸ਼ੀ ਦੋ ਦੋ ਕਾਗਜ਼ਾਂ ਲਈ ਲੋਕਾਂ ਨੂੰ ਸਵਾਲ ਪਾਉਂਦਾ ਰਹੇ। ਭਾਈ ਸਾਹਿਬ ਬੁਰਾ ਨਾ ਮਨਾਉਣਾ ..... ਸਾਹਮਣੇ ਕਬੀਰ ਬੁੱਕ ਡੀਪੂ ਵਾਲੇ ਤੋਂ ਅੱਧਾ ਦੱਸਤਾ ਕਾਗਜ਼ਾਂ ਦਾ ਫੜ ਲਿਆਉ।*[11]

ਪਰੰਤੂ ਉਹ ਪਰਚੀ ਲਿਖਕੇ ਦੇਣ ਲੱਗਿਆ ਅੱਧੇ ਦੀ ਥਾਂ ਦੋ ਦਸਤੇ ਕਾਗਜ਼ਾਂ ਦੇ ਨਾਲ ਹੀ ਦੋ ਵਧੀਆ ਬਾਲ ਪਨ, ਪਾਰਕ ਦੀ ਦਵਾਤ ਵੀ ਲਿਖ ਦਿੰਦਾ ਹੈ। ਮੁਨਸ਼ੀ ਅੰਦਰੋਂ-ਅੰਦਰ ਇਸ ਗੱਲ ਤੋਂ ਦੁਖੀ ਹੈ ਕਿ ਲਾਲਾ ਜੀ ਕਿਸੇ ਅਜਿਹੇ

ਮੋਹਤਬਰ ਨੂੰ ਨਾਲ ਕਿਉਂ ਨਹੀਂ ਲੈ ਕੇ ਆਏ ਜਿਸ ਰਾਹੀਂ ਉਹ ਆਪਣੀ ਫੀਸ ਵਸੂਲ ਕਰ ਲੈਂਦਾ। ਇਸ ਲਈ ਉਹ ਸੋਚਦਾ ਹੈ ਕਿ ਜੇ ਸਿੱਧੇ ਮੂੰਹੋਂ ਗੱਲ ਕਰਨ ਤਾਂ ਬੱਚੇ ਨੂੰ ਲੱਭਣਾ ਕਿਹੜਾ ਵੱਡੀ ਗੱਲ ਹੈ? ਉਹ ਇਹ ਵੀ ਸਮਝਦਾ ਹੈ ਕਿ ਇਹ ਕੰਮ ਅੱਤਵਾਦੀਆਂ ਦਾ ਨਹੀਂ, ਕਿਉਂਕਿ ਅਜਿਹੇ ਕੰਮ ਕਰਨ ਵਾਲਿਆਂ ਦੀ ਉਸਨੂੰ ਸ਼ਨਾਖਤ ਹੈ। *''ਉਸ ਤੋਂ ਨਾ ਬਾਜੀਗਰ ਬਾਹਰ ਨੇ ਅਤੇ ਨਾ ਹੀ ਬੂਬਨੇ। ਨਾ ਮੰਗਤੇ ਉਸ ਦੀ ਮਾਰ ਤੋਂ ਬਾਹਰ ਹਨ ਨਾ ਕੁਸ਼ਟ-ਆਸ਼ਰਮ ਵਾਲੇ।''*[12] ਉਸ ਨੂੰ ਤਾਂ ਇਹੀ ਤਕਲੀਫ਼ ਸੀ ਕਿ ਬਿਨਾਂ ਮਤਲਬ ਤੋਂ ਪੈਟਰੋਲ ਕਿਹੜਾ ਫੂਕੇ? ਪਰੰਤੂ ਜਦੋਂ ਇਹ ਮੁਨਸ਼ੀ ਨਾਗਪਾਲ ਨੂੰ ਆਉਂਦਾ ਵੇਖਦਾ ਹੈ ਤਾਂ ਉਹ ਖੁਸ਼ ਹੋ ਜਾਂਦਾ ਹੈ ਕਿਉਂਕਿ ਨਾਗਪਾਲ ਵਰਗਾ ਕੋਈ ਦੂਜਾ ਮੋਹਤਬਰ ਇਹ ਲੈ ਕੇ ਆਉਂਦੇ ਤਾਂ ਫੀਸ ਮੰਗਣ ਦੀ ਜ਼ਰੂਰਤ ਨਹੀਂ ਸੀ ਪੈਣੀ। ਉਹ ਪਹਿਲਾਂ ਫੀਸ ਦਿਵਾਉਂਦਾ ਹੈ ਫੇਰ ਸੋਚਦਾ ਹੈ ਕਿ ਇਹ ਜਦੋਂ ਦਰਵੇਸ਼ ਵਰਗੇ ਬਲੈਕਮੇਲਰ ਨੂੰ ਮੋਹਰਬਰ ਬਣਾਕੇ ਲਿਆਏ ਹਨ ਤਾਂ ਮਰਨ ਪਰ੍ਹੇ। ਨਾਗਪਾਲ ਪ੍ਰਤਿ ਮੁਨਸ਼ੀ ਦਾ ਵਿਹਾਰ ਬਿਲਕੁੱਲ ਹੀ ਬਦਲ ਜਾਂਦਾ ਹੈ। ਉਹ ਸੰਤਰੀ ਨੂੰ ਅਵਾਜ਼ ਮਾਰਕੇ ਪਹਿਲਾਂ ਕੁਰਸੀ ਲਿਆਉਣ ਲਈ ਆਖਦਾ ਹੈ, ਫਿਰ ਪੰਜ ਦਾ ਨੋਟ ਸੰਤਰੀ ਨੂੰ ਚਾਹ ਲਿਆਉਣ ਲਈ ਦਿਖਾਉਂਦਾ ਹੈ। ਪਰੰਤੂ ਨਾਗਪਾਲ ਉਹ ਨੋਟ ਸੰਤਰੀ ਨੂੰ ਆਪਣੇ ਕੋਲ ਰੱਖਣ ਲਈ ਕਹਿੰਦਾ ਹੈ ਅਤੇ ਨਾਲ ਆਈ ਸਾਮੀ (ਦਰਸ਼ਨ) ਨੂੰ ਦੁੱਧਵਾਲੀ ਚਾਹ, ਸਮੋਸੇ ਤੇ ਹੋਰ ਖਾਣ-ਪੀਣ ਵਾਲੀਆਂ ਚੀਜ਼ਾਂ ਲਿਆਉਣ ਲਈ ਤੋਰਦਾ ਹੈ। ਸਾਡੇ ਇੰਤਜ਼ਾਮੀਆਂ ਨਾਲ ਸੰਬੰਧਿਤ ਕਰਮਚਾਰੀਆਂ ਦਾ ਅਜਿਹਾ ਦੂਹਰਾ ਕਿਰਦਾਰ, ਅਜਿਹਾ ਕੌੜਾ ਸੱਚ ਹੈ ਜਿਹੜਾ ਇਸ ਨਾਵਲ ਦੀਆਂ ਵਿਭਿੰਨ ਸਥਿਤੀਆਂ ਰਾਹੀਂ ਤਨਜ਼ ਦੇ ਨਜ਼ਰੀਏ ਤੋਂ ਪੇਸ਼ ਹੋਇਆ ਹੈ।

ਨਾਵਲਕਾਰ ਸਾਡੀ ਨਿਆਂ ਪ੍ਰਣਾਲੀ ਦੀ ਮੁਢਲੀ ਸੰਸਥਾ ਪੁਲਿਸ ਦੇ ਕਿਰਦਾਰ ਨੂੰ ਜਦੋਂ ਉਘਾੜ ਰਿਹਾ ਹੈ ਤਾਂ ਉਹ ਇਸ ਦੀ ਦਰਜਾਬੰਦੀ ਵਾਲੀ ਪੌੜੀ ਦੇ ਹੇਠਲੇ

ਡੰਡੇ ਤੋਂ ਸਿਖਰ ਤਕ ਦੀਆਂ ਪਦਵੀਆਂ ਉਤੇ ਬਿਰਾਜਮਾਨ ਕਰਮਚਾਰੀਆਂ ਅਤੇ ਅਫ਼ਸਰਾਂ ਦੀ ਭ੍ਰਿਸ਼ਟਾਚਾਰ ਤੇ ਡਰਾਮੇਬਾਜ਼ੀ ਵਾਲੀ ਜ਼ਹਿਨੀਅਤ ਨੂੰ ਉਨ੍ਹਾਂ ਦੇ ਸਮੁੱਚੇ ਪ੍ਰਬੰਧਕੀ, ਰਾਜਨੀਤਕ ਤੇ ਸਮਾਜਿਕ ਪ੍ਰਸੰਗ ਵਿਚ ਨਿਰੂਪਤ ਕਰਦਾ ਹੈ।

ਨਾਗਪਾਲ ਆ ਕੇ ਜਦੋਂ ਮੁਨਸ਼ੀ ਨੂੰ ਦਤਿਸ਼ਤਗਰਦਾਂ ਵੱਲੋਂ ਮਿਲੇ ਧਮਕੀ ਪੱਤਰ ਨੂੰ ਵਿਖਾਉਂਦਾ ਹੈ ਤਾਂ ਮੁਨਸ਼ੀ ਵੀ ਥੋੜ੍ਹਾ ਪ੍ਰੇਸ਼ਾਨ ਹੋ ਜਾਂਦਾ ਹੈ। ਪੱਤਰ ਵਿਚ ਪੰਜ ਹਜ਼ਾਰ ਰੁਪਏ ਦੀ ਮੰਗ ਕੀਤੀ ਜਾਂਦੀ ਹੈ ਅਤੇ ਲਾਲਾ ਜੀ ਨੂੰ ਅੱਗੋਂ ਤੋਂ ਰਾਮਲੀਲਾ ਤੇ ਰਾਸਲੀਲਾ ਨਾ ਕਰਨ ਲਈ ਕਿਹਾ ਗਿਆ ਹੈ। ਬੰਟੀ ਦਾ ਸੰਬੰਧ ਕਿਉਂਕਿ ਉਸ ਮਾਲਵੇ ਦੇ ਸ਼ਹਿਰ ਨਾਲ ਹੈ, ਜਿੱਥੋਂ ਦਾ ਮੁੱਖ ਮੰਤਰੀ ਖ਼ੁਦ ਹੈ। ਇਸ ਲਈ ਮੁੱਖ ਮੰਤਰੀ ਨੂੰ ਵੀ ਇਸ ਨੂੰ ਸਲਝਾਉਣ ਲਈ ਜਿਲ੍ਹਾ ਪੱਧਰ ਦੇ ਅਧਿਕਾਰੀਆਂ ਨੂੰ ਤਾੜਨਾ ਕਰਨੀ ਪੈਂਦੀ ਹੈ। ਮੁੱਖ ਮੰਤਰੀ ਇਹ ਤਾੜਨਾ ਆਪਣੇ ਅਹੁਦੇ ਦੀ ਜ਼ੁਮੇਵਾਰੀ ਕਾਰਨ ਨਹੀਂ ਕਰਦਾ ਸਗੋਂ ਉਸ ਨੂੰ ਆਪਣੀਆਂ ਵੋਟਾਂ ਦੇ ਖੁਸ ਜਾਣ ਦਾ ਡਰ ਹੈ। ਇਸ ਕਰਕੇ ਇਸੇ ਕੇਸ ਦੀ ਤਫ਼ਤੀਸ਼ ਲਈ ਐਸ.ਪੀ. ਖ਼ਾਨ ਦੀ ਜ਼ਿੰਮੇਵਾਰੀ ਲਾਈ ਜਾਂਦੀ ਹੈ। ਪੁਲਿਸ ਕਾਰਵਾਈ ਲਈ ਪੂਰੇ ਸ਼ਹਿਰ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ ਅਤੇ ਕੋਸ਼ਿਸ਼ ਇਹ ਕੀਤੀ ਜਾਂਦੀ ਹੈ ਜਿਹੜੀਆਂ ਥਾਵਾਂ ਵਿਚ ਜੁਰਾਇਮਪੇਸ਼ਾ ਜਾਤੀਆਂ ਜਿਵੇਂ ਸਿਆਂਸੀ ਆਦਿ ਰਹਿੰਦੀਆਂ ਹਨ, ਉਥੇ ਤਲਾਸ਼ੀ ਚੰਗੀ ਤਰ੍ਹਾਂ ਲਈ ਜਾਵੇ ਜਾਂ ਕੁਸਟ ਆਸ਼ਰਮ 'ਤੇ ਇਹੋ ਜਿਹੀ ਜ਼ਿੰਦਗੀ ਜਿਉਣ ਵਾਲੀਆਂ ਥਾਵਾਂ ਨੂੰ ਤਲਾਸ਼ਿਆ ਜਾਵੇ। ਐਸ.ਪੀ. ਖ਼ਾਨ ਨੇ ਜਿਥੇ ਆਪਣੀ ਇਹ ਕਾਰਵਾਈ ਦੀ ਰੂਪ-ਰੇਖਾ ਤਿਆਰ ਕੀਤੀ, ਉਥੇ ਉਸ ਨੇ ਸਮਾਜ ਵਿਚਲੇ ਵੱਖ-ਵੱਖ ਤਬਕਿਆਂ ਦੇ ਨੁਮਾਇੰਦਿਆਂ ਦੇ ਵਿਚਾਰ ਵੀ ਸੁਣੇ। ਕੋਈ ਕਹਿ ਰਿਹਾ ਸੀ ਕਿ ਅਗਵਾ ਕਾਂਡ ਪਿਛੇ ਕੁਸ਼ਟ ਆਸ਼ਰਮ ਦੇ ਲੋਕ ਹੋਣਗੇ। ਇਹਨਾਂ ਨੂੰ ਮਾੜੇ ਮੰਗਤੇ ਜਾਂ ਰੋਗੀ ਸਮਝਣ ਦੀ ਥਾਂ, ਇਹਨਾਂ ਦੇ ਮੁਜ਼ਰਮਾਨਾ ਇਤਿਹਾਸ ਨੂੰ ਵੇਖਦੇ ਹੋਏ ਇਹਨਾਂ ਦੀਆਂ ਕੁੱਲੀਆਂ ਦੀ ਤਲਾਸ਼ੀ ਹੋਣੀ ਚਾਹੀਦੀ ਹੈ, ਪਰ ਰਾਮ ਸ਼ਰਨ ਵਕੀਲ ਦਾ ਵਿਚਾਰ

ਸੀ ਕਿ ਕੁਸ਼ਟ ਆਸ਼ਰਮ ਦੇ ਵੰਸੀਦਿਆਂ ਕੋਲ ਅਜਿਹਾ ਕਰਨ ਦਾ ਨਾ ਹੌਂਸਲਾ ਹੈ ਅਤੇ ਨਾ ਹੀ ਸਾਧਨ। ਇਸ ਕੰਮ ਪਿਛੇ ਸਾਅਸੀਆਂ ਜਾਂ ਬਾਜ਼ੀਗਰਾਂ ਦਾ ਹੱਥ ਹੋ ਸਕਦਾ ਹੈ, ਪਰੰਤੂ ਲਾਲਾ ਜੀ ਦਾ ਮੱਤ ਸੀ ਕਿ ਜਾਤ ਬੰਦੇ ਨੂੰ ਮੁਜ਼ਰਮ ਨਹੀਂ ਬਣਾਉਂਦੀ, ਹਾਲਾਤ ਜ਼ੁਰਮ ਦੀ ਨੀਂਹ ਰੱਖਦੇ ਹਨ। ਉਸ ਅਨੁਸਾਰ, *''ਨਾ ਸਾਸੀ ਖ਼ਾਨਦਾਨੀ ਮੁਜ਼ਰਮ ਨਾ ਮੰਗਤੇ, ਮਾੜੇ ਹਾਲਾਤ ਤੇ ਉਹਨਾਂ ਨੂੰ ਮੁਜ਼ਰਮ ਬਣਾਇਆ ਹੈ। ਜਦੋਂ ਤੋਂ ਸੰਘ ਨੇ ਸਾਸੀਆਂ ਦੇ ਵਿਹੜੇ ਕੰਮ ਕਰਨਾ ਸ਼ੁਰੂ ਕੀਤਾ ਹੈ ਉਦੋਂ ਤੋਂ ਇੱਕ ਦੋ ਜੁਰਮ ਨੂੰ ਛੱਡ ਕੇ ਬਹੁਤ ਜੁਰਮ ਨਹੀਂ ਹੋਏ ਜਦੋਂ ਹਾਲੇ ਵੀ ਉਨ੍ਹਾਂ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਿਆ ਜਾ ਰਿਹਾ ਹੈ ਅਤੇ ਧਿਰਕਾਰਿਆ ਜਾ ਰਿਹਾ ਹੈ। ਸਮਾਜ ਉਨ੍ਹਾਂ ਨੂੰ ਸਵੀਕਾਰ ਕਰਨ ਨੂੰ ਤਿਆਰ ਹੀ ਨਹੀਂ।*[13] ਇਸੇ ਤਰ੍ਹਾਂ ਸ਼ਹਿਰ ਦਾ ਇੱਕ ਹੋਰ ਭੱਦਰ ਪੁਰਸ਼ ਰਾਮ ਸਰੂਪ ਪੂਰਾ ਜ਼ੋਰ ਲਾ ਕੇ ਇਹ ਸਿੱਧ ਕਰ ਰਿਹਾ ਸੀ ਕਿ, *''ਇਹ ਸਾਰੀ ਕਰਤੂਤ ਬਾਣਵੱਟਾਂ ਦੀ ਹੈ, ਉਹ ਪੇਸ਼ੇ ਤੋਂ ਝਟਕਈ ਹਨ, ਮੁਰਗਿਆਂ ਅਤੇ ਭੇਡਾਂ-ਬੱਕਰੀਆਂ ਦਾ ਸਿਰ, ਗਾਜਰ-ਮੂਲੀ ਵਾਂਗ ਵੱਢ ਸੁੱਟਦੇ ਹਨ। ਤਕਸੀਮ ਸਮੇਂ ਇਹਨਾਂ ਨੂੰ ਪਾਕਿਸਤਾਨੋਂ ਉਜੜ ਕੇ ਆਇਆਂ ਨੂੰ ਸ਼ਹਿਰ ਨੇ ਇਹਨਾਂ ਨੂੰ ਹਿੱਕ ਨਾਲ ਲਾਇਆ ਸੀ।''*[14] ਨਾਵਲੀ ਵੇਰਵਿਆਂ ਵਿਚੋਂ ਇਹਨਾਂ ਲੋਕਾਂ ਦੇ ਰੋਜ਼ੀ-ਰੋਟੀ ਲਈ ਅਪਣਾਏ ਛੋਟੇ-ਛੋਟੇ ਕਿੱਤਿਆਂ ਦਾ ਅਤੇ ਉਹਨਾਂ ਦੇ ਮਾਰ-ਥਾੜ ਵਾਲੇ ਸੁਭਾਅ ਦਾ ਵਰਣਨ ਵੀ ਪ੍ਰਾਪਤ ਹੈ। ਇਸ ਤਰ੍ਹਾਂ ਇਹ ਨਾਵਲ ਜਿਥੇ ਪੁਲਿਸ ਤਫ਼ਤੀਸ਼ ਦੀ ਕਾਰਜ-ਸ਼ੈਲੀ ਦੇ ਯਥਾਰਥ ਨੂੰ ਪ੍ਰਤੀਬਿੰਬਤ ਕਰਦਾ ਹੈ। ਉਥੇ ਨਾਲ-ਨਾਲ ਹਿੰਦੁਸਤਾਨ ਦੀ ਜਾਤੀ-ਜਮਾਤੀ ਬਣਤਰ ਵਿਚਲੇ ਉਹਨਾਂ ਨਿਮਨ ਵਰਗਾਂ ਦੇ ਯਥਾਰਥ ਦਾ ਬਿੰਬ ਵੀ ਉਘੜਦਾ ਹੈ ਜਿਹੜੇ ਰੋਟੀ-ਰੋਜ਼ੀ ਲਈ ਅਵਾਜ਼ਾਰ ਹਨ ਜਾਂ ਇਸ ਲਈ ਛੋਟੇ-ਮੋਟੇ ਧੰਦੇ ਕਰਦੇ ਹਨ। ਸਪੱਸ਼ਟ ਹੈ ਕਿ ਸਾਡੇ ਲੋਕਤੰਤਰੀ ਪ੍ਰਬੰਧ ਵਿੱਚ ਸਮਾਜਿਕ ਨਿਆਂ ਦੀ ਵਿਵਸਥਾ ਨਹੀਂ। ਨਾਵਲਕਾਰ ਇਹਨਾਂ ਨਾਵਲੀ ਵੇਰਵਿਆਂ ਰਾਹੀਂ ਸਾਡੀ ਲੋਕਤੰਤਰੀ ਸਟੇਟ ਉਤੇ ਵਿਅੰਗ ਵੀ ਕਰਦਾ ਹੈ। ਨਾਵਲ ਦੇ ਅਗਲੇ

ਵੇਰਵਿਆਂ ਵਿੱਚ ਐਸ.ਪੀ. ਖ਼ਾਨ ਸ਼ਹਿਰ ਵਿਚ ਕਰਫਿਊ ਲਗਾ ਕੇ ਘਰ-ਘਰ ਦੀ ਤਲਾਸ਼ੀ ਲੈਣ ਲਈ ਜਿਹੜੇ-ਜਿਹੜੇ ਪੁਲਿਸ ਕਰਮਚਾਰੀਆਂ ਦੀ ਡਿਊਟੀ ਲਾਉਂਦਾ ਹੈ, ਉਨ੍ਹਾਂ 'ਚ ਇਹਨਾਂ ਕਰਮਚਾਰੀਆਂ ਦੇ ਪਾਤਰੀ ਵੇਰਵੇ ਇਸ ਪ੍ਰਬੰਧ ਨਾਲ ਜੁੜੇ ਸਮੁੱਚੇ ਕਰਮਚਾਰੀਆਂ ਦੇ ਉਸ ਸੁਭਾਅ ਨੂੰ ਨੰਗਾ ਕਰਦੇ ਹਨ, ਜਿਹੜਾ ਡਿਊਟੀ ਨੂੰ ਇਮਾਨਦਾਰੀ ਤੇ ਨਿਰਪੱਖਤਾ ਨਾਲ ਨਿਭਾਉਣ ਦੀ ਥਾਂ ਇਸ ਵਿਚ ਠੱਗੀ ਠੋਰੀ ਨੂੰ ਪਹਿਲ ਦਿੰਦੇ ਹਨ।

ਪੁਲਿਸ ਕਰਮਚਾਰੀ ਤਫ਼ਤੀਸ਼ ਕਰਨ ਦੀ ਥਾਂ ਹਰ ਇਲਕੇ ਵਿੱਚ ਗ਼ੈਰ-ਕਾਨੂੰਨੀ ਧੰਦੇ ਕਰਨ ਵਾਲੇ ਆਪਣੇ ਲੋਕਾਂ ਨੂੰ ਇਸ ਬਾਰੇ ਚੌਕਸ ਕਰ ਰਹੇ ਸਨ ਕਿ ਘਰਾਂ ਦੀ ਤਲਾਸ਼ੀ ਦੌਰਾਨ ਉਹਨਾਂ ਕੋਲੋਂ ਕੋਈ ਗ਼ੈਰ-ਕਾਨੂੰਨੀ ਮਾਲ ਨਾ ਮਿਲ ਜਾਵੇ। ਮਾਡਲ ਟਾਊਲ ਵਿਚਲੇ ਘਰਾਂ ਦੀ ਤਲਾਸ਼ੀ ਲਈ ਜਦੋਂ ਪ੍ਰੀਤਮ ਸਿੰਘ ਨੂੰ ਪਤਾ ਲੱਗਦਾ ਹੈ ਕਿ ਉਥੇ ਡਿਊਟੀ ਵੀ ਉਸਦੇ ਵਿਰੋਧੀ ਥਾਣੇਦਾਰ ਦੀ ਲੱਗੀ ਹੈ ਤਾਂ ਉਸ ਨੂੰ ਲੱਗ ਰਿਹਾ ਸੀ ਕਿ ਜਿਵੇਂ ਸਾਰਾ ਸ਼ਹਿਰ ਹੀ ਮੁਜ਼ਰਮਾਂ ਨਾਲ ਭਰਿਆ ਪਿਆ ਹੋਵੇ। ਜਿਸ ਮਾਡਲ ਟਾਊਨ ਨੂੰ ਅਫਸਰ ਭਲਾ ਮਾਣਸ ਗਿਣਦੇ ਹਨ ਉਥੇ ਸਭ ਤੋਂ ਵੱਧ ਠੱਗੀਆਂ ਹੁੰਦੀਆਂ ਹਨ। ਬਹੁਤਾ ਫ਼ਿਕਰ ਉਸ ਨੂੰ ਵਪਾਰ ਮੰਡਲ ਦੇ ਪ੍ਰਧਾਨ ਤੋਂ ਸੀ। ਉਸ ਨੇ ਗੈਰ-ਸਿਲੰਡਰਾਂ ਦੀ ਬਲੈਕ ਦਾ ਕੰਮ ਪੂਰੇ ਜ਼ੋਰਾਂ ਨਾਲ ਸ਼ੁਰੂ ਕੀਤਾ ਹੋਇਆ ਹੈ। ਉਹ 60 ਵਾਲਾ ਸਿਲੰਡਰ 160 ਵਿੱਚ ਵੇਚਦਾ ਹੈ। ਕਿਸੇ ਨੇ ਸਿਲੰਡਰ ਰੱਖਣ ਲਈ ਲੈਣਾ ਹੋਵੇ ਤਾਂ 500 ਵਾਲਾ 1000 ਵਿਚ ਵੇਚਦਾ ਹੈ .....। ਪ੍ਰੀਤਮ ਸਿੰਘ ਨੂੰ ਇਹ ਡਰ ਸੀ ਕਿ ਜੇ ਇਸ ਬੰਦੇ ਨੂੰ ਪੁਲਿਸ ਦੇ ਕਿਸੇ ਵੀ ਦੂਜੇ ਬੰਦੇ ਨੇ ਥੋੜ੍ਹਾ ਜਿਹਾ ਵੀ ਡਰਾ ਦਿੱਤਾ ਤਾਂ ਉਹ ਡਰ ਵਿਚ ਸਾਰਾ ਕੁਝ ਬੋਲ ਦੇਵੇਗਾ ਜਿਸ ਵਿਚ ਕਿੰਨੇ ਪੈਸੇ ਉਸ ਨੂੰ ਮਿਲਦੇ ਹਨ ਅਤੇ ਕਿੰਨੇ ਸਿਟੀ ਇਨਚਾਰਜ ਨੂੰ। ਇਉਂ ਭ੍ਰਿਸ਼ਟਾਚਰ ਦੀਆਂ ਜੜ੍ਹਾਂ ਸਿਰਫ਼ ਸਰਕਾਰੀ ਅਦਾਰਿਆਂ ਵਿਚ ਹੀ ਨਹੀਂ ਫੈਲੀਆਂ ਹੋਈਆਂ, ਸਗੋਂ ਇਹਨਾਂ ਦਾ ਫੈਲਾਅ ਸਾਡੇ ਪ੍ਰਾਈਵੇਟ ਕਾਰੋਬਾਰ ਵਿੱਚ ਵੀ

ਹੋਇਆ ਹੈ। ਹਿੰਦੁਸਤਾਨ ਨੇ ਪਿਛਲੇ 50 ਸਾਲਾਂ ਵਿਚ ਕੋਈ ਹੋਰ ਤਰੱਕੀ ਕੀਤੀ ਜਾਂ ਨਹੀਂ ਪਰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਇਹ ਦੁਨੀਆਂ ਦੇ ਮੁੱਢਲੇ ਦੇਸਾਂ ਵਿਚ ਆਉਂਦਾ ਹੈ। ਨਾਵਲਕਾਰ ਮਿੱਤਰ ਸੈਨ ਮੀਤ ਦਾ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਸਾਡੀ ਲੋਕਤੰਤਰੀ ਵਿਵਸਥਾ ਦੇ ਇਸ ਕੋਝੇ ਸੱਚ ਨੂੰ ਆਪਣੇ ਨਾਵਲ ਵਿਚ ਸਥਿਤੀਆਂ ਦੀ ਸਿਰਜਣਾ ਰਾਹੀਂ ਉਘਾੜਦਾ ਹੈ, ਇਹਨਾਂ ਦੇ ਨਿਰੇ ਵੇਰਵੇ ਹੀ ਪ੍ਰਸਤੁਤ ਨਹੀਂ ਕਰਦਾ।

ਪੁਲਿਸ ਕਿਰਦਾਰ ਦੀ ਵਰਨਣਯੋਗ ਗੱਲ ਇਹ ਹੈ ਕਿ ਇਹ ਸਮਾਜ ਵਿਚ ਫੈਲ ਰਹੇ ਗ਼ੈਰ-ਸਮਾਜੀ ਅੰਸਰਾਂ ਦੀਆਂ, ਗ਼ੈਰ ਕਾਨੂੰਨੀ ਕਾਰਵਾਈਆਂ ਨੂੰ ਨਿਯੰਤਰਤ ਰੱਖਣ ਦੀ ਥਾਂ, ਇਹਨਾਂ ਨਾਲ ਭਾਗੇਦਾਰੀ ਵੀ ਨਿਭਾਉਂਦਾ ਹੈ। ਇਹੋ ਹੀ ਕਾਰਨ ਹੈ ਕਿ ਜਦੋਂ ਮਾਮਲੇ ਦੀ ਤਫ਼ਤੀਸ਼ ਵਿੱਚ ਅਜਿਹੇ ਅੰਸਰਾਂ ਨਾਲ ਜੁੜੇ ਕਰਮਚਾਰੀਆਂ ਦੀਆਂ ਤਾਰਾਂ ਨੰਗੀਆਂ ਹੋਣ ਦਾ ਖ਼ਤਰਾ ਪੈਦਾ ਹੁੰਦਾ ਹੈ ਤਾਂ ਪ੍ਰੀਤਮ ਸਿੰਘ ਐਸ.ਐਚ.ਓ. ਵਾਂਗ ਅੰਦਰੋਂ-ਅੰਦਰ ਇਸ ਗੱਲ ਤੋਂ ਡਰਦੇ ਹਨ ਕਿ ਅਜਿਹਾ ਪਰਦਾਫ਼ਾਸ ਹੋਣ ਨਾਲ ਕਿਤੇ ਉਹਨਾਂ ਦੀ ਨੌਕਰੀ ਨਾ ਖੁਸ ਜਾਵੇ। ਅਜਿਹੀਆਂ ਨਾਵਲੀ ਸਥਿਤੀਆਂ ਦਾ ਵਿਅੰਗ ਉਸ ਵੇਲੇ ਆਪਣੇ ਸਿਖਰ ਨੂੰ ਛੋਹ ਜਾਂਦਾ ਹੈ ਜਦੋਂ ਇਸ ਸਾਂਸੀਆਂ ਦੀ ਤਲਾਸ਼ੀ ਲੈਣ ਵਾਲੇ ਬੂਝਾ ਸਿੰਘ ਨੂੰ ਆਪਣੇ ਫ਼ੋਕਸੀਕਰਨ ਵਿੱਚ ਲਿਆਉਂਦਾ ਹੈ। ਬੂਝਾ ਸਿੰਘ ਬਾਰੇ ਮਸ਼ਹੂਰ ਸੀ ਕਿ ਉਹ ਜਿਸ ਹਲਕੇ ਦਾ ਥਾਣੇਦਾਰ ਹੁੰਦਾ ਹੈ, ਉਥੇ ਇੱਕ ਹੀ ਬਦਮਾਸ਼ ਰਹਿ ਸਕਦਾ ਹੈ। ਉਹ ਹੈ, ਖ਼ੁਦ ਬੂਝਾ ਸਿੰਘ। ਇਸ ਦੇ ਨਾਲ ਹੀ ਨਾਲ ਬਿਰਤਾਂਤਕ ਵੇਰਵੇ ਇਸ ਵਿਭਾਗ ਦੇ ਕਰਮਚਾਰੀਆਂ ਦੇ ਉਸ ਵਿਹਾਰ ਨੂੰ ਵੀ ਨੰਗਾ ਕਰਦੇ ਹਨ ਜਿਹੜਾ ਇਹਨਾਂ ਦੀਆਂ ਆਪਸੀ ਈਰਖਾਵਾਂ ਜਾਂ ਵਿਵਸਾਇਕ ਖਿਚੋਤਾਣਾਂ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਉਹ ਇੱਕ-ਦੂਜੇ ਨੂੰ ਠੀਬੀ ਲਾ ਕੇ ਆਪ ਪੈਸੇ ਕਮਾਉਣ ਵਾਲੀਆਂ ਪੋਸਟਾਂ ਹਥਿਆਉਣਾ ਚਾਹੁੰਦੇ ਹਨ *''ਬੂਝਾ ਸਿੰਘ ਕਈ ਸਾਲਾਂ ਤੋਂ ਸੀ.ਆਈ.ਡੀ. ਵਿੱਚ ਧੱਕੇ*

*ਖਾ ਰਿਹਾ ਸੀ। ਉਹ ਪ੍ਰੀਤਮ ਸਿੰਘ ਦਾ ਦੁਸ਼ਮਣ ਨੰਬਰ ਇੱਕ ਸੀ। ਉਹ ਦੋਵੇਂ ਇਕੱਠੇ ਭਰਤੀ ਹੋਏ ਸਨ, ਇਕੋ ਸਮੇਂ ਸਬ-ਇੰਸਪੈਕਟਰ ਬਣੇ। ਉਸ ਤੋਂ ਬੰਦਾ ਕਾਹਦਾ ਮਰ ਗਿਆ, ਪੁੱਠੇ ਦਿਨ ਹੀ ਆ ਗਏ ਸਸਪੈਂਡ ਤਾਂ ਹੋਇਆ ਹੀ, ਪ੍ਰਮੋਟ ਹੋਣੋਂ ਵੀ ਰਹਿ ਗਿਆ। ਏ ਕਲਾਸ ਥਾਣੇ ਦਾ ਐਸ.ਐਚ.ਓ. ਪ੍ਰੀਤਮ ਸਿੰਘ ਨੂੰ ਫੁੱਟੀ ਅੱਖ ਨਹੀਂ ਭਾਉਂਦਾ। ਸਾਰਾ ਦਿਨ ਪ੍ਰੀਤਮ ਦੇ ਖ਼ਿਲਾਫ਼ ਛੁਰੀਆਂ ਛੱਡਦਾ ਰਹਿੰਦਾ ਹੈ। ਸਿੱਧੀ ਸਾਹਿਬ ਕੋਲ ਮੁਖਬਰੀ ਕਰਦਾ ਰਹਿੰਦਾ ਹੈ।''*[15] ਉਹ ਇਸੇ ਤਾਕ ਵਿੱਚ ਹੈ ਕਿ ਕਿਸੇ ਨਾ ਕਿਸੇ ਢੰਗ ਨਾਲ ਪ੍ਰੀਤਮ ਸਿੰਘ ਨੂੰ ਬਦਨਾਮ ਕਰਕੇ ਉਹ ਉਸ ਦੀ ਥਾਂ ਉਤੇ ਐਸ.ਐਚ.ਓ. ਲੱਗ ਬੈਠੇ। ਇਸ ਮੌਕੇ ਨੂੰ ਉਹ ਆਪਣੇ ਇੱਛਤ ਉਦੇਸ਼ ਲਈ ਵਰਤਣਾ ਚਾਹੁੰਦਾ ਹੈ। ਇਸੇ ਲਈ ਉਸ ਨੇ ਸਾਸੀਆਂ ਦੇ ਵਿਹੜੇ 'ਤੇ ਪੁਲਿਸ ਦੀ ਰੇਡ ਕਰਕੇ ਅੰਨਾ ਕਹਿਰ ਵਰਸਾਇਆ, ਪਰੰਤੂ ਉਸ ਦੇ ਹੱਥ-ਪੱਲੇ ਕੁਝ ਨਹੀਂ ਪਿਆ।

ਇਸ ਸਮੁੱਚੇ ਤਲਾਸ਼ੀ ਅਭਿਆਨ ਵਿੱਚ ਬੰਟੀ ਬਾਰੇ ਤਾਂ ਕੁਝ ਵੀ ਸੁਰਾਖ ਨਾ ਮਿਲਿਆ ਪਰੰਤੂ ਇਸ ਦੌਰਾਨ ਲੋਕਾਂ ਵਿਚ ਫ਼ਿਰਕਾ ਪੱਧਰ ਉਤੇ ਇਲਜ਼ਾਮ ਬਾਜੀ ਜ਼ਰੂਰ ਹੁੰਦੀ ਰਹੀ। ਸਾਡੇ ਦੇਸ਼ ਦਾ ਸਭ ਤੋਂ ਵੱਡਾ ਦੁਖਾਂਤ ਇਹ ਰਿਹਾ ਹੈ ਕਿ ਇਸ ਵਿੱਚ ਧਰਮ ਨਿਰਪੱਖ ਸੋਚ ਦੇ ਬੁੱਕਲ ਵਿੱਚ ਸੰਪਰਦਾਇਕਤਾ ਪਲਦੀ ਰਹੀ ਹੈ। ਪੰਜਾਬ ਵਿੱਚ ਪੈਦਾ ਹੋਏ ਅੱਤਵਾਦ ਦੇ ਦੂਜੇ ਕਾਰਨਾਂ ਵਿੱਚ ਇੱਕ ਮਹੱਤਵਪੂਰਨ ਕਾਰਨ ਸੰਪਰਦਾਇਕ ਰਾਜਨੀਤੀ ਦਾ ਹੈ। ਇਸ ਰਾਜਨੀਤੀ ਨੂੰ ਜਿਥੇ ਅੰਗਰੇਜਾਂ ਨੇ ਦੇਸ਼ ਨੂੰ ਦੋਫਾੜ ਕਰਨ ਲਈ ਵਰਤਿਆ ਉਥੇ ਆਜ਼ਾਦ ਭਾਰਤ ਅੰਦਰ ਪੈਦਾ ਹੋਈ ਦੇਸੀ ਸਰਮਾਏਦਾਰੀ ਨੇ ਵੀ ਆਪਣੀ ਸੱਤਾ ਅਤੇ ਜਮਾਤੀ ਹਿੱਤਾਂ ਲਈ ਇਸ ਦਾ ਦੁਰ-ਉਪਯੋਗ ਕੀਤਾ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਦੇਸ਼ ਦੇ ਵਿਭਿੰਨ ਖੇਤਰਾਂ ਵਿੱਚ ਭਾਸ਼ਾ, ਧਰਮ, ਇਲਾਕਾ ਜਾਂ ਇਸ ਨਾਲ ਜੁੜੇ ਕੁਝ ਹੋਰ ਮੁੱਦਿਆਂ ਦੇ ਨਾਂ ਤੇ ਸੰਪਰਦਾਇਕਤਾ ਨੇ ਆਪਣਾ ਖੁੱਲ੍ਹਾ ਨਾਚ ਕੀਤਾ। ਸਾਡੇ ਇਤਿਹਾਸਕ ਯਥਾਰਥ ਦਾ

ਇਹ ਅਜਿਹਾ ਘਿਨੌਣਾ ਪੱਖ ਹੈ ਜਿਹੜਾ ਇਸ ਨਾਵਲ ਵਿਚ ਪੰਜਾਬ ਸੰਕਟ ਦੇ ਰੂਪ ਵਿਚ ਇੱਕ ਉਪ ਥੀਮ ਵਜੋਂ ਸਾਕਾਰ ਹੋਇਆ ਹੈ।

ਨਾਵਲਕਾਰ ਵਲੋਂ ਬੰਟੀ ਦੀ ਤਲਾਸ਼ੀ ਲਈ ਪੂਰੇ ਸ਼ਹਿਰ ਨੂੰ ਵੱਖ-ਵੱਖ ਇਕਾਈਆਂ ਵਿਚ ਵੰਡ ਕੇ ਇਸ ਤਲਾਸ਼ੀ ਦਾ ਵਿਸਤਾਰ ਦੇਣਾ, ਮੁੱਢਲੇ ਪੱਧਰ 'ਤੇ ਲੱਗਦਾ ਹੈ ਕਿ ਵੇਰਵਿਆਂ ਦਾ ਬੇਲੋੜਾ ਖਿਲਾਰਾ ਹੈ ਅਤੇ ਯਥਾਰਥ ਦਾ ਭਰਮ ਸਿਰਜਣ ਦੀ ਇੱਕ ਜੁਗਤ ਵਜੋਂ ਵਰਤਿਆ ਗਿਆ ਹੈ। ਪਰੰਤੂ ਇਸ ਸਮੁੱਚੇ ਵਿਸਤਾਰਪੂਰਕ ਵੇਰਵਿਆ ਵਿੱਚੋਂ ਸਾਡੀ ਸਮਾਜਕ-ਆਰਥਿਕ ਬਣਤਰ ਦਾ ਜੋ ਸਾਰ ਗਲਪੀ-ਬਿੰਬਾਂ ਦੀ ਸਿਰਜਣਾ ਰਾਹੀਂ ਉਭਰਦਾ ਹੈ, ਉਹ ਸਮਾਜ ਦੇ ਸਮਾਜ-ਸ਼ਾਸਤਰੀ ਅਧਿਐਨ ਨਾਲੋਂ ਵੀ ਕਿਤੇ ਵੱਧ ਯਥਾਰਥਕ ਅਤੇ ਪ੍ਰਮਾਣਿਕ ਹੈ। ਸਾਡੀ ਜਾਤੀ-ਪਾਤੀ ਸੰਸਕ੍ਰਿਤੀ ਦੇ ਇਕ ਪੱਖ ਇਹ ਹੈ ਕਿ ਇਹ ਵਿਅਕਤੀ ਵਿਹਾਰ ਦੀਆਂ ਵਿਸ਼ੇਸ਼ਤਾਵਾਂ ਅਤੇ ਕਮਜ਼ੋਰੀਆਂ ਨੂੰ ਮਨੁੱਖੀ ਸੁਭਾਅ ਦੇ ਬਾਹਰੀ ਮਾਹੌਲ ਨਾਲ ਸੰਬੰਧਾਂ ਦੀ ਕਿਰਿਆ ਪ੍ਰਤਿਕਿਰਿਆ ਵਿਚੋਂ ਪੈਦਾ ਹੋਣ ਦੀ ਥਾਂ ਇਸ ਨੂੰ ਜਾਤ ਨਾਲ ਜੋੜਦੀ ਹੈ। ਮਿਸਾਲ ਵਜੋਂ ਸਾਂਸੀਆਂ ਆਦਿ ਜਾਤੀਆਂ ਨੂੰ ਲੋਕ ਜ਼ਰਾਇਮ ਪੇਸ਼ਾ ਰੂਪ ਵਿਚ ਹੀ ਵੇਖੀ ਜਾਂਦੇ ਹਨ। ਦੂਜੇ ਬਿਰਤਾਂਤਕਾਰੀ ਦਾ ਕੇਂਦਰੀ ਫੋਕਸ ਇਨ੍ਹਾਂ ਘਰਾਂ ਦੀ ਜਮਾਤੀ-ਵੰਡ ਨੂੰ ਨਿਰੂਪਤ ਕਰਦਾ ਹੈ ਜਿਥੇ ਮਾਡਲ ਟਾਊਨ ਵਿਚ ਸ਼ਹਿਰ ਦੇ ਧਨਾਡਾ ਲੋਕ ਰਹਿੰਦੇ ਹਨ ਜਿਹੜੇ ਗ਼ੈਰ-ਕਾਨੂੰਨੀ ਧੰਦੇ ਕਰਦੇ ਹੋਏ ਵੀ ਅਤਿ ਸ਼ਰੀਫ਼ ਕਹਾਉਂਦੇ ਹਨ ਪਰੰਤੂ ਕੁਸ਼ਟ-ਆਸ਼ਰਮਾਂ, ਸਾਸੀਆਂ ਦੇ ਬਾਣਵੱਟ ਆਦਿ ਦੀਆਂ ਕਲੋਨੀਆਂ ਵਿਚ ਸਾਧਾਰਨ ਧੰਦੇ ਕਰਨ ਵਾਲੇ ਲੋਕਾਂ ਨੂੰ ਜ਼ਰਾਇਮ ਪੇਸ਼ਾ ਲੋਕਾਂ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ। ਇਉਂ ਇਹ ਤਲਾਸ਼ੀ ਜਿਥੇ ਇਸ ਨਾਵਲ ਦੀ ਕੇਂਦਰੀ ਸਮੱਸਿਆ ਨਾਲ ਜੁੜੀ ਹੈ ਉਥੇ ਇਹ ਸਾਡੀ ਸਮਾਜਕ-ਬਣਤਰ ਦੀਆਂ ਉਨ੍ਹਾਂ ਪਾਤਰਾਂ ਨੂੰ ਵੀ ਨੰਗਾ ਕਰਦੀ ਹੈ ਜਿਥੇ ਗੁਰਬਤ, ਗੰਦਗੀ ਅਤੇ ਗ਼ੈਰਤਹੀਣਤਾ ਇਨ੍ਹਾਂ ਲੋਕਾਂ ਦੀ ਹੋਣੀ ਬਣ ਚੁੱਕੀ ਹੈ। ਡਾ. ਟੀ.ਆਰ. ਵਿਨੋਦ ਸਮਾਜ ਦੇ ਅਜਿਹੇ ਲੋਕਾਂ ਬਾਰੇ ਟਿੱਪਣੀ ਕਰਦਾ ਲਿਖਦਾ ਹੈ:

*ਸਮਾਜ ਦੇ ਇਹ ਲੋਕ ਨਾ ਸਿਆਸਤ ਜਾਣਦੇ ਹਨ, ਨਾ ਧਰਮ, ਨਾ ਇਨ੍ਹਾਂ ਨੂੰ ਜ਼ੁਰਮ ਕਰਨ ਦਾ ਸਾਰ ਹੈ, ਨਾ ਜ਼ੁਰਮ ਨਾਲ ਟੱਕਰ ਲੈਣ ਦਾ। ਇਹ ਤਰਸ ਦੇ ਪਾਤਰ ਬਣਕੇ ਉਭਰਦੇ ਹਨ।*[16]

ਗਰੀਬੀ ਤੇ ਅਮੀਰੀ ਦਾ ਇਹ ਵਿਰੋਧ ਜਿਥੇ ਸਮਾਜਿਕ ਤੇ ਆਰਥਿਕ ਵਿਤਕਰਿਆਂ ਦਾ ਕਾਰਣ ਬਣਦਾ ਹੈ ਉਥੇ ਇਹ ਕਾਨੂੰਨੀ ਵਿਤਕਰਿਆਂ ਵਿਚ ਵੀ ਆਪਣੀ ਬੁਨਿਆਦੀ ਭੂਮਿਕਾ ਨਿਭਾਉਂਦਾ ਹੈ। ਇਉਂ, ਨਾਵਲਕਾਰ ਭਾਰਤੀ ਕਾਨੂੰਨ ਪ੍ਰਣਾਲੀ ਦੀ ਨਿਆਂਕਾਰੀ ਦਾ ਬਿਰਤਾਂਤ ਸਿਰਜਦਾ ਹੋਇਆ ਇਸ ਦੇ ਜਮਾਤੀ ਸੁਭਾ ਨੂੰ ਨਜ਼ਰ-ਅੰਦਾਜ਼ ਨਹੀਂ ਕਰਦਾ। ਇਸੇ ਵਿਚ ਇਸ ਨਾਵਲ ਦਾ ਮੁੱਲ ਹੈ। ਇਸ ਨਾਵਲ ਵਿਚ ਵਰਤਮਾਨ ਸਮਾਜ ਦੀਆਂ ਉਪਰੋਕਤ ਖਾਂਦੀਆਂ-ਪੀਂਦੀਆਂ ਧਿਰਾਂ ਬਾਰੇ ਟਿੱਪਣੀ ਕਰਦਾ ਡਾ. ਟੀ.ਆਰ. ਵਿਨੋਦ ਲਿਖਦਾ ਹੈ:

*ਵਰਤਮਾਨ ਸਮਾਜ ਦੀਆਂ ਇਹ ਖਾਂਦੀਆਂ-ਪੀਂਦੀਆਂ ਧਿਰਾਂ ਜਿਨ੍ਹਾਂ ਵਿਚ ਮਾਡਲ ਟਾਊਨ ਦੇ 'ਸਾਊ' ਧਨੀ ਵੀ ਸ਼ਾਮਲ ਹਨ, ਸ਼ਹਿਰ ਦੇ ਭ੍ਰਿਸ਼ਟ ਵਕੀਲ ਵੀ ਅਤੇ ਪੁਲਿਸ ਤੇ ਨਿਆਂ-ਪਾਲਿਕਾ ਦੇ ਅਹਿਲਕਾਰ, ਮਤਾਹਿਤ ਵੀ, ਦੀ ਖ਼ੁਦਗਰਜ਼ ਜ਼ਹਿਨੀਅਤ ਦਾ ਦਾਗੀ ਚਿਹਰਾ ਵੀ ਰੂਪਮਾਨ ਕੀਤਾ ਗਿਆ ਹੈ। ਸਮਾਜ ਦੇ ਇਹ 'ਮੁਹਤਬਾਰ' ਲੋਕਾਚਾਰ, ਭ੍ਰਿਸ਼ਟਾਚਾਰ, ਸਦਾਚਾਰ ਅਤੇ ਰਿਆਸਤ ਦੇ ਕਾਨੂੰਨ ਵਲੋਂ ਲਾਪਰਵਾਹ ਹੋ ਕੇ ਸੁਖ-ਸਹੂਲਤਾਂ ਹਾਸਿਲ ਕਰਨ ਜਾਂ ਅੱਯਾਸ਼ੀ ਦਾ ਜੀਵਨ ਬਤੀਤ ਕਰਨ ਲਈ ਜਿਵੇਂ ਅਵਾਮ ਦੀ ਲੁੱਟ-ਖਸੁੱਟ ਵਿਚ ਇਕ ਦੂਜੇ ਨੂੰ ਠਿੱਬੀ ਲਾਉਣ ਵਿਚ ਲੀਨ ਨਜ਼ਰ ਆਉਂਦੇ ਹਨ, ਉਥੇ ਇਨ੍ਹਾਂ ਮੁਹਤਬਰਾਂ ਦਾ ਸਰਕਾਰੀ ਮਸ਼ੀਨ ਨਾਲ ਬੜਾ ਨੇੜਲਾ ਰਿਸ਼ਤਾ ਹੈ ਜਿਸ ਕਰਕੇ ਇਨ੍ਹਾਂ ਦੀਆਂ ਕਰਤੂਤਾਂ ਜੱਗ-ਜਹਿਰ ਹੋਣ ਦੇ ਬਾਵਜੂਦ ਸਜ਼ਾ ਦੀਆਂ ਭਾਗੀਦਾਰ ਨਹੀਂ ਬਣਦੀਆਂ। ਵਾਸਤਵ ਵਿਚ ਰਾਜ ਦੇ ਛੋਟੇ ਤੋਂ ਛੋਟੇ*

*ਸੇਵਾਦਾਰ ਤੋਂ ਲੈ ਕੇ ਮੁੱਖ-ਮੰਤਰੀ ਤਕ ਅਤੇ ਨਿੱਕੇ-ਮੋਟੇ ਵਪਾਰੀ ਤੋਂ ਲੈ ਕੇ ਸਨਅਤਕਾਰਾਂ ਤਕ ਸਭ ਇਕੋ ਥੈਲੀ ਦੇ ਚੱਟੇ-ਬੱਟੇ ਹਨ। ਇਨ੍ਹਾਂ ਕੋਲ ਰਾਜ ਭਾਗ ਦੀ ਸ਼ਕਤੀ ਵੀ ਹੈ ਅਤੇ ਆਰਥਿਕ ਸ਼ਕਤੀ ਵੀ। ਸਿੱਟੇ ਵਜੋਂ ਇਨ੍ਹਾਂ ਦੀ ਵਾਅ ਵਲ ਕੋਈ ਨਹੀਂ ਝਾਕ ਸਕਦਾ।*[17]

ਡਾ. ਟੀ.ਆਰ. ਵਿਨੋਦ ਦੀ ਇਹ ਵਿਸਤ੍ਰਿਤ ਟਿੱਪਣੀ ਸਾਡੀ ਦੇਸ਼ ਦੀ ਨਿਆਂ ਪੱਖੋਂ ਨਿਘਾਰ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦੀ ਇਹ ਸਿੱਧ ਕਰਦੀ ਹੈ ਕਿ ਨਿਜੀ ਜਾਇਦਾਦ ਦੀ ਸੰਸਥਾ ਤੋਂ ਉਸ ਦੀਆਂ ਸਮਾਜ-ਆਰਥਿਕ ਬਣਤਰਾਂ ਵਿਚ ਜਿਥੇ ਦੂਜੇ ਸਮਾਜਿਕ ਵਿਤਕਰੇ, ਕਾਇਮ ਰਹਿੰਦੇ ਹਨ ਉਥੇ ਨਿਆਂ ਵੀ ਸੰਵਿਧਾਨਕ ਪੱਧਰ ਉਤੇ ਭਾਵੇਂ ਕਿਨ੍ਹੀਆਂ ਤਸੱਲੀਆਂ ਦਿੰਦਾ ਹੋਵੇ, ਵਿਹਾਰਕ ਪੱਖੋਂ ਹਮੇਸ਼ਾ ਵਿਤਕਰਿਆਂ ਭਰਿਆ ਹੁੰਦਾ ਹੈ। ਲੈਨਿਨ ਨੇ ਆਪਣੇ ਇਕ ਮਜਮੂਨ ਵਿਚ ਭ੍ਰਿਸ਼ਟਾਚਾਰ ਬਾਰੇ ਟਿੱਪਣੀ ਕਰਦੇ ਲਿਖਿਆ ਹੈ:

*ਕੁਝ ਆਰਥਿਕ ਬੁਰਾਈਆਂ ਸਰਮਾਏਦਾਰੀ ਦਾ ਹੀ ਅੰਗ ਹਨ, ਭਾਵੇਂ ਕਿ ਰਾਜਸੀ ਢਾਂਚਾ ਕੁਝ ਵੀ ਕਿਉਂ ਨਾ ਹੋਵੇ ਅਤੇ ਕਿ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਖਤਮ ਕਰਨਾ ਅਸੰਭਵ ਹੈ, ਜਦ ਤਕ ਕਿ ਖ਼ੁਦ ਸਰਮਾਏਦਾਰੀ ਨੂੰ ਖ਼ਤਮ ਨਹੀਂ ਕੀਤਾ ਜਾਂਦਾ।*[18]

ਇਸੇ ਪ੍ਰਸੰਗ ਵਿਚ ਸਿਟੀ ਇਨਚਾਰਜ ਮਨਬੀਰ ਸਿੰਘ ਭੁੱਲਰ ਦੇ ਕਿਰਦਾਰ ਨੂੰ ਜਦੋਂ ਵੇਖਦੇ ਹਾਂ ਤਾਂ ਬਿਰਤਾਂਤਕ ਵੇਰਵਿਆਂ 'ਚੋਂ ਪਤਾ ਲਗਦਾ ਹੈ ਕਿ ਉਹ ਇਕ ਰੱਜੇ-ਪੁੱਜੇ ਪਰਿਵਾਰ ਦਾ ਪੜ੍ਹਿਆ ਲਿਖਿਆ ਮੁੰਡਾ ਹੈ। ਉਹ ਬੰਟੀ ਕੇਸ ਦੀ ਗੁੱਥੀ ਨੂੰ ਸੁਲਝਾ ਕੇ ਜਲਦ ਤੋਂ ਜਲਦ ਤਰੱਕੀ ਪਾਉਣੀ ਚਾਹੁੰਦਾ ਹੈ। ਉਂਝ ਵੀ ਉਸਨੇ ਚੋਣ ਸਮੇਂ ਮੁੱਖ-ਮੰਤਰੀ ਦੀ ਹੱਦੋਂ-ਵਧਕੇ ਤੇ ਗ਼ੈਰ-ਤਰੀਕੇ ਨਾਲ ਉਸ ਦੀ ਮਦਦ ਕੀਤੀ ਸੀ। ਮਨਬੀਰ ਦੀ ਸੋਚ ਮੂਲ ਰੂਪ ਵਿਚ ਪੁਲਸੀਏ ਦੀ ਹੈ। ਉਸ ਨੂੰ ਬੰਟੀ ਦੀ ਲੋੜ ਹੈ। ਅਗਵਾਕਾਰਾਂ ਦੀ ਕੋਈ ਪਰਵਾਹ ਨਹੀਂ। ਅਸਲੀ ਨਾ ਵੀ ਲੱਭੇ ਤਾਂ ਕੀ

ਹੈ? ਦੋ ਚਾਰ ਹੋਰਾਂ ਨੂੰ ਗੱਡੀ ਚੜ੍ਹਾ ਦੇਵੇਗਾ ਅੱਗੇ ਕਿਹੜਾ ਅਫਸਰਾਂ ਦੇ ਇਸ਼ਾਰਿਆਂ ਤੇ ਬੰਦੇ ਨਹੀਂ ਮਾਰੇ ਇਕ ਦੋ ਆਪਣੇ ਲਈ ਮਾਰ ਦਿੱਤੇ ਤਾਂ ਕਿਹੜਾ ਪਹਾੜ ਡਿੱਗ ਪਿਆ। ਬਿਰਤਾਂਤਕਾਰ ਅਤਿਵਾਦ ਸਮੇਂ ਪੰਜਾਬ ਵਿਚ ਪੁਲਿਸ ਦਾ ਕਾਰਗੁਜਾਰੀ ਦੇ ਇਸ ਤਰ੍ਹਾਂ ਦੇ ਅਮਾਨਵੀ ਸੱਚ ਨੂੰ ਨੰਗਾ ਕਰਦਾ ਹੋਇਆ ਵਸਤੂ ਸਥਿਤੀ 'ਤੇ ਵਿਅੰਗ ਕਰਦਾ ਹੈ। ਮਨਬੀਰ ਆਪਣੇ ਉਪਰਲੇ ਅਫਸਰਾਂ ਨੂੰ ਖੁਸ਼ ਰੱਖਣ ਲਈ ਉਨ੍ਹਾਂ ਦੀਆਂ ਘਰ ਵਾਲੀਆਂ ਲਈ ਸਾੜੀਆਂ ਕਿਸੇ ਦੂਜੇ ਨੂੰ ਵਲਾਇਤੀ ਰਿਵਾਲਵਰ ਅਤੇ ਜੇ ਕਿਸੇ ਦੀ ਕੋਠੀ ਆਦਿ ਬਣਦੀ ਹੈ ਤਾਂ ਇੱਟਾਂ, ਸੀਮਿੰਟ ਅਤੇ ਸਰੀਆ ਆਦਿ ਆਪਣੇ ਕੋਲੋਂ ਭੇਜਦਾ ਹੈ। ਜੇ ਕੋਈ ਅਫ਼ਸਰ ਔਰਤਾਂ ਦਾ ਸ਼ੌਕੀਨ ਹੈ ਤਾਂ ਉਹ ਵੀ ਪ੍ਰਬੰਧ ਕਰਦਾ ਹੈ। ਇਸੇ ਕਰਕੇ ਉਪਰਲੇ ਅਫ਼ਸਰ ਉਸ ਉਤੇ ਮਿਹਰਬਾਨ ਹਨ। ਇਹ ਸਾਰਾ ਕੁਝ ਉਹ ਆਪਣੀ ਤਨਖਾਹ ਵਿਚੋਂ ਨਹੀਂ ਕਰਦਾ ਸਗੋਂ ਗ਼ੈਰ ਕਾਨੂੰਨੀ ਧੰਦਾ ਕਰਨ ਵਾਲੇ ਲੋਕਾਂ ਕੋਲੋਂ ਪੈਸਾ ਬਟੋਰ ਕੇ ਕਰਦਾ ਹੈ। ਆਪਣੀ ਵੀ ਜੇਬ ਵਿਚ ਪਾਉਂਦਾ ਹੈ ਅਤੇ ਬਣਦਾ ਹਿੱਸਾ ਆਪਣੇ ਅਫ਼ਸਰਾਂ ਤਕ ਵੀ ਪਹੁੰਚਾਉਂਦਾ ਹੈ। ਹੁਣ ਉਹ ਬੰਟੀ ਦੀ ਤਫ਼ਤੀਸ਼ ਆਪਣੇ ਹੱਥ ਲੈ ਕੇ ਇਸ ਰਾਹੀਂ ਆਪਣੀ ਤਰੱਕੀ ਕਰਾਉਣੀ ਚਾਹੁੰਦਾ ਹੈ ਪਰੰਤੂ ਖ਼ਾਸ ਕਾਰਣਾਂ ਕਰਕੇ ਉਸ ਦੀ ਬਦਲੀ ਕਰ ਦਿੱਤੀ।

ਨਾਵਲ ਵਿਚ ਪੁਲਿਸ ਕਰਮਚਾਰੀਆਂ ਦੀ ਨਿੱਜੀ-ਰੰਜਸ਼ ਦੇ ਨਾਲ ਨਾਲ ਉਨ੍ਹਾਂ ਦੀ ਲੋਕਾਂ ਨਾਲ ਰੰਜਸ਼ ਦੇ ਵੀ ਵਿਅੰਗ ਚਿੱਤਰ ਮਿਲਦੇ ਹਨ। ਬੰਟੀ ਕੇਸ ਦੀ ਤਫ਼ਤੀਸ਼ ਹੱਥ ਵਿਚ ਲੈਂਦਿਆਂ ਸਭ ਤੋਂ ਪਹਿਲਾਂ ਡਿਪਟੀ ਨੌਨਿਹਾਲ ਸਿੰਘ ਨੇ ਉਹਨਾਂ ਬੰਦਿਆਂ ਦੀ ਲਿਸਟ ਬਣਾਈ ਜਿਹੜੇ ਉਸ ਨੂੰ ਟਿੱਚ ਕਰਕੇ ਜਾਣਦੇ ਹਨ। ਇਸ ਲਿਸਟ ਵਿਚ ਸਭ ਤੋਂ ਪਹਿਲਾ ਨੰਬਰ ਖ਼ੂੀ ਵਾਲੇ ਨੰਬਰਦਾਰ ਦਾ ਸੀ, ਦੂਜਾ ਨੰਬਰਦਾਰ ਸ਼ਰਾਬ ਦੇ ਠੇਕੇਦਾਰ ਮੇਜਰ ਦਾ ਅਤੇ ਤੀਜਾ ਨੰਬਰ ਪੱਬੀ ਬਦਮਾਸ਼ ਦਾ ਫਿਰ ਫਕੀਰੀਏ ਤੇ ਮੱਘਰ ਦਾ। ਡਿਪਟੀ ਨੌਨਿਹਾਲ ਸਿੰਘ ਨੇ ਅਸਲ ਵਿਚ ਇੱਕ

ਤੀਰ ਨਾਲ ਦੋ ਨਿਸ਼ਾਨੇ ਕੀਤੇ ਹਨ। ਇੱਕ ਤਾਂ ਉਹ ਆਪਣੀ ਨਿੱਜੀ ਰੰਜਸ਼ ਕੱਢ ਰਿਹਾ ਸੀ ਤੇ ਦੂਜਾ ਉਸ ਨੇ ਆਉਂਦਿਆਂ ਹੀ ਸ਼ਹਿਰ ਵਿਚ ਸਖ਼ਤੀ ਕਰ ਦਿੱਤੀ। ਪਹਿਲਾਂ ਉਸ ਨੇ ਵੱਡੇ ਬਦਮਾਸ਼ਾਂ ਨੂੰ ਹੀ ਹੱਥ ਪਾਇਆ। ਸਭ ਨੂੰ ਯਕੀਨ ਹੋ ਗਿਆ ਸੀ ਕਿ ਡਿਪਟੀ ਜਲਦੀ ਹੀ ਬੰਟੀ ਨੂੰ ਹਾਸਿਲ ਕਰ ਲਵੇਗਾ। ਆਪਣੇ ਹੱਕ ਵਿਚ ਬਣੀ ਹਵਾ ਨੂੰ ਵੇਖ ਕੇ ਉਸ ਨੇ ਕੁਝ ਹੋਰ ਨਾਂ ਲਿਸਟ ਵਿਚ ਸ਼ਾਮਲ ਕਰ ਲਏ। ਵੱਧ ਤੋਂ ਵੱਧ ਬੰਦਿਆਂ ਨੂੰ ਸਬਕ ਸਿਖਾਉਣ ਦਾ ਇਹ ਇੱਕ ਚੰਗਾ ਮੌਕਾ ਸੀ ਜਿਸ ਨੂੰ ਡਿਪਟੀ ਆਪਣੀ ਰੰਜਸ਼ ਕੱਢਣ ਲਈ ਅਤੇ ਵੱਧ ਤੋਂ ਵੱਧ ਪੈਸਾ ਕਮਾਉਣ ਲਈ ਵਰਤਣਾ ਚਾਹੁੰਦਾ ਸੀ। ਬੰਟੀ ਨੂੰ ਗੁਮ ਹੋਏ ਦਸ ਦਿਨ ਹੋ ਗਈ ਸਨ, ਇਸੇ ਲਈ ਉਹਨਾਂ ਨੇ ਮੁੱਖ ਮੰਤਰੀ ਅੱਗੇ ਦੋ ਨੁਕਾਤੀ ਪ੍ਰੋਗਰਾਮ ਰੱਖਿਆ। ਪਹਿਲਾ ਕਿ ਡਿਪਟੀ ਨੌਨਿਹਾਲ ਸਿੰਘ ਨੂੰ ਬਦਲਿਆ ਜਾਵੇ ਕਿਉਂਕਿ ਉਹਨਾਂ ਨੂੰ ਵੀ ਉਸ ਦੇ ਇਰਾਦਿਆਂ ਦਾ ਪਤਾ ਸੀ। ਦੂਜਾ ਸ਼ਹਿਰ ਵਿਚ ਲੋਕਾਂ ਨੂੰ ਲੁੱਟ ਅਤੇ ਕੁੱਟ ਤੋਂ ਬਚਾਉਣ ਲਈ ਬੰਟੀ ਦੀ ਬਰਾਮਦਗੀ ਤੱਕ ਐਸ.ਪੀ. ਖ਼ਾਨ ਦਾ ਸ਼ਹਿਰ ਵਿਚ ਤਬਾਦਲਾ ਕੀਤਾ ਜਾਵੇ।

ਐਸ.ਪੀ. ਖ਼ਾਨ ਬਾਰੇ ਲੋਕਾਂ ਵਿੱਚ ਇਹ ਧਾਰਨਾ ਸੀ ਕਿ ਉਹ ਇੱਕ ਇਮਾਨਦਾਰ ਅਫਸਰ ਹੈ ਅਤੇ ਪੂਰੀ ਜ਼ਿੰਮੇਵਰੀ ਅਤੇ ਇਮਾਨਦਾਰੀ ਨਾਲ ਉਹ ਬੰਟੀ ਨੂੰ ਅਗਵਾਹਕਾਰਾਂ ਕੋਲੋਂ ਛੁੜਾ ਲਵੇਗਾ। ਨਾਵਲੀ ਬਿਰਤਾਂਤ ਐਸ.ਪੀ. ਖ਼ਾਨ ਦੇ ਕਿਰਦਾਰ ਨੂੰ ਭਾਵੇਂ ਸਾਡੇ ਭ੍ਰਿਸ਼ਟ ਹੋਏ ਪੁਲਿਸ ਪ੍ਰਬੰਧ ਦੇ ਪ੍ਰਸੰਗ ਵਿਚ ਰੱਖ ਕੇ ਚਿਤਰਦਾ ਹੈ ਜਿਹੜਾ ਸਾਡੇ ਵਸਤੂ ਯਥਾਰਥ ਦੇ ਉਸ ਪੱਖ ਨੂੰ ਅਗਰਭੂਮੀ ਵਿੱਚ ਲਿਆਉਂਦਾ ਹੈ ਜਿਸ ਵਿਚ ਬਾਵਜੂਦ ਵਿਵਸਥਾ ਵਿਚਲੀ ਕਰੂਪਤਾ ਅਤੇ ਕਰੂਰਤਾ ਦੇ ਕੁਝ ਵਿਰਲੇ ਲੋਕ ਅਜੇ ਵੀ ਇਸ ਵਿੱਚ ਆਪਣੀ ਇਮਾਨਦਾਰੀ ਦੇ ਬੀਜ ਬੋਅ ਰਹੇ ਹਨ ਪਰੰਤੂ ਅਜਿਹੇ ਵਿਰਲੇ ਬੰਦਿਆਂ ਦੀ ਗਿਣਤੀ ਬਹੁਤ ਘੱਟ ਹੈ। ਐਸ.ਪੀ. ਖ਼ਾਨ ਨੇ ਵੱਖਰੇ-ਵੱਖਰੇ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਡਿਊਟੀ ਲਾ ਕੇ ਪੂਰੇ

ਸ਼ਹਿਰ ਦੀ ਤਲਾਸ਼ੀ ਅਭਿਆਨ ਸ਼ੁਰੂ ਕਰਵਾਇਆ। ਪਰੰਤੂ ਇਸੇ ਦੌਰਾਨ ਕੁਝ ਸੰਪਰਦਾਇਕ ਤੱਤਵਾਂ ਨੇ ਸ਼ਹਿਰ ਵਿਚ ਅਮਨ ਤੇ ਕਾਨੂੰਨ ਦੀ ਵਿਵਸਥਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਜਿਹੜੀ ਉੱਚ ਅਧਿਕਾਰੀਆਂ ਦੇ ਦਖ਼ਲ ਦੇਣ ਨਾਲ ਕੁਝ ਸਮੇਂ ਲਈ ਟੱਲ ਗਈ। ਇਸੇ ਦੌਰਾਨ ਐਸ.ਪੀ. ਖ਼ਾਨ ਨੂੰ ਇੱਕ ਬੱਚੇ ਦੀ ਲਾਸ਼ ਬਰਾਮਦ ਹੋਣ ਦੀ ਖ਼ਬਰ ਮਿਲੀ। ਉਸ ਨੇ ਇਸ ਦੀ ਇਤਲਾਹ ਸ਼ਹਿਰ ਦੇ ਡੀ.ਸੀ. ਨੂੰ ਦਿੱਤੀ ਤੇ ਖ਼ੁਦ ਮੌਕਾ ਦੇਖ ਕੇ ਆਇਆ। ਲਾਸ਼ ਬੰਟੀ ਦੀ ਹੀ ਸੀ ਤੇ ਉਸ ਨੂੰ ਗਲਾ ਘੋਟ ਕੇ ਮਾਰਿਆ ਗਿਆ ਸੀ। ਇਸ ਗੱਲ ਨੇ ਐਸ.ਪੀ. ਖ਼ਾਨ ਨੂੰ ਇੱਕ ਪਾਸੇ ਰਾਹਤ ਦਿੱਤੀ ਕਿਉਂਕਿ ਤਲਾਸ਼ੀ ਦਾ ਮਸਲਾ ਗੁਰਦੁਆਰੇ ਅੰਦਰ ਪੁਲਿਸ ਦਾਖ਼ਲੇ ਨਾਲ ਸੰਬੰਧਿਤ ਸੀ ਜਿਹੜਾ ਇਸ ਸਮੇਂ ਟੱਲ ਗਿਆ, ਪਰੰਤੂ ਉਸ ਨੂੰ ਬੰਟੀ ਦੇ ਮਾਰੇ ਜਾਣ ਦਾ ਦੁੱਖ ਸੀ। ਪੁਲਿਸ ਵੱਲੋਂ ਭਾਵੇਂ ਅਗਵਾਹਕਾਰਾਂ ਨਾਲ ਮੁਕਾਬਲੇ ਅਤੇ ਉਸ ਪਿਛੋਂ ਦੌੜ ਜਾਣ ਦੀਆਂ ਖ਼ਬਰਾਂ ਉਡਾਈਆਂ ਗਈਆਂ ਅਤੇ ਬੰਟੀ ਦੇ ਜਖ਼ਮੀ ਹੋਣ ਬਾਰੇ ਵੀ ਕਿਹਾ ਗਿਆ ਪਰੰਤੂ ਅਜਿਹਾ ਪੁਲਿਸ ਨੇ ਉਸ ਦੇ ਖਿਲਾਫ਼ ਸ਼ਹਿਰ ਵਿਚ ਉੱਠੇ ਰੋਸ ਤੇ ਰੋਹ ਨੂੰ ਦਬਾਉਣ ਲਈ ਕੀਤਾ ਜਦਕਿ ਅਸਲ ਵਿਚ ਅਜਿਹਾ ਕੋਈ ਨਾ ਤਾਂ ਮੁਕਾਬਲਾ ਹੋਇਆ ਅਤੇ ਨਾ ਹੀ ਬੰਟੀ ਜ਼ਖਮੀ ਹੋਇਆ ਸਗੋਂ ਉਸ ਦੀ ਤਾਂ ਲਾਸ਼ ਹੀ ਬਰਾਮਦ ਹੋਈ ਸੀ। ਨਾਵਲ ਦੇ ਇਹ ਵੇਰਵੇ ਸਾਡੀ ਪੁਲਿਸ ਇੰਤਜ਼ਾਮੀਆਂ ਦੀ ਨਾਂ-ਅਹਿਲੀ ਨੂੰ ਹੀ ਨਹੀਂ ਪ੍ਰਗਟਾਉਂਦੇ ਸਗੋਂ ਉਹਨਾਂ ਦੇ ਇਸ ਕਿਰਦਾਰ ਨੂੰ ਨੰਗਾ ਕਰਦੇ ਹਨ ਜਿਹੜਾ ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਬਣਾਉਂਦਾ ਹੈ।

ਨਾਵਲਕਾਰ ਨੇ ਆਪਣੇ ਇਸ ਨਾਵਲ ਵਿਚ ਕੁਝ ਅਜਿਹੇ ਕਿਰਦਾਰ ਵੀ ਰੂਪਮਾਨ ਕੀਤੇ ਹਨ ਜਿਹੜੇ ਪ੍ਰਚਲਿਤ ਕਾਨੂੰਨ ਅਨੁਸਾਰ ਆਪਣਾ ਕਰਤੱਵ ਨਿਭਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਨਾਵਲ ਵਿਚ ਅਮੀਰ ਚੰਦ ਅਤੇ ਖ਼ਾਨ ਪੁਲਿਸ ਅਜਿਹੇ ਦੋ ਅਧਿਕਾਰੀ ਹਨ ਜਿਹੜੇ ਅਤਿ ਭ੍ਰਿਸ਼ਟ ਬਣੀ ਅਜਿਹੀ ਸਥਿਤੀ ਵਿਚ ਵੀ

ਅਸਲ ਕਾਤਲਾਂ ਨੂੰ ਲੱਭਣਾ ਚਾਹੁੰਦੇ ਹਨ ਪਰੰਤੂ ਉਹ ਅਜਿਹਾ ਨਹੀਂ ਕਰ ਸਕਦੇ। ਵਸਤੂ ਸਥਿਤੀ ਦਾ ਵਿਅੰਗ ਹੈ ਕਿ ਇਨ੍ਹਾਂ ਦੇ ਵਿਭਾਗ ਵਿਚ ਉਪਰ ਤੋਂ ਲੈ ਕੇ ਥੱਲੇ ਸਰ ਪਸਰਿਆ ਭ੍ਰਿਸ਼ਟਾਚਾਰ ਅਤੇ ਸੱਤਾ ਦਾ ਦਬਾਓ ਐਨਾ ਭਾਰੂ ਹੈ ਕਿ ਅਜਿਹੀ ਸਥਿਤੀ ਵਿਚ ਨਾ ਤਾਂ ਉਨ੍ਹਾਂ ਦੇ ਉਚ ਅਧਿਕਾਰੀ ਉਨ੍ਹਾਂ ਦੀ ਅਜਿਹੀ ਸੋਚ ਤੋਂ ਖੁਸ਼ ਹਨ ਅਤੇ ਨਾ ਹੀ ਹੇਠਲੇ ਅਧਿਕਾਰੀ ਉਨ੍ਹਾਂ ਨਾਲ ਪੂਰਾ ਸਹਿਯੋਗ ਕਰ ਰਹੇ ਹਨ। ਇਸ ਕਰਕੇ ਉਨ੍ਹਾਂ ਦੀ ਕੋਸ਼ਿਸ਼ ਧਰੀ ਧਰਾਈ ਹੀ ਰਹਿ ਜਾਂਦੀ ਹੈ।

ਇਹ ਨਾਵਲ ਦੀ ਵਸਤ ਜਿਥੇ ਪੁਲਿਸ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਕਾਰਜਸ਼ੈਲੀ ਉਹਨਾਂ ਦੀ ਦੰਭੀ ਅਤੇ ਲਾਲਚੀ ਕਿਰਦਾਰ ਨੂੰ ਆਪਣੇ ਗਲਪੀ ਬਿੰਬਾਂ ਰਾਹੀਂ ਸਿਰਜਦੀ ਹੈ ਉਥੇ ਉਹ ਸਾਡੇ ਪ੍ਰਬੰਧਕੀ ਢਾਂਚੇ ਦੇ ਉਹਨਾਂ ਅਫ਼ਸਰਾਂ ਦੇ ਕਿਰਦਾਰ ਨੂੰ ਵੀ ਸਾਕਾਰ ਕਰਦੀ ਹੈ ਜਿਹੜੇ ਸਾਡੀਆਂ ਸਿਵਲ ਸੇਵਾਵਾਂ ਵਿਚੋਂ ਆਉਂਦੇ ਹਨ। ਉਹਨਾਂ ਵਿਚ ਇਲਾਕੇ ਦਾ ਡੀ.ਸੀ. ਗੁਪਤਾ ਹੈ ਜਿਸ ਨੂੰ ਗੱਲ ਨਾਲ ਕੋਈ ਪਰਵਾਹ ਨਹੀਂ ਕਿ ਕਾਤਲ ਲੱਭੇ ਹਨ ਜਾਂ ਨਹੀਂ ਲੱਭੇ। ਇਹ ਕੰਮ ਪੁਲਿਸ ਦਾ ਹੈ। ਉਸ ਦਾ ਕੰਮ ਤਾਂ ਵਾਰਸ ਦੇ ਘਰ ਜਾਣਾ, ਹਮਦਰਦੀ ਪ੍ਰਗਟ ਕਰਨਾ ਤੇ ਰੈੱਡ ਕਰਾਸ ਦੇ ਫੰਡ ਵਿਚੋਂ ਪਰਿਵਾਰ ਨੂੰ ਮਾਲੀ ਸਹਾਇਤਾ ਦੇਣਾ ਹੈ। ਇਉਂ ਸਾਡੀ ਲੋਕਰਾਜੀ ਪ੍ਰਬੰਧ ਵਿਚ ਇੰਤਜ਼ਾਮੀਆਂ ਦਾ ਇਕ ਸਿਸਟਮ ਹੀ ਵਿਗੜਿਆ ਨਹੀਂ ਸਗੋਂ ਇਸ ਹਮਾਮ ਵਿਚ ਸਾਰੇ ਹੀ ਨੰਗੇ ਹਨ। ਅਜਿਹੀ ਵਸਤੂ ਸਥਿਤੀ ਬਾਰੇ ਪ੍ਰੋ. ਜੋਗਿੰਦਰ ਸਿੰਘ ਰਾਹੀ ਆਪਣੇ ਮਜ਼ਮੂਨ ''**ਤਫ਼ਤੀਸ਼ : ਵਿਧੀ ਅਤੇ ਵਸਤੂ**'' ਵਿਚ ਲਿਖਦਾ ਹੈ:

> *ਚਾਰ-ਚੁਫ਼ੇਰੇ ਆਪੋ-ਧਾਪੀ ਤੇ ਨਿਰਦਾਇਤਾ ਪਸਰੀ ਹੋਈ ਹੈ। ਭ੍ਰਿਸ਼ਟਾਚਾਰ ਤੇ ਡਰਾਮੇਬਾਜੀ ਦੀ ਬਾਲਾਦਸਤੀ ਹੈ। ਇਹਨਾਂ ਦੀ ਅਜਗਰ ਵਰਗੀ ਪਕੜ ਤੋਂ ਨਾ ਨੌਕਰਸ਼ਾਹੀ ਬਚੀ ਹੈ, ਨਾ ਸਮਾਜਿਕ ਕਾਰਕੁੰਨ ਤੇ ਨਾ ਹੀ ਸਿਆਸੀ ਆਗੂ। ..... ਸਖ਼ਤਿਆਂ ਦੀ ਇਸ*

*ਸਲਤਨਤ ਵਿੱਚ ਸਮੇਂ ਦਾ ਸਮਾਜ ਦਾ ਕੋਈ ਸਿਰ ਪੈਰ ਨਹੀਂ ਦਿਸਦਾ। ਸੱਭਿਅਤਾ ਹੈ ਪਰ ਸੱਭਿਆਚਾਰ ਨਹੀਂ।*[19]

ਬੰਟੀ ਦੇ ਕਤਲ ਦਾ ਮਾਮਲਾ ਰਾਜਸੀ ਰੰਗਤ ਧਾਰਨ ਕਰਦਾ ਜਾ ਰਿਹਾ ਸੀ। ਮੁੱਖ ਮੰਤਰੀ ਵੀ ਇਸੇ ਸ਼ਹਿਰ ਦਾ ਸੀ ਇਸੇ ਲਈ ਉਹ ਵੀ ਚਾਹੁੰਦਾ ਸੀ ਕਿ ਜਲਦੀ ਤੋਂ ਜਲਦੀ ਕਾਤਲਾਂ ਨੂੰ ਫੜਿਆ ਜਾਵੇ ਪਰ ਕਾਤਲਾਂ ਦੀ ਕਿਤੋਂ ਵੀ ਸੂਹ ਨਹੀਂ ਮਿਲੀ ਜਿਸ ਕਰਕੇ ਮੁੱਖ ਮੰਤਰੀ ਮਜਬੂਰੀ ਵੱਸ ਜਿਲ੍ਹਾ ਕਪਤਾਨ ਤੱਕ ਸਾਰੇ ਪੁਲਿਸ ਅਧਿਕਾਰੀਆਂ ਦੇ ਤਬਾਦਲੇ ਦੇ ਹੁਕਮ ਜਾਰੀ ਕਰ ਦਿੰਦਾ ਹੈ। ਇਹ ਸਾਰਾ ਕੁਝ ਮੁੱਖ ਮੰਤਰੀ ਪ੍ਰਬੰਧਕੀ ਢਾਂਚੇ ਨੂੰ ਹੋਰ ਚੁਸਤ ਤੇ ਨਿਰਪੱਖ ਬਣਾਉਣ ਦੇ ਆਸੇ ਨਾਲ ਨਹੀਂ ਕਰਦਾ ਸਗੋਂ ਆਪਣੀ ਸਾਖ਼ ਬਚਾਉਣ ਲਈ ਕਰਦਾ ਹੈ। ਉਹ ਬੰਟੀ ਦੇ ਪਰਿਵਾਰ ਨਾਲ ਦੁੱਖ ਵੀ ਸਾਂਝਾ ਕਰਦਾ ਹੈ ਤੇ ਉਹਨਾਂ ਨੂੰ ਵਿਸ਼ਵਾਸ ਵੀ ਦਿਵਾਉਂਦਾ ਹੈ ਕਿ ਬੰਟੀ ਦੇ ਕਾਤਲਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਕੇ ਉਹਨਾਂ ਨੂੰ ਬਣਦੀ ਸਜ਼ਾ ਦਵਾਈ ਜਾਵੇਗੀ। ਨਾਵਲਕਾਰ ਦੀ ਵੱਡੀ ਪ੍ਰਾਪਤੀ ਇਸ ਗੱਲ ਵਿੱਚ ਹੈ ਕਿ ਉਹ ਪੁਲਿਸ ਜ਼ੁਰਾਇਮ ਪੇਸ਼ਾ ਲੋਕ, ਸਮਗਲਰ, ਗ਼ੈਰ ਕਾਨੂੰਨੀ ਧੰਦਾ ਕਰਨ ਵਾਲੇ ਲੋਕ ਜਿਹੜੇ ਰਾਜਸੀ ਸੱਤਾ ਨਾਲ ਜੁੜੇ ਹਨ ਅਤੇ ਰਾਜਸੀ ਲੋਕਾਂ ਦੇ ਆਪਸੀ ਗਠਜੋੜ ਤੋਂ ਬਾਅਦ ਜਿਸ ਤਰ੍ਹਾਂ ਇਹ ਇੱਕ ਦੂਜੇ ਨਾਲ ਮਿਲ ਕੇ ਪੈਸੇ, ਸੱਤਾ ਤੇ ਸ਼ਕਤੀ ਦੀ ਵਰਤੋਂ ਤੇ ਦੁਰਵਰਤੋਂ ਕਰਦੇ ਹਨ, ਉਸ ਦਾ ਵਿਆਪਕ ਤੇ ਬਹੁ-ਪੱਖੀ ਵਿਅੰਗ ਭਰਪੂਰ ਚਿੱਤਰ ਸਾਕਾਰ ਕਰਨ ਵਿੱਚ ਸਫ਼ਲ ਹੋਇਆ ਹੈ।

ਨਾਵਲਕਾਰ ਨੇ ਇਸ ਨਾਵਲ ਵਿਚ ਕੁਝ ਅਜਿਹੀਆਂ ਸਥਿਤੀਆਂ ਦੀ ਸਿਰਜਣਾ ਕੀਤੀ ਹੈ ਜਿਥੇ ਪੁਲਿਸ ਦਾ ਆਮ ਜਨਤਾ ਪ੍ਰਤਿ ਬਹੁਤ ਹੀ ਅਮਾਨਵੀ ਵਿਹਾਰ ਦਿਖਾਇਆ ਗਿਆ ਹੈ। ਮੁੱਖ ਮੰਤਰੀ ਤੋਂ ਪੁਲਿਸ ਨੂੰ ਹਦਾਇਤਾਂ ਮਿਲਦੀਆਂ ਹਨ ਕਿ ਬੰਟੀ ਦੀਆਂ ਅੰਤਿਮ ਰਸਮਾਂ ਤੋਂ ਪਹਿਲਾਂ ਪਹਿਲਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਇਸ ਦੀ ਆੜ ਵਿਚ ਪੁਲਿਸ ਛੋਟੇ ਮੋਟੇ ਜ਼ੁਰਮ ਕਰਨ ਤੇ ਹਿਸਟਰੀ ਸ਼ੀਟਰ

ਗਰੀਬ ਲੋਕਾਂ ਨੂੰ ਪਕੜਦੀ ਹੈ ਜਾਂ ਉਨ੍ਹਾਂ ਨੂੰ ਜਿਹੜੇ ਹੁਣ ਇਸ ਤਰ੍ਹਾਂ ਦੇ ਗ਼ੈਰਕਾਨੂੰਨੀ ਕੰਮ ਕਰਨ ਤੋਂ ਹੱਟਕੇ ਛੋਟੇ ਮੋਟੇ ਧੰਦੇ ਕਰਨ ਲਗ ਪਏ ਹਨ। ਪਾਲਾ ਤੇ ਮੀਤਾ ਇਨ੍ਹਾਂ ਵਿਚ ਵਿਸ਼ੇਸ਼ ਨਾਂ ਹਨ। ਪਾਲਾ ਪਹਿਲਾਂ ਛੋਟੀਆਂ ਮੋਟੀਆਂ ਚੋਰੀਆਂ ਕਰਦਾ ਸੀ, ਇਸ ਬਦਲੇ ਉਸਨੂੰ ਸਜਾਵਾਂ ਵੀ ਹੋ ਚੁੱਕੀਆਂ ਹਨ। ਆਖ਼ਰ ਇਕ ਵਾਰ ਪੁਲਿਸ ਨੇ ਉਸ ਉਤੇ ਅੰਨ੍ਹਾ ਤਸ਼ੱਦਦ ਕੀਤਾ ਜਿਸ ਕਾਰਨ ਉਹ ਲਗਭਗ ਅੰਨ੍ਹਾ ਤੇ ਲੰਗੜਾ ਹੋ ਗਿਆ। ਹੁਣ ਉਹ ਅਜਿਹੇ ਗ਼ੈਰ ਕਾਨੂੰਨੀ ਧੰਦੇ ਛੱਡ ਕੇ ਜੀਵਨ ਆੜ੍ਹਤੀਏ ਕੋਲ ਮਜ਼ਦੂਰੀ ਕਰਦਾ ਸੀ। ਪੁਲਿਸ ਦੇ ਹੀ ਇਕ ਸਿਪਾਹੀ ਨੇ ਉਸਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਦੱਸੀ। ਪਰੰਤੂ ਉਹ ਹੁਣ ਅਜਿਹੇ ਧੰਦਿਆਂ ਵਿਚ ਸ਼ਾਮਲ ਨਹੀਂ ਸੀ, ਦੂਜੇ ਉਸ ਨੂੰ ਡਰ ਸੀ ਕਿ ਜੇ ਪੁਲਿਸ ਦੇ ਬੁਲਾਵੇ ’ਤੇ ਉਹ ਥਾਣੇ ਹਾਜ਼ਰ ਨਾ ਹੋਇਆ ਤਾਂ ਉਹ ਉਸ ਦੀ ਗਰਭਵਤੀ ਪਤਨੀ ਨੂੰ ਠਾਣੇ ਲੈ ਜਾ ਕੇ ਉਸਨੂੰ ਕੁੱਟਣ ਤੋਂ ਇਲਾਵਾ ਉਸ ਦਾ ਰੇਪ ਕਰਨਗੇ। ਇਸ ਡਰੋਂ ਉਹ ਜੀਵਨ ਆੜਤੀਏ ਨਾਲ ਜਾ ਕੇ ਠਾਣੇ ਚਲਿਆ ਗਿਆ। ਇਸ ਤਰ੍ਹਾਂ ਮੀਤਾ ਵੀ ਗੁਰਮੀਤ ਵਕੀਲ ਦੀ ਪ੍ਰੇਰਣਾ ਨਾਲ ਗ਼ੈਰ ਕਾਨੂੰਨੀ ਧੰਦੇ ਛੱਡਕੇ ਰੇਹੜੀ ਚਲਾਉਣ ਲਗ ਪਿਆ। ਪੁਲਿਸ ਨੇ ਉਸਨੂੰ ਵੀ ਗ੍ਰਿਫ਼ਤਾਰ ਕਰ ਲਿਆ।

ਇਹ ਤਫ਼ਤੀਸ਼ ਦਾ ਸਭ ਤੋਂ ਭੱਦੀ ਤਰ੍ਹਾਂ ਦਾ ਨਾਟਕ ਉਦੋਂ ਵਾਪਰਦਾ ਹੈ ਜਦੋਂ ਛੋਟੀਆਂ-ਛੋਟੀਆਂ ਚੋਰੀਆਂ ਕਰਨ ਵਾਲੇ ਇਨ੍ਹਾਂ ਦੋ ਜੇਬ ਕਰਤਿਆਂ ਨੂੰ ਐਵੇਂ ਹੀ ਫਸਾ ਕੇ ਉਹਨਾਂ ਨੂੰ ਫੜਨ ਦੇ ਸੰਬੰਧ ਵਿਚ ਮੁਕਾਬਲੇ ਦਾ ਪੂਰਾ ਨਾਟਕ ਸਿਰਜਿਆ ਗਿਆ। ਇਹ ਨਾਟਕ ਜਿਵੇਂ ਰਾਜ ਦੇ ਮੁੱਖ ਮੰਤਰੀ ਤੇ ਹੋਰ ਸ਼ਹਿਰ ਦੀਆਂ ਸੰਸਥਾਵਾਂ ਤੇ ਵਿਅਕਤੀਆਂ ਦੀ ਮੰਗ ਦੀ ਪੂਰਤੀ ਕਰਦਾ ਹੈ ਉਥੇ ਆਪਣੇ ਆਪ ਵਿਚ ਇਕ ਅਜਿਹਾ ਘਿਣੌਨਾ ਯਥਾਰਥ ਬਣਦਾ ਹੈ ਜਿਹੜਾ ਸਾਡੇ ਪੁਲਿਸ ਦੇ ਨਿਘਾਰ ਨੂੰ ਉਸ ਦੀ ਕਰੂਪਤਾ ਤੇ ਕਰੂਰਤਾ ਵਿੱਚ ਪੇਸ਼ ਕਰਦਾ ਹੈ। ਇਹੀ ਨਹੀਂ, ਪੁਲਿਸ ਦੇ ਕਿਰਦਾਰ ਦੀ ਹੋਰ ਵੀ ਘਿਣਾਉਣੀ ਤੇ ਯਥਾਰਥਕ ਝਾਂਕੀ ਪੁਲਿਸ ਦੇ ਉਸ ਵਿਹਾਰ

ਵਿਚੋਂ ਵੀ ਆਉਂਦੀ ਹੈ ਜਿਹੜੀ ਇਹਨਾਂ ਬੇਦੋਸ਼ਾਂ ਨੂੰ ਫੜਨ ਤੋਂ ਪਹਿਲਾਂ ਘਬਰਾਹਟ ਵਿਚ ਆਈ। ਪੁਲਿਸ ਸ਼ਹਿਰ ਦੀਆਂ ਗਰੀਬ ਬਸਤੀਆਂ, ਸਾਊ ਘਰਾਣਿਆਂ ਦੇ ਮੁੰਡਿਆਂ, ਖਾੜਕੂ ਜਥੇਬੰਦੀਆਂ ਅਤੇ ਅਗਵਾੜਾ ਦੇ ਘਰਾਂ ਉਤੇ ਬਘਿਆੜਾਂ ਵਾਂਗ ਟੁੱਟ ਪੈਂਦੀ ਹੈ। ਅਜਿਹੇ ਵਿਹਾਰ ਬਾਰੇ ਡਾ. ਟੀ.ਆਰ. ਵਿਨੋਦ ਲਿਖਦਾ ਹੈ ਕਿ ਉਹ ਦਾਸਤੋਵਸਕੀ ਦੇ ਨਾਵਲ *Letters From the Dead House* ਦੀ ਭਿਆਨਕ ਯਾਦ ਤਾਜ਼ਾ ਕਰ ਦਿੰਦੀ ਹੈ। ਡਾ. ਵਿਨੋਦ ਲਿਖਦਾ ਹੈ ਕਿ, *''ਇੰਝ ਲੱਗਦਾ ਹੈ ਕਿ ਵਹਿਸ਼ਤ ਉਹਨਾਂ ਦੇ ਸਿਰ ਉਤੇ ਸਵਾਰ ਹੋ ਗਈ ਹੋਵੇ ਅਤੇ ਲਾਲ ਸਿੰਘ/ਨਾਰ ਸਿੰਘ ਜੁੰਡਲੀ ਮਨੁੱਖਾਂ ਅਤੇ ਇਨਸਾਫ਼ ਦੀਆਂ ਸਾਰੀਆਂ ਹੱਦਾਂ ਲੰਘਕੇ ਦਰਿੰਦਗੀ ਤੇ ਉਤਰ ਆਈ ਹੋਵੇ। ਪੁਲਿਸ ਤਸ਼ੱਦਦ ਦੀ ਇਹ ਕਰੂਰ ਸਥਿਤੀ ਮਸ਼ਖ਼ਰੀ ਉਦੋਂ ਬਣਦੀ ਹੈ ਜਦੋਂ ਨਾਵਲੀ ਪਾਠ ਵਿਚੋਂ ਗਿਆਤ ਹੁੰਦਾ ਹੈ ਕਿ ਇਹ ਪੁਲਿਸ ਇਹ ਸਭ ਕਾਰੇ ਆਪਣੇ ਭੈਅ ਵਿਚ ਕਰ ਰਹੀ।''*[20] ਸਥਿਤੀ ਦਾ ਕਟਾਕਸ਼ ਇਸ ਵਿਅੰਗਮਈ ਵਿਰੋਧਾਭਾਸ ਵਿਚ ਲੁਕਿਆ ਹੋਇਆ ਹੈ ਕਿ ਮੁੱਖ ਮੰਤਰੀ ਦੇ ਹੁਕਮਾਂ ਨਾਲ ਬੰਟੀ ਦੇ ਕਾਤਲ ਤਾਂ ਭਾਵੇਂ ਨਹੀਂ ਫੜੇ ਜਾਂਦੇ, ਬੇਦੋਸ਼ੀਆਂ ਦੀ ਲੁੱਟ ਤੇ ਕੁੱਟ ਦਾ ਮੌਕਾ ਜ਼ਰੂਰ ਪੈਦਾ ਹੋ ਜਾਂਦਾ ਹੈ। ਇਸ ਤੋਂ ਸਥਿਤੀ ਦਾ ਸਭ ਤੋਂ ਵਿਅੰਗਮਈ ਵਿਰੋਧਾਭਾਸ ਇਸ ਗੱਲ ਵਿੱਚ ਲੁਕਿਆ ਹੈ ਕਿ ਮੁੱਖ ਮੰਤਰੀ ਦੇ ਹੁਕਮਾਂ ਨਾਲ ਬੰਟੀ ਦੇ ਕਾਤਲ ਤਾਂ ਭਾਵੇਂ ਨਹੀਂ ਫੜੇ ਜਾਂਦੇ ਪਰੰਤੂ ਝੂਠੇ ਪੁਲਿਸ ਮੁਕਾਬਲੇ ਰਾਹੀਂ ਬੇਗੁਨਾਹ ਪਾਲੇ ਤੇ ਮੀਤੇ ਦੇ ਸਿਰ ਇਹ ਕਤਲ ਮੜ ਦਿੱਤਾ ਜਾਂਦਾ ਹੈ।

ਆਖ਼ਰ ਵਿੱਚ ਪੁਲਿਸ ਗਲਤ-ਮਲਤ ਤਰੀਕੇ ਨਾਲ ਅਤੇ ਝੂਠੀਆਂ ਗਵਾਹੀਆਂ ਨਾਲ ਆਪਣੇ ਕਾਗਜਾਂ ਦਾ ਢਿੱਡ ਭਰਦੀ ਹੈ ਅਤੇ ਉਸ ਕੇਸ ਨੂੰ ਸਮੇਂ ਤੋਂ ਪਹਿਲਾਂ ਕੋਰਟ ਵਿਚ ਪੇਸ਼ ਕਰਨਾ ਚਾਹੁੰਦੀ ਹੈ। ਇਸ ਕੇਸ ਦੀ ਤਫ਼ਤੀਸ਼ ਕਰ ਰਹੇ ਪੁਲਿਸ ਮੁਲਾਜ਼ਮ, ਸਰਕਾਰੀ ਵਕੀਲ ਕੋਲ ਉਸ ਦੀ ਅੰਤਿਮ ਪਰਵਾਨਗੀ ਲਈ ਲੈ ਕੇ ਜਾਂਦੇ ਹਨ ਪਰੰਤੂ ਗੁਰਮੀਤ ਜਿਹੜਾ ਉਸ ਵੇਲੇ ਸਰਕਾਰੀ ਵਕੀਲ ਹੈ ਉਸ ਨੂੰ ਜਦੋਂ ਇਹ

ਪਤਾ ਲੱਗਦਾ ਹੈ ਕਿ ਪੁਲਿਸ ਨੇ ਇਹ ਸਾਰਾ ਕੇਸ ਇਹਨਾਂ ਦੋਹਾਂ ਮੁਲਾਜ਼ਮਾਂ ਉਤੇ ਝੂਠਾ ਬਣਾ ਕੇ ਕਾਗਜ਼ਾਂ ਦਾ ਢਿੱਡ ਭਰਨ ਲਈ ਝੂਠੀਆਂ ਗਵਾਹੀਆਂ ਆਦਿ ਦਰਜ ਕੀਤੀਆਂ ਹਨ ਤਾਂ ਉਸ ਦੀ ਅੰਦਰਲੀ ਜ਼ਮੀਰ ਜਾਗਦੀ ਹੈ। ਇਸ ਲਈ ਉਹ ਮਿਸਲ ਉਤੇ ਦਸਤਖਤ ਕਰਨੋਂ ਨਾਂਹ ਕਰ ਦਿੰਦਾ ਹੈ। ਉਹ ਅਜਿਹਾ ਹੀ ਨਹੀਂ ਕਰਦਾ ਉਹ ਪੁਲਿਸ ਦੇ ਦਬਾਓ ਤੋਂ ਬਚਣ ਲਈ ਆਪਣਾ ਅਸਤੀਫ਼ਾ ਵੀ ਦੇ ਦਿੰਦਾ ਹੈ ਅਤੇ ਪਾਲੇ ਤੇ ਮੀਤੇ ਦੇ ਕੇਸ ਦੀ ਪੈਰਵਾਈ ਕਰਨ ਦੀ ਜ਼ਿੰਮੇਵਾਰੀ ਲੈਂਦਾ ਹੈ। ਸਰਕਾਰੀ ਵਕੀਲ ਦੇ ਇਸ ਵਿਹਾਰ ਦੀ ਵਿਆਖਿਆ ਕਰਦਾ ਡਾ. ਵਿਨੋਦ ਲਿਖਦਾ ਹੈ:

> *ਪੁਲਿਸ ਦੇ ਇਸ ਰਵੱਈਏ ਨਾਲ ਅਸਹਿਮਤੀ ਵਜੋਂ ਸਰਕਾਰੀ ਵਕੀਲ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੰਦਾ ਹੈ। ਉਸ ਦਾ ਇਹ ਅਸਤੀਫ਼ਾ ਨਾਵਲ ਦੇ ਨਿਵੇੜੇ ਨੂੰ ਸਾਡੇ ਪ੍ਰਗਤੀਵਾਦੀ ਰੂੜੀਆਂ ਵੱਲ ਖਿੱਚਦਾ ਪ੍ਰਤੀਤ ਹੁੰਦਾ ਹੈ।*[21]

ਇਹ ਨਾਵਲ ਜਿਥੇ ਪੁਲਿਸ ਕਿਰਦਾਰ ਨੂੰ ਤੇਜ਼ ਵਿਅੰਗ ਦੀ ਧਾਰ ਹੇਠ ਲਿਆਉਂਦਾ ਹੈ ਉਥੇ ਉਹ ਸਾਡੇ ਸਮਾਜ ਵਿਚਲੀਆਂ ਅਖੌਤੀ ਸੰਸਥਾਵਾਂ ਦੇ ਉਸ ਪਾਖੰਡ ਨੂੰ ਵੀ ਨੰਗਾ ਕਰਦਾ ਹੈ ਜਿਹੜੀਆਂ ਐਵੇਂ ਹੀ ਛੋਟੀਆਂ-ਛੋਟੀਆਂ ਗੱਲਾਂ ਉਤੇ ਆਪਣਾ ਕਰੈਡਿਟ ਲੈਣਾ ਚਾਹੁੰਦੀਆਂ ਹਨ ਜਾਂ ਰਾਜਸੀ ਲੋਕਾਂ ਦੀ ਨਿਗਾਹ ਵਿਚ ਛੱਡੀਆਂ ਬਣਨਾ ਚਾਹੁੰਦੀਆਂ ਹਨ। ਨਾਵਲੀ ਵੇਰਵਿਆਂ ਵਿੱਚ ਜੇ ਸੰਘ ਕਾਨਫਰੰਸ ਕਰਕੇ ਮੁੱਖ ਮੰਤਰੀ ਦਾ ਧੰਨਵਾਦ ਕਰ ਰਿਹਾ ਸੀ ਤਾਂ ਕ੍ਰਾਂਤੀਕਾਰੀ ਫਰੰਟ ਦਾ ਰਜਿੰਦਰ ਇਸ ਗੱਲ 'ਤੇ ਜ਼ੋਰ ਦੇ ਰਿਹਾ ਸੀ ਕਿ ਸੰਘ ਮੁੱਖ ਮੰਤਰੀ ਦਾ ਧੰਨਵਾਦ ਕਿਹੜੇ ਮਾਰਕਿਆਂ ਕਰਕੇ ਕਰ ਰਿਹਾ ਹੈ। ਅਸਲ ਵਿੱਚ ਮੁੱਖ ਮੰਤਰੀ ਲੋਕਾਂ ਦੇ ਕੁਝ ਸਵਾਰਨ ਨਹੀਂ ਉਹਨਾਂ ਦਾ ਮੂਰਖ ਬਣਾਉਣ ਆਇਆ ਸੀ। ਇਸੇ ਤਰ੍ਹਾਂ ਸ਼ਹਿਰ ਦੇ ਦੂਜੇ ਅਖੌਤੀ ਪਤਵੰਤੇ ਸੱਜਣ ਵੀ ਇਸ ਕਾਰਜ ਵਿਚ ਇਕ-ਦੂਜੇ ਤੋਂ ਅੱਗੇ

ਨਿਕਲਣ ਦੀ ਕੋਸ਼ਿਸ਼ ਕਰ ਰਹੇ ਸਨ। ਲੋਕਾਂ ਦਾ ਅਜਿਹਾ ਵਿਹਾਰ ਜਿਥੇ, ਸਾਡੀਆਂ ਇਨਕਲਾਬੀ ਜਥੇਬੰਦੀਆਂ ਵਿਚਲੀ ਸੁਹਿਰਦਤਾ ਦੀ ਘਾਟ ਨੂੰ ਦਰਸਾਉਂਦਾ ਹੈ, ਉਥੇ ਉਨ੍ਹਾਂ ਦੇ ਹੋਛੇਪਣ ਅਤੇ ਦੋਗਲੇ ਮਧਵਰਗੀ ਕਿਰਦਾਰ ਨੂੰ ਵੀ ਪੇਸ਼ ਕਰਦਾ ਹੈ।

ਇਸ ਨਾਵਲ ਦੀ ਇਕ ਪ੍ਰਾਪਤੀ ਜਿਥੇ ਵਸਤੂ ਯਥਾਰਥ ਵਿਚ ਪੈਦਾ ਹੋਏ ਸੰਕਟ ਵਿਚਲੀ ਗੰਭੀਰਤਾ ਨੂੰ ਰੂਪਮਾਨ ਕਰਨ ਵਿਚ ਹੈ, ਉਥੇ ਉਹ ''ਵਿਰੋਧਾਂ ਦੀ ਏਕਤਾ'' ਦੇ ਸਿਧਾਂਤ ਅਨੁਸਾਰ ਇਨ੍ਹਾਂ ਮਾਨਵਦੋਖੀ ਸ਼ਕਤੀਆਂ ਦਾ ਮੁਕਾਬਲਾ ਕਰਨ ਲਈ ਜੋ ਸਕਾਰਤਮਕ ਸ਼ਕਤੀਆਂ ਅੱਗੇ ਆਉਂਦੀਆਂ ਹਨ ਉਨ੍ਹਾਂ ਦੇ ਪਛਾਣ-ਚਿੰਨ੍ਹ ਵੀ ਇਸ ਨਾਵਲ ਦੇ ਬਿਰਤਾਂਤ ਵਿਚੋਂ ਪ੍ਰਗਟ ਹੁੰਦੇ ਹਨ। ਇਸ ਧਾਰਣਾ ਦੀ ਪੁਸ਼ਟੀ ਕਰਦਾ ਡਾ. ਟੀ.ਆਰ. ਵਿਨੋਦ ਲਿਖਦਾ ਹੈ:

> *ਮਿੱਤਰ ਸੈਨ ਮੀਤ ਦੀ ਸਭ ਤੋਂ ਵੱਡੀ ਪ੍ਰਾਪਤੀ ਸੰਕਟਮਈ ਦਸ਼ਾ ਦੀ ਦਿਸ਼ਾ ਸਮਝਾਉਣ ਵਿੱਚ ਹੈ। ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਆਪਣੇ ਨਾਵਲ ਵਿਚ ਲੋਕ-ਸੰਘਰਸ਼ ਸੰਮਤੀ ਨਾਂ ਦੀ ਇਕ ਸੰਸਥਾ ਦੇ ਕਿਰਦਾਰ ਅਤੇ ਵਿਹਾਰ ਦਾ ਗਲਪੀ ਚਿੱਤਰ ਰੂਪਮਾਨ ਕੀਤਾ ਹੈ। ਇਸ ਸੰਸਥਾ ਦੇ ਮੋਢੀ ਬਾਬਾ ਗੁਰਦਿੱਤ ਸਿੰਘ ਹਨ ਜਿਹੜੇ ਬਹੁਤ ਵੱਡੇ ਘਰਾਣੇ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਆਪਣੇ ਇਕ ਸਹਿਪਾਠੀ ਛਾਂਗੇ ਦੀ ਆਰਥਿਕ ਮੰਦਹਾਲੀ ਕਾਰਣ ਪ੍ਰਭਾਵਿਤ ਹੋ ਕੇ ਲੋਕ ਸੇਵਾ ਦੀ ਉਸਾਰੀ ਨੂੰ ਆਪਣਾ ਜੀਵਨ ਮਨੋਰਥ ਮਿਥ ਲੈਂਦੇ ਹਨ। ਇਹਨਾਂ ਦੀ ਅਗਵਾਈ ਵਿਚ ਬਣੀ ਸੰਮਤੀ ਮੀਤ ਦੇ ਇਸ ਨਾਵਲ ਵਿਚਲੇ ਨਿਰਦੋਸ਼ ਪਾਲੇ ਤੇ ਮੀਤੇ ਨੂੰ ਕਤਲ ਕੇਸ ਵਿਚੋਂ ਬਰੀ ਕਰਾਉਣ ਦੀ ਜ਼ਿੰਮੇਵਾਰੀ ਆਪਣੇ ਹੱਥ ਵਿਚ ਲੈਂਦੀ ਹੈ।*[22]

ਇਉਂ, ਇਸ ਨਾਵਲ ਵਿਚੋਂ ਪੁਲਿਸ ਵਲੋਂ ਕੀਤਾ ਜਾਂਦਾ ਤਸ਼ੱਦਦ, ਲੋਕਾਂ ਕੋਲੋਂ ਪੈਸੇ ਵਟੋਰਨ ਦਾ ਲਾਲਚ ਤੇ ਲਲਕ, ਜ਼ਰਾਇਮ ਪੇਸ਼ਾ ਤੇ ਸਮੱਗਲਰਾਂ ਆਦਿ ਨਾਲ

ਗੰਢ-ਤੁੱਪ, ਮੁਲਜ਼ਮਾਂ ਨੂੰ ਅਪਰਾਧ ਜਾਰੀ ਰੱਖਣ ਲਈ ਮਜਬੂਰ ਕਰਨਾ, ਝੂਠੇ ਮੁਕਾਬਲੇ ਦਿਖਾਉਣਾ ਸਰਕਾਰੀ ਵਕੀਲਾਂ, ਡਾਕਟਰਾਂ, ਜੱਜਾਂ ਆਦਿ ਦੀ ਆਪਣੀ ਗੰਢਜੋੜ ਅਤੇ ਇਸ ਵਿਚ ਤਫ਼ਤੀਸ਼ੀ ਕਾਰਵਾਈ ਵੀ ਪੂਰੀ ਤਫ਼ਸੀਲ ਆਦਿ ਦੇ ਯਥਾਰਥਕ ਤੇ ਪ੍ਰਮਾਣਿਕ ਵੇਰਵੇ ਪ੍ਰਾਪਤ ਹਨ। ਵੱਡੀ ਖ਼ੂਬੀ ਇਹ ਹੈ ਕਿ ਇਹ ਸਾਰੇ ਵੇਰਵੇ ਨਾਵਲੀ ਬਿਰਤਾਂਤ ਦੇ ਕਲਾਤਮਕ ਅਮਲ ਵਿਚ ਢਲਕੇ ਪੇਸ਼ ਹੋਏ ਹਨ। ਇਸ ਵਿਚ ਪੇਸ਼ ਪਾਤਰਾਂ ਦੇ ਕਿਰਦਾਰ ਬਾਰੇ ਡਾ. ਰਘਬੀਰ ਸਿੰਘ ਸਿਰਜਣਾ ਲਿਖਦਾ ਹੈ:

> *ਤਥਾ-ਕਥਿਤ ਪਤਵੰਤੇ; ਸਭਾ ਸੰਸਥਾਵਾਂ ਦੇ ਮੁਖੀ ਤੇ ਰਾਜਸੀ ਨੇਤਾ ਸਭ ਕਿਸੇ ਨਾ ਕਿਸੇ ਰੂਪ ਵਿਚ ਵਿਵਸਥਾ ਦਾ ਹੀ ਅੰਗ ਹਨ। ਲੇਖਕ ਇਹਨਾਂ ਦੇ ਅੰਦਰੂਨੀ ਤੇ ਬਾਹਰੀ ਚਰਿੱਤਰ ਨੂੰ ਪੇਸ਼ ਕਰਨ ਸਮੇਂ ਜੋ ਕੁਝ ਸਨਕੀ ਵਤੀਰਾ ਅਪਣਾਉਂਦਾ ਜਾਪਦਾ ਹੈ ਤਾਂ ਇਸ ਵਿਚ ਕਸੂਰ ਬਹੁਤ ਲੇਖਕ ਦਾ ਨਹੀਂ, ਉਸ ਵਿਵਸਥਾ ਦਾ ਹੀ ਹੈ ਜਿਸ ਨੇ ਸਭ ਮਾਨਵੀ ਤੇ ਸਮਾਜੀ ਕਦਰਾਂ-ਕੀਮਤਾਂ ਨੂੰ ਉਲਟ-ਪੁਲਟ ਕਰ ਰੱਖਿਆ ਹੈ। ਇਹ ਸਾਰੇ ਲੋਕ ਵੀ ਪੁਲਿਸ ਦੇ ਅਧਿਕਾਰੀਆਂ ਵਾਂਗ ਪਾਤਰ ਦੀ ਬਜਾਏ ਵਿਵਸਥਾ ਦੇ ਪ੍ਰਤੀਕ ਵਜੋਂ ਹੀ ਸਾਹਵੇਂ ਆਉਂਦੇ ਹਨ।*[23]

ਇਸ ਨਾਵਲ ਦੇ ਸੰਗਠਨਾਤਮਕ ਪ੍ਰਬੰਧ ਦੀ ਵੱਡੀ ਖ਼ੂਬੀ ਤੇ ਖ਼ੂਬਸੂਰਤੀ ਇਹ ਹੈ ਕਿ ਬਾਵਜੂਦ ਘਟਨਾਵਾਂ ਤੇ ਪਾਤਰਾਂ ਦੀ ਬਹੁਲਤਾ ਅਤੇ ਇਨ੍ਹਾਂ ਦੇ ਵਿਭਿੰਨ ਉਪ-ਥੀਮਾਂ ਦੇ ਇਹ ਖਿਲਰਿਹਾ ਨਹੀਂ, ਸਗੋਂ ਆਪਣੀ ਕੇਂਦਰੀ ਥੀਮ ਕਰਕੇ ਬੱਝਿਆ ਰਹਿੰਦਾ ਹੈ। ਇਹ ਉਪ-ਥੀਮ ਸੁਤੰਤਰ ਹੋਂਦ ਨਹੀਂ ਰੱਖਦਾ ਸਗੋਂ ਕੇਂਦਰੀ ਥੀਮ ਨਾਲ ਵੀ ਮਿਲਕੇ ਜਿਥੇ ਆਪਣੇ ਅਰਥਾਂ ਨੂੰ ਹੋਰ ਵਿਸ਼ਾਲ ਕਰਦੇ ਹਨ, ਉਥੇ ਕੇਂਦਰੀ ਥੀਮ ਨੂੰ ਹੋਰ ਤੀਬਰ ਕਰਦੇ ਹੋਏ ਇਸ ਨੂੰ ਹਮੇਸ਼ਾ ਅਗਰ-ਭੂਮੀ ਵਿਚ ਰੱਖਦੇ ਹਨ। ਅਜਿਹਾ ਕਰਦੇ ਹੋਏ ਨਾਵਲਕਾਰ ਨੇ ਸਿਨੇਮੈਟਗ੍ਰਾਫ਼ੀ ਦੀ ਜੁਗਤ ਦੀ ਵਰਤੋਂ ਕੀਤੀ

ਹੈ ਜਿਸ ਰਾਹੀਂ ਸਥਿਤੀਆਂ ਦਾ ਚਿਤਰੀਕਰਣ ਹੁੰਦਾ ਹੈ। ਨਰਿੰਜਨ ਤਸਨੀਮ ਆਪਣੇ ਮਜ਼ਮੂਨ ''**ਤਫਤੀਸ਼-ਗਲਪ-ਦ੍ਰਿਸ਼ਟੀ ਅਤੇ ਤਕਨੀਕ**'' ਵਿਚ ਲਿਖਦਾ ਹੈ।

> *ਤਫਤੀਸ਼ ਵਿਚ ਸਿਨੇਮੈਟਗ੍ਰਾਫ਼ੀ ਵਾਲੀ ਤਕਨੀਕ ਵਰਤੀ ਗਈ ਹੈ-ਯਾਨੀ, ਫੇਡ-ਇਨ ਅਤੇ ਫੇਡ-ਆਊਟ ਇਕ ਖ਼ਾਸ ਸਿਚੁਏਸ਼ਨ ਵਿਚ ਘਿਰੇ ਕੁਝ ਵਿਅਕਤੀ ਉਨ੍ਹਾਂ ਦੀਆਂ ਆਪਸ ਵਿਚ ਗੱਲਾਂ, ਇਕ ਦੂਸਰੇ ਨਾਲ ਛਿੜਿਆ ਵਾਦ-ਵਿਦਾਦ ਕੁਝ ਸਮੇਂ ਲਈ ਕੈਮਰਾ ਇਹਨਾਂ ਉਤੇ ਟਿਕਦਾ ਹੈ ਅਤੇ ਫਿਰ ਫੇਡ ਆਊਟ ਹੋ ਜਾਂਦਾ ਹੈ। ਇੰਜ ਹੀ ਨਵੀਂ ਸਿਚੁਏਸ਼ਨ, ਨਵੇਂ ਪਾਤਰ, ਨਵੀਆਂ ਗੱਲਾਂ, ਨਵੀਆਂ ਸਮੱਸਿਆਵਾਂ-ਪਹਿਲਾਂ ਫੇਡ ਇਨ ਫਿਰ ਫੇਰ-ਆਉਟ। ਇਸ ਸਿਨੇ-ਤਕਨੀਕ ਦੇ ਆਧਾਰ ਉਤੇ ਨਾਵਲ ਪਾਠਕ ਦੇ ਜਿਹਨ ਉਤੇ ਆਪਣਾ ਨਕਸ਼ ਛੱਡਦਾ ਚਲਾ ਜਾਂਦਾ ਹੈ।*[24]

ਇਉਂ, ***ਤਫ਼ਤੀਸ਼*** ਨਾਵਲ ਇਕ ਛੋਟੀ ਜਿਹੀ ਘਟਨਾ ਦੇ ਮਾਧਿਅਮ ਅਤੇ ਪੁਲਿਸ ਇੰਤਜ਼ਾਮੀਆਂ ਦੇ ਕਿਰਦਾਰ ਰਾਹੀਂ ਸਿਰਫ਼ ਸਾਡੇ ਸਮਾਜ ਦੇ ਇਕ ਉਪ ਸਿਸਟਮ ਦੇ ਕਰੂਰ ਯਥਾਰਥ ਨੂੰ ਆਪਣੇ ਨਾਵਲ ਦੀ ਰਚਨਾ ਵਸਤ ਨਹੀਂ ਬਣਾਉਂਦਾ, ਸਗੋਂ ਉਹ ਇਨ੍ਹਾਂ ਰਾਹੀਂ ਸਾਡੇ ਸਮੁੱਚੇ ਸਮਾਜ ਦਾ ਕਰੂਪ ਚਿਹਰਾ ਗਲਪ ਤੇ ਕਲਾਤਮਕ ਅਮਲ ਰਾਹੀਂ ਨੰਗਾ ਕਰਦਾ ਹੈ। ਇਸ ਕਰੂਪ ਚਿਹਰੇ ਵਿਚ ਸਾਡੇ ਲੋਕਤੰਤਰੀ ਪ੍ਰਣਾਲੀ ਦਾ ਉਹ ਖ਼ਾਸਾ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਥੇ ਪੈਸਾ ਤੇ ਪਦਵੀ ਪ੍ਰਧਾਨਤਾ ਹੀ ਹਾਸਲ ਨਹੀਂ ਕਰ ਗਏ, ਸਗੋਂ ਇਸਨੇ ਸਾਡੇ ਬੁਨਿਆਦੀ ਸਮਾਜਕ ਤੇ ਪ੍ਰਬੰਧਕੀ ਮੁੱਲਾਂ ਤੇ ਆਦਰਸ਼ਾਂ ਨੂੰ ਵੀ ਢਾਹ ਲਾਈ ਹੈ। ਇਨ੍ਹਾਂ ਵਿਚ ਨਿਆਂ ਅਜਿਹਾ ਮੁੱਲ/ਆਦਰਸ਼ ਹੈ ਜਿਹੜਾ ਕਿਸੇ ਵੀ ਸਮਾਜ ਨੂੰ ਅਨੁਸ਼ਾਸਤ ਰੱਖਣ ਅਤੇ ਉਸ ਵਿਚ ਸਾਧਾਰਨ ਬੰਦੇ ਤਕ ਨੂੰ ਕਿਸੇ ਵੀ ਪ੍ਰਕਾਰ ਦੇ ਬਾਹਰੀ ਭੈਅ ਅਤੇ ਦਬਾਉ ਤੋਂ ਮੁਕਤ ਕਰਨ ਲਈ ਲਾਜ਼ਮੀ ਹੈ। ਪਰੰਤੂ ਸਾਡੀ ਸਥਿਤੀ ਤੇ ਸੱਤਾ ਦਾ

ਸਭ ਤੋਂ ਕੌੜਾ ਸੱਚ ਇਹ ਹੈ ਕਿ ਨਿਆਂ ਪੈਸੇ ਨਾਲ ਖਰੀਦਿਆ ਜਾਂਦਾ ਹੈ। ਇਸ ਦੀ ਪਹਿਲੀ ਤੇ ਮੁੱਢਲੀ ਸੰਸਥਾ ਦੀ ਪਹਿਲੀ ਪੌੜੀ 'ਤੇ ਬੈਠੇ ਕਰਮਚਾਰੀਆਂ ਤੋਂ ਲੈ ਕੇ ਇਸ ਦੀ ਸਿਖਰਲੀ ਪੌੜੀ ਤੇ ਬੈਠੇ ਅਧਿਕਾਰੀਆਂ ਤਕ ਸੱਤਾ ਨਾਲ ਗਠਜੋੜ ਕਰਕੇ ਨਿਆਂਹੀਣਤਾ ਦਾ ਨੰਗਾ ਨਾਚ ਨੱਚਦੇ ਹਨ। ਮਿੱਤਰ ਸੈਨ ਮੀਤ ਦੇ ਇਸ ਨਾਵਲ ਦੀ ਵੱਡੀ ਪ੍ਰਾਪਤੀ ਤੇ ਖ਼ੂਬਸੂਰਤੀ ਅਜਿਹੀ ਬਣੀ ਸਥਿਤੀ ਲਈ ਜ਼ਿੰਮੇਵਾਰ ਧਿਰਾਂ ਖਾਸ ਕਰਕੇ ਪੁਲਿਸ ਤੇ ਵਕੀਲਾਂ ਦੀ ਕਾਰਗੁਜ਼ਾਰੀ ਉਤੇ ਤਿੱਖੇ ਵਿਅੰਗ ਦੀ ਧਾਰ ਹੇਠ ਲਿਆ ਕੇ ਉਨ੍ਹਾਂ ਦਾ ਪਰਦਾਫ਼ਾਸ਼ ਕਰਨ ਵਿਚ ਹੈ।

***ਕਟਿਹਰਾ*** ਮਿੱਤਰ ਸੈਨ ਮੀਤ ਦਾ ਇਸੇ ਕੜੀ ਦਾ ਅਗਲਾ ਨਾਵਲ ਹੈ ਜਿਹੜਾ ***ਤਫ਼ਤੀਸ਼*** ਦੀ ਕਥਾ ਜਿਸ ਵਿਚ ਪਾਲੇ ਤੇ ਮੀਤੇ ਨੂੰ ਸਜ਼ਾ ਕਰਵਾਉਣ ਲਈ ਕਟਹਿਰੇ ਵਿਚ ਲਿਆ ਖੜਾ ਕੀਤਾ ਹੈ ਨੂੰ ਅੱਗੇ ਤੋਰਦਾ ਹੈ। ਨਾਵਲਕਾਰ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ, *''ਇਸ ਮੂਲ ਕਥਾ ਦੇ ਧੁਰੇ ਦੁਆਲੇ ਉਸਨੇ ਪੁਲਿਸ ਦੇ ਮੁੱਖਬਰਾਂ ਅਤੇ ਗਵਾਹਾਂ, ਵਕੀਲਾਂ ਅਤੇ ਉਨ੍ਹਾਂ ਦੇ ਮੁਨਸ਼ੀਆਂ, ਜੱਜਾਂ ਅਤੇ ਉਨ੍ਹਾਂ ਦੇ ਮਤਾਹਿਤਾਂ ਤੋਂ ਇਲਾਵਾ ਕਸਬੇ ਦੇ ਨਾਮ-ਨਿਹਾਦ 'ਸਾਊ' ਲੋਕਾਂ ਦੀ ਧਨ ਲਈ ਹਿਰਸ ਦਾ ਗਲਪੀ-ਬਿੰਬ ਵੀ ਉਸਾਰਿਆ ਹੈ।''*[25] ਸਥਿਤੀ ਦੀ ਵਿਡੰਬਣਾ ਇਹ ਹੈ ਕਿ ਅਜੋਕੇ ਪੂੰਜੀਵਾਦੀ ਸ਼੍ਰੇਣੀ-ਸਮਾਜ ਨੇ ਉਨ੍ਹਾਂ ਅਣਗਿਣਤ ਲੋਕਾਂ ਦੇ ਦਿਮਾਗ ਅੰਦਰ ਪੈਸੇ ਦੀ ਲਲਕ ਤੇ ਲਾਲਚ ਤਾਂ ਭਰ ਦਿੱਤੀ ਜਿਨ੍ਹਾਂ ਨੂੰ ਮਾਇਆ ਦਾ ਮੂੰਹ ਵੇਖਣਾ ਕਦੇ ਨਸੀਬ ਨਹੀਂ ਹੋਇਆ, ਪਰੰਤੂ ਉਨ੍ਹਾਂ ਦੀ ਪੂਰਤੀ ਦੇ ਸਾਧਨਾਂ ਉਤੇ ਨਿਯੰਤ੍ਰਣ ਸਰਮਾਇਆਦਾਰੀ ਜਮਾਤ ਦਾ ਰਿਹਾ। ਇਸ ਕਰਕੇ ਇਨ੍ਹਾਂ ਲੋਕਾਂ ਨੇ ਉਪਰਲੀਆਂ ਜਮਾਤਾਂ ਤੇ ਸੱਤਾਧਾਰੀ ਧਿਰ ਦੇ ਕਲ ਪੁਰਜੇ ਬਣਕੇ ਇਕ ਦੂਜੇ ਨੂੰ ਹੀ ਲੁੱਟਣਾ ਸ਼ੁਰੂ ਕਰ ਦਿੱਤਾ। ਭ੍ਰਿਸ਼ਟਾਚਰ ਦੀਆਂ ਜੜ੍ਹਾਂ ਇਸ ਵਰਤਾਰੇ 'ਚ ਪਈਆਂ ਹਨ। ਇਸ ਨਾਵਲ ਦੀ ਕੇਂਦਰੀ ਥੀਮ ਬਾਰੇ ਗੱਲ ਕਰਦਿਆਂ ਡਾ. ਹਰਿਭਜਨ ਸਿੰਘ ਭਾਟੀਆ ਲਿਖਦਾ ਹੈ:

*ਨਿਆਇ-ਇਨਸਾਫ਼ ਦਾ ਪ੍ਰਸ਼ਨ ਇਸ ਰਚਨਾ ਵਿਚ ਕੇਂਦਰੀ ਥੀਮ ਵਜੋਂ ਟਿਕ ਕੇ ਜ਼ਿਹਨ ਵਿਚ ਕਈ ਪ੍ਰਸ਼ਨਾਂ ਦੀ ਸਿਰਜਣਾ ਕਰਦਾ ਹੈ। ਨਾਵਲ ਵਿਚ ਇਹ ਥੀਮ ਤਿੰਨ, ਇਕ ਦੂਸਰੇ ਨਾਲ ਜੁੜਵੇ ਹਿੱਸਿਆਂ ਰਾਹੀਂ ਸੰਗਿਠਤ ਹੋਇਆ ਹੈ:*

*1. ਦੋਸ਼ੀ ਸਮਝੀ ਜਾਂਦੀ ਧਿਰ ਦਾ ਚਲਾਨ ਪੇਸ਼ ਕਰਨ ਰਾਹੀਂ।*

*2. ਉਸ ਦੀ ਜ਼ਮਾਨਤ ਕਰਾਉਣ ਦੇ ਯਤਨਾਂ ਰਾਹੀਂ।*

*3. ਉਸ ਨੂੰ ਸਜ਼ਾ ਸੁਣਾਉਣ ਰਾਹੀਂ।*[26]

ਡਾ. ਭਾਟੀਆ ਅੱਗੇ ਲਿਖਦਾ ਹੈ ਕਿ, *''ਇਨ੍ਹਾਂ ਤਿੰਨਾਂ ਹਿੱਸਿਆਂ ਵਿੱਚੋਂ ਅਗੋਂ ਪਹਿਲੇ ਰਾਹੀਂ ਜਿਥੇ ਨਿਆਂ ਪਾਲਿਕਾ ਦੀ ਮਸ਼ੀਨਰੀ ਦੀ ਕਾਰਜਸ਼ੀਲਤਾ ਉਭਰਦੀ ਹੈ; ਦੂਜੀ ਰਾਹੀਂ ਲੋਕ-ਪੱਖੀ ਧਿਰ ਤੇ ਸਰਕਾਰੀ ਮਸ਼ੀਨਰੀ ਤਨਾਉ ਦੀ ਅਵਸਥਾ ਵਿਚ ਆਉਂਦੇ ਹਨ ਅਤੇ ਤੀਸਰੇ ਹਿੱਸੇ ਵਿਚ ਉਨ੍ਹਾਂ ਉਪਰ ਸਟੇਟ ਮਸ਼ੀਨਰੀ ਤੇ ਉਸ ਦੀਆਂ ਧਿਰਾਂ ਦਾ ਮੁਕੰਮਲ ਗਲਬਾ ਦਿਖਾਈ ਦੇਂਦਾ ਹੈ। ਇਨ੍ਹਾਂ ਤਿੰਨਾਂ ਹਿੱਸਿਆਂ ਵਿਚ ਨਿਆਂ ਪਾਲਿਕਾ ਤੇ ਸਟੇਟ ਮਸ਼ੀਨਰੀ ਦੇ ਪੁਰਜਿਆਂ ਬਾਰੇ ਖੋਜ ਭਰਪੂਰ ਵਾਕਫ਼ੀ ਪ੍ਰਾਪਤ ਹੁੰਦੀ ਹੈ।''*[27]

ਅਮਰਜੀਤ ਸਿੰਘ ਗਰੇਵਾਲ ਆਪਣੇ ਮਜ਼ਮੂਨ ''**ਕਟਹਿਰਾ : ਟੈਕਸਟ ਅਤੇ ਸਭਿਆਚਾਰ**'' ਵਿਚ ਕਟਹਿਰਾ ਨਾਵਲ ਬਾਰੇ ਲਿਖਦਾ ਹੈ:

*ਮਿੱਤਰਸੈਨ ਮੀਤ ਦਾ ਨਾਵਲ ਕਟਹਿਰਾ (1993) ਭ੍ਰਿਸ਼ਟਾਚਾਰ, ਪੂੰਜੀਵਤਾ ਅਤੇ ਕਪਟ ਨਾਲ ਪਲੀਤ ਹੋਈ ਭਾਰਤੀ ਨਿਆਂ ਪ੍ਰਣਾਲੀ ਦੀ ਸਮਾਜਿਕ ਅਪ੍ਰਸੰਗਿਕਤਾ ਨੂੰ ਪੇਸ਼ ਕਰਦਾ ਹੈ। ਪਰ ਇਹ ਪੇਸ਼ਕਾਰੀ ਇਸ ਸੜ ਰਹੀ ਸਮਾਜਕ ਵਿਵਸਥਾ ਦਾ ਕੋਈ ਅਨੁਕਰਣ ਨਹੀਂ ਹੈ। ਵਾਸਤਵਿਕ ਸੰਸਾਰ ਦੀ ਨਿਆਂ ਪ੍ਰਣਾਲੀ ਦੇ ਕਟਹਿਰੇ ਵਿਚ ਮੁਜ਼ਰਮ ਪੇਸ਼ ਹੁੰਦੇ ਹਨ। ਪਰ ਇਸ ਨਾਵਲ ਦੇ ਗਲਪ ਸੰਸਾਰ ਦੀ ਨਿਆਂ*

*ਪ੍ਰਣਾਲੀ ਦੇ ਕਟਹਿਰੇ ਵਿਚ ਤਾਂ ਵਾਸਤਵਿਕ ਸੰਸਾਰ ਦੀ ਇਸੇ ਭਾਰਤੀ ਨਿਆਂ ਪ੍ਰਣਾਲੀ ਨੂੰ ਸਵੈ ਹੀ ਖੜ੍ਹਾ ਕਰ ਲਿਆ ਹੈ।*[28]

ਡਾ. ਅਨੂਪ ਸਿੰਘ ਆਪਣੇ ਮਜ਼ਮੂਨ ''**ਕਟਹਿਰਾ ਦੇ ਵਸਤੂ ਵਿਸ਼ਲੇਸ਼ਣ ਦੀ ਵਿਲੱਖਣਤਾ**'' ਵਿਚ ਇਸ ਨਾਵਲ ਬਾਰੇ ਵਿਚਾਰ ਪੇਸ਼ ਕਰਦਾ ਲਿਖਦਾ ਹੈ:

*ਨਾਵਲਕਾਰ ਨਾਵਲ ਵਿਚ ਭਾਰਤੀ ਨਿਆਂ ਪ੍ਰਣਾਲੀ ਨੂੰ ਕੇਂਦਰ ਵਿਚ ਰੱਖਕੇ ਪੇਸ਼ ਰਾਜਨੀਤਕ, ਆਰਥਿਕ ਤੇ ਸਮਾਜ-ਸਭਿਆਚਾਰਕ ਪ੍ਰਬੰਧ ਦਾ ਬਹੁ-ਪਾਸਾਰੀ ਗਲਪ ਚਿੱਤਰ ਪੇਸ਼ ਕਰਦਾ ਹੈ। ਭਾਰਤੀ ਨਿਆਂ-ਪ੍ਰਣਾਲੀ ਦੇ ਹਰੇਕ ਅੰਗ ਦਾ ਭ੍ਰਿਸ਼ਟਾਚਾਰ ਅਤੇ ਕਾਰਜਕਾਰਨੀ ਦੇ ਦਬਾਅ ਹੇਠ ਹੋਣ ਦੇ ਗਲਪ-ਦ੍ਰਿਸ਼ ਨਾਵਲ ਕਥਾ ਨੂੰ ਅੱਗੇ ਤੋਰਦੇ ਹਨ। ਇਨ੍ਹਾਂ ਵਿਚ ਜੱਜ, ਵਕੀਲ, ਸਰਕਾਰੀ ਵਕੀਲ, ਕਲਰਕ, ਸਟੈਨੋ, ਰੀਡਰ, ਅਹਿਲਮੱਦ, ਗਵਾਹ, ਟਾਊਟ, ਮੁਨਸ਼ੀ ਅਤੇ ਚਪੜਾਸੀ ਆਦਿ ਆ ਜਾਂਦੇ ਹਨ। ਨਾਵਲੀ ਵਿਵਰਣ ਤੋਂ ਇਹ ਸਹਿਜ-ਸੁਭਾਅ ਸਪਸ਼ਟ ਹੋ ਜਾਂਦਾ ਹੈ ਕਿ ਪੂੰਜੀਵਾਦੀ ਜਮਹੂਰੀਅਤ ਦੇ ਅਹਿਮ ਅੰਗ ਨਿਆਂ ਪ੍ਰਣਾਲੀ ਦਾ ਹਰੇਕ ਭਾਗ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੈ। ਨਾਵਲਕਾਰ ਨਿਆਂ ਪ੍ਰਣਾਲੀ ਅਤੇ ਨਿਆਇਕ ਸਭਿਆਚਾਰ ਦੀਆਂ ਪ੍ਰਤੱਖ ਅਤੇ ਲੁਕਵੀਆਂ ਪਰਤਾਂ ਨੂੰ ਵਿਵੇਕ-ਬੁੱਧ ਅਤੇ ਬਰੀਕ ਨਜ਼ਰ ਨਾਲ ਵੇਖਦਾ, ਮਹਿਸੂਸਦਾ, ਜਾਂਚਦਾ ਅਤੇ ਪ੍ਰਸਤੁਤ ਕਰਦਾ ਹੈ।*[29]

***ਕਟਹਿਰਾ*** ਨਾਵਲ ਦੀ ਸਿਰਜਕ ਪ੍ਰਕਿਰਿਆ ਬਾਰੇ ਪੁਛੇ ਗਏ ਇਕ ਸਵਾਲ ਦੇ ਜਵਾਬ ਵਿਚ ਖ਼ੁਦ ਲੇਖਕ ਲਿਖਦਾ ਹੈ:

*ਭਾਰਤੀ ਨਿਆਂ ਪ੍ਰਬੰਧ ਦਾ ਮੈਂ ਖ਼ੁਦ ਇਕ ਪੁਰਜਾ ਹਾਂ, ਇਸ ਸੰਬੰਧੀ ਕਾਫ਼ੀ ਅਧਿਐਨ ਵੀ ਕੀਤਾ ਹੈ ਅਤੇ ਪਿਛਲੇ ਕਰੀਬ ਵੀਹ ਸਾਲ ਤੋਂ ਇਸ ਦੇ ਹੂ-ਬ-ਹੂ ਹੋ ਕੇ ਤਜ਼ਰਬਾ ਵੀ ਹਾਸ ਕਰ ਰਿਹਾ ਹਾਂ। ਥੋੜ੍ਹਾ*

*ਬਹੁਤ ਮਾਰਕਸੀ ਚਿੰਤਨ ਵੀ ਕੀਤਾ ਹੋਇਆ ਹੈ। ਇਸ ਤਰ੍ਹਾਂ ਮੈਂ ਸਮੁੱਚੇ ਭਾਰਤੀ ਨਿਆਂ-ਪ੍ਰਬੰਧ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਘੋਖਣ ਦੇ ਕੁਝ ਸਮਰੱਥ ਹਾਂ। ਇਸੇ ਸਮਰੱਥਾ ਅਤੇ ਨਿਆਂ-ਪ੍ਰਬੰਧ ਦੀ ਮਹੱਤਤਾ ਨੂੰ ਮੁੱਖ-ਰੱਖਦੇ ਹੋਏ ਮੈਂ ਇਕ ਵੱਡੀ ਯੋਜਨਾ ਉਲੀਕੀ ਹੈ। ਨਾਵਲ ਦੀ ਇਕ ਲੜੀ ਰਾਹੀਂ ਇਸ ਪ੍ਰਬੰਧ ਨੂੰ ਘੋਖਣ ਦਾ ਸੁਪਨਾ ਲਿਆ ਹੈ।''*[30]

ਲੇਖਕ ਦੇ ਆਪਣੇ ਕਥਨ ਅਨੁਸਾਰ ਇਸ ਨਾਵਲ ਦੀ ਵਸਤ ਕਿਸੇ ਕਲਪਨਿਕ ਮੰਡਲ ਵਿਚੋਂ ਨਹੀਂ ਆਈ ਸਗੋਂ ਲੇਖਕ ਦੇ ਆਪਣੇ ਸਿੱਧੇ ਅਨੁਭਵ ਅਤੇ ਅਧਿਐਨ ਰਾਹੀਂ ਗ੍ਰਹਿਣ ਕੀਤੇ ਬੋਧ ਦੇ ਰੂਪ ਵਿਚ ਆਈ ਹੈ। ਇਸ ਲਈ ***ਕਟਹਿਰਾ*** ਨਾਵਲ ਜਿਥੇ ਯਥਾਰਥਕ ਵਸਤ ਤੇ ਯਥਾਰਥ-ਦ੍ਰਿਸ਼ਟੀ ਦਾ ਨਾਵਲ ਹੈ, ਉਥੇ ਇਸ ਵਿਚਲੀ ਵਸਤ ਦੀ ਪ੍ਰਮਾਣਿਕਤਾ ਵੀ ਸੰਦੇਹ ਰਹਿਤ ਹੈ।

ਨਾਵਲੀ ਬਿਰਤਾਂਤ ਦੀ ਸ਼ੁਰੂਆਤ 'ਪਾਲੇ' ਅਤੇ ਮੀਤੇ ਦਾ ਚਲਾਣ ਪੇਸ਼ ਕਰਨ ਦੀ ਪ੍ਰਕਿਰਿਆ ਨਾਲ ਹੁੰਦੀ ਹੈ। ਜਿਵੇਂ ਪਹਿਲਾਂ ਕਿਹਾ ਗਿਆ ਹੈ ਇਸ ਨਾਵਲ ਦਾ ਪਿਛੋਕੜ ਨਾਵਲਕਾਰ ਦਾ ਇਸ ਕੜੀ ਦਾ ਪਹਿਲਾ ਨਾਵਲ ***ਤਫ਼ਤੀਸ਼*** ਦਾ ਹੈ। ਇਸ ਨਾਵਲ ਵਿਚ ਦੋ ਧਿਰਾਂ ਹਨ। ਇਕ ਧਿਰ ਵਿਚ ਗੁਰਮੀਤ (ਸਰਕਾਰੀ ਵਕੀਲ ਤੋਂ ਅਸਤੀਫ਼ਾ ਦੇਣ ਵਾਲਾ), ਪਿਆਰੇ ਲਾਲ (ਸਿਸਟਮ ਦਾ ਸ਼ਿਕਾਰ ਤੇ ਮਜ਼ਬੂਰ ਵਕੀਲ), ਮੋਹਨ ਜੀ (ਢਾਂਚੇ ਦੀ ਮਾਰ ਝੱਲ ਚੁੱਕਾ), ਪ੍ਰਗਤੀਸ਼ੀਲ ਲਹਿਰ ਦਾ ਸੰਚਾਲਕ ਬਾਬਾ ਗੁਰਦਿੱਤ ਸਿੰਘ, ਸੰਘ ਨਾਲੋਂ ਰੁਸਿਆ ਨਰਾਤਾ ਤੇ ਜੀਵਨ ਆੜਤੀਆ ਜਿਥੇ ਲੋਕ ਸੰਘਰਸ਼ ਸੰਮਤੀ ਦੇ ਮੁਖ ਮੈਂਬਰ ਹਨ ਅਤੇ ਉਹ ਸਾਰੇ ਹੱਕ-ਸੱਚ, ਨਿਆਂ ਤੇ ਇਨਸਾਫ਼ ਅਤੇ ਮਾਨਵਪੱਖੀ ਮੁੱਲਾਂ ਆਦਿ ਦੀ ਰਾਖੀ ਲਈ ਲਾਮਬੰਧ ਹਨ। ਦੂਜੀ ਧਿਰ ਵਿਚ ਸਮੁੱਚਾ ਇੰਤਜ਼ਾਮੀਆਂ ਜੱਜ ਨਾਥ, ਮੋਤਾ ਸਿੰਘ, ਹਾਈ ਕੋਰਟ ਦਾ ਸ਼ਿੰਗਾਰਾ ਸਿੰਘ, ਹੌਲਦਾਰ ਨਾਜ਼ਰ ਸਿੰਘ, ਜ਼ਿਲਾ ਅਟਾਰਨੀ ਅਤੇ ਪੂਰੇ ਦੇ ਪੂਰੇ ਨਿਆਇਕ ਤੇ ਪੁਲਿਸ ਉਪ-ਸਿਸਟਮ ਜਿਹੜੇ ਸਿਰ ਤੋਂ ਪੈਰਾਂ ਤੱਕ ਭ੍ਰਿਸ਼ਟਾਚਾਰ ਵਿਚ

ਗੜੱਚ ਹਨ ਅਤੇ ਆਪਣੇ ਅਮਾਨਵੀ ਵਿਹਾਰ ਕਰਕੇ ਇਨ੍ਹਾਂ ਦੀ ਭੂਮਿਕਾ ਕੂਟਭਾਵੀ ਅਤੇ ਕਰਤੂਤ ਵਾਲੀ ਹੈ, ਸ਼ਾਮਲ ਹਨ। ਪ੍ਰੋ: ਜਸਵਿੰਦਰ ਧਨਾਨਸੂ ਇਸ ਨਾਵਲ ਦੀ ਸੰਰਚਨਾਤਮਕ ਬਣਤਰ ਵਿਚ ਤਿੰਨ ਤਰ੍ਹਾਂ ਦੇ ਕਟਹਿਰਿਆਂ ਦੀ ਪਛਾਣ ਕਰਾਉਂਦਾ ਲਿਖਦਾ ਹੈ:

- *ਪਹਿਲਾ ਦਿੱਖ ਪੱਧਰ ਤੇ ਸਾਧਾਰਨ ਅਦਾਲਤੀ ਕਟਹਿਰਾ, ਜਿਸ ਵਿਚ ਕਿ 'ਪਾਲਾ' ਅਤੇ 'ਮੀਤਾ' ਖੜ੍ਹੇ ਹਨ।*
- *ਦੂਜਾ ਵਿਆਪਕ ਸਮਾਜਕ ਢਾਂਚੇ ਅੰਦਰਲਾ ਕਟਹਿਰਾ, ਜਿਸ ਵਿਚ ਸਰਕਾਰੀ ਅਧਿਕਾਰੀ/ਸਫ਼ਾਈ ਪੱਖ ਦੇ ਸਾਧਾਰਨ ਬੰਦੇ ਅਤੇ ਸਾਧਾਰਨ ਜਨਤਾ ਖੜੀ ਹੈ।*
- *ਤੀਜਾ ਮਨ ਦਾ ਵਿਅਕਤੀਗਤ ਕਟਹਿਰਾ, ਜਿਸ ਅੰਦਰ ਮੋਤਾ ਸਿੰਘ ਜਿਹੇ ਵਿਅਕਤੀ ਆਪੇ ਨੂੰ ਖੜ੍ਹਾ ਪਾਉਂਦੇ ਹਨ।*[31]

ਪ੍ਰੋ: ਜਸਵਿੰਦਰ ਧਨਾਨਸੂ ਇਨ੍ਹਾਂ ਦੀ ਅਗੋਂ ਵਿਆਖਿਆ ਕਰਦਾ ਲਿਖਦਾ ਹੈ ਕਿ, *''ਇਨ੍ਹਾਂ ਤਿੰਨਾਂ ਪੱਧਰਾਂ ਉਤੇ ਹੱਕ, ਸੱਚ, ਇਨਸਾਫ਼, ਨੈਤਿਕਤਾ, ਇਮਾਨਦਾਰੀ, ਤਰਕ ਅਤੇ ਮਾਨਵੀ ਮੁੱਲਾਂ ਨਾਲ ਸੰਬੰਧਤ ਕੀਮਤ ਪ੍ਰਬੰਧ ਪ੍ਰਤੱਖ ਰੂਪ ਵਿਚ ਹਾਰਦਾ ਨਜ਼ਰ ਆਉਂਦਾ ਹੈ। ਇਸ ਦੇ ਉਲਟ ਦੁਰਾਚਰ, ਭ੍ਰਿਸ਼ਟਾਚਾਰ, ਪੈਸਾ ਆਧਾਰਤ ਕੁਨਬਾਪ੍ਰਸਤੀ ਕਰਨ ਵਾਲੇ ਤੇ ਅਮਾਨਵੀ ਰਹਿਤਲ ਦੇ ਉਸਰੱਈਏ ਸੰਸਥਾਪਕ/ਸੰਚਾਲਕ/ਸਰਪ੍ਰਸਤ ਜਿੱਤਦੇ ਨਜ਼ਰ ਆਉਂਦੇ ਹਨ। ਪਰ ਲੰਬੇ ਸੰਘਰਸ਼ੀ ਦੌਰ ਵਿਚ ਨਵਾਲੀ ਪਾਠ ਪਹਿਲੀ ਧਿਰ ਦੀ ਕਾਮਯਾਬੀ ਦੀਆਂ ਧੁੰਨਾਂ ਨੂੰ ਸਾਕਾਰ ਕਰਦਾ ਪ੍ਰਤੀਤ ਹੁੰਦਾ ਹੈ।''*[32] ਇਉਂ ਇਸ ਨਾਵਲ ਵਿਚ ਪੇਸ਼ ਕਟਹਿਰਾ ਸਿਰਫ਼ ਇਸ ਨਾਵਲ ਦਾ ਸਿਰਲੇਖ ਨਹੀਂ, ਸਗੋਂ ਨਾਵਲੀ ਪ੍ਰਬੰਧ ਵਿਚ ਇਹ ਸਾਡੀ ਸਮੁੱਚੀ ਨਿਆਂ ਪ੍ਰਣਾਲੀ ਨੂੰ ਗਿਆਨ/ਸ਼ਕਤੀ ਦੇ ਪ੍ਰਵਚਨ ਵਜੋਂ ਸਥਾਪਤ ਕਰਦਾ ਹੈ। ਮਿਸ਼ੇਲ ਫੂਕੋ ਨੇ ਆਪਣੀ ਪੁਸਤਕ *Discipline and Punish* ਵਿਚ ਇਸ ਦੀ ਵਿਆਖਿਆ ਕਰਦਿਆਂ ਲਿਖਦਾ ਹੈ ਕਿ ਨਿਆਂ-ਪ੍ਰਣਾਲੀ

ਦਾ ਪ੍ਰਬੰਧ ਵੀ ਰਾਜ ਸੱਤਾ ਰਾਹੀਂ ਖੇਡੀਆਂ ਜਾਂਣ ਵਾਲੀਆਂ ਸ਼ਕਤੀ ਖੇਡਾਂ (power-games) ਵਿਚੋਂ ਇਕ ਸ਼ਕਤੀ ਹੈ। ਇਨ੍ਹਾਂ ਸ਼ਕਤੀ ਖੇਡਾਂ ਰਾਹੀਂ ਰਾਜ ਵਰਗ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦਾ ਦਾਅਵਾ ਕਰਦਾ ਹੈ, ਪ੍ਰੰਤੂ ਵਾਸਤਵ ਵਿਚ ਇਸ ਦਾ ਮਕਸਦ ਸ਼ਕਤੀ ਸੰਗਠਨ ਨੂੰ ਕਾਇਮ ਰੱਖਣਾ ਹੀ ਹੈ।[33]

***ਕਟਹਿਰਾ*** ਨਾਵਲ ਵਿਚਲੇ ਯਥਾਰਥ ਬਾਰੇ ਪੰਜਾਬੀ ਦੇ ਇੱਕ ਹੋਰ ਮਾਰਕਸਵਾਦੀ ਸਾਹਿਤ ਚਿੰਤਕ ਸੁਰਜੀਤ ਗਿੱਲ ਨੇ ਇੱਕ ਮਜ਼ਮੂਨ ***''ਮਿੱਤਰਸੈਨ ਮੀਤ ਦੇ ਨਾਵਲਾਂ ਦੀ ਵਿਲੱਖਣਤਾ''*** ਲਿਖਿਆ ਹੈ। ਇਸ ਵਿਚ ਉਹ ***ਕਟਹਿਰਾ*** ਨਾਵਲ ਵਿਚ ਸਟੇਟ ਅਤੇ ਦੂਜੇ ਅਹਿਮ ਅੰਗ ਨਿਆਂ ਪਾਲਿਕਾ ਦੀ ਕਾਰਜਸ਼ੈਲੀ ਦਾ ਜ਼ਿਕਰ ਕਰਦਾ ਹੈ, ਉਥੇ ਉਹ ਇਹ ਵੀ ਲਿਖਦਾ ਹੈ:

> *ਜਮਾਤੀ ਰਾਜ ਵਿੱਚ ਕਾਬਜ ਜਮਾਤਾਂ ਸਦਾ ਹੀ ਸਟੇਟ ਦੇ ਅੰਗਾਂ ਵਿਸ਼ੇਸ਼ ਕਰਕੇ ਕਾਨੂੰਨ ਅਤੇ ਅਦਾਲਤਾਂ ਨੂੰ ਜਮਾਤੀ ਵਿਤਕਰਿਆਂ ਤੋਂ ਉਚਾ ਅਤੇ ਨਿਰਪੱਖ ਦੱਸਦੇ ਹਨ। ਇਸ ਤਰ੍ਹਾਂ ਉਹ ਹੋਰਨਾਂ ਜਮਾਤਾਂ ਨੂੰ ਪ੍ਰਭਾਵਿਤ ਕਰਦੇ ਹਨ। ਵਿਸ਼ੇਸ਼ ਕਰਕੇ ਮੱਧਵਰਗੀ ਜਮਾਤ ਆਪ ਇਸ ਭੁਲੇਖੇ ਵਿਚ ਫਸਦੀ ਹੋਈ ਇਸ ਨੂੰ ਆਪਣੇ ਜਮਾਤੀ ਹਿੱਤਾਂ ਦੇ ਅਨੁਕੂਲ ਸਮਝ ਕੇ ਇਸਦਾ ਪ੍ਰਚਾਰ ਕਰਦੀ ਹੈ। ਇਸ ਦੇ ਨਾਲ ਹੀ ਨਿਮਨ ਤੇ ਦਲਿਤ ਜਮਾਤਾਂ ਵੀ ਇਸ ਭੁਲੇਖੇ ਦਾ ਸ਼ਿਕਾਰ ਹੋ ਜਾਂਦੀਆਂ ਹਨ ਜਦੋਂ ਕਿ ਹਕੀਕਤਾਂ ਬਿਲਕੁੱਲ ਇਸ ਤੋਂ ਉਲਟ ਹਨ। ਇਹ ਦੋਨੋਂ ਅਦਾਰੇ ਵੀ ਰਾਜ ਦੇ ਦੂਜੇ ਅਦਾਰਿਆਂ ਵਾਂਗ ਬਿਕਦੇ ਹਨ। ਕਾਬਜ ਜਮਾਤਾਂ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦੇ ਹਿੱਤ ਵਿਚ ਭੁਗਤਦੇ ਹਨ। ਇਸ ਨਾਵਲ ਵਿਚ ਵੀ ਇਹੀ ਕੁਝ ਹੁੰਦਾ ਹੈ।*[34]

ਡਾ. ਰਵਿੰਦਰ ਕੌਰ ਨੇ ਵੀ ਆਪਣੇ ਇੱਕ ਮਜ਼ਮੂਨ **'ਮਿੱਤਰਸੈਨ ਮੀਤ ਦੀ ਨਾਵਲਕਾਰੀ'** ਦਾ ਜ਼ਿਕਰ ਕਰਦਿਆਂ ***ਕਟਹਿਰਾ*** ਨਾਵਲ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ:

> *ਤਫ਼ਤੀਸ਼ ਤੋਂ ਅਗਲੇ ਨਾਵਲ ਕਟਹਿਰਾ ਵਿਚ ਅਜੋਕੇ ਨਿਆਂ ਪ੍ਰਬੰਧ ਨੂੰ ਵਿਸ਼ੇਸ਼ ਤਨਜ਼ੀਆ ਸ਼ੈਲੀ ਅਤੇ ਆਲੋਚਨਾਤਮਕ ਰੂਪ ਵਿਚ ਪੇਸ਼ ਕੀਤਾ ਹੈ। ਅਦਾਲਤਾਂ, ਵਕੀਲਾਂ ਅਤੇ ਗਵਾਹਾਂ ਦੀ ਵਿਸ਼ੇਸ਼ ਕਾਰਜ ਸ਼ੈਲੀ ਰਾਹੀਂ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਮੰਨਵਾ ਕੇ ਪੇਸ਼ ਕੀਤਾ ਹੈ। ਕਚਿਹਰੀ ਭਾਵੇਂ ਕਹਿਣ ਨੂੰ ਕੱਚ ਭਾਵ ਝੂਠ ਦਾ ਨਿਤਾਰਾ ਕਰਨ ਵਾਲੀ ਸੰਸਥਾ ਹੈ ਪਰ ਇਸ ਸੰਸਥਾ ਵਿਚ ਹੀ ਸੱਚ ਤੇ ਹੱਕ ਰੁੱਲਦਾ ਅਤੇ ਪਿਸਦਾ ਨਜ਼ਰ ਆਉਂਦਾ ਹੈ। ਪੁਲਿਸ, ਗਵਾਹਾਂ, ਵਕੀਲਾਂ ਦੀਆਂ ਦਲੀਲਾਂ ਤੇ ਜੱਜਾਂ ਦੇ ਵਿਸ਼ੇਸ਼ ਹੁੰਗਾਰੇ ਤਹਿਤ ਝੂਠ ਨੂੰ ਸੱਚ ਬਣਾ ਦਿੱਤਾ ਜਾਂਦਾ ਹੈ।*[35]

ਇਸ ਤਰ੍ਹਾਂ ਪੰਜਾਬੀ ਨਾਵਲ ਦੇ ਲਗਭਗ ਸਾਰੇ ਪ੍ਰਸਿੱਧ ਸਾਹਿਤ ਆਲੋਚਕਾਂ ਨੇ ***ਤਫ਼ਤੀਸ਼*** ਨਾਵਲ ਵਾਂਗ ***ਕਟਹਿਰਾ*** ਨਾਵਲ ਨੂੰ ਵੀ ਆਪਣੇ ਅਧਿਐਨ-ਵਿਵੇਚਨ ਦੇ ਕੇਂਦਰ ਵਿਚ ਲਿਆਂਦਾ ਹੈ। ਇਹਨਾਂ ਦੇ ਇਸ ਅਧਿਐਨ ਵਿਚ ਜੋ ਸਾਂਝੇ ਰੂਪ ਵਿਚ ਨੁਕਤਾ ਉਭਰਦਾ ਹੈ ਉਹ ਹੈ ਇਸ ਨਾਵਲ ਵਿਚ ਪੇਸ਼ ਵਸਤ ਜਿਹੜੀ ਸਾਡੀ ਨਿਆਂ-ਪ੍ਰਣਾਲੀ ਦੀ ਸਮੁੱਚੀ ਕਾਰਜਸ਼ੈਲੀ ਨਾਲ ਆਪਣਾ ਸਰੋਕਾਰ ਜੋੜਦੀ ਹੋਈ ਇਸ ਪ੍ਰਬੰਧ ਵਿਚਲੇ ਵਿਆਪਕ ਰੂਪ ਵਿਚ ਪਸਰੇ ਭ੍ਰਿਸ਼ਟਾਚਾਰ ਨੂੰ ਨੰਗਾ ਕਰਦੀ ਹੈ। ਦੂਜਾ ਨੁਕਤਾ ਜਿਹੜਾ ਇਸ ਅਧਿਐਨ ਵਿਚੋਂ ਉਭਰਦਾ ਹੈ ਉਹ ਹੈ ਸਾਡੀ ਜਾਤੀ-ਜਮਾਤੀ ਸੰਸਕ੍ਰਿਤੀ ਅਤੇ ਨਿੱਜੀ ਜਾਇਦਾਦ ਦੀ ਮਾਲਕੀਅਤ 'ਤੇ ਉਸਰੀ ਸਾਡੀ ਸਮਾਜਿਕ ਤੇ ਆਰਥਿਕ ਵਿਵਸਥਾ; ਤੀਸਰਾ ਇਸ ਵਿੱਚ ਸੱਤਾਧਾਰੀ ਧਿਰ ਇਹਨਾਂ ਦੀ ਪ੍ਰਬੰਧਕੀ ਵਿਵਸਥਾ 'ਤੇ ਬਣਾਈ ਸਰਦਾਰੀ; ਚੌਥੇ ਪ੍ਰਬੰਧਕੀ ਵਿਵਸਥਾ ਦਾ ਸੱਤਾਧਾਰੀ ਧਿਰ

ਨਾਲ ਅਨੈਤਿਕ ਗੱਠਜੋੜ ਜਿਸ ਦੇ ਦਾਬੇ ਵਿਚ ਨਿਮਨ ਵਰਗ ਸਿਰਫ਼ ਤੇ ਸਿਰਫ਼ ਨਿਆਂ ਪੱਖੋਂ ਹੀ ਨਹੀਂ, ਸਗੋਂ ਸਮਾਜਿਕ ਨਿਆਂ ਪੱਖੋਂ ਵੀ ਭਰਮ ਗ੍ਰਸਤ ਵੀ ਹੁੰਦਾ ਹੈ ਅਤੇ ਇਸ ਦੀ ਮਾਰ ਵਿੱਚ ਵੀ ਹੈ। ਸਾਡੀ ਇਸ ਧਾਰਨਾ ਦੀ ਪੁਸ਼ਟੀ ਇਸ ਨਾਵਲ ਦੇ ਆਰੰਭ ਵਿਚ ਡਾ. ਟੀ.ਆਰ. ਵਿਨੋਦ ਦੇ ਵਿਚਾਰ ਹੀ ਕਰਦੇ ਹਨ। ਉਹ ਲਿਖਦਾ ਹੈ:

> *ਤਫਤੀਸ਼ ਵਿੱਚ ਨਾਵਲਕਾਰ ਨੇ ਭਾਰਤੀ ਨਿਆਂ ਪ੍ਰਣਾਲੀ ਦੇ ਮੁੱਢਲੇ ਪੜਾਅ ਨੂੰ ਮਸ਼ਕਰੀ ਦਾ ਵਿਸ਼ਾ ਬਣਾਇਆ ਸੀ। ਕਟਹਿਰਾ ਵਿਚ ਇਸ ਪ੍ਰਣਾਲੀ ਦੇ ਅਦਾਲਤੀ ਪ੍ਰਪੰਚ ਦੀ ਪਰਖ-ਪੜਤਾਲ ਕੀਤੀ ਗਈ ਹੈ। ਇਸ ਪ੍ਰਪੰਚ ਦੀਆਂ ਤਿੰਨ ਮੁੱਖ ਧਿਰਾਂ ਹਨ- ਗਵਾਹ, ਵਕੀਲ ਅਤੇ ਜੱਜ। ਇਹ ਤਿੰਨੇ ਧਿਰਾਂ ਸਾਂਝ ਅਤੇ ਏਕਤਾ ਦੇ ਰਿਸ਼ਤੇ ਵਿਚ ਬੱਝੀਆਂ ਹੋਈਆਂ ਹਨ। ਪਰੰਤੂ ਇਹ ਰਿਸ਼ਤਾ ਦਰਜ਼ਾ-ਬਦਰਸ਼ੀ ਉਤੇ ਨਿਰਭਰ ਹੋਣ ਕਰਕੇ ਹਰੇਕ ਮਨੁੱਖ ਨੂੰ ਸਾਵੇ ਮੌਕੇ ਪ੍ਰਦਾਨ ਨਹੀਂ ਕਰਦਾ। ਜਮਾਤੀ ਸਮਾਜ ਦਾ ਮੁੱਖ ਮਨੋਰਥ ਮਾਇਆ, ਜਿਨਸ ਅਤੇ ਸਮਾਜਿਕ ਰੁੱਤਬੇ ਉਤੇ ਨਿੱਜੀ ਮਾਲਕੀ ਸਥਾਪਿਤ ਕਰਨਾ ਹੁੰਦਾ ਹੈ। ਇਹ ਮਨੋਰਥ ਨਿਆਂ-ਪ੍ਰਣਾਲੀ ਨਾਲ ਸੰਬੰਧਿਤ ਹਰੇਕ ਵਿਅਕਤੀ ਦੀ ਵੀ ਪ੍ਰੇਰਕ ਸ਼ਕਤੀ ਹੈ।*[36]

ਡਾ. ਟੀ.ਆਰ. ਵਿਨੋਦ ਇਸ ਨਾਵਲ ਦੀ ਵੱਡੀ ਪ੍ਰਾਪਤੀ ਇਸ ਦੀ ਕਥਾ ਦੇ ਫੈਲਾਅ ਦੀ ਨਹੀਂ ਸਗੋਂ *''ਇਸ ਗੱਲ ਵਿਚ ਹੈ ਕਿ ਮੂਲ-ਕਥਾ ਦੇ ਧੁਰੇ ਦੁਆਲੇ ਉਸ ਨੇ ਪੁਲਿਸ ਦਾ ਮੁੱਖਬਰਾਂ ਅਤੇ ਗਵਾਹਾਂ, ਵਕੀਲਾਂ ਅਤੇ ਉਨ੍ਹਾਂ ਦੇ ਮੁਨਸ਼ੀਆਂ, ਜੱਜਾਂ ਅਤੇ ਉਨ੍ਹਾਂ ਦੇ ਮਤਾਹਿਤਾਂ ਤੋਂ ਇਲਾਵਾ ਕਸਬੇ ਦੇ ਨਾਮ-ਨਿਹਾਦ 'ਸਾਊ' ਲੋਕਾਂ ਦੀ ਧਨ ਲਈ ਹਿਰਸ ਦਾ ਗਲਪੀ ਬਿੰਬ ਵੀ ਉਤਾਰਿਆ ਹੈ।''*[37]

ਬਿਰਤਾਂਤਕਾਰੀ ਦੇ ਪੱਧਰ ਉਤੇ ਨਾਵਲ ਦਾ ਆਰੰਭ ਸਰਕਾਰੀ ਵਕੀਲ ਨੂੰ ਉਡੀਕ ਰਹੇ ਥਾਣੇਦਾਰ ਦੀ ਬੇਚੈਨੀ ਤੋਂ ਹੁੰਦਾ ਹੈ ਜਿਸ ਨੂੰ ਲੱਗ ਰਿਹਾ ਸੀ ਕਿ ਉਸ ਦਾ ਤੀਜਾ ਦਿਨ ਵੀ ਭੰਗ ਦੇ ਭਾੜੇ ਜਾਏਗਾ। ਉਹ ਥੋੜਾ ਘਬਰਾਇਆ ਵੀ ਹੈ ਕਿਉਂਕਿ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਿਆਂ 85 ਦਿਨ ਹੋ ਗਏ ਹਨ। ਜੇ ਪੰਜ ਦਿਨ ਦੇ ਅੰਦਰ-ਅੰਦਰ ਚਲਾਨ ਪੇਸ਼ ਨਾ ਹੋਇਆ ਤਾਂ ਉਹਨਾਂ ਦੀ ਜ਼ਮਾਨਤ ਹੋ ਜਾਂਦੀ ਸੀ। ''ਦੋਸ਼ੀਆਂ ਦੀ ਜ਼ਮਾਨਤ ਦਾ ਮਤਲਬ ਸੀ ਫਾਂਸੀ ਦੇ ਫੰਦੇ ਦਾ ਉਹਨਾਂ ਦੇ ਗਲੋਂ ਲਹਿ ਕੇ ਤਫ਼ਤੀਸ਼ੀ ਦੇ ਗਲੇ ਪੈ ਜਾਣਾ।'' ਕਿਉਂਕਿ ਨੱਬੇ ਦਿਨ ਦੇ ਅੰਦਰ-ਅੰਦਰ ਤਫ਼ਤੀਸ਼ ਦਾ ਕਾਰਜ ਪੂਰਾ ਹੋਣਾ ਸੀ ਤੇ ਅਜਿਹਾ ਨਹੀਂ ਹੋਇਆ ਜਾਂ ਨੱਬੇ ਦਿਨ ਦੇ ਅੰਦਰ-ਅੰਦਰ ਚਲਾਨ ਪੇਸ਼ ਨਾ ਹੋਇਆ ਤਾਂ ਤਫ਼ਤੀਸ਼ੀ ਥਾਣੇਦਾਰ ਨਾਜਰ ਸਿੰਘ ਦੀ ਜਵਾਬ ਤਲਬੀ ਹੋਣੀ ਸੀ। ਇਸ ਵਿੱਚ ਹੋਣਾ ਤਾਂ ਨਾਜਰ ਦਾ ਕੁਝ ਨਹੀਂ ਸੀ ਪਰ ਉਹ ਇਸ ਗੱਲੋਂ ਡਰਦਾ ਸੀ ਕਿ ਉਸ ਦੀ ਐਵੇਂ ਹੀ ਕਈ ਮਹੀਨੇ ਖੱਜਲ-ਖ਼ੁਆਰੀ ਹੋਵੇਗੀ ਅਤੇ ਖਹਿੜਾ ਛਡਾਉਣ ਲਈ ਹਜ਼ਾਰਾਂ ਰੁਪਏ ਦਾ ਚੜ੍ਹਾਵਾ ਚੜ੍ਹਾਉਣਾ ਪਵੇਗਾ। ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਨਿਆਇਕ ਪ੍ਰਪੰਚ ਨਾਲ ਜੁੜੀਆਂ ਮੁੱਖ ਧਿਰਾਂ ਵਿੱਚ ਭਾਵੇਂ ਸਾਂਝ ਹੈ ਪਰ ਇਹਨਾਂ ਵਿਚ ਦਰਜ਼ਾ-ਬਦਰਜ਼ਾ ਆਪਸੀ ਵਿਰੋਧੀ ਹਿੱਤ ਦਾ ਟਕਰਾਅ ਵੀ ਹੈ। ਸਰਕਾਰੀ ਵਕੀਲ ਸੁਰਿੰਦਰ ਕੁਮਾਰ ਨੂੰ ਇਹ ਪਤਾ ਹੈ ਕਿ ਇਹ ਥਾਣੇਦਾਰ ਆਪਣੀ ਲੋੜ ਵਿਚੋਂ ਚਾਰ ਪੈਸੇ ਝਾੜੇਗਾ। ਇਸ ਲਈ ਉਹ ਉਸ ਦੇ ਗੇੜੇ ਕਢਾਈ ਜਾ ਰਿਹਾ ਹੈ ਪਰ ਨਾਜਰ ਸਿੰਘ ਨੂੰ ਇਹ ਹੈ ਕਿ ਇਸ ਕੇਸ ਵਿਚ ਮੁੱਦਈ ਤੇ ਸਫ਼ਾਈ ਵਾਲੀਆਂ ਦੋਹਾਂ ਧਿਰਾਂ ਤੋਂ ਪੈਸੇ ਦੀ ਆਸ ਨਹੀਂ ਰੱਖੀ ਜਾ ਸਕਦੀ, ਇਸ ਲਈ ਉਹ ਪੈਸੇ ਕਿਉਂ ਦੇਵੇ? ਦੂਜੇ ਕਿਉਂਕਿ ਨਾਜਰ ਸਿੰਘ ਤੋਂ ਹੋਰ ਤਫ਼ਤੀਸ਼ਾਂ ਖੋਈਆਂ ਗਈਆਂ ਸਨ ਜੇ ਅਜਿਹਾ ਨਾ ਹੁੰਦਾ ਤਾਂ ਸ਼ਾਇਦ ਉਹ ਸਰਕਾਰੀ ਵਕੀਲ ਦੀ ਇੱਛਾ ਪੂਰੀ ਕਰ ਦਿੰਦਾ ਹੈ। ਇਸ ਤਰ੍ਹਾਂ ਵਕੀਲ ਸੁਰਿੰਦਰ ਦਾ ਸਮੁੱਚਾ ਵਿਹਾਰ ਇਸ ਕਾਰਜ-ਪ੍ਰਣਾਲੀ ਨਾਲ ਜੁੜੇ ਹਰੇਕ ਬੰਦੇ

ਵਿਚ ਪਨਪ ਰਹੇ ਭ੍ਰਿਸ਼ਟਾਚਾਰ ਨੂੰ ਦਰਸਾਉਂਦਾ ਹੈ। ਸਰਕਾਰੀ ਵਕੀਲ ਇਸ ਕੇਸ ਦੀ ਮਿਸਲ ਦੇ ਪਹਿਲੇ ਦਿਨ ਤੋਂ ਹੀ ਸਿੱਧੇ-ਅਸਿੱਧੇ ਢੰਗ ਨਾਲ ਥਾਣੇਦਾਰ ਨਾਜਰ ਸਿੰਘ ਕੋਲੋਂ ਫ਼ੀਸ ਲੈਣ ਦੇ ਇਸ਼ਾਰੇ ਕਰੀ ਜਾਂਦਾ ਹੈ। ਪਰੰਤੂ ਜਦੋਂ ਉਹ ਕੁਝ ਨਹੀਂ ਦੇਂਦਾ ਤਾਂ ਉਹ ਉਹਨੂੰ ਮਿਸਲ ਵਾਪਸ ਕਰਕੇ ਦੁਬਾਰਾ ਆਉਣ ਲਈ ਕਹਿੰਦਾ ਹੈ। ਬਿਰਤਾਂਤਕਾਰ ਸਰਕਾਰੀ ਵਕੀਲ ਦੀ ਚਤੁਰਾਈ ਵਾਲੇ ਸੁਭਾਅ ਨੂੰ ਪੇਸ਼ ਕਰਦਾ ਲਿਖਦਾ ਹੈ:

> *ਸੁਰਿੰਦਰ ਨੂੰ ਫਸੇ ਤਫ਼ਤੀਸ਼ੀ ਤੋਂ ਕੰਮ ਲੈਣਾ ਆਉਂਦੈ। ਹੋਰ ਨਹੀਂ ਤਾਂ ਵਿਗੜੀ ਘੜੀ ਹੀ ਫੜਾ ਦਿੱਤੀ, ਠੀਕ ਕਰਾਓ, ਕਦੇ ਗੈਸ ਵਾਲਾ ਸਿਲੰਡਰ ਚੁਕਵਾ ਦਿੱਤਾ, ਇਸ ਨੂੰ ਭਰਾਓ, ਸਿਨਮੇ ਦੇ ਟਿਕਟ ਲਿਆਉ। ਬੱਚਿਆਂ ਨੇ ਸੈਰ ਕਰਨ ਜਾਣੈ, ਕਾਰ ਚਾਹੀਦੀ ਹੈ। ਜਿੰਨਾ ਚਿਰ ਵਗਾਰ ਪੂਰੀ ਨਹੀਂ ਹੁੰਦੀ, ਥਾਣੇਦਾਰ ਸਰਕਾਰੀ ਵਕੀਲ ਦੇ ਮੱਥੇ ਨਹੀਂ ਲੱਗਦਾ।*[38]

ਉਹ ਦੋ ਦਿਨ ਤਾਂ ਨਾਜਰ ਸਿੰਘ ਨੂੰ ਕੋਈ ਵਗਾਰ ਨਹੀਂ ਪਾਉਂਦਾ ਪਰ ਅਖ਼ੀਰ ਵਿਚ ਜਦੋਂ ਨਾਜਰ ਸਿੰਘ ਸਰਕਾਰੀ ਵਕੀਲ ਨੂੰ ਕਹਿੰਦਾ ਹੈ ਕਿ ਇਸ ਕੇਸ ਵਿੱਚ ਪੈਰਵਾਈ ਕਰਨ ਵਾਲਾ ਕੋਈ ਹੋਰ ਨਹੀਂ, ਤਾਂ ਉਹ ਕਹਿੰਦਾ ਹੈ ਕਿ ਜ਼ਰੂਰੀ ਨਹੀਂ ਉਸ ਕੇਸ ਵਿਚ ਫੀਸ ਦੇਵੋਂ ਜਿਸ ਵਿੱਚ ਤੁਹਾਨੂੰ ਮਿਲੀ ਹੋਵੇ। ਕਈ ਕੇਸਾਂ ਵਿਚ ਤੁਸੀਂ ਫ਼ੀਸ ਬਾਹਰ ਦੀ ਬਾਹਰ ਡਘਾਰ ਜਾਂਦੇ ਹੋ। ਪਰ ਜਦੋਂ ਨਾਜਰ ਸਿੰਘ ਸਰਕਾਰੀ ਵਕੀਲ ਨੂੰ ਧਮਕਾਉਂਦਾ ਹੈ ਕਿ ਡਿਪਟੀ ਸਾਹਿਬ ਡੀ.ਏ. ਸਾਹਿਬ ਨੂੰ ਕਹਿ ਕੇ ਉਸ ਤੋਂ ਇਸ ਕੋਰਟ ਦਾ ਕੰਮ ਲੈ ਲੈਣਗੇ ਤਾਂ ਸੁਰਿੰਦਰ ਕੁਮਾਰ ਨੂੰ ਉਪਰਲੀ ਕਮਾਈ ਵਿੱਚ ਘਾਟਾ ਨਜ਼ਰ ਆਉਂਦਾ ਹੈ ਤੇ ਉਹ ਨਾਲ ਦੀ ਨਾਲ ਗਿਰਗਟ ਵਾਂਗੂ ਰੰਗ ਬਦਲਦਾ ਕਹਿੰਦਾ ਹੈ:

*ਡੀ.ਏ.ਡੂ.ਏ. ਨੂੰ ਲਿਖਣ ਦੀ ਕੀ ਲੋੜ ਹੈ। ਦੋਸ਼ੀਆਂ ਦੀ ਸੱਚੀ ਨਾ ਕਿਧਰੇ ਜ਼ਮਾਨਤ ਹੋ ਜੇ।*[39]

ਇਉਂ, ਨਿਆਂ-ਪ੍ਰਣਾਲੀ ਦੇ ਇਹ ਆਰੰਭਲੇ ਅਧਿਕਾਰੀ ਪੈਸੇ ਬਟੋਰਨ ਲਈ ਕਿਵੇਂ ਦਬਾਅ ਬਣਾਉਂਦੇ ਹਨ ਅਤੇ ਜਦੋਂ ਉਪਰਲੇ ਅਧਿਕਾਰੀਆਂ ਦਾ ਡਰ ਜਾਂ ਪਰਤਵਾਂ ਦਬਾਅ ਇਹਨਾਂ ਉਤੇ ਪੈਂਦਾ ਹੈ ਤਾਂ ਇਹ ਕਿਵੇਂ ਗਿਰਗਟ ਵਾਂਗ ਰੰਗ ਬਦਲਦੇ ਹਨ, ਇਹ ਸਾਡੀ ਵਸਤੂ-ਸਥਿਤੀ ਦਾ ਐਸਾ ਵਿਅੰਗ ਚਿੱਤਰ ਹੈ ਜਿਹੜਾ ਇਧ ਨਾਵਲ ਦੀਆਂ ਵੱਖਰੀਆਂ-ਵੱਖਰੀਆਂ ਘਟਨਾਵਾਂ ਵਿਚ ਬਾਖ਼ੂਬੀ ਸਾਕਾਰ ਹੁੰਦਾ ਹੈ। ਹੁਣ ਉਹ ਸਹੀ ਲਾਇਨ 'ਤੇ ਆਇਆ ਉਸ ਦਾ ਚਲਾਨ ਚੈੱਕ ਕਰਨ ਲਈ ਤਿਆਰ ਹੀ ਨਹੀਂ ਹੁੰਦਾ, ਸਗੋਂ ਉਸ ਨੂੰ ਇਹ ਵੀ ਹਦਾਇਤਾਂ ਕਰਦਾ ਹੈ ਕਿ ਕੇਸ ਤਿਆਰ ਕਿਵੇਂ ਕਰਨਾ ਹੈ ਤੇ ਸਬੂਤਾਂ ਨੂੰ ਲੜੀ ਵਿਚ ਕਿਵੇਂ ਪਰੋਣਾ ਹੈ। ਨਾਵਲਕਾਰ ਨੇ ਜਿਥੇ ਇਸ ਛੋਟੇ ਜਿਹੇ ਦ੍ਰਿਸ਼ ਰਾਹੀਂ ਸਾਡੇ ਮੱਧ-ਸ਼੍ਰੇਣੀ ਦੇ ਕਰਮਚਾਰੀਆਂ ਦਾ ਦੋਗਲਾ ਸੁਭਾਅ ਦ੍ਰਿਸ਼ਟੀਗੋਚਰ ਕੀਤਾ ਹੈ ਉਥੇ ਨਾਲ ਦੀ ਨਾਲ ਉਹ ਸੁਰਿੰਦਰ ਦੀ ਉਸ ਸਥਿਤੀ ਦਾ ਵੀ ਜ਼ਿਕਰ ਕਰਦਾ ਹੈ ਜਿਸ ਵਿਚ ਕਚਿਹਰੀ ਦਾ ਵਾਧੂ ਚਾਰਜ ਲੈਣ ਲਈ ਉਸ ਨੂੰ ਮੰਤਰੀ ਤੋਂ ਫੋਨ ਕਰਵਾਉਣਾ ਪਿਆ ਅਤੇ ਡੀ.ਏ. ਨੂੰ ਪੰਜ ਹਜ਼ਾਰ ਰੁਪਏ ਦੇ ਨੋਟ ਵੀ ਦੇਣੇ ਪਏ। ਇੰਤਜ਼ਾਮੀਆਂ ਵਿੱਚ ਪੈਸੇ ਵਾਲਾ ਅਹੁੱਦੇ ਪ੍ਰਾਪਤ ਕਰਨ ਲਈ ਕਰਮਚਾਰੀ ਆਪਣੇ ਉਪਰਲਿਆਂ ਨੂੰ ਕਿਵੇਂ ਰਝਾਉਂਦੇ ਹਨ ਤੇ ਫਿਰ ਉਹ ਆਪ ਕਿਵੇਂ ਆਪਣੇ ਕਲਾਇਟਾਂ ਤੋਂ ਪੈਸੇ ਬਟੋਰਦੇ ਹਨ, ਇਹ ਸਾਡੇ ਇੰਤਜ਼ਾਮੀਆਂ ਵਿੱਚ ਫੈਲੇ ਭ੍ਰਿਸ਼ਟਾਚਾਰ ਦੀਆਂ ਲੰਮੀਆਂ ਫੈਲੀਆਂ ਜੜ੍ਹਾਂ ਦੇ ਯਥਾਰਥ ਨੂੰ ਨੰਗਾ ਕਰਦਾ ਹੈ।

ਕਾਨੂੰਨ ਦੇ ਰੱਖਿਅਕ ਆਪ ਹੀ ਕਾਨੂੰਨ ਦੇ ਅਰੱਖਿਅਕ ਹੋ ਨਿਬੜਦੇ ਹਨ। ਉਹ ਕਾਨੂੰਨ ਦੀਆਂ ਖ਼ਾਮੀਆਂ ਨੂੰ ਆਪਣੇ ਹਿੱਤਾਂ ਲਈ ਵਰਤਦੇ ਹਨ। ਜਿਵੇਂ ਸਰਕਾਰੀ ਵਕੀਲ ਕਹਿੰਦਾ ਹੈ ਕਿ ਜਦੋਂ ਕੇਸ ਮਾੜਾ ਹੋਵੇ ਤਾਂ ਆਪਣਾ ਹੀ ਕੋਈ

ਬੰਦਾ ਪਹਿਲਾਂ ਦੋਸ਼ੀ ਬਣਾ ਲਵੋ, ਫਿਰ ਵਾਅਦਾ ਮੁਆਫ਼ ਗਵਾਹ ਉਸੇ ਦੋਸ਼ੀ ਦੇ ਸਿਰ ਉਤੇ ਬਾਕੀ ਦੋਸ਼ੀਆਂ ਨੂੰ ਸਜ਼ਾ ਹੋ ਜਾਂਦੀ ਹੈ। ਪੁਲਿਸੀਆ ਪ੍ਰਬੰਧ ਦੀ ਵਿਸ਼ੇਸ਼ ਗੱਲ ਇਹ ਹੈ ਕਿ ਇਹਨਾਂ ਨੂੰ ਮੌਕੇ 'ਤੇ ਵਾਰਦਾਤ ਵਾਲੀ ਥਾਂ 'ਤੇ ਮੌਕੇ ਹਾਜ਼ਰ ਗਵਾਹਾਂ ਦੀ ਲੋੜ ਨਹੀਂ, ਸਗੋਂ ਇਹ ਤਾਂ ਆਪਣੇ ਥਾਣਿਆਂ ਵਿੱਚ ਅਜਿਹੇ ਗਵਾਹਾਂ ਦੀ ਲਿਸਟ ਮੌਜੂਦ ਰੱਖਦੇ ਹਨ ਜਿਹੜੇ ਚਸ਼ਮਦੀਦ ਗਵਾਹਾਂ ਤੋਂ ਵੀ ਵਧੀਆ ਗਵਾਹੀ ਦੇ ਸਕਦੇ ਹਨ।

ਨਾਵਲਕਾਰ ਨੇ ਗਵਾਹਾਂ ਦੇ ਸੰਦਰਭ ਵਿਚ ਜਾਤ ਪ੍ਰਣਾਲੀ ਬਾਰੇ ਕੁਝ ਟਿੱਪਣੀਆਂ ਕੀਤੀਆਂ ਹਨ ਜਿਹੜੀਆਂ ਭਾਰਤ ਦੀ ਜਾਤੀ ਵਿਵਸਥਾ ਦੇ ਉਸ ਸੁਭਾਅ ਨੂੰ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਉਨ੍ਹਾਂ ਦੀ ਸੋਚ, ਪ੍ਰਾਪਤੀਆਂ, ਅਪ੍ਰਾਪਤੀਆਂ ਅਤੇ ਕਮਜ਼ੋਰੀਆਂ ਦੀ ਪਛਾਣ ਹੁੰਦੀ ਹੈ। ਨਾਵਲਕਾਰ ਨੇ ਗਵਾਹਾਂ ਦੇ ਸੰਦਰਭ ਵਿਚ ਜੋ ਜਾਤ ਬਾਰੇ ਟਿੱਪਣੀ ਕੀਤੀ ਹੈ ਉਹ ਵੀ ਦਰੁਸਤ ਵਾ ਸ਼ਲਾਘਾਯੋਗ ਹੈ। ਝੂਠੇ ਗਵਾਹਾਂ ਦੀ ਲਿਸਟ ਬਹੁਤ ਲੰਬੀ ਹੋ ਗਈ ਸੀ। ਕਿਸੇ ਜੱਟ ਦਾ ਕੇਸ ਹੁੰਦਾ, ਨਾਜਰ ਸਿੰਘ ਨੇ ਸਾਰੇ ਰਿਸ਼ਤੇਦਾਰਾਂ ਨੂੰ ਬਤੌਰ ਗਵਾਹ ਪੇਸ਼ ਕਰ ਦੇਣਾ ਸੀ ਪਰ ਲਾਲਾ ਜੀ ਤੋਂ ਇਹ ਆਸ ਨਹੀਂ ਸੀ।

ਕਾਨੂੰਨ ਦੀ ਮਦ ਅਨੁਸਾਰ ਜਿੰਨਾ ਚਿਰ ਅਹਿਲਮੱਦ ਹਰੀ ਝੰਡੀ ਨਹੀਂ ਦਿੰਦਾ, ਜੱਜ ਚਲਾਨ ਸਵੀਕਾਰ ਨਹੀਂ ਕਰ ਸਕਦਾ। ਅਹਿਲਮੱਦ ਨੇ ਮਿਸਲ ਅਤੇ ਹੋਰ ਦਸਤਾਵੇਜ਼ਾਂ ਦੀ ਘੋਖ ਕਰਨੀ ਹੁੰਦੀ ਹੈ। ਅਹਿਲਮਦ ਮਿਸਲ ਨੂੰ ਤਸਦੀਕ ਕਰਨ ਲਈ ਨਾਜਰ ਤੋਂ ਪੈਸੇ ਭਾਲਦਾ ਸੀ। ਨਾਜਰ ਨੇ ਮੈਜਿਸਟ੍ਰੇਟ ਕੋਲ ਸ਼ਿਕਾਇਤ ਕਰ ਦਿੱਤੀ। ਮੈਜਿਸਟ੍ਰੇਟ ਨੇ ਵਿਚਲਾ ਰਾਹ ਲੱਭਿਆ। ਉਸਨੇ ਅਹਿਲਮੱਦ ਨੂੰ ਚਲਾਨ ਚੈੱਕ ਕਰਨ ਦੀ ਹਦਾਇਤ ਕੀਤੀ ਤੇ ਨਾਲ ਹੀ ਨਾਜਰ ਸਿਘ ਨੂੰ ਲੋੜੀਦੀਆਂ ਨਕਲਾਂ ਦੇ ਸੈੱਟ ਤਿਆਰ ਕਰਨ ਲਈ ਕਿਹਾ।

ਕਾਨੂੰਨ ਦਾ ਬੁਨਿਆਦੀ ਖ਼ਾਸਾ, ਸ਼ਾਸਕ ਸ੍ਰੇਣੀਆਂ ਦੀ ਲੋੜ ਅਨੁਸਾਰ ਹੁੰਦਾ ਹੈ। ਇਹ ਇਕ ਤਰ੍ਹਾਂ ਦਾ ਭਰਮ ਹੀ ਹੈ ਕਿ ਕਾਨੂੰਨ ਦੀਆਂ ਮਦਾਂ ਸਭ 'ਤੇ ਇਕੋ ਤਰ੍ਹਾਂ ਲਾਗੂ ਹੁਦੀਆਂ ਹਨ ਜਾਂ ਕਾਨੂੰਨ ਦੀ ਨਜ਼ਰ ਵਿਚ ਸਭ ਬਰਾਬਰ ਹਨ। ਇਸ ਤੋਂ ਇਲਾਵਾ ਕਾਨੂੰਨ ਦੀਆਂ ਪੇਚਦਰਗੀਆਂ ਨੂੰ ਸਮਝਣ ਲਈ 'ਵਕਾਲਤ' ਨਾਂ ਦਾ ਕਿੱਤਾ ਵੀ ਹੋਂਦ ਵਿਚ ਆ ਗਿਆ ਹੈ। ਬੇਸ਼ੱਕ ਮੁਕੱਦਮੇ ਵਿਚ ਵਿਅਕਤੀ ਆਪ ਵੀ ਆਪਣੇ ਕੇਸ ਦੀ ਪੈਰਵਾਈ ਕਰ ਸਕਦਾ ਹੈ ਪਰ ਕਿਉਂਕਿ ਉਸਨੂੰ ਕਾਨੂੰਨ ਦੀ ਮੁਹਾਰਤ ਹਾਸਲ ਨਹੀਂ ਹੈ, ਇਸ ਕਰਕੇ ਉਹ ਵਕੀਲਾਂ ਉਪਰ ਨਿਰਭਰ ਹੋ ਜਾਂਦਾ ਹੈ। ਨਾਵਲਕਾਰ ਨੇ ਨਾਵਲ ਵਿਚ ਕਈ ਵਕੀਲ ਪਾਤਰਾਂ ਦੇ ਬਿਰਤਾਂਤ ਉਲੀਕੇ ਹਨ ਜਿੰਨ੍ਹਾਂ ਤੋਂ ਇਸ ਗੱਲ ਦੀ ਸੋਝੀ ਆਉਂਦੀ ਹੈ ਕਿ ਕਿਵੇਂ ਪੈਸੇ ਆਧਾਰਤ ਪੂੰਜੀਵਾਦੀ ਢਾਂਚੇ ਵਿਚ, ਵਿਅਕਤੀ ਦਾ ਸਮਾਜਕ ਪਿਛੋਕੜ ਉਸਦੀ ਸੂਝ ਨੂੰ ਪ੍ਰਭਾਵਿਤ ਕਰਦਾ ਹੈ। ਪਿਆਰੇ ਲਾਲ ਐਲ.ਐਲ.ਐਮ. ਸੀ ਪਰ ਕਿਉਂਕਿ ਆਰਥਿਕ ਪੱਖੋਂ ਉਹ ਇਕ ਸਾਧਾਰਨ ਵਿਅਕਤੀ ਸੀ ਤੇ ਸਿਆਸੀ ਸਬੰਧਾਂ ਤੋਂ ਵਿਰਵਾ ਸੀ, ਇਸ ਕਰਕੇ ਕਿਸੇ ਸੀਨੀਅਰ ਵਕੀਲ ਨੇ ਵੀ ਉਸਨੂੰ ਆਪਣੇ ਲੜ ਨਹੀਂ ਸੀ ਲਾਇਆ। ਸੀਨੀਅਰ ਵਕੀਲ ਵੀ ਉਸੇ ਨੂੰ ਜੂਨੀਅਰ ਰੱਖਦਾ ਹੈ ਜਿਸ ਦਾ ਕੋਈ ਸਮਾਜੀ ਰੁਤਬਾ ਹੁੰਦਾ। ਆਖ਼ੀਰ ਵਿਚ ਫ਼ਾਇਦਾ ਸੀਨੀਅਰ ਦਾ ਹੀ ਹੁੰਦਾ। ਪਿਆਰੇ ਲਾਲ ਨੇ ਪੀ.ਸੀ.ਐਸ. ਦੀ ਪ੍ਰੀਖਿਆ ਵੀ ਦਿੱਤੀ ਸੀ ਪਰ ਉਥੇ ਵੀ ਸਿਫ਼ਾਰਸ਼ੀਆਂ ਦੀ ਹੀ ਚੋਣ ਹੁੰਦੀ ਸੀ। ਪਿਆਰੇ ਲਾਲ ਮਾਨਸਿਕ ਤ੍ਰਾਸਦੀ ਦਾ ਸ਼ਿਕਾਰ ਹੋ ਚੁੱਕਿਆ ਸੀ। ਆਪਣੇ ਪਰਿਵਾਰ ਦਾ ਤੋਰੀ ਫੁਲਕਾ ਚਲਾਉਣ ਲਈ ਪਿਆਰੇ ਲਾਲ ਕਾਨੂੰਨ ਵਿਚ ਰਹਿੰਦੇ ਹੋਏ ਗ਼ਲਤ ਕੰਮ ਕਰਨ ਲਈ ਮਸ਼ਹੂਰ ਹੋ ਗਿਆ ਸੀ। ਉਸਦੇ ਮੁਕਾਬਲੇ ਵਿਚ ਫਰਜ਼ੀ ਡਿਗਰੀਆਂ ਵਾਲੇ ਵਕੀਲ ਆਪਣੇ ਜੁਗਾੜਪੁਣੇ ਕਾਰਨ ਇਸ ਸਿਸਟਮ ਵਿਚ ਕਾਮਯਾਬ ਹੋ ਰਹੇ ਸਨ। ਕਾਰਨ ਇਹ ਹੈ ਕਿ ਮੰਡੀ ਵਿਚ ਸਿਖਿਆ ਦਾ ਵੀ ਮੰਡੀਕਰਨ ਹੋ ਚੁੱਕਾ ਹੈ। ਸਿੱਖਿਆ ਅਦਾਰਿਆਂ ਨੂੰ ਪੈਸਾ ਚਾਹੀਦਾ ਹੈ ਅਤੇ ਪੈਸੇ

ਵਾਲਿਆਂ ਨੂੰ ਡਿਗਰੀ। ਦੂਜੇ ਪਾਸੇ ਆਰਥਿਕ ਪੱਖੋਂ ਪਛੜੇ ਲੋਕਾਂ ਵਿਚ ਅਜੇ ਵੀ ਨੇੜਤਾ ਬਰਕਰਾਰ ਸੀ। ਮਿਸਾਲ ਦੇ ਤੌਰ 'ਤੇ ਮੋਹਨ ਜੀ ਦੇ ਪਿਉ ਦੀ ਮੌਤ ਤੋਂ ਬਾਅਦ ਸ਼ਹਿਰ ਦੇ ਸਿਰਕੱਢ ਵਕੀਲ ਮਨੋਹਰ ਲਾਲ ਨੇ ਉਸਨੂੰ ਦੇ ਉਸਦੇ ਪਰਿਵਾਰ ਨੂੰ ਸਾਂਭਿਆ ਸੀ। ਉਸਨੇ ਮੋਹਨ ਜੀ ਦੀ ਪੜ੍ਹਾਈ ਵਿਚ ਲਗਨ ਤੇ ਮਿਹਨਤ ਨੂੰ ਵੇਖਦੇ ਹੋਏ ਉਸਨੂੰ ਮੁਨਸ਼ੀ ਤੋਂ ਵਕੀਲ ਬਣਾ ਦਿੱਤਾ ਸੀ। ਮੋਹਨ ਜੀ ਹੇਠਲੀ ਕੋਰਟ ਦੇ ਕੇਸ ਹੀ ਲੈਂਦਾ ਸੀ। ਸੈਸ਼ਨ ਕੋਰਟ ਦਾ ਕੇਸ ਲੈਣ ਦਾ ਉਹਦਾ ਹੀਆ ਨਹੀਂ ਸੀ ਪਰ ਮਨੋਹਰ ਲਾਲ ਦੀ ਹੌਸਲਾ ਅਫ਼ਜਾਈ ਨਾਲ ਹੀ ਉਸਨੇ ਬੰਟੀ ਮਰਡਰ ਕੇਸ ਲੜਨ ਦਾ ਫ਼ੈਸਲਾ ਕਰ ਲਿਆ ਸੀ। ਮੋਹਨ ਜੀ ਆਪਣੇ ਆਪ ਵਿਚ ਗਵਾਹਾਂ ਦਾ ਰੋਜ਼ਨਾਮਚਾ ਸੀ। ਉਸ ਕੋਲ ਸਾਰੇ ਗਵਾਹਾਂ ਦੇ ਚਿੱਠੇ ਖੁਲ੍ਹੇ ਹੋਏ ਸਨ। ਤੀਸਰੀ ਮਿਸਾਲ ਗੁਰਮੀਤ ਦੀ ਸੀ ਜੋ ਕਿ ਸਰਕਾਰੀ ਵਕੀਲ ਸੀ ਪਰ ਆਪਣੀ ਜਾਗਦੀ ਜ਼ਮੀਰ ਕਰਕੇ ਜਦੋਂ ਗੁਰਮੀਤ ਨੂੰ ਪਤਾ ਲਗਦਾ ਹੈ ਕਿ ਪਾਲੇ ਅਤੇ ਮੀਤੇ ਨੂੰ ਪੁਲਿਸ ਨੇ ਝੂਠਿਆਂ ਬੰਟੀ ਕਤਲ ਕੇਸ ਵਿਚ ਦੋਸ਼ੀ ਐਲਾਨ ਦਿੱਤਾ ਹੈ ਅਤੇ ਆਪਣੇ ਸਰਕਾਰੀ ਰੁਤਬੇ ਦੇ ਹੁੰਦੇ ਹੋਏ ਵੀ ਉਹ ਉਨ੍ਹਾਂ ਲਈ ਕੁਝ ਨਹੀਂ ਕਰ ਸਕਿਆ ਤਾਂ ਉਹ ਆਪਣੀ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਦਿੰਦਾ ਹੈ ਅਤੇ ਲੋਕ ਸੰਘਰਸ਼ ਸੰਮਤੀ ਵਿਚ ਸਿੱਧੇ ਤੌਰ 'ਤੇ ਪਾਲੇ ਅਤੇ ਮੀਤੇ ਵਰਗੇ ਹੋਰ ਲੋੜਵੰਦਾਂ ਦੇ ਪੱਖ ਵਿਚ ਝੰਡਾ ਬੁਲੰਦ ਕਰ ਦਿੰਦਾ ਹੈ।

ਇਸ ਪੂੰਜੀਵਾਦੀ ਢਾਂਚੇ ਨੇ ਲੋਕਾਂ ਵਿਚ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਹਿਰਸ ਪੈਦਾ ਕਰ ਦਿੱਤੀ ਹੈ। ਇਕ ਮੱਧ ਵਰਗੀ ਸ਼੍ਰੇਣੀ ਦੇ ਬੰਦੇ ਵਿਚ ਉਚ ਵਰਗੀ ਸ਼੍ਰੇਣੀ ਦੀਆਂ ਲਾਲਸਾਵਾਂ ਪੈਦਾ ਕਰ ਦਿੱਤੀਆਂ ਹਨ। ਮੂਲ ਰੂਪ ਵਿਚ ਪੈਸਾ, ਪਦਵੀ ਤੇ ਪ੍ਰਸਿੱਧੀ ਲਈ ਤਾਂਘ ਪੈਦਾ ਕਰਨਾ, ਇਸ ਪੂੰਜੀਵਾਦੀ ਢਾਂਚੇ ਦਾ ਅਨਿਖੜਵਾਂ ਲੱਛਣ ਹੈ। ਸੁਰਿੰਦਰ ਕੁਮਾਰ ਵਰਗੇ ਵਕੀਲ ਚੜ੍ਹਦੇ ਮਹੀਨੇ ਦੀ ਤਨਖਾਹ ਨਾਲ ਆਪਣੇ ਘਰੇਲੂ ਖਰਚ ਚਲਾਉਂਦੇ ਹਨ ਤੇ ਫਿਰ ਆਪਣੀਆਂ

ਲਾਲਸਾਵਾਂ ਦੀ ਪੂਰਤੀ ਲਈ ਲੋਕਾਂ ਦਾ ਮੂੰਹ ਤੱਕਦੇ ਹਨ। ਭੰਡਾਰੀ ਵਕੀਲ ਮੁੱਦਈ ਧਿਰ ਦਾ ਵਕੀਲ ਸੀ। ਬੰਟੀ ਕਤਲ ਕੇਸ ਵਿਚ ਉਸਨੂੰ ਪੈਸੇ ਦਾ ਲਾਲਚ ਨਹੀਂ ਸੀ। ਉਹ ਤਾਂ ਚਰਚਾ ਦਾ ਪਾਤਰ ਬਣਨਾ ਚਾਹੁੰਦਾ ਸੀ। ਜਿੰਨੀ ਵੱਧ ਚਰਚਾ, ਉਨੀ ਵੱਧ ਪ੍ਰੈਕਟਿਸ। ਭੰਡਾਰੀ ਇਕੋ ਤੀਰ ਨੂੰ ਦੋ ਨਿਸ਼ਾਨਿਆਂ ਲਈ ਵਰਤ ਰਿਹਾ ਸੀ। ਮਸ਼ਹੂਰੀ ਲਈ ਅਤੇ ਸਮਾਜ ਸੇਵਾ ਲਈ। ਸਮਾਜ ਵਿਚੋਂ ਮੁਜਰਮਾਂ ਨੂੰ ਖ਼ਤਮ ਕਰਨਾ ਵੀ ਤਾਂ ਸਮਾਜ ਸੇਵਾ ਹੀ ਹੁੰਦੀ ਹੈ। ਇਸ ਢਾਂਚੇ ਵਿਚ ਵਿਅਕਤੀ ਹਰ ਖੇਤਰ ਤੇ ਹਰ ਪੱਧਰ 'ਤੇ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਕੋਸ਼ਿਸ਼ ਕਰਦਾ ਹੈ। ਭੰਡਾਰੀ ਵਕੀਲ ਬਾਹਰੋਂ ਬਦਲ ਕੇ ਆਏ ਅਫ਼ਸਰਾਂ ਨੂੰ ਬਿਨਾਂ ਕਿਰਾਏ ਰਿਹਾਇਸ਼ ਪ੍ਰਦਾਨ ਕਰਦਾ ਸੀ। ਅਸਲ ਵਿਚ ਉਹ ਕਿਰਾਇਆ ਇਹਨਾਂ ਅਫ਼ਸਰਾਂ ਤੋਂ ਆਪਣਾ ਕੰਮ ਕਢਾ ਕੇ ਵਸੂਲਦਾ ਸੀ। ਉਸਦਾ ਪਲਾਟਾਂ ਦਾ ਮੁੱਲ ਵਧਾਉਣ ਦਾ ਵੀ ਆਪਣਾ ਹੀ ਤਰੀਕਾ ਸੀ। ਪਹਿਲੋਂ ਕਿਸੇ ਗਲੀ ਦੇ ਪਲਾਟ ਆਪਣੇ ਮੋਹਤਬਰ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਵੇਚੇ ਜਾਂਦੇ। ਪਤਵੰਤੇ ਸੱਜਣਾਂ ਦਾ ਗੁਆਂਢੀ ਬਣਨ ਦੀ ਇੱਛਾ ਇਹਨਾਂ ਪਲਾਟਾਂ ਦਾ ਮੁੱਲ ਵਧਾਉਂਦੀ।

ਉਧਰ ਲੋਕ ਸੰਘਰਸ਼ ਸੰਮਤੀ ਪਾਲੇ ਤੇ ਮੀਤੇ ਦੀ ਗ੍ਰਿਫਤਾਰੀ ਵਿਰੁੱਧ ਕਾਰਵਾਈ ਕਰਨਾ ਚਾਹੁੰਦੀ ਸੀ। ਮੋਹਨ ਜੀ ਪਾਲੇ ਤੇ ਮੀਤੇ ਦਾ ਕੇਸ ਸੰਮਤੀ ਵਲੋਂ ਲੜਨਾ ਲੋਚਦਾ ਸੀ। ਉਸ ਕੋਲ ਹਰ ਗਵਾਹ, ਹਰ ਟਾਊਟ, ਹਰ ਪੁਲਸੀਏ ਦੀ ਜਨਮਪੱਤਰੀ ਸੀ। ਉਹ ਕੇਸ ਦੀ ਪੈਰਵਾਈ ਦਾ ਆਧਾਰ ਜੱਜਾਂ ਦੇ ਮਨੋਵਿਸ਼ਲੇਸ਼ਣ ਨੂੰ ਬਣਾਉਂਦਾ ਸੀ ਪਰ ਬੰਟੀ ਕਤਲ ਕੇਸ ਦੀ ਸੁਣਵਾਈ ਕਰ ਰਹੇ ਐਡੀਸ਼ਨਲ ਸ਼ੈਸਨ ਜੱਜ ਸਤਿੰਦਰ ਨਾਥ ਦੀ ਮਾਨਸਿਕਤਾ ਬਾਰੇ ਉਹ ਕੋਈ ਪੁਖਤਾ ਸਿੱਟਾ ਨਹੀਂ ਸੀ ਕੱਢ ਸਕਿਆ।

ਅਕਾਲੀ, ਕਾਂਗਰਸੀ ਅਤੇ ਭਾਰਤੀ ਜਨਤਾ ਪਾਰਟੀ ਦੇ ਵਰਕਰ ਆਪਣੇ ਸੌੜੇ ਹਿੱਤਾਂ ਕਾਰਨ ਸੰਮਤੀ ਤੋਂ ਵੱਖ ਹੋ ਰਹੇ ਸਨ। ਸਭ ਦਾ ਤਰਕ ਸੀ ਕਿ ਦੋ ਸੱਚੇ

ਬੰਦਿਆਂ ਦਾ ਫਾਹਾ ਲਗ ਗਿਆ ਫੇਰ ਕਿਹੜਾ ਪਹਾੜ ਟੁੱਟ ਪੈਣਾ ਸੀ। ਅੱਗੇ ਵੀ ਹਜ਼ਾਰਾਂ ਨਿਰਦੋਸ਼ ਕਤਲ ਹੋਏ ਸਨ। ਦੋ ਹੋਰ ਹੋ ਗਏ ਤਾਂ ਕਿਹੜਾ ਸੰਸਾਰ ਸੁੰਨਾ ਹੋ ਜਾਣਾ ਸੀ। ਇਨ੍ਹਾਂ ਨੂੰ ਸਜ਼ਾ ਹੋਣ ਨਾਲ ਹੋਰਾਂ ਨੂੰ ਕੰਨ ਹੋ ਜਾਣਗੇ ਅਤੇ ਦੂਜਿਆਂ ਦਾ ਮਨੋਬਲ ਡਿੱਗਣੋਂ ਬਚ ਜਾਵੇਗਾ ਅਰਥਾਤ ਇਸ ਸਿਸਟਮ ਵਿਚ ਦੋ ਮਾਸੂਮ ਵਿਅਕਤੀਆਂ ਦੀ ਜਾਨ ਦਾ ਕੋਈ ਮੁੱਲ ਨਹੀਂ।

ਸੰਮਤੀ ਨੂੰ ਉਮੀਦ ਸੀ ਕਿ 90 ਦਿਨਾਂ ਤਕ ਚਲਾਨ ਪੇਸ਼ ਨਹੀਂ ਹੋਵੇਗਾ ਤੇ ਪਾਲੇ ਅਤੇ ਮੀਤੇ ਦੀ ਜ਼ਮਾਨਤ ਹੋ ਜਾਵੇਗੀ ਪਰ ਸਮੇਂ ਸਿਰ ਚਲਾਨ ਪੇਸ਼ ਹੋਣ 'ਤੇ ਸਭ ਦੇ ਚਿਹਰੇ ਪੀਲੇ ਭੂਕ ਹੋ ਗਏ। ਸੰਮਤੀ ਵਿਚ ਲੀਗਲ ਸੈੱਲ ਸਥਾਪਿਤ ਕੀਤਾ ਗਿਆ ਜਿਸ ਵਿਚ ਤਿੰਨ ਮੁੱਖ ਵਕੀਲ ਸਨ ਗੁਰਮੀਤ, ਮੋਹਨ ਜੀ ਅਤੇ ਪਿਆਰੇ ਲਾਲ। ਸੈੱਲ ਦਾ ਪਹਿਲਾ ਕੰਮ ਦੋਸ਼ੀਆਂ ਦੀ ਜ਼ਮਾਨਤ ਕਰਵਾਉਣਾ ਮਿਥਿਆ ਗਿਆ।

ਉਧਰ ਪਾਲੇ ਨੂੰ ਲਗ ਰਿਹਾ ਸੀ ਕਿ ਜੇ ਸੱਚੇ ਹੋ ਕੇ ਵੀ ਝੂਠੇ ਮੁਕੱਦਮਿਆਂ 'ਚ ਫਸਣਾ ਹੈ ਤਾਂ ਸੱਚਿਆਂ ਵਿਚ ਹੀ ਕਿਉਂ ਨਾ ਫਸਿਆ ਜਾਵੇ। ਜਦ ਤਕ ਫੜੇ ਨਹੀਂ ਜਾਵਾਂਗੇ ਤਦ ਤਕ ਤਾਂ ਜ਼ਿੰਦਗੀ ਬਿਹਤਰ ਗੁਜ਼ਰੇਗੀ। ਜਦੋਂ ਉਨ੍ਹਾਂ ਨੂੰ ਸੱਚੀ ਸੁੱਚੀ ਜ਼ਿੰਦਗੀ ਜਿਊਣ ਦਾ ਮੌਕਾ ਹੀ ਨਹੀਂ ਦਿੱਤਾ ਜਾਂਦਾ ਤਾਂ ਉਹ ਅਜਿਹੀ ਜ਼ਿੰਦਗੀ ਕਿਉਂ ਜਿਊਣ? ਇਸ ਤਰ੍ਹਾਂ ਕਈ ਵਾਰ ਅੰਦਰੋਂ ਟੁੱਟ ਰਹੇ ਬੰਦੇ ਦੀ ਮਾਨਸਿਕਤਾ ਉਸਨੂੰ ਮੁਜ਼ਰਮਾਨਾ ਕਾਰਵਾਈਆਂ ਵਿਚੋਂ ਨਿਕਲਣ ਨਹੀਂ ਦਿੰਦੀ ਜਾਂ ਉਸਨੂੰ ਮੁਜ਼ਰਮਾਨਾ ਕਾਰਵਾਈਆਂ ਲਈ ਪ੍ਰੇਰਿਤ ਕਰਦੀ ਹੈ।

ਨਾਵਲਕਾਰ ਨੇ ਨਾਵਲ ਵਿਚ ਕਈ ਅਜਿਹੇ ਪਾਤਰ ਸਿਰਜੇ ਹਨ ਜਿਵੇਂ ਦੇਬੂ, ਬਹਾਦਰ, ਸੋਨੂੰ ਆਦਿ ਜਿੰਨ੍ਹਾਂ ਰਾਹੀਂ ਇਹ ਸਪਸ਼ਟ ਹੁੰਦਾ ਹੈ ਕਿ ਕਿਵੇਂ ਰੱਜੇ ਪੁੱਜੇ ਲੋਕ ਆਪਣੇ ਨਿਜੀ ਮੁਫ਼ਾਦਾਂ ਲਈ ਭੁੱਖੇ ਭਾਣਿਆਂ ਦੀ ਲੁੱਟ ਕਰਦੇ ਹਨ।

ਗੁਰਮੀਤ ਰੀਡਰ ਨੂੰ ਪਾਲੇ ਅਤੇ ਮੀਤੇ ਦੀ ਜ਼ਮਾਨਤ ਵਾਲੀ ਅਰਜ਼ੀ ਨੂੰ ਖਾੜਕੂਆਂ ਦੀ ਜ਼ਮਾਨਤ ਵਾਲੀ ਅਰਜ਼ੀ ਦੇ ਪਿੱਛੇ ਫਿੱਟ ਕਰਨ ਨੂੰ ਕਹਿ ਰਿਹਾ ਸੀ। ਉਸ ਦਾ ਤਰਕ ਸੀ ਕਿ ਜੇ ਅੱਤਵਾਦੀਆਂ ਦੀ ਅਰਜ਼ੀ ਮੰਜੂਰ ਹੋ ਜਾਂਦੀ ਹੈ ਤਾਂ ਪਾਲੇ ਮੀਤੇ ਦੀ ਜਮਾਨਤ ਵਾਲੀ ਅਰਜ਼ੀ ਨੂੰ ਮੰਜੂਰ ਕਰਨ ਲਈ ਜਸਟਿਸ ਨਾਥ ਨੂੰ ਕੋਈ ਮੁਸ਼ਕਿਲ ਨਹੀਂ ਹੋਵੇਗੀ ਕਿਉਂਕਿ ਪਾਲੇ ਮੀਤੇ ਦਾ ਜੁਰਮ ਮੁਕਾਬਲਤਨ ਉਨਾ ਸੰਗੀਨ ਨਹੀਂ ਸੀ। ਦੂਜਾ, ਉਹਨਾਂ ਦੀ ਜ਼ਮਾਨਤ ਜੀਵਨ ਆੜ੍ਹਤੀਏ ਤੇ ਬਾਬਾ ਗੁਰਦਿੱਤ ਸਿੰਘ ਵਰਗੇ ਵਿਅਕਤੀਆਂ ਨੇ ਦੇਣੀ ਸੀ। ਹਾਈ ਕੋਰਟ ਨੇ ਪਾਲੇ ਮੀਤੇ ਨੂੰ ਜ਼ਮਾਨਤ ਨਹੀਂ ਦਿੱਤੀ। ਹਾਈ ਕੋਰਟ ਸਰਕਾਰ ਨਾਲ ਖੜੀ ਸੀ, ਸੁਣਵਾਈ ਕਰ ਰਹੇ ਜੱਜਾਂ ਨੂੰ ਨਿਆਂ ਨਾਲੋਂ ਵੱਧ ਇਸ ਗੱਲ ਦੀ ਚਿੰਤਾ ਸੀ ਕਿ ਉਹਨਾਂ ਦੇ ਫ਼ੈਸਲੇ ਦਾ ਲੋਕਾਂ 'ਤੇ ਅਤੇ ਸਰਕਾਰ 'ਤੇ ਕੀ ਪ੍ਰਤੀਕਰਮ ਹੋਵੇਗਾ। ਜੇ ਦੋਸ਼ੀਆਂ ਦੀ ਜ਼ਮਾਨਤ ਹੋ ਜਾਂਦੀ ਤਾਂ ਲੋਕਾਂ ਦਾ ਰੋਹ ਭੜਕਦਾ। ਜੇ ਲੋਕ ਭੜਕਦੇ ਤਾਂ ਸਰਕਾਰ ਤੈਸ਼ ਵਿਚ ਆਉਂਦੀ ਅਤੇ ਇਸਦਾ ਅਸਰ ਜੱਜਾਂ 'ਤੇ ਜ਼ਰੂਰ ਹੁੰਦਾ।

ਮੋਹਨ ਜੀ ਦਾ ਤਰਕ ਸੀ ਕਿ ਕੇਸ ਨੂੰ ਲਟਕਾਇਆ ਜਾਵੇ। ਇਕ ਤਾਂ ਗਵਾਹ ਖਿੰਡਰ ਜਾਣੇ ਸਨ, ਦੂਜੇ ਮੁਲਾਜ਼ਮ। ਨਾ ਸਾਰੇ ਗਵਾਹ ਇਕੱਠੇ ਹੋਣ, ਨਾ ਗਵਾਹੀ ਤੁਰੇ ਤੇ ਨਾ ਕੇਸ ਅੱਗੇ ਤੁਰੇ। ਏਨੇ ਸਮੇਂ ਵਿਚ ਕੁਝ ਗਵਾਹਾਂ ਦੀ ਜ਼ਮੀਰ ਜਾਗ ਸਕਦੀ ਸੀ, ਕੁਝ ਦੀ ਵਿਕਾਊ ਹੋ ਸਕਦੀ ਸੀ। ਕੇਸ ਪੁਰਾਣਾ ਹੋਣ ਨਾਲ ਜੱਜ 'ਤੇ ਕੇਸ ਨਿਪਟਾਉਣ ਦਾ ਪ੍ਰਭਾਵ ਵਧਣਾ ਸੀ। ਪੁਲਿਸ ਨੇ ਹੋਰ ਕੰਮਾਂ ਕਾਰਾਂ 'ਚ ਉਲਝ ਜਾਣਾ ਸੀ। ਜੱਜ ਅਤੇ ਪੁਲਿਸ ਵਿਚਕਾਰ ਵਿੱਥ ਵਧਣੀ ਸੀ। ਖਿਝੇ ਜੱਜ ਨੇ ਗਵਾਹੀ ਬੰਦ ਕਰ ਦੇਣੀ ਸੀ ਤੇ ਦੋਸ਼ੀ ਬਰੀ ਹੋ ਜਾਣੇ ਸਨ।

ਪਿਆਰੇ ਲਾਲ, ਮੋਹਨ ਜੀ ਨਾਲ ਸਹਿਮਤ ਨਹੀਂ ਸੀ। ਇਕ ਤਾਂ ਦੋਵੇਂ ਦੋਸ਼ੀ ਪਹਿਲੋਂ ਹੀ ਜ਼ੇਲ੍ਹ ਵਿਚ ਸਨ। ਜਿੰਨਾ ਕੇਸ ਲਟਕਦਾ, ਉਨੀ ਮੁਫ਼ਤ ਦੀ ਸਜ਼ਾ ਉਨ੍ਹਾਂ ਨੂੰ ਕੱਟਣੀ ਪੈਂਦੀ। ਦੂਜਾ ਇਹ ਸ਼ੈਸਨ ਕੇਸ ਸੀ। ਸ਼ੈਸਨ ਕੇਸ ਦੇ ਸੰਮਨਾਂ ਦੀ

ਤਾਮੀਲ ਵਲ ਪੁਲਿਸ ਵਿਸ਼ੇਸ਼ ਧਿਆਨ ਦਿੰਦੀ ਹੈ। ਤੀਜਾ, ਸਰਕਾਰ ਇਸ ਕੇਸ ਨੂੰ ਜਲਦ ਤੋਂ ਜਲਦ ਨਿਪਟਾਉਣਾ ਚਾਹੁੰਦੀ ਸੀ।

ਅਦਾਲਤ ਨੇ ਗਵਾਹਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਸੀ। ਮਾਹਿਰ ਗਵਾਹ ਅਤੇ ਸਾਧਾਰਨ ਗਵਾਹ। ਮਾਹਿਰਾਂ ਦੇ ਬਿਆਨ ਸਰਕਾਰੀ ਵਕੀਲ ਨੇ ਕਰਵਾਉਣੇ ਸਨ ਤੇ ਬਾਕੀਆਂ ਦੇ ਭੰਡਾਰੀ ਵਕੀਲ ਨੇ। ਮਾਹਿਰਾਂ 'ਤੇ ਜਿਰਾਹ ਪਿਆਰੇ ਲਾਲ ਨੇ ਕਰਨੀ ਸੀ ਤੇ ਬਾਕੀਆਂ 'ਤੇ ਮੋਹਨ ਜੀ ਨੇ।

ਸਰਕਾਰੀ ਗਵਾਹਾਂ 'ਤੇ ਜਿਰਾਹ ਪਿਆਰ ਲਾਲ ਨੇ ਕਰਨੀ ਸੀ। ਸਰਕਾਰੀ ਗਵਾਹਾਂ ਵਿਚ ਬੰਟੀ ਦਾ ਪੋਸਟ ਮਾਰਟਮ ਕਰਨ ਵਾਲਾ ਡਾਕਟਰ, ਹੱਥਾਂ ਪੈਰਾਂ ਦੇ ਨਿਸ਼ਾਨਾਂ ਦਾ ਮਾਹਿਰ ਅਤੇ ਹੱਥ ਲਿਖਤਾਂ ਦਾ ਮਾਹਿਰ ਸ਼ਾਮਲ ਸਨ। ਇਹ ਸਰਕਾਰੀ ਮੁਲਾਜ਼ਮ ਸਨ, ਇਨ੍ਹਾਂ ਉਵੇਂ ਗਵਾਹੀ ਦੇਣੀ ਸੀ ਜਿਵੇਂ ਸਰਕਾਰ ਚਾਹੁੰਦੀ ਸੀ। ਪਿਆਰੇ ਲਾਲ ਨੇ ਤੱਥਾਂ ਦੇ ਆਧਾਰ 'ਤੇ ਸਾਰੇ ਸਰਕਾਰੀ ਗਵਾਹਾਂ ਦਾ ਨੰਗਾ ਸੱਚ ਸਭ ਦੇ ਸਾਹਮਣੇ ਲੈ ਆਂਦਾ।

ਜੇਕਰ ਮੌਕੇ ਦੇ ਗਵਾਹਾਂ ਦੀ ਗਵਾਹੀ ਮਜ਼ਬੂਤ ਹੋਵੇ ਤਾਂ ਅਦਾਲਤ ਨੇ ਮਾਹਿਰਾਂ ਦੀ ਗਵਾਹੀ ਨਾਲੋਂ ਵਧੇਰੇ ਤਰਜੀਹ ਦੇਣੀ ਹੁੰਦੀ ਹੈ। ਗ਼ੈਰ ਸਰਕਾਰੀ ਗਵਾਹਾਂ 'ਤੇ ਜਿਰਹ ਮੋਹਨ ਜੀ ਨੇ ਕਰਨੀ ਸੀ। ਮੁੱਖ ਗਵਾਹ ਸਨ ਮੋਦਨ ਰਿਹੜੀ ਵਾਲਾ, ਬਾਬੂ ਬਦਮਾਸ਼, ਸਕੂਲ ਦਾ ਚਪੜਾਸੀ ਮੁਰਲੀ, ਮੀਤੇ ਦੀ ਗੁਆਂਢਣ ਭਾਗੋ ਅਤੇ ਗਫ਼ੂਰ ਮੀਆਂ ਆਦਿ। ਇਹ ਸਾਰੇ ਗਵਾਹ ਸੰਮਤੀ ਦੇ ਪੱਖ ਵਿਚ ਭੁਗਤ ਗਏ ਸਨ।

ਅੱਜ ਦੀ ਕਾਰਵਾਈ ਤੋਂ ਘਬਰਾਈ ਪੁਲਿਸ ਨੇ ਗਵਾਹਾਂ 'ਤੇ ਕੁਟਾਪਾ ਚਾੜ੍ਹਨਾ ਸੀ ਤੇ ਜੱਜ ਨੇ ਸਰਕਾਰ 'ਤੇ।

ਸਰਕਾਰ ਪਾਲੇ ਤੇ ਮੀਤੇ ਨੂੰ ਬੰਟੀ ਕਤਲ ਕੇਸ 'ਚ ਫਾਂਸੀ ਦੇਣਾ ਚਾਹੁੰਦੀ ਸੀ। ਇਹ ਤਾਂ ਹੀ ਸੰਭਵ ਸੀ ਜੇ ਨਿਆਂ ਪਾਲਿਕਾ ਪੁਲਿਸ ਦੀ ਮਦਦ ਕਰੇ।

ਕੁਟਾਪੇ ਡਰੋਂ ਗਵਾਹ ਇਧਰ ਉਧਰ ਹੋ ਗਏ ਸਨ। ਡੀ.ਏ. ਨੇ ਸਲਾਹ ਦਿੱਤੀ ਕਿ ਗਵਾਹ ਕਾਬੂ ਨਾ ਆਉਂਦੇ ਦਿਸਣ ਤਾਂ ਪੇਸ਼ੀ ਲੈ ਲਓ। ਹਾਈ ਕੋਰਟ ਚਾਹੁੰਦੀ ਸੀ ਕਿ ਕੇਸ ਦਾ ਨਿਪਟਾਰਾ ਛੇਤੀ ਤੋਂ ਛੇਤੀ ਹੋਵੇ। ਨਾਥ ਕੁੜਿੱਕੀ ਵਿਚ ਸੀ। ਜੇ ਪੇਸ਼ੀ ਦਿੱਤੀ ਤਾਂ ਹਾਈ ਕੋਰਟ ਨਾਰਾਜ਼, ਜੇ ਪੇਸ਼ੀ ਨਾ ਦਿੱਤੀ ਤਾਂ ਮੁੱਖ ਮੰਤਰੀ ਨਾਰਾਜ਼।

ਸੈਸ਼ਨ ਜੱਜ ਨੇ ਹੁਕਮ ਦਿੱਤਾ ਕਿ ਦੋਸ਼ੀਆਂ ਨੂੰ ਸਜ਼ਾ ਹੋਣੀ ਚਾਹੀਦੀ ਹੈ। ਇਸ ਮਕਸਦ ਲਈ ਪੁਲਿਸ ਦੀ ਮਦਦ ਕੀਤੀ ਜਾਵੇ। ਪੁਲਿਸ ਨੇ ਸ਼ੱਕੀ ਕਰਮਚਾਰੀਆਂ 'ਤੇ ਗਵਾਹਾਂ 'ਤੇ ਅਤੇ ਸੰਮਤੀ ਕਾਰਕੁਨਾਂ 'ਤੇ ਸਖ਼ਤੀ ਹੋਰ ਵਧਾ ਦਿੱਤੀ। ਸੰਮਤੀ ਨੇ ਵੀ ਹਮਲੇ ਦੀ ਨੀਤੀ ਨੂੰ ਅਪਨਾਉਣ ਦਾ ਤਹੱਈਆ ਕਰ ਲਿਆ ਸੀ। ਨਿਆਂ ਦਿਵਾਉਣ ਵਾਲੀਆਂ ਤਿੰਨੋ ਏਜੰਸੀਆਂ ਪੁਲਿਸ, ਪ੍ਰਾਸੀਕਿਊਸ਼ਨ ਅਤੇ ਨਿਆਂ ਪਾਲਿਕਾ ਖ਼ਿਲਾਫ਼ ਜੇਹਾਦ ਛੇੜਿਆ ਜਾਵੇ। ਜੱਜਾਂ ਅਤੇ ਸਰਕਾਰੀ ਵਕੀਲਾਂ ਦੀ ਪੜਤਾਲ ਕਰਵਾਈ ਜਾਵੇ। ਅਸਲ ਵਿਚ ਪੂੰਜੀਵਾਦੀ ਢਾਂਚੇ ਵਿਚ ਕੋਈ ਇਕੱਲਾ ਕਾਰਾ ਇਮਾਨਦਾਰੀ ਜਾਂ ਬੇਈਮਾਨੀ ਨਹੀਂ ਕਰ ਸਕਦਾ। ਵਿਅਕਤੀ ਇਕ ਤੰਦ ਵਿਚ ਬੱਝੇ ਹੋਏ ਹੁੰਦੇ ਹਨ। ਮੁਲਾਜ਼ਮਾਂ ਵਿਚ ਹਾਹਾਕਾਰ ਮੱਚ ਗਈ ਸੀ। ਉਨ੍ਹਾਂ ਨੂੰ ਆਪਣੇ ਅਫ਼ਸਰਾਂ 'ਤੇ ਗੁੱਸਾ ਸੀ। ਸਿਰਫ਼ ਮੁਲਾਜ਼ਮਾਂ ਵਿਚ ਹੀ ਕਸੂਰ ਕਿਉਂ ਕੱਢਿਆ ਜਾ ਰਿਹਾ ਸੀ। ਮੁਲਾਜ਼ਮਾਂ ਨੇ ਫ਼ੈਸਲਾ ਕਰ ਲਿਆ ਸੀ ਕਿ ਅੱਗੋਂ ਤੋਂ ਉਹਨਾਂ ਨੇ ਗ਼ਲਤ ਕੰਮ ਤਾਂ ਕੀ ਕਰਨਾ ਸੀ ਉਹ ਸਹੀ ਕੰਮ ਵੀ ਨਹੀਂ ਕਰਨਗੇ ਕਿਉਂਕਿ ਅਫ਼ਸਰ ਮੌਕੇ 'ਤੇ ਉਹਨਾਂ 'ਤੇ ਹੱਥ ਨਹੀਂ ਧਰਦੇ। ਨਾ ਕੰਮ ਹੋਏਗਾ, ਨਾ ਗ਼ਲਤੀ ਹੋਏਗੀ ਤੇ ਨਾ ਹੀ ਅਫ਼ਸਰ ਉਹਨਾਂ ਦਾ ਕੁਝ ਵਿਗਾੜ ਸਕਣਗੇ।

ਸੀਨੀਅਰ ਵਕੀਲ ਸੰਮਤੀ ਦੇ ਲੀਗਲ ਸੈੱਲ ਦਾ ਵਿਰੋਧ ਕਰ ਰਹੇ ਸਨ ਕਿਉਂਕਿ ਸੀਨੀਅਰ ਵਕੀਲਾਂ ਦੇ ਅਤੇ ਜੱਜਾਂ ਦੇ ਮੁਫਾਦ ਸਾਂਝੇ ਸਨ। ਦੂਜੇ ਪਾਸੇ ਜੂਨੀਅਰ ਵਕੀਲ ਤੇ ਸਾਇਲ ਸੀਨੀਅਰ ਵਕੀਲਾਂ ਅਤੇ ਜੱਜਾਂ ਦੀਆਂ ਵਧੀਕੀਆਂ ਤੋਂ ਦੁਖੀ ਸਨ। ਇਕ ਕਾਰਨ ਹੋਰ ਵੀ ਸੀ ਕਿ ਸੰਮਤੀ ਦੇ ਲੀਗਲ ਸੈੱਲ ਦੇ ਤਿੰਨੋ

ਵਕੀਲਾਂ–ਗੁਰਮੀਤ, ਮੋਹਨ ਜੀ ਅਤੇ ਪਿਆਰੇ ਲਾਲ ਜੀ ਪੈਂਠ ਬਣਦੀ ਜਾ ਰਹੀ ਸੀ। ਸੀਨੀਅਰ ਵਕੀਲਾਂ ਨੂੰ ਵਕਾਲਤ ਦੀ ਮੰਡੀ ਵਿਚ ਮੁਕਾਬਲਾ ਵਧਦਾ ਨਜ਼ਰ ਆ ਰਿਹਾ ਸੀ। ਜੂਨੀਅਰ ਜਜਾਂ ਤੇ ਸੀਨੀਅਰ ਵਕੀਲਾਂ ਦੇ ਪਾਜ ਉਧੇੜਨ ਲੱਗੇ ਸਨ।

ਨਾਥ ਦੇ ਖਿਲਾਫ਼ ਮਤਾ ਪਿਆ ਤੇ ਕਾਪੀਆਂ ਕਈ ਥਾਂ ਭੇਜ ਦਿੱਤੀਆਂ ਗਈਆਂ। ਚੰਡੀਗੜ੍ਹ ਹਾਈ ਕੋਰਟ ਦੇ ਰਜਿਸਟਰਾਰ ਤੇ ਨਾਥ ਦੇ ਗਰੁੱਪ ਦੇ ਬੰਦਿਆਂ ਨੇ ਸਲਾਹ ਦਿੱਤੀ ਕਿ ਉਹ ਬੰਟੀ ਕਤਲ ਕੇਸ 'ਚ ਲੰਬੀ ਤਾਰੀਖ ਪਾ ਦੇਵੇ। ਮੋਹਨ ਜੀ ਨੂੰ ਪਤਾ ਲੱਗਾ ਕਿ ਨਾਥ ਖ਼ਿਲਾਫ਼ ਚੰਡੀਗੜ੍ਹ ਵਿਚ ਕੋਈ ਸੁਣਵਾਈ ਨਹੀਂ। ਫ਼ੈਸਲਾ ਹੋਇਆ ਕਿ ਵਫ਼ਦ ਸਮੇਤ ਮੈਮੋਰੰਡਮ, ਚੀਫ਼ ਜਸਟਿਸ ਨੂੰ ਮਿਲਿਆ। ਚੀਫ਼ ਜਸਟਿਸ ਨੇ ਮਾਮਲੇ ਦੀ ਤਫ਼ਤੀਸ਼ ਲਈ ਵਿਜੀਲੈਂਸ ਜੱਜ ਨੂੰ ਨਿਯੁਕਤ ਕੀਤਾ। ਖ਼ੂਬਸੂਰਤ ਗੱਲ ਇਹ ਹੈ ਕਿ ਪੂੰਜੀਵਾਦੀ ਢਾਂਚੇ ਵਿਚ ਕਿਸੇ ਇਕ ਵਿਅਕਤੀ ਤੋਂ ਇਹ ਤਵੱਕੋ ਰੱਖਣਾ ਕਿ ਉਹ ਇਮਾਨਦਾਰੀ ਨਾਲ ਆਪਣੇ ਫ਼ਰਜ਼ ਨਿਭਾਵੇਗਾ, ਮ੍ਰਿਗ ਤ੍ਰਿਸ਼ਨਾ ਹੀ ਹੁੰਦੀ ਹੈ। ਸਿਸਟਮ ਜਾਂ ਤਾਂ ਉਹਨੂੰ ਇਮਾਨਦਾਰ ਰਹਿਣ ਨਹੀਂ ਦੇਵੇਗਾ ਜਾਂ ਉਸਨੂੰ ਕਿਸੇ ਨਾ ਕਿਸੇ ਸਾਜਿਸ਼ ਵਿਚ ਫਸਾ ਦੇਵੇਗਾ। ਵਿਜੀਲੈਂਸ ਜੱਜ ਨੇ ਨਾਥ ਨੂੰ ਉਹਨਾਂ ਸਾਰੇ ਕੇਸਾਂ ਦੀ ਲਿਸਟ ਦੇ ਦਿੱਤੀ ਜਿਸ ਵਿਚ ਉਸ ਉਪਰ ਪੈਸੇ ਲੈਣ ਦੇ ਇਲਜ਼ਾਮ ਲੱਗੇ ਸਨ ਅਤੇ ਨਾਲ ਹੀ ਇਹ ਤਾਕੀਦ ਵੀ ਕੀਤੀ ਕਿ ਇਕ ਵਾਰ ਉਸਦੇ ਸ਼ਹਿਰ 'ਚੋਂ ਉਹ ਬੈਰੰਗ ਆ ਜਾਵੇ ਅਰਥਾਤ ਉਸ ਸਾਹਮਣੇ ਕੋਈ ਫਰਿਆਦੀ ਹਾਜ਼ਰ ਨਾ ਹੋਵੇ ਫੇਰ ਭਾਵੇਂ ਸਾਰਾ ਸ਼ਹਿਰ ਉਸਦੇ ਖ਼ਿਲਾਫ ਭੁਗਤਣ ਨੂੰ ਤਿਆਰ ਹੋਵੇ, ਉਹ ਸ਼ਹਿਰ ਵਿਚ ਕਦਮ ਨਹੀਂ ਰੱਖੇਗਾ। ਨਿਸ਼ਚਿਤ ਦਿਨ ਵਿਜੀਲੈਂਸ ਜੱਜ ਕੋਲੇ ਕੋਈ ਫਰਿਆਦੀ ਹਾਜ਼ਰ ਨਾ ਹੋਇਆ। ਉਹ ਉਸ ਦਿਨ ਹੀ ਸੰਮਤੀ ਤੇ ਸੈੱਲ ਉਪਰ ਜੱਜ ਨਾਥ ਖਿਲਾਫ਼ ਸਬੂਤ ਪੇਸ਼ ਕਰਨ ਲਈ ਜ਼ੋਰ ਪਾ ਰਿਹਾ ਸੀ। ਸੰਮਤੀ ਨੂੰ ਉਹ ਪੱਖਪਾਤੀ ਲਗ ਰਿਹਾ ਸੀ। ਸੰਮਤੀ ਦੀ ਬਾਈਕਾਟ ਦੀ ਧਮਕੀ 'ਤੇ ਵਿਜੀਲੈਂਸ ਜੱਜ ਨੇ ਦੋ ਦਿਨ ਦਾ ਵਕਤ ਹੋਰ ਵਧਾ ਦਿੱਤਾ ਪਰ ਗਵਾਹ ਨੂੰ

ਭੁਗਤਾਉਣ ਲਈ ਚੰਡੀਗੜ੍ਹ ਲੈ ਕੇ ਆਣਾ ਪਵੇਗਾ। ਵਿਜੀਲੈਂਸ ਜੱਜ ਦੀ ਰਿਪੋਰਟ ਪੇਸ਼ ਕਰਨ ਤੋਂ ਬਾਦ ਵੀ ਜਦੋਂ ਕੋਈ ਕਾਰਵਾਈ ਨਾ ਹੋਈ ਤਾਂ ਵਫ਼ਦ ਇਕ ਬਾਰ ਫੇਰ ਚੀਫ਼ ਜਸਟਿਸ ਨੂੰ ਮਿਲਿਆ। ਚੀਫ਼ ਜਸਟਿਸ ਦਾ ਤਰਕ ਸੀ ਕਿ ਲੀਗਲ ਸੈੱਲ ਨਾਥ ਨਾਲ ਨਿਜੀ ਦੁਸ਼ਮਣੀਆਂ ਕੱਢ ਰਿਹਾ ਹੈ। ਜਸਟਿਸ ਨਾਥ ਤੇ ਲੱਗੇ ਸਾਰੇ ਦੋਸ਼ ਝੂਠੇ ਸਾਬਿਤ ਹੋਏ ਹਨ। ਸ਼ਿਕਾਇਤ ਖ਼ਾਰਜ ਕਰ ਦਿੱਤੀ ਗਈ ਹੈ। ਨਾਥ ਨੂੰ ਸਬਕ ਸਿਖਾਉਣ ਦਾ ਹੋਰ ਰਾਹ ਲੱਭਿਆ ਗਿਆ। ਜਦੋਂ ਵੀ ਲੀਗਲ ਸੈੱਲ ਦੇ ਵਕੀਲਾਂ ਦਾ ਕੇਸ ਜਸਟਿਸ ਨਾਥ ਦੀ ਅਦਾਲਤ ਵਿਚ ਲਗਦਾ, ਉਹ ਹਾਈ ਕੋਰਟ ਵਿਚ ਇਕ ਦਰਖ਼ਾਸਤ ਦੇ ਦਿੰਦੇ ਕਿ ਉਹਨਾਂ ਨੂੰ ਜੱਜ 'ਤੇ ਯਕੀਨ ਨਹੀਂ ਹੈ, ਕੁਝ ਤੱਥ ਪੇਸ਼ ਕਰਦੇ ਅਤੇ ਹਾਈ ਕੋਰਟ ਨੂੰ ਕੇਸ ਨਾਥ ਦੀ ਅਦਾਲਤ ਵਿਚੋਂ ਕਿਸੇ ਹੋਰ ਅਦਾਲਤ ਵਿਚ ਤਬਦੀਲ ਕਰਨਾ ਪੈ ਜਾਂਦਾ। ਸਰਕਾਰੀ ਵਕੀਲ, ਸੈਸ਼ਨ ਜੱਜ, ਡੀ.ਏ. ਵਿਜੀਲੈਂਸ ਜੱਜ ਅਤੇ ਜਸਟਿਸ ਨਾਥ ਦੀ ਮਿਲੀ ਭੁਗਤ ਦੇ ਸਬੂਤ ਪ੍ਰੈੱਸ ਨੂੰ ਮੁਹੱਈਆ ਕਰਵਾਏ ਗਏ। ਹਾਈ ਕੋਰਟ ਨੇ ਫ਼ੈਸਲਾ ਕੀਤਾ ਕਿ ਅਦਾਲਤ ਤਬਦੀਲ ਕਰਨ ਦੀ ਬਜਾਏ ਜੱਜ ਹੀ ਤਬਦੀਲ ਕੀਤਾ ਜਾਏ ਤੇ ਜੱਜ 'ਤੇ ਲੱਗੇ ਇਲਜ਼ਾਮਾਂ ਦੀ ਮੁੜ ਪੜਤਾਲ ਕਰਵਾਈ ਜਾਵ। ਉਂਞ ਤਾਂ ਪੂੰਜੀਵਾਦੀ ਢਾਂਚੇ ਵਿਚ ਅਦਾਲਤਾਂ ਤੇ ਪ੍ਰੈੱਸ ਵੀ ਪੂੰਜੀਵਾਦੀ ਮੁੱਲਾਂ ਅਨੁਸਾਰ ਹੀ ਢਲੇ ਹੁੰਦੇ ਹਨ ਪਰ ਫਿਰ ਵੀ ਉਹ ਕਦੀ ਕਦੀ ਲੋਕ ਪੱਖੀ ਹੋਣ ਦਾ ਪ੍ਰਪੰਚ ਰਚਦੇ ਹਨ। ਨਾਥ ਦੀ ਤਬਦੀਲੀ ਅਤੇ ਪੜਤਾਲ ਨੇ ਸ਼ਹਿਰ ਵਿਚ ਸੰਮਤੀ ਦੀ ਚੜ੍ਹ ਮਚਾ ਦਿੱਤੀ।

ਜਸਟਿਸ ਸ਼ਿੰਗਾਰਾ ਸਿੰਘ ਦੀ ਤਜਵੀਜ਼ 'ਤੇ ਜਸਟਿਸ ਮੋਤਾ ਸਿੰਘ ਨੂੰ ਜਸਟਿਸ ਨਾਥ ਦੀ ਜਗ੍ਹਾਂ ਨਿਯੁਕਤ ਕੀਤਾ ਗਿਆ। ਜਸਟਿਸ ਮੋਤਾ ਸਿੰਘ ਦੀ ਸਹਾਇਤਾ ਲਈ ਸਪੈਸ਼ਲ ਪਬਲਿਕ ਪ੍ਰੋਸੀਕਿਊਟਰ ਗਿਆਨ ਸਿੰਘ ਨੂੰ ਵੀ ਥਾਪਿਆ ਗਿਆ। ਸ਼ਹਿਰੀ ਲੋਕਾਂ 'ਚ ਪੈਂਠ ਬਣਾਉਣ ਲਈ ਨਵੇਂ ਅਫ਼ਸਰਾਂ ਨੇ ਸਭ ਤੋਂ ਪਹਿਲਾਂ ਥਾਣੇ ਅਖੰਡ ਪਾਠ ਖੁਲ੍ਹਵਾਇਆ। ਮਹਾਰਾਜ ਦੀ ਹਜ਼ੂਰੀ ਵਿਚ ਪੁਲਿਸ ਵਾਲਿਆਂ ਨੇ ਗਲਤ

ਕੰਮ ਨਾ ਕਰਨ ਦੀ ਸਹੁੰ ਚੁੱਕੀ। ਸ਼ਹਿਰ ਵਿਚ ਜਸਟਿਸ ਮੋਤਾ ਸਿੰਘ ਦੀ ਇਮਾਨਦਾਰੀ ਦੀ ਚਰਚਾ ਸੀ। ਸੰਮਤੀ ਨੂੰ ਮੋਤਾ ਸਿੰਘ ਦੀ ਇਮਾਨਦਾਰੀ 'ਤੇ ਕੋਈ ਸ਼ੱਕ ਨਹੀਂ ਸੀ ਪਰ ਉਸ ਦੀ ਸਰਕਾਰੀ ਦਬਾਅ ਸਹਿਣ ਦੀ ਸਮਰੱਥਾ 'ਤੇ ਜ਼ਰੂਰ ਸੀ।

ਗਵਾਹਾਂ ਦੀ ਗਵਾਹੀ ਨੂੰ ਬਿਨਾਂ ਕਿਸੇ ਦਬਾਅ ਦੇ ਲੈਣ ਲਈ, ਉਹਨਾਂ ਨੂੰ ਜਲੰਧਰ ਦੇ ਆਬਜਰਵੇਸ਼ਨ ਹੋਮ ਵਿਚ ਭੇਜ ਦਿੱਤਾ ਗਿਆ ਜਿਥੇ ਤਿੰਨ ਮੈਂਬਰੀ ਪੈਨਲ ਉਹਨਾਂ ਦੀ ਨਿਗਰਾਨੀ ਕਰੇਗਾ। ਪੈਨਲ ਦੇ ਤਿੰਨ ਮੈਂਬਰਾਂ ਵਿਚੋਂ ਇਕ ਇਕ ਨੁਮਾਇੰਦਾ ਦੋਹਾਂ ਧਿਰਾਂ ਦਾ ਹੋਵੇਗਾ ਤੇ ਤੀਜਾ ਅਦਾਲਤ ਦਾ।

ਮੁਸ਼ਤਾਕ ਅਲੀ ਪਹਿਰੇਦਾਰ ਅਤੇ ਹਸਪਤਾਲ ਦੇ ਚੌਕੀਦਾਰ ਤਾਰਾ ਮਸੀਹ ਦੀ ਗਵਾਹੀ ਨੇ ਪੁਲਿਸ ਦੇ ਝੂਠ ਨੂੰ ਤਾਰ ਤਾਰ ਕਰ ਦਿੱਤਾ। ਪੁਲਿਸ ਦੇ ਹੱਕ ਵਿਚ ਭੁਗਤਣ ਵਾਲੇ ਮੁੱਖ ਰੂਪ ਵਿਚ ਚਾਰ ਗਵਾਹ ਸਨ- ਬਰਾਮਦਗੀ ਦਾ ਗਵਾਹ ਰਾਮ ਸਰੂਪ, ਭਾਡਿਆਂ ਦਾ ਕਾਰੋਬਾਰੀ ਦੇਸ ਰਾਜ, ਪ੍ਰਿੰਟਿੰਗ ਪ੍ਰੈਸ ਦਾ ਮਾਲਕ ਕਮਲ ਪ੍ਰਸਾਦ ਤੇ ਚੌਥਾ ਗਵਾਹ ਰਾਧੇ ਸ਼ਾਮ ਜਿਸਦੀ ਦੁਕਾਨ ਵਿਚ ਦੋਸ਼ੀਆਂ ਨੇ ਬੰਟੀ ਨੂੰ ਅਗਵਾਕਰਨ ਦੀ ਸਾਜਿਸ਼ ਘੜੀ ਸੀ। ਪਰ ਪਿਆਰੇ ਲਾਲ ਨੇ ਤੱਥਾਂ ਦੇ ਆਧਾਰ 'ਤੇ ਇਹਨਾਂ ਦੀ ਗਵਾਹੀ ਝੂਠ ਸਿੱਧ ਕਰ ਦਿੱਤੀ ਸੀ। ਉਸਨੇ ਸਿੱਧ ਕਰ ਦਿੱਤਾ ਸੀ ਕਿ ਇਹ ਚਾਰੇ ਇਨਟਰਸਟਡ ਗਵਾਹ ਸਨ ਅਰਥਾਤ ਇਹਨਾਂ ਦੀ ਵਫ਼ਾਦਾਰੀ ਨਿਆਂ ਪ੍ਰਤੀ ਘੱਟ 'ਤੇ ਉਹਨਾਂ ਧਿਰਾਂ ਪ੍ਰਤੀ ਜ਼ਿਆਦਾ ਸੀ ਜਿੰਨ੍ਹਾਂ ਵੱਲੋਂ ਉਹ ਗਵਾਹੀ ਦੇਣ ਆਏ ਸਨ।

ਪੂੰਜੀਵਾਦੀ ਢਾਂਚੇ ਵਿਚ ਸਮਾਜ ਦੋ ਧਿਰਾਂ ਵਿਚ ਵੰਡਿਆ ਜਾਂਦਾ ਹੈ- ਸਾਧਨ ਸੰਪੰਨ ਤੇ ਸਾਧਨ ਵਿਹੂਣੇ (ਵਿਪੰਨ)। ਇਸ ਢਾਂਚੇ ਵਿਚ ਅਦਾਲਤ ਦੀ ਗਵਾਹਾਂ ਨੂੰ ਪਰਖਣ ਦੀ ਆਪਣੀ ਹੀ ਕਸਵੱਟੀ ਸੀ। ਗਵਾਹਾਂ ਦੀ ਗਵਾਹੀ ਦੀ ਸੱਚਾਈ ਨੂੰ ਗਵਾਹਾਂ ਦੀ ਸਾਧਨਾਂ ਦੀ ਮਲਕੀਅਤ ਦੇ ਹਿਸਾਬ ਨਾਲ ਪਰਖਿਆ ਜਾਂਦਾ ਸੀ। ਇਸੇ

ਲਈ ਸੰਮਤੀ ਨੇ ਉਹਨਾਂ ਬੰਦਿਆਂ ਦੀ ਗਵਾਹੀ ਭੁਗਤਾਈ ਜਿਨ੍ਹਾਂ ਦਾ ਸਮਾਜ ਵਿਚ ਕੋਈ ਰੁੱਤਬਾ ਸੀ ਜਿਵੇਂ ਜੀਵਨ ਆੜ੍ਹਤੀਆ ਤੇ ਬਾਬਾ ਗੁਰਦਿੱਤ। ਸੰਮਤੀ ਨੇ ਸਫ਼ਾਈ ਵਜੋਂ ਕੁਝ ਹੋਰ ਦਸਤਾਵੇਜ਼ ਅਦਾਲਤ ਅੱਗੇ ਪੇਸ਼ ਕਰਨੇ ਸਨ- ਸਭ ਤੋਂ ਮਹੱਤਵਪੂਰਨ ਸੀ ਵਾਰੰਟ ਅਫ਼ਸਰ ਵੱਲੋਂ ਕੀਤੀ ਗਈ ਰੇਡ। ਇਸ ਰੇਡ ਵਿਚ ਪਾਲੇ ਤੇ ਮੀਤੇ ਦੀ ਹਾਜ਼ਰੀ ਲੱਗੀ ਹੋਈ ਸੀ ਜਦੋਂ ਕਿ ਉਹਨਾਂ ਦੇ ਮੁਕਾਬਲੇ ਵਿਚ ਫੜੇ ਜਾਣ ਦਾ ਅਲਾਨ ਬਾਦ ਵਿਚੋਂ ਹੋਇਆ ਸੀ। ਸਪੈਸ਼ਲ ਪ. ਪ ਨੂੰ ਲਗ ਰਿਹਾ ਸੀ ਕਿ ਕੇਸ ਵਿਚ ਕੁਝ ਨਹੀਂ ਹੈ ਅਤੇ ਦੋਸ਼ੀਆਂ ਨੂੰ ਬਰੀ ਕਰ ਦੇਣਾ ਚਾਹੀਦਾ ਹੈ। ਪਰ ਗਿਆਨ ਸਿੰਘ ਝੱਟ ਹੀ ਮਨ ਬਦਲ ਲੈਂਦਾ। ਮੁੱਖ ਮੰਤਰੀ ਦਾ ਮੂੰਹ ਮੁਲਾਹਜ਼ਾ, ਆਪਣੀ ਵਕਾਲਤ ਦਾ ਭਵਿੱਖ ਤੇ ਹਾਲਾਤ ਮੰਗ ਕਰਦੇ ਸਨ ਕਿ ਉਹ ਫਰਜ਼ਾਂ ਨੂੰ ਛਿੱਕੇ ਟੰਗ ਕੇ ਦੋਸ਼ੀਆਂ ਨੂੰ ਸਜ਼ਾ ਕਰਾਵੇ। ਇਹ ਪੂੰਜੀਵਾਦੀ ਖ਼ਾਸੇ ਦਾ ਅੰਤਰੀਵ ਲੱਛਣ ਹੈ ਕਿ ਵਿਅਕਤੀ ਦਾ ਨਿਜ ਤੋਂ ਮੋਹ ਛੁੱਟਦਾ ਹੀ ਨਹੀਂ। ਭੰਡਾਰੀ ਵਕੀਲ ਵੀ ਸਪੈਸ਼ਲ ਪ. ਪ. ਗਿਆਨ ਸਿੰਘ ਨੂੰ ਸਮਝਾ ਰਿਹਾ ਸੀ ਕਿ ਕਾਨੂੰਨ ਤੇ ਦਲੀਲ ਤੋਂ ਇਲਾਵਾ ਵੀ ਦੋਸ਼ੀਆਂ ਨੂੰ ਸਜ਼ਾ ਕਰਵਾਉਣ ਦੇ ਹੋਰ ਬਥੇਰੇ ਤਰੀਕੇ ਨੇ। ਉਂਝ ਵੀ ਜੇ ਫ਼ੈਸਲੇ ਗੁਣਾਂ ਔਗੁਣਾਂ ਦੇ ਆਧਾਰ 'ਤੇ ਹੋਣ ਫੇਰ ਗੱਲਾ ਕਾਹਦੀਆਂ। ਫ਼ੈਸਲਾ ਕਰਨ ਤੋਂ ਪਹਿਲਾਂ ਜੱਜ ਸੌ ਕੁਝ ਵੇਖਦੈ-ਪੈਸਾ, ਸਿਫ਼ਾਰਸ਼, ਧਿਰਾਂ ਦਾ ਰੁਤਬਾ, ਦਬਾਅ, ਆਪਣੀ ਇੱਜ਼ਤ ਆਦਿ। ਮੈਰਿਟ ਦੀ ਵਾਰੀ ਤਾਂ ਆਖ਼ਰ ਵਿਚ ਆਉਂਦੀ ਹੈ। ਨਿਆਂ ਦਾ ਭੱਠਾ ਇਮਾਨਦਾਰ ਜੱਜਾਂ ਨੇ ਸਭ ਤੋਂ ਵੱਧ ਬਿਠਾਇਆ। ਆਪਣੀ ਇੱਜ਼ਤ ਖ਼ਾਤਰ ਉਹ ਕਿਸੇ ਦੋਸ਼ੀ ਨੂੰ ਬਰੀ ਹੀ ਨਹੀਂ ਕਰਦੇ।

ਪਿਆਰੇ ਲਾਲ ਦੇ ਮਨ ਵਿਚ ਕੇਸ ਦੇ ਫ਼ੈਸਲੇ ਨੂੰ ਲੈ ਕੇ ਦੁਵਿਧਾ ਸੀ। ਗੁਰਮੀਤ ਉਸਨੂੰ ਕਹਿ ਰਿਹਾ ਸੀ ਕਿ ਜੇ ਫ਼ੈਸਲਾ ਕਾਨੂੰਨ ਦੇ ਮੁਤਾਬਕ ਹੋਇਆ ਤਾਂ ਅਸਾਂ ਜਿੱਤਾਂਗੇ ਨਹੀਂ ਤਾਂ ਹਾਰਾਂਗੇ। ਬਾਬਾ ਗੁਰਦਿੱਤ ਦੂਜੀ ਗੱਲ ਦੀ ਸੰਭਾਵਨਾ 'ਤੇ ਜ਼ੋਰ ਦੇ ਰਿਹਾ ਸੀ। ਉਸਦਾ ਤਰਕ ਸੀ ਕਿ ਮਸਲਾ ਪਾਲੇ ਜਾਂ ਮੀਤੇ ਦੀ ਸਜ਼ਾ ਜਾਂ

ਰਿਹਾਈ ਦਾ ਨਹੀਂ ਹੈ। ਸਾਡੀ ਜਿੱਤ ਇਸ ਗੱਲ ਵਿਚ ਹੈ ਕਿ ਅਸੀਂ ਲੋਕ ਚੇਤਨਾ ਦੀ ਜਾਗ ਲਾਉਣ ਵਿਚ ਕਾਮਯਾਬ ਹੋਏ ਹਾਂ।

ਜਸਟਿਸ ਮੋਤਾ ਸਿੰਘ, ਜਸਟਿਸ ਸ਼ਿੰਗਾਰਾ ਸਿੰਘ ਦੇ ਅਹਿਸਾਨਾਂ ਥੱਲੇ ਦਬਿਆ ਹੋਇਆ ਸੀ। ਸ਼ਿੰਗਾਰਾ ਸਿੰਘ ਦਾ ਪੀ.ਏ. ਉਸਨੂੰ ਫ਼ੈਸਲੇ ਦੇ ਕਾਗਜ਼ ਦੇ ਗਿਆ ਸੀ। ਮੋਤਾ ਸਿੰਘ ਪਹਿਲੀ ਵਾਰ ਆਪਣੀ ਜ਼ਮੀਰ ਦੇ ਉਲਟ ਫ਼ੈਸਲਾ ਸੁਣਾਉਣ ਵਾਲਾ ਸੀ। ਉਹ ਇਹ ਸਮਝਦਾ ਸੀ ਕਿ ਫ਼ੈਸਲਾ ਉਹੋ ਹੋਣਾ ਸੀ ਜੋ ਉਸਨੂੰ ਲਿਖਕੇ ਆਇਆ ਸੀ। ਜੇ ਉਹ ਉਹੀ ਫ਼ੈਸਲਾ ਨਾ ਸੁਣਾਉਂਦਾ ਤਾਂ ਉਹਦੀ ਥਾਂ ’ਤੇ ਕੋਈ ਹੋਰ ਉਹੀ ਫ਼ੈਸਲਾ ਸੁਣਾ ਰਿਹਾ ਹੁੰਦਾ। ਜੇ ਫ਼ੈਸਲਾ ਉਹੋ ਹੀ ਹੋਣਾ ਸੀ ਤਾਂ ਉਸਨੂੰ ਆਪਣੇ ਨਿੱਜੀ ਮੁਫਾਦਾਂ ਦੀ ਰਾਖੀ ਕਰਦੇ ਹੋਏ ਸ਼ਿੰਗਾਰਾ ਸਿੰਘ ਦੇ ਅਹਿਸਾਨਾਂ ਦਾ ਭਾਰ ਕੁਝ ਘਟਾਉਣਾ ਚਾਹੀਦਾ ਸੀ। ਇਸੇ ਕਸ਼ਮਕਸ਼ ਵਿਚ ਮੋਤਾ ਸਿੰਘ ਨੇ ਦੋਹਾਂ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਦੂਜੇ ਸ਼ਬਦਾਂ ਵਿਚ ਖ਼ਾਕੀ ਵਰਦੀ ਨੇ ਕਾਲੇ ਕੋਟ ਨੂੰ ਰੋਲਣ ਵਿਚ ਕਾਮਯਾਬੀ ਹਾਸਲ ਕਰ ਲਈ ਸੀ ਪਰੰਤੂ ਇਸ ਵਿਚ ਇਸ ਜ਼ਮੀਰ ਦਾ ਕਤਲ ਵੀ ਹੋ ਗਿਆ।

ਜਸਟਿਸ ਮੋਤਾ ਸਿੰਘ ਦੀ ਮਾਨਸਿਕ ਸਥਿਤੀ ਦਾ ਜੋ ਚਿਤਰ ਇਸ ਨਾਵਲ ਵਿਚ ਪ੍ਰਾਪਤ ਹੈ, ਉਹ ਨਾਵਲਕਾਰ ਦੀ ਉਸ ਬਰੀਕ ਸੂਝ ਦਾ ਪ੍ਰਮਾਣ ਹੈ ਜਿਹੜੀ ਵਿਅਕਤੀ ਚਰਿਤ੍ਰ ਵਿਚ ਇਕ ਪਾਸੇ ਸੱਚ-ਹੱਕ ਤੇ ਦੂਜੇ ਪਾਸੇ ਨਿਜੀ ਮੁਫਾਦ ਦੇ ਅੰਤਰ-ਵਿਰੋਧ ਵਿਚੋਂ ਪੈਦਾ ਹੁੰਦੀ ਹੈ। ਇਕ ਪਾਸੇ ਮੋਤਾ ਸਿੰਘ ਜਾਗਦੀ ਜ਼ਮੀਰ ਵਾਲਾ ਜੱਜ ਹੈ। ਪਾਲੇ ਅਤੇ ਮੀਤੇ ਉਤੇ ਪਾਇਆ ਕਤਲ ਦਾ ਕੇਸ ਆਪਣੇ ਪੂਰੇ ਝੂਠ ਸਮੇਤ ਉਸਦੇ ਸਾਹਮਣੇ ਨੰਗਾ ਹੋ ਗਿਆ ਹੈ। ਪਰੰਤੂ ਦੂਜੇ ਪਾਸੇ ਵਡੇਰਾ ਰੁੱਤਬਾ ਹਾਸਲ ਕਰਨ ਦੀ ਲਾਲਸਾ ਦਾ ਸ਼ਿਕਾਰ ਹੈ। ਡਾ. ਟੀ.ਆਰ. ਵਿਨੋਦ ਅਨੁਸਾਰ:

> *ਨਾਵਲਕਾਰ ਉਹਦੇ ਮਾਨਸਿਕ ਤਣਾਉ ਨੂੰ ਜਿਨ੍ਹਾਂ ਗਲਪੀ ਸਥਿਤੀਆਂ ਅਤੇ ਚਿਹਨਾਂ ਨਾਲ ਪੇਸ਼ ਕਰਦਾ ਹੈ। ਉਹ ਪਰਸਪਰ ਵਿਰੋਧੀ*

*ਟੁਕੜਿਆਂ ਵਿਚ ਵੰਡੀ ਹੋਈ ਸ਼ਖ਼ਸੀਅਤ ਦਾ ਅਦੁੱਤੀ ਇਜ਼ਹਾਰ ਹਨ। ਆਪਣੀ ਜ਼ਮੀਨ ਦੇ ਵਿਰੁੱਧ ਉਹ ਫੈਸਲਾ ਸੁਣਾ ਤਾਂ ਦਿੰਦਾ ਹੈ ਪਰੰਤੂ ਉਸ ਦਾ ਅੰਦਰਲਾ ਇਸ ਫੈਸਲੇ ਨਾਲ ਲਾਸ਼ ਬਣਕੇ ਰਹਿ ਜਾਂਦਾ ਹੈ।*[40]

ਬਿਰਤਾਂਤਕ ਵੇਰਵਿਆਂ ਅਨੁਸਾਰ, *''ਭਰੇ ਗਲੇ ਨਾਲ ਮੋਤਾ ਸਿੰਘ ਨੇ ਫੈਸਲਾ ਸੁਣਾਇਆ ਅਤੇ ਕੰਬਦੇ ਹੱਥਾਂ ਨਾਲ ਕਾਗਜ਼ਾਂ 'ਤੇ ਦਸਖਤ ਕੀਤੇ। ਆਖ਼ਰੀ ਅੱਖਰ ਪਾ ਕੇ ਉਸਨੇ ਪੈੱਨ ਦਾ ਨਿੱਬ ਤੋੜਿਆ ਤੇ ਫੇਰ ਟੁੱਟੇ ਪੈੱਨ ਨੂੰ ਪਰ੍ਹਾਂ ਵਗਾਹ ਮਾਰਿਆ।''*[41]

ਪੈੱਨ ਦੀ ਨਿੱਬ ਨੂੰ ਤੋੜਣਾ ਅਤੇ ਉਸਨੂੰ ਪਰੇ ਸੁਟਣ ਦੇ ਚਿਹਨ ਮੋਤਾ ਸਿੰਘ ਦੀ ਅੰਦਰੂਨੀ ਪੀੜ ਅਤੇ ਪਸ਼ਚਾਤਾਪ ਨੂੰ ਦਰਸਾਉਂਦੇ ਹਨ। *''ਕਿਉਂਕਿ ਮੋਤਾ ਸਿੰਘ ਦੁਆਰਾ ਕੀਤਾ ਫੈਸਲਾ ਕਾਨੂੰਨ ਅਨੁਸਾਰ ਨਹੀਂ ਸੀ ਸਗੋਂ ਆਪਣਾ ਰੁਤਬਾ ਹੋਰ ਉਚਾ ਚੁਕਣ ਦੇ ਉਦੇਸ਼ ਨਾਲ ਕੀਤਾ ਗਿਆ ਸੀ, ਇਸ ਕਰਕੇ ਵਕੀਲ ਪਿਆਰੇ ਲਾਲ ਇਸ ਨੂੰ ਬਰਦਾਸ਼ਤ ਨਾ ਕਰ ਸਕਿਆ ਅਤੇ ਫੈਸਲਾ ਸੁਣਦਿਆਂ ਹੀ ਕਰੋਧ ਵਿਚ ਆ ਕੇ ਆਪਣਾ ਕਾਲਾ ਕੋਟ ਜਿਹੜਾ ਕਾਨੂੰਨ ਤੇ ਨਿਆਂ ਦਾ ਪ੍ਰਤੀਕ ਸੀ ਮੋਤਾ ਸਿੰਘ ਦੇ ਪੈਰ੍ਹਾਂ 'ਚ ਵਗਾਹ ਮਾਰਿਆ, ਜੱਜ ਮੋਤਾ ਸਿੰਘ ਦਾ ਅੰਦਰਲਾ ਤ੍ਰਬਕ ਗਿਆ। ਉਸਨੂੰ ਅਹਿਸਾਸ ਹੋਇਆ ਕਿ ਕਾਨੂੰਨ ਦੀ ਇਸ ਵਰਦੀ ਦੀ ਸਭ ਤੋਂ ਵੱਧ ਤੇ ਹੀਣਤਾ ਉਸਨੇ ਖ਼ੁਦ ਕੀਤੀ ਹੈ। ਇਸ ਕਰਕੇ ਉਹ ਇਸ ਕੋਟ 'ਤੇ ਆਪਣਾ ਪੈਰ ਨਾ ਟਿਕਾ ਸਕਿਆ ਪਰੰਤੂ ਡਿਪਟੀ ਇਸ ਕੋਟ ਨੂੰ ਲਤਾੜਦਾ ਅੱਗੇ ਲੰਘ ਗਿਆ। ਮਿਧੇ ਜਾ ਰਹੇ ਕੋਟ ਨੂੰ ਵੇਖ ਕੇ ਮੋਤਾ ਸਿੰਘ ਦੇ ਸੀਨੇ 'ਚ ਰੁੱਗ ਭਰਿਆ ਗਿਆ। ਖਾਕੀ ਵਰਦੀ ਨੇ ਕਾਲਾ ਕੋਟ ਦਰੜ ਦਿੱਤਾ ਸੀ।''*[42]

ਮਿੱਤਰ ਸੈਨ ਮੀਤ ਦੇ ***ਕਟਹਿਰਾ*** ਨਾਵਲ ਦੀ ਵਿਲੱਖਣ ਪ੍ਰਾਪਤੀ ਦਾ ਜ਼ਿਕਰ ਕਰਦਿਆਂ ਡਾ. ਟੀ.ਆਰ. ਵਿਨੋਦ ਲਿਖਦਾ ਹੈ:

> *ਨਾਵਲਕਾਰ ਨੇ ਸਾਡੀ ਨਿਆਂ ਪ੍ਰਣਾਲੀ ਦੇ ਭਿੰਨ-ਭਿੰਨ ਪੱਖਾਂ ਦੀਆਂ ਬਾਰੀਕੀਆਂ ਨੂੰ ਇਕ ਕਲਾਕਾਰ ਦੀ ਸੂਝ ਨਾਲ ਜਿਵੇਂ ਇਸ ਨਾਵਲ ਵਿਚ ਪੇਸ਼ ਕੀਤਾ ਹੈ ਉਹ ਨਿਰਸੰਦੇਹ, ਵੱਡੀ ਪ੍ਰਾਪਤੀ ਹੈ। ਇਕ ਪਾਸਿਉਂ ਇਹ ਪੇਸ਼ਕਾਰੀ ਮੱਧ ਵਰਗੀ ਆਦਰਸ਼ਵਾਦ ਤੋਂ ਮੁਕਤ ਹੈ। ਦੂਜੇ ਪਾਸਿਉਂ ਇਹ ਨਿਰਾਸ਼ਾਵਾਦ ਤੋਂ ਵੀ ਸੁਰਖ਼ਰੂ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਆਦਰਸ਼ਵਾਦ ਅਤੇ ਨਿਰਾਸ਼ਾਵਾਦ ਦੋਵੇਂ ਮੱਧਵਰਗੀ ਜ਼ਹਿਨੀਅਤ ਦੇ ਹੀ ਸਿੱਧ ਪੁੱਠ ਹਨ। ਬੰਟੀ ਦਾ ਕਤਲ ਮਨੁੱਖਤਾ ਦੇ ਭਵਿੱਖ ਦੇ ਕਤਲ ਦਾ ਚਿਹਨ ਹੈ ਜਿਸ ਦੇ ਕਾਤਲਾਂ ਦੀ ਗ੍ਰਿਫ਼ਤਾਰੀ ਲਈ ਵਿਵਸਥਾ ਸਿਰ ਧੜ ਦੀ ਬਾਜ਼ੀ ਲਾਈ ਬੈਠੀ ਹੈ। ਵਿਡੰਬਣਾ ਇਹ ਹੈ ਕਿ ਇਸ ਵਿਵਸਥਾ ਹੀ ਮਨੁੱਖਤਾ ਦੇ ਭਵਿੱਖ ਦੀ ਕਾਤਲ ਹੈ ਪਰੰਤੂ ਕਾਤਲ ਖ਼ੁਦ ਹੀ ਨਿਆਇਕ ਵੀ ਹੈ ਜਿਸਦਾ ਅਹਿਸਾਸ ਨਾਵਲਕਾਰ ਮਸ਼ਕਰੀ ਦੀ ਵਿਧਾ ਰਾਹੀਂ ਕਰਵਾਉਂਦਾ ਹੈ।*[43]

ਇਸ ਨਾਵਲ ਵਿਚਲੀ ਵਸਤ ਤੇ ਥੀਮਕ ਵਿਸ਼ਾਲਤਾ ਦੀ ਗੱਲ ਕਰਦਿਆਂ ਡਾ. ਟੀ.ਆਰ. ਵਿਨੋਦ ਲਿਖਦਾ ਹੈ:

> *ਦੀਵਾਨੀ ਅਤੇ ਫੌਜਦਾਰੀ ਮਾਮਲਿਆਂ ਦੇ ਪਰਸਪਰ ਸੰਬੰਧਾਂ ਦੀਆਂ ਅਨੇਕ ਵੰਨਗੀਆਂ ਮੀਤ ਦੇ ਨਾਵਲਾਂ ਵਿਚ ਮਿਲਦੀਆਂ ਹਨ। ਇਹ ਸਭ ਇਕ ਸਾਮਾਨਯ ਸਿਧਾਂਤ ਵੱਲ ਸੰਕੇਤ ਕਰਦੀਆਂ ਹਨ ਕਿ ਦੀਵਾਨੀ ਮੁਕੱਦਮਿਆਂ ਦਾ ਆਧਾਰ ਨਿਜੀ ਸੰਪਤੀ ਦੀ ਸੰਸਥਾ ਹੈ ਜਿਹੜੀ ਨੇੜਲੇ ਰਿਸ਼ਤੇਦਾਰਾਂ ਵਿਚ ਵੀ ਜੱਦੀ ਪੁਸ਼ਤੀ ਦੁਸ਼ਮਣੀ ਪੈਦਾ ਕਰ ਦਿੰਦੀ ਹੈ। ਜਿਸ ਦੌਰ ਵਿਚੋਂ ਦੀ ਵਿਸ਼ਵ ਸਮਾਜ ਵਿੱਚ ਇਸ ਵੇਲੇ ਗੁਜ਼ਰ ਰਿਹਾ ਹੈ, ਉਸ ਦੌਰ ਵਿਚ ਨਿਜੀ ਜਾਇਦਾਦ ਦੀ ਸੰਸਥਾ ਸਮਾਜੀ ਵਿਕਾਸ ਦਾ ਰੋੜਾ ਸਾਬਤ ਹੋ ਰਹੀ ਹੈ। ਇਤਿਹਾਸਕ ਤੌਰ 'ਤੇ*

*ਇਸ ਦਾ ਅੰਤ ਲਾਜ਼ਮੀ ਹੋ ਗਿਆ ਹੈ। ਇਸ ਲਈ ਸਮਾਜਵਾਦੀ ਇਨਕਲਾਬ ਸਮੇਂ ਦੀ ਬਾਹਰ-ਮੁਖੀ ਜ਼ਰੂਰਤ ਬਣ ਗਈ ਹੈ। ਇਸ ਜ਼ਰੂਰਤ ਦਾ ਅਹਿਸਾਸ ਕਰਵਾਉਣਾ ਮੀਤ ਦੇ ਨਾਵਲ ਦੀ ਵਿਲੱਖਣ ਪ੍ਰਾਪਤੀ ਹੈ।*[44]

ਉਪਰੋਕਤ ਧਾਰਣਾ ਦੀ ਪੁਸ਼ਟੀ ਮੀਤ ਦੇ ਨਾਵਲ ***ਤਫ਼ਤੀਸ਼*** ਦੀ ਹੇਠਲੀ ਸਥਿਤੀ ਦੇ ਵੇਰਵੇ ਵਿਚੋਂ ਸਪਸ਼ਟ ਨਜ਼ਰ ਆਉਂਦੀ ਹੈ। *''ਬਾਜਵਾ ਪੱਤੀ ਵਾਲੇ ਲੰਬੜਾਂ ਦਾ ਔਤ ਤਾਇਆ ਮਰ ਗਿਆ ਸੀ। ਤਾਏ ਦੇ ਮਰਨ ਦੀ ਖ਼ਬਰ ਦਾ ਮਤਲਬ ਮੁਨਸ਼ੀ ਝੱਟ ਸਮਝ ਗਿਆ ਸੀ। ਲੰਬੜਾਂ ਦੇ ਮੁੰਡਿਆਂ ਵਿਚਕਾਰ ਮੁਕੱਦਮੇਬਾਜ਼ੀ ਸ਼ੁਰੂ ਹੋਣ ਵਾਲੀ ਸੀ। ਵੱਡਾ ਮੁੰਡਾ ਕੋਈ ਦਸ ਵੀਹ ਸਾਲ ਪੁਰਾਣੀ ਵਸੀਅਤ ਪੇਸ਼ ਕਰੇਗਾ, ਜਿਸ ਦੇ ਆਧਾਰ 'ਤੇ ਉਹ ਬੁੱਢੇ ਦੀ ਜ਼ਮੀਨ ਦਾ ਵਾਰਿਸ ਬਣੇਗਾ। ਛੋਟੇ ਕੋਲ ਕੁਝ ਮਹੀਨੇ ਪਹਿਲਾਂ ਲਿਖੀ ਖਾਨਗੀ ਵਸੀਅਤ ਹੋਵੇਗੀ ਜਿਹੜੀ ਪੰਚਾਂ ਸਰਪੰਚਾਂ ਦੁਆਰਾ ਤਸਦੀਕ ਕੀਤੀ ਜਾਵੇਗੀ। ਸਭ ਤੋਂ ਛੋਟਾ ਤਾਏ ਦਾ ਮੁਤਬੰਨਾ ਹੋਣ ਦਾ ਦਾਅਵਾ ਕਰੇਗਾ। ਸਿਆਣੇ ਹੋਏ ਤਾਂ ਦੀਵਾਨੀ ਮੁਕੱਦਮੇ ਨਾਲ ਸਾਰ ਲੈਣਗੇ। ਚਾਰ ਭਰਾਵਾਂ ਦੇ ਧੱਕੇ ਚੜ੍ਹਗੇ ਤਾਂ ਛੱਬੀ ਤੋਂ ਲੈ ਕੇ ਕਤਲ ਤਕ ਦੀ ਫੌਜਦਾਰੀ ਕਰਕੇ ਵਕੀਲਾਂ ਮੁਨਸ਼ੀਆਂ ਦੇ ਘਰ ਭਰਨਗੇ।''*[45]

ਇਸ ਨਾਵਲ ਦੀ ਇਕ ਵਿਧੀ ਪਾਤਰਾਂ ਦੇ ਅੰਦਰਲੇ ਤੇ ਬਾਹਰਲੇ ਕਿਰਦਾਰ ਵਿਚਲੇ ਅੰਤਰ ਵਿਰੋਧ ਨੂੰ ਦੂਜੇ ਪਾਤਰਾਂ ਰਾਹੀਂ ਵਿਸ਼ੇਸ਼ ਸਥਿਤੀਆਂ ਵਿਚ ਸਮਝਣ ਵਿਚ ਹੈ ਜਿਸ ਨੂੰ ਬਿਰਤਾਂਤਕਾਰ ਟੈਲਿੰਗ ਰਾਹੀਂ ਸਾਹਮਣੇ ਲਿਆਉਂਦਾ ਹੈ। ਉਦਾਹਰਣ ਵਜੋਂ ਮੋਹਨ ਜੀ ਕਿਸੇ ਵੀ ਅਦਾਲਤ ਵਿਚ ਆਪਣਾ ਕੇਸ ਪੇਸ਼ ਕਰਨ ਤੋਂ ਪਹਿਲਾਂ ਉਸ ਦੇ ਜੱਜਾਂ ਦੀ ਮਨੋਵਿਗਿਆਨ ਦੀ ਘੋਖ ਕਰਦਾ ਹੈ। ਉਹ ਉਸ ਦੀ ਮਨੋ-ਬਣਤਰ ਅਨੁਸਾਰ ਹੀ ਆਪਣੇ ਕਲਾਇੰਟ ਅਤੇ ਉਸ ਦੇ ਕੇਸ ਦੀ ਪੈਰਵਾਈ ਲਈ ਆਪਣਾ ਤਰਕ/ਦਲੀਲ ਉਸਾਰਦਾ ਹੈ। ਆਪਣੀ ਵਕਾਲਤ ਦੀ ਕਲਾ ਵਿਚ

ਇਨ੍ਹਾਂ ਮਾਹਰ ਸੀ ਕਿ ''ਉਹ ਗੁਲਜਮਾਂਤ ਦਾ ਵਾਰਿਸ ਹੋਣ ਜਾਂ ਨਾ ਉਸ ਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ। ਉਸਦੇ ਮੁਨਸ਼ੀ ਹਰ ਕਚਹਿਰੀ ਤੇ ਨਜ਼ਰ ਰਖਦੇ ਸਨ। ਇੰਝ ਅਚਾਨਕ ਪੇਸ਼ ਕੀਤੇ ਮੁਲਜਮਾਂ ਵੱਲੋਂ ਉਹ ਵੀ ਅਚਾਨਕ ਹੀ ਪੇਸ਼ ਹੋ ਜਾਂਦਾ ਸੀ। ਕਾਗਜ਼-ਪੱਤਰ ਦਾ ਖਰਚਾ ਵੀ ਪੱਲਿਉਂ ਕਰ ਦਿੰਦਾ ਸੀ ਅਤੇ ਲਿਖਤ-ਪੜ੍ਹਤ ਦਾ ਵੀ।'' ਉਹ ਅਜਿਹਾ ਕਿਸੇ ਪਰਸੁਆਰਥੀ ਜਾਂ ਪੁੰਨੀ ਸੁਭਾਅ ਅਨੁਸਾਰ ਨਹੀਂ ਸੀ ਕਰਦਾ ਸਗੋਂ ਉਸ ਨੂੰ ਪੂਰਾ ਯਕੀਨ ਹੁੰਦਾ ਸੀ ਕਿ ਪਿਛੋਂ ਉਗਰਾਹੀ ਤਾਂ ਹੋ ਹੀ ਜਾਣੀ ਹੈ। ਉਗਰਾਹੀ ਵੀ ਚੰਗੀ ਮਾਤਰਾ ਵਿਚ।

ਪਾਲਾ ਅਤੇ ਮੀਤਾ ਦੇ ਕੇਸ ਵਿਚ ਵੀ ਉਹ ਪਹਿਲਾਂ ਕੰਮ ਇਹੀ ਕਰਦਾ ਹੈ ਕਿ ਕੇਸ ਦੀ ਸੁਣਵਾਈ ਕਰ ਰਹੇ ਅਡੀਸ਼ਨਲ ਸੈਸ਼ਨ ਜੱਜ ਸਤਿੰਦਰ ਨਾਥ ਦੇ ਮਨੋਵਿਗਿਆਨ ਅਤੇ ਉਸ ਸੋਚ ਨੂੰ ਸਮਝਿਆ ਜਾਵੇ। ਇਸੇ ਪ੍ਰਸੰਗ ਵਿਚ ਉਹ ਆਪਣੇ ਪਹਿਲੇ ਅਨੁਭਵ ਵੀ ਸਾਂਝੇ ਕਰਦਾ ਹੈ ਜਿੰਨ੍ਹਾਂ ਵਿਚ ਨੱਥੂ ਰਾਮ ਮਜਿਸਟਰੇਟ ਵਰਗੇ ਉਪਰੋਂ ਕਰਮੀ ਧਰਮੀ ਤੇ ਪੂਜਾ-ਪਾਠ ਕਰਨ ਵਾਲੇ ਤੇ ਅੰਦਰੋਂ ਸ਼ਰਾਬ, ਕਬਾਬ ਤੇ ਸ਼ਬਾਬ ਦੇ ਸ਼ੁਕੀਨ ਜੱਜਾਂ ਦਾ ਪਰਦਾ ਉਨ੍ਹਾਂ ਦੇ ਆਪਣੇ ਹੀ ਲਾਂਗਰੀ, ਸਫਾਈਆਂ ਕਰਨ ਵਾਲੇ ਜਮਾਂਦਾਰ ਜਾਂ ਉਨ੍ਹਾਂ ਦੇ ਅਰਦਲੀ ਹੀ ਕਰਦੇ ਹਨ। ਨਾਵਲਕਾਰ ਦੀ ਇਹ ਵਿਧੀ ਇਸ ਨਾਵਲ ਵਿਚ ਅਨੇਕ ਅਜਿਹੇ ਦੂਹਰੇ ਕਿਰਦਾਰ ਵਾਲੇ ਅਧਿਕਾਰੀਆਂ, ਜੱਜਾਂ, ਵਕੀਲਾਂ ਆਦਿ ਦੇ ਅੰਦਰੂਨੀ ਯਥਾਰਥ ਦੀ ਅਨੇਕ ਪਰਤਾਂ ਨੂੰ ਖੋਲ੍ਹਦੇ ਹਨ ਜਿਨ੍ਹਾਂ ਰਾਹੀਂ ਸਾਨੂੰ ਸਾਡੀ ਜਾਤੀ-ਜਮਾਤੀ ਬਣਤਰ ਵਿਚੋਂ ਉਭਰੀ ਭਾਰਤੀ ਸਾਈਦੀ ਦਾ ਪਤਾ ਲਗਦਾ ਹੈ।

ਇਉਂ, ਇਹ ਨਾਵਲ ਸਾਡੇ ਨਿਆਇਕ ਪ੍ਰਬੰਧ ਦੀ ਦੂਜੀ ਕੜੀ ਅਦਾਲਤ ਦੇ ਹੇਠਲੇ ਮੁਲਾਜ਼ਮ ਤੋਂ ਲੈ ਕੇ, ਸਰਕਾਰੀ ਵਕੀਲ, ਵਕੀਲਾਂ, ਜੱਜਾਂ ਆਦਿ ਨੂੰ ਸਾਡੀ ਪੂੰਜੀਵਾਦੀ ਵਿਵਸਥਾ ਵਿਚ ਸੱਤਾ 'ਤੇ ਕਾਬਜ ਜਮਾਤ ਦੇ ਇਕ ਅਧੀਨ ਸਿਸਟਮ ਵਜੋਂ ਪੇਸ਼ ਕਰਨ 'ਚ ਸਫ਼ਲ ਹੋਇਆ ਹੈ। ਸਾਡੀ ਲੋਕ-ਰਾਜੀ ਸਟੇਟ ਜਿਹੜੀ ਸੰਵਿਧਾਨ

ਅਨੁਸਾਰ ਸਭ ਨੂੰ ਕਾਨੂੰਨ ਦੀ ਨਜ਼ਰ ਵਿਚ ਸਮਾਨਤਾ ਅਤੇ ਇਨਸਾਫ਼ ਦੀ ਗਾਰੰਟੀ ਦਿੰਦੀ ਹੈ, ਵਾਸਤਵ ਵਿਚ ਇਹ ਇਕ ਭਰਮ ਹੈ।

ਨਾਵਲਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਸਨੇ ਭਰਮ ਦਾ ਭੰਜਨ ਆਪਣੀ ਪ੍ਰੋਢ ਗਲਪੀ-ਚੇਤਨਾ ਰਾਹੀਂ ਇਸ ਤਰ੍ਹਾਂ ਕੀਤਾ ਹੈ ਕਿ ਇਸ ਇੰਤਜ਼ਾਮੀਏ ਨਾਲ ਸਬੰਧਿਤ ਹਰੇਕ ਵਿਅਕਤੀ ਅਤੇ ਇਸ ਦੀ ਅਤਿਭਿਆਨਕ ਬਣੀ ਵਿਵਸਥਾ ਦੀ ਸਿੱਧੜਤਾ, ਮੂਰਖਤਾ, ਪਾਖੰਡ ਅਤੇ ਖ਼ੁਦਗਰਜ਼ੀ ਦਾ ਪਾਜ ਖੋਲਦੀ ਹੋਈ ਇਸੇ ਅੰਤਰ ਵਿਰੋਧਾਂ ਬਾਰੇ ਸੁਚੇਤ ਕਰਨ ਦਾ ਪ੍ਰਕਾਰਾਜ ਵੀ ਨਿਭਾਉਂਦੀ ਹੈ। ਨਾਵਲਕਾਰ ਦੀ ਇਹ ਦ੍ਰਿਸ਼ਟੀ ਨਾਵਲ ਵਿਚ ਅਤਿਕਥਨੀ, ਵਿਰੂਪਨ, ਵਿਰੋਧਾਭਾਸ, ਸਮਵਿੱਥ ਚਿਤ੍ਰਣ ਅਤੇ ਭਾਸ਼ਕ ਟਿੱਪਣੀਆਂ ਆਦਿ ਗਲਪੀ ਜੁਗਤਾਂ ਦੇ ਮਾਧਿਅਮ ਰਾਹੀਂ ਰੂਪਮਾਨ ਹੋਈ ਹੈ।

***ਸੁਧਾਰਘਰ*** ਮਿੱਤਰ ਸੈਨ ਮੀਤ ਦਾ ਇਸੇ ਲੜੀ ਦਾ ਤੀਸਰਾ ਨਾਵਲ ਹੈ, *''ਜਿਹੜਾ ਜ਼ੇਲ੍ਹ ਪ੍ਰਬੰਧ ਵਿਚ ਪਸਰੇ ਵਿਆਪਕ ਤੇ ਵਿਕਰਾਲ ਭ੍ਰਿਸ਼ਟਾਚਾਰ, ਅਤਿਆਚਾਰ, ਵਿਭਚਾਰ, ਅਮਾਨਵੀ ਵਿਹਾਰ ਅਤੇ ਨਸ਼ੀਲੇ ਪਦਾਰਥਾਂ ਦੇ ਹੋ ਰਹੇ ਖੁਲ੍ਹੇ ਗ਼ੈਰ-ਕਾਨੂੰਨੀ ਕਾਰੋਬਾਰ ਦੀ ਯਥਾਰਥ ਨੂੰ ਕੇਂਦਰ ਵਿਚ ਲੈਂਦਾ ਹੋਇਆ ਭਾਰਤੀ ਸਟੇਟ ਦੇ ਸਮੁੱਚੇ ਪ੍ਰਬੰਧਕੀ ਢਾਂਚੇ ਦੀ ਕਾਰਜਸ਼ੈਲੀ ਦੇ ਅਸਲ ਸਾਰ ਨੂੰ ਪ੍ਰਤਿਬਿੰਬਤ ਕਰਦਾ ਹੈ। ਕਰੂਰਤਾ ਦੇ ਕਰੂਪਤਾ ਦਾ ਪੇਸ਼ ਹੋਇਆ ਅਜਿਹਾ ਭਿਆਨਕ ਮਹਾਂ ਦ੍ਰਿਸ਼ ਜਿਥੇ ਭੈਅ ਤੇ ਕਰੁਣਾ ਦੇ ਭਾਵ ਪੈਦਾ ਕਰਦਾ ਹੈ, ਉਥੇ ਅਜਿਹੀ ਗ਼ੈਰ-ਮਾਨਵੀ ਸਥਿਤੀ ਪ੍ਰਤਿ ਰੋਸ ਦੇ ਰੋਹ ਦੇ ਭਾਵਾਂ ਦਾ ਵੀ ਸੰਚਾਰ ਕਰਦਾ ਹੈ। ਸੰਮਤੀ ਵਾਲਿਆਂ ਵੱਲੋਂ ਵਿੱਢਿਆ ਸੰਘਰਸ਼ ਇਹਨਾਂ ਭਾਵਾਂ ਨੂੰ ਇਨਕਲਾਬੀ ਚੇਤਨਾ ਵਿਚ ਢਾਲਣ ਅਤੇ ਸਮੂਹਕ ਚੇਤਨਾ ਵਿਚ ਸਿਰਜਣ ਦਾ ਪ੍ਰੇਰਕ ਬਣਦਾ ਹੈ।''*[46]

ਡਾ. ਜੋਗਿੰਦਰ ਸਿੰਘ ਰਾਹੀ ਆਪਣੇ ਮਜ਼ਮੂਨ ਮਿੱਤਰਸੈਨ ਮੀਤ ਦਾ ''**ਸੁਧਾਰ ਘਰ: ਚਕ੍ਰਵਿਊ ਤੇ ਅਭਿਮਨਯੂ**'' ਵਿਚ ਇਸ ਨਾਵਲ ਨੂੰ ਪੰਜਾਬੀ ਦਾ ਪਹਿਲਾ

ਨਾਵਲ ਕਹਿੰਦਾ ਹੈ ਜਿਹੜਾ ਸਾਡੇ ਵਰਤਮਾਨ ਨੂੰ ਇਸ ਮਹਾਂਕਾਵਿਕ ਪਿੱਠ ਭੂਮੀ ਵਿਚ ਜਾਚਣ ਪਰਖਣ ਵਾਲਾ ਹੈ।[47] ਉਹ ਇਸੇ ਮਜ਼ਮੂਨ ਵਿਚ ਅੱਗੇ ਲਿਖਦਾ ਹੈ:

> *ਤਕਨੀਕੀ ਭਾਸ਼ਾ ਦੀ ਲਾਲਸਾ ਪੂਰਨੀ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਮਹਾਂ ਭਾਰਤ ਵਿਚ ਸਿਰਜਤ ਚਕ੍ਰਵਿਊ ਤੇ ਅਭਿਮਨਯੂ ਦਾ ਬਿਰਤਾਂਤ-ਖੇਡ ਇਸ ਨਾਵਲ ਦਾ ਚਿਹਨਾਰਥੀ ਪਾਠ ਹੈ। ਮਹਾਂ ਭਾਰਤ ਦਾ ਬਿਰਤਾਂਤਖੰਡ ਇਕ ਐਸਾ ਪ੍ਰਸੰਗ ਹੈ ਜੋ ਇਸ ਨਾਵਲ ਵਿਚ ਮੂਰਤੀਮਾਨ ਕਥਾ-ਸਮਾਚਾਰ ਨੂੰ ਇਕ ਪਾਸੇ ਸਾਡੇ ਵਰਤਮਾਨ ਰਾਜਤੰਤਰ ਦੇ ਇਤਿਹਾਸਕ ਯਥਾਰਥ ਦੀ ਬਦਸੂਰਤੀ ਦਾ ਆਈਨਾ ਬਣਾਉਂਦਾ ਹੈ ਤੇ ਦੂਜੇ ਪਾਸੇ ਇਸ ਵਿਰੁਧ ਸੰਘਰਸ਼ ਨੂੰ ਦਾਰਸ਼ਨਿਕ ਗੌਰਵ ਦੀ ਪੁੱਠ ਦੇਂਦਾ ਹੈ। ਇਹ ਗੁਣ ਪਹਿਲਾਂ ਸਾਡੇ ਨਾਵਲ ਵਿਚ ਦੁਰਲੱਭ ਤਾਂ ਨਹੀਂ ਪਰ 'ਸੁਧਾਰ ਘਰ' ਵਿਚ ਇਸ ਦੀ ਕੈਨਵਸ ਜਿੰਨਾ ਵਿਸ਼ਾਲ ਤੇ ਅਭਿਮਨਯੂ ਦੇ ਸ਼ਾਸਤ੍ਰ ਵਾਂਗ ਕਟਵਾ ਹੈ, ਉਹ ਗੁਣ ਸਾਡੇ ਹੁਣ ਤੱਕ ਦੇ ਨਾਵਲ ਵਿਚ ਪ੍ਰਾਪਤ ਨਹੀਂ ਹੋਇਆ।[48]*

ਡਾ. ਦਵੇਸ਼ਵਰ ਆਪਣੇ ਮਜ਼ਮੂਨ ''**ਭ੍ਰਿਸ਼ਟ ਵਿਵਸਥਾ ਵਿਚ ਪੈਦਾ ਹੋ ਰਹੀ ਸੰਭਾਵੀ ਇਨਕਲਾਬੀ ਚੇਤਨਾ ਦਾ ਨਾਵਲ – *ਸੁਧਾਰ ਘਰ***' ਵਿਚ ਇਸ ਨਾਵਲ ਬਾਰੇ ਆਪਣਾ ਅਧਿਐਨ ਵਿਵੇਚਨ ਪੇਸ਼ ਕਰਦਾ ਲਿਖਦਾ ਹੈ:

> *ਰੂਪ-ਚੇਤਨਾ ਪੱਖੋਂ ਇਹ ਨਾਵਲ ਕਲਾਸੀਕਲ ਦੁਖਾਂਤ ਦੇ ਵਿਵੇਚਣੀ ਸੁਭਾਅ ਤੋਂ ਵੱਖਰਾ ਹੈ। ਇਸ ਵਿਚ ਪੂਰੀ ਸਟੇਟ ਤੇ ਉਸਦਾ ਸਮੁੱਚਾ ਪ੍ਰਬੰਧਕੀ ਢਾਂਚਾ ਕਿਸੇ ਸਦਗੁਣੀ ਨਾਇਕ ਵਜੋਂ ਨਹੀਂ ਸਗੋਂ ਖਲਨਾਇਕ ਵਜੋਂ ਪੇਸ਼ ਹੋਇਆ ਹੈ। ਪੈਸਾ ਸੱਤਾ ਦੇ ਸ਼ੋਸ਼ਿਣ ਇਸ ਦਾ ਬੁਨਿਆਦੀ ਖ਼ਾਸਾ ਹੈ। ਇਹੀ ਖ਼ਾਸਾ ਇਸ ਦੀ ਬੁਨਿਆਦੀ ਖੋਟ ਹੈ ਜਿਹੜੀ ਬਹੁ-ਗਿਣਤੀ ਸਾਧਨ-ਵਿਹੂਣੀ ਜਮਾਤ ਦੇ ਦੁਖਾਂਤ ਦਾ ਕਾਰਣ ਬਣਦੀ ਹੈ।*

*ਇਸ ਨਾਵਲ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਇਹ ਸਾਡੀ ਪੂੰਜੀਵਾਦੀ ਵਿਵਸਥਾ ਦੇ ਇਸ ਸੱਚ ਨੂੰ ਕਿਸੇ ਇਕਹਰੇ, ਸਰਲ ਅਤੇ ਅਹਿੱਲ ਰੂਪ ਵਿਚ ਗ੍ਰਹਿਣ ਕਰਨ ਦੀ ਬਜਾਏ ਇਸ ਨੂੰ ਉਸ ਦੇ ਸਮੁੱਚੇ, ਜਟਿਲ ਤੇ ਗਤੀਸ਼ੀਲ ਰੂਪ ਵਿਚ ਪੇਸ਼ ਕਰਦਾ ਹੈ, ਜਿਸ ਵਿਚ ਵਿਚਲਾ ਵਿਪਰੀਤਾਂ ਦੀ ਏਕਤਾ ਦਾ ਬੁਨਿਆਦੀ ਅੰਤਰ ਵਿਰੋਧ ਸਾਡੀ ਵਸਤੂ-ਸਥਿਤੀ ਵਿਚ ਪਈ ਸੰਭਾਵੀ ਇਨਕਲਾਬੀ ਚੇਤਨਾ ਨੂੰ ਮਹਾਂ ਬਿਰਤਾਂਤ ਵਜੋਂ ਪਛਾਣਦਾ ਅਤੇ ਉਭਾਰਦਾ ਹੈ।*[47]

ਡਾ. ਰਾਜਿੰਦਰਪਾਲ ਸਿੰਘ ਨੇ ***ਸੁਧਾਰਘਰ*** ਨਾਵਲ ਬਾਰੇ ਲਿਖੇ ਆਪਣੇ ਮਜ਼ਮੂਨ ''**ਸੁਧਾਰ ਘਰ: ਪ੍ਰਮਾਣਿਕ ਜਾਣਕਾਰੀ ਦਾ ਦਸਤਾਵੇਜ਼**'' ਵਿਚ ਇਸ ਨਾਵਲ ਦੀ ਵਿਲੱਖਣਤਾ ਲਈ ਤਿੰਨ ਨੁਕਤੇ ਪਛਾਣੇ ਹਨ। ਪਹਿਲਾ ਇਹ ਵਿਸ਼ੇ ਪੱਖੋਂ ਨਵਾਂ ਨਿਵੇਕਲਾ ਹੈ, ਦੂਜਾ, ਇਸ ਵਿਚ ਆਮ ਲੋਕਾਂ ਦੀ ਜਾਣਕਾਰੀ ਤੋਂ ਬਾਹਰ ਦੇ ਖੇਤਰ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ; ਤੀਜਾ ਇਹ ਇਕ ਤਰ੍ਹਾਂ ਨਾਲ ਸਫ਼ਰਨਾਮੇ ਵਾਂਗ ਜੇਲ੍ਹ ਯਾਤਰਾ ਦਾ ਬਿਰਤਾਂਤ ਹੈ।

ਇਸ ਵਿਲੱਖਣਤਾ ਤੇ ਨਵੇਕਲੇਪਣ ਦੇ ਬਾਵਜੂਦ ਰਾਜਿੰਦਰ ਪਾਲ ਸਿੰਘ ਸਾਹਿਤ ਤੇ ਗਿਆਨ ਮੂਲਕ ਸਾਹਿਤ ਵਿਚ ਨਿਖੇੜ ਕਰਦਾ ਹੈ। ਉਸ ਅਨੁਸਾਰ ਗਿਆਨ ਦੀ ਪੱਧਰ 'ਤੇ ਤਾਂ ਜੇਲ੍ਹ ਜੀਵਨ ਬਾਰੇ ਸਾਡੇ ਕੋਲ ਅਨੇਕ ਪੁਸਤਕਾਂ ਉਪਲੱਬਧ ਹਨ ਜਿਨ੍ਹਾਂ ਵਿਚ ਪਾਤਰਾਂ ਦਾ ਮਨੋਵਿਗਿਆਨਕ ਘੋਲ, ਘਟਨਾਵਾਂ ਦੀ ਜਜ਼ਬਾਤੀ ਸਿੱਦਤ ਦੀ ਥਾਵੇਂ ਤੱਥਗਤ ਜਾਣਕਾਰੀ ਅਹਿਮ ਹੁੰਦੀ ਹੈ ਪਰੰਤੂ ਨਾਵਲ ਵਰਗੀ ਸਾਹਿਤਕ ਵਿਧਾ ਵਿਚ ਇਹ ਤੱਥ ਗਲਪੀ ਬਿੰਬਾਂ ਵਿਚ ਢਲਕੇ ਪੇਸ਼ ਹੁੰਦੇ ਹਨ। ਇਸ ਪੱਖੋਂ ਲੇਖਕ ਦੇ ਹਵਾਲੇ ਨਾਲ ਹੀ ਉਹ ਲਿਖਦਾ ਹੈ ਕਿ ਲੇਖਕ ਦਾ ਮੁਖ ਮਨੋਰਥ ਭਾਰਤੀ ਜੇਲ ਪ੍ਰਬੰਧ ਬਾਰੇ ਸੁਚੇਤ ਰੂਪ ਵਿਚ ਪਾਠਕ ਨੂੰ ਜਾਣਕਾਰੀ

ਦੇਣਾ ਹੈ। ਇਸੇ ਲਈ ਉਹ ਗਲਪੀ ਪੱਧਰ 'ਤੇ ਇਸ ਨਾਵਲ ਵਿਚ ਉਨਿਆਈ ਦੀ ਗੱਲ ਕਰਦਾ ਹੈ।[50]

ਪਰ ਅੱਗੇ ਉਹ ਇਹ ਵੀ ਲਿਖਦਾ ਹੈ ਕਿ ਇਸ ਨਾਵਲ ਵਿਚ ਲੇਖਕ ਨੇ ਸੱਤਾ ਅਤੇ ਸੱਤਾ ਦੇ ਵਿਰੋਧੀਆਂ ਦੇ ਆਪਸੀ ਸੰਬੰਧਾਂ, ਨੂੰ ਜੇਲ੍ਹ ਅੰਦਰ ਕਿਵੇਂ ਮੌਜੂਦ ਹੁੰਦ ਹਨ, ਇਹ ਤਾਂ ਨਹੀਂ ਪੇਸ਼ ਕੀਤਾ ਪਰ ਜੇਲ੍ਹ ਅੰਦਰ ਰਾਜਸੱਤਾ ਕਿਵੇਂ ਕੰਮ ਕਰਦੀ ਹੈ, ਇਸ ਨੂੰ ਅੱਵਸ਼ ਦਰਸਾਇਆ ਹੈ। ਜੇਲ੍ਹ ਅੰਦਰਲੀ ਰਾਜਸੱਤਾ ਬਾਹਰਲੀ ਰਾਜਸੱਤਾ ਦਾ ਪ੍ਰਛਾਵਾਂ ਹੀ ਨਹੀਂ, ਸਗੋਂ ਕਠਪੁਤਲੀ ਵੀ ਹੁੰਦੀ ਹੈ। ਰਾਜਸੱਤਾ ਵਿਰੁੱਧ ਬਗਾਵਤ ਕਰਨ ਵਾਲਿਆਂ ਨੂੰ ਜਿਥੇ ਜੇਲ੍ਹ ਸਬਕ ਸਿਖਾਉਂਦੀ ਹੈ, ਉਥੇ ਜੇਲ੍ਹ ਅੰਦਰ ਬਗਾਵਤ ਕਰਨ ਵਾਲਿਆਂ ਨੂੰ ਜੇਲ੍ਹ ਦੀ ਸੱਤਾ ਕਿਵੇਂ ਸਬਕ ਸਿਖਾਉਂਦੀ ਹੈ, ਇਸ ਦਾ ਚਿੱਤਰਨ ਭਲੀਭਾਂਤ ਹੋਇਆ ਹੈ।[51]

ਡਾ. ਧਰਮਚੰਦ ਵਾਤਿਸ਼ ਨੇ ਆਪਣੇ ਮਜ਼ਮੂਨ '**ਸੁਧਾਰ ਘਰ ਬਿਰਤਾਂਤਕੀ ਪਰਿਪੇਖ**' ਵਿਚ ਸੁਧਾਰ ਘਰ ਦੇ ਵਿਸ਼ਾਗਤ ਪਾਸਾਰ ਨੂੰ 'ਜੋ ਬ੍ਰਹਮੰਡੇ ਸੋਈ ਪਿੰਡੇ' ਦੇ ਮਹਾਂਵਾਕ ਅਨੁਸਾਰ ਸਮਝਣ ਦਾ ਯਤਨ ਕੀਤਾ ਹੈ। ਉਹ ਬਾਹਰਲੇ 'ਸੰਸਾਰ-ਘਰ' ਵਿਚ ਜੋ ਨਰਕ-ਸੁਰਗ ਵਾਲਾ ਜੀਵਨ ਵੇਖਦਾ ਹੈ, ਉਸ ਦੀ ਲਘੂ-ਤਸਵੀਰ **ਸੁਧਾਰ ਘਰ** ਨਾਵਲ ਵਿਚ ਵੀ ਹੈ। ਉਸ ਅਨੁਸਾਰ:

> *'ਬਾਹਰੀ ਸੰਸਾਰ' ਅਤੇ ਸੰਸਾਰ ਜੋ 'ਸੁਧਾਰ ਘਰ' ਅੰਦਰ ਹੈ ਵਿਚ ਅੰਤਰ ਕੇਵਲ ਇਤਨਾ ਹੈ ਕਿ ਉਥੇ ਇਕੋ-ਵੰਨਗੀ ਦੇ ਅੰਦਰ ਮੈਗਾ-ਮਾਰਕਿਟ ਵਾਂਗ ਸਭ ਵੰਨਗੀਆਂ ਉਪਲਬਧ ਹਨ ਜਦੋਂ ਕਿ ਬਾਹਰੀ ਸੰਸਾਰ ਵਿਚ ਇਹ ਸਭ ਕੁਝ ਖਿੰਡਰਿਆ-ਪੁੰਡਰਿਆ ਮਿਲਦਾ ਹੈ। ਕਥਾਕਾਰ ਨੇ ਬਾਹਰੀ ਸੰਸਾਰ ਦੀ ਸਾਰੀ ਨੇਕੀ-ਬਦੀ ਨੂੰ 'ਸੁਧਾਰ-ਘਰ' ਦੇ ਅੰਦਰ ਪੇਸ਼ ਕਰਨ ਵਿਚ ਬੜੀ ਮਿਹਨਤ ਕੀਤੀ ਹੈ। ਦੂਜਾ ਅੰਤਰ ਇਹ ਹੈ ਕਿ 'ਸੁਧਾਰ-ਘਰ' ਅੰਦਰਲੇ ਵਿਅਕਤੀ ਜਾਂ ਤਾਂ ਸਰਕਾਰੀ*

*ਨਿਯੁਕਤੀ ਰਾਹੀਂ ਅੰਦਰ ਹਨ ਜਾਂ ਫਿਰ ਅਦਾਲਤੀ ਆਦੇਸ਼ਾਂ ਰਾਹੀਂ ਘੱਲੇ ਗਏ ਹਨ। ਤੀਜਾ ਅੰਤਰ ਇਹ ਹੈ ਕਿ ਸੰਸਾਰ ਘਰ ਵਿਚੋਂ ਜਾਣ ਨੂੰ ਕਿਸੇ ਦਾ ਜੀਅ ਨਹੀਂ ਕਰਦਾ ਪਰ ਸੁਧਾਰ-ਘਰੋਂ ਬਾਹਰ ਆਉਣ ਨੂੰ ਹਰ ਕੋਈ ਉਤਾਵਲਾ ਹੈ। ਇਸ ਲਈ ਲੇਖਕ ਵਲੋਂ 'ਸੁਧਾਰ ਘਰ' ਦੇ ਸੁਧਾਰ ਦਾ ਬੀੜਾ ਚੁੱਕ ਕੇ ਚਿੰਨ੍ਹਾਤਮਕ ਤੌਰ 'ਤੇ ਸੰਸਾਰ ਘਰ ਦੇ ਸੁਧਾਰ ਵੱਲ ਕੀਤਾ ਗਿਆ ਉਦੇਸ਼ ਸਮਝਿਆ ਜਾਂਦਾ ਬਣਦਾ ਹੈ।*[52]

ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕ-ਤੰਤਰ ਹੈ ਪਰੰਤੂ ਇਸ ਦੀ ਸਭ ਤੋਂ ਵੱਡੀ ਵਿਡੰਬਣਾ ਇਹ ਹੈ ਕਿ ਇਸ ਦੀਆਂ ਤਿੰਨ ਬੁਨਿਆਦੀ ਪ੍ਰਬੰਧਕੀ ਇਕਾਈਆਂ ਵਿਧਾਨ ਪਾਲਿਕਾ, ਕਾਰਜ-ਪਾਲਿਕਾ ਤੇ ਨਿਆਂ ਪਾਲਿਕਾ ਲੋਕਾਂ ਨੂੰ ਇਨਸਾਫ਼ ਤੇ ਇਜ਼ਤ ਵਾਲੀ ਜ਼ਿੰਦਗੀ ਮੁਹੱਈਆ ਕਰਵਾਉਣ ਦੀ ਗਰੰਟੀ ਦੇਣ ਦੀ ਥਾਂ ਫੂਕੋ ਅਨੁਸਾਰ ਆਪਣੀ ਸੱਤਾ ਦੀ ਰੱਖਿਆ ਅਤੇ ਹਿੱਤਾਂ ਲਈ ਇਨ੍ਹਾਂ ਦਾ ਜ਼ਿਆਦਾ ਜ਼ੋਰ 'ਦੇਹ ਦੀ ਸੀਲਤਾ' (docile bodies) ਬਣਾਉਣਾ ਹੈ। ਕਿਉਂਕਿ ਸੱਤਾ ਦਾ ਬੁਨਿਆਦੀ ਸੁਭਾਅ ਸਰਮਾਇਆਦਾਰੀ ਦੇ ਸਭਿਆਚਾਰ ਨੂੰ ਬਣਾਈ ਰੱਖਣ ਅਤੇ ਇਸ ਨੂੰ ਵਿਸ਼ੇਸ਼ ਜਮਾਤ ਦੇ ਹਿੱਤਾਂ ਲਈ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਵਰਤੇ ਜਾਣ ਵਿਚ ਹੈ, ਇਸ ਲਈ ਇਹ ਕਾਨੂੰਨ, ਨਿਆਂ, ਅਨੁਸ਼ਾਸਨਤੰਤਰ, ਪੁਲਿਸ, ਸੁਧਾਰ ਘਰ ਆਦਿ ਰਾਹੀਂ ਮਨੁੱਖ ਦੀ ਦੇਹ ਨੂੰ ਨਿਯੰਤ੍ਰਿਤ ਕਰਕੇ ਇਸ ਨੂੰ ਸੱਤਾ ਦੀ ਆਗਿਆਕਾਰੀ ਬਣਾਉਂਦੇ ਹਨ। ਇਸੇ ਲਈ ਤਸ਼ੱਦਦ ਨੂੰ ਉਹ ਇਕ ਹਥਿਆਰ ਵਜੋਂ ਵਰਤਦੇ ਹਨ ਜਿਸ ਅਧੀਨ ਪੁਲਿਸ, ਕਾਨੂੰਨ, ਅਦਾਲਤਾਂ, ਪਾਗਲਖ਼ਾਨੇ, ਹਸਪਤਾਲ ਅਤੇ ਜੇਲ੍ਹਾਂ ਆਦਿ ਮਨੁੱਖ ਦੀ ਦੇਹ ਨੂੰ ਅਨੁਸ਼ਾਸ਼ਿਤ ਕਰਨ, ਅਨੁਕੂਲਨ ਅਤੇ ਨਿਯੰਤ੍ਰਿਤ ਕਰਨ ਦੇ ਖ਼ਤਰਨਾਕ ਔਜ਼ਾਰ ਹਨ ਅਤੇ ਸੱਤਾ ਦੀ ਕੂਟ ਰਾਜਨੀਤੀ ਅਧੀਨ ਕੰਮ ਕਰਦੇ ਹਨ।

ਫੂਕੋ ਨੇ ਆਪਣੀ ਪੁਸਤਕ *Discipline and Punish : Birth of the Prison* ਵਿਚ ਇਸ ਦੀ ਵਿਆਖਿਆ ਕਰਦਿਆਂ ਲਿਖਿਆ ਹੈ:

> *The Panopticon was also laboratory it would be used as a machine to carry out experiments, to altar behaviour, to train or correct individuals. To experiment with machine and monitor their effects. To try out different punishments on prisoners, according to their crimes and character, and to seek the most effective ones. To teach different techniques simultaneously to the workers, to drivide which is the best to try out pedagogical experiments- and particulars to take up once again, the well debated problem of secluded education by using orphans.*[53]

ਨਾਵਲੀ ਬਿਰਤਾਂਤ ਅਨੁਸਾਰ, *ਸੁਧਾਰ ਘਰ* ਨਾਵਲ ਮਿੱਤਰਸੈਨ ਮੀਤ ਦੇ ਤ੍ਰੈ-ਲੜੀ ਨਾਵਲ ਦੇ ਦੂਜੇ ਨਾਵਲ ***ਕਟਹਿਰਾ*** ਦੀ ਕਥਾ ਨੂੰ ਅੱਗੇ ਤੋਰਦਾ ਹੈ। ***ਕਟਹਿਰਾ*** ਨਾਵਲ ਵਿਚ ਸਾਡੀ ਨਿਆਂ-ਪ੍ਰਣਾਲੀ ਨਾਲ ਜੁੜੇ ਸਮੂਹ ਸਰਕਾਰੀ ਤੇ ਗ਼ੈਰ ਸਰਕਾਰੀ ਅਧਿਕਾਰੀਆਂ ਅਤੇ ਆਪਣੀ ਰੋਟੀ-ਰੋਜ਼ੀ ਲਈ ਇਸ ਵਿਚ ਸ਼ਾਮਲ ਵਕੀਲਾਂ, ਟਾਊਟਾਂ ਤੇ ਗਵਾਹਾਂ ਆਦਿ ਦੀ ਕਰਾਮਾਤ ਰਾਹੀਂ ਮੀਤੇ ਤੇ ਪਾਲੇ ਵਰਗੇ ਨਿਰਦੋਸ਼ ਤੇ ਸਾਧਾਰਨ ਲੋਕਾਂ ਨੂੰ ਮੌਤ ਦੀ ਸਜ਼ਾ ਹੋ ਜਾਂਦੀ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਸਾਡੀ ਨਿਆਇਕ ਵਿਵਸਥਾ ਦੀ ਕਾਰਜਸ਼ੀਲਤਾ ਸਟੇਟ ਅਤੇ ਵਿਅਕਤੀਆਂ ਦੇ ਹਿੱਤਾਂ ਲਈ ਕਾਨੂੰਨ, ਨਿਆਂ ਅਤੇ ਨੈਤਿਕਤਾ ਤਿੰਨਾਂ ਨੂੰ ਹੀ ਸੂਲੀ ਚੜ੍ਹਾ ਸਕਦੀ ਹੈ। ਇਸ ਦੇ ਬਾਵਜੂਦ ਉਹ ਸਾਡੇ ਸੰਵਿਧਾਨ ਵਿਚ ਦਰਜ ਮੌਲਿਕ ਅਤੇ ਮਨੁੱਖੀ ਅਧਿਕਾਰਾਂ ਦੀ ਵਕਾਲਤ ਵੀ ਕਰੀ ਜਾਂਦੀ ਹੈ।

ਅਗਲਾ ਵਿਅੰਗ ਅਤੇ ਮਸ਼ਕਰੀ ਜਿਹੜੀ ਹਸਾਊ ਹੀ ਨਹੀਂ ਸਗੋਂ ਬੰਦੇ ਨੂੰ ਅੰਦਰੋਂ ਰੁਆਂਦੀ ਹੈ, ਉਹ ਇਹ ਹੈ ਕਿ ਇਨ੍ਹਾਂ ਬੇਕਸੂਰ ਤੇ ਨਿਰਦੋਸ਼ੇ ਬੰਦਿਆਂ ਨੂੰ ਅਤਿ ਖ਼ਤਰਨਾਕ ਕੈਦੀ ਸਮਝ ਕੇ ਇਨ੍ਹਾਂ ਨੂੰ ਕੇਂਦਰੀ ਜੇਲ੍ਹ ਵਿਚ ਭੇਜਿਆ ਜਾਂਦਾ ਹੈ,

ਜਿਹੜੀ ਮਾਇਆ ਨਗਰ ਵਿਚ ਇਥੋਂ ਕਰੀਬ ਸੌ ਕਿਲੋਮੀਟਰ ਹੈ। ਕਿਉਂਕਿ ਇਕ ਸੌ ਕਿਲੋਮੀਟਰ ਦੇ ਲੰਬੇ ਰਸਤੇ ਵਿਚ ਅੱਤਵਾਦੀਆਂ ਵੱਲੋਂ ਪੁਲਿਸ ਵੈਨ 'ਤੇ ਹਮਲਾ ਕਰਨ ਅਤੇ ਆਪਣੇ ਸਾਥੀਆਂ ਨੂੰ ਛੁੜਾ ਲੈਣ ਦੀ ਸੰਭਾਵਨਾ ਹੈ, ਇਸ ਲਈ ਚੌਕਸ ਪੁਲਿਸ (ਵਿਅੰਗ) ਨੇ ਸਾਰੇ ਰਸਤਿਆਂ ਉਤੇ ਸੁਰੱਖਿਆ ਦਸਤੇ ਤੈਨਾਤ ਕਰ ਰੱਖੇ ਹਨ। ਇਹੀ ਨਹੀਂ ਇਨ੍ਹਾਂ ਖ਼ਤਰਨਾਕ ਕੈਦੀਆਂ ਨੂੰ ਇੱਧਰ-ਉੱਧਰ ਲੈ ਜਾਣ ਲਈ ਵਿਸ਼ੇਸ਼ ਤੌਰ 'ਤੇ ਬਣੀ ਬੁਲਟ-ਪਰੂਫ਼ ਵੈਨ ਵਿਚ ਰਖਿਆ ਗਿਆ ਹੈ। ਨਿਰਦੋਸ਼ ਕੈਦੀਆਂ ਦਾ ਅਜਿਹਾ ਮਾਣ ਤਾਂ ਸਾਡੇ ਵਰਗੇ ਲੋਕਤੰਤਰੀ ਦੇਸ਼ ਵਿਚ ਹੀ ਹੋ ਸਕਦਾ ਹੈ। ਜਦੋਂ ਕਿ ਅਸਲੀਅਤ ਇਹ ਹੈ ਕਿ ਇਹ ਦੋਵੇਂ ਕੈਦੀ ਨਿਰਦੋਸ਼ ਹੀ ਨਹੀਂ ਇਨ੍ਹਾਂ ਦਾ ਅਤਿਵਾਦ ਜਾਂ ਇਨ੍ਹਾਂ ਦੀ ਕਾਰਵਾਈਆਂ ਨਾਲ ਕੋਈ ਲੈਣਾ ਦੇਣਾ ਹੀ ਨਹੀਂ। ਨਾਵਲੀ ਬਿਰਤਾਂਤ ਦੇ ਆਰੰਭਲੇ ਵੇਰਵੇ ਇਹ ਸਪਸ਼ਟ ਕਰਦੇ ਹਨ ਕਿ ਪਾਲਾ ਵਿਆਹਿਆ ਹੋਇਆ ਹੈ। ਕਬੀਲਦਾਰੀ ਵਿਚ ਦਬਿਆ ਹੈ। ਮਾਂ-ਬਾਪ ਬੁੱਢੇ ਹਨ, ਜਵਾਨ ਭੈਣਾਂ ਵਿਆਹੁਣ ਵਾਲੀਆਂ ਹਨ। ਅਜਿਹੀ ਸਥਿਤੀ ਵਿਚ *''ਪਾਲੇ ਦੇ ਦੋ-ਚਾਰ ਮਹੀਨੇ ਜੇਲ੍ਹ ਜਾਣ ਨਾਲ ਹੀ ਕਬੀਲਦਾਰੀ ਦੀ ਰੇਲ ਪੱਟੜੀ ਤੋਂ ਲਹਿ ਜਾਇਆ ਕਰਦੀ ਸੀ। ਉਮਰ ਕੈਦ ਦੀ ਸਜ਼ਾ ਸੁਣਦਿਆਂ ਹੀ ਉਸਦੀ ਘਰਵਾਲੀ ਨੂੰ ਉਸ ਦੇ ਪੇਕਿਆਂ ਨੇ ਲੈ ਜਾਣਾ ਸੀ ਅਤੇ ਪੈਸੇ ਲੈ ਕੇ ਕਿਧਰੇ ਹੋਰ ਬਿਠਾ ਦੇਣਾ ਸੀ।''*[54]

ਇਸੇ ਤਰ੍ਹਾਂ ਮੀਤਾ ਛੜਾ ਛੜਾਅ ਸੀ। ਕੋਈ ਕਾਰੋਬਾਰ ਨਾ ਹੋਣ ਕਰਕੇ ਆਰਥਿਕ ਤੰਗੀ ਵਿਚ ਉਹ ਛੋਟੀਆਂ ਮੋਟੀਆਂ ਜੇਬਾਂ ਆਦਿ ਕਟਣ ਲੱਗਾ ਤੇ ਉਸ ਨੂੰ ਸ਼ਰਾਬ ਆਦਿ ਦੀ ਵੀ ਲਤ ਪੈ ਗਈ। ਇਸੇ ਦਾ ਫ਼ਾਇਦਾ ਲੈ ਕੇ ਪੁਲਿਸ ਨੇ ਕੇਸ ਇਨ੍ਹਾਂ ਦੋਹਾਂ ਦੇ ਗਲ ਪਾ ਦਿੱਤਾ।

ਨਾਵਲ ਦੇ ਇਹ ਵੇਰਵੇ ਜਿਥੇ ਸਾਡੇ ਨਿਆਇਕ ਵਿਵਸਥਾ ਦੇ ਸਟੇਟ ਪੱਖੀ ਰਵੱਈਏ ਨੂੰ ਦਰਸਾਉਂਦੇ ਹਨ ਉਥੇ ਸਾਡੀ ਸਮਾਜਿਕ-ਆਰਥਿਕ ਸਥਿਤੀਆਂ ਦੇ ਉਸ ਕੌੜੇ ਤੇ ਕਰੂਰ ਯਥਾਰਥ ਨੂੰ ਵੀ ਪੇਸ਼ ਕਰਦੇ ਹਨ ਜਿਨ੍ਹਾਂ ਵਿਚ ਇਕ ਸਾਧਾਰਨ

ਬੰਦਾ ਕਿਵੇਂ ਆਪਣੀ ਤੇ ਆਪਣੀ ਕਬੀਲਦਾਰੀ ਦੇ ਬੋਝ ਵਿਚ ਦੱਬਿਆ ਕਈ ਵਾਰ ਛੋਟੇ-ਮੋਟੇ ਜੁਰਮ ਕਰਦਾ ਹੈ। ਸਪਸ਼ਟ ਹੈ ਕਿ ਪੂੰਜੀਵਾਦੀ ਵਿਵਸਥਾ ਅਜਿਹੀਆਂ ਸਥਿਤੀਆਂ ਲਈ ਜ਼ਿੰਮੇਵਾਰ ਹੈ, ਪਰੰਤੂ ਕਾਨੂੰਨ ਤੇ ਨਿਆਂ-ਪ੍ਰਣਾਲੀ ਉਤੇ ਆਪਣੇ ਸਰਦਾਰੀ ਕਰਕੇ ਉਹ ਸਾਧਾਰਨ ਬੰਦੇ ਦੀਆਂ ਕਮਜ਼ੋਰੀਆਂ ਨੂੰ ਇਸ ਨਾਲ ਜੋੜਕੇ ਉਸਨੂੰ ਸਜ਼ਾ ਦਾ ਪਾਤਰ ਬਣਾਉਂਦੀ ਹੈ। ਯਥਾਰਥ ਦੀ ਵੱਡੀ ਪ੍ਰਾਪਤੀ ਇਨ੍ਹਾਂ ਤ੍ਰੈਲੜੀ ਨਾਵਲਾਂ ਵਿਚਲੀ ਵਸਤ ਰਾਹੀਂ ਨਿਆਇਕ ਪ੍ਰਣਾਲੀ ਦੇ ਸਮੁੱਚੇ ਉਪ-ਸਿਸਟਮ ਰਾਹੀਂ ਭਾਰਤੀ ਸਮਾਜ-ਸ਼ਾਸਤ੍ਰ ਅਤੇ ਇਸਦੇ ਮਨੋਵਿਗਿਆਨ ਦੇ ਪ੍ਰਤਿਨਿਧ ਖ਼ਾਸੇ ਦੀ ਤਫ਼ਤੀਸ਼ ਕਰਨਾ ਹੈ ਜਿਸ ਵਿਚ ਉਹ ਸਫ਼ਲ ਵੀ ਹੋਇਆ ਪ੍ਰਤੀਤ ਹੁੰਦਾ ਹੈ।

ਜੇਲ੍ਹ ਇਸ ਦਾ ਬਦਲਵਾਂ ਨਾਂ ਸੁਧਾਰ-ਘਰ ਰਖਿਆ ਗਿਆ ਹੈ; ਇਸ ਅੰਦਰ ਕੈਦੀਆਂ ਦੇ ਦਾਖ਼ਲੇ ਸਮੇਂ ਜੋ ਸਲੂਕ ਹੁੰਦਾ ਹੈ ਉਹ ਉਸ ਅੰਦਰਲੇ ਤਸ਼ੱਦਦ ਤੇ ਅਮਾਨਵੀ ਵਿਹਾਰ ਦੀ ਚਿਹਨਿਕ ਵਿਆਖਿਆ ਹੈ:

> *ਵੈਨ ਵਿਚੋਂ ਉਤਰਦਿਆਂ ਹੀ ਪਾਲੇ ਤੇ ਮੀਤੇ ਨੂੰ ਦਰਵਾਜ਼ੇ ਨਾਲ ਦੌੜਨ ਦਾ ਹੁਕਮ ਹੋਇਆ। ਦਰਵਾਜੇ 'ਚ ਦਾਖ਼ਲ ਹੋਣ ਤੋਂ ਪਹਿਲਾਂ, ਜਿਉਂ ਹੀ ਮੀਤੇ ਨੇ ਪਿਛਾਂਹ ਮੁੜਕੇ ਉਪਰ ਟਹਿਲਦੇ ਲੋਕਾਂ ਅਤੇ ਹਰੇ ਭਰੇ ਖੇਤਾਂ ਨੂੰ ਨਿਹਾਰਨਾ ਚਾਹਿਆ, ਤਿਉਂ ਹੀ ਇਕ ਮੁੱਕਾ ਉਸ ਦੇ ਮੌਰਾਂ ਵਿਚ ਵੱਜਿਆਂ ਅਤੇ ਉਸਨੂੰ ਘੁਮੇਰ ਆ ਗਈ।*
>
> *''ਕਿਹੜੇ ਖਸਮਾ ਨੂੰ ਉਡੀਕਦੈ? ਤੈਨੂੰ ਛੁਡਾਉਣ ਕੋਈ ਨਹੀਂ ਆਇਆ। ਆਖਦੇ ਹੌਲਦਾਰ ਨੇ ਹੱਥਕੜੀ ਵਾਲਾ ਸੰਗਲ ਖਿੱਚਕੇ ਦੋਹਾਂ ਨੂੰ ਆਪਣੇ ਵੱਲ ਧੂਹਿਆ ਅਤੇ ਧੱਕਾ ਦੇ ਕੇ ਖਿੜਕੀ ਵਰਗੇ ਛੋਟੇ ਦਰਵਾਜ਼ੇ ਰਾਹੀਂ ਜੇਲ੍ਹ ਦੀ ਡਿਊਢੀ ਵਿਚ ਸੁੱਟ ਦਿੱਤਾ।''*[55]

ਜ਼ੇਲ੍ਹ 'ਚ ਕੁਲ ਚਾਰ ਕੈਦੀ ਸਜ਼ਾ ਕੱਟਣ ਆਏ ਹਨ- ਪਾਲਾ, ਮੀਤਾ, ਸੇਠ ਸੁਭਾਸ਼ ਜੈਨ ਤੇ ਹਾਕਮ ਵਕੀਲ। ਡਾ. ਦਵੇਸ਼ਵਰ ਨੇ ਆਪਣੇ ਮਜ਼ਮੂਨ **'ਭ੍ਰਸ਼ਟ**

**ਵਿਵਸਥਾ ਵਿਚ ਪੈਦਾ ਹੋ ਰਹੀ ਸੰਭਾਵੀ ਇਨਕਲਾਬੀ ਚੇਤਨਾ ਦਾ ਨਾਵਲ– ਸੁਧਾਰ ਘਰ**' ਵਿਚ ਲਿਖਿਆ ਹੈ:

> *ਪਾਲਾ, ਮੀਤਾ, ਹਾਕਮ ਤੇ ਸੇਠ ਸੁਭਾਸ਼ ਜੈਨ ਇਸ ਨਾਵਲ ਦੇ ਚਾਰ ਅਜਿਹੇ ਪਾਤਰ ਹਨ ਜਿਹੜੇ ਇਸ ਨਾਵਲ ਦੀ ਸਮੁੱਚੀ ਵਸਤ ਦੇ ਜੀਵੰਤ ਅੰਗ ਵਜੋਂ ਰੂਪਮਾਨ ਹੀ ਨਹੀਂ ਹੁੰਦੇ ਸਗੋਂ ਸਮੁੱਚੀ ਵਸਤ ਦੇ ਦਿਖ ਤੇ ਸਾਰ ਨੂੰ ਰੂਪਮਾਨ ਕਰਨ ਵਾਲੀ ਅਨੁਕੂਲ ਤੇ ਅਸਰਦਾਰ ਜੁਗਤ ਵਜੋਂ ਵੀ ਕਾਰਜਸ਼ੀਲ ਹੁੰਦੇ ਹਨ। ਨਾਵਲੀ ਬਿਰਤਾਂਤ ਦੇ ਸੰਗਠਨ ਵਿਚ ਪਾਲੇ ਤੇ ਮੀਤੇ ਦਾ ਮਹੱਤਵ ਇਸ ਪੱਖੋਂ ਵੀ ਹੈ ਕਿ ਉਹ ਤ੍ਰੈਲੜੀ ਨਾਵਲਾਂ–* ***ਤਫ਼ਤੀਸ਼, ਕਟਹਿਰਾ*** *ਅਤੇ* ***ਸੁਧਾਰ ਘਰ*** *ਵਿਚਲੀਆਂ ਬਿਰਤਾਂਤਕ ਕੜੀਆਂ ਨੂੰ ਇਕ ਦੂਜੇ ਨਾਲ ਅੰਤਰ-ਸੰਬੰਧਿਤ ਕਰਦੇ ਹੋਏ ਇਹਨਾਂ ਨੂੰ ਕਥਾ ਦੀ ਨਿਰੰਤਰਤਾ ਅਤੇ ਇਕ ਸਜੀਵ ਇਕਾਈ ਵਿਚ ਵੀ ਬੰਨ੍ਹਦੇ ਹਨ।*[56]

ਪਾਲੇ ਤੇ ਮੀਤੇ ਨੂੰ ਬੰਟੀ ਕਤਲ ਕੇਸ ਵਿਚ, ਸੁਭਾਸ਼ ਜੈਨ ਨੂੰ ਰਿਸ਼ਵਤ ਖੋਰੀ ਅਤੇ ਹਾਕਮ ਨੂੰ ਉਸਦੀ ਪਤਨੀ ਦੇ ਕਤਲ ਕੇਸ ਵਿਚ ਸਜ਼ਾ ਹੋਈ ਹੈ। ਸੱਤਾ ਆਪਣੀ ਸਰਦਾਰੀ ਨੂੰ ਬਣਾਈ ਰੱਖਣ ਲਈ ਸਿਰਫ਼ ਦਮਨਕਾਰੀ ਅਪਰੈਟਸ ਹੀ ਨਹੀਂ ਵਰਤਦੀ ਸਗੋਂ ਧਰਮ ਤੇ ਨੈਤਿਕਤਾ ਦੇ ਵਿਚਾਰਧਾਰਾਈ ਅਪਰੈਟਸ ਰਾਹੀਂ ਵੀ ਲੋਕ ਮਾਨਸਿਕਤਾ ਨੂੰ ਨਿਯੰਤ੍ਰਿਤ ਕਰਦੀ ਹੈ। ਨਾਵਲੀ ਬਿਰਤਾਂਤ ਦੇ ਵੇਰਵੇ ਇਸ ਤੱਥ ਦੀ ਪੁਸ਼ਟੀ ਵਿਅੰਗਾਤਮਕ ਸ਼ੈਲੀ ਵਿਚ ਕਰਦੇ ਹਨ। ਬੁੱਢੇ ਵਾਰਡਨ ਨੇ ਆਪਣਾ ਸਰਕਾਰੀ ਫਰਜ਼ ਅਦਾ ਕਰਨ ਲਈ ਹਰਦੁਆਰ ਦੇ ਪਾਂਡਿਆਂ ਵਾਂਗ ਨਵੇਂ ਆਏ ਕੈਦੀਆਂ ਸਾਹਮਣੇ ਰਟੇ ਰਟਾਏ ਮੰਤਰਾਂ ਦਾ ਉਚਾਰਣ ਕੀਤਾ:

> *ਹੋਈ ਸਜ਼ਾ ਨੂੰ ਖਿੜੇ ਮੱਥੇ ਕਬੂਲ ਕਰੋ। ਜੇ ਤੁਸੀਂ ਜ਼ੁਰਮ ਕੀਤਾ ਹੈ ਤਾਂ ਇਸ ਨੂੰ ਪਸ਼ਚਾਤਾਪ ਸਮਝ ਕੇ ਖੁਸ਼ੀ-ਖੁਸ਼ੀ ਕੱਟੋ। ਇਸ ਕੁਕਰਮ ਦਾ*

*ਭਾਰ ਅਗਲੇ ਜਨਮ ਤਕ ਪਿੱਛਾ ਨਹੀਂ ਕਰੇਗਾ। ਜੇ ਜ਼ੁਰਮ ਨਹੀਂ ਕੀਤਾ ਅਤੇ ਉਸ ਦੀ ਸਜ਼ਾ ਹੈ ਤਾਂ ਵੀ ਪਿਛਲੇ ਜਨਮਾਂ ਦੇ ਕਰਮ ਦਾ ਫਲ ਸਮਝ ਕੇ ਕਬੂਲ ਕਰੋ। ਅਗਲੇ ਜਨਮ ਵਿਚ ਸੁਖ ਮਿਲੇਗਾ।*[57]

ਨਾਵਲੀ ਬਿਰਤਾਂਤ ਵਿਚ ਅੱਗੇ ਜੋ ਸੁਭਾਸ਼ ਜੈਨ ਅਤੇ ਹਾਕਮ ਸਿੰਘ ਦੇ ਵੇਰਵੇ ਪ੍ਰਾਪਤ ਹੁੰਦੇ ਹਨ ਉਨ੍ਹਾਂ ਵਿਚ ਸੁਭਾਸ਼ ਜੈਨ ਸੂਬੇ ਦੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨਾਲ ਮਿਲਕੇ ਸੜਕਾਂ ਉਪਰੋਂ ਲੁੱਕ ਅਤੇ ਇਮਾਰਤਾਂ ਵਿਚੋਂ ਸਰੀਆ, ਸੀਮੇਂਟ ਹਜ਼ਮ ਕਰਨ ਦੇ ਦੋਸ਼ ਵਿਚ ਪੰਜ ਸਾਲ ਦੀ ਸਜ਼ਾ ਭੁਗਤਣ ਆਇਆ ਸੀ। ਅਸਲ ਵਿਚ ਇਹ ਸਜ਼ਾ ਉਸ ਨੂੰ ਕਾਨੂੰਨ ਅਨੁਸਾਰ ਨਹੀਂ ਹੋਈ ਸਗੋਂ ਇਸ ਲਈ ਹੋਈ ਕਿ ਬਰੀ ਹੋਣ ਲਈ ਉਸਨੇ ਜੱਜ ਨਾਲ ਜੋ ਸੌਦੇਬਾਜ਼ੀ ਕੀਤੀ ਉਸ ਦੀਆਂ ਦੋ ਕਿਸ਼ਤਾਂ ਤਾਂ ਉਸ ਕੋਲ ਪੁਚਾ ਦਿੱਤੀਆਂ ਅਤੇ ਤੀਜੀ ਨਹੀਂ ਸੀ ਪੁਚਾ ਸਕਿਆ। ਉਸਨੂੰ ਉਮੀਦ ਸੀ ਕਿ ਜੱਜ ਉਸਨੂੰ ਬਰੀ ਕਰ ਦੇਵੇਗਾ ਤੇ ਬਾਅਦ ਵਿਚ ਉਹ ਜੱਜ ਨੂੰ ਰਿਸ਼ਵਤ ਦੀ ਬਚਦੀ ਰਕਮ ਦੇ ਦੇਵੇਗਾ। ਇਸੇ ਲਈ ਉਹ ਕਚਹਿਰੀ ਵਿਚ ਵੀ ਸਜ-ਧਜ ਕੇ ਆਇਆ। ਇਉਂ ਜੱਜ ਦੁਆਰਾ ਉਸ ਨੂੰ ਸੁਣਾਈ ਸਜਾ ਕਾਨੂੰਨੀ ਨੁਕਤੇ ਜਾਂ ਜੁਰਮ ਦੀ ਮੰਗ ਨੂੰ ਧਿਆਨ ਵਿਚ ਰਖਕੇ ਨਹੀਂ ਸੁਣਾਈ, ਸਗੋਂ ਇਸ ਲਈ ਸੁਣਾਈ ਕਿ ਜੱਜ ਕੋਲ ਪੂਰੀ ਰਕਮ ਨਹੀਂ ਪਹੁੰਚੀ। ਇਸ ਕੇਸ ਦੇ ਦੂਜੇ ਮੁਲਜ਼ਮ ਇੰਜਨੀਅਰਾਂ ਨੂੰ ਬਰੀ ਕਰ ਦਿੱਤਾ ਕਿਉਂਕਿ ਉਹ ਵਚਨਾਂ ਦੇ ਪੂਰੇ ਉਤਰੇ। ਸਪਸ਼ਟ ਹੈ ਕਿ ਭਾਰਤੀ ਨਿਆਂ ਕਾਨੂੰਨ ਦੀ ਥਾਂ ਰਿਸ਼ਵਤ ਉਤੇ ਖੜ੍ਹਾ ਹੈ। ਅਮੀਰ ਤੇ ਰੱਜੇ-ਪੁੱਜੇ ਬੰਦੇ ਜਾਂ ਰਿਸ਼ਵਤਖੋਰੀ ਰਾਹੀਂ ਇਕੱਠਾ ਕਰ ਰਹੇ ਅਧਿਕਾਰੀ ਜਾਂ ਕਰਮਚਾਰੀ ਆਪਣੇ ਇਸੇ ਧਨ ਵਿਚੋਂ ਜੱਜਾਂ ਆਦਿ ਨੂੰ ਦੇ ਕੇ ਬਰੀ ਹੋ ਜਾਂਦੇ ਹਨ ਪਰੰਤੂ ਪਾਲੇ ਤੇ ਮੀਤੇ ਵਰਗੇ ਕੋਈ ਗੁਨਾਂਹ ਨਾ ਕਰਕੇ ਵੀ ਕਾਨੂੰਨ ਦੀ ਨਜ਼ਰ ਵਿਚ ਦੋਸ਼ੀ ਹੁੰਦੇ ਹਨ। ਸਾਡੀ ਨਿਆਇਕ, ਰਾਜਸੀ ਤੇ ਪ੍ਰਬੰਧਕੀ ਵਿਵਸਥਾ ਦਾ ਇਹ ਅਜਿਹਾ ਕੌੜਾ ਸੱਚ ਹੈ ਜਿਹੜਾ ਇਸ ਨਾਵਲ ਵਿਚ ਗਲਪੀ ਬਿੰਬਾਂ ਰਾਹੀਂ ਪੇਸ਼ ਹੋਇਆ ਹੈ।

ਜੇਲ੍ਹ ਜੀਵਨ ਦਾ ਇਕ ਹੋਰ ਵੀ ਸੱਚ ਹੈ। ਇਹ ਸੱਚ ਜੇਲ੍ਹ-ਮੈਨੂਅਲ ਵਿਚ ਦਰਜ ਕੈਦੀਆਂ ਦੀਆਂ ਸਹੂਲਤਾਂ ਨਾਲ ਜੁੜਿਆ ਹੈ। ਸਥਿਤੀ ਦੀ ਵਿਡੰਬਣਾ ਇਹ ਹੈ ਕਿ ਜੇ ਕੋਈ ਹਾਕਮ ਸਿੰਘ ਵਰਗਾ ਕੈਦੀ ਜੇਲ੍ਹ-ਮੈਨੂਅਲ ਅਨੁਸਾਰ ਅਜਿਹੀਆਂ ਸਹੂਲਤਾਂ ਦੀ ਮੰਗ ਕਰਦਾ ਹੈ ਤਾਂ ਜੇਲ੍ਹ ਕਰਮਚਾਰੀ ਕਹਿੰਦੇ ਹਨ, *''ਜੇਲ੍ਹ ਮੈਨੂਅਲ! ਇਹ ਤੈਨੂੰ ਕਿਥੋਂ ਮਿਲ ਗਿਆ? ਤੀਹ ਸਾਲ ਹੋ ਗਏ ਮੈਨੂੰ ਨੌਕਰੀ ਵਿਚ ਆਇਆਂ। ਇਸਦੇ ਅੱਜ ਤੱਕ ਮੈਂ ਦਰਸ਼ਨ ਨਹੀਂ ਕੀਤੇ।''*[58]

ਇਹ ਨਹੀਂ, ਉਹ ਤਾਂ ਸਗੋਂ ਉਲਟਾ ਹਾਕਮ ਸਿੰਘ 'ਤੇ ਇਲਜ਼ਾਮ ਲਾਉਂਦਾ ਹੈ ਕਿ ਤੂੰ ਕੈਦੀਆਂ ਨੂੰ ਭੜਕਾਉਣ ਲਈ ਇਹ ਇਥੇ ਲੈ ਕੇ ਆਇਆ ਹੈਂ। ਇਸ ਨੂੰ ਜੇਲ੍ਹ ਵਿਚ ਲਿਆਉਣ ਦੀ ਇਜ਼ਾਜਤ ਨਹੀਂ ਹੈ। ਜੇਲ੍ਹ ਅਧਿਕਾਰੀ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਅੱਗੇ ਕਹਿੰਦੇ ਹਨ:

> *ਸੁਪਰੀਮ ਕੋਰਟ ਵਕੀਲਾਂ ਨੂੰ ਆਖਦੀ ਹੋਏਗੀ। ਅਸੀਂ ਨਹੀਂ ਮੰਨਦੇ ਇਹ ਹਦਾਇਤਾਂ। ਅਸੀਂ ਜੇਲ੍ਹ ਵਿਚ ਅਮਨ ਸ਼ਾਂਤੀ ਰੱਖਣੀ ਹੈ। ਕੈਂਦੀਆਂ ਨੂੰ ਭੜਕਾਉਣਾ ਨਹੀਂ ਹੈ।*[59]

ਇਉਂ, ਇਹ ਕਾਨੂੰਨ ਦੇ ਰਾਖੇ ਖ਼ੁਦ ਹੀ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹਨ ਅਤੇ ਅਜਿਹੇ ਕੈਦੀਆਂ ਨੂੰ ਹੋਰ ਕਰੜੀ ਸਜ਼ਾ ਲਈ ਅਜਿਹੀਆਂ ਬੈਰਕਾਂ ਵਿਚ ਭਜਦੇ ਹਨ ਜਿੱਥੇ ਬੀਮਾਰ, ਭਿਖਾਰੀ ਜਾਂ ਮਨੋਰੋਗੀ ਰਖੇ ਹੁੰਦੇ ਹਨ। ਇਹ ਬੈਰਕਾਂ ਕਿਸੇ ਵੀ ਤਰ੍ਹਾਂ ਨਰਕ ਭਰੀ ਜ਼ਿੰਦਗੀ ਤੋਂ ਘੱਟ ਨਹੀਂ। ਅਜਿਹੀਆਂ ਬੈਰਕਾਂ ਦੇ ਨਾਂ ਵੀ ਆਪਣੇ ਆਪ ਵਿਚ ਵਿਅੰਗਮਈ ਵੀ ਹਨ ਅਤੇ ਮਸ਼ਕਰੀ ਭਰੇ ਵੀ।

ਮੁਨਸ਼ੀ ਲਾਭ ਸਿੰਘ ਨੇ ਕੈਦੀ ਹਾਕਮ ਨੂੰ 'ਬਾਦਸ਼ਾਹਾਂ ਦੀ ਬੈਰਕ' ਅਲਾਟ ਕੀਤੀ ਸੀ। ਹਾਕਮ ਵਕੀਲ ਹੋਣ ਦੇ ਨਾਤੇ ਆਪਣੇ ਹੱਕਾਂ ਦੀ ਮੰਗ ਕਰ ਰਿਹਾ ਸੀ। ਉਹ ਡਬਲ ਗ੍ਰੈਜੁਏਟ ਸੀ। ਉਹ 'ਬੀ' ਸ਼੍ਰੇਣੀ ਦਾ ਹੱਕਦਾਰ ਸੀ। ਉਹ ਨਵੇਂ ਕਪੜਿਆਂ ਤੇ ਨਵੇਂ ਭਾਂਡਿਆਂ ਦੀ ਮੰਗ ਕਰ ਸਕਦਾ ਸੀ। ਜੇਲ੍ਹ ਮੈਨੂਅਲ ਸਮੇਤ

ਹੋਰ ਕਿਤਾਬਾਂ ਰੱਖਣਾ ਵੀ ਉਸਦਾ ਅਧਿਕਾਰ ਸੀ ਪਰ ਪੂੰਜੀਵਾਦੀ ਢਾਂਚੇ ਵਿਚ ਹੱਕਾਂ ਦੀ ਮੰਗ ਇਕ ਗ਼ੈਰ ਕਾਨੂੰਨੀ ਵਰਤਾਰਾ ਹੀ ਮੰਨਿਆ ਜਾਂਦਾ ਹੈ। ਇਸ ਲਈ ਹਾਕਮ ਸਿੰਘ ਨਾਲ ਸਖ਼ਤੀ ਨਾਲ ਨਜਿੱਠਿਆ ਗਿਆ। 'ਬਾਦਸ਼ਾਹਾਂ ਦੀ ਬੈਰਕ' ਮੂਲ ਰੂਪ ਵਿਚ ਮੰਗਤਿਆਂ ਦੀ ਬੈਰਕ ਸੀ ਜਿਸ ਵਿਚ ਜਿਉਣ ਦੇ ਹਾਲਾਤ ਨਰਕ ਨਾਲੋਂ ਵੀ ਮਾੜੇ ਸਨ।

ਸੇਠ ਸੁਭਾਸ਼ ਜੈਨ ਜਿਹੜਾ ਪਹਿਲੀ ਵਾਰ ਜੇਲ੍ਹ ਆਇਆ ਸੀ। ਇਸੇ ਲਈ ਉਹ ''ਸੋਨੇ ਨਾਲ ਲੱਦਿਆ ਇਉਂ ਜੇਲ੍ਹ ਆਇਆ ਜਿਵੇਂ ਕੋਈ ਸੱਜ-ਵਿਆਹੀ ਵਹੁਟੀ ਸਹੁਰੇ ਚਲੀ ਹੋਵੇ।'' ਸਹੁਰੇ ਨੂੰ ਇਹ ਪਤਾ ਹੀ ਨਹੀਂ ਕਿ ਜੇਲ੍ਹ ਵਿਚ ਜਾਂਦਿਆਂ ਹੀ ਲੁੱਟ ਲਿਆ ਜਾਵੇਗਾ ਤੇ ਅਜਿਹਾ ਹੀ ਹੋਇਆ ਪਰ ਇਸ ਲੁੱਟ ਬਦਲੇ ਦੋਹਾਂ ਨੇ ਮਿਲਕੇ ਜੈਨ ਨੂੰ ਜੇਲ੍ਹ ਦੇ ਹਸਪਤਾਲ ਵਿਚ ਭਰਤੀ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਜੇਲ੍ਹ ਵਿਚ ਹਸਪਤਾਲ ਹੀ ਇਕ ਅਜਿਹੀ ਥਾਂ ਸੀ ਜਿਥੇ ਰਹਿ ਕੇ ਕੈਦੀ ਸਭ ਤੋਂ ਵੱਧ ਰਾਹਤ ਮਹਿਸੂਸ ਕਰਦਾ ਸੀ।

ਪਾਲੇ ਤੇ ਮੀਤੇ ਬਾਰੇ ਲਾਭ ਸਿੰਘ ਨੂੰ ਪਤਾ ਸੀ ਕਿ ਦੋਵੇਂ ਬੇਕਸੂਰ ਹਨ ਤੇ ਉਹਨਾਂ ਨੂੰ ਝੂਠੇ ਮੁਕੱਦਮੇ ਵਿਚ ਫਸਾਇਆ ਗਿਆ ਹੈ। ਲਾਭ ਸਿੰਘ ਨੇ ਦੋਹਾਂ ਨੂੰ ਨਵੇਂ ਕਪੜੇ ਜਾਰੀ ਕੀਤੇ। ਅਸਲ ਵਿਚ ਇਹ ਇਕ ਨਿਰਦੋਸ਼ ਕੈਦੀ ਦੀ ਦੂਜੇ ਨਿਰਦੋਸ਼ ਕੈਦੀ ਪ੍ਰਤੀ ਹਮਦਰਦੀ ਹੀ ਸੀ। ਨਾਵਲਕਾਰ ਕੈਦ ਵਿਚ ਸਮ-ਭਾਵਾਂ ਨੂੰ ਉਜਾਗਰ ਕਰਨ ਵਿਚ ਵੀ ਕਾਮਯਾਬ ਹੋਇਆ ਹੈ। ਮਿਸਾਲ ਦੇ ਤੌਰ 'ਤੇ ਮੀਤੇ ਨੇ ਲਾਭ ਸਿੰਘ ਨੂੰ ਗੁਜਾਰਿਸ਼ ਕੀਤੀ ਸੀ ਕਿ ਉਹਨਾਂ ਨੂੰ ਕੋਈ ਭਾਂਡਾ ਠੀਕਰ ਦੇ ਦਿੱਤਾ ਜਾਵੇ ਕਿਉਂਕਿ ਦਲਿਤ ਹੋਣ ਕਾਰਨ ਕਿਸੇ ਨੇ ਉਸ ਨਾਲ ਭਾਂਡਾ ਠੀਕਰ ਸਾਂਝਾ ਨਹੀਂ ਸੀ ਕਰਨਾ। ਲਾਭ ਸਿੰਘ ਨੇ ਮੀਤੇ ਨੂੰ ਸਿੰਘਾਂ ਦੀ ਬੈਰਕ ਤੇ ਪਾਲੇ ਨੂੰ 'ਅਮੀਰਾਂ ਵਾਲੀ ਕੋਠੀ' ਵਿਚ ਭੇਜਣ ਦਾ ਫੈਸਲਾ ਲਿਆ ਸੀ।

ਹਾਕਮ ਸਿੰਘ ਆਪ ਵੀ ਜਾਗਰੂਕ ਸੀ ਤੇ ਦੂਜਿਆਂ ਨੂੰ ਵੀ ਉਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨਾ ਲੋਚਦਾ ਸੀ। ਹਾਕਮ ਦਾ ਨਿਆਂ ਬਾਰੇ ਆਪਣਾ ਹੀ ਤਰਕ ਸੀ। ਨਾ ਤਫ਼ਤੀਸ਼ ਦੌਰਾਨ ਸੱਚ ਦਾ ਨਿਤਾਰਾ ਹੁੰਦਾ ਹੈ, ਨਾ ਮੁਕੱਦਮੇ ਦੀ ਸੁਣਵਾਈ ਦੌਰਾਨ। ਅਦਾਲਤ ਵਿਚ ਗਵਾਹਾਂ ਤੇ ਵਕੀਲਾਂ ਦੀ ਚਤੁਰਾਈ ਤੇ ਬੌਧਿਕਤਾ ਦਾ ਮੁਕਾਬਲਾ ਹੁੰਦਾ ਹੈ। ਨਿਆਂ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਜਿਹੜੀ ਧਿਰ ਵਧ ਚੁਸਤ ਹੁੰਦੀ ਹੈ, ਉਹ ਜਿੱਤ ਜਾਂਦੀ ਹੈ।

ਸਰਕਾਰ ਨੇ ਉਂਝ ਤਾਂ ਜੇਲ੍ਹ ਵਿਚਲੇ ਕੈਦੀਆਂ ਦੀ ਸਿਹਤ ਸੰਭਾਲ ਲਈ ਹਸਪਤਾਲ ਬਣਾਇਆ ਹੋਇਆ ਸੀ ਪਰ ਹਸਪਤਾਲ ਦੀ ਹਾਲਤ ਤਰਸਮਈ ਸੀ। ਇਥੇ ਬੁਨਿਆਦੀ ਸਹੂਲਤਾਂ ਤੇ ਦਵਾਈਆਂ ਦੀ ਘਾਟ ਸੀ ਤੇ ਜਿਹੜੀਆਂ ਦਵਾਈਆਂ ਉਪਲਬਧ ਸਨ ਉਹ ਵੀ ਬਜ਼ਾਰ ਵਿਚ ਵੇਚ ਦਿੱਤੀਆਂ ਜਾਂਦੀਆਂ ਸਨ।

ਜੇਲ੍ਹ ਵਿਚ ਨਸ਼ਿਆਂ ਦਾ ਵਪਾਰ ਵੀ ਜੋਰਾਂ 'ਤੇ ਸੀ। ਜੇਲ੍ਹ ਵਿਚਲੇ 1500 ਕੈਦੀਆਂ ਵਿਚੋਂ ਤਕਰੀਬਨ 1300 ਕੈਦੀ ਨਸ਼ਾ ਕਰਦੇ ਸਨ ਤੇ ਨਸ਼ਾ ਮੁਹੱਈਆ ਕਰਨ ਦੀ ਜ਼ਿੰਮੇਵਾਰੀ ਗੁਰਨਾਮ ਸਿੰਘ ਦੀ ਸੀ। ਗੁਰਨਾਮ ਨੇ ਜੱਜ ਅਤੇ ਡਾਕਟਰ ਦੋਵੇਂ ਗੰਢੇ ਹੋਏ ਸਨ। ਪੂੰਜੀਵਾਦੀ ਢਾਂਚੇ ਵਿਚ ਸਭ ਮਾਇਆ ਦੇ ਪਿੱਛੇ ਲੱਗੇ ਹੁੰਦੇ ਹਨ। ਕਿਸੇ ਨੂੰ ਕਿਸੇ ਦੇ ਜਾਨ ਮਾਲ ਦੀ ਕੋਈ ਚਿੰਤਾ ਨਹੀਂ ਹੁੰਦੀ। ਇਸ ਗੱਲ ਦਾ ਪੁਖਤਾ ਸਬੂਤ ਇਹ ਹੈ ਕਿ ਨਾਵਲ ਵਿਚ ਜਦੋਂ ਇਕ ਜੇਲ੍ਹ ਅਧਿਕਾਰੀ 'ਨਸ਼ਾ ਹਟਾਓ' ਮੁਹਿੰਮ ਵਿੱਢਦਾ ਹੈ ਤਾਂ ਉਸਦਾ ਤਬਾਦਲਾ ਕਰ ਦਿੱਤਾ ਜਾਂਦਾ ਹੈ।

ਮੀਤੇ ਨੂੰ ਸਿੰਘਾਂ ਦੀ ਬੈਰਕ ਵਿਚ ਭੇਜਿਆ ਗਿਆ ਹੈ। ਇਸ ਬੈਰਕ ਵਿਚਲੇ ਸਿੰਘ ਅਸਲ ਵਿਚ ਅੱਤਵਾਦੀ ਸਨ। ਸਿੰਘਾਂ ਦੀ ਬੈਰਕ ਵਿਚ ਬਿਹਤਰ ਜ਼ਿੰਦਗੀ ਜਿਉਣ ਲਈ ਹਰ ਸਹੂਲਤ ਮੌਜੂਦ ਸੀ। ਹਰ ਸਹੂਲਤ ਦੀ ਮੌਜੂਦਗੀ ਇਸ ਗੱਲ ਦੀ ਜ਼ਾਮਨੀ ਭਰਦੀ ਸੀ ਕਿ ਸ਼ਾਸਕ ਸ੍ਰੇਣੀ ਤੇ ਅੱਤਵਾਦੀਆਂ ਵਿਚਕਾਰ ਸੁਹਿਰਦਤਾ ਭਰੀ ਨੇੜਤਾ ਸੀ। ਬੈਰਕ ਅੰਦਰਲਾ ਮਾਹੌਲ ਗੁਰਦੁਆਰੇ ਨਾਲ ਮਿਲਦਾ ਸੀ। ਗੱਦੀ

ਉਤੇ ਬੈਠਾ ਜੱਥੇਦਾਰ ਸੰਤਾਂ ਵਾਲੇ ਭੇਸ ਵਿਚ ਸੀ। ਉਸਨੂੰ ਮੀਤੇ ਬਾਰੇ ਪੂਰੀ ਜਾਣਕਾਰੀ ਸੀ। ਮੀਤਾ ਮਨ ਹੀ ਮਨ ਲਾਭ ਸਿੰਘ ਦਾ ਧੰਨਵਾਦ ਕਰ ਰਿਹਾ ਸੀ ਕਿਉਂਕਿ ਜ਼ਿੰਦਗੀ 'ਚ ਪਹਿਲੀ ਵਾਰ ਉਸ ਦੀ ਲੋੜਾਂ ਦੀ ਪੂਰਤੀ ਹੋ ਰਹੀ ਸੀ ਤੇ ਉਹ ਵੀ ਜੇਲ੍ਹ ਵਿਚ।

ਉਧਰ ਕੋਠੀ ਵਿਚ ਪਾਲਾ ਵੀ ਲਾਭ ਸਿੰਘ ਨੂੰ ਅਸੀਸਾਂ ਦੇ ਰਿਹਾ ਸੀ। ਕੋਠੀ ਦਾ ਨਿਰਮਾਣ, ਐਮਰਜੈਂਸੀ ਦੇ ਦਿਨਾਂ ਵਿਚ ਫੜੇ ਉੱਚ ਕੋਟੀ ਦੇ ਨੇਤਾਵਾਂ ਨੂੰ ਨਜ਼ਰਬੰਦ ਕਰਨ ਲਈ ਕੀਤਾ ਗਿਆ ਸੀ। ਕੋਠੀ ਵਿਚ ਉਨ੍ਹਾਂ ਲਈ ਹਰ ਮੁੱਖ ਸੁਵਿਧਾ ਮੁਹੱਈਆ ਸੀ। ਹੁਣ ਕੋਠੀ ਦੇ ਖੁਲ੍ਹਣ ਨਾਲ ਸਭ ਦਾ ਬੁੱਤਾ ਸਰ ਗਿਆ ਸੀ। ਕੋਠੀ ਵਿਚ ਹੁਣ ਵਿਧਾਇਕ ਨਛੱਤਰ ਸਿੰਘ, ਡੀ.ਆਈ.ਜੀ. ਸੁਰਿੰਦਰ ਕੁਮਾਰ, ਪ੍ਰੋਫੈਸਰ ਤੇ ਮੁਸ਼ੱਕਤੀ ਪਾਲਾ ਮੌਜੂਦ ਸਨ। ਇਹਨਾਂ ਸਾਰਿਆਂ ਨਾਲ ਵੱਖੋ ਵੱਖਰੇ ਅਧਿਕਾਰੀਆਂ ਦੇ ਹਿਤ ਜੁੜੇ ਹੋਏ ਸਨ।

ਸੰਮਤੀ ਮੀਤੇ ਤੇ ਪਾਲੇ ਦੀ ਜਮਾਤ 'ਤੇ ਜ਼ੋਰ ਪਾ ਰਹੀ ਸੀ ਪਰ ਗੁਰਮੀਤ ਨੂੰ ਜਮਾਨਤ ਸੰਭਵ ਨਹੀਂ ਸੀ ਲੱਗ ਰਹੀ ਕਿਉਂਕਿ ਇਹ ਅੱਤਵਾਦੀ ਕਾਰਵਾਈ ਸੀ। ਹਾਈਕੋਰਟ, ਅੱਤਵਾਦੀਆਂ ਨੂੰ ਸਜ਼ਾ ਸੁਣਾਉਣ ਵਾਲੇ ਜੱਜਾਂ ਦੇ ਮਨੋਬਲ ਨੂੰ ਢਾਹ ਲਾਉਣ ਦਾ ਜ਼ੋਖ਼ਮ ਨਹੀਂ ਸੀ ਉਠਾ ਸਕਦੀ। ਬਾਕੀ ਸਰਕਾਰ ਤੇ ਯੁਵਾ ਸੰਘ ਨੇ ਵੀ ਇਸ ਵਿਚ ਰੋੜਾ ਅਟਕਾਉਣਾ ਸੀ। ਬਾਬੇ ਅਨੁਸਾਰ ਸੰਮਤੀ ਨੂੰ ਅਸਲ ਕਾਤਲ ਲੱਭ ਕੇ ਲੋਕਾਂ ਅਤੇ ਅਦਾਲਤ ਸਾਹਮਣੇ ਪੇਸ਼ ਕਰਨੇ ਚਾਹੀਦੇ ਹਨ। ਇਸ ਨਾਲ ਪੁਲਿਸ ਅਤੇ ਨਿਆਂ ਪਾਲਿਕਾ ਦੀ ਪੋਲ੍ਹ ਖੁਲ੍ਹ ਜਾਣੀ ਸੀ। ਬਾਬੇ ਨੇ ਐਲਾਨ ਕੀਤਾ ਕਿ ਘਿਸੇ ਪਿਟੇ ਅਤੇ ਲੋਕ ਵਿਰੋਧੀ ਕਾਨੂੰਨੀ ਢਾਂਚੇ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ।

ਦੂਜੇ ਪਾਸੇ ਮਨਿੰਦਰ ਸਿੰਘ ਨਾਂ ਦੇ ਇਕ ਅਧਿਕਾਰੀ ਨੇ ਆਪਣੇ ਮੁਖ਼ਬਰ ਦੀ ਸੂਚਨਾ ਦੇ ਆਧਾਰ 'ਤੇ ਮਾਰੇ ਛਾਪੇ ਦੌਰਾਨ ਹਰਮਨਬੀਰ ਨਾਂ ਦੇ ਇਕ ਰਈਸਜਾਦੇ

ਨੂੰ ਫੜ ਲਿਆ। ਹਰਮਨਬੀਰ, ਉਸਦੇ ਡਰਾਈਵਰ ਤੇ ਨੇਪਾਲੀ ਨੌਕਰ ਨੇ ਬੰਟੀ ਦੇ ਅਗਵਾ ਤੇ ਕਤਲ ਦਾ ਜੁਰਮ ਮੰਨ ਲਿਆ। ਇਹ ਕੰਮ ਉਹਨਾਂ ਨੇ ਆਪਣੇ ਸ਼ੌਕ ਪੂਰਾ ਕਰਨ ਵਾਸਤੇ ਪੈਸੇ ਦੀ ਤੋਟ ਨੂੰ ਦੂਰ ਕਰਨ ਲਈ ਕੀਤਾ ਸੀ। ਅਗਲੀ ਕਾਰਵਾਈ ਲਈ ਮਨਿੰਦਰ ਉਨ੍ਹਾਂ ਨੂੰ ਥਾਣੇ ਲੈ ਗਿਆ। ਅਰੋੜਾ ਸਾਹਿਬ ਨੇ ਮੈਨੇਜਰ ਨੂੰ ਅਪੀਲ ਕੀਤੀ ਕਿ ਲੈ ਦੇ ਕੇ ਮਾਮਲਾ ਰਫ਼ਾ ਦਫ਼ਾ ਕਰੋ। ਮਨਿੰਦਰ ਅਹਿਸਾਨ ਫ਼ਰਾਮੋਸ਼ ਨਹੀਂ ਸੀ। ਮਿਲ ਵਿਚੋਂ ਪੁਲਿਸ ਨੂੰ ਬੱਝਵਾਂ ਮਹੀਨਾ ਆਉਂਦਾ ਸੀ ਪਰ ਜੋ ਜੁਰਮ ਹਰਮਨ ਨੇ ਕੀਤੇ ਸਨ, ਉਨ੍ਹਾਂ ਵਿਚੋਂ ਉਸਨੂੰ ਬਰੀ ਕਰਨਾ ਮਨਿੰਦਰ ਦੇ ਵੱਸ ਦੀ ਗੱਲ ਨਹੀਂ ਸੀ। ਕਪਤਾਨ ਨੇ ਮਨਿੰਦਰ ਨੂੰ ਸਮਝਾਇਆ ਕਿ ਬੰਟੀ ਕਤਲ ਕੇਸ ਮੁਕੰਮਲ ਹੋ ਚੁੱਕਾ ਹੈ। ਪਾਲੇ ਤੇ ਮੀਤੇ ਨੂੰ ਬੰਟੀ ਦਾ ਕਾਤਲ ਸਿੱਧ ਕੀਤਾ ਜਾ ਚੁੱਕਾ ਹੈ। ਹਰਮਨਬੀਰ ਦੀ ਗੱਲ ਚੁੱਕ ਕੇ ਪੁਲਿਸ ਤੇ ਸਰਕਾਰ ਦੀ ਹੇਠੀ ਹੋਏਗੀ ਅਰਥਾਤ ਮੌਜੂਦਾ ਸਿਸਟਮ ਵਿਚ ਝੂਠੀ ਇੱਜ਼ਤ ਦੀ ਖ਼ਾਤਰ ਬੇਦੋਸ਼ੀਆਂ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ ਤੇ ਅਸਲੀ ਦੋਸ਼ੀਆਂ ਨੂੰ ਫੜਨ ਉਪਰੰਤ ਵੀ ਮੁਆਫ਼ ਕੀਤਾ ਜਾ ਸਕਦਾ ਹੈ। ਮਨਿੰਦਰ ਨੂੰ ਪੈਸੇ ਨਾਲੋਂ ਆਪਣੀ ਤਰੱਕੀ ਤੇ ਆਪਣਾ ਆਦਰਸ਼ ਜ਼ਿਆਦਾ ਪਿਆਰਾ ਸੀ ਉਸਨੇ ਸੱਚ ਸੰਮਤੀ ਨੂੰ ਦੱਸ ਦਿੱਤਾ। ਸੰਮਤੀ ਵਾਲਿਆਂ ਨੇ ਉਦੋਂ ਹੀ ਪ੍ਰੈੱਸ ਕਾਨਫਰੰਸ ਬੁਲਾਈ ਅਤੇ ਸਮੇਤ ਸਬੂਤਾਂ ਦੇ ਬੰਟੀ ਦੇ ਕਾਤਲਾਂ ਦੇ ਨਾਂ ਨਸ਼ਰ ਕਰ ਦਿੱਤੇ। ਘਬਰਾਏ ਗਵਾਹਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕਿਸ ਧਿਰ ਨਾਲ ਖਲੋਣ। ਸੰਮਤੀ ਝੂਠੇ ਗਵਾਹਾਂ ਨੂੰ ਇਕ ਸ਼ਰਤ ਤੇ ਬਖ਼ਸ਼ਣ ਲਈ ਤਿਆਰ ਸੀ ਕਿ ਉਹ ਆਪਣੀ ਗਲਤੀ ਮੰਨਣ ਅਤੇ ਝੂਠ ਬੋਲਣ ਦਾ ਇਕਬਾਲ ਕਰਕੇ ਸੰਮਤੀ ਨੂੰ ਹਲਫੀਆ ਬਿਆਨ ਦੇਣ। ਬਹੁਤੇ ਗਵਾਹ ਪਹਿਲੋਂ ਹੀ ਸੱਚ ਬੋਲ ਚੁੱਕੇ ਸਨ। ਮੁੱਖ ਤੌਰ ’ਤੇ ਚਾਰ ਗਵਾਹਾਂ ਨੇ ਗਵਾਹੀ ਪੁਲਿਸ ਮੁਤਾਬਕ ਦਿੱਤੀ ਸੀ– ਰਾਮ ਸਰੂਪ, ਦੇਸ ਰਾਜ, ਕਮਲ ਪ੍ਰਸ਼ਾਦ ਤੇ ਰਾਧੇ ਸ਼ਾਮ। ਅਸਲ ਵਿਚ ਇਹ ਚਾਰੋ ਵੀ ਧਰਮੀ ਕਰਮੀ ਬੰਦੇ ਸਨ। ਉਹਨਾਂ ਦੇ ਝੂਠ ਨੇ ਦੋ ਬੰਦਿਆਂ ਨੂੰ ਸਜ਼ਾ ਕਰਵਾ

ਦਿੱਤੀ ਸੀ। ਸੰਮਤੀ ਦੇ ਆਖਣ ਅਨੁਸਾਰ ਜੇ ਉਹ ਨਿਰਦੋਸ਼ ਹੋਏ ਤਾਂ ਸਜ਼ਾ ਦਾ ਪਾਪ ਉਹਨਾਂ ਨੂੰ ਲੱਗੇਗਾ। ਆਪਣੇ ਪਾਪ ਦਾ ਪਛਤਾਵਾ ਕਰਨ ਲਈ ਉਹ ਕਚਹਿਰੀ ਗਏ ਤੇ ਸੱਚੇ ਬਿਆਨ ਦੇ ਹਲਫ਼ੀਆ ਬਿਆਨ ਤਸਦੀਕ ਕਰਵਾ ਆਏ।

ਉਧਰ ਪਾਲੇ ਨੂੰ ਕੋਠੀ ਵਿਚੋਂ 'ਬਦਮਾਸ਼ਾਂ ਵਾਲੀ ਬੈਰਕ' ਅਰਥਾਤ 'ਬਹਾਦਰਾਂ ਵਾਲੀ ਬੈਰਕ' ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਬੈਰਕ ਦਾ ਇਕ ਕੈਦੀ ਸੁੰਦਰ, ਪਾਲੇ ਨੂੰ ਉਸਦੀ ਢਾਣੀ ਵਿਚ ਰਲਣ ਦੀ ਸਲਾਹ ਦੇ ਰਿਹਾ ਸੀ। ਉਹ ਵੱਡਾ ਜ਼ੁਰਮ ਕਰੇ ਤੇ ਵੱਡੀਆਂ ਰਕਮਾਂ ਵਸੂਲੇ। ਬਿਨਾਂ ਕਤਲ ਕੀਤਿਆਂ ਤੈਨੂੰ ਸਜ਼ਾ ਹੋ ਗਈ ਹੈ। ਫੇਰ ਵੇਖੀਂ ! ਭਰੀ ਸੱਥ ਵਿਚ ਵੀ ਕਤਲ ਕਰਕੇ ਬਰੀ ਹੋਏਂਗਾ। ਪਾਲਾ ਚੁੱਪ ਸੀ। ਸੁੰਦਰ ਬਦਮਾਸ਼ ਦਾ ਇਹ ਕਥਨ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਪੂੰਜੀਵਾਦੀ ਢਾਂਚੇ ਵਿਚ ਜ਼ੋਰਾਵਰ ਬੰਦੇ, ਸਾਧਾਰਨ ਬੰਦਿਆਂ ਨਾਲੋਂ ਵਧੇਰੇ ਸੁਰੱਖਿਅਤ ਹੁੰਦੇ ਹਨ।

ਮੀਤੇ ਨੂੰ ਵੀ ਸਿੰਘਾਂ ਦੀ ਬੈਰਕ 'ਚੋਂ ਬਦਲ ਕੇ 'ਪੰਛੀਆਂ ਦੀ ਬੈਰਕ' 'ਚ ਬੰਦ ਕਰ ਦਿੱਤਾ ਗਿਆ ਸੀ। ਇਸ ਬੈਰਕ 'ਚ ਮੀਤੇ ਦੇ ਭੋਲੇ ਵਰਗੇ ਚੇਲੇ ਬੰਦ ਸਨ। ਉਹ ਮੀਤੇ ਨੂੰ ਦੋਬਾਰਾ ਉਸੇ ਰਾਹ ਪੈਣ ਦੀ ਸਲਾਹ ਦੇ ਰਹੇ ਸਨ। ਉਹਨਾਂ ਦਾ ਤਰਕ ਸੀ ਕਿ ਨਵੇਂ ਰਾਹ ਪੈ ਕੇ ਮੀਤੇ ਨੇ ਜੋ ਕੁਝ ਖੱਟਿਆ ਸੀ ਤਾਂ ਉਹ ਸੀ ਉਮਰ ਕੈਦ ਪਰ ਮੀਤਾ ਸੰਤੁਸ਼ਟ ਸੀ। ਮੀਤੇ ਦਾ ਕਹਿਣਾ ਸੀ ਕਿ ਵਧੀਆ ਜ਼ਿੰਦਗੀ ਜਿਉਣ ਦਾ ਇਹ ਤਰੀਕਾ ਨਹੀਂ। ਔਖਾ ਰਹਾਂ ਜਾਂ ਸੌਖਾ ਰਹਾਂ, ਹੁਣ ਮੈਂ ਪਹਿਲੇ ਰਾਹ ਨਹੀਂ ਪੈਣਾ।

ਉਧਰ ਜੇਲ੍ਹ ਤੋਂ ਬਾਹਰ ਲੋਕ ਸੰਘਰਸ਼ੀ ਸੰਮਤੀ ਲੋਕ ਅੰਦੋਲਨ ਵਿੱਢਦੀ ਜਾ ਰਹੀ ਸੀ। ਬਹੁਤ ਸਾਰੀਆਂ ਛੋਟੀਆਂ ਵੱਡੀਆਂ ਸੰਸਥਾਵਾਂ ਸੰਮਤੀ ਦੇ ਪੱਖ ਵਿਚ ਆ ਖਲੋਤੀਆਂ ਸਨ ਜਿਵੇਂ ਇਸਤਰੀ ਸਭਾ, ਸਮਾਜ ਸੇਵੀ ਸੰਸਥਾ ਹੈਲਪਲਾਈਨ।

ਪੂੰਜੀਵਾਦੀ ਢਾਂਚੇ ਵਿਚ ਬਹੁਤੇ ਕਰਮਚਾਰੀ ਇਸ ਲਈ ਕੰਮ ਨਹੀਂ ਕਰਦੇ ਕਿ ਇਹ ਉਹਨਾਂ ਦਾ ਫਰਜ਼ ਹੈ ਬਲਕਿ ਉਹਨਾਂ ਦੇ ਨਿਜੀ ਮੁਫ਼ਾਦ ਉਹਨਾਂ ਨੂੰ ਕੰਮ ਕਰਨ ਲਈ ਮਜ਼ਬੂਰ ਕਰਦੇ ਹਨ। ਬਹੁਤੀ ਵਾਰ ਕੰਮ ਕਰਨ ਦਾ ਮਕਸਦ ਵੀ ਲੁੱਟ ਹੀ ਹੁੰਦਾ ਹੈ ਤੇ ਜਦੋਂ ਲੁੱਟ ਦੀ ਵੰਡ ਵਿਚ ਕੋਈ ਅੜਿੱਕਾ ਪੈਦਾ ਹੁੰਦਾ ਹੈ ਤਾਂ ਕਰਮਚਾਰੀਆਂ ਦੀ ਭਾਈਵਾਲੀ ਆਪ ਮੁਹਾਰੇ ਹੀ ਟੁੱਟ ਜਾਂਦੀ ਹੈ। ਮਿਸਾਲ ਦੇ ਤੌਰ 'ਤੇ ਨਮੂਨੇ ਭਰਨ ਨਿਕਲੀ ਟੀਮ ਦਾ ਮਕਸਦ ਸਿਹਤ ਲਈ ਹਾਨੀਕਾਰਕ ਚੀਜ਼ਾਂ ਦੀ ਵਿਕਰੀ ਬੰਦ ਕਰਵਾਉਣਾ ਨਹੀਂ ਸੀ। ਅਫ਼ਸਰਾਂ ਦਾ ਮੁੱਖ ਉਦੇਸ਼, ਲੋਕਾਂ ਨੂੰ ਡਰਾਉਣਾ-ਧਮਕਾਉਣਾ, ਜਿਹੜੇ ਮਹੀਨਾ ਨਹੀਂ ਦਿੰਦੇ, ਉਨ੍ਹਾਂ ਨੂੰ ਸਬਕ ਸਿਖਾਉਣਾ ਅਤੇ ਆਪਣੀਆਂ ਜੇਬਾਂ ਭਰਨਾ ਸੀ। ਨਾਲੇ ਮਹਿਕਮੇ ਵਿਚ ਨਿਸ਼ਚਤ ਕੋਟੇ ਦੇ ਨਮੂਨੇ ਭਰਕੇ ਖ਼ਾਨਾ ਪੂਰਤੀ ਕਰਨਾ ਤੇ ਆਪਣੀ ਕਾਰਜ ਕੁਸ਼ਲਤਾ ਵਿਖਾਉਣਾ ਸੀ। ਫੂਡ ਇੰਸਪੈਕਟਰ ਆਪ ਤਾਂ ਮਹੀਨਾ ਇਕੱਠਾ ਕਰ ਰਿਹਾ ਸੀ ਪਰ ਵਿਜੀਲੈਂਸ ਵਾਲਿਆਂ ਨੂੰ ਉਹਨਾਂ ਦਾ ਹਿੱਸਾ ਨਹੀਂ ਸੀ ਦੇ ਰਿਹਾ। ਨੀਨਾ ਫ਼ੈਕਟਰੀ ਕੇਸ ਵਿਚ ਵਿਜੀਲੈਂਸ ਵਾਲਿਆਂ ਨੇ ਫੂਡ ਇੰਸਪੈਕਟਰ, ਡਾਕਟਰ ਤੇ ਸੇਵਾਦਾਰ ਨੂੰ ਫੜ ਲਿਆ। ਫੂਡ ਇੰਸਪੈਕਟਰ ਤੇ ਡਾਕਟਰ ਤਾਂ ਜੁਗਾੜਬਾਜ਼ੀ ਨਾਲ ਬੇਕਸੂਰ ਸਾਬਤ ਹੋ ਗਏ ਤੇ ਸੇਵਾਦਾਰ ਦੇ ਵਿਰੁੱਧ ਚਲਾਨ ਪੇਸ਼ ਕਰਵਾ ਦਿੱਤਾ। ਸੇਵਾਦਾਰ ਜੱਥੇਬੰਦੀ ਸੰਮਤੀ ਕੋਲ ਪੇਸ਼ ਹੋ ਗਈ। ਦਸਤਾਵੇਜ਼ਾਂ ਦੇ ਆਧਾਰ 'ਤੇ ਸੇਵਾਦਾਰ ਨੂੰ ਬੇਕਸੂਰ ਸਾਬਤ ਕਰ ਦਿੱਤਾ ਗਿਆ।

ਪਟਨਾ ਯੂਨੀਵਰਸਿਟੀ ਦੇ ਕਾਨੂੰਨ ਦੇ ਵਿਦਿਆਰਥੀ, ''ਕਾਨੂੰਨ ਦੀ ਬਰਾਬਰਤਾ ਦਾ ਸਿਧਾਂਤ ਅਤੇ ਨਿਮਨ ਵਰਗ'' ਵਿਸ਼ੇ ਉਪਰ ਖੋਜ ਕਰ ਰਹੇ ਸਨ। ਸਿੱਟਾ ਇਹ ਸੀ ਕਿ ਜੇਲ੍ਹ ਵਿਚ ਬੰਦ ਅੱਸੀ ਫ਼ੀਸਦੀ ਕੈਦੀ ਨਿਮਨ ਵਰਗ ਨਾਲ ਸਬੰਧ ਰੱਖਦੇ ਹਨ। ਇਹਨਾਂ ਵਿਚੋਂ ਤਿੰਨ ਚੌਥਾਈ ਹਵਾਲਾਤੀ ਅਜਿਹੇ ਹਨ ਜਿੰਨ੍ਹਾਂ ਨੇ ਮੁਕੱਦਮੇ ਤਫ਼ਤੀਸ਼ ਅਧੀਨ ਜਾਂ ਸੁਣਵਾਈ ਅਧੀਨ ਸਨ। ਉਹ ਕਾਨੂੰਨ ਵੱਲੋਂ ਨਿਰਧਾਰਿਤ ਸਜ਼ਾ

ਨਾਲੋਂ ਕਈ ਗੁਣਾ ਵੱਧ ਸਜ਼ਾ ਕੱਟ ਚੁੱਕੇ ਸਨ ਅਤੇ ਅਜੇ ਵੀ ਉਹਨਾਂ ਦੀ ਰਿਹਾਈ ਦੇ ਕੋਈ ਆਸਾਰ ਨਹੀਂ ਹਨ। ਕਾਰਨ ਹਵਾਲਾਤੀਆਂ ਦੀ ਗਰੀਬੀ, ਸਰਕਾਰ ਦੀ ਬੇਰੁੱਖਤਾ ਅਤੇ ਅਦਾਲਤਾਂ ਦੀ ਲਾਪ੍ਰਵਾਹੀ ਸੀ। ਰਿਪੋਰਟ ਛਪਦੇ ਹੀ ਸੁਪਰੀਮ ਕੋਰਟ ਨੇ ਹਾਈ ਕੋਰਟ ਨੂੰ ਖਿੱਚਿਆ। ਪੰਜਾਬ ਵਿਚ ਜੇਲ੍ਹ ਮੰਤਰੀ ਵੱਲੋਂ ਜੇਲ੍ਹ ਵਿਭਾਗ ਨੂੰ ਤਾਕੀਦ ਹੋਈ ਕਿ ਅਜਿਹੇ ਮਸਲਿਆਂ ਦੀ ਰਿਪੋਰਟ ਤਿਆਰ ਕਰਕੇ ਇਕ ਮਹੀਨੇ ਦੇ ਅੰਦਰ ਅੰਦਰ ਮੰਤਰੀ ਨੂੰ ਭੇਜੀ ਜਾਵੇ। ਜੇਲ੍ਹ ਵਿਭਾਗ ਦੇ ਮੁਖੀ ਨੇ ਜੇਲ੍ਹਾਂ ਦੇ ਦਰੋਗਿਆਂ ਨੂੰ ਤਾੜਨਾ ਕੀਤੀ ਕਿ ਅਜਿਹਾ ਇਕ ਵੀ ਹਵਾਲਾਤੀ ਜੇਲ੍ਹ ਵਿਚ ਬੰਦ ਨਹੀਂ ਰਹਿਣਾ ਚਾਹੀਦਾ। ਜੇ ਕੋਈ ਹੈ ਤਾਂ ਉਸਨੂੰ ਤੁਰੰਤ ਰਿਹਾਅ ਕਰਵਾਇਆ ਜਾਵੇ। ਇਸ ਕੰਮ ਲਈ ਹਾਕਮ ਸਿੰਘ ਨੂੰ ਜੇਲ੍ਹ ਵਿਚ ਲੀਗਲ ਸੈੱਲ ਦਾ ਮੁਖੀ ਥਾਪ ਦਿੱਤਾ ਗਿਆ ਤੇ ਤਾਰਾ ਚੰਦ ਨੂੰ ਉਸਦੀ ਸਹਾਇਤਾ ਲਈ ਲਾਇਆ ਗਿਆ। ਪਰੰਤੂ ਤਾਰਾ ਚੰਦ ਨੂੰ ਮਹਿਸੂਸ ਹੋਇਆ ਕਿ ਅਜਿਹਾ ਕਰਦੇ ਹੋਏ ਕਿਤੇ ਹਾਕਮ ਸਿੰਘ ਪੇਸ਼ਾਵਰ ਅਤੇ ਖੂੰ-ਖਾਰ ਮੁਜ਼ਰਮਾਂ ਨੂੰ ਤਾਂ ਰਿਹਾਅ ਨਹੀਂ ਕਰਵਾ ਦੇਵੇਗਾ। ਕੀ ਉਨ੍ਹਾਂ ਨੂੰ ਵੀ ਰਿਹਾਅ ਕਰਵਾਉਣਾ ਲੀਗਲ ਸੈੱਲ ਦਾ ਉਦੇਸ਼ ਹੈ? ਆਪਣਾ ਸ਼ੱਕ ਦੂਰ ਕਰਨ ਲਈ ਉਹ ਹਾਕਮ ਨੂੰ ਪੁਛਦਾ ਹੈ ਇਸ ਦਾ ਉਹ ਸਪਸ਼ਟੀਕਰਨ ਦਿੰਦਾ ਕਹਿੰਦਾ ਹੈ:

> *ਮੈਂ ਆਪਣੇ ਦੇਸ਼ ਦੇ ਕਾਨੂੰਨ ਨੂੰ ਕਾਨੂੰਨ ਨਹੀਂ ਮੰਨਦਾ। ਇਹ ਜਨ-ਸਾਧਾਰਨ ਦੇ ਕਲਿਆਣ ਲਈ ਨਹੀਂ ਬਣਿਆ। ਇਕ ਵਿਸ਼ੇਸ਼ ਵਰਗ ਨੇ, ਆਪਣੇ ਹਿੱਤਾਂ ਦੀ ਰਾਖੀ ਅਤੇ ਆਮ ਲੋਕਾਂ ਨੂੰ ਗੁਲਾਮ ਬਣਾਈ ਰੱਖਣ ਲਈ, ਇਸਨੂੰ ਘੜਿਆ ਹੈ। ਕਾਨੂੰਨ ਮੱਥਾ ਦੇਖਕੇ ਟਿੱਕਾ ਕੱਢਦਾ ਹੈ। ਰਿਕਸ਼ੇ ਵਾਲਿਆਂ ਦਾ ਪੰਜ ਪੰਜ ਰੁਪਏ ਦਾ ਜੂਆ ਖੇਡਣਾ ਜੁਰਮ ਹੈ, ਕਲੱਬਾਂ ਵਿਚ ਲੱਖਾਂ ਦਾ ਜੂਆ ਖੇਡਣਾ ਜਾਇਜ਼ ਹੈ। ਢਿੱਡ ਥਾਫੜਨ ਲਈ ਝੌਂਪੜੀ ਵਿਚ ਸਰੀਰ ਵੇਚਣਾ ਜੁਰਮ ਹੈ, ਪੰਜ ਤਾਰਾ*

*ਹੋਟਲ ਵਿਚ ਹਮ ਬਿਸਤਰ ਹੋਣਾ ਜਾਇਜ਼ ਹੈ। ਜਿਸ ਜੁਰਮ ਵਿਚ ਤੈਨੂੰ ਸਜ਼ਾ ਹੋਈ ਹੈ ਕੀ ਉਹ ਤੂੰ ਕੀਤਾ ਹੈ? ਜਿਸ ਜ਼ੁਰਮ ਵਿਚ ਮੈਨੂੰ ਸਜ਼ਾ ਹੋਈ ਹੈ ਕੀ ਮੈਂ ਉਹ ਕੀਤਾ ਹੈ? ਕੋਈ ਵਿਅਕਤੀ ਮੁਜ਼ਰਮ ਨਹੀਂ ਬਣਦਾ, ਪ੍ਰਸਥਿਤੀਆਂ ਉਸ ਨੂੰ ਮੁਜ਼ਰਮ ਬਣਾਉਂਦੀਆਂ ਹਨ। ਸਰਕਾਰ ਦਾ ਮੁੱਢਲਾ ਫਰਜ਼ ਭੈੜੀਆਂ ਪ੍ਰਸਥਿਤੀਆਂ ਨੂੰ ਬਨਣ ਤੋਂ ਰੋਕਣਾ ਹੈ। ਜਦੋਂ ਸਰਕਾਰ ਆਪਣੇ ਫਰਜ਼ਾਂ ਤੋਂ ਭਟਕੀ ਹੋਈ ਤਾਂ ਪ੍ਰਸਥਿਤੀਆਂ ਵਿਚ ਘਿਰੇ ਲੋਕਾਂ ਨੇ ਕੁਰਾਹੇ ਪੈਣਾ ਹੀ ਹੈ। ਮੈਂ ਇਨ੍ਹਾਂ ਨੂੰ ਕਸੂਰਵਾਰ ਨਹੀਂ ਮੰਨਦਾ, ਜਿੰਨਾ ਸਾਡਾ ਕਾਨੂੰਨ ਮੰਨਦਾ ਹੈ। ਇਸ ਸਮੇਂ ਮੈਂ ਕਾਨੂੰਨ ਬਦਲਣ ਦੀ ਮੰਗ ਨਹੀਂ ਕਰ ਰਿਹਾ। ਚੰਗਾ, ਮਾੜਾ ਜੋ ਕਾਨੂੰਨ ਹੈ, ਉਸੇ ਨੂੰ ਲਾਗੂ ਕਰਵਾਉਣ ਦਾ ਯਤਨ ਕਰ ਰਿਹਾ ਹਾਂ। ਆਪਣੇ ਮਾੜੇ ਕੰਮਾਂ ਦੀ ਇਹ ਸਜ਼ਾ ਭੁਗਤ ਚੁੱਕੇ ਹਨ। ਲੋੜੋਂ ਵੱਧ ਇਨ੍ਹਾਂ ਨੂੰ ਜੇਲ੍ਹਾਂ ਵਿਚ ਡੱਕੀ ਰੱਖਣ ਦਾ ਕਿਸੇ ਨੂੰ ਅਧਿਕਾਰ ਨਹੀਂ ਹੈ। ਇਨ੍ਹਾਂ ਨੂੰ ਇਨ੍ਹਾਂ ਦੇ ਹੱਕ ਮਿਲਣੇ ਚਾਹੀਦੇ ਹਨ।*[60]

ਮਾੜੇ ਧੀੜਿਆਂ ਦੀ ਬੈਰਕ ਵਿਚੋਂ ਰਿਹਾਅ ਹੋਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਸੀ। ਇਹ ਤੱਥ ਪੂੰਜੀਵਾਦੀ ਢਾਂਚੇ ਦੀ ਕਾਰਗੁਜ਼ਾਰੀ ਦਾ ਲਖਾਇਕ ਹੈ। ਹਾਕਮ ਨੇ ਇਹਨਾਂ ਗਰੀਬ ਗੁਰਬੇ ਕੈਦੀਆਂ ਦੇ ਕੇਸਾਂ ਦੀ ਪੈਰਵਾਈ ਸ਼ੁਰੂ ਕਰ ਦਿੱਤੀ। ਲੀਗਲ ਸੈੱਲ ਦੀ ਚਰਚਾ ਵੇਖਕੇ ਜੱਜ ਨੇ ਜੇਲ੍ਹ ਵਿਚ ਲੋਕ ਅਦਾਲਤ ਲਾਉਣ ਦਾ ਐਲਾਨ ਕਰ ਦਿੱਤਾ। ਵਕੀਲਾਂ ਨੇ ਵੀ ਮੁਫ਼ਤ ਕਾਨੂੰਨੀ ਸਹਾਇਤਾ ਦਾ ਐਲਾਨ ਕਰ ਦਿੱਤਾ। ਤਿੰਨ ਦਿਨਾਂ ਵਿਚ ਅੱਧੀ ਜੇਲ੍ਹ ਖਾਲੀ ਹੋ ਗਈ। ਸਭ ਪਾਸੇ ਲੋਕ ਪੱਖੀ ਵਤੀਰੇ ਵਾਲੇ ਜੇਲ੍ਹ ਅਧਿਕਾਰੀਆਂ, ਜੱਜਾਂ ਅਤੇ ਵਕੀਲਾਂ ਦੀ ਤਾਰੀਫ਼ ਕੀਤੀ ਗਈ ਪਰ ਇਸ ਲਹਿਰ ਦੇ ਬਾਨੀ, ਇਕ ਕੈਦੀ, ਹਾਕਮ ਨੂੰ ਕਿਸੇ ਨੇ ਯਾਦ ਨਾ ਕੀਤਾ।

ਪੂੰਜੀਵਾਦੀ ਢਾਂਚੇ ਵਿਚ ਸੱਤਾਧਾਰੀ ਪਾਰਟੀਆਂ, ਅਫ਼ਸਰਸ਼ਾਹੀ ਤੇ ਪੁਲਿਸ ਵਿਚ ਗੰਢਤਰੁੱਪ ਹੁੰਦੀ ਹੈ ਇਸ ਤੱਥ ਨੂੰ ਨਾਵਲਕਾਰ ਨੇ ਬਾਖ਼ੂਬੀ ਨਾਵਲ ਵਿਚ ਚਿਤਰਿਆ ਹੈ। ਪਾਲੇ ਮੀਤੇ ਦੇ ਸੰਦਰਭ ਵਿਚ ਸੱਤਾਧਾਰੀ ਪਾਰਟੀ ਪਹਿਲੋਂ ਹੀ ਬਦਨਾਮ ਹੋ ਚੁੱਕੀ ਸੀ। ਹੁਣ ਚੋਣਾਂ ਸਿਰ 'ਤੇ ਸਨ। ਚੋਣਾਂ ਲਈ ਮੋਟੀ ਰਕਮ, ਸ਼ਰਾਬ ਅਤੇ ਭੁੱਕੀ ਚਾਹੀਦੀ ਸੀ। ਸੱਤਾਧਾਰੀ ਪਾਰਟੀ ਦੀ ਆਮਦਨ ਦਾ ਮੁੱਖ ਸੋਮਾ ਅਫ਼ਸਰਾਂ ਵੱਲੋਂ ਮਿਲਦਾ ਬੱਝਵਾਂ ਮਹੀਨਾ ਸੀ। ਸ਼ਰਾਬ ਠੇਕੇਦਾਰਾਂ ਕੋਲੋਂ ਵਗਾਰ ਵਜੋਂ ਆਉਂਦੀ ਸੀ। ਭੁੱਕੀ, ਅਫ਼ੀਮ ਆਦਿ ਨਸ਼ਿਆਂ ਦਾ ਪ੍ਰਬੰਧ ਪੁਲਿਸ ਕਰਦੀ ਸੀ।

ਜੇਲ੍ਹ ਵਿਚ ਕੈਦੀ, ਹਾਕਮ ਤੋਂ ਉਹਨਾਂ ਨਾਲ ਹੋ ਰਹੇ ਜੇਲ੍ਹ ਕਰਮਚਾਰੀਆਂ ਦੇ ਧੱਕੇ ਵਿਰੁੱਧ ਮਦਦ ਚਾਹੁੰਦੇ ਸਨ। ਹਾਕਮ ਨੂੰ ਪਤਾ ਸੀ ਕਿ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਮਿਲੀਭੁਗਤ ਹੈ। ਜੇਲ੍ਹ ਅਧਿਕਾਰੀਆਂ ਨੇ ਆਪਣੇ ਭਾਈਚਾਰ ਦਾ ਪੱਖ ਪੂਰਨਾ ਸੀ। ਉਹ ਆਪਣੇ ਭਾਈਚਾਰੇ ਦਾ ਪੱਖ ਕਿਵੇਂ ਪੂਰੇ। ਹਾਕਮ ਸੋਚ ਰਿਹਾ ਸੀ ਕਿ ਸ਼ਿਕਾਇਤ ਬਾਅਦ ਕਰਮਚਾਰੀਆਂ ਨੇ ਉਸ ਨਾਲ ਗੁੱਸੇ ਹੋਣਾ ਹੈ ਤੇ ਰੋਸ ਵਜੋਂ ਉਸਨੂੰ ਤੰਗ ਕਰਨਾ ਹੈ। ਸ਼ਾਇਦ ਤੰਗ ਹੋਣ ਤੋਂ ਡਰਦਾ ਹਾਕਮ ਮੁਲਾਜ਼ਮਾ ਨਾਲ ਪੰਗਾ ਲੈਣ ਤੋਂ ਟਲ ਰਿਹਾ ਸੀ।

ਸਮਾਜਵਾਦ ਲਈ ਅਨੁਕੂਲ ਪ੍ਰਸਥਿਤੀਆਂ ਦੇ ਨਾ ਬਣਨ ਦਾ ਇਕ ਮੁਖ ਕਾਰਨ ਇਹ ਹੈ ਕਿ ਅਸੀਂ ਵਿਚਾਰਧਾਰਾਈ ਪੱਧਰ 'ਤੇ ਨਿੱਜੀ ਸੰਪਤੀ ਪ੍ਰਤੀ ਮੋਹ ਦਾ ਤਿਆਗ ਨਹੀਂ ਕਰਦੇ। ਮਸਲਨ ਤਾਰਾ ਚੰਦ ਹਾਕਮ ਨੂੰ ਕਹਿ ਰਿਹਾ ਸੀ ਕਿ ਜੇਲ੍ਹ ਪ੍ਰਸ਼ਾਸਨ ਨੇ ਸਾਨੂੰ ਜਵਾਈਆਂ ਵਾਂਗ ਰੱਖਿਆ ਹੈ। ਪ੍ਰਸ਼ਾਸਨ ਨਾਲ ਮਿਲ ਕੇ ਚੱਲੋ ਤੇ ਮਿਲ ਰਹੀਆਂ ਸਹੂਲਤਾਂ ਦਾ ਆਨੰਦ ਲਓ।

ਸਾਡੀ ਮੌਜੂਦਾ ਨਿਆਂ ਪ੍ਰਣਾਲੀ ਸਮੇਂ ਦੇ ਹਾਣ ਦੀ ਨਹੀਂ ਹੈ। ਇਸ ਵਿਚ ਕਈ ਖ਼ਾਮੀਆਂ ਹਨ। ਸਭ ਤੋਂ ਵੱਡੀ ਖ਼ਾਮੀ ਤਾਂ ਇਹੀ ਹੈ ਕਿ ਇਹ ਪੂੰਜੀਵਾਦੀ ਕਦਰਾਂ-ਕੀਮਤਾਂ ਦੇ ਆਧਾਰ 'ਤੇ ਉਸਰੀ ਹੋਈ ਹੈ। ਮਿਸਾਲ ਦੇ ਤੌਰ 'ਤੇ ਅਦਾਲਤ

ਇਕ ਵਾਰ ਪਾਲੇ ਤੇ ਮੀਤੇ ਨੂੰ ਬੰਟੀ ਦਾ ਕਾਤਲ ਕਰਾਰ ਦੇ ਚੁੱਕੀ ਹੈ। ਉਹਨਾਂ ਦੀ ਸਜ਼ਾ ਤਾਂ ਮੁਆਫ਼ ਹੋ ਸਕਦੀ ਹੈ ਪਰ ਨਵੇਂ ਦੋਸ਼ੀਆਂ ਉਪਰ ਮੁਕੱਦਮਾ ਚਲਾਉਣਾ ਸੰਭਵ ਨਹੀਂ ਹੈ। ਇਹ ਕਿਸ ਤਰ੍ਹਾਂ ਦਾ ਕਾਨੂੰਨ ਹੈ ਜਿਹੜਾ ਅਸਲ ਕਾਤਲਾਂ ਨੂੰ ਸਜ਼ਾ ਨਹੀਂ ਕਰਵਾ ਸਕਦਾ ਅਤੇ ਨਿਰਦੋਸ਼ਾਂ ਨੂੰ ਬਰੀ ਨਹੀਂ ਕਰਵਾ ਸਕਦਾ।

ਜੇਲ੍ਹ ਵਿਚ ਹਾਕਮ ਜੇਲ੍ਹ ਸੁਪਰਡੈਂਟ ਦੇ ਬਹੁਤ ਨੇੜੇ ਹੋ ਗਿਆ ਸੀ। ਉਸਦੇ ਕਹਿਣ 'ਤੇ ਜੇਲ੍ਹ ਮੁਲਾਜ਼ਮਾਂ ਦੀ ਖਿਚਾਈ ਹੋ ਰਹੀ ਸੀ। ਮੁਲਾਜ਼ਮਾਂ ਵਿਚ ਰੋਸ ਵਧਦਾ ਜਾ ਰਿਹਾ ਸੀ। ਹਾਕਮ ਵਾਰਡਰਾਂ ਨੂੰ ਨਸੀਅਤਾਂ ਦਿੰਦਾ ਹੈ ਕਿ ਬੰਦੇ ਮਾੜੇ ਨਹੀਂ ਹੁੰਦੇ, ਪ੍ਰਸਥਿਤੀਆਂ ਉਹਨਾਂ ਨੂੰ ਚੰਗਾ ਜਾਂ ਮਾੜਾ ਬਣਾਉਂਦੀਆਂ ਹਨ। ਵਾਰਡਰਾਂ ਦੀ ਜਿੰਮੇਵਾਰੀ ਹੈ ਕਿ ਉਹ ਕੈਦੀਆਂ ਦੀਆਂ ਮਨੋਵਿਗਿਆਨਕ, ਸਰੀਰਕ, ਸਮਾਜਕ ਸਮੱਸਿਆਵਾਂ ਨੂੰ ਸਮਝਕੇ ਉਹਨਾਂ ਵਿਚ ਚੰਗੇ ਨਾਗਰਿਕ ਬਨਣ ਦੀਆਂ ਸੰਭਾਵਨਾਵਾਂ ਉਜਾਗਰ ਕਰਨ। ਹਾਕਮ ਨੂੰ ਬੀ ਕਲਾਸ 'ਚੋਂ ਨਿਕਲਕੇ ਦੂਜੀਆਂ ਬੈਰਕਾਂ ਵਿਚ ਵੇਖਣਾ ਚਾਹੀਦਾ ਹੈ ਕਿ ਕੈਦੀ ਕਿੰਨੇ ਬੇਰਹਿਮ ਹੁੰਦੇ ਹਨ। ਉਹ ਨਰਮੀ ਦੀ ਨਹੀਂ ਗਰਮੀ ਦੀ ਭਾਸ਼ਾ ਹੀ ਸਮਝਦੇ ਹਨ। ਵਾਰਡਰ ਆਪਣੀ ਜਾਨ ਮਾਲ ਤੇ ਨੌਕਰੀਆਂ ਦੀ ਹਿਫ਼ਾਜਤ ਕਰਨ ਜਾਂ ਮੁਲਾਜਮਾਂ ਦੇ ਮਾਨ ਸਨਮਾਨ ਦੀ। ਜੇਲ੍ਹ ਅਧਿਕਾਰੀਆਂ ਦੀ ਇਕੋ ਇਕ ਰਾਏ ਸੀ ਕਿ ਹਾਕਮ ਨੂੰ ਨੱਥ ਪਾਈ ਜਾਵੇ। ਜੇਲ੍ਹ ਸੁਪਰਡੈਂਟ ਰਣਜੋਧ ਸਿੰਘ ਨੇ ਹੁਕਮ ਜਾਰੀ ਕੀਤਾ, ''ਹਾਕਮ ਦਾ ਦਫ਼ਤਰ ਆਉਣਾ ਬੰਦ। ਕੈਦੀਆਂ ਨੂੰ ਭਾਸ਼ਣ ਦੇਣੇ ਬੰਦ। ਉਸ ਦੀਆਂ ਵਿਸ਼ੇਸ਼ ਰਿਆਇਤਾਂ ਬੰਦ।''

ਉਧਰ ਲੋਕ ਸੰਘਰਸ਼ ਸੰਮਤੀ ਕਾਨੂੰਨ ਨੂੰ ਨਵੇਂ ਸਿਰਿਓਂ ਵਿਆਖਿਆਉਣ ਲਈ ਕੋਰਟ ਤੋਂ ਪੁੱਛ ਰਹੀ ਸੀ। ਸੰਮਤੀ ਦਾ ਤਰਕ ਸੀ ਕਿ ਕਾਨੂੰਨ ਕੋਲੋਂ ਇਹ ਗਲਤੀਆਂ ਇਸ ਲਈ ਹੁੰਦੀਆਂ ਹਨ ਕਿਉਂਕਿ ਜੁਰਮਾਂ ਦੀ ਤਫ਼ਤੀਸ਼ ਕਰਨ ਵਾਲੀ ਸੰਸਥਾ ਇਕ ਹੈ। ਪੁਲਿਸ ਪੂਰੀ ਤਰ੍ਹਾਂ ਸਰਕਾਰ ਦੇ ਅਧੀਨ ਹੈ। ਸਰਕਾਰ ਨੂੰ ਪੁਲਿਸ ਉਪਰ ਤੇ ਪੁਲਿਸ ਨੂੰ ਲੋਕਾਂ ਉਪਰ ਮਰਜ਼ੀ ਕਰਨ ਦਾ ਅਧਿਕਾਰ ਹੈ।

ਨਾਗਰਿਕਾਂ ਨੂੰ ਮਰਜ਼ੀ ਦੀ ਤਫ਼ਤੀਸ਼ੀ ਏਜੰਸੀ ਕੋਲੋਂ ਤਫ਼ਤੀਸ਼ ਕਰਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਸਰਕਾਰ ਦਾ ਏਕਾਧਿਕਾਰ ਖ਼ਤਮ ਹੋਣਾ ਚਾਹੀਦਾ ਹੈ। ਪੁਲਿਸ ਦੇ ਹੱਥੋਂ ਤਫ਼ਤੀਸ਼ ਦਾ ਏਕਾਧਿਕਾਰ ਖੁੱਸਣ ਨਾਲ ਸਰਕਾਰ ਨੇ ਖੁਸਰਾ ਬਣ ਕੇ ਰਹਿ ਜਾਣਾ ਸੀ। ਸਰਕਾਰ ਨੇ ਲੋਕ ਸੰਪਰਕ ਵਿਭਾਗ ਨੂੰ ਚੌਕਸ ਕੀਤਾ ਅਤੇ ਮੀਡੀਏ ਨੂੰ ਸਰਕਾਰ ਦੇ ਪੱਖ ਵਿਚ ਵਰਤਣ ਦੇ ਹੁਕਮ ਦਿੱਤੇ। ਸਾਰੀਆਂ ਵਿਰੋਧੀ ਅਤੇ ਹੁਕਮਰਾਨ ਪਾਰਟੀਆਂ ਨੇ ਇਹ ਮਤਾ ਪਾਸ ਕੀਤਾ ਕਿ ਪੁਲਿਸ ਦੇ ਅਧਿਕਾਰ ਸੀਮਤ ਨਹੀਂ ਹੋਣੇ ਚਾਹੀਦੇ। ਇਹ ਤੱਥ ਇਸ ਗੱਲ ਦਾ ਜ਼ਾਮਾਨ ਹੈ ਕਿ ਪੂੰਜੀਵਾਦੀ ਢਾਂਚੇ ਵਿਚ ਸਭ ਰਾਜਨੀਤਕ ਪਾਰਟੀਆਂ ਦੇ ਮੁਫ਼ਾਦ ਸਾਂਝੇ ਹੁੰਦੇ ਹਨ ਭਾਵੇਂ ਉਹ ਸ਼ਾਸਨ ਵਿਚ ਹੋਣ ਜਾਂ ਵਿਰੋਧ ਵਿਚ। ਹਾਈਕੋਰਟ ਨੇ ਤਰਕ ਦਿੱਤਾ ਕਿ ਕਾਨੂੰਨ ਵਿਵਸਥਾ ਬਣਾਏ ਰੱਖਣ ਲਈ ਸਰਕਾਰ ਦਾ ਏਕਾਧਿਕਾਰ ਰਹਿਣਾ ਲਾਜ਼ਮੀ ਹੈ, ਨਹੀਂ ਤਾਂ ਨਿਜੀ ਸੰਸਥਾਵਾਂ ਦੀ ਤਫ਼ਤੀਸ਼ ਵਿਚ ਪੈਸੇ ਦਾ ਬੋਲਬਾਲਾ ਹੋ ਸਕਦਾ ਸੀ। ਫ਼ੈਸਲਾ ਹੋਣ ਤੋਂ ਬਾਅਦ ਤਫ਼ਤੀਸ਼ ਦੋਬਾਰਾ ਸ਼ੁਰੂ ਕਰਨਾ ਤਰਕਸੰਗਤ ਨਹੀਂ ਹੈ। ਇਸ ਤਰ੍ਹਾਂ ਤਾਂ ਮੁਕੱਦਮਾ ਕਦੇ ਵੀ ਨਹੀਂ ਮੁੱਕੇਗਾ। ਇਹਨਾਂ ਤਰਕਾਂ ਦੇ ਆਧਾਰ 'ਤੇ ਹਾਈਕੋਰਟ ਨੇ ਇਹ ਕਹਿ ਕੇ ਸੰਮਤੀ ਦੀ ਪਟੀਸ਼ਨ ਰੱਦ ਕਰ ਦਿੱਤੀ ਕਿ ਸੰਮਤੀ ਦੀਆਂ ਮੰਗਾਂ ਨਿਆਂ ਪ੍ਰਬੰਧ ਨੂੰ ਭੰਬਲ ਭੂਸੇ ਵਿਚ ਪਾਉਣ ਵਾਲੀਆਂ ਹਨ। ਇਹ ਲੋਕ ਹਿਤੂ ਹੋਣ ਦੀ ਥਾਂ ਲੋਕ ਵਿਰੋਧੀ ਹਨ।

ਅਸਲ ਵਿਚ ਸੰਮਤੀ ਦਾ ਉਦੇਸ਼ ਲੋਕਾਂ ਨੂੰ ਇਹ ਸਮਝਾਉਣਾ ਸੀ ਕਿ ਮੌਜੂਦਾ ਢਾਂਚਾ ਗਲ ਸੜ ਚੁੱਕਾ ਹੈ। ਇਹ ਲੋਕ ਪੱਖੀ ਨਹੀਂ ਹੈ। ਨਿਆਂ ਪਾਲਿਕਾ ਵਰਗੀ ਸੱਚੀ ਸੁੱਚੀ ਸੰਸਥਾ ਵੀ ਇਸਦੀ ਸੜਿਆਂਦ ਤੋਂ ਬਚੀ ਹੋਈ ਨਹੀਂ ਹੈ। ਸਮੁੱਚਾ ਢਾਂਚਾ ਬਦਲੇ ਬਿਨਾਂ ਵਧੀਆ ਤੇ ਸੁਖੀ ਜ਼ਿੰਦਗੀ ਜਿਉਣਾ ਅਸੰਭਵ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਸੰਮਤੀ, ਪੁਲਿਸ, ਅਦਾਲਤਾਂ ਅਤੇ ਸੁਧਾਰ ਘਰਾਂ ਦੇ ਪ੍ਰਬੰਧਕਾਂ ਪਖੋਂ

ਸਤਾਏ ਲੋਕਾਂ ਨੂੰ ਮੰਚ ਤੇ ਬੁਲਾਉਂਦੀ ਅਤੇ ਉਹਨਾਂ ਦੀ ਦਰਦ ਕਹਾਣੀ ਉਹਨਾਂ ਦੇ ਮੂੰਹੋਂ ਸੁਣਵਾਉਂਦੀ ਤਾਂ ਕਿ ਜਨ ਮਾਨਸ ਚੇਤੰਨ ਹੋਵੇ।

ਇਸ ਨਾਵਲ ਦੀ ਇਕ ਪ੍ਰਾਪਤੀ ਜੇਲ੍ਹ ਵਿਚ ਡੱਕੀਆਂ ਉਨ੍ਹਾਂ ਔਰਤਾਂ ਅਤੇ ਬੱਚਿਆਂ ਦੀ ਤ੍ਰਾਸਦਿਕ ਹੋਣੀ ਦੇ ਚਿਤ੍ਰਣ ਵਿਚ ਹੈ ਜਿਹੜੀਆਂ ਨਿਰਦੋਸ਼ ਜਾਂ ਕਿਸੇ ਖ਼ਾਸ ਤਰ੍ਹਾਂ ਦੀਆਂ ਪੈਦਾ ਹੋਈਆਂ ਪ੍ਰਸਥਿਤੀਆਂ ਵਿਚ ਕਿਸੇ ਦੋਸ਼ ਦੀਆਂ ਭਾਗੀਦਾਰ ਬਣੀਆਂ ਹਨ। ਇਨ੍ਹਾਂ ਦੀ ਹਾਲਤ ਮਰਦ ਕੈਦੀਆਂ ਦੇ ਮੁਕਾਬਲੇ ਜ਼ਿਆਦਾ ਭੈੜੀ ਹੈ। ਇਹਨਾਂ ਦਾ ਦੂਹਰਾ ਸ਼ੋਸ਼ਨ ਹੋ ਰਿਹਾ ਹੈ। ਕੰਮ ਪੱਖੋਂ ਵੀ ਅਤੇ ਕਾਮ ਪੱਖੋਂ ਵੀ। ਮਿੱਠੋ ਵਰਗੀਆਂ ਜਿਹੜੀਆਂ ਜੇਲ੍ਹ ਦੇ ਕਰਮਚਾਰੀਆਂ ਨਾਲ ਜਿਨਸੀ ਸੰਬੰਧਾਂ ਲਈ ਤਿਆਰ ਨਹੀਂ ਹੁੰਦੀਆਂ ਉਨ੍ਹਾਂ ਨੂੰ 'ਤਨਹਾਈ ਦੀ ਕੋਠੜੀ' ਵਿਚ ਪਹੁੰਚਾਇਆ ਜਾਂਦਾ ਹੈ ਜਿਥੇ ਪਹੁੰਚ ਕੇ ਕੈਦੀ ਜਾਂ ਤਾਂ ਨੀਮ ਪਾਗਲ ਹੋ ਜਾਂਦਾ ਹੈ ਅਤੇ ਜਾਂ ਮੌਤ ਦੇ ਮੂੰਹ ਵਿਚ ਜਾ ਗਿਰਦਾ ਹੈ। ਇਸੇ ਤਰ੍ਹਾਂ ਬੇਕਸੂਰ ਤੇ ਅਨਾਥ ਬੱਚੇ ਹਨ, ਜਿਨ੍ਹਾਂ ਨੂੰ ਅਪਰਾਧੀਆਂ ਨਾਲ ਰੱਖਿਆ ਜਾਂਦਾ ਹੈ। ਉਹਨਾਂ ਦੀ ਨਾ ਤਾਂ ਖਾਣ-ਪੀਣ ਅਤੇ ਨਾ ਹੀ ਪੜ੍ਹਾਈ ਲਿਖਾਈ ਦਾ ਕੋਈ ਪ੍ਰਬੰਧ ਹੈ।

ਨਾਵਲਕਾਰ ਨੇ ਨਾਵਲ ਵਿਚ ਦਲਿਤਾਂ ਵਿਚ ਉੱਚ ਸ਼੍ਰੇਣੀ ਪ੍ਰਤੀ ਰੋਸ ਨੂੰ ਵੀ ਬੜੇ ਸੁਚੱਜੇ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਮਿਸਾਲ ਦੇ ਤੌਰ 'ਤੇ ਸਹਾਇਕ ਦਰੋਗਾ ਸੰਤੋਖ ਸਿੰਘ (ਦਲਿਤ) ਨੂੰ ਇਕ ਗੱਲ ਚੁੱਭਦੀ ਹੈ ਕਿ ਦਲਿਤ ਔਰਤਾਂ ਉਚ ਸ਼੍ਰੇਣੀ ਦੇ ਲੋਕਾਂ ਦੀਆਂ ਭੋਗ ਵਿਲਾਸ ਦੀਆਂ ਵਸਤਾਂ ਹਨ। ਇਸੇ ਅੱਗ ਨੂੰ ਬੁਝਾਉਣ ਲਈ ਸੰਤੋਖ ਸਿੰਘ ਜ਼ਨਾਨਾ ਵਾਰਡ ਵਿਚ ਜਾ ਕੇ ਉੱਚ ਜਾਤ ਦੀਆਂ ਔਰਤਾਂ ਨਾਲ ਜ਼ਬਰਦਸਤੀ ਕਰਦਾ ਹੈ। ਇਹ ਮਨੁੱਖੀ ਜ਼ੁਰਮ ਦੀ ਇੰਤਹਾ ਹੈ। ਇਸ ਵਿਚ ਹੇਠਲੀ ਤੇ ਉਪਰਲੀ ਦੋਹਾਂ ਸ਼੍ਰੇਣੀਆਂ ਦੇ ਲੋਕ ਕਸੂਰਵਾਰ ਹਨ।

ਜੇਲ੍ਹ ਤੋਂ ਬਾਹਰ ਗੁਪਤਚਰ ਵਿਭਾਗ ਮੁੱਖ ਮੰਤਰੀ ਨੂੰ ਚੇਤੰਨ ਕਰ ਰਿਹਾ ਸੀ ਕਿ ਜੇਕਰ ਸੰਮਤੀ ਦੀਆਂ ਗਤੀਵਿਧੀਆਂ ਨੂੰ ਠੱਲ ਨਾ ਪਾਈ ਗਈ ਤਾਂ ਸੱਤਾਧਾਰੀ

ਪਾਰਟੀ ਦਾ ਚੋਣ ਜਿੱਤਣਾ ਅਸੰਭਵ ਹੈ। ਮੁੱਖ ਮੰਤਰੀ ਨੇ ਸੰਮਤੀ ਨਾਲ ਸੰਪਰਕ ਕੀਤਾ। ਆਪਣੀਆਂ ਤਜ਼ਵੀਜ਼ਾਂ ਭੇਜੀਆਂ, ਤੁਹਾਡੀਆਂ ਮੰਗਾਂ ਜਾਇਜ਼ ਹਨ। ਸੱਤਾ ਵਿਚ ਆਉਂਦੇ ਹੀ ਪਹਿਲਾਂ ਕਾਨੂੰਨ ਸੋਧ ਸੰਬੰਧੀ ਬਿਲ ਅਸੈਂਬਲੀ 'ਚ ਪੇਸ਼ ਹੋਵੇਗਾ। ਪਾਲੇ ਤੇ ਮੀਤੇ ਨੂੰ ਬੇਕਸੂਰ ਘੋਸ਼ਿਤ ਕਰਦੇ ਹੋਏ ਝੂਠਾ ਮੁਕੱਦਮਾ ਬਣਾਉਣ ਵਾਲੇ ਪੁਲਿਸ ਅਫ਼ਸਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਪਰ ਸੰਮਤੀ ਸੱਤਾਧਾਰੀ ਪਾਰਟੀ ਦੀਆਂ ਚਾਲਾਂ ਤੋਂ ਬਾਖ਼ੂਬੀ ਵਾਕਫ਼ ਸੀ। ਸੰਮਤੀ ਦਾ ਸੰਘਰਸ਼ ਕਿਸੇ ਵਿਅਕਤੀ ਵਿਸ਼ੇਸ਼ ਦੇ ਸਮੁੱਚੇ ਢਾਂਚੇ ਵਿਰੁੱਧ ਸੀ। ਸੰਮਤੀ ਸਪਸ਼ਟ ਸੀ ਕਿ ਕੁਰਸੀਆਂ ਉਪਰ ਬੈਠੇ ਬੰਦਿਆਂ ਦੇ ਬਦਲ ਨਾਲ ਸਮੁੱਚੇ ਢਾਂਚੇ ਵਿਚ ਤਬਦੀਲੀ ਨਹੀਂ ਸੀ ਆਉਣੀ।

ਨਤੀਜਤਨ ਸੱਤਾਧਾਰੀ ਪਾਰਟੀ ਚੋਣ ਹਾਰ ਗਈ ਤੇ ਨਵੀਂ ਪਾਰਟੀ ਸੱਤਾ ਵਿਚ ਆ ਗਈ। ਨਵੇਂ ਮੰਤਰੀ ਨੇ ਸੰਮਤੀ ਤੋਂ ਕਾਨੂੰਨ ਵਿਚ ਸੋਧਾਂ ਸੰਬੰਧੀ ਲਿਖਤੀ ਸੁਝਾਅ ਮੰਗੇ। ਲਾਅ ਕਮਿਸ਼ਨ ਤੇ ਸਲਾਹਕਾਰ ਕਮੇਟੀ ਦਾ ਗਠਨ ਕੀਤਾ ਅਤੇ ਫਿਰ ਦੋਹਾਂ ਵੱਲੋਂ ਆਏ ਸੁਝਾਵਾਂ ਨੂੰ ਵਿਚਾਰਨ ਲਈ ਕੈਬਟਿਨ ਕਮੇਟੀ ਵੀ ਬਣਾਈ। ਸੰਮਤੀ ਸਮਝ ਰਹੀ ਸੀ ਕਿ ਸਰਕਾਰ ਵੱਲੋਂ ਕਮੇਟੀਆਂ ਦਾ ਗਠਨ ਮਹਿਜ਼ ਵਕਤ ਲੰਘਾਉਣ ਦਾ ਇਕ ਤਰੀਕਾ ਹੈ। ਅਸਲ ਵਿਚ ਸਰਕਾਰ ਕੁਝ ਪੁਖਤਾ ਕਰਨਾ ਹੀ ਨਹੀਂ ਚਾਹੁੰਦੀ ਜਾਂ ਇਹ ਕਹਿਣਾ ਜ਼ਿਆਦਾ ਉਚਿਤ ਹੋਵੇਗਾ ਕਿ ਮੌਜੂਦਾ ਢਾਂਚੇ ਵਿਚ ਕੁਝ ਹੋਣ ਦੀ ਸੰਭਾਵਨਾ ਹੀ ਨਹੀਂ ਹੈ।

ਕੁਝ ਗੁੰਮਨਾਮ ਕੈਦੀਆਂ ਨੇ ਸੈਸ਼ਨ ਜੱਜ ਹਿਰਦੇਪਾਲ ਦੇ ਨਾਂ 'ਤੇ ਇਕ ਖ਼ਤ ਲਿਖਿਆ ਸੀ। ਖ਼ਤ ਅਨੁਸਾਰ ਮੁਜ਼ਰਮ ਨੂੰ ਕੀਤੇ ਗੁਨਾਹਾਂ ਦੀ ਸਜ਼ਾ ਭੁਗਤਣ ਅਤੇ ਸੁਧਾਰਨ ਦਾ ਮੌਕਾ ਦੇਣ ਲਈ ਜੇਲ੍ਹ ਭੇਜਿਆ ਜਾਂਦਾ ਹੈ। ਜੇਲ੍ਹ 'ਚ ਕੈਦੀ ਦੇ ਕੁਝ ਮੁੱਢਲੇ ਹੱਕ ਖ਼ਾਰਜ ਹੋ ਜਾਂਦੇ ਹਨ ਜਦਕਿ ਬਾਕੀ ਅਧਿਕਾਰਾਂ ਦੀ ਰੱਖਿਆ ਸਰਕਾਰ ਦਾ ਫਰਜ਼ ਹੁੰਦੀ ਹੈ। ਮੁਜ਼ਰਮ ਨੂੰ ਜੇ ਇਨਸਾਨ ਨਹੀਂ ਬਣਾਉਣਾ, ਨਾ ਬਣਾਓ ਪਰ ਘੱਟੋ ਘੱਟ ਹੈਵਾਨ ਨਹੀਂ ਬਣਾਉਣਾ ਚਾਹੀਦਾ। ਜੇਲ੍ਹ ਦਾ ਦੌਰਾ ਸੈਸ਼ਨ ਜੱਜ ਲਈ

ਮਹਿਜ਼ ਉਪਚਾਰਕਤਾ ਨਹੀਂ ਹੈ। ਉਸਨੇ ਕੈਦੀਆਂ ਦੀਆਂ ਮਾਨਸਿਕ ਤੇ ਸਰੀਰਕ ਲੋੜਾਂ ਦਾ ਖਿਆਲ ਰੱਖਣਾ ਹੁੰਦਾ ਹੈ। ਉਨ੍ਹਾਂ ਨਾਲ ਹੁੰਦੇ ਪੱਖਪਾਤ ਤੇ ਧੱਕੇ ਨੂੰ ਦੂਰ ਕਰਨਾ ਹੁੰਦਾ ਹੈ। ਹੁਣ ਤਕ ਕੀਤੇ ਦੌਰਿਆਂ ਵਿਚ ਤੁਸੀਂ ਇਕ ਵੀ ਫਰਜ਼ ਨਹੀਂ ਨਿਭਾਇਆ। ਜੇਲ੍ਹ ਅਧਿਕਾਰੀਆਂ ਨੂੰ ਤੁਹਾਡੇ ਆਉਣ ਦੀ ਖ਼ਬਰ ਪਹਿਲੋਂ ਹੁੰਦੀ ਹੈ ਅਤੇ ਉਸੇ ਅਨੁਸਾਰ ਆਰਜ਼ੀ ਤੌਰ 'ਤੇ ਜੇਲ੍ਹ ਦੀਆਂ ਹਾਲਤਾਂ ਵਿਚ ਸੁਧਾਰ ਕਰ ਦਿੱਤਾ ਜਾਂਦਾ ਹੈ। ਤੁਹਾਡਾ ਝੁਕਾਅ ਫ਼ਰਜ਼ਾਂ ਦੀ ਬਜਾਏ ਮਿੱਤਰਾਂ ਵੱਲ ਹੈ। ਤੁਸੀਂ ਆਈਆਂ ਫਰਿਆਦਾਂ ਦੀ ਸੂਚਨਾ ਉਹਨਾਂ ਨੂੰ ਪਹੁੰਚਾ ਦਿੱਤੀ ਹੈ। ਉਨ੍ਹਾਂ ਨੇ ਕੈਦੀਆਂ ਦੀਆਂ ਵਾਂਗਾਂ ਕੱਸ ਦਿੱਤੀਆਂ ਹਨ। ਕਿਰਪਾ ਕਰਕੇ ਆਪਣੇ ਫ਼ਰਜ਼ਾਂ ਨੂੰ ਪਛਾਣੋ। ਜੱਜ ਨੂੰ ਲੱਗ ਰਿਹਾ ਸੀ ਕਿ ਲਿਖਣ ਵਾਲਾ ਕੈਦੀ ਆਪਣੀ ਪਛਾਣ ਗੁਪਤ ਰੱਖਣਾ ਚਾਹੁੰਦਾ ਸੀ ਪਰ ਸੀ ਉਹ ਕੈਦੀ ਲੋਕ ਹਿਤੈਸ਼ੀ। ਸੱਚਾਈ ਘੋਖਣ 'ਤੇ ਜੱਜ ਹਿਰਦੇਪਾਲ ਨੂੰ ਖ਼ਤ ਸੱਚਾ ਨਜ਼ਰ ਆਉਣ ਲੱਗਾ। ਸੈਸ਼ਨ ਜੱਜ ਨੂੰ ਲੱਗ ਰਿਹਾ ਸੀ ਕਿ ਉਹ ਜੇਲ੍ਹ ਦੀ ਥਾਂ ਨਰਕ ਵਿਚ ਖੜ੍ਹਾ ਹੈ, ਜਿੱਥੇ ਬੂ ਹੈ, ਰੋਣ ਧੋਣ ਹੈ, ਸਿਸਕੀਆਂ ਹਨ, ਬਿਮਾਰੀ ਤੇ ਭੁੱਖਮਰੀ ਹੈ। ਸੈਸ਼ਨ ਜੱਜ ਹਿਰਦੇਪਾਲ ਦੀ ਸ਼ੰਕਾ ਦੂਰ ਕਰਦਾ ਹੋਇਆ ਜੇਲ੍ਹ ਸੁਪਰਡੈਂਟ ਰਣਜੋਧ ਸਿੰਘ ਕਹਿ ਰਿਹਾ ਸੀ ਕਿ ਬਾਰ ਬਾਰ ਲਿਖਣ 'ਤੇ ਵੀ ਸਰਕਾਰ ਬਜਟ ਦਾ ਰੋਣਾ ਰੋਂਦੀ ਹੈ। ਉਂਝ ਇਸ ਵਰਤਾਰੇ ਲਈ ਅਦਾਲਤਾਂ ਵੀ ਜ਼ਿੰਮੇਵਾਰ ਹਨ। ਲੰਮਾ ਸਮਾਂ ਮੁਕੱਦਮੇ ਲਟਕਦੇ ਰਹਿੰਦੇ ਹਨ। ਮੁਲਜ਼ਮ ਜੇਲ੍ਹਾਂ ਵਿਚ ਰੁਲਦੇ ਰਹਿੰਦੇ ਹਨ। ਕਸੂਰ ਨਾ ਸਾਡਾ ਹੈ, ਨਾ ਤੁਹਾਡਾ, ਕਸੂਰ ਸਿਸਟਮ ਦਾ ਹੈ।

ਸੈਸ਼ਨ ਜੱਜ ਹਿਰਦੇਪਾਲ ਜੇਲ੍ਹ ਸੁਪਰਡੈਂਟ ਰਣਜੋਧ ਸਿੰਘ ਨੂੰ ਸਮਝਾ ਰਿਹਾ ਸੀ ਕਿ ਕੋਈ ਤੁਹਾਡੇ ਕੰਮਾਂ ਉਪਰ ਨਜ਼ਰ ਰੱਖ ਰਿਹਾ ਹੈ। ਪਹਿਲੋਂ ਉਸ ਅਨਸਰ ਦੀ ਪਹਿਚਾਣ ਕਰੋ। ਨਹੀਂ ਤਾਂ ਮੈਂ ਤੁਹਾਡੀ ਕੋਈ ਮਦਦ ਨਹੀਂ ਕਰ ਸਕਾਂਗਾ ਸਗੋਂ ਮੈਂ ਵੀ ਫ਼ਸ ਜਾਵਾਂਗਾ। ਇਹ ਇਕ ਅਜਿਹਾ ਤੱਥ ਹੈ ਜਿਹੜਾ ਪੂੰਜੀਵਾਦੀ ਢਾਂਚੇ ਵਿਚ

ਕਦੇ ਕਦੇ ਕਿਸੇ ਕਿਸੇ ਦੇ ਸੱਚੇ ਸੁੱਚੇ ਹੋਣ ਦਾ ਆਰਜ਼ੀ ਤੌਰ 'ਤੇ ਭਰਮ ਸਿਰਜਦਾ ਹੈ।

ਸਾਰੇ ਜੇਲ੍ਹ ਕਰਮਚਾਰੀਆਂ ਨੂੰ ਪਤਾ ਸੀ ਕਿ ਇਸ ਸਾਰੇ ਵਰਤਾਰੇ ਦਾ ਸੂਤਰਧਾਰ ਹਾਕਮ ਹੈ। ਸਭ ਉਸਦੀ ਖੁੰਬ ਠੱਪਣਾ ਚਾਹੁੰਦੇ ਸਨ। ਜੇਲ੍ਹ ਸੁਪਰਡੈਂਟ ਰਣਜੋਧ ਸਿੰਘ ਦਾ ਤਰਕ ਸੀ ਹਾਕਮ 'ਤੇ ਪਹਿਲੋਂ ਦੋਸ਼ ਲਾਏ ਜਾਣ, ਫਿਰ ਪੜਤਾਲ ਵਿਚ ਦੋਸ਼ ਸਿੱਧ ਕੀਤੇ ਜਾਣ ਅਤੇ ਫਿਰ ਦੋਸ਼ੀ ਹਾਕਮ ਨੂੰ ਦਫ਼ਤਰੋਂ ਤੇ 'ਬੀ ਕਲਾਸ' ਵਿਚੋਂ ਕੱਢ ਦਿੱਤਾ ਜਾਵੇ। ਮੁੱਕਦੀ ਗੱਲ ਕਿ ਉਸਦਾ ਮਾਨਸਿਕ ਸੰਤੁਲਨ ਬਿਗਾੜਿਆ ਜਾਵੇ।

ਹਾਕਮ ਦਾ ਸਮਾਜਕ ਬਾਈਕਾਟ ਹੋ ਚੁੱਕਾ ਸੀ। ਉਸਨੂੰ ਫੈਕਟਰੀ ਜਾ ਕੇ ਮੁਸ਼ੱਕਤ ਕਰਨ ਦਾ ਹੁਕਮ ਹੋ ਚੁੱਕਾ ਸੀ। ਫ਼ੈਕਟਰੀ ਦਾ ਪੰਜਾ ਇਨਚਾਰਜ ਮੀਤਾ ਸੀ, ਮੀਤੇ ਨੇ ਸੁਣ ਰੱਖਿਆ ਸੀ ਕਿ ਹਾਕਮ, ਗੁਰਮੀਤ ਵਾਂਗ ਹੀ ਗ਼ਰੀਬ-ਗ਼ੁਰਬਿਆਂ ਦੀ ਨੁਮਾਇੰਦਗੀ ਕਰਨ ਵਾਲਾ ਇਨਸਾਨ ਹੈ। ਮੀਤੇ ਨੇ ਹਰ ਹੀਲੇ ਹਾਕਮ ਦੀ ਮਦਦ ਕਰਨ ਦਾ ਮਨ ਬਣਾ ਲਿਆ ਸੀ। ਹਾਕਮ ਦੀ ਸਰੀਰਕ ਤੇ ਮਾਨਸਿਕ ਹਾਲਤ ਨਿੱਘਰਦੀ ਜਾ ਰਹੀ ਸੀ। ਉਸਨੂੰ ਤਨਹਾਈ ਚੱਕੀ ਵਿਚ ਬੰਦ ਕਰਨ ਦੇ ਹੁਕਮ ਹੋ ਚੁੱਕੇ ਸਨ।

ਹਾਕਮ ਨੇ ਕੀਤੇ ਕਾਰਜਾਂ ਦੀ ਤੇ ਉਸਦੀ ਹੋਣੀ ਦੀ ਖ਼ਬਰ ਸੰਮਤੀ ਕੋਲ ਪਹੁੰਚ ਚੁੱਕੀ ਸੀ। ਫ਼ੈਸਲਾ ਕੀਤਾ ਗਿਆ ਕਿ ਕਾਨੂੰਨੀ ਚਾਰਾਜੋਈ ਨਾਲ ਫੌਰੀ ਮਦਦ ਸੰਭਵ ਨਹੀਂ। ਜੇਲ੍ਹ ਪ੍ਰਸ਼ਾਸਨ ਨੂੰ ਇਹ ਜਤਾਉਣ ਲਈ ਕਿ ਸੰਘਰਸ਼ ਸੰਮਤੀ ਨੇ ਹਾਕਮ ਦਾ ਕੇਸ ਆਪਣੇ ਹੱਥ ਵਿਚ ਲੈ ਲਿਆ ਹੈ, ਤਿੰਨ ਵਕੀਲਾਂ ਦੀ ਇਕ ਟੀਮ ਹਾਕਮ ਨਾਲ ਮੁਲਾਕਾਤ ਲਈ ਜੇਲ੍ਹ ਜਾਵੇਗੀ। ਇਕ ਟੀਮ ਸੈਸ਼ਨ ਜੱਜ ਹਿਰਦੇਪਾਲ ਨੂੰ ਮਿਲੇਗੀ। ਉਸ ਕੋਲੋਂ ਉਹਨਾਂ ਸ਼ਿਕਾਇਤਾਂ ਦੀਆਂ ਨਕਲਾਂ ਲਏਗੀ, ਜਿਹੜੀਆਂ ਉਸਨੇ ਪ੍ਰਸ਼ਾਸਨ ਵਿਰੁੱਧ ਜੱਜ ਕੋਲ ਕੀਤੀਆਂ ਸਨ। ਨਾਲੇ ਜੱਜ ਤੋਂ ਉਸਦੀ ਰਿਪੋਰਟ

ਦੀ ਨਕਲ ਵੀ ਹਾਸਲ ਕੀਤੀ ਜਾਵੇਗੀ। ਨਾਲ ਹੀ ਜੇਲ੍ਹ ਸੁਧਾਰਾਂ ਸੰਬੰਧੀ ਜੋ ਵੀ ਦਸਤਾਵੇਜ਼ ਹਾਕਮ ਨੇ ਹਾਈ ਕੋਰਟ ਤੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਭੇਜੇ ਹਨ, ਉਹ ਵੀ ਹਾਸਲ ਕੀਤੇ ਜਾਣ। ਹਾਕਮ ਨੇ ਆਪਣੇ ਦਸਤਾਵੇਜ਼ ਹਾਕਮ ਨੇ ਹਾਈ ਕੋਰਟ ਤੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਭੇਜੇ ਹਨ, ਉਹ ਵੀ ਹਾਸਲ ਕੀਤੇ ਜਾਣ। ਹਾਕਮ ਨੇ ਆਪਣੇ ਦਸਤਾਵੇਜ਼ਾਂ ਵਿਚ ਹਾਈਕੋਰਟ ਦੇ ਜਿਨ੍ਹਾਂ ਫੈਸਲਿਆਂ ਦਾ ਹਵਾਲਾ ਦਿੱਤਾ ਸੀ, ਉਹ ਫ਼ੈਸਲੇ ਸੁਣਾਉਣ ਵਾਲਾ ਜਸਟਿਸ ਸਿਨਹਾ, ਅੱਜ ਕਲ੍ਹ ਹਾਈਕੋਰਟ ਦਾ ਚੀਫ਼ ਜਸਟਿਸ ਸੀ। ਸੰਮਤੀ ਵਾਲਿਆਂ ਨੇ ਰਿੱਟ ਜਸਟਿਸ ਸਿਨਹਾ ਦੀ ਅਦਾਲਤ ਵਿਚ ਲਵਾ ਦਿੱਤੀ।

ਜਸਟਿਸ ਸਿਨਹਾ ਨੇ ਸਾਰੇ ਦਸਤਾਵੇਜ ਪੜ੍ਹੇ। ਉਸਨੂੰ ਲੱਗ ਰਿਹਾ ਸੀ ਕਿ ਹਾਕਮ ਠੀਕ ਕਹਿੰਦਾ ਹੈ। ਇਹ ਫ਼ੈਸਲੇ ਕਾਨੂੰਨ ਦੀਆਂ ਪੁਸਤਕਾਂ ਦਾ ਸ਼ਿੰਗਾਰ ਅਤੇ ਖੋਜ ਵਿਦਿਆਰਥੀਆਂ ਦੀਆਂ ਖੋਜਾਂ ਦਾ ਮਸਲਾ ਤਾਂ ਬਣੇ ਹਨ ਪਰ ਜਿੰਨ੍ਹਾਂ ਲਈ ਇਹ ਲਿਖੇ ਗਏ ਹਨ, ਉਹਨਾਂ ਨੂੰ ਇਹਨਾਂ ਦਾ ਕੋਈ ਲਾਭ ਨਹੀਂ। ਨਾ ਜੇਲ੍ਹ ਪ੍ਰਸ਼ਾਸ਼ਨ ਹਦਾਇਤਾਂ ਦੀ ਪਾਲਣਾ ਕਰਦਾ ਹੈ, ਨਾ ਹੇਠਲੀਆਂ ਅਦਾਲਤਾਂ ਉਹਨਾਂ ਨੂੰ ਲਾਗੂ ਕਰਾਉਣ ਦਾ ਯਤਨ ਕਰਦੀਆਂ ਹਨ।

ਸੈਸ਼ਨ ਜੱਜ ਨੂੰ ਹਦਾਇਤ ਹੋਈ ਕਿ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਨਾਲ ਲੈ ਕੇ ਜ਼ੇਲ੍ਹ ਦਾ ਦੌਰਾ ਕੀਤਾ ਜਾਵੇ। ਜਦ ਤਕ ਸਾਰਾ ਰਿਕਾਰਡ ਘੋਖਿਆ ਨਹੀਂ ਜਾਂਦਾ, ਉਨਾ ਚਿਰ ਉਹ ਜੇਲ੍ਹ ਵਿਚ ਰਹੇ। ਹਾਕਮ ਦੇ ਹਰੇਕ ਦਸਤਾਵੇਜ 'ਤੇ ਟਿੱਪਣੀ ਕੀਤੀ ਜਾਵੇ। ਸਿਵਲ ਸਰਜਨ ਨੂੰ ਵੀ ਹਦਾਇਤ ਹੋਈ ਕਿ ਹਾਕਮ ਦੀ ਸਰੀਰਕ ਤੇ ਮਾਨਸਿਕ ਘੋਖ ਹੋਵੇ। ਰਿਪੋਰਟ ਦੇ ਨਾਲ ਨਾਲ ਹਾਈ ਕੋਰਟ ਨੂੰ ਹਾਕਮ ਦੀਆਂ ਟੈਸਟ ਰਿਪੋਰਟਾਂ ਵੀ ਭੇਜੀਆਂ ਜਾਣ। ਸੂਬੇ ਦੇ ਮੁੱਖ ਸਕੱਤਰ ਨੂੰ ਵੀ ਹਦਾਇਤ ਹੋਈ ਕਿ ਉਹ ਗ੍ਰਹਿ ਸਕੱਤਰ ਨੂੰ ਨਾਲ ਲੈ ਕੇ ਸਾਰੀਆਂ ਜੇਲ੍ਹਾਂ ਦਾ ਦੌਰਾ ਕਰੇ। ਹਾਕਮ ਨੇ ਜੇਲ੍ਹਾਂ ਵਿਚ ਹੁੰਦੇ ਜੋ ਕੁਕਰਮ ਜੱਗਰ ਕੀਤੇ ਹਨ, ਉਹਨਾਂ ਦਾ ਅਧਿਐਨ ਕਰਕੇ,

ਪੰਦਰਾਂ ਦਿਨਾਂ ਦੇ ਵਿਚ ਵਿਸਤ੍ਰਿਤ ਰਿਪੋਰਟ ਤਿਆਰ ਕਰਕੇ ਦੋਵੇਂ ਅਫ਼ਸਰ ਅਦਾਲਤ ਵਿਚ ਹਾਜ਼ਰ ਹੋਣ।

ਜਸਟਿਸ ਸਿਨਹਾ ਦੇ ਹੁਕਮਾਂ ਤੋਂ ਲੋਕ ਲਹਿਰ ਬਣ ਗਈ। ਸਰਕਾਰ ਵਿਚ ਵੀ ਹਫੜਾ ਦਫੜੀ ਮੱਚ ਗਈ। ਜੇਲ੍ਹ ਸੁਧਾਰ ਲਾਗੂ ਕਰਨ ਤੇ ਕਸੂਰਵਾਰ ਜੇਲ੍ਹ ਕਰਮਚਾਰੀਆਂ ਨੂੰ ਫੜਨ ਦੀ ਮੰਗ ਜ਼ੋਰ ਫੜਨ ਲੱਗੀ।

ਮੁੱਖ ਮੰਤਰੀ ਨੇ ਜੱਕੋ ਤੱਕੀ ਕਈ ਐਲਾਨ ਕਰ ਦਿੱਤੇ ਜਿਵੇਂ ਜੇਲ੍ਹ ਹਸਪਤਾਲ ਵਿਚ ਡਾਕਟਰਾਂ ਤੇ ਬਿਸਤਰਿਆਂ ਦੀ ਗਿਣਤੀ ਵਿਚ ਵਾਧਾ, ਜੇਲ੍ਹ ਵਿਚ ਸਕੂਲ ਤੇ ਖੇਡਾਂ ਦਾ ਪ੍ਰਬੰਧ, ਦਵਾਈਆਂ ਲਈ ਬਜਟ 'ਚ ਪ੍ਰਬੰਧ, ਨਵੇਂ ਕੈਦੀ ਭਲਾਈ ਬੋਰਡ ਵਿਚ ਸੰਮਤੀ ਦੇ ਨੁਮਾਇੰਦਿਆਂ ਦੀ ਹਿੱਸੇਦਾਰੀ, ਜੇਲ੍ਹ ਪ੍ਰਬੰਧ ਵਿਚ ਕੈਦੀਆਂ ਦੀ ਹਿੱਸੇਦਾਰੀ ਆਦਿ।

ਸੰਮਤੀ ਦੇ ਵਿਰੁੱਧ 'ਵਿਕਟਮ ਵੈਲਫੇਅਰ ਸੁਸਾਇਟੀ' ਨਾ ਦੀ ਸੰਸਥਾ ਖੜੀ ਹੋ ਗਈ ਸੀ। ਇਸ ਸੁਸਾਇਟੀ ਦਾ ਮੁੱਖ ਉਦੇਸ਼ ਮੁਲਜ਼ਮ, ਹਵਾਲਾਤੀਆਂ ਤੇ ਕੈਦੀਆਂ ਨੂੰ ਬਿਨਾਂ ਮਤਲਬ ਦਿੱਤੀਆਂ ਜਾਂ ਰਹੀਆਂ ਸਹੂਲਤਾਂ ਦਾ ਵਿਰੋਧ ਕਰਨਾ ਸੀ। ਗੁਰਮੀਤ, ਸੁਸਾਇਟੀ ਦੇ ਸੰਸਥਾਪਕ ਹਰੀਸ਼ ਦੀਆਂ ਗੱਲਾਂ ਤੋਂ ਸਮਝ ਗਿਆ ਸੀ ਕਿ ਸੰਮਤੀ ਤੇ ਸੁਸਾਇਟੀ ਦੇ ਉਦੇਸ਼ ਸਾਂਝੇ ਹਨ ਬਸ ਰਸਤਿਆਂ ਦਾ ਫ਼ਰਕ ਹੈ। ਗੁਰਮੀਤ, ਹਰੀਸ਼ ਨੂੰ ਸਮਝਾ ਰਿਹਾ ਸੀ ਕਿ ਸਖ਼ਤੀ ਉਹਨਾਂ ਉਪਰ ਹੋਣੀ ਚਾਹੀਦੀ ਜੋ ਅਸਲ 'ਚ ਕਸੂਰਵਾਨ ਹਨ। ਜੇ ਪੁਲਿਸ ਕਿਸੇ ਗ਼ਰੀਬ ਨੂੰ ਮੁਜ਼ਰਮ ਬਣਾ ਦੇਵੇ, ਕੀ ਉਸ ਮਜਲੂਮ ਲਈ ਆਵਾਜ਼ ਬੁਲੰਦ ਕਰਨਾ ਜੁਰਮ ਹੈ? ਉਹ ਵੀ ਪ੍ਰਬੰਧ ਵੱਲੋਂ ਸਤਾਈ, ਪੀੜਤ ਧਿਰ ਹੀ ਹੈ। ਕੀ ਉਹਨਾਂ ਮਜਲੂਮਾਂ ਨੂੰ ਸਜ਼ਾ ਸਿਰਫ਼ ਇਸ ਲਈ ਮਿਲਣੀ ਚਾਹੀਦੀ ਹੈ ਕਿਉਂਕਿ ਉਹ ਸਾਧਨਹੀਣ ਹਨ। ਅਸੀਂ ਉਹਨਾਂ ਕੈਦੀਆਂ ਲਈ ਜੂਝ ਰਹੇ ਹਾਂ ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਉਹਨਾਂ ਦਾ ਜੁਰਮ ਕੀ ਹੈ? ਕੀ

ਤੁਹਾਡੀ ਸੁਸਾਇਟੀ ਅਜਿਹੇ ਪੀੜਤਾਂ ਨੂੰ ਸਜ਼ਾ ਦਿਵਾਉਣ ਦੇ ਵਿਰੁੱਧ ਹੈ? ਆਓ ! ਤੁਸੀਂ ਸਾਡੇ ਨਾਲ ਰਲੋ ਤਾਂ ਕਿ ਇਸ ਕੁਚੱਜੇ ਪ੍ਰਬੰਧ ਨੂੰ ਬਦਲਿਆ ਜਾ ਸਕੇ।

ਉਧਰ ਹਾਕਮ ਸੰਮਤੀ ਦੇ ਮੈਂਬਰਾਂ ਦੀ ਮਦਦ ਨਾਲ ਇਕ ਵਾਰੀ ਫੇਰ ਤਿਆਰ ਹੋ ਗਿਆ ਸੀ ਤੇ ਸਮੁੱਚੀ ਵਿਵਸਥਾ ਨਾਲ ਟਕਰਾਅ ਦੇ ਰੌਅ ਵਿਚ ਸੀ।

ਸੰਮਤੀ ਤੇ ਸੁਸਾਇਟੀ ਨੇ ਰਲ ਕੇ ਪਿੰਡ ਪੱਧਰ ਅਤੇ ਵਾਰਡ ਪੱਧਰ 'ਤੇ ਸਮਝੌਤਾ ਕਮੇਟੀਆਂ ਅਤੇ ਉੱਡਣ ਦਸਤੇ ਬਣਾ ਦਿੱਤੇ ਸਨ। ਸਮਝੌਤਾ ਕਮੇਟੀਆਂ ਲੋਕਾਂ ਨੂੰ ਕੋਰਟਾਂ, ਕੇਸਾਂ ਤੋਂ ਬਚਣ ਦੀ ਪ੍ਰੇਰਣਾ ਦਿੰਦੀਆਂ ਜਦਕਿ ਉੱਡਣ ਦਸਤੇ ਵਾਰਦਾਤ ਵਾਲੀ ਥਾਂ ਪਹੁੰਚ ਕੇ ਪੁਲਿਸ ਦੀ ਤਫ਼ਤੀਸ਼ ਵਿਚ ਮਦਦ ਕਰਦੇ। ਹੁਣ ਪੁਲਿਸ ਦੀ ਮਨਮਾਨੀ ਘੱਟਦੀ ਜਾ ਰਹੀ ਸੀ। ਜ਼ਿਲ੍ਹਾ ਪੱਧਰ ਉਪਰ ਚੌਕਸੀ ਕਮੇਟੀਆਂ ਬਣਾਈਆਂ ਗਈਆਂ। ਇਹਨਾਂ ਦੇ ਕਾਰਕੁੰਨ ਜਿਲ੍ਹਾ ਪ੍ਰਸ਼ਾਸਨ ਦੇ ਦਫ਼ਤਰ ਦੇ ਨਾਲ ਨਾਲ ਜ਼ਿਲ੍ਹਾ ਕਚਹਿਰੀਆਂ ਅਤੇ ਜ਼ੇਲ੍ਹਾਂ ਦੇ ਚੱਕਰ ਵੀ ਕੱਟਦੇ ਅਤੇ ਪੇਸ਼ੀ ਭੁਗਤਣ ਆਏ ਲੋਕਾਂ ਨੂੰ ਸਮਝੌਤਿਆਂ ਲਈ ਪ੍ਰੇਰਦੇ। ਲੋਕ ਅਦਾਲਤਾਂ ਦਾ ਗਠਨ ਵੀ ਕੀਤਾ ਗਿਆ। ਸੂਬਾ ਪੱਧਰ 'ਤੇ ਤਾਲਮੇਲ ਕਮੇਟੀ ਬਣਾਈ ਗਈ। ਇਹ ਕਮੇਟੀ ਕਾਨੂੰਨੀ ਮਾਹਿਰਾਂ ਦੀ ਮਦਦ ਨਾਲ ਲੋਕ ਪੱਖੀ ਕਾਨੂੰਨ ਦੇ ਖਰੜੇ ਘੜਦੀ, ਫੇਰ ਮੀਡੀਏ ਰਾਹੀਂ ਲੋਕਾਂ ਤਕ ਪਹੁੰਚਾਉਂਦੀ। ਲੋਕਾਂ ਨੂੰ ਕਾਨੂੰਨ ਦਾ ਉਦੇਸ਼ ਸਮਝਾਉਂਦੀ। ਨਾਵਲਕਾਰ ਦਾ ਇਹ ਯਤਨ ਮੂਲੋਂ ਹੀ ਸਿਧਾਂਤਕ ਨਜ਼ਰ ਆਉਂਦਾ ਹੈ। ਪੂੰਜੀਵਾਦੀ ਢਾਂਚੇ ਨੂੰ ਬਦਲਣ ਲਈ ਲੋਕਾਂ 'ਚੋਂ ਨਿਜੀ ਸੰਪੱਤੀ ਪ੍ਰਤੀ ਮੋਹ ਤਿਆਗਣ ਦੀ ਰੁਚੀ ਨੂੰ ਪੈਦਾ ਕਰਨ ਦੀ ਲੋੜ ਹੈ ਜਦੋਂ ਤਕ ਲੋਕ ਵਿਚਾਰਧਾਰਾਈ ਪੱਧਰ 'ਤੇ ਸਮਾਜਵਾਦੀ ਫ਼ਲਸਫ਼ੇ ਨੂੰ ਨਹੀਂ ਹੰਢਾਉਣਗੇ ਉਦੋਂ ਤਕ ਉਹਨਾਂ ਦੀ ਲੁੱਟ ਇੰਝ ਹੀ ਹੁੰਦੀ ਰਹੇਗੀ।

ਪਾਲੇ ਤੇ ਮੀਤੇ ਦੀ ਸੁਣਵਾਈ ਦਾ ਦਿਨ ਨਿਸ਼ਚਿਤ ਹੋ ਗਿਆ ਸੀ। ਸੁਣਵਾਈ ਕਰ ਰਹੇ ਦੋਹਾਂ ਜੱਜਾਂ ਦੇ ਬੈਂਚ ਨੂੰ ਮਿਸਲ ਨੂੰ ਘੋਖਿਆ। ਪਾਲੇ ਤੇ ਮੀਤੇ ਦੀ

ਰਿਹਾਈ 'ਚ ਚਾਰ ਮਹੀਨੇ ਬਾਕੀ ਰਹਿ ਗਏ ਸਨ। ਜੱਜ ਸਮਝ ਗਏ ਸਨ ਕਿ ਸੰਮਤੀ ਦੀ ਲੜਾਈ ਚਿੰਨ੍ਹਾਤਮਕ ਹੈ। ਉਹ ਦੋਸ਼ੀਆਂ ਨੂੰ ਬਰੀ ਕਰਵਾ ਕੇ ਉਹਨਾਂ ਨੂੰ ਦੋਸ਼ ਮੁਕਤ ਕਰਨਾ ਚਾਹੁੰਦੀ ਹੈ। ਜੱਜਾਂ ਨੇ ਪਾਲੇ ਤੇ ਮੀਤੇ ਨੂੰ ਬਰੀ ਕਰ ਦਿੱਤਾ। ਸਾਰੇ ਪਾਸੇ ਖੁਸ਼ੀ ਦੀ ਲਹਿਰ ਦੌੜ ਗਈ ਸੀ। ਮੋਹਨ ਜੀ ਹੈਰਾਨ ਸੀ ਕਿ ਬਿਨਾਂ ਮਤਲਬ ਦਸ ਸਾਲ ਕੈਦ ਕੱਟਣ ਬਾਅਦ, ਬਰੀ ਹੋਣ ਵਿਚ ਏਨਾ ਖੁਸ਼ ਹੋਣ ਵਾਲੀ ਕਿਹੜੀ ਗੱਲ ਹੈ? ਨਾਲੇ ਜਦੋਂ ਪਾਲੇ ਤੇ ਮੀਤੇ ਦਾ ਪਰਿਵਾਰ ਵੀ ਉੱਜੜ ਚੁੱਕਿਆ ਸੀ।

ਮੋਹਨ ਜੀ, ਬਾਬਾ ਗੁਰਦਿੱਤ ਨੂੰ ਪੁੱਛ ਰਿਹਾ ਸੀ ਕਿ ਕੀ ਅਸੀਂ ਸਚਮੁੱਚ ਹੀ ਮੁਕੱਦਮਾ ਜਿੱਤ ਗਏ ਹਾਂ? ਬਥੇਰੇ ਪਾਲੇ ਤੇ ਮੀਤੇ ਜੇਲ੍ਹਾਂ ਵਿਚ ਬੰਦ ਨੇ। ਕੀ ਅਜਿਹੀਆਂ ਹਾਲਤਾਂ ਵਿਚ ਜ਼ਸ਼ਨ ਮਨਾਉਣਾ ਜਾਇਜ਼ ਹੈ?

ਬਾਬੇ ਦਾ ਕਥਨ ਸੀ, ਇਹ ਸੰਘਰਸ਼ ਵਿੱਢ ਕੇ ਅਸੀਂ ਬਹੁਤ ਕੁਝ ਜਿੱਤਿਆ ਹੈ। ਪਾਲੇ ਤੇ ਮੀਤੇ ਦੇ ਮੱਥੇ ਤੋਂ ਕਾਤਲ ਹੋਣ ਦਾ ਕਲੰਕ ਲਾ ਕੇ ਉਹਨਾਂ ਨੂੰ ਜ਼ਿੱਲਤ ਭਰੀ ਜ਼ਿੰਦਗੀ ਤੋਂ ਬਚਾਇਆ ਹੈ। ਇੰਝ ਹੀ ਇਕ ਦਿਨ ਬੰਟੀ ਦਾ ਅਸਲੀ ਕਾਤਲ ਹਰਮਨਬੀਰ ਸਜ਼ਾ ਭੋਗੇਗਾ। ਹਾਕਮ ਨੂੰ ਤਨਹਾਈ ਚੱਕੀ 'ਚੋਂ ਬਚਾਉਣਾ ਵੀ ਸਾਡੀ ਇਕ ਪ੍ਰਾਪਤੀ ਹੈ। ਹੁਣ ਇਕ ਵਾਰੀ ਫੇਰ ਹਾਕਮ ਅਭਿਮਨਯੂ ਦੇ ਰੂਪ 'ਚ ਦਰੋਣਾਚਾਰਿਆ ਵੱਲੋਂ ਰਚੇ ਚੱਕਰਵਿਊ ਅਰਥਾਤ ਪ੍ਰਬੰਧ ਨੂੰ ਤੋੜੇਗਾ ਤੇ ਜੇਤੂ ਹੋ ਕੇ ਮੁੜੇਗਾ। ਇਹ ਸੰਘਰਸ਼ ਹੁਣ ਇਕ ਲੋਕ ਮੁਹਿੰਮ ਬਣ ਗਿਆ ਹੈ।

ਸਤਹੀਂ ਨਜ਼ਰ ਤੋਂ ਵੇਖਿਆ, ਇਹ ਨਾਵਲ ਜੇਲ੍ਹ ਅਦਰ ਵਾਪਰਦੇ ਸੰਕਟਾਂ, ਸਮੱਸਿਆਵਾਂ, ਸਹਿਮਾਂ, ਸੰਤਾਪਾਂ ਤੇ ਸਨਸਨੀਆਂ ਆਦਿ ਦੇ ਯਥਾਰਥ ਨੂੰ ਵਿਅੰਗ ਤੇ ਵਿਡੰਬਣਾ ਦੀ ਵਿਧੀ/ਦ੍ਰਿਸ਼ਟੀ ਤੋਂ ਪੇਸ਼ ਕਰਦਾ ਪ੍ਰਤੀਤ ਹੁੰਦਾ ਹੈ *''ਪਰੰਤੂ ਕਰੂਰਤਾ ਤੇ ਕਰੂਪਤਾ ਦਾ ਪੇਸ਼ ਹੋਇਆ ਅਜਿਹਾ ਭਿਆਨਕ ਮਹਾਂ-ਦ੍ਰਿਸ਼ ਵਾਸਤਵ ਵਿਚ ਸਾਡੇ ਵਿਆਪਕ ਰੂਪ ਵਿਚ ਪਸਰੇ ਉਸ ਯਥਾਰਥ ਦਾ ਲੂਘ ਚਿੱਤਰ (miniature) ਹੈ ਜਿਹੜਾ*

*ਸਾਡੀ ਲੋਕਤੰਤਰੀ ਸਟੇਟ ਤੇ ਪੂੰਜੀਵਾਦੀ ਸੁਭਾ ਦੀ ਤਰਜ਼ਮਾਨੀ ਕਰਦਾ ਹੈ। ਪੂੰਜੀਵਾਦ ਕਿਉਂਕਿ ਪੈਸੇ ਤੇ ਸੱਤਾ ਦੇ ਕੇਂਦਰੀਕਰਨ ਦੀ ਤਾਮਸ ਨੀਤੀ 'ਤੇ ਟਿਕਿਆ ਹੈ ਇਸੇ ਲਈ ਇਹਨਾਂ ਦੀ ਕਾਰਜ ਸ਼ੈਲੀ ''ਪੈਸੇ ਤੇ ਸੱਤਾ ਰਾਹੀਂ''*[61] ਦਾ ਅਨੈਤਿਕ ਗੁਰ ਜਾਇਜ਼ ਅਤੇ ਨਜਾਇਜ਼ ਦੀ ਸਥਾਪਤ ਤੇ ਪ੍ਰਵਾਨਿਤ ਨਿਯਮਤਾ (Certification) ਵਿਚ ਅਰਥ ਪਰਿਵਰਤਨ ਅਤੇ ਸਥਾਨਾਂਤਰ ਕਰਨ ਦੇ ਯੋਗ ਹੋ ਜਾਂਦਾ ਹੈ।

ਸਾਡੀ ਲੋਕਤੰਤਰੀ ਸਟੇਟ ਉਤੇ ਸੱਤਾ ਧਿਰ ਦਾ ਡੰਡਾ ਪਾਲੇ, ਮੀਤੇ ਤੇ ਹਾਕਮ ਵਰਗੇ ਨਿਰਦੋਸ਼ਾਂ ਨੂੰ ਸਬਕ ਸਿਖਾਉਣ ਲਈ ਵਰਤਿਆ ਜਾਂਦਾ ਹੈ। ਇਹੀ ਡੰਡਾ ਉਹ ਮੋਦਨ ਵਰਗੇ ਕੈਦੀ ਦੀ ਗੁੱਦਾ ਵਿਚ ਵੀ ਦੇ ਦਿੰਦੇ ਹਨ। ਸਹਾਇਕ ਦਰੋਗੇ ਸੰਤੋਖ ਸਿੰਘ ਦਾ ਨਾਂ ਕੈਦੀਆਂ ਵਿਚ ਸਰਕਾਰ ਨੇ ਸਾਨ੍ਹ ਰੱਖਿਆ ਹੈ। ਉਹ ਨੀਵੀ ਜਾਤੀ ਦੇ ਕੰਪਲੈਕਸ ਦਾ ਸ਼ਿਕਾਰ ਹੈ ਅਤੇ ਉਸ ਦਾ ਕਾਮੀ ਡੰਡਾ ਜੇਲ੍ਹ ਵਿਚ ਉੱਚ-ਜਾਤੀਆਂ ਦੀ ਕੈਦਨ ਦੀ ਇਜ਼ਤ ਨਾਲ ਖਿਲਵਾੜ ਕਰਦਾ ਹੈ। ਉਹਨਾਂ ਵਿਚ ਹੇਮਾ ਵਰਗੀਆਂ ਕਈਆਂ ਨੂੰ ਗਰਭਵਤੀ ਬਣਾਉਂਦਾ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਕੈਦੀ ਤਾਂ ਆਪਣੇ ਕੀਤੇ ਜਾਂ ਕਾਨੂੰਨੀ ਕਮਜ਼ੋਰੀਆਂ ਕਾਰਨ ਸਜ਼ਾ ਭੁਗਤ ਰਹੇ ਹਨ ਪਰੰਤੂ ਸੱਤਾਧਾਰੀ ਧਿਰ ਦੇ ਇਹ ਜ਼ਿੰਮੇਵਾਰੀ ਤੇ ਜ਼ੋਰਾਵਰੀ ਵਾਲੇ ਉਪਕਰਨ (ਕਹਿਣ ਨੂੰ ਸਰਕਾਰੀ ਸੇਵਾਦਾਰ) ਹਰ ਤਰ੍ਹਾਂ ਦੇ ਜੁਰਮ ਕਰਕੇ ਵੀ ਸਜ਼ਾ ਤੋਂ ਮੁਕਤ ਹਨ। ਇਹੋ ਹੀ ਕਾਰਣ ਹੈ ਕਿ ਨਿਆਂ ਦੇ ਰਖਵਾਲੇ ਹਿਰਦੇਪਾਲ ਵਰਗੇ ਉਚ ਅਧਿਕਾਰੀ ਵੀ ਜੇਲ੍ਹ ਅੰਦਰ ਅਜਿਹਾ ਭ੍ਰਿਸ਼ਟ, ਵਿਭਚਾਰੀ, ਅਮਾਨਵੀ ਤੇ ਪਾਸ਼ਵਿਕੀ ਵਿਹਾਰ ਹੁੰਦਾ ਦੇਖ ਕੇ ਵੀ ਜੇਲ੍ਹ ਸੁਪਰਡੈਂਟ ਨੂੰ ਬਚਾਉਣ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰਨ ਦੀ ਖ਼ਾਨਾਪੂਰਤੀ ਕਰਦੇ ਹਨ। ਜੇਲ੍ਹ ਦੇ ਅਧਿਕਾਰੀਆਂ ਨੂੰ ਪਤਾ ਹੈ ਕਿ ਜੇ ਹਿਰਦੇਪਾਲ ਸੁਪਰਡੈਂਟ ਦਾ ਮਿਤਰ ਨਾ ਹੁੰਦਾ ਅਤੇ ਆਪਣੀ ਸ਼ਾਖ਼ ਨੂੰ ਦਾਅ ਉੱਤੇ ਲਾ ਕੇ ਉਸਦੀ ਖੁਲ੍ਹਕੇ ਮਦਦ ਨਾ ਕਰਦਾ ਤਾਂ ਹੁਣ ਤਕ ਸਾਰੇ ਜੇਲ੍ਹ ਕਰਮਚਾਰੀਆਂ ਉਤੇ ਮੁਸੀਬਤਾਂ ਦਾ ਪਹਾੜ ਟੁੱਟ ਚੁੱਕਿਆ ਹੁੰਦਾ।

ਮਿੱਤਰ ਸੈਨ ਮੀਤ ਦੇ ਉਪਰੋਕਤ ਤ੍ਰੈ-ਲੜੀ ਨਾਵਲਾਂ ਦੇ ਸਮੁੱਚੇ ਅਧਿਐਨ ਵਿਵੇਚਣ ਤੋਂ ਸਪਸ਼ਟ ਹੁੰਦਾ ਹੈ ਕਿ ਭਾਰਤ ਵਿਚ ਨਿਆਇਕ ਪ੍ਰਬੰਧ ਦਾ ਸਮੁੱਚਾ ਤਾਣਾਬਾਣਾ ਅਜੇ ਤਕ ਵੀ ਬਸਤੀਵਾਦੀ ਕਾਨੂੰਨ ਅਨੁਸਾਰ ਹੀ ਆਪਣਾ ਕਾਰਜ ਕਰ ਰਿਹਾ ਹੈ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਾਡਾ ਸੰਵਿਧਾਨ ਹੋਂਦ ਵਿਚ ਆਇਆ। ਅਸੀਂ ਸੁਤੰਤਰ ਤਾਂ ਹੋ ਗਏ ਪਰੰਤੂ ਰਾਜ ਸੱਤਾ 'ਤੇ ਕਾਬਜ ਦੇਸੀ ਸਰਮਾਇਆਦਾਰੀ ਦਾ ਬੁਨਿਆਦੀ ਸੁਭਾਅ ਬਸਤੀਵਾਦੀ ਸੁਭਾਅ ਤੋਂ ਕੋਈ ਬਹੁਤਾ ਭਿੰਨ੍ਹ ਨਹੀਂ। ਦੂਜੇ, ਕਿਉਂਕਿ ਇਸ ਦਾ ਬੁਨਿਆਦੀ ਆਧਾਰ ਨਿਜੀ ਜਾਇਦਾਦ ਦੀ ਸੰਸਥਾ ਉਤੇ ਟਿਕਿਆ ਹੋਇਆ ਹੈ, ਇਸ ਲਈ ਸੰਪਤੀ ਦਾ ਸੰਗ੍ਰਹਿਕਰਨ ਅਤੇ ਸੱਤਾ ਦੀ ਸਰਦਾਰੀ ਇਸ ਦਾ ਮੁੱਖ ਪ੍ਰਯੋਜਨ ਹੈ। ਅਜਿਹੀ ਸਥਿਤੀ ਵਰਗ-ਵੰਡ ਵਿਚਲੇ ਫਰਕ ਨੂੰ ਹੋਰ ਵਧਾਉਂਦੀ ਹੀ ਨਹੀਂ, ਸਗੋਂ ਸਾਧਨ ਸੰਪਨ ਵਰਗ ਨੂੰ ਜ਼ਿਆਦਾ ਸ਼ਕਤੀਸ਼ਾਲੀ ਵੀ ਬਣਾਉਂਦੀ ਹੈ। ਪੈਸ ਤੇ ਸਾਧਨਾਂ ਦੇ ਸਿਰ 'ਤੇ ਇਹ ਸਾਡੇ ਪ੍ਰਬੰਧਕੀ ਢਾਂਚੇ ਨੂੰ ਵੀ ਆਪਣੇ ਅਧੀਨ ਕਰ ਲੈਂਦੀ ਹੈ। ਇਨ੍ਹਾਂ ਦੋਹਾਂ ਦੀ ਮਿਲੀ ਭੁਗਤ ਭ੍ਰਿਸ਼ਟਾਚਾਰ ਦੇ ਵਿਭਚਾਰ ਦਾ ਕਾਰਨ ਬਣਦੀ ਹੈ। ਪੈਸਾ, ਪਦਵੀ ਅਤੇ ਪ੍ਰਸਿਧੀ ਦੀ ਲਾਲਸਾ ਨੈਤਿਕ ਤੇ ਮਾਨਵੀ ਮੁੱਲਾਂ ਦਾ ਹਨਨ ਹੀ ਨਹੀਂ ਕਰਦੀ ਸਗੋਂ ਆਪਣੀ ਸੱਤਾ ਸ਼ਕਤੀ ਅਤੇ ਪੈਸਾ ਸ਼ਕਤੀ ਰਾਹੀਂ ਵੱਖ ਵੱਖ ਸੰਸਥਾਵਾਂ, ਵਿਚਾਰਾਂ, ਚਿੰਨ੍ਹਾਂ, ਕਾਨੂੰਨਾਂ ਆਦਿ ਰਾਹੀਂ ਦੇਹ ਨੂੰ ਅੰਤਰ-ਅੰਕਿਤ (inscribe) ਵੀ ਕਰਦੀ ਹੈ। ਇਸ ਤਰ੍ਹਾਂ ਮਨ ਤੇ ਦੇਹ ਦੋਹਾਂ ਨੂੰ ਹੀ ਸ਼ਕਤੀ ਅਤੇ ਪ੍ਰਭੁਤਾ ਅੱਗੇ ਨਿਮਰ ਕਰਕੇ ਪਰੰਤਰਤਾ ਦੇ ਪ੍ਰਬੰਧ ਦਾ ਹਿੱਸਾ ਬਣਾਇਆ ਗਿਆ ਹੈ। ਮਿੱਤਰ ਸੈਨ ਮੀਤ ਦੀ ਨਾਵਲੀ ਸੰਵੇਦਨਾ ਦੀ ਵੱਡੀ ਖ਼ੂਬੀ ਤੇ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਉਸਨੇ ਆਪਣੇ ਇਨ੍ਹਾਂ ਤ੍ਰੈ-ਲੜੀ ਨਾਵਲਾਂ ਵਿਚ ਸਾਡੀ ਪ੍ਰਬੰਧਕੀ ਵਿਵਸਥਾ ਦੇ ਇਕ ਸਮੁੱਚੇ ਉਪ ਸਿਸਟਮ ਜਿਸ ਵਿਚ ਕਿਸੇ ਵੀ ਜੁਰਮ ਦੀ ਤਫ਼ਤੀਸ਼ ਕਰਨ (ਪੁਲਿਸ ਪ੍ਰਬੰਧ), ਤਫ਼ਤੀਸ਼ ਤੋਂ ਬਾਅਦ ਮੁਲਾਜਮਾਂ ਨੂੰ ਕਚਹਿਰੀ ਦੇ ਕਟਹਿਰੇ ਵੀ ਖੜ੍ਹਾ ਕਰਨ ਅਤੇ ਫਿਰ ਉਨ੍ਹਾਂ ਨੂੰ ਸਜਾ ਭੁਗਤਣ ਲਈ

ਜੇਲ੍ਹ (ਸੁਧਾਰ ਘਰ) ਭੇਜਣ ਦੀ ਪ੍ਰਕਿਰਆ ਅਤੇ ਇਸ ਨਾਲ ਸੰਬੰਧਿਤ ਸਮੂਹ ਸਰਕਾਰੀ ਤੇ ਗ਼ੈਰ ਸਰਕਾਰੀ ਕਰਮਚਾਰੀਆਂ ਦੇ ਅਤਿ ਭ੍ਰਿਸ਼ਟ ਅਤੇ ਮੂਲ ਰਹਿਤ ਕਿਰਦਾਰ ਨੂੰ ਇਕ ਦੂਜੇ ਨਾਲ ਅੰਤਰ-ਸੰਬੰਧਿਤਾਂ ਰਾਹੀਂ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਇਸ ਵਿਚ ਸਾਡੇ ਸਮੁੱਚੇ ਨਿਆਇਕ ਪ੍ਰਬੰਧ ਦਾ ਉਹ ਭੱਦਾ ਤੇ ਘਿਣੌਨਾ ਚਿਹਰਾ ਸਾਹਮਣੇ ਆਉਂਦਾ ਹੈ ਜਿਹੜਾ ਆਪਣੇ ਸੁਭਾਅ ਵਿਚ ਅਤਿ ਅਮਾਨਵੀ, ਸ਼ੋਸ਼ਨਕਾਰੀ ਤੇ ਦਮਨਕਾਰੀ ਹੈ। ਅਜਿਹੀ ਅਤਿ ਭ੍ਰਿਸ਼ਟ ਸਥਿਤੀ ਵਿਚ ਜੇ ਕੋਈ ਜ਼ਮੀਰ ਵਾਲਾ ਕਰਮਚਾਰੀ ਜਾਂ ਉੱਚ ਅਧਿਕਾਰੀ ਜ਼ਮੀਨ ਦੇ ਚਾਨਣ ਵਿਚ ਕੁਝ ਦਰੁਸਤ ਕਰਨ ਜਾਂ ਇਨਸਾਫ਼ ਦੇਣ ਜਾਂ ਦਿਵਾਉਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਉਹ ਵੀ ਸੱਤਾ ਦੇ ਅਜਿਹੇ ਦੈਂਤ ਸਾਹਮਣੇ ਭੈਅ-ਭੀਤ ਹੋ ਜਾਂਦਾ ਹੈ।

ਇਨ੍ਹਾਂ ਤ੍ਰੈ-ਲੜੀ ਨਾਵਲਾਂ ਦੀ ਇਕ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਜਿਥੇ ਮਿੱਤਰ ਸੈਨ ਮੀਤ ਨੇ ਸੱਤਾ ਦੇ ਅਜਿਹੇ ਅਤਿ ਸ਼ਕਤੀਸ਼ਾਲੀ ਥੰਮ ਦੇ ਬੁਨਿਆਦੀ ਸੁਭਾਅ ਨੂੰ ਸਾਡੇ ਪ੍ਰਬੰਧਕੀ ਸਿਸਟਮਾਂ ਦੇ ਪ੍ਰਸੰਗ ਵਿਚ ਨੰਗਾ ਕੀਤਾ ਹੈ, ਉਥੇ ਇਸ ਦੇ ਵਿਰੁੱਧ ਉੱਠ ਰਚੇ ਉਸ ਰੋਹ ਨੂੰ ਪ੍ਰਦਰਸ਼ਿਤ ਕੀਤਾ ਹੈ ਜਿਹੜਾ ਅਜਿਹੇ ਅਮਾਨਵੀ ਤੇ ਵਿਤਕਰਿਆਂ ਵਾਲੀ ਵਿਵਸਥਾ ਨੂੰ ਖੋਰਾ ਲਾਉਣ ਲਈ ਆਪਣੀ ਲੋਕ ਸ਼ਕਤੀ ਤੇ ਲੋਕ-ਚੇਤਨਾ ਰਾਹੀਂ ਆਪਣੇ ਉਭਾਰ ਵਿਚ ਆ ਰਿਹਾ ਹੈ। ਇਉਂ, ਇਹ ਨਾਵਲ ਸਾਡੀ ਪ੍ਰਬੰਧਕੀ ਤੇ ਨਿਆਇਕ ਵਿਵਸਥਾ ਦੇ ਨਕਾਰਾਤਮਕ ਪੱਖ ਨੂੰ ਹੀ ਨਹੀਂ ਚਿਤਰਦਾ ਸਗੋਂ ਉਸ ਲੋਕ ਮੁਹਾਜ਼ ਦੇ ਬਣਨ ਦੀ ਪ੍ਰਕਿਰਿਆ ਨੂੰ ਵੀ ਅਗਰ ਭੂਮੀ ਵਿਚ ਲਿਆਉਂਦਾ ਹੈ ਜਿਹੜੀ ਅਜਿਹੀ ਵਿਵਸਥਾ ਵਿਰੁੱਧ ਆਪਣਾ ਅੰਦੋਲਨ ਆਰੰਭ ਕਰ ਚੁਕੀ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਤ੍ਰੈ-ਲੜੀ ਨਾਵਲਾਂ ਦੀ ਵਸਤ, ਵਿਧੀ ਅਤੇ ਦ੍ਰਿਸ਼ਟੀ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਮਿੱਤਰ ਸੈਨ ਮੀਤ ਕੋਲ ਜਿਥੇ ਵਰਤਮਾਨ ਕਾਨੂੰਨ ਅਤੇ ਨਿਆਂ ਪ੍ਰਣਾਲੀ ਦਾ ਸਿਧਾਂਤਕ ਤੇ ਵਿਹਾਰਕ ਬੋਧ ਹੈ ਉਥੇ

ਉਸ ਦੇ ਉਚਿਤ ਨਿਭਾਅ ਲਈ ਉਸ ਕੋਲ ਅਦੁੱਤੀ ਕਲਾਤਮਕ ਸਮਰਥਾ ਵੀ ਹੈ। ਇਹੋ ਕਾਰਣ ਹੈ ਕਿ ਉਹ ਸਾਡੀ ਐਡੀ ਵੱਡੀ ਸੰਸਥਾ ਨੂੰ ਹੱਥ ਪਾ ਕੇ ਉਸਦੇ ਬਰੀਕ ਤੋਂ ਬਰੀਕ ਵੇਰਵਿਆਂ ਤਕ ਨੂੰ ਵੀ ਇਨ੍ਹਾਂ ਤ੍ਰੈ-ਲੜੀ ਨਾਵਲਾਂ ਵਿਚ ਆਪਣੀ ਯਥਾਰਥਕ ਤੇ ਪ੍ਰਮਾਣਿਕ ਗਲਪ-ਦ੍ਰਿਸ਼ਟੀ ਰਾਹੀਂ ਨਿਭਾਉਣ ਵਿਚ ਸਫ਼ਲ ਹੋਇਆ ਹੈ।

## ਹਵਾਲੇ ਅਤੇ ਟਿੱਪਣੀਆਂ


1. ਸੁਖਦੇਵ ਸਿੰਘ ਖਾਹਰਾ (ਸੰਪਾ.), ***ਨਾਵਲਕਾਰ ਮਿੱਤਰ ਸੈਨ ਮੀਤ,*** ਪੰਨਾ 13
2. ਉਹੀ, ਪੰਨਾ 17
3. ਉਹੀ, ਪੰਨਾ 29
4. ਉਹੀ, ਪੰਨਾ 30
5. ਉਹੀ, ਪੰਨਾ 24
6. ਉਹੀ, ਪੰਨਾ 119
7. Frantz Fannon, *Wretched of the Earth*, page. 140
8. ਟੀ.ਆਰ. ਵਿਨੋਦ, ***ਨਾਵਲਕਾਰ ਮਿੱਤਰ ਸੈਨ ਮੀਤ : ਸੰਵਾਦ ਦਰ ਸੰਵਾਦ*** (ਸੰਪਾ. ਐਸ. ਤਰਸੇਮ ਤੇ ਰਵਿੰਦਰ ਰਵੀ), ਪੰਨਾ 16
9. ਉਹੀ, ਪੰਨਾ 16
10. ਉਹੀ, ਪੰਨਾ 16
11. ਮਿੱਤਰ ਸੈਨ ਮੀਤ, ***ਤਫ਼ਤੀਸ਼,*** ਪੰਨਾ 43
12. ਉਹੀ, ਪੰਨਾ 134
13. ਉਹੀ, ਪੰਨਾ 134
14. ਉਹੀ, ਪੰਨਾ 134
15. ਉਹੀ, ਪੰਨਾ 161
16. ਟੀ.ਆਰ. ਵਿਨੋਦ, ***ਪੰਜਾਬੀ ਨਾਵਲ ਦਾ ਵਿਹਾਰਕ ਪਰਿਪੇਖ,*** ਪੰਨੇ 181-182
17. ਸੁਖਦੇਵ ਸਿੰਘ ਖਾਹਰਾ (ਸੰਪਾ.), ***ਨਾਵਲਕਾਰ ਮਿੱਤਰ ਸੈਨ ਮੀਤ,*** ਪੰਨਾ 35
18. ਲੈਨਿਨ, ***ਔਰਤਾਂ ਦੀ ਬੰਦ ਖ਼ੁਲਾਸੀ ਬਾਰੇ,*** ਪੰਨਾ 47
19. ***ਨਾਵਲਕਾਰ ਮਿੱਤਰ ਸੈਨ ਮੀਤ,*** ਪੰਨੇ 20-21
20. ਉਹੀ, ਪੰਨਾ 19

21. ਉਹੀ, ਪੰਨਾ 20

22. ਟੀ.ਆਰ. ਵਿਨੋਦ, ***ਪੰਜਾਬੀ ਨਾਵਲ : ਵਿਹਾਰਕ ਪਰਿਪੇਖ,*** ਪੰਨਾ 192

23. ***ਨਾਵਲਕਾਰ ਮਿੱਤਰ ਸੈਨ ਮੀਤ,*** ਪੰਨਾ 50

24. ਉਹੀ, ਪੰਨਾ 61

25. ਟੀ.ਆਰ. ਵਿਨੋਦ, ***ਪੰਜਾਬੀ ਨਾਵਲ : ਵਿਹਾਰਕ ਪਰਿਪੇਖ,*** ਪੰਨਾ 189

26. ***ਨਾਵਲਕਾਰ ਮਿੱਤਰ ਸੈਨ ਮੀਤ,*** ਪੰਨਾ 146

27. ਉਹੀ, ਪੰਨਾ 146

28. ਉਹੀ, ਪੰਨਾ 151

29. ਉਹੀ, ਪੰਨੇ 170–171

30. ਉਹੀ, ਪੰਨਾ 187

31. ਟੀ.ਆਰ. ਵਿਨੋਦ, ***ਨਾਵਲਕਾਰ ਮਿੱਤਰ ਸੈਨ ਮੀਤ : ਸੰਵਾਦ ਦਰ ਸੰਵਾਦ*** (ਸੰਪਾ. ਐਸ. ਤਰਸੇਮ ਤੇ ਰਵਿੰਦਰ ਰਵੀ), ਪੰਨਾ 98

32. ਉਹੀ, ਪੰਨਾ 98

33. Michel Fourcault, *Discipline and Punish : The Birth of the Prison,* p. 67

34. ਡਾ. ਐਸ. ਤਰਸੇਮ (ਸੰਪਾ.), ***ਨਾਵਲਕਾਰ ਮਿੱਤਰ ਸੈਨ ਮੀਤ ਸੰਵਾਦ–ਦਰ–ਸੰਵਾਦ,*** ਪੰਨਾ 43

35. ਉਹੀ, ਪੰਨਾ 47

36. ਮਿੱਤਰ ਸੈਨ ਮੀਤ, ***ਕਟਹਿਰਾ,*** ਪੰਨਾ 7

37. ਉਹੀ, ਪੰਨਾ 1

38. ਮਿੱਤਰ ਸੈਨ ਮੀਤ, ***ਕਟਹਿਰਾ,*** ਪੰਨਾ 35

39. ਉਹੀ, ਪੰਨਾ 38

40. ਉਹੀ, ਪੰਨਾ 8

41. ਉਹੀ, ਪੰਨਾ 272

42. ਉਹੀ, ਪੰਨਾ 271

43. ਡਾ. ਟੀ.ਆਰ. ਵਿਨੋਦ, ***ਕਟਹਿਰਾ (ਭੂਮਿਕਾ)***, ਪੰਨਾ 8

44. ਡਾ. ਟੀ.ਆਰ. ਵਿਨੋਦ, ***ਪੰਜਾਬੀ ਨਾਵਲ : ਵਿਹਾਰਕ ਪਰਿਪੇਖ***, ਪੰਨਾ 190

45. ਮਿੱਤਰ ਸੈਨ ਮੀਤ, ***ਕਟਹਿਰਾ***, ਪੰਨੇ 52–53

46. ਸੁਰਿੰਦਰ ਕੁਮਾਰ ਦਵੇਸ਼ਵਰ, ''ਭ੍ਰਸ਼ਟ ਵਿਵਸਥਾ ਵਿਚ ਪੈਦਾ ਹੋ ਰਹੀ ਸੰਭਾਵੀ ਇਨਕਲਾਬੀ ਚੇਤਨਾ ਦਾ ਨਾਵਲ'' ***ਨਾਵਲਕਾਰ ਮਿੱਤਰ ਸੈਨ ਮੀਤ : ਸੰਵਾਦ–ਦਰ–ਸੰਵਾਦ*** (ਸੰਪਾ. ਐਸ. ਤਰਸੇਮ), ਪੰਨਾ 142

47. ਡਾ. ਐਸ. ਤਰਸੇਮ (ਸੰਪਾ.), ***ਨਾਵਲਕਾਰ ਮਿੱਤਰ ਸੈਨ ਮੀਤ ਸੰਵਾਦ–ਦਰ–ਸੰਵਾਦ***, ਪੰਨਾ 134

48. ਉਹੀ, ਪੰਨਾ 134

49. ਸੁਰਿੰਦਰ ਕੁਮਾਰ ਦਵੇਸ਼ਵਰ, ***ਸਮਾਜ, ਸੱਤਾ ਤੇ ਸਮਕਾਲੀ ਨਾਵਲ***, ਪੰਨੇ 142–143

50. ***ਮਿੱਤਰ ਸੈਨ ਮੀਤ ਸੰਵਾਦ ਦਰ ਸੰਵਾਦ***, ਪੰਨੇ 148–150

51. ਉਹੀ, ਪੰਨਾ 150

52. ਉਹੀ, ਪੰਨਾ 154

53. Michel Fourcault, *Discipline and Punish : The Birth of the Prison,* p. 203-24

54. ਮਿੱਤਰ ਸੈਨ ਮੀਤ, ***ਸੁਧਾਰ ਘਰ***, ਪੰਨਾ 2

55. ਮਿੱਤਰ ਸੈਨ ਮੀਤ, ***ਸੁਧਾਰ ਘਰ***, ਪੰਨਾ 4

56. ***ਸਮਾਜ, ਸੱਤਾ ਤੇ ਸਮਕਾਲੀ ਨਾਵਲ***, ਪੰਨਾ 144

57. ਮਿੱਤਰ ਸੈਨ ਮੀਤ, ***ਸੁਧਾਰ ਘਰ***, ਪੰਨਾ 60

58. ਉਹੀ, ਪੰਨਾ 17

59. ਉਹੀ, ਪੰਨਾ 17

60. ਉਹੀ, ਪੰਨਾ 138

61. *ਨਾਵਲਕਾਰ ਮਿੱਤਰ ਸੈਨ ਮੀਤ : ਸੰਵਾਦ-ਦਰ-ਸੰਵਾਦ,* ਪੰਨਾ 144

# ਅਧਿਆਇ ਪੰਜਵਾਂ

## ਮਿੱਤਰ ਸੈਨ ਮੀਤ ਦੇ *ਕੌਰਵ ਸਭਾ* ਨਾਵਲ ਵਿਚ ਨਿਆਂ ਦੀ ਬਿਰਤਾਂਤਕਾਰੀ

## ਕੌਰਵ ਸਭਾ (2003) ਨਾਵਲ ਵਿਚ ਨਿਆਂ ਦੀ ਬਿਰਤਾਂਤਕਾਰੀ

***ਕੌਰਵ ਸਭਾ*** ਮਿੱਤਰ ਸੈਨ ਮੀਤ ਦਾ ਸਾਲ 2003 ਵਿਚ ਛਪਿਆ ਅਜਿਹਾ ਨਾਵਲ ਹੈ ਜਿਹੜਾ ਇਸ ਤੋਂ ਪਹਿਲਾਂ ਛਪੇ ਦੋ ਨਾਵਲਾਂ- ***ਤਫ਼ਤੀਸ਼*** ਅਤੇ ***ਕਟਹਿਰਾ*** ਨਾਲ ਥੀਮਕ ਸਾਂਝ ਦੇ ਬਾਵਜੂਦ ਵਸਤੂ ਦੇ ਨਿਭਾਅ ਵਿਚਲੀ ਕਲਾਤਮਕ ਯੋਗਤਾ ਅਤੇ ਪ੍ਰੌਢਤਾ ਕਾਰਣ ਆਪਣੀ ਵੱਖਰੀ ਤੇ ਸੁਤੰਤਰ ਹੋਂਦ ਰਖਦਾ ਹੈ। *''ਇਹ ਨਾਵਲ ਭ੍ਰਿਸ਼ਟਾਚਾਰ ਦਾ ਬਿਰਤਾਂਤ ਹੀ ਹੈ, ਪੈਸੇ ਦੀ ਸ਼ਕਤੀ ਦਾ ਪ੍ਰਵਚਨ ਵੀ ਹੈ। ਇਹ ਨਾਵਲ ਬਿਰਤਾਂਤਕ ਕੈਨਵਸ ਦੀ ਵਿਸ਼ਾਲਤਾ, ਥੀਮ ਦੀ ਸੰਘਣਤਾ, ਗਲਪ-ਵਿਧੀ ਦੀ ਵਿਲੱਖਣਤਾ, ਭਾਸ਼ਾ ਸ਼ੈਲੀ ਦੀ ਠੇਠਤਾ ਤੇ ਸਥਿਤੀ ਦੀ ਸਮੱਗਰ ਸਿਰਜਣਾ ਦੇ ਪੱਖੋਂ ਪਹਿਲੇ ਦੋਹਾਂ ਨਾਵਲਾਂ ਨਾਲੋਂ ਬਿਹਤਰ ਹੋਣ ਕਰਕੇ ਮੀਤ ਦੀ ਨਾਵਲ ਕਲਾ ਦੇ ਵਿਕਾਸ ਦਾ ਪ੍ਰਮਾਣ ਹੈ।''*[1] ਡਾ. ਟੀ.ਆਰ. ਵਿਨੋਦ ਆਪਣੇ ਮਜ਼ਮੂਨ **''ਕੌਰਵ ਸਭਾ ਦੀ ਸਿਆਸਤ''** *ਵਿਚ ਇਸ ਨਾਵਲ ਨੂੰ ਵਰਗ-ਸਮਾਜਾਂ ਵਿਚ ਪ੍ਰਵੇਸ਼ ਕਰਨ ਉਪਰੰਤ ਜੋ ਉੱਚ ਵਰਗ ਵਿਚ ਅੰਤਰਾ-ਵਿਰੋਧ (non-antagonistic contradictions) ਪੈਦਾ ਹੋਏ ਉਨ੍ਹਾਂ ਦਾ ਆਧੁਨਿਕ ਜੁਗ ਦੇ ਪੂੰਜੀਵਾਦੀ ਸਮਾਜਾਂ ਵਿਚ ਕਿਸ ਤਰ੍ਹਾਂ ਦਾ ਸੁਭਾਅ ਅਤੇ ਰੂਪਾਂਤ੍ਰਣ ਹੋਇਆ ਹੈ, ਉਸ ਨਾਲ ਅੰਤਰ ਸੰਬੰਧਿਤ ਕਰਦਾ ਲਿਖਦਾ ਹੈ, ''ਹੱਥਲਾ ਨਾਵਲ ਸਦੀਆਂ ਪੁਰਾਣੀ ਸੰਪੰਨ ਵਰਗਾਂ ਦੀ ਸਟੇਟ ਦਾ ਹੀ ਆਧੁਨਿਕ ਸੰਸਕਰਣ ਹੈ, ਜਿਸ ਵਿਚ ਸਰਮਾਇਆਦਾਰੀ ਵਿਵਸਥਾ ਦੀ ਨਾਮ-ਨਿਹਾਦ 'ਨਿਰਪੱਖ ਸਟੇਟ' ਦੇ ਕਿਰਦਾਰ ਅਤੇ ਵਿਹਾਰ ਦੀ ਗਲਪੀ ਤਨਕੀਦ ਪੇਸ਼ ਕੀਤੀ ਹੈ।''*[2] ਉਹ ਅੱਗੇ ਲਿਖਦਾ ਹੈ ਕਿ, *''ਨਾਵਲ ਵਿਚ ਪੇਸ਼ ਸਿਆਸੀ ਆਗੂ, ਸਨਅਤਕਾਰ, ਵਪਾਰੀ, ਅਫ਼ਸਰ, ਵਕੀਲ ਅਤੇ ਦਲਾਲ ਇਕ ਬਹੁਸੂਰਤੀ ਗੰਢ ਵਿਚ ਬੱਝੇ ਹੋਏ ਹਨ, ਜਿੰਨ੍ਹਾਂ ਦੀ ਮੁੱਖ ਸੰਚਾਲਕ ਸ਼ਕਤੀ ਪੈਸਾ ਹੈ, ਜੋ ਕਿ ਸਰਮਾਏਦਾਰੀ ਸਮਾਜ ਦਾ ਆਦਿ ਵੀ ਹੈ, ਅੰਤ ਵੀ। ਸਰਮਾਏਦਾਰੀ ਸਮਾਜ ਦਾ ਬੁਨਿਆਦੀ ਅੰਤਰ-ਵਿਰੋਧ, ਸਮਾਜੀ ਪੈਦਾਵਾਰ ਅਤੇ ਸਖ਼ਸ਼ੀ ਵੰਡ ਵਿਚ ਹੈ।''*[3] ਸਪੱਸ਼ਟ ਹੈ ਕਿ ***ਕੌਰਵ ਸਭਾ*** ਮਿੱਤਰ ਸੈਨ

ਮੀਤ ਦਾ ਅਜਿਹਾ ਨਾਵਲ ਹੈ ਜਿਹੜਾ ਮਨੁੱਖ ਦੇ ਅੰਤਰੀਵੀ ਮਨੋਵਿਗਿਆਨ ਜਾਂ ਕਿਸੇ ਪਿਆਰ ਮੁਹੱਬਤ ਜਾਂ ਕਾਮਦੀ ਵਿਕ੍ਰਤੀ ਜਾਂ ਔਰਤ ਮਰਦ ਦੇ ਜਿਨਸੀ ਆਦਿ ਸੰਬੰਧਾਂ ਨਾਲ ਨਹੀਂ ਜੁੜਿਆ, ਸਗੋਂ ਇਹ ਆਪਣੇ ਸੁਭਾਅ ਵਿਚ ਅਜਿਹਾ ਸਿਆਸੀ ਨਾਵਲ ਹੈ ਜਿਹੜਾ ਆਪਣੇ ਅੰਦਰ ਅਪ੍ਰੋਖ ਪੱਧਰ 'ਤੇ ਮਹਾਂ ਭਾਰਤ ਦੀ ਕੌਰਵ-ਪਾਂਡਵ ਦੀ ਅੰਤਰ-ਪਾਠਤਾ (Inter-textuality) ਜਿਸ ਵਿਚ ਉਸ ਸਮੇਂ ਦੀ ਸਿਆਸਤ ਉਤੇ ਕਾਬਜ ਕੌਰਵ ਸਭਾ ਨੇ ਪਾਡਵਾਂ ਨੂੰ ਉਨ੍ਹਾਂ ਦੇ ਬਣਦੇ ਪੰਜ ਪਿੰਡ ਤਕ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਸਿੱਟੇ ਵਜੋਂ ਭਾਰਤ ਦੇ ਅਨੇਕ ਜਨਪਦਾਂ ਅਤੇ ਰਾਜਾਂ ਨੇ ਇਕ ਜਾਂ ਦੂਜੇ ਦੀ ਧਿਰ ਬਣਦੇ ਹੋਏ ਸਰਬਨਾਸ਼ ਵਰਗੇ ਯੁੱਧ ਦ ਆਰੰਭ ਕੀਤਾ। ਇਸ ਦੇ ਅੰਤ ਵਿਚ ਜਿੱਤ ਭਾਵੇਂ ਪਾਂਡਵਾਂ ਦੀ ਹੋਈ ਪਰੰਤੂ ਇਸ ਨਾਲ ਭਾਰਤ ਵਿਚ ਕਬੀਲਾ ਬਣਤਰ ਦਾ ਅੰਤ ਹੋਇਆ ਅਤੇ ਉਸ ਦੀ ਥਾਂ ਦਾਸ-ਰਾਜ ਦੀ ਸਥਾਪਨਾ ਦਾ ਆਰੰਭ ਹੋਇਆ। ਇਉਂ ਇਹ ਨਾਵਲ, ਸਮਕਾਲੀ ਸਮਾਜਿਕ-ਅਰਥਕ ਬਣਤਰ ਵਾਲੇ ਸਾਡੇ ਸਮਾਜ ਦੇ ਉਸ ਪੱਖ ਨੂੰ ਗਲਪੀ ਬਿੰਬਾਂ ਦੇ ਸਿਰਜਣ ਰਾਹੀਂ ਕਲਾਤਮਕ ਰੂਪ ਵਿਚ ਸਾਕਾਰ ਕਰਦਾ ਹੈ ਜਿਹੜਾ ਸਾਡੀ ਪੂੰਜੀਵਾਦੀ ਵਿਵਸਥਾ ਵਿਚ ਅੰਤਰਾ-ਜਾਤੀ ਵਿਰੋਧਾਂ ਨਾਲ ਆਪਣਾ ਸਰੋਕਾਰ ਰੱਖਦਾ ਹੈ। ਇਸ ਨਾਵਲ ਵਿਚਲੀ ਵਸਤ ਦੀ ਵਿਆਪਕਤਾ ਤੇ ਬਹੁ-ਪਰਤਤਾ ਦਾ ਜ਼ਿਕਰ ਕਰਦਿਆਂ ਡਾ. ਸੁਖਦੇਵ ਸਿੰਘ ਖਾਹਰਾ ਨੇ ਆਪਣੀ ਸੰਪਾਦਿਤ ਪੁਸਤਕ ***ਕੌਰਵ ਸਭਾ ਆਲੋਚਨਾਤਮਕ ਵਿਸ਼ਲੇਸ਼ਨ*** ਦੀ ਸੰਪਾਦਕੀ ਵਿਚ ਲਿਖਿਆ ਹੈ:

> *ਕੌਰਵਸਭਾ ਵਿਚ ਬਸਤੀਵਾਦ ਦੀ ਭੂਮਿਕਾ ਕੇਵਲ ਪਿਛੋਕੜ ਵਾਲੀ ਹੀ ਨਹੀਂ ਹੈ। ਇਹ ਸੁਤੰਤਰਤਾ ਤੋਂ ਬਾਅਦ ਵੀ ਸਾਡੀ ਹਰ ਸੰਸਥਾ ਪ੍ਰਥਾ, ਰਿਸ਼ਤੇ, ਕਦਰ ਉਪਰ ਛਾਈ ਹੋਈ ਕਾਲੀ ਹਕੀਕਤ ਬਣਕੇ ਉੱਭਰਦਾ ਹੈ। ਇਸ ਪਸਮੰਜ਼ਰ ਵਿਚ ਨਾਵਲ ਵਿਚ ਵਿਕਟਮ ਭਾਵ ਪੀੜਤ ਧਿਰ ਨੂੰ ਦ੍ਰਿਸ਼ਟੀ-ਬਿੰਦੂ ਬਣਾ ਕੇ ਅਮਾਨਵੀ ਕਰਨ ਦੇ ਅੰਤਹਕਰਨ ਨੂੰ*

*ਝੰਜੋੜਨ ਵਾਲੇ ਹਿਰਦੇ ਸਪਰਸੀ ਚਿੱਤਰ ਵੀ ਉਲੀਕੇ ਗਏ ਹਨ ਅਤੇ ਇਨ੍ਹਾਂ ਦਾ ਬਹੁ-ਪੱਧਰੀ ਵਿਸ਼ਲੇਸ਼ਣਕਾਰੀ ਬੌਧਿਕ ਤਰਕ ਵੀ ਪ੍ਰਸਤੁਤ ਕੀਤਾ ਗਿਆ ਹੈ। ਅਪਰਾਧ ਹੋਣ ਉਪਰੰਤ ਅਪਰਾਧੀ ਨੂੰ ਮੁੜ ਬਹਾਲ ਕਰਨ ਦਾ ਫ਼ਿਕਰ ਵਧ ਜਾਂਦਾ ਹੈ। ਉਸ ਦੀ ਮੁੜ ਬਹਾਲੀ ਲਈ ਉਪਰਾਲੇ ਹੋਣ ਲੱਗਦੇ ਹਨ। ਇਸ ਫ਼ਿਕਰ ਅਤੇ ਉਪਰਾਲਿਆਂ ਨਾਲ ਪਤਾ ਨਹੀਂ ਕਿੰਨੇ ਕੁ ਅਪਰਾਧੀਆਂ ਦਾ ਸੁਧਾਰ ਹੁੰਦਾ ਹੈ। ਪਰੰਤੂ, ਵਿਕਟਮ ਨਾਲ ਕੀ ਬੀਤੀ, ਉਸ ਦੇ ਉਮਰ ਭਰ ਚੱਲਣ ਵਾਲੇ ਸੰਕਟਾਂ, ਪੀੜਾ ਨੂੰ ਅਕਸਰ ਵਿਸਾਰ ਦਿੱਤਾ ਜਾਂਦਾ ਹੈ। **ਕੌਰਵ ਸਭਾ** ਵਿਚ ਅਪਰਾਧ ਅਤੇ ਵਿਕਟਮ ਪ੍ਰਤਿ ਅਪਣਾਈ ਜਾਂਦੀ ਉਕਤ ਅੰਸਤੁਲਿਤ ਪਹੁੰਚ ਨੂੰ ਦੂਰ ਕੀਤਾ ਗਿਆ ਹੈ। ..... **ਕੌਰਵ ਸਭਾ** ਅਪਰਾਧ-ਜਗਤ ਦੇ ਖਿਲਾਫ਼ ਵਿਕਟਮ ਦੇ ਹੱਕ ਦੇ ਪੈਂਤੜੇ ਤੋਂ ਲਿਖਿਆ ਗਿਆ ਪ੍ਰਥਮ ਪੰਜਾਬੀ ਨਾਵਲ ਹੈ। ਇਸ ਪੱਖ ਤੋਂ ਮੀਤ ਨਾਵਲ ਦੀ ਵਿਕਟਮ ਪਾਤਰ ਨਿਹਾ ਦੀ ਪੀੜਤ ਸਥਿਤੀ ਨੂੰ ਮਨੋਵਿਗਿਆਨਕ ਸੋਝੀ ਨਾਲ ਲੈਸ ਇਕ ਹੰਢੇ ਹੋਏ Victimologist ਦੀ ਇਸ ਤਰ੍ਹਾਂ ਸਾਕਾਰ ਕਰਦਾ ਹੈ। ਪੰਜਾਬੀ ਨਾਵਲ ਵਿਚ ਇਹ ਨਵੀਂ ਗੱਲ ਹੈ।*[4]

ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਨੇ ***ਕੌਰਵ ਸਭਾ*** ਨਾਵਲ ਦੀ ਵਿਲੱਖਣਤਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ:

*__ਕਟਹਿਰਾ__ ਅਤੇ __ਤਫ਼ਤੀਸ਼__ ਨਾਵਲ ਦੀ ਲੀਹ ਨੂੰ ਤੋਰਨ ਵਾਲਾ ਇਹ ਨਾਵਲ ਹੈ। __ਕੌਰਵ ਸਭਾ__ ਲੇਖਕ ਦਾ ਅਜਿਹਾ ਨਾਵਲ ਹੈ ਜਿਸ ਵਿਚ ਜਿਥੇ ਉਸਨੇ ਪੂੰਜੀਵਦੀ ਸਭਿਆਚਾਰ ਦੀ ਭਿਆਨਕਤਾ, ਨਿਰਦਾਇਤਾ ਤੇ ਪੈਸੇ ਦੀ ਸਰਦਾਰੀ ਵਾਲੇ ਅਮਾਨਵੀ ਕਿਰਦਾਰ ਨੂੰ ''ਤਕੜੇ ਹੱਥ ਪਾ*

*ਕੇ ਹਲੂਣਿਆ'' ਹੈ, ਉਥੇ ਆਪਣੀ ਸਿਰਜਣਾਤਮਕ ਪ੍ਰਤਿਭਾ ਦੀ ਵਿਲੱਖਣਤਾ ਤੇ ਵੱਖਰਤਾ ਨੂੰ ਵੀ ਸਥਾਪਿਤ ਕੀਤਾ ਹੈ।*[5]

ਡਾ. ਦਵੇਸ਼ਵਰ ਨੇ ਇਸ ਨਾਵਲ ਵਿਚਲੇ ਚਿਹਨਾਂ ਦੀ ਵਿਆਖਿਆ ਕਰਦਿਆਂ ਪੂੰਜੀਵਾਦੀ ਸਭਿਆਚਾਰ ਦੇ ਸੁਭਾਅ ਦੀ ਪਛਾਣ ਹੇਠ ਲਿਖੇ ਸੂਤਰਾਂ ਵਿਚ ਕਰਵਾਈ ਹੈ:

1. *'ਮਾਇਆ ਨਗਰੀ' ਪੂੰਜੀਵਾਦੀ ਆਰਥਿਕਤਾ ਅਤੇ 'ਕੌਰਵ ਸਭਾ' ਪੈਸੇ ਤੇ ਪਦਾਰਥ ਦੀ ਲਾਲਸਾ ਦੀ ਪੂਰਤੀ ਵਾਲੀ ਸਿਆਸਤ ਦੇ ਚਿਹਨ ਹਨ।*
2. *ਜਾਇਦਾਦ ਦੀ ਨਿਜੀ ਕਰਨ ਤੇ ਕੇਂਦਰੀਕਰਨ ਕਿਉਂਕਿ ਪੂੰਜੀਵਾਦ ਦੀ ਕੇਂਦਰੀ ਨੀਤੀ ਦਾ ਆਧਾਰ ਹੈ, ਇਸੇ ਲਈ ਜਾਇਦਾਦ ਤੇ ਪਦਾਰਥ ਦੀ ਲਾਲਸਾ ਦੀ ਪੂਰਤੀ ਲਈ ਹਰ ਤਰ੍ਹਾਂ ਦੀ ਸਿਆਸਤ ਜਾਇਜ਼ ਹੈ।*
3. *ਕਿਉਂਕਿ ਇਸ ਦਾ ਸੁਭਾ ਨਿਜੀ ਹੈ, ਇਸ ਲਈ ਕੋਈ ਰਿਸ਼ਤਾ ਜਾਂ ਰਿਆਇਤ ਨਹੀਂ।*
4. *ਲਾਲਸਾ ਦੀ ਪੂਰਤੀ ਇਸ ਦਾ ਇਕੋ ਇਕ ਮੁੱਲ ਹੈ, ਇਸ ਤੋਂ ਬਿਨਾਂ ਕੋਈ ਹੋਰ ਮੁੱਲ ਨਹੀਂ।*[6]

ਡਾ. ਦਵੇਸ਼ਵਰ ਨੇ ਉਪਰੋਕਤ ਸੂਤਰਾਂ ਦੇ ਪ੍ਰਸੰਗ ਵਿਚ ਹੀ ਇਸ ਨਾਵਲ ਦੇ ਥੀਮਕ ਮਹੱਤਵ ਬਾਰੇ ਵੀ ਚਾਨਣਾ ਪਾਇਆ ਹੈ ਕਿ, *''ਮਾਇਆ ਨਗਰ ਵਿਚਲੀ ਕੌਰਵ ਧਿਰ ਵਾਸਤਵ ਵਿਚ ਭੁੱਖਿਆਂ ਹੀ ਨਹੀਂ, ਭੁੱਖੜਾਂ ਦੀ ਅਜਿਹੀ ਜਮਾਤ ਹੈ ਜਿਹੜੀ ਇਸ ਰੁਚੀ ਅਧੀਨ ਕਿਸੇ ਨੂੰ ਜਾਂ ਆਪਣੇ ਨਿੱਜੀ ਨੂੰ ਨਿਗਲ ਵੀ ਸਕਦੀ ਹੈ ਤੇ ਸ਼ਰੇਆਮ ਨਿਰਬਸਤਰ ਵੀ ਕਰ ਸਕਦੀ ਹੈ। ..... ਮਾਇਆਨਗਰ ਦਾ ਸਮੁੱਚਾ ਵਰਤਾਰਾ ਅਮਾਨਵੀ ਸੁਭਾ ਵਾਲਾ ਹੈ ਜਿਹੜਾ ਕਰਤੂਤ ਦੀ ਤਾਮਸ਼-ਸ਼ੈਲੀ 'ਤੇ ਟਿੱਕਿਆ ਹੋਇਆ ਹੈ। ਇਸ ਜਮਾਤ ਦਾ ਇਹ ਕਰਤੂਤ ਵਾਲਾ ਬੁਨਿਆਦੀ ਖ਼ਾਸਾ*

*ਹੀ ਇਸ ਨਾਵਲ ਦੀ ਕੇਂਦਰੀ ਥੀਮ ਹੈ ਜਿਹੜੀ ਨਾਵਲੀ ਬਿਰਤਾਂਤ ਦੇ ਸਮੁੱਚੇ ਤਾਣੇ-ਬਾਣੇ ਦੇ ਆਰਪਾਰ ਫੈਲੀ ਹੈ।''*[7]

ਡਾ. ਸੁਤਿੰਦਰ ਸਿੰਘ ਨੂਰ ਨੇ ਵੀ ਆਪਣੇ ਮਜਮੂਨ ''ਅੰਤਮ ਨਿਆਂ ਦੀ ਤਲਾਸ਼ 'ਚ ਯਤਨਸ਼ੀਲ ਨਾਵਲ ***ਕੌਰਵ ਸਭਾਂ***' ਵਿਚ ਇਸ ਨਾਵਲ ਦੇ ਮਹੱਤਵ ਦਾ ਜ਼ਿਕਰ ਕਰਦਿਆਂ ਲਿਖਿਆ ਹੈ:

> ***ਕੌਰਵ ਸਭਾ*** *ਮਿੱਤਰ ਸੈਨ ਮੀਤ ਦਾ ਪੰਜਵਾਂ ਨਾਵਲ ਹੈ। ਉਸ ਦੇ ਪਿਛਲੇ ਦੋ ਨਾਵਲਾਂ* ***ਤਫ਼ਤੀਸ਼*** *ਤੇ* ***ਕਟਹਿਰਾ*** *ਨੇ ਪੰਜਾਬੀ ਨਾਵਲ ਵਿਚ ਇਕ ਵੱਖਰੇ ਗਲਪੀ ਪੈਰਾਡਾਈਮ ਨੂੰ ਬਣਾਇਆ ਹੈ। ਉਸ ਨੇ ਕੇਵਲ ਕਾਨੂੰਨ, ਕਚਹਿਰੀਆਂ, ਮੁਕੱਦਮਿਆਂ ਵਿਚ ਫੈਲੇ ਭ੍ਰਿਸ਼ਟਾਚਾਰ ਦੀ ਹੀ ਤਫ਼ਤੀਸ਼ ਨਹੀਂ ਕੀਤੀ, ਸਗੋਂ ਸਮੁੱਚੇ ਸਮਾਜਕ ਪ੍ਰਬੰਧ ਨੂੰ ਕਟਹਿਰੇ ਵਿਚ ਖੜਾ ਕਰ ਦਿੱਤਾ।*[8]

ਡਾ. ਕਰਮਜੀਤ ਨੇ ***ਕੌਰਵ ਸਭਾ*** ਨਾਵਲ ਦੇ ਪਰਿਪੇਖ ਨੂੰ ਸੰਸਾਰੀਕਰਨ ਵੱਲ ਵੱਧ ਰਹੀ ਤੀਜੀ ਦੁਨੀਆਂ ਦੀ ਸਥਿਤੀ ਨਾਲ ਜੋੜਦੇ ਹੋਏ ਆਪਣੇ ਮਜਮੂਨ ''**ਕੌਰਵ ਸਭਾ : ਵਿਚਾਰਧਾਰਾਈ ਪ੍ਰਸੰਗ**'' ਵਿਚ ਲਿਖਿਆ ਹੈ:

> *ਸੰਸਾਰੀਕਰਣ ਦਾ ਅਰਥ ਹੈ ਕਿ ਨਵ-ਸਾਮਰਾਜਵਾਦ (ਉੱਤਰ ਆਧੁਨਿਕਤਾਵਾਦੀ) ਦੌਰ, ਜਿਥੇ ਸਰਦਾਰੀ ਹੈ ਬਦਮਾਸ਼ ਅਮਰੀਕਾ' ਦੀ ਅਤੇ ਪ੍ਰਧਾਨਤਾ ਹੈ ਵਿੱਤੀ ਪੂੰਜੀ ਦੀ। ਸੰਸਾਰ ਪੱਧਰ ਦੀਆਂ ਰਿਪੋਰਟਾਂ ਇਹ ਦਰਸਾਉਂਦੀਆਂ ਹਨ ਕਿ ਪਿਛਲੇ ਦਸ ਸਾਲਾਂ ਵਿਚ ਸੰਸਾਰੀਕਰਣ ਦਾ ਅਸਲ ਫ਼ਾਇਦਾ ਅਮੀਰ ਲੋਕਾਂ ਨੂੰ ਹੋਇਆ ਹੈ। ਭਾਰਤੀ ਸੰਦਰਭ ਵਿਚ ਇਹ ਫ਼ਾਇਦਾ ਹੋਇਆ ਹੈ ਅਮੀਰ ਮੁਲਕਾਂ ਨੂੰ ਜਿਨ੍ਹਾਂ ਲਈ ਸਰਕਾਰ ਲਾਹੇਬੰਦ ਪਬਲਿਕ ਸੈਕਟਰ ਨੂੰ ਵੀ ਨੀਲਾਮ ਕਰੀ ਜਾ ਰਹੀ ਹੈ। ਇਸ ਸਾਰੇ ਵਰਤਾਰੇ ਤੋਂ* ***ਕੌਰਵ ਸਭਾ*** *ਦਾ ਕੇਂਦਰੀ ਸ਼ਹਿਰ*

*ਮਾਇਆ ਨਗਰ (ਲੁਧਿਆਣਾ) ਵੀ ਅਛੂਤਾ ਨਹੀਂ ਹੈ। ਸੁਚੇਤ ਜਾਂ ਅਚੇਤ ਇਥੋਂ ਦੇ ਕਾਰਖਾਨੇ ਇਸ ਤੋਂ ਪ੍ਰਭਾਵਿਤ ਹਨ।*[9]

ਇਉਂ ਇਹ ਨਾਵਲ ਆਪਣੀ ਵਸਤ, ਵਿਧੀ ਤੇ ਦ੍ਰਿਸ਼ਟੀ ਪਖੋਂ ਅਜਿਹਾ ਨਾਵਲ ਹੈ ਜਿਹੜਾ ਮਿੱਤਰ ਸੈਨ ਮੀਤ ਦੀ ਗਲਪੀ ਚੇਤਨਾ ਵਿਚਲੀ ਪ੍ਰੋੜ੍ਹਤਾ ਨੂੰ ਹੀ ਨਹੀਂ ਦਰਸਾਉਂਦਾ ਸਗੋਂ ਉਸਦੀ ਵਿਲੱਖਣਤਾ ਨੂੰ ਵੀ ਸਿੱਧ ਕਰਦਾ ਹੈ। ਇਸ ਨਾਵਲ ਦੀ ਵੱਡੀ ਪ੍ਰਾਪਤੀ ਜਿਥੇ ਪੂੰਜੀਵਾਦੀ ਵਿਵਸਥਾ ਵਿਚਲੇ ਅੰਤਰ ਤੇ ਅੰਤਰ-ਵਿਰੋਧਾਂ ਦੇ ਸੁਭਾਅ ਤੇ ਸਾਰ ਨੂੰ ਦਰਸਾਉਣ ਵਿਚ ਹੈ ਉਥੇ ਇਸ ਸਮੁੱਚੇ ਵਰਤਾਰੇ ਨੂੰ ਸਾਡੀ ਲੋਕਤੰਤਰੀ ਸਟੇਟ ਦੇ ਨਿਆਂ ਪਾਲਿਕਾ ਵਿਚ ਆਏ ਨਿਘਾਰ ਦੇ ਪ੍ਰਸੰਗ ਵਿਚ ਚਿਤ੍ਰਣ 'ਚ ਹੈ। ਵੱਡੀ ਖ਼ੂਬੀ ਇਹ ਹੈ ਕਿ ਸਾਡੀ ਨਿਆਂ-ਪ੍ਰਣਾਲੀ ਦਾ ਅਜਿਹਾ ਨਿਘਾਰ ਕਿਸੇ ਇਕੱਲੇ ਇਕਹਿਰੇ ਜਾਂ ਨਿਰਪੇਖ ਕਾਰਣਾਂ ਕਰਕੇ ਨਹੀਂ ਹੋਇਆ, ਸਗੋਂ ਇਸ ਵਿਚ ਸਾਡੀ ਸਟੇਟ ਦਾ ਸਮੁੱਚਾ ਰਾਜਸੀ, ਪ੍ਰਬੰਧਕੀ ਤੇ ਸੰਸਥਾਈ ਢਾਂਚਾ ਵੀ ਇਕ ਦੂਜੇ ਲਈ ਸਹਾਈ ਹੋਇਆ ਹੈ।

ਇਸ ਨਾਵਲ ਦੀ ਕੇਂਦਰੀ ਘਟਨਾ ਮਾਇਆ ਨਗਰ ਦੇ ਇਕ ਮਾਇਆ ਸੰਪੰਨ ਪਰਿਵਾਰ ਵਿਚ ਪਏ ਡਾਕੇ ਨਾਲ ਸੰਬੰਧਿਤ ਹੈ ਜਿਸ ਵਿਚ ਉਸ ਪਰਿਵਾਰ ਦੇ ਲੜਕੇ ਦਾ ਕਤਲ, ਲੜਕੀ ਦਾ ਬਲਾਤਕਾਰ ਅਤੇ ਉਨ੍ਹਾਂ ਦੇ ਮਾਂ-ਬਾਪ ਦੀ ਮਰਨ ਦੀ ਹੱਦ ਤੱਕ ਕੁੱਟਮਾਰ ਹੋਈ ਹੈ। ਇਸ ਘਟਨਾ ਪਿਛੇ ਕੋਈ ਹੋਰ ਨਹੀਂ ਸਗੋਂ ਉਸੇ ਪਰਿਵਾਰ ਦੇ ਤਾਏ ਦੇ ਮੁੰਡੇ ਹਨ। ਅਜਿਹਾ ਜ਼ਮੀਨ-ਜਾਇਦਾਦ ਦੇ ਬਟਵਾਂਰੇ ਬਾਰੇ ਚਲ ਰਹੇ ਵਿਵਾਦ ਕਾਰਣ ਵਾਪਰਿਆ ਹੈ। ਮਕਸਦ ਭਾਵੇਂ ਕਤਲ ਜਾਂ ਬਲਾਤਕਾਰ ਕਰਵਾਉਣਾ ਨਹੀਂ ਸੀ, ਕੁੱਟ-ਮਾਰ ਤੇ ਡਰ-ਡਰਾਵਾ ਸੀ, ਪਰੰਤੂ ਮੌਕੇ 'ਤੇ ਬਣੀ ਸਥਿਤੀ ਵਿਚ ਭਾੜੇ 'ਤੇ ਭੇਜੇ ਮੁਜ਼ਰਮਾਂ ਦੇ ਅੰਦਰ ਪੈਦਾ ਹੋਈ ਕਾਮ ਵਿਕ੍ਰਤੀ ਕਾਰਣ ਅਜਿਹਾ ਵਾਪਰ ਗਿਆ। ਇਸ ਘਟਨਾ ਦੀ ਤਫ਼ਤੀਸ਼ ਤੋਂ ਲੈ ਮੁਜ਼ਰਮਾਂ ਦੀ ਪਛਾਣ; ਕਾਨੂੰਨੀ ਕਾਰਵਾਈ ਵਿਚ ਪੁਲਿਸ, ਵਕੀਲਾਂ, ਜੱਜ, ਰਾਜਸੀ ਨੇਤਾ, ਆਖੌਤੀ ਲੋਕ-ਹਿੱਤਕਾਰੀ,

ਸੰਸਥਾਵਾਂ ਅਤੇ ਸਮੁੱਚਾ ਪ੍ਰਬੰਧਕੀ ਢਾਂਚਾ ਕਿਵੇਂ ਆਪਣੀਆਂ ਰੋਟੀਆਂ ਸੇਕਦਾ ਹੈ, ਇਸ ਭ੍ਰਿਸ਼ਟਤਾ ਵਾਲੀ ਮਾਨਸਿਕਤਾ ਅਤੇ ਅਮਾਨਵੀ ਵਿਹਾਰ ਦਾ ਜੋ ਵਿਅੰਗ ਚਿਤਰ ਇਸ ਨਾਵਲ ਵਿਚ ਪੇਸ਼ ਹੋਇਆ ਹੈ, ਉਹ ਇਸ ਨਾਵਲ ਦੀ ਪ੍ਰਾਪਤੀ ਹੈ।

ਨਾਵਲੀ ਬਿਰਤਾਂਤ ਅਨੁਸਾਰ ਮੋਹਨ ਲਾਲ ਅਤੇ ਵੇਦ ਪ੍ਰਕਾਸ਼ ਦੋਵੇਂ ਭਰਾ ਹਨ ਜਿਹੜੇ ਇਸ ਕਸਬੇ ਦੇ ਆਰਥਿਕ ਪੱਖੋਂ ਗਰੀਬ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਮੋਹਲ ਲਾਲ ਗਰੀਬੀ ਦਾਵੇ ਵਿਚ ਹੀ ਸਿਵਲ ਇੰਜੀਨੀਅਰੀ ਪਾਸ ਕਰਕੇ ਪੀ.ਡਬਲਿਊ.ਡੀ. ਵਿਚ ਐਸ.ਡੀ.ਓ. ਲੱਗ ਗਿਆ। ਬਠਿੰਡੇ ਵਰਗੇ ਸ਼ਹਿਰ ਵਿਚ ਨਿਯੁਕਤੀ ਹੋ ਗਈ ਜਿਹੜਾ ਉਹਨਾਂ ਦਿਨਾਂ ਵਿਚ ਤਰੱਕੀ ਕਰ ਰਿਹਾ ਸੀ। *''ਕਿਧਰੇ ਥਰਮਲ ਪਲਾਂਟ ਰਿਹਾ ਸੀ, ਕਿਧਰੇ ਹੋਟਲ ਸਿਨਮੇ ਉਸਰ ਰਹੇ ਸਨ। ਆਵਾਜਾਈ ਨੂੰ ਸੌਖਾ ਬਣਾਵੁਣ ਲਈ ਸਰਕਾਰ ਸੜਕਾਂ ਦਾ ਜਾਲ ਵਿਛਾ ਰਹੀ ਸੀ। ਸਰਕਾਰੀ ਇਮਾਰਤਾਂ ਧਰਤੀ ਦੀ ਹਿੱਕ ਤੇ ਖੁੰਭਾਂ ਵਾਂਗ ਉਗ ਪਈਆਂ।''*[10]

ਮੋਹਨ ਲਾਲ ਦਿਮਾਗੀ ਤੌਰ 'ਤੇ ਤੇਜ਼ ਸੀ; ਦੂਜੇ ਉਸਨੂੰ ਅਜਿਹੀ ਨੌਕਰੀ ਮਿਲੀ ਜਿਥੇ ਠੇਕੇਦਾਰਾਂ ਤੇ ਉੱਚ-ਅਧਿਕਾਰੀਆਂ ਨਾਲ ਮਿਲਕੇ ਉਸ ਨੇ ਚੰਗਾ ਪੈਸਾ ਕਮਾਇਆ। ਹੌਲੀ ਹੌਲੀ ਉਸਾਰੀ ਨਾਲ ਸੰਬੰਧਿਤ ਸਮੱਗਰੀ ਤੇ ਲੇਬਰ ਆਦਿ ਦਾ ਖ਼ੁਦ ਪ੍ਰਬੰਧ ਕਰਨ ਲਗਾ। ਠੇਕੇਦਾਰਾਂ ਤੋਂ ਕਮਿਸ਼ਨ ਲੈਣ ਦੀ ਥਾਂ ਖ਼ੁਦ ਉਨ੍ਹਾਂ ਨਾਲ ਹਿੱਸੇਦਾਰੀ ਪਾ ਲਈ। ਸਿੱਟੇ ਵਜੋਂ ਉਸਨੇ ਆਪਣਾ ਕੱਚਾ ਘਰ ਅਤੇ ਪਿਉ ਦੀ ਛੋਟੀ ਕਰਿਆਣੇ ਦੀ ਥਾਂ ਕਪੜੇ ਦਾ ਵੱਡਾ ਸ਼ੋਅ-ਰੂਮ ਅਤੇ ਆਲੀਸ਼ਾਨ ਕੋਠੀ ਬਣਾ ਲਈ।

ਮੋਹਨ ਲਾਲ ਆਪਣੇ ਛੋਟੇ ਭਰਾ ਵੇਦ ਨੂੰ ਬਹੁਤ ਪਿਆਰ ਕਰਦਾ ਸੀ। ਉਸਨੇ ਬਹੁਤ ਕੋਸ਼ਿਸ਼ ਕੀਤੀ ਕਿ ਉਹ ਵੀ ਚਾਰ ਜਮਾਤਾਂ ਪੜ੍ਹ ਜਾਵੇ ਪਰੰਤੂ ਉਹ ਕਾਮਯਾਬ ਨਾ ਹੋਇਆ। ਮਾਇਆ ਨਗਰ ਵਿਚ ਆ ਕੇ ਮੋਹਨ ਲਾਲ ਨੇ ਆਪਣੀ ਨੌਕਰੀ ਦੇ ਸਿਰ 'ਤੇ ਐਨਾ ਪੈਸਾ ਕਮਾਇਆ ਕਿ ਆਪਣੀ ਦੋ ਨੰਬਰ ਦੀ ਕਮਾਈ ਨੂੰ ਛੁਪਾਉਣ ਲਈ ਆਪਣੇ ਛੋਟੇ ਭਰਾ ਵੇਦ ਨੂੰ ਵੀ ਇਥੇ ਆਪਣੇ ਨਾਲ ਲਾ ਲਿਆ। ਪੈਸਾ,

ਪਲਾਟ, ਜਾਇਦਾਦ ਆਦਿ ਜਿਹੜੇ ਇਸ ਤਰ੍ਹਾਂ ਦੇ ਕਾਲੇ ਧੰਦੇ ਵਿਚੋਂ ਬਣੀ ਉਹ ਉਸ ਦੇ ਨਾਂ ਖ਼ਰੀਦੀ ਗਿਆ। ਮਰਿਆਂ ਖਪਿਆਂ ਅਤੇ ਲਵਾਰਸਾਂ ਦੀ ਜ਼ਮੀਨ ਮਿੱਟੀ ਦੇ ਮੁੱਲ ਮਿਲਦੀ ਸੀ। ਮਾਲ ਮਹਿਕਮੇ ਅਤੇ ਪੁਲਿਸ ਦੇ ਅਫ਼ਸਰਾਂ ਨਾਲ ਮਿਲਕੇ ਮਿੱਟੀ ਸੋਨੇ ਵਿਚ ਬਦਲ ਜਾਂਦੀ ਸੀ।

> *ਜਦੋਂ ਤਕ ਵਿਉਪਾਰਕ ਸਾਂਝ ਮੋਹਨ ਅਤੇ ਵੇਦ ਵਿਚਕਾਰ ਰਹੀ, ਸਭ ਅੱਛਾ ਹੁੰਦਾ ਰਿਹਾ। ਮੋਹਨ ਵੇਦ ਨੂੰ ਜੋ ਜ਼ਿੰਮੇਵਾਰੀ ਸੌਂਪਦਾ ਉਹ ਉਸਨੂੰ ਪੂਰੀ ਈਮਾਨਦਾਰੀ ਨਾਲ ਸਿਰੇ ਚੜ੍ਹਾਉਂਦਾ ਰਿਹਾ। ਮੋਹਨ ਜਿਥੇ ਆਖਦਾ ਵੇਦ ਅੱਖਾਂ ਮੀਚਕੇ ਦੱਸਖਤ ਕਰ ਦਿੰਦਾ ਰਿਹਾ। ਬਦਲੇ ਵਿਚ ਮੋਹਨ ਉਸ ਨੂੰ ਹਿੱਸੇ ਆਉਂਦਾ ਮੁਨਾਫ਼ਾ ਬਿਨਾਂ ਕਿਸੇ ਘਾਟ ਵਾਧ ਦੇ ਦਿੰਦਾ ਰਿਹਾ।*[11]

ਸਮੱਸਿਆ ਉਦੋਂ ਪੈਦਾ ਹੋਈ, ਜਦੋਂ ਇਕ ਹਾਰਟ-ਅਟੈਕ ਵਿਚ ਮੋਹਨ ਲਾਲ ਦੀ ਮੌਤ ਹੋ ਗਈ ਅਤੇ ਉਸ ਤੋਂ ਬਾਅਦ ਵੇਦ ਅਤੇ ਉਸਦੇ ਭਤੀਜਿਆਂ ਵਿਚਕਾਰ ਇਕ ਪਲਾਟ ਦੀ ਵੰਡ ਨੂੰ ਲੈ ਕੇ ਝਗੜਾ ਹੋ ਗਿਆ।

ਨਾਵਲ ਦੇ ਉਪਰੋਕਤ ਵੇਰਵੇ ਇਸ ਨਾਵਲ ਦੀ ਮੁੱਖ ਘਟਨਾ ਤੇ ਵਿਗੋਪਨ ਦਾ ਹੀ ਪ੍ਰਕਾਰਜ ਨਹੀਂ ਨਿਭਾਉਂਦੇ, ਸਗੋਂ ਸਾਡੀ ਲੋਕਤੰਤਰਿਕ ਸਟੇਟ ਦੇ ਉਸ ਸੁਭਾ ਨੂੰ ਵੀ ਦ੍ਰਿਸ਼ਮਾਨ ਕਰਦੇ ਹਨ ਜਿਸ ਦੀ ਸੱਤਾ ਉਨ੍ਹਾਂ ਤਾਕਤਾਂ ਦੇ ਹੱਥ ਹੈ ਜਿਹੜੇ ਪੈਸੇ ਰਾਹੀਂ ਇਸ ਨੂੰ ਬਣਾਈ ਰੱਖਣ ਵਿਚ ਹੀ ਨਹੀਂ, ਸਗੋਂ ਇਸ ਰਾਹੀਂ ਪੈਸੇ ਵਿਚ ਆਪਣਾ ਨਿਜੀ ਤੌਰ 'ਤੇ ਇਜ਼ਾਫ਼ਾ ਵੀ ਕਰਦੇ ਹਨ। ਇਸ ਵਿਚ ਸਮੁੱਚਾ ਪ੍ਰਬੰਧਕੀ ਢਾਂਚਾ ਸਹਾਈ Supportive ਹੀ ਨਹੀਂ ਹੁੰਦਾ ਸਗੋਂ ਭ੍ਰਿਸ਼ਟਾਚਾਰ ਰਾਹੀਂ ਕਮਾਏ ਜਾਂਦੇ ਪੈਸੇ ਵਿਚ ਹਿੱਸੇਦਾਰ (Partner) ਵੀ ਬਣ ਜਾਂਦਾ ਹੈ। ਇਹ ਅਜਿਹਾ ਸੱਚ ਹੈ ਜਿਹੜਾ ਮੋਹਨ ਲਾਲ ਵਰਗ ਦਿਨਾਂ 'ਚ ਬਣੇ ਅਮੀਰ ਲੋਕਾਂ ਨੂੰ ਪ੍ਰਤਿਨਿਧ ਖ਼ਾਸੇ ਰਾਹੀਂ ਸਾਕਾਰ ਹੋਇਆ ਹੈ। ਇਉਂ, ਨਿਜੀ ਜਾਇਦਾਦ ਵਿਚ ਵਾਧਾ ਹੀ ਨਹੀਂ ਹੁੰਦਾ ਸਗੋਂ

ਨਿਜੀ ਜਾਇਦਾਦ ਵਾਲੀ ਜਮਾਤ ਇਕ ਸੰਸਥਾ ਵਜੋਂ ਵੀ ਮਜ਼ਬੂਤ ਹੁੰਦੀ ਚਲੀ ਜਾਂਦੀ ਹੈ। ਪੈਸਾ ਇਨ੍ਹਾਂ ਲਈ ਇਕੋ ਇਕ ਮੰਤਵ ਅਤੇ ਮੁੱਲ ਬਣ ਜਾਂਦਾ ਹੈ। ਸਾਡੇ ਇਸ ਤੱਥ ਦੀ ਪੁਸ਼ਟੀ ਅਮਰਜੀਤ ਗਰੇਵਾਲ ਦੀ ਨਵ-ਪ੍ਰਕਾਸ਼ਿਤ ਆਲੋਚਨਾ-ਪੁਸਤਕ ***ਪ੍ਰਸੰਗ ਕੌਰਵ ਸਭਾ*** ਰਾਹੀਂ ਵੀ ਹੁੰਦੀ ਹੈ। ਉਹ ਲਿਖਦਾ ਹੈ:

> *ਮੌਜੂਦਾ ਨਿਆਂ ਪ੍ਰਣਾਲੀ ਵਿਚ ਫੈਲੀ ਰਿਸ਼ਤਵਖ਼ੋਰੀ, ਮੌਕਾ-ਪ੍ਰਸਤੀ, ਅਨੈਤਿਕਤਾ ਆਦਿ ਨੂੰ ਤਾਂ ਹਰ ਕੋਈ ਦੇਖ ਰਿਹਾ ਹੈ। ਜੇਕਰ ਇਸ ਨਾਵਲ* ***ਕੌਰਵ ਸਭਾ*** *ਵਿਚ ਮਿੱਤਰ ਸੈਨ ਮੀਤ ਨੇ ਵਧੇਰੇ ਡੂੰਘਾਈ ਅਤੇ ਵਿਸਤਾਰ ਵਿਚ ਦੇਖ ਲਿਆ ਤਾਂ ਕਿਹੜੀ ਵੱਡੀ ਗੱਲ ਹੈ। ਪਰ ਜਿਸ ਢੰਗ ਰਾਹੀਂ ਮਿੱਤਰ ਸੈਨ ਮੀਤ ਇਸ ਨਿਆਂ ਪ੍ਰਣਾਲੀ ਦੇ ਬਿਊਰੋਕਰੈਟਿਕ ਢਾਂਚੇ ਨੂੰ ਨੰਗਿਆਂ ਕਰਕੇ ਇਸ ਦੇ ਪੂੰਜੀਵਾਦੀ ਕਿਰਦਾਰ ਨੂੰ ਸਾਡੇ ਸਭ ਦੇ ਸਾਹਮਣੇ ਪੇਸ਼ ਕਰ ਦਿੰਦਾ ਹੈ, ਇਹੀ ਉਸ ਦੀ ਕਥਾਕਾਰੀ ਦਾ ਅਸਲੀ ਕਮਾਲ ਹੈ। ਮਿੱਤਰ ਸੈਨ ਮੀਤ ਦਾ ਕਮਾਲ ਇਸ ਨਿਆਂ ਪ੍ਰਣਾਲੀ ਵਿਚ ਫੈਲੀ ਰਿਸ਼ਵਤ ਖ਼ੋਰੀ, ਮੌਕਾਪ੍ਰਸਤੀ, ਅਨੈਤਿਕਤਾ, ਧੱਕੇਸ਼ਾਹੀ ਆਦਿ ਨੂੰ ਨੰਗਿਆਂ ਕਰਨ ਵਿਚ ਨਹੀਂ ਇਸ ਦੇ ਪੂੰਜੀਵਾਦੀ ਕਿਰਦਾਰ ਨੂੰ ਸਮਝਣ ਵਿਚ ਹੈ।*[12]

ਲੋਕਤੰਤਰ ਸਟੇਟ ਸੰਵਿਧਾਨ ਅਧੀਨ ਮਨੁੱਖੀ ਆਜ਼ਾਦੀ, ਬਰਾਬਰੀ ਅਤੇ ਇਨਸਾਫ਼ ਦੀ ਗਰੰਟੀ ਬਾਰੇ ਗੱਲ ਤਾਂ ਕਰਦੀ ਹੈ, ਪਰੰਤੂ ਵਿਹਾਰਕ ਪੱਧਰ 'ਤੇ ਅਜਿਹਾ ਹੁੰਦਾ ਨਹੀਂ। ਕਾਰਣ ਇਹ ਹੈ ਕਿ ਨਿਜੀ ਜਾਇਦਾਦ ਦੀ ਮਾਲਕੀਅਤ ਤੇ ਉਸਰੀ ਪੂੰਜੀਵਾਦੀ ਵਿਵਸਥਾ ਵਿਚ ਪੈਸੇ ਦੀ ਤਾਕਤ ਨਿਆਇਕ ਪ੍ਰਣਾਲੀ ਨੂੰ ਵੀ ਆਪਣੇ ਪੈਸੇ ਦੀ ਤਾਕਤ ਨਾਲ ਖ਼ਰੀਦ ਲੈਂਦੀ ਹੈ। ਦੂਜੇ ਨਿਆਇਕ ਪ੍ਰਣਾਲੀ/ਪ੍ਰਕਿਰਿਆ ਐਨੀ ਜਟਿਲ, ਮਹਿੰਗੀ ਅਤੇ ਲੰਮੇਰੀ ਹੈ ਕਿ ਇਸ ਵਿਚ ਸਾਧਨ-ਵਿਹੂਣੀ ਜਮਾਤ ਇਸ ਦਾ ਬੋਝ ਹੀ ਨਹੀਂ ਝੱਲ ਸਕਦੀ। ਸਿੱਟੇ ਵਜੋਂ ਕਾਨੂੰਨ

ਵੀ ਪੈਸੇ ਵਾਲੇ ਦੀ ਹੀ ਤਰਫ਼ਦਾਰੀ ਕਰ ਜਾਂਦਾ ਹੈ। ਸਾਡੀ ਨਿਆਇਕ ਪ੍ਰਣਾਲੀ ਦਾ ਇਹ ਅਜਿਹਾ ਸੱਚ ਹੈ ਜਿਹੜਾ ਇਸ ਨਾਵਲ ਵਿਚ ਭਰਵੇਂ ਰੂਪ ਵਿਚ ਪੇਸ਼ ਹੋਇਆ ਹੈ। ਇਸ ਸੱਚ ਬਾਰੇ ਸੰਕੇਤ ਕਰਦਾ ਅਮਰਜੀਤ ਸਿੰਘ ਗਰੇਵਾਲ ਲਿਖਦਾ ਹੈ:

> *ਇਹ ਨਾਵਲ ਪੜ੍ਹਕੇ ਜੋ ਸਭ ਤੋਂ ਮਹੱਤਵਪੂਰਨ ਗੱਲ ਖਾਨੇ ਪੈਂਦੀ ਹੈ ਉਹ ਇਹ ਕਿ ਮੌਜੂਦਾ ਨਿਆਂ ਪ੍ਰਣਾਲੀ ਜਿਵੇਂ ਕਿ ਮਿੱਤਰ ਸੈਨ ਮੀਤ ਇਸ ਨੂੰ ਪੇਸ਼ ਕਰਦਾ ਹੈ, ਕਿਸੇ ਨਿਆਂ ਪ੍ਰਣਾਲੀ ਦਾ ਨਹੀਂ ਸਗੋਂ ਕਾਨੂੰਨ ਦੀ ''ਬਿਊਰੋਕਰੇਸੀ ਦਾ ਨਾਮ ਹੈ ਜੋ ਪ੍ਰਮੁੱਖ ਤੌਰ 'ਤੇ ਤਫ਼ਤੀਸ਼ (ਇਨਕੁਆਰੀ), ਸ਼ਹਾਦਤ (ਐਵੀਡੈਂਸ), ਨਿਰੀਖਣ (ਇੰਮਜਾਮੀਨਸ਼) ਲਿਖਤੀ ਕਾਨੂੰਨ ਅਤੇ ਜਜਮੈਂਟ ਉਪਰ ਆਧਾਰਿਤ ਹੈ। ਪਰ ਇਹ ਹਮੇਸ਼ਾ ਇਸ ਤਰ੍ਹਾਂ ਨਹੀਂ ਸੀ ਹੁਦੀ। ਇਸ ਦੀ ਪੂੰਜੀਵਾਦੀ ਲੋੜਾਂ ਅਨੁਸਾਰ ਇਤਿਹਾਸ ਰਾਹੀਂ ਸਿਰਜਣਾ ਹੁੰਦੀ ਹੈ।*[13]

ਇਸ ਤਰ੍ਹਾਂ ਅਮਰਜੀਤ ਸਿੰਘ ਗਰਵਾਲ ਵੀ ਸਾਡੀ ਮੌਜੂਦਾ ਨਿਆਂ-ਪ੍ਰਣਾਲੀ ਦੇ ਪੂੰਜੀਵਾਦੀ ਅਤੇ ਇਸ ਦੇ ਬਸਤੀਵਾਦੀ ਪਿਛੋਕੜ ਦੇ ਪ੍ਰਸੰਗ ਵਿਚ ਇਸ ਦੀ ਵਿਆਖਿਆ ਕਰਦਿਆਂ ਨਿਆਂ-ਪ੍ਰਣਾਲੀ ਅਤੇ ਇਸ ਨਾਲ ਸੰਬੰਧਿਤ ਉਪ-ਸਿਸਟਮਾਂ ਨੂੰ ਸੱਤਾ ਜਿਸ ਦਾ ਬੁਨਿਆਦੀ ਸੁਭਾ ਬੁਰਜੂਆ ਹੈ, ਨੂੰ ਸਟੇਟ ਦਾ ਇਕ ਦਮਨਕਾਰੀ ਹਥਿਆਰ ਹੀ ਮੰਨਦਾ ਹੈ। ਉਹ ਅੱਗੇ ਲਿਖਦਾ ਹੈ:

> *ਸਮਾਜ ਉਪਰ ਨਿਆਂ ਪ੍ਰਣਾਲੀ ਦਾ ਕੰਟਰੋਲ ਅਤੇ ਨਿਆਂ ਪ੍ਰਣਾਲੀ ਉਪਰ ਸਟੇਟ ਦਾ ਕੰਟਰੋਲ, ਇਹ ਸੀ ਆਧੁਨਿਕ ਨਿਆਂ ਪ੍ਰਣਾਲੀ ਦਾ ਮੂਲ ਉਦੇਸ਼ ਜਿਸ ਨੂੰ ਸਾਮ੍ਹਣੇ ਰੱਖ ਕੇ ਅੰਗ੍ਰੇਜ਼ੀ ਸਾਮਰਾਜ ਨੇ ਇਸ ਨੂੰ ਭਾਰਤ ਵਿਚ ਲਾਗੂ ਕੀਤਾ ਤਾਂ ਜੋ ਭਾਰਤੀ ਸਮਾਜ ਉਪਰ ਸਾਮਰਾਜੀ ਸਟੇਟ ਦਾ ਦਬਦਬਾ ਅਤੇ ਪਕੜ ਮਜ਼ਬੂਤ ਕੀਤੇ ਜਾ ਸਕਣ। ਭਾਰਤ ਦੀਆਂ ਭਾਈਚਾਰਕ ਪਰੰਪਰਾਵਾਂ/ਸੰਸਥਾਵਾਂ ਨੂੰ ਉਨ੍ਹਾਂ ਦੇ ਆਰਥਕ ਅਤੇ*

*ਰਾਜਨੀਤਕ ਉਦੇਸ਼ਾਂ/ਪ੍ਰਕਾਰਜਾਂ ਨਾਲੋਂ ਤੋੜਕੇ ਕਮਜ਼ੋਰ ਕਰਨਾ .... ਅੰਗ੍ਰੇਜ਼ੀ ਸਾਮਰਾਜ ਦੀ ਪ੍ਰਮੁੱਖ ਪਾਲਿਸੀ ਸੀ।*[14]

ਇਹ ਨਿਆਇਕ ਵਿਵਸਥਾ ਦਾ ਪੂਰਾ ਪ੍ਰਬੰਧਕੀ ਢਾਂਚਾ ਥੋੜ੍ਹੇ ਬਹੁਤ ਬਦਲਾਅ ਨਾਲ ਆਜ਼ਾਦ ਭਾਰਤ ਦੀ ਸੱਤਾਧਾਰੀ ਧਿਰ ਨੇ ਲਾਗੂ ਕੀਤਾ। ਕਿਉਂਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ ਲੋਕ ਤੰਤਰਕ ਸਟੇਟ ਉਪਰ ਕਬਜਾ ਭਾਰਤੀ ਸਰਮਾਇਆਦਾਰੀ ਜਮਾਤ ਦਾ ਹੋ ਗਿਆ, ਸਪਸ਼ਟ ਸੀ ਕਿ ਉਨ੍ਹਾਂ ਨੇ ਆਪਣੇ ਜਮਾਤੀ ਹਿੱਤਾਂ ਲਈ ਕੇਵਲ ਨਿਆਂ ਪਾਲਿਕਾ ਹੀ ਨਹੀਂ ਸਗੋਂ ਦੇਸ਼ ਦੇ ਸਮੁੱਚੇ ਪ੍ਰਬੰਧਕੀ ਢਾਂਚੇ ਨੂੰ ਇਸ ਤਰ੍ਹਾਂ ਵਿਉਂਤਿਆ ਜਿਹੜਾ ਉਨ੍ਹਾਂ ਦੇ ਮੂਲ ਏਜੰਡੇ ਦੇ ਅਨੁਸਾਰੀ ਸੀ। ਇਉਂ, ਇਕੱਲੀ ਨਿਆਂ ਪ੍ਰਣਾਲੀ ਵਿਚ ਹੀ ਨਹੀਂ ਸਮੁੱਚੇ ਪ੍ਰਬੰਧਕੀ ਢਾਂਚਿਆਂ ਦੇ ਪਿਛੋਕੜ ਵਿਚ ਕਾਰਜ ਕਰ ਰਹੀ ਪੈਸੇ ਦੀ ਸਿਆਸਤ ਇਕ ਲਾ-ਇਲਾਜ ਬਿਮਾਰੀ ਦੇ ਲੱਛਣ ਵਜੋਂ ਪ੍ਰਗਟ ਹੋਈ। ਮਿੱਤਰ ਸੈਨ ਮੀਤ ਦੀ ਸਭ ਤੋਂ ਵੱਡੀ ਪ੍ਰਾਪਤੀ ਇਸੇ ਲੱਛਣ ਦੇ ਆਧਾਰ 'ਤੇ ਨਿਆਂ-ਪ੍ਰਣਾਲੀ ਦੇ ਪ੍ਰਸੰਗ ਵਿਚ ਸਮੁੱਚੇ ਪ੍ਰਬੰਧਕੀ ਉਪ-ਸਿਸਟਮਾਂ ਵਿਚ ਕਾਰਜ ਕਰ ਗਈ ਇਸ ਤਰ੍ਹਾਂ ਦੀ ਸਿਆਸਤ ਨੂੰ ਪਕੜਨ ਅਤੇ ਇਸ ਨੂੰ ਕਲਾਤਮਕ ਅਮਲ ਵਿਚ ਢਾਲਣ ਵਿਚ ਹੈ। ***ਕੌਰਵ-ਸਭਾ*** ਨਾਵਲ ਵਿਚਲੇ ਛੇ ਮੁੱਦੇ ਅਹਿਮ ਹਨ:

1. ਨਿਆਂ ਪ੍ਰਣਾਲੀ ਸਮੇਤ ਇਸ ਦੇ ਉਪ ਸਿਸਟਮਾਂ ਦੇ (ਤਫ਼ਤੀਸ਼, ਨਾਲ ਸੰਬੰਧਿਤ ਪੁਲਿਸ ਪ੍ਰਬੰਧ, ਵਕੀਲ ਤੋਂ ਲੈ ਕੇ ਜੱਜਾਂ ਸਮੇਤ ਅਤੇ ਦੂਜੇ ਸੰਬੰਧਿਤ ਕਰਮਚਾਰੀ)
2. ਸਿਹਤ ਵਿਭਾਗ ਵਿਚਲੀ ਰੋਗਤਾ
3. ਲੋਕਤੰਤਰੀ ਸਟੇਟ ਦਾ ਵਿਕਾਸ ਏਜੰਡਾ
4. ਸਮਾਜਿਕ ਤੇ ਆਰਥਿਕ ਤੋਰ ਦੀ ਦਸ਼ਾ ਤੇ ਦਿਸ਼ਾ
5. ਲੋਕ-ਪੱਖੀ ਤੇ ਕਰਾਂਤੀਕਾਰੀ ਚੇਤਨਾ ਦਾ ਸੁਭਾਅ

6. ਸਿਆਸਤ ਦੀ ਖੇਡ

ਨਾਵਲਕਾਰ ਦੀ ਨਾਵਲੀ-ਚੇਤਨਾ ਦੀ ਪ੍ਰੌਢਤਾ ਅਤੇ ਗੰਭੀਰਤਾ ਇਸ ਗੱਲ ਵਿਚ ਹੈ ਕਿ ਇਹ ਛੇ ਮੁੱਦੇ ਨਾਵਲ ਵਿਚ ਕਿਸੇ ਇਕਹਰੇ ਜਾਂ ਖੰਡਿਤ ਉਪ-ਥੀਮਾਂ ਦੇ ਰੂਪ ਵਿਚ ਨਹੀਂ ਉਭਰਦੇ/ਉਸਰਦੇ, ਸਗੋਂ ਇਕ ਦੂਜੇ ਨਾਲ ਅੰਤਰ-ਸੰਬੰਧਿਤ ਹੋ ਕੇ ਇਸ ਨਾਵਲ ਦੀ ਕੇਂਦਰੀ ਥੀਮ ਨੂੰ ਹੋਰ ਵੀ ਜ਼ਿਆਦਾ ਤੀਬਰਤਾ, ਸੰਘਣਾਪਣ ਅਤੇ ਅਰਥਤਾ ਪ੍ਰਦਾਨ ਕਰਦੇ ਹਨ।

ਆਪਣੇ ਆਰੰਭ ਵਿਚ ਨਾਵਲ ਬਿਰਤਾਂਤ ਆਪਣੀ ਵਿਗੋਪਨ ਦੀ ਵਿਧੀ ਰਾਹੀਂ, ਜਿਸ ਨੂੰ ਇਸ ਨਾਵਲ ਦੀ ਵਿਕਟਮ ਧਿਰ ਦੇ ਮਾਮੇ ਰਾਮ ਨਾਥ ਦੇ ਦ੍ਰਿਸ਼ਟੀ-ਬਿੰਦੂ ਤੋਂ ਖੋਲਿਆ ਗਿਆ ਹੈ, ਅਗਲੇ ਵੇਰਵਿਆਂ ਵਿਚ ਪ੍ਰਵੇਸ਼ ਕਰਦਾ ਹੈ। ਵਾਸਤਵ ਵਿਚ ਨਾਵਲੀ ਬਿਰਤਾਂਤ ਦਾ ਆਰੰਭ ਬਿੰਦੂ ਉਹ ਵਾਰਦਾਤ ਹੈ ਜਿਸ ਵਿਚ ਵੇਦ ਤੇ ਉਸ ਦਾ ਪਰਿਵਾਰ ਵਿਟਕਮ ਧਿਰ ਬਣਦਾ ਹੈ। ਬਿਰਤਾਂਤ ਦਾ ਅਗਲੇਰਾ ਉਸਾਰ ਲਕੀਰੀ ਬਣਤਰ ਵਾਲਾ ਹੈ ਜਿਹੜਾ ਸਾਡੇ ਮੁੱਖ ਉਪ-ਸਿਸਟਮਾਂ ਵਿਚ ਪੈਦਾ ਹੋਏ ਵਿਗਾੜ ਦੇ ਪ੍ਰਭਾਵ ਨੂੰ ਉਸ ਦੇ ਉਪ-ਸਿਸਟਮਾਂ ਵਿਚਲੇ ਵਿਗਾੜ ਰਾਹੀਂ ਪਰਤ ਦਰ ਪਰਤ ਖੋਲਦਾ ਹੈ। ਵਾਰਦਾਤ ਤੋਂ ਬਾਅਦ ਸਭ ਤੋਂ ਪਹਿਲਾ ਉਪ-ਸਿਸਟਮ ਜੋ ਇਸ ਨਾਵਲ ਵਿਚ ਪੇਸ਼ ਹੋਇਆ ਹੈ ਉਹ ਪੁਲਿਸ ਵਿਭਾਗ ਦੀ ਕਾਰਜ-ਸ਼ੈਲੀ ਨਾਲ ਸੰਬੰਧਿਤ ਹੈ। ਘਟਨਾ ਦੀ ਸੂਚਨਾ ਪੁਲਿਸ ਦੇ ਕੰਟਰੋਲਰੂਮ ਨੂੰ ਦਿੱਤੀ ਜਾਂਦੀ ਹੈ ਪਰੰਤੂ ਅੱਧਾ ਘੰਟਾ ਬੀਤ ਜਾਣ ਤੇ ਵੀ ਜਦੋਂ ਪੁਲਿਸ ਦਾ ਸਿਪਾਹੀ ਤਕ ਮੌਕਾ-ਏ-ਵਾਰਦਾਤ 'ਤੇ ਨਾ ਪਹੁੰਚੇ ਤਾਂ ਕੁਝ ਗੁਆਂਢੀ ਭੱਜ ਕੇ ਥਾਣੇ ਗਏ। ਥਾਣੇ ਦਾ ਦ੍ਰਿਸ਼ ਤਫ਼ਤੀਸ਼ ਦੀ ਪਹਿਲੀ ਪੌੜੀ ਦਾ ਉਹ ਵਿਅੰਗ ਚਿਤਰ ਹੈ ਜਿਹੜਾ ਇਸ ਦੀ ਕਾਰਗੁਜਾਰੀ ਵਿਚਲੀ ਗ਼ੈਰ-ਗੰਭੀਰਤਾ ਤੇ ਗ਼ੈਰ-ਜ਼ੁੰਮੇਵਾਰਾਨਾ ਰਵੱਈਏ ਦੀ ਚੁੱਗਲੀ ਭਰਦਾ ਹੈ।

*ਸਵੇਰ ਦਾ ਸਮਾਂ ਸੀ। ਸੰਤਰੀ ਤੇ ਮੁਨਸ਼ੀ ਤੋਂ ਸਿਵਾ ਥਾਣੇ ਕੋਈ ਨਹੀਂ ਸੀ। ਕੋਈ ਜੰਗਲਪਾਣੀ ਗਿਆ ਸੀ, ਕੋਈ ਦਾਤਣ ਕੁਰਲਾ ਕਰ ਰਿਹਾ*

*ਸੀ। ਭਾਜੜ ਗੁਆਂਢੀਆਂ ਨੂੰ ਪਈ ਸੀ ਪੁਲਿਸ ਨੂੰ ਨਹੀਂ। ਕੁਆਟਰਾਂ ਵਿਚ ਜਾ ਜਾ ਮਸਾਂ, ਸਿਪਾਹੀ ਖੜ੍ਹੇ ਕੀਤੇ। ਫੋਨ ਕਰ-ਕਰ ਥਾਣੇਦਾਰ ਬੁਲਾਏ। ਚਾਰ ਪੁਲਿਸ ਵਾਲਿਆਂ ਨੂੰ ਇਕੱਠੇ ਹੁੰਦਿਆਂ ਨੂੰ ਘੰਟਾ ਲੱਗ ਗਿਆ।*[15]

ਇਉਂ ਦੋ ਘੰਟਿਆਂ ਬਾਅਦ ਪੁਲਿਸ ਮੌਕੇ 'ਤੇ ਪਹੁੰਚੀ। ਇਸ ਉਪਰੰਤ ਜਿਸ ਤਰ੍ਹਾਂ ਨਾਲ ਪੁਲਿਸ ਇਸ ਤਫ਼ਤੀਸ਼ ਵਿਚ ਜੁਟੀ, ਉਸ ਤੋਂ ਇਹ ਤਾਂ ਸਪੱਸ਼ਟ ਹੁੰਦਾ ਹੈ ਕਿ ਸਾਡੀ ਪੁਲਿਸ ਅਸਲੀਅਤ ਦਾ ਪਤਾ ਲਗਾਉਣ ਦੇ ਸਮਰੱਥ ਤਾਂ ਹੈ ਪਰੰਤੂ ਅਸਲੀਅਤ ਵਾਲੀ ਸੂਚਨਾ ਨੂੰ ਪੁਲਿਸ ਦੇ ਛੋਟੇ ਕਰਮਚਾਰੀ ਤੋਂ ਲੈ ਕੇ ਉੱਚ ਅਧਿਕਾਰੀਆਂ ਤਕ ਕਿਵੇਂ ਪੈਸੇ ਬਟੋਰਨ ਜਾਂ ਆਪਣੇ ਵਿਭਾਗੀ ਹਿੱਤ ਪੂਰਨ ਲਈ ਕਿਵੇਂ ਕਰਦੇ ਹਨ, ਇਹ ਇਸ ਦੀ ਕਾਰਜਸ਼ੈਲੀ ਦਾ ਕਰਤੂਤੀ ਪੱਖ ਹੈ।

ਤਫ਼ਤੀਸ਼ ਦੌਰਾਨ ਪੁਲਿਸ ਨੂੰ ਇਹ ਤਾਂ ਪਤਾ ਲੱਗ ਗਿਆ ਕਿ ਇਸ ਵਾਰਦਾਤ ਦੇ ਪਿਛੇ ਕੋਈ ਹੋਰ ਨਹੀਂ ਸਗੋਂ ਵੇਦ ਦੇ ਭਤੀਜੇ ਪੰਕਜ ਤੇ ਨੀਰਜ ਹਨ। ਪਰੰਤੂ ਐਸ.ਐਸ.ਪੀ. ਜਦੋਂ ਇਨ੍ਹਾਂ ਦੋਹਾਂ ਕੋਲੋਂ ਮੋਟੀਆਂ ਰਕਮਾਂ ਵਸੂਲ ਕਰ ਲੈਂਦਾ ਹੈ ਤਾਂ ਉਹ ਤਫ਼ਤੀਸ਼ੀ ਅਫਸਰ ਨੂੰ ਹਦਾਇਤ ਕਰਦਾ ਹੈ ਕਿ ਇਨ੍ਹਾਂ ਦੋਵੇਂ ਭਰਾਵਾਂ ਨੂੰ ਗ੍ਰਿਫ਼ਤਾਰ ਨਾ ਕੀਤਾ ਜਾਵੇ। ਪਰੰਤੂ ਜਦੋਂ ਮੁੱਖ-ਮੰਤਰੀ ਦੇ ਪੀ.ਏ. ਦਾ ਫੋਨ ਆ ਜਾਂਦਾ ਹੈ ਤਾਂ ਇਨ੍ਹਾਂ ਦੋਵਾਂ ਨੂੰ ਜ਼ਰਾਇਮ ਪੇਸ਼ਾ ਮੁਲਜਮਾਂ ਨਾਲ ਜੇਲ੍ਹ ਵਿਚ ਬੰਦ ਕਰ ਦਿੱਤਾ ਜਾਂਦਾ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਪ੍ਰਬੰਧਕੀ ਢਾਂਚੇ ਦੇ ਹਰ ਪੱਧਰ 'ਤੇ ਕਰਮਚਾਰੀ ਤੇ ਅਧਿਕਾਰੀ ਈਮਾਨਦਾਰੀ ਨਾਲ ਆਪਣਾ ਫ਼ਰਜ਼ ਨਿਭਾਉਣ ਤੇ ਨਿਆਂ ਦਿਵਾਉਣ ਦੀ ਥਾਂ ਆਪਣਾ ਆਪਣਾ ਹਿੱਸਾ ਲੈ ਕੇ ਉਪਰਲਿਆਂ ਲਈ ਆਪਣਾ ਬਣਦਾ ਹਿੱਸਾ ਵਸੂਲਣ ਲਈ ਛੱਡ ਦਿੰਦੇ ਹਨ। ਇਸੇ ਤਰ੍ਹਾਂ ਆਈ.ਜੀ. ਵੀ ਪੰਕਜ ਤੇ ਨੀਰਜ ਪਾਸੋਂ ਮੋਟੀ ਰਕਮ ਵਸੂਲ ਕੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹੈ, ਜਿੰਨੀ ਤਫ਼ਤੀਸ਼ ਹੋਣੀ ਸੀ ਹੋ ਗਈ, ਅੱਗੋਂ ਤੋਂ ਠੱਪ। ਪਰੰਤੂ ਜਦੋਂ ਮੁੱਖ-ਮੰਤਰੀ ਵਲੋਂ

ਝਾੜਾਂ ਪੈਂਦੀਆਂ ਹਨ ਅਤੇ ਤਫ਼ਤੀਸ਼ ਸੀ.ਬੀ.ਆਈ. ਦਿੱਤੇ ਜਾਣ ਦੀ ਧਮਕੀ ਮਿਲਦੀ ਹੈ ਤਾਂ ਉਹੀ ਅਫਸਰ ਮੂਤਣ ਲੱਗ ਪੈਂਦੇ ਹਨ। ਆਈ.ਜੀ. ਤਕ ਪਹੁੰਚ ਅਤੇ ਪੈਸੇ ਦੀ ਵਿਚੋਲਗੀ ਕਰਨ ਵਾਲਾ ਹਾਈਕੋਰਟ ਦਾ ਰਜਿਸਟਰਾਰ ਪ੍ਰਤਾਪ ਸਿੰਘ ਹੈ ਜਿਸ ਨੇ ਵਿਚੋਲਗੀ ਕਰਨ ਲਈ ਆਪ ਵੀ ਰਿਸ਼ਵਤ ਲਈ ਹੋਈ ਹੈ, ਉਸਨੂੰ ਆਪਣਾ ਪਾਲਾ ਖਾਣ ਲੱਗ ਜਾਂਦਾ ਹੈ ਕਿ ਜੇ ਤਫ਼ਤੀਸ਼ ਸੀ.ਬੀ.ਆਈ. ਕੋਲ ਚਲੀ ਗਈ ਤਾਂ ਉਸਦਾ ਵੀ ਭਾਂਡਾ ਫੁੱਟ ਜਾਵੇਗਾ। ਸਥਿਤੀ ਦਾ ਵਿਅੰਗ ਤੇ ਵਿਡੰਬਣਾ ਇਹ ਹੈ ਕਿ ਮੁੱਖ ਮੰਤਰੀ ਨੇ ਇਹ ਦਬਕਾ ਨਿਰਪੱਖ ਤਫ਼ਤੀਸ਼ ਕਰਵਾਉਣ ਦੇ ਉਦੇਸ਼ ਨਾਲ ਨਹੀਂ ਮਾਰਿਆ, ਸਗੋਂ ਉਸਦਾ ਆਪਣਾ ਇਹ ਰਾਜਸੀ ਮਕਸਦ ਹੈ। ਉਹ ਇਸ ਕੇਸ ਵਿਚੋਂ ਮੋਟੀ ਰਕਮ ਆਪਣੇ ਇਕ ਐਮ.ਐਲ.ਏ. ਨੂੰ ਦਿਵਾਉਣਾ ਚਾਹੁੰਦਾ ਹੈ ਕਿਉਂਕਿ ਉਹ ਉਸ ਨਾਲ ਕੁਝ ਨਰਾਜ ਹੈ ਅਤੇ ਇਸ ਰਿਸ਼ਵਤ ਦੀ ਰਕਮ ਨਾਲ ਉਸ ਨੂੰ ਖੁਸ਼ ਕਰਕੇ ਆਪਣੇ ਨਾਲ ਜੋੜਨ ਵਿਚ ਸਫ਼ਲ ਹੋਵੇਗਾ। ਇਉਂ ਤਫ਼ਤੀਸ਼ ਦੀ ਪੱਧਰ 'ਤੇ ਪੁਲਿਸ ਕਰਮਚਾਰੀਆਂ ਤੋਂ ਲੈ ਕੇ ਪੁਲਿਸ ਦੇ ਅਧਿਕਾਰੀਆਂ ਤਕ, ਵਿਚਲੇ ਵਿਚੋਲਿਆਂ ਜਿਨ੍ਹਾਂ ਵਿਚ ਵਕੀਲ, ਰਾਜਸੀ ਬੰਦੇ, ਹਾਈਕੋਰਟ ਦੇ ਉਚ ਅਧਿਕਾਰੀ ਤਕ ਸਾਰੇ ਨਿਆਂ ਦਿਵਾਉਣ ਦੀ ਥਾਂ ਪੈਸੇ ਬਟੋਰਨ ਦੇ ਚੱਕਰ ਵਿਚ ਹਨ। ਇਸ ਤਰ੍ਹਾਂ ਇਸ ਨਾਵਲ ਵਿਚ ਭ੍ਰਿਸ਼ਟਾਚਾਰ ਦਾ ਇਹ ਵਰਤਾਰਾ ਇਕ ਤਰ੍ਹਾਂ ਨਾਲ ਆਪਣੇ ਆਪ ਵਿਚ ਇਕ ਸੰਗਠਿਤ ਪ੍ਰਬੰਧ ਵਜੋਂ ਰੂਪਮਾਨ ਹੋਇਆ ਹੈ।

ਇਸ ਕੇਸ ਨਾਲ ਸੰਬੰਧਿਤ ਅਗਲ ਉਪ-ਸਿਸਟਮ ਜੋ ਆਪਣੇ ਕਰੂਰ ਤੇ ਕਰੂਪ ਰੂਪ ਵਿਚ ਇਸ ਨਾਵਲ ਦੀ ਇਕ ਉਪ-ਥੀਮ ਵਜੋਂ ਰੂਪਮਾਨ ਹੋਇਆ ਹੈ ਉਹ ਹੈ ਸਾਡਾ ਸਿਹਤ ਵਿਭਾਗ। ਵਚਿਤਰ ਗੱਲ ਇਹ ਹੈ ਕਿ, *''ਕਾਨੂੰਨ, ਸਰਕਾਰੀ ਡਾਕਟਰਾਂ ਦੀ ਰਾਏ ਨੂੰ, ਪ੍ਰਾਈਵੇਟ ਡਾਕਟਰਾਂ ਨਾਲੋਂ ਵੱਧ ਤਰਜੀਹ ਦਿੰਦਾ ਹੈ। ਤਰਕ ਇਹ ਹੈ ਕਿ ਸਰਕਾਰੀ ਮੁਲਾਜ਼ਮ ਝੂਠ ਨਹੀਂ ਬੋਲਦੇ। ਇਸੇ ਮਜਬੂਰੀ ਵੱਸ ਲੜਾਈ ਝਗੜਿਆਂ ਜਾਂ ਹਾਦਸਿਆਂ ਵਿਚ ਜ਼ਖਮੀ ਹੋਏ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿਚ*

*ਦਾਖ਼ਲ ਹੋਣਾ ਪੈਣਾ ਸੀ। ਡਾਕਟਰ, ਫੱਟੜ ਦੀਆਂ ਸੱਟਾਂ ਦਾ ਮੁਆਇਨਾ ਕਰਦੇ ਸਨ। ਲੱਗੀਆਂ ਸੱਟਾਂ ਦੀ ਰਿਪੋਰਟ ਤਿਆਰ ਕਰਕੇ ਪੁਲਿਸ ਨੂੰ ਦਿੰਦੇ ਸਨ। ਪੁਲਿਸ ਉਸ ਰਿਪੋਰਟ ਦੇ ਆਧਾਰ 'ਤੇ ਮੁਕੱਦਮੇ ਦਾ ਮੂੰਹ ਮੱਥਾ ਘੜਦੀ ਸੀ।''*[16]

ਸਥਿਤੀ ਦਾ ਵਿਅੰਗ ਇਹ ਹੈ ਡਾਕਟਰਾਂ ਨਾਲ ਮਿਲ ਕੇ ਸਰਕਾਰੀ ਹਸਪਤਾਲਾਂ ਵਿਚ ਅਜਿਹੀਆਂ ਰਿਪੋਰਟਾਂ ਕਿਵੇਂ ਤਿਆਰ ਹੁੰਦੀਆਂ ਹਨ? ਇਨ੍ਹਾਂ ਰਿਪੋਰਟਾਂ ਨੂੰ ਤਿਆਰ ਕਰਨ ਵਿਚ ਪੈਸੇ ਦੀ ਕਿੰਨੀ ਵੱਡੀ ਭੂਮਿਕਾ ਹੈ? ਤੀਜੇ, ਉਥੇ ਪਹੁੰਚੀ ਵਿਕਟਮ ਧਿਰ ਕੁੱਟਮਾਰ ਜਾਂ ਹਾਦਸਿਆਂ ਦਾ ਸ਼ਿਕਾਰ ਹੋ ਕੇ ਬਚ ਤਾਂ ਸਕਦੀ ਹੈ ਪਰੰਤੂ ਸਰਕਾਰੀ ਹਸਪਤਾਲ ਉਨ੍ਹਾਂ ਨੂੰ ਕਿਵੇਂ ਰੋਲਦੇ ਹਨ ਅਤੇ ਮੌਤ ਦੇ ਨੇੜੇ ਲੈ ਜਾਂਦੇ ਹਨ? ਕਮਾਲ ਦੀ ਗੱਲ ਇਹ ਹੈ ਅਜਿਹਾ ਵਿਹਾਰ ਨਾ ਤਾਂ ਕਾਨੂੰਨ ਦੀ ਲਾਠੀ ਆਉਂਦਾ ਹੈ ਅਤੇ ਨਾ ਹੀ ਪ੍ਰਬੰਧਕੀ ਢਾਂਚਾ ਇਸ ਨੂੰ ਬਹੁਤਾ ਮੌਲਦਾ ਹੈ। ਨਾਵਲੀ ਬਿਰਤਾਂਤ ਅਨੁਸਾਰ:

> *ਨੀਲਮ ਦੇ ਸਿਰ ਉਪਰ ਪੱਟੀ ਬੱਝੀ ਹੋਈ ਸੀ। ਪੱਟੀ ਹੇਠ ਰੱਖੀ ਰੂੰ ਵਿਚੋਂ ਖ਼ੂਨ ਸਿਮਸਿਮ ਪੱਟੀ ਤੱਕ ਆ ਚੁੱਕਾ ਸੀ। ਉਸ ਦੀ ਠੋਡੀ, ਗਰਦਨ ਅਤੇ ਕੰਨਾਂ ਕੋਲ ਖ਼ੂਨ ਜੰਮਿਆ ਹੋਇਆ ਸੀ। ਉਸ ਦੇ ਸਾਰੇ ਕੱਪੜੇ ਖ਼ੂਨ ਨਾਲ ਲੱਥ-ਪੱਥ ਸਨ। ਸਿਰ 'ਤੇ ਸੱਟ ਕਾਰਣ ਉਸ ਦਾ ਸਾਰਾ ਸਰੀਰ ਕੰਬ ਰਿਹਾ ਸੀ। ਇਕ ਅੱਧ-ਮਿੰਟ ਦੇ ਵਾਕਫ਼ੇ ਬਾਅਦ ਉਸ ਨੂੰ ਮਿਰਗੀ ਦੇ ਦੌਰੇ ਵਰਗਾ ਦੌਰਾ ਪੈਂਦਾ ਸੀ। ਉਸ ਦੇ ਮੂੰਹ ਵਿਚੋਂ ਝੱਗ ਨਿਕਲਣ ਲਗਦੀ ਸੀ, ਉਸ ਦੇ ਹੱਥ ਪੈਰ ਮੁੜ ਜਾਂਦੇ ਸਨ ਅਤੇ ਅੱਖਾਂ ਬਾਹਰ ਨੂੰ ਨਿਕਲ ਆਉਂਦੀਆਂ ਸਨ।*[17]

ਅਜਿਹੀ ਗੰਭੀਰ ਬਣੀ ਹਾਲਤ ਦਾ ਇਲਾਜ ਕਰਨ ਲਈ ਇਸ ਸਰਕਾਰੀ ਹਸਪਤਾਲ ਵਿਚ ਕੋਈ ਡਾਕਟਰ ਨਹੀਂ ਆਇਆ। ਸਗੋਂ ਇਕ ਜਮਾਂਦਾਰ ਨੇ ਵਾਲ

ਕੱਟ ਕੇ ਪੱਟੀ ਕਰ ਦਿੱਤੀ ਸੀ। ਉਸਨੇ ਦੱਸਿਆ ਸੀ ਕਿ ਡਾਕਟਰ ਸੱਟਾਂ ਦੀ ਗਿਣਤੀ ਅਤੇ ਮਿਣਤੀ ਕਰੇਗਾ। ਫੇਰ ਇਲਾਜ਼ ਸ਼ੁਰੂ ਕਰੇਗਾ।

ਇਸੇ ਤਰ੍ਹਾਂ ਨਿਹਾ ਜਿਸ ਦਾ ਬਲਾਤਕਾਰ ਹੋਇਆ ਸੀ ਉਸ ਦੀ ਹਾਲਤ ਵੀ ਗੰਭੀਰ ਬਣੀ ਹੋਈ ਹੈ:

> *ਉਸ ਦੇ ਪੇਟ ਵਿਚ ਦਰਦ ਅਤੇ ..... ਵਿਚ ਦਰਦ ਹੈ। ਖ਼ੂਨ ਸਿਮ ਰਿਹਾ ਹੈ। ਸਾਰੇ ਕੱਪੜੇ ਖ਼ਰਾਬ ਹੋਏ ਪਏ ਹਨ।*[18]

ਇਥੇ ਵੀ ਵਿਅੰਗ ਸਥਿਤੀ ਇਹ ਹੈ ਕਿ ਅਜੇ ਤਕ ਕੋਈ ਲੇਡੀ ਡਾਕਟਰ ਨਹੀਂ ਆਈ। ਉਸ ਦੇ ਦੋ ਕਾਰਣ ਹਨ। ਪਹਿਲਾ, ਕਿ ਜਦ ਤਕ ਉਸ ਦਾ ਮੱਥਾ ਨਹੀਂ ਡਮਿਆਂ ਜਾਂਦਾ, ਉਸਨੇ ਆਉਣਾ ਨਹੀਂ। ਦੂਜਾ, ਕਿਉਂਕਿ ਉਹ ਕਿਸੇ ਮੰਤਰੀ ਦੀ ਨੂੰਹ ਹੈ, ਇਸ ਲਈ ਉਸਨੂੰ ਕਿਸੇ ਦਾ ਡਰ ਨਹੀਂ। ਸਥਿਤੀ ਦਾ ਵਿਅੰਗ ਹੈ ਕਿ ਰਾਮਨਾਥ ਵਰਗਾ ਖ਼ੁਦ ਜੋ ਕਾਨੂੰਨ ਦਾ ਵਿਆਖਿਆਕਾਰ ਹੈ, ਕਿੱਤੇ ਵਜੋਂ ਵਕੀਲ ਹੈ ਉਹ ਵੀ ਇਹ ਸੋਚਦਾ ਹੈ ਕਿ ਅਜਿਹੀ ਹਾਲਤ ਵਿਚ ਨਾ ਤਾਂ ਕਿਸੇ ਨਾਲ ਲੜਿਆ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਦੀ ਸ਼ਿਕਾਇਤ ਕੀਤੀ ਜਾ ਸਕਦੀ ਹੈ। ਉਹ ਇਹ ਵੀ ਜਾਣਦਾ ਹੈ ਕਿ ਕਾਨੂੰਨ ਦੇ ਅਸਲ ਮਕਸਦ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ ਅਤੇ ਕਾਨੂੰਨ ਦੇ ਨਾਂ ਤੇ ਮਰੀਜ਼ ਨੂੰ ਡਾਕਟਰੀ ਸਹਾਇਤਾ ਤੋਂ ਵਾਂਝਾ ਰੱਖਿਆ ਜਾ ਰਿਹਾ ਸੀ। ਬਸਤੀਵਾਦੀ ਦੌਰ ਦਾ ਬਣਿਆ ਹਸਪਤਾਲਾਂ ਦਾ ਇਹ ਨਿਯਮ ਕਿ ਬੰਦੇ ਨੂੰ ਬਚਾਉਣ ਤੋਂ ਪਹਿਲਾਂ ਕਾਨੂੰਨ ਦਾ ਢਿੱਠ ਭਰਿਆ ਜਾਵੇ, ਅੱਜ ਵੀ ਸਾਡੀ ਲੋਕਤੰਤਰੀ ਤੇ ਆਜ਼ਾਦ ਸਟੇਟ ਵਿਚ ਉਵੇਂ ਹੀ ਪ੍ਰਚਲਿਤ ਹੈ।

ਸਾਡੇ ਲੋਕ ਸੇਵਾ ਵਾਲੇ ਅਜਿਹੇ ਵਿਭਾਗ ਦੀ ਕਾਰਗੁਜਾਰੀ ਦਾ ਸਭ ਤੋਂ ਭੱਦਾ ਪੱਖ ਇਹ ਹੈ ਕਿ ਸੱਟਾਂ ਵੱਜੀਆਂ ਨੂੰ ਪੰਜ ਛੇ ਘੰਟੇ ਹੋ ਗਏ ਸਨ। ਮਰੀਜ਼ਾਂ ਨੂੰ ਹਾਲ ਤੱਕ ਡਾਕਟਰਾਂ ਨੇ ਛੁਹਿਆ ਤੱਕ ਨਹੀਂ ਸੀ। ਡਾਕਟਰਾਂ ਦੀ ਇਹ ਅਣਗਹਿਲੀ ਮਰੀਜ਼ਾਂ ਲਈ ਮੁਲਜ਼ਮਾਂ ਨਾਲੋਂ ਵੀ ਵਧ ਘਾਤਕ ਸਿੱਧ ਹੋ ਰਹੀ ਸੀ।

ਭਾਰਤ ਦੀ ਲੋਕ-ਭਲਾਈ ਵਾਲੀ ਸਟੇਟ ਦੇ ਪ੍ਰਬੰਧਕੀ ਢਾਂਚੇ ਦਾ ਅਜਿਹਾ ਗ਼ੈਰ-ਜ਼ਿੰਮੇਵਾਰ ਰਵੱਈਆ ਜਿਥੇ ਇਸ ਦੇ ਲੋਕ ਭਲਾਈ ਹੋਣ ਦਾ ਪੋਲ ਖੋਲਦਾ ਹੈ ਉਥੇ ਸਟੇਟ ਦੇ ਉਸ ਸੁਭਾ ਨੂੰ ਵੀ ਦਰਸਾਉਂਦਾ ਹੈ ਜਿਸ ਵਿਚੋਂ ਅਜੇ ਵੀ ਬਸਤੀਵਾਦੀ ਪ੍ਰਬੰਧਕੀ ਢਾਂਚੇ ਦੀ ਬੂ ਆਉਂਦੀ ਹੈ। ਇਹ ਜਿਥੇ ਸੱਤਾ ਪੱਖੀ ਹੈ ਉਥੇ ਇਹ ਅਜਿਹੇ ਅਦਾਰਿਆਂ ਵਿਚ ਭ੍ਰਿਸ਼ਟਾਚਾਰ ਨੂੰ ਪੈਦਾ ਕਰਨ ਤੇ ਫੈਲਾਉਣ ਲਈ ਵੀ ਜ਼ਿੰਮੇਵਾਰ ਹੈ।

ਮਰੀਜਾਂ ਦੀ ਹਾਲਤ ਤੋਂ ਸਪਸ਼ਟ ਨਜ਼ਰ ਆ ਰਿਹਾ ਹੈ ਕਿ ਇਨ੍ਹਾਂ ਦੀ ਜਾਨ ਨੂੰ ਖਤਰਾ ਬਣਿਆ ਹੋਇਆ ਹੈ ਅਤੇ ਇਨ੍ਹਾਂ ਨੂੰ ਤੁਰੰਤ ਇਲਾਜ ਦੀ ਲੋੜ ਹੈ। ਪਰੰਤੂ ਨਿਆਂ ਦੇ ਪ੍ਰਸੰਗ ਵਿਚ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਨਿਆਂ ਇਲਜ ਨਾਲੋਂ ਪਹਿਲਾਂ ਕਾਨੂੰਨੀ ਕਾਰਵਾਈ ਦੀ ਮੰਗ ਕਰਦਾ ਹੈ। ਇਸੇ ਕਰਕੇ ਮਰੀਜਾਂ ਦਾ ਕਿਸੇ ਪ੍ਰਾਈਵੇਟ ਹਸਪਤਾਲ ਵਿਚ ਲਿਜਾ ਕੇ ਇਲਾਜ ਕਰਵਾਉਣ ਨਾਲੋਂ ਉਨ੍ਹਾਂ ਦਾ ਸਰਕਾਰੀ ਹਸਪਤਾਲ ਵਿਚ ਰੱਖਕੇ ਉਨ੍ਹਾਂ ਦਾ ਡਾਕਟਰੀ ਮੁਆਇਨਾ ਕਰਵਾਉਣਾ ਜ਼ਰੂਰੀ ਹੈ। ਦੂਜੇ ਅਰਥਾਂ ਵਿਚ ਕਾਨੂੰਨ ਲਈ ਉਨ੍ਹਾਂ ਦੇ ਜੀਵਨ ਨਾਲੋਂ ਜ਼ਿਆਦਾ ਜ਼ਰੂਰੀ ਡਾਕਟਰੀ ਮੁਆਇਨਾ ਹੈ। ਨਾਵਲੀ ਬਿਰਤਾਂਤ ਅਨੁਸਾਰ:

> *ਕਿਸੇ ਕਾਨੂੰਨੀ ਮਜ਼ਬੂਰੀ ਕਾਰਣ ਲੜਾਈ ਝਗੜਿਆਂ ਜਾਂ ਹਾਦਸਿਆਂ ਵਿਚ ਜਖ਼ਮੀ ਹੋਏ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿਚ ਦਾਖਲ ਹੋਣਾ ਪੈਂਦਾ ਸੀ। ਸਰਕਾਰੀ ਡਾਕਟਰ ਫੱਟੜ ਦੀਆਂ ਸੱਟਾਂ ਦਾ ਮੁਆਇਨਾ ਕਰਦੇ ਸਨ। ਪੁਲਿਸ ਉਸ ਰਿਪੋਰਟ ਦੇ ਆਧਾਰ 'ਤੇ ਮੁਕੱਦਮੇ ਦਾ ਮੂੰਹ ਮੱਥਾ ਘੜਦੀ ਸੀ। ਕਾਨੂੰਨ ਦੀ ਇਸ ਲੋੜ ਦਾ ਢਿੱਡ ਭਰਨ ਲਈ ਵੇਦ ਹੋਰਾਂ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ।*[19]

ਇਥੋਂ ਦੀ ਮਾਰੂ ਸਥਿਤੀ ਇਹ ਹੈ ਕਿ ਸਰਕਾਰੀ ਹਸਪਤਾਲ ਮਰੀਜਾਂ ਦਾ ਇਲਾਜ ਕਰਨ ਲਈ ਨਹੀਂ ਬਣੇ ਹੋਏ ਸਗੋਂ ਇਹ ਤਾਂ ਇਕ ਤਰ੍ਹਾਂ ਨਾਲ ਕਾਨੂੰਨ ਦਾ ਢਿੱਡ ਭਰਨ ਵਾਲੇ ਅਜਿਹੇ ਔਜ਼ਾਰ ਵਜੋਂ ਕਾਰਜ ਕਰਦੇ ਹਨ ਜਿਥੇ ਲੜਾਈ ਝਗੜੇ ਜਾਂ ਹਾਦਸੇ ਦੇ ਸ਼ਿਕਾਰਾਂ ਨੂੰ ਲਿਆਂਦਾ ਜਾਂਦਾ ਹੈ; ਜਿਥੇ ਇੰਜਰੀ ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਇਸ ਦੇ ਬਦਲੇ ਵਿਚ ਡਾਕਟਰ ਲੋਕ ਪਹਿਲਾਂ ਵਿਕਟਮ ਤੇ ਦੋਸ਼ੀ ਧਿਰ ਤੋਂ ਚੰਗੀਆਂ ਰਕਮਾਂ ਬਟੋਰਦੇ ਹਨ। ਇਨ੍ਹਾਂ ਦੋਵਾਂ ਧਿਰਾਂ ਵਿਚੋਂ ਜਿਹੜਾ ਜ਼ਿਆਦਾ ਪੈਸੇ ਦੇ ਜ਼ੋਰ ਵਾਲਾ ਹੁੰਦਾ ਹੈ ਉਹ ਆਪਣੇ ਅਨੁਸਾਰ ਇਹ ਰਿਪੋਰਟ ਤਿਆਰ ਕਰਵਾ ਲੈਂਦਾ ਹੈ। ਕਾਨੂੰਨੀ ਪ੍ਰਕਿਰਿਆ ਦਾ ਇਹ ਅਜਿਹਾ ਅਹਿਮ ਪੜ੍ਹਾ ਹੈ ਜਿਸ ਦੇ ਆਧਾਰ 'ਤੇ ਕੇਸ ਕਰਕੇ ਕਚਹਿਰੀ ਵਿਚ ਜਾਣਾ ਹੈ ਅਤੇ ਇਸੇ ਆਧਾਰ 'ਤੇ ਕਾਨੂੰਨ ਨੇ ਆਪਣੀ ਅਗਲੇਰੀ ਕਾਰਵਾਈ ਕਰਨੀ ਹੈ। ਇਹੀ ਕਾਰਨ ਹੈ ਕਿ ਸਰਕਾਰੀ ਹਸਪਤਾਲ ਹੋਣ ਦੇ ਬਵਜੂਦ *''ਜਨਾਨਾ ਵਾਰਡ ਭਾਂ-ਭਾਂ ਕਰ ਰਿਹਾ ਸੀ। ਵਾਰਡ ਦੇ ਵੀਹ ਬਿਸਤਰਿਆਂ ਵਿਚੋਂ ਅਠਾਰ੍ਹਾਂ ਖਾਲ੍ਹੀ ਪਏ ਸਨ। ਇਕ ਬਿਸਤਰੇ ਉਪਰ ਨਿਹਾ ਪਈ ਸੀ ਅਤੇ ਦੂਸਰੇ ਉਪਰ ਕੋਈ ਬਿਹਾਰਣ। ਬਿਹਾਰਣ ਦੀ ਦੇਖ ਭਾਲ ਲਈ ਇਕ ਭਈਆ ਬੈਠਾ ਸੀ।''*[20]

ਸਪਸ਼ਟ ਹੈ ਕਿ ਸਟੇਟ ਦੇ ਇਨ੍ਹਾਂ ਲੋਕ ਭਲਾਈ ਵਾਲੇ ਅਦਾਰਿਆਂ ਵਿਚ ਜਾਂ ਤਾਂ ਕਾਨੂੰਨੀ ਮਜ਼ਬੂਰੀ ਵਸ ਅਤੇ ਜਾਂ ਫਿਰ ਆਰਥਿਕ ਤੌਰ 'ਤੇ ਥੁੜੇ-ਟੁੱਟੇ ਲੋਕ ਹੀ ਆਉਂਦੇ ਹਨ ਜਿਹੜੇ ਇਲਾਜ ਨਾਲੋਂ ਵੱਧ ਮੌਤ ਦਾ ਇੰਤਜ਼ਾਰ ਕਰਦੇ ਹਨ। ਸਿਹਤ ਵਿਭਾਗ ਦੇ ਸਿਹਤ ਦੀ ਸਾਂਭ-ਸੰਭਾਲ ਅਤੇ ਬੀਮਾਰੀਆਂ ਦੀ ਰੋਕ ਥਾਮ ਕਰਨ ਵਾਲੇ ਹਸਪਤਾਲਾਂ ਦੀ ਅੰਦਰੂਨੀ ਹਾਲਤ ਜਿਹੋ ਜਿਹੀ ਰੋਗਗ੍ਰਸਤ ਹੈ ਉਸ ਦਾ ਯਥਾਰਥਕ ਤੇ ਪ੍ਰਮਾਣਿਕ ਚਿਤਰ ਇਸ ਨਾਵਲ ਦੀ ਇਕ ਹੋਰ ਪ੍ਰਾਪਤੀ ਹੈ। ਸਿਹਤ ਸੁਰੱਖਿਆ ਤੇ ਸਿਹਤ ਸੰਭਾਲ ਦਾ ਸਾਡਾ ਆਜ਼ਾਦ ਸਟੇਟ ਦਾ ਮਾਡਲ ਪੂਰੀ ਤਰ੍ਹਾਂ ਨਾਲ

ਬਰਤਾਨਵੀ ਮਾਡਲ ਉਤੇ ਉਸਰਿਆ ਹੈ। ਇਸ ਦੇ ਬੁਨਿਆਦੀ ਖ਼ਾਸੇ ਵਲ ਅਮਰਜੀਤ ਸਿੰਘ ਗਰੇਵਾਲ ਨੇ ਜਿਕਰ ਕਰਦਿਆਂ ਲਿਖਿਆ ਹੈ:

> *ਅੰਗਰੇਜ਼ੀ ਹਕੂਮਤ ਨੇ ਸਿਹਤ ਸੁਰੱਖਿਆ ਦਾ ਜਿਹੜਾ ਬਸਤੀਵਾਦੀ ਸਿਸਟਮ ਇਕ ਸਦੀ ਵਿਚ ਖੜ੍ਹਾ ਕੀਤਾ ਸੀ, ਕਿਉਂਕਿ ਉਸ ਨੂੰ ਨਵੀਆਂ ਜਮਹੂਰੀ ਲੋੜਾਂ ਅਨੁਸਾਰ ਤਬਦੀਲ ਨਹੀਂ ਕੀਤਾ ਗਿਆ, ਇਸ ਲਈ ਉਹ ਨਵੀਆਂ ਚਨੌਤੀਆਂ ਦਾ ਸਾਹਮਣਾ ਕਰ ਸਕਣ ਦੀ ਅਸਮਰਥਤਾ ਕਾਰਨ ਪੰਜਾਹ ਸਾਲਾਂ ਵਿਚ ਢਹਿ ਢੇਰੀ ਹੋ ਗਿਆ। ਨਤੀਜੇ ਵਜੋਂ ਬਿਮਾਰ ਸਿਹਤ ਦੀ ਸਾਰੀ ਮੰਡੀ ਪ੍ਰਾਈਵੇਟ ਪਰੈਕਟਿਸ ਦੇ ਸਿਹਤ ਸੁਰੱਖਿਆ ਉਪਯੋਗ ਨੇ ਮੱਲ ਲਈ ਜਿਸ ਨੂੰ ਮਿੱਤਰ ਸੈਨ ਮੀਤ ਨੇ ਦਇਆ ਨੰਦ ਹਸਪਤਾਲ, ਐਸਕੌਰਟ ਹਸਪਤਾਲ ਪ੍ਰਾਈਵੇਟ ਕਲਿਨਕਾਂ, ਟੈਸਟਿੰਗ ਲੈਬਾਰਟਰੀਆਂ ਦੁਆਰਾ ਉਦਯੋਗ ਆਦਿ ਦੇ ਰੂਪ ਵਿਚ ਉਸਾਰਿਆ ਹੈ।*[21]

ਇਸ ਖ਼ਾਸੇ ਨੂੰ ਉਹ ਹੋਰ ਸਪਸ਼ਟ ਕਰਦਾ ਉਹ ਲਿਖਦਾ ਹੈ:

> *ਬਰਤਾਨਵੀ ਸਾਮਰਾਜ ਦੇ ਡਾਕਟਰੀ ਸਹੂਲਤਾਂ ਦੇ ਇਸ ਦਵੱਲੇ ਮਾਡਲ ਦਾ ਸਰਕਾਰੀ ਪਾਸਾਰ ਜਿਸਨੂੰ ਆਜ਼ਾਦ ਭਾਰਤ ਨੇ ਪੇਂਡੂਆਂ ਅਤੇ ਦੂਸਰੀ ਗਰੀਬ ਜਨਤਾ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਇਕ ਸਰਕਾਰੀ ਨੈੱਟਵਰਕ ਦੇ ਰੂਪ ਵਿਚ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ ਆਪਣੇ ਬਸਤੀਵਾਦੀ ਕਿਰਦਾਰ ਕਾਰਨ ਨਵੀਆਂ ਜਮਹੂਰੀ ਲੋੜਾਂ ਦੇ ਅਨੁਕੂਲ ਨਾ ਹੋਣ ਕਰਕੇ ਪ੍ਰਾਈਵੇਟ ਉਦਯੋਗ ਦੇ ਲੋਟੂ ਪਾਸਾਰ ਵਿਚ ਸਿਮਟ ਕੇ ਰਹਿ ਗਿਆ।*[22]

ਮਿੱਤਰ ਸੈਨ ਮੀਤ ਆਪਣੇ ਹੱਥਲੇ ਨਾਵਲ ਵਿਚ ਇਨ੍ਹਾਂ ਪ੍ਰਾਈਵੇਟ ਸਿਹਤ ਅਦਾਰਿਆਂ ਦੇ ਇਕ ਪ੍ਰਤੀਨਿਧ ਹਸਪਤਾਲ (ਦਾਇਆ ਨੰਦ) ਦੇ ਖਰਚਿਆਂ ਦੇ ਚਿਤ੍ਰਣ ਰਾਹੀਂ

ਸਾਡੀ ਲੋਕ ਤੰਤਰੀ ਸਟੇਟ ਵਿਚ ਪ੍ਰਾਈਵੇਟ ਸਿਹਤ ਉਦਯੋਗ ਦੇ ਲੋਟੂ ਸੁਭਾਅ ਨੂੰ ਪੇਸ਼ ਕਰਦਾ ਹੈ ਜਦੋਂ ਵੇਦ ਤੇ ਨੀਲਮ ਦੋਹਾਂ ਨੂੰ ਉਪਰੋਕਤ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਤਾਂ ਦੋਹਾਂ ਦੀ ਹਾਲਤ ਬਹੁਤ ਬਿਗੜੀ ਹੋਈ ਸੀ:

> *ਵਾਰਿਸਾਂ ਲਈ ਮਰੀਜਾਂ ਦੀ ਹਾਲਤ ਦੇ ਨਾਲ ਨਾਲ ਅਪਰੇਸ਼ਨਾਂ ਉਪਰ ਹੋਣ ਵਾਲਾ ਖਰਚਾ ਵੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਸੀ। ਦੋਹਾਂ ਮਰੀਜਾਂ ਨੂੰ ... ਹਸਪਤਾਲ ਵਿਚ ਦਾਖਲ ਕਰਵਾਇਆ ਸੀ। ਇਕ ਮਰੀਜ ਦੀ ਦਾਖਲਾ ਫ਼ੀਸ ਪੰਜ ਹਜ਼ਾਰ ਰੁਪਏ ਸੀ। ਦੋਹਾਂ ਉਪਰ ਦੱਸ ਹਜ਼ਾਰ ਲੱਗ ਗਿਆ ਸੀ। ਸਰਦਾਰੀ ਲਾਲ ਘਰੋਂ ਪੰਜਾਹ ਹਜ਼ਾਰ ਰੁਪਏ ਲੈ ਕੇ ਆਇਆ ਸੀ। ਬਾਕੀ ਬਚਦੇ ਚਾਲੀ ਹਜ਼ਾਰ ਨੀਲਮ ਦੀਆਂ ਦਵਾਈਆਂ, ਔਜ਼ਾਰਾਂ ਅਤੇ ਟੈਸਟਾਂ ਦੇ ਬਿਲਾਂ ਨੇ ਨਿਗਲ ਲਿਆ ਸੀ। ਉਸ ਕੋਲ ਮਸਾਂ ਤੌਂ ਤਿੰਨ ਹਜ਼ਾਰ ਬਚਦਾ ਸੀ। .... ਮੰਗਤ ਰਾਏ ਪੰਦਰਾਂ ਕੁ ਹਜ਼ਾਰ ਐਮ.ਆਰ.ਆਈ. ਸਕੈਨ ਅਤੇ ਐਕਸਰੇ ਉਪਰ ਖਰਚ ਕਰ ਚੁੱਕਾ ਸੀ। ਪੰਜ ਕੁ ਹਜ਼ਾਰ ਦੀਆਂ ਦਵਾਈਆਂ ਅਤੇ ਗਰਮ ਪੱਟੀਆਂ ਆ ਚੁੱਕੀਆਂ ਸਨ। ਉਸ ਕੋਲ ਤੀਹ ਹਜ਼ਾਰ ਬਾਕੀ ਸੀ। ਇਸ ਰਕਮ ਦੀਆਂ ਪਲੇਟਾਂ ਆਉਣੀਆਂ ਸਨ। ਬਾਕੀ ਪੈਸਾ ਕਿਥੋਂ ਆਏਗਾ। ... ਕੁਲ ਮਿਲਾ ਕੇ ਇਕ ਲੱਖ ਰੁਪਏ ਦੀ ਜ਼ਰੂਰਤ ਸੀ।*[23]

ਇਉਂ, ਕਿਸੇ ਵਾਰਦਾਤ ਦਾ ਸ਼ਿਕਾਰ ਹੋਇਆ ਬੰਦਾ ਸਾਡੇ ਸਿਹਤ ਅਦਾਰਿਆਂ ਵਿਚ ਵਿਸ਼ੇਸ਼ ਕਰਕੇ ਸਰਕਾਰੀ ਅਦਾਰਿਆਂ ਵਿਚ ਦੋ ਕਾਰਣਾਂ ਕਰਕੇ ਪੀੜਿਆ ਜਾਂਦਾ ਹੈ। ਪਹਿਲਾ ਕਾਨੂੰਨੀ ਕਾਰਵਾਈ ਦੇ ਢੰਗ-ਤਰੀਕਿਆਂ ਵਿਚ ਜਿਥੇ ਹਸਪਤਾਲ ਦੇ ਛੋਟੇ ਤੋਂ ਛੋਟੇ ਕਰਮਚਾਰੀ ਤੋਂ ਲੈ ਕੇ ਉੱਚ ਪੱਧਰ ਦੇ ਡਾਕਟਰਾਂ ਤਕ ਸਾਰੇ ਮਰੀਜ਼ ਜਾਂ ਉਸ ਦੇ ਵਾਰਸਾਂ ਕੋਲੋਂ ਪੈਸਾ ਬਟੋਰਨਾ ਚਾਹੁੰਦੇ ਹਨ। ਬਹੁਤ ਵਾਰੀ ਦੋਸ਼ੀ ਧਿਰ, ਆਪਣੇ ਪੈਸੇ ਦੇ ਜ਼ੋਰ 'ਤੇ ਇਨ੍ਹਾਂ ਡਾਕਟਰਾਂ ਤੇ ਦੂਜੇ ਕਰਮਚਾਰੀ ਨਾਲ ਗੰਢ-ਤੁੱਪ ਕਰਕੇ

ਡਾਕਟਰੀ ਰਿਪੋਰਟ ਅਜਿਹੇ ਢੰਗ ਨਾਲ ਲਿਖਵਾ ਲੈਂਦੇ ਹਨ ਜਿਹੜੀ ਕਾਨੂੰਨ ਪੱਖੋਂ ਉਨ੍ਹਾਂ ਦਾ ਪੱਖ ਪੂਰਨ ਵਲੀ ਹੋਵੇ। ਦੂਜੇ, ਵਿਕਟਮ ਧਿਰ ਇਲਾਜ ਪੱਖੋਂ ਵੀ ਤੜਫਦੀ ਰਹਿੰਦੀ ਹੈ। ਕਈ ਵਾਰ ਇਲਾਜ ਪੱਖੋਂ ਹੋਈ ਦੇਰੀ ਉਨ੍ਹਾਂ ਲਈ ਜਾਨ ਲਈ ਖ਼ਤਰਾ ਵੀ ਬਣ ਜਾਂਦੀ ਹੈ। ਸਾਡੇ ਇਨਸਾਫ਼ ਪੱਖ ਦਾ ਇਹ ਇਕ ਅਜਿਹਾ ਪੜ੍ਹਾ ਹੈ ਜਿਹੜਾ ਕਿਸੇ ਵੀ ਫ਼ੈਸਲੇ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਨੇ ਆਪਣੀ ਪੁਸਤਕ ***ਸਮਾਜ ਸੱਤਾ ਤੇ ਸਮਕਾਲੀ ਨਾਵਲ*** ਵਿਚ ਕਾਨੂੰਨ ਨਾਲ ਸੰਬਧਿਤ ਇਸ ਉਪ ਸਿਸਟਮ ਦੀ ਕਰੂਰਤਾ ਕਰੂਪਤਾ ਤੇ ਕਰਤੂਤ ਵਾਲੇ ਚਿਹਰੇ ਉਤੋਂ ਪਰਦਾ ਚੁਕਦਿਆਂ ਲਿਖਿਆ ਹੈ:

> *ਇਹਨਾਂ ਦਾ ਘਿਣੌਨਾ ਪੱਖ ਇਹ ਹੈ ਕਿ ਇਹ ਹਾਦਸਿਆਂ ਦੇ ਸ਼ਿਕਾਰ ਲੋਕਾਂ ਦੀ ਸਾਂਭ, ਸੰਭਾਲ ਕਰਨ ਨਾਲੋਂ ਕਾਨੂੰਨ ਦੀਆਂ ਘੁਣਤਰਾਂ ਵੱਲ ਵੱਧ ਧਿਆਨ ਦਿੰਦੇ ਹਨ। ਇਸੇ ਪ੍ਰਸੰਗ ਵਿਚ ਵੇਦ, ਨੀਲਮ ਤੇ ਨਿਹਾ ਨੂੰ ਹਸਪਤਾਲ ਵਿਚ ਆਇਆਂ ਪੰਜ ਘੰਟੇ ਹੋ ਗਏ ਹਨ। ਇਨ੍ਹਾਂ ਨੂੰ ਹਾਲੇ ਤਕ ਡਾਕਟਰਾਂ ਨੇ ਛੋਹਿਆ ਤਕ ਨਹੀਂ ਹੈ। ਬਲਾਤਕਾਰ ਹੋਈ ਨੇਹਾ ਪ੍ਰਤਿ ਲੇਡੀ ਡਾਕਟਰ ਦਾ ਵਿਹਾਰ ਨਿੰਦਾਮਈ ਹੀ ਨਹੀਂ; ਸਗੋਂ ਡਾਕਟਰੀ ਕਿੱਤੇ ਦੀ ਨੈਤਿਕਤਾ ਦੇ ਪਤਨ ਦਾ ਸੂਚਕ ਵੀ ਹੈ। ਜੀਵਨਦਾਨ ਤੇ ਤੰਦਰੁਸਤੀ ਦੇਣ ਵਾਲੀਆਂ ਇਹ ਸੰਸਥਾਵਾਂ ਪੈਸੇ ਦੀ ਲਲਕ ਵਿਚ ਜਿਸ ਤਰ੍ਹਾਂ ਦੇ ਭ੍ਰਿਸ਼ਟਾਚਾਰ ਦੀ ਲਾਗ ਵਿਚ ਰੋਗਗ੍ਰਸਤ ਹਨ, ਇਨ੍ਹਾਂ ਦੇ ਵਿਅੰਗ ਚਿੱਤਰ ਦਾ ਨਿਰੂਪਨ ਇਸ ਨਾਵਲ ਦੀ ਵੱਡੀ ਪ੍ਰਾਪਤੀ ਹੈ।*[24]

ਸਾਡੀ ਨਿਆਂ-ਪ੍ਰਣਾਲੀ ਵਿਚ ਇਕ ਕਾਣ (flaw) ਇਸ ਦਾ ਸਾਡੇ ਸਮਾਜ-ਸਭਿਆਚਾਰਕ ਰੱਖ-ਰੱਖੋ ਜਾਂ ਮੁੱਲਾਂ ਨਾਲ ਜੁੜੇ ਹੋਣ 'ਚ ਹੈ। ਬਲਾਤਕਾਰ ਵਰਗੇ ਕੇਸਾਂ ਵਿਚ ਵਿਕਟਮ ਧਿਰ ਬਹੁਤੀ ਵਾਰੀ ਅੱਗੇ ਇਸੇ ਡਰੋਂ ਨਹੀਂ ਆਉਂਦੀ ਕਿ

ਤਫ਼ਤੀਸ਼ ਤੋਂ ਲੈ ਕੇ ਉਸ ਦੇ ਕਚਹਿਰੀ ਵਿਚ ਪੇਸ਼ ਹੋਣ ਦੀ ਸਮੁੱਚੀ ਕਾਰਵਾਈ ਵਿਚ ਵਿਕਟਮ ਨੂੰ ਕੋਈ ਰਾਹਤ ਦੇਣ ਦੀ ਥਾਂ ਉਥੇ ਉਸਨੂੰ ਅਜਿਹੇ ਜ਼ਲੀਲ ਕਰਨ ਵਾਲੇ ਪ੍ਰਸ਼ਨ ਪੁੱਛੇ ਜਾਣਗੇ ਜਿਹੜੇ ਬਲਾਤਕਾਰ ਵਰਗੀ ਘਿਣੌਨੀ ਅਤੇ ਅਮਨੁੱਖੀ ਕਰਤੂਤ ਨਾਲੋਂ ਵੀ ਵੱਧ ਕਰਤੂਤੀ ਹੋਣਗੇ। ਬਲਾਤਕਾਰ ਤਾਂ ਕਿਸੇ ਉਹਲੇ ਵਿਚ ਹੋਇਆ ਹੁੰਦਾ ਹੈ ਪਰੰਤੂ ਕਚਹਿਰੀ ਦੇ ਖੁਲ੍ਹੇ ਕਟਹਿਰੇ ਵਿਚ ਵਿਕਟਮ ਧਿਰ ਨੂੰ ਸਾਰਿਆਂ ਦੇ ਸਾਹਮਣੇ ਕਈ ਕਈ ਵਾਰ ਨਿਰਬਸਤਰ ਹੋਣਾ ਪਵੇਗਾ। ਇਸੇ ਡਰੋਂ ਕਈ ਵਾਰ ਵਿਕਟਮ ਧਿਰ ਕਾਨੂੰਨ 'ਚ ਪੈਣ ਦੀ ਥਾਂ ਆਤਮ-ਹੱਤਿਆ ਤਕ ਬਾਰੇ ਵੀ ਸੋਚਦੀ ਹੈ। ਇਸੇ ਕਾਰਣ ਵਾਰਦਾਤ ਦੇ ਕੇਸ ਵਿਚ ਨੇਹਾ ਦੇ ਬਲਾਤਕਾਰ ਦੀ ਮੱਦ ਨੂੰ ਕੱਢ ਦਿੱਤਾ ਗਿਆ। ਉਸ ਨੂੰ ਵਾਰਦਾਤ ਦੀ ਚਸ਼ਮਦੀਦ ਗਵਾਹ ਬਣਾਕੇ ਜੋ ਬਿਆਨ ਯਾਦ ਕਰਨ ਲਈ ਕਿਹਾ ਗਿਆ, ਉਹ ਲੱਖ ਯਤਨ ਕਰਨ 'ਤੇ ਵੀ ਉਹ ਯਾਦ ਨਹੀਂ ਕਰ ਰਹੀ ਸੀ। ਕਾਰਣ ਇਹ ਸੀ ਕਿ ਵਾਰਦਾਤ ਨੂੰ ਯਾਦ ਕਰਕੇ ਉਹ ਕੰਬਣ ਲੱਗ ਪੈਂਦੀ ਸੀ। ਦੂਜੇ, ਉਸ ਨੂੰ ਆਪਣੇ ਸਾਰੇ ਸਰੀਰ ਤੋਂ ਬੂ ਆਉਣ ਲਗਦੀ ਤੇ ਉਹ ਆਪਣੇ ਆਪ ਨਾਲ ਤੇ ਆਪਣੇ ਸਰੀਰ ਨਾਲ ਘਿਰਣਾ ਕਰਦੀ। ਤੀਜੇ ਉਸ ਨੂੰ ਪਤਾ ਸੀ ਕਿ ਬਲਾਤਕਾਰ ਦੀ ਗੱਲ ਬਾਰੇ ਕਾਨੂੰਨੀ ਨੁਕਤੇ ਤੋਂ ਤਾਂ ਬਚਿਆ ਜਾ ਸਕਦਾ ਹੈ, ਸਮਾਜ-ਸਭਿਆਚਾਰ ਦੇ ਪ੍ਰਭਾਵੀ ਸਿੱਟਿਆਂ ਤੋਂ ਨਹੀਂ ਬਚਿਆ ਜਾ ਸਕਦਾ। ਇਸੇ ਲਈ ਉਹ ਸੋਚਦੀ ਹੈ:

> *ਉਸ ਦੀ ਇੱਜਤ ਲੁੱਟੀ ਗਈ ਸੀ। ਨਾਲ ਹੀ ਉਸ ਦਾ ਭਵਿੱਖ ਲੁੱਟਿਆ ਗਿਆ ਸੀ। ਨਿਹਾ ਦਾ ਸ਼ਹਿਰ ਛੁੱਟ ਗਿਆ ਸੀ। ਉਸ ਦੀ ਪੜ੍ਹਾਈ ਛੁੱਟ ਗਈ ਸੀ। ਉਸ ਦਾ ਪ੍ਰੇਮੀ ਉਸ ਨੂੰ ਛੱਡ ਗਿਆ ਸੀ ਉਸ ਦੇ ਵਿਆਹ ਦੇ ਸੁਪਨੇ ਚਕਨਾਚੂਰ ਹੋ ਗਏ ਸਨ। ਕਿਸੇ ਪੜ੍ਹੇ ਲਿਖੇ ਛੈਲ-ਛਬੀਲੇ ਨੌਜਵਾਨ ਨਾਲ ਜ਼ਿੰਦਗੀ ਬਸਰ ਕਰਨ ਦਾ ਉਸਦਾ ਸੁਪਨਾ ਇਕ ਹਵਾਈ ਕਿਲਾ ਬਣ ਕੇ ਰਹਿ ਗਿਆ ਸੀ, ਹੁਣ ਉਸ ਦੇ*

*ਪੱਲੇ ਕੋਈ ਦਹਾਜੂ, ਚਾਰ ਬੱਚਿਆਂ ਦਾ ਬਾਪ, ਅਪਾਹਜ ਜਾਂ ਮੰਦ-ਬੁੱਧੀ ਪੈਣਾ ਸੀ। ਕਿਸੇ ਲੋੜਵੰਦ ਨੇ ਪਹਿਲਾਂ ਉਸਨੂੰ ਚੋਟ-ਚੁੰਮ ਨੂੰ ਯਾਦ ਕਰਵਾ ਕਰਵਾ ਉਸਨੂੰ ਤੁਣਦੇ ਰਹਿਣਾ ਸੀ।*[25]

ਰਾਮ ਨਾਥ ਜੋ ਕਿੱਤੇ ਵਜੋਂ ਵਕੀਲ ਹੈ, ਉਹ ਦੋਸ਼ੀ ਧਿਰ ਤੋਂ ਚੰਗੀ ਫੀਸ ਲੈ ਕੇ ਵਿਕਟਮ ਨੂੰ ਕਚਹਿਰੀ ਵਿਚ ਕਈ ਵਾਰ ਜਲੀਲ ਕਰ ਚੁੱਕਿਆ ਹੈ। ਉਸ ਨੂੰ ਡਰ ਹੈ ਕਿ ਅਜਿਹਾ ਹੀ ਮੇਰੀ ਭਾਣਜੀ ਨੇਹਾ ਨਾਲ ਵੀ ਕਚਹਿਰੀ ਦੀ ਕਾਰਵਾਈ ਦੌਰਾਨ ਹੋਵੇਗਾ। ਇਸ ਕਰਕੇ ਉਹ ਹਸਪਤਾਲ ਦੇ ਡਾਕਟਰਾਂ ਨਾਲ ਲੈ ਦੇ ਕਰਕੇ ਵਾਰਦਾਤ ਵਾਲੀ ਵਿਸ਼ੇਸ਼ ਕਰਕੇ ਆਪਣੀ ਭਾਣਜੀ ਨੇਹਾ ਨਾਲ ਹੋਏ ਬਲਾਤਕਾਰ ਦੀ ਗੱਲ ਨੂੰ ਛੁਪਾਉਣ ਲਈ ਜ਼ੋਰ ਪਾ ਰਿਹਾ ਹੈ। ਪਹਿਲਾਂ ਉਹ ਇਹ ਉਮੀਦ ਰਖਦਾ ਸੀ ਕਿ ਲੇਡੀ ਡਾਕਟਰ ਸ਼ਰਨਜੀਤ ਕੌਰ ਜੋ ਖ਼ੁਦ ਇਕ ਔਰਤ ਹੈ, ਉਹ ਨੇਹਾ ਦੀ ਅਜਿਹੀ ਮਜ਼ਬੂਰੀ ਸਮਝਕੇ ਆਪ ਹੀ ਰੇਪ ਦੇ ਤੱਥ ਨੂੰ ਛੁਪਾਉਣ ਦਾ ਯਤਨ ਕਰੇਗੀ। ਦੂਜੇ, ਉਸ ਨੂੰ ਉਮੀਦ ਸੀ ਕਿ ਜਦੋਂ ਮੁਦੱਈ ਧਿਰ ਨੂੰ ਇਸ ਜ਼ੁਰਮ ਨੂੰ ਛਿਪਾਉਣ ਵਿਚ ਕੋਈ ਇਤਰਾਜ਼ ਨਹੀਂ ਤਾਂ ਡਾਕਟਰ ਨੂੰ ਕੀ ਉਜਰ ਹੋ ਸਕਦਾ ਸੀ। ਇਹ ਮੰਗ ਜੇ ਮੁਲਜ਼ਮ ਧਿਰ ਕਰਦੀ ਤਾਂ ਹੋਰ ਗੱਲ ਸੀ। ਪਰੰਤੂ ਲੇਡੀ ਡਾਕਟਰ ਲਈ ਇਹ ਮਸਲਾ ਨਾ ਤਾਂ ਕਾਨੂੰਨ ਪੱਖੋਂ ਅਹਿਮ ਸੀ ਅਤੇ ਨਾ ਹੀ ਸਮਾਜ-ਸਭਿਆਚਾਰ ਦੇ ਨੁਕਤੇ ਤੋਂ। ਉਸ ਦੀ ਦਿਲਚਸਪੀ ਤਾਂ ਕਿਤੇ ਹੋਰ ਸੀ। ਇਸੇ ਲਈ ਉਹ ਮੂੰਹ-ਫੱਟ ਹੋ ਕੇ ਕਹਿੰਦੀ ਹੈ:

*ਤੁਸੀਂ ਕਮਾਲ ਕਰਦੇ ਹੋ ਵਕੀਲ ਸਾਹਿਬ! ਇਡੀ ਵੱਡੀ ਗੱਲ ਨੂੰ ਮੈਂ ਕਿਵੇਂ ਛੁਪਾ ਲਵਾਂ? ਮੈਂ ਨੌਕਰੀ ਕਰਨੀ ਹੈ। ਕਿਸੇ ਨੇ ਇਸਦਾ ਮੈਡੀਕਲ ਕਿਧਰੇ ਹੋਰ ਕਰਾਉਣ ਦੀ ਦਰਖ਼ਾਸਤ ਦੇ ਦਿੱਤੀ ਮੇਰਾ ਕੀ ਬਣੂ?*[26]

ਇਹ ਗੱਲ ਡਾਕਟਰੀ ਐਥਿਕਸ ਤੇ ਕਾਨੂੰਨ ਅਨੁਸਾਰ ਤਾਂ ਬਿਲਕੁਲ ਦਰੁਸਤ ਸੀ, ਪਰੰਤੂ ਸਥਿਤੀ ਦਾ ਵਿਅੰਗ ਫਿਰ ਉਹੀ ਹੈ ਕਿ ਜਦੋਂ ਰਾਮਨਾਥ ਨੇ ਠੇਕੇਦਾਰ

ਪਲਵੀ ਜਿਹੜਾ ਡਾਕਟਰਾਂ ਤੇ ਮਰੀਜਾਂ/ਵਿਕਟਮਾਂ ਵਿਚਕਾਰ ਇਕ ਤਰ੍ਹਾਂ ਦੀ ਦਲਾਲੀ ਕਰਦਾ ਸੀ ਰਾਹੀਂ ਪਹੁੰਚ ਕੀਤੀ ਅਤ ਡਾਕਟਰ ਦੀ ਫ਼ੀਸ/ਰਿਸ਼ਵਤ ਤੈਅ ਕੀਤੀ ਤਾਂ ਫਿਰ ਕੁੜੀ ਦੀ ਇੱਜ਼ਤ ਦਾ ਮਾਮਲਾ ਸਮਝ ਕੇ ਸਭ ਕੁਝ ਰਾਮਨਾਥ ਵਕੀਲ ਅਨੁਸਾਰ ਹੋ ਗਿਆ। ਅਮਰਜੀਤ ਸਿੰਘ ਗਰੇਵਾਲ ਨੇ ਆਪਣੀ ਪੁਸਤਕ ***ਪ੍ਰਸੰਗ ਗੌਰਵ ਸਭਾ*** ਵਿਚ ਸ਼ੀਲਾ ਜ਼ਰਬਰਿਗ (1984) ਦੇ ਹਵਾਲੇ ਨਾਲ ਭਾਰਤ ਵਿਚ ਅੰਗਰੇਜ਼ੀ ਸਾਮਰਾਜ ਦੁਆਰਾ ਸਥਾਪਿਤ ਕੀਤੇ ਗਏ ਡਾਕਟਰੀ ਸਹਾਇਤਾ ਦੇ ਮਾਡਲ ਦੀਆਂ ਪੰਜ ਵਿਸ਼ੇਸ਼ਤਾਵਾਂ ਦਾ ਜ਼ਿਕਰ ਕੀਤਾ ਹੈ:

> *ਪਹਿਲੀ, ਕਿ ਅੰਗਰੇਜ਼ੀ ਹਕੂਮਤ ਨੇ ਭਾਰਤ ਵਿਚ ਡਾਕਟਰੀ ਸਹੂਲਤਾਂ ਦਾ ਨੈੱਟਵਰਕ ਆਪਣੀਆਂ ਲੋੜਾਂ ਨੂੰ ਧਿਆਨ ਵਿਚ ਰੱਖਕੇ ਵਿਕਸਤ ਕੀਤਾ। ਭਾਰਤੀ ਲੋਕਾਂ ਦੀ ਸਿਹਤ ਸੁਰੱਖਿਆ ਨਾਲ ਇਸ ਨੈੱਟਵਰਕ ਦਾ ਕੋਈ ਲੈਣਾ ਦੇਣਾ ਨਹੀਂ ਸੀ।*
>
> *ਦੂਜਾ, ਕਿਉਂਕਿ ਇਹ ਡਾਕਟਰੀ ਪ੍ਰਬੰਧ ਭਾਰਤੀ ਸਮਾਜ ਦੀ ਸਿਹਤ ਸੁਰੱਖਿਆ ਲਈ ਨਹੀਂ ਸੀ। ਅੰਗਰੇਜ਼ ਅਧਿਕਾਰੀਆਂ ਦੀ ਨਿੱਜੀ ਵਸਤੂ ਸੁਰੱਖਿਆ ਲਈ ਵਿਕਸਤ ਕੀਤਾ ਗਿਆ ਸੀ .... ਸੋ ਬਿਮਾਰੀ ਸਮਾਜਕ ਮਸਲਾ ਨਾ ਰਹਿ ਕੇ ਇਕ ਵਿਅਕਤੀਗਤ ਮਸਲਾ ਬਣ ਗਿਆ।*
>
> *ਤੀਜਾ, ਲੋਕਾਂ ਦੀਆਂ ਬਿਮਾਰੀਆਂ ਦੇ ਵਿਅਕਤੀਗਤ ਇਲਾਜ ਲਈ ਸ਼ਹਿਰਾਂ ਵਿਚ ਸਥਿਤ ਡਾਕਟਰ ਕੇਂਦਰਿਤ ਰੋਗਨਾਸ਼ਕ ਹਸਪਤਾਲ ਦੀ ਸਥਾਪਨਾ ਅੰਗਰੇਜ਼ ਸਾਮਰਾਜ ਦੀ ਕੇਂਦਰੀ ਸਿਹਤ ਨੀਤੀ ਬਣ ਗਈ।*
>
> *ਚੌਥੇ, ਬੀਮਾਰੀ ਦੀ ਵਧ ਰਹੀ ਮੰਡੀ ਨੇ ਅੰਗਰੇਜ਼ੀ ਅਫ਼ਸਰਸ਼ਾਹੀ ਲਈ ਬਣੇ ਸਰਕਾਰੀ ਹਸਪਤਾਲਾਂ ਦੇ ਨਾਲ ਨਾਲ ਡਾਕਟਰੀ ਦੀ ਰੋਗਨਾਸ਼ਕ ਪ੍ਰੈਕਟਿਸ ਨੂੰ ਵੀ ਉਤਸਾਹਿਤ ਕਰ ਦਿੱਤਾ। ਜਦੋਂ ਬੀਮਾਰ ਵਿਅਕਤੀ ਇਕ ਖਪਤਕਾਰ ਅਤੇ ਡਾਕਟਰੀ ਸਹਾਇਤਾ ਜਿਣਸ ਬਣ ਗਏ ਤਾਂ*

*ਅਜਿਹੀ ਸਥਿਤੀ ਵਿਚ ਡਾਕਟਰੀ ਸਹੂਲਤਾਂ ਦਾ ਇਕ ਪ੍ਰਾਈਵੇਟ ਉਦਯੋਗ ਵਜੋਂ ਉਭਰਨਾ ਤਾਂ ਨਿਸ਼ਚਿਤ ਸੀ।*

*ਪੰਜਵਾਂ, ਇਸ ਤਰ੍ਹਾਂ ਡਾਕਟਰੀ ਪੇਸ਼ਾ/ਵਿਉਪਾਰ/ਉਦਯੋਗ ਬਸਤੀਵਾਦੀ ਸਿਹਤ ਸੁਰੱਖਿਆ ਮਾਡਲ ਦੇ ਕੇਂਦਰ ਵਿਚ ਆ ਗਏ।*[27]

ਨਿਆਂ ਪ੍ਰਬੰਧ ਨਾਲ ਇਸ ਦੀ ਲੋੜ ਨੇ ਡਾਕਟਰੀ ਪੇਸ਼ੇ ਦੇ ਉਪਰੋਕਤ ਸੁਭਾਅ ਨੂੰ ਹੋਰ ਬੱਲ ਪ੍ਰਦਾਨ ਕੀਤਾ। ਹੁਣ ਇਸ ਪੇਸ਼ੇ ਨਾਲ ਸੰਬੰਧਿਤ ਕਰਮਚਾਰੀ ਤੇ ਡਾਕਟਰਾਂ ਆਦਿ ਨੇ ਆਪਣੇ ਕੋਲੋਂ ਵੇਚਣਾ ਤਾਂ ਕੁਝ ਵੀ ਨਹੀਂ ਸੀ, ਚਾਰ ਅੱਖਰ ਲਿਖਣ ਦੇ ਬਦਲੇ ਵਿਕਟਮ ਧਿਰ ਤੋਂ ਰਿਸ਼ਵਤ ਦੇ ਰੂਪ ਵਿਚ ਹਜ਼ਾਰਾਂ ਰੁਪਏ ਵਸੂਲਣੇ ਸਨ। ਸਪੱਸ਼ਟ ਹੈ ਕਿ ਇਹ ਉਪ ਸਿਸਟਮ ਜਦੋਂ ਨਿਆਂ-ਪ੍ਰਣਾਲੀ ਦੇ ਇਕ ਉਪ-ਸਿਸਟਮ ਵਜੋਂ ਆਪਣਾ ਕਾਰਜ ਨਿਭਾਉਂਦਾ ਹੈ, ਤਾਂ ਵੀ ਨਿਆਂ-ਪ੍ਰਣਾਲੀ ਦੇ ਕਰਤੂਤੀ ਪੱਖ ਵਿਚ ਇਕ ਦੂਜੇ ਲਈ ਸਹਾਇਕ (Supportive) ਹੀ ਨਹੀਂ ਰਹਿੰਦਾ, ਸਗੋਂ ਭਾਗੀਦਾਰ ਵੀ ਬਣ ਜਾਂਦਾ ਹੈ। ਨਾਵਲੀ ਵਸਤ ਵਿਚ ਪੇਸ਼ ਹੋਇਆ ਅਜਿਹਾ ਵਿਅੰਗ ਭਾਵੀ ਚਿੱਤਰ ਜਿਥੇ ਮਿੱਤਰ ਸੈਨ ਮੀਤ ਦੀ ਆਲੋਚਨਾਤਮਕ ਯਥਾਰਥਵਾਦੀ ਦ੍ਰਿਸ਼ਟੀ ਦਾ ਸੂਚਕ ਹੈ ਉਥੇ ਉਸ ਦੀ ਉਸ ਸਜੱਗ ਸੰਵੇਦਨਸ਼ੀਲਤਾ ਨੂੰ ਵੀ ਦਰਸਾਉਂਦਾ ਹੈ ਜਿਹੜੀ ਸਾਡੇ ਸਮਾਜ ਵਿਚ ਪਸਰੇ ਅਜਿਹੇ ਵਿਆਪਕ ਅਤੇ ਅਮਾਨਵੀ ਵਰਤਾਰੇ ਲਈ ਚਿੰਤਾ ਰੱਖਦੀ ਹੈ। ਇਹੋ ਹੀ ਕਾਰਣ ਹੈ ਕਿ ਮਿੱਤਰ ਸੈਨ ਮੀਤ ਹਰ ਵਰਤਾਰੇ ਦੇ ਬਰੀਕ ਤੋਂ ਬਰੀਕ ਵੇਰਵਿਆਂ ਤਕ ਨੂੰ ਆਪਣੀ ਨਾਵਲ ਵਸਤ ਵਿਚ ਬਣਨ ਤੇ ਉਭਾਰਣ ਲਈ ਯਤਨਸ਼ੀਲ ਹੈ ਜਿਹੜੇ ਨਾਵਲੀ ਬਿਰਤਾਂਤ ਵਿਚ ਕਿਸੇ ਤਰ੍ਹਾਂ ਦਾ ਬੇਲੋੜਾ ਖਿਲਾਰਾ ਨਹੀਂ ਪਾਉਂਦੇ, ਸਗੋਂ ਇਸ ਨੂੰ ਹੋਰ ਵੀ ਜ਼ਿਆਦਾ ਅਰਥ ਪ੍ਰਦਾਨ ਕਰਨ ਵਿਚ ਸਹਾਈ ਹੋਏ ਹਨ। ਸਿਸਟਮਾਂ ਦੀ ਅਜਿਹੀ ਬਰੀਕ ਬਿਆਨੀ ਤੋਂ ਬਿਨਾਂ ਉਨ੍ਹਾਂ ਦੇ ਪ੍ਰਬੰਧਕੀ ਤੇ ਕਾਰਜਕਾਰੀ ਸੁਭਾ ਨੂੰ ਸਮਝਿਆ ਨਹੀਂ ਜਾ ਸਕਦਾ।

ਭਾਰਤ ਦੀ ਲੋਕਤੰਤਰੀ ਸਟੇਟ ਵਿਚ ਸਮਾਜਕ ਤੇ ਆਰਥਕ ਵਿਕਾਸ ਦੀ ਜੋ ਦਸ਼ਾ ਤੇ ਦਿਸ਼ਾ ਦੀ ਨਿਸ਼ਾਨਦੇਹੀ ਇਸ ਨਾਵਲ ਵਿਚਲੀ ਵਸਤ ਰਾਹੀਂ ਉਜਾਗਰ ਹੁੰਦੀ ਹੈ, ਉਹ ਵੀ ਮਿੱਤਰ ਸੈਨ ਮੀਤ ਦੀ ਸਾਡੀ ਸਮਾਜਕ-ਆਰਥਕ ਸੰਰਚਨਾਵਾਂ ਅਤੇ ਇਨ੍ਹਾਂ ਦੀ ਬੁਨਿਆਦੀ ਸੁਭਾ ਦੀ ਡੂੰਘੇਰੀ ਤੇ ਬਰੀਕ ਸਮਝ ਸੂਝ ਦਾ ਪ੍ਰਮਾਣ ਪੇਸ਼ ਕਰਦੀ ਹੈ। ਵੱਡੀ-ਖ਼ੂਬੀ ਇਹ ਹੈ ਕਿ ਇਸ ਤਰ੍ਹਾਂ ਦੀ ਸਮਝ-ਸੂਝ ਨਾਵਲੀ ਅਮਲ ਵਿਚ ਕਿਸੇ ਸੁਤੰਤਰ ਤੇ ਅਸੰਬੰਧਿਤ ਥੀਮ ਵਜੋਂ ਨਹੀਂ, ਸਗੋਂ ਨਾਵਲ ਦੀ ਕੇਂਦਰੀ ਥੀਮ ਨਾਲ ਅੰਤਰ ਸੰਬੰਧਿਤ ਹੋ ਕੇ ਪੇਸ਼ ਹੋਈ ਹੈ। ਨਿਆਂ ਪ੍ਰਣਾਲੀ ਦਾ ਮੁਖ ਪ੍ਰਯੋਜਨ ਸਿਰਫ਼ ਤੇ ਸਿਰਫ਼ ਜ਼ੁਰਮ ਦੀ ਨਿਸ਼ਾਨਦੇਹੀ ਕਰਕੇ ਮੁਲਜ਼ਮ ਨੂੰ ਸਜਾ ਦੇਣਾ ਜਾਂ ਬਰੀ ਕਰਨਾ ਨਹੀਂ, ਸਗੋਂ ਜ਼ੁਰਮ ਦੇ ਕਾਰਨਾਂ ਦੀ ਪਛਾਣ ਕਰਨਾ ਵੀ ਹੈ। ਸਾਡੇ ਸਮਾਜਾਂ ਵਿਚ ਲੋਕ ਅਪਰਾਧ ਵਲ ਕਿਉਂ ਤੇ ਕਿਵੇਂ ਆਉਂਦੇ ਹਨ? ਨਾਵਲੀ ਵਸਤ ਦੇ ਉਹ ਵੇਰਵੇ ਇਸ ਦੇ ਕਾਰਣਾਂ ਵੱਲ ਸੰਕੇਤ ਕਰਦੇ ਹਨ ਜਿਹੜੇ ਪੱਚੀ ਲੱਖ ਦੀ ਆਬਾਦੀ ਵਾਲੇ ਇਸ ਮਾਇਆ ਨਗਰ ਵਿਚ ਪਰਵਾਸੀ ਮਜ਼ਦੂਰਾਂ ਦੀ ਬੱਦਤਰ ਬਣੀ ਜ਼ਿੰਦਗੀ ਦੇ ਯਥਾਰਥ ਵਿਚੋਂ ਹਾਸਲ ਹੁੰਦੇ ਹਨ। ਇਨ੍ਹਾਂ ਮਜ਼ਦੂਰਾਂ ਨੂੰ ਗੰਦੀਆਂ ਕਲੋਨੀਆਂ ਵਿਚ ਬਹੁਤ ਹੀ ਭੈੜੀ ਹਾਲਤ ਵਿਚ ਜਾਨਵਰਾਂ ਵਾਂਗ ਰਖਿਆ ਜਾਂਦਾ ਹੈ। ਠੇਕੇਦਾਰ ਰਾਮ ਲੁਭਾਇਆ ਵਰਗੇ ਪੁਲਿਸ ਦੇ ਟਾਊਟ ਅਤੇ ਛੇਤੀ ਰੱਜੇ ਲੋਕ ਅਜਿਹੇ ਲੋਕਾਂ ਨੂੰ ਆਪਣੇ ਅਧੀਨ ਰੱਖਕੇ ਉਨ੍ਹਾਂ ਦੀ ਮਜ਼ਬੂਰੀ ਦਾ ਲਾਭ ਉਠਾਉਂਦੇ ਹਨ। ਇਹ ਲੋਕ ਪੈਦਾਇਸ਼ੀ ਮੁਜ਼ਰਮ ਨਹੀਂ ਹੁੰਦੇ। ਇਨ੍ਹਾਂ ਨੂੰ ਜ਼ੁਰਮ ਦੀ ਲਤ ਲਾਈ ਜਾਂਦੀ ਹੈ। ਇਕ ਵਾਰ ਜ਼ੁਰਮ ਦੀ ਰੇਖਾ ਵਿਚ ਆਏ ਉਹ ਮੁੜ ਇਸ ਵਿਚੋਂ ਨਿਕਲ ਨਹੀਂ ਸਕਦੇ। ਡਾ. ਜਸਬੀਰ ਕੇਸਰ ਨੇ ਆਪਣੇ ਮਜ਼ਮੂਨ ''**ਕੌਰਵ ਸਭਾ ਵਿਚ ਪਰਵਾਸੀ ਮਜ਼ਦੂਰਾਂ ਦਾ ਯਥਾਰਥ**'' ਵਿਚ ਮਿੱਤਰ ਸੈਨ ਮੀਤ ਦੁਆਰਾ ਸੰਖੇਪ ਬਿਰਤਾਂਤ ਵਿਚ ਜੋ ਪਰਵਾਸੀ ਭਈਆਂ ਦੇ ਜੀਵਨ ਯਥਾਰਥ ਦਾ ਚਿਤਰਣ ਕੀਤਾ ਹੈ, ਉਸ ਨੂੰ ਉਸਨੇ ਤਿੰਨ ਪੱਖਾਂ ਵਿਚ ਵਿਚਾਰਿਆ ਹੈ:

1. ਪਰਵਾਸੀ ਮਜ਼ਦੂਰਾਂ ਦੀ ਕਿਰਤ ਦੇ ਕਿਰਤ ਦੀ ਲੁੱਟ

2. ਪਰਵਾਸੀ ਮਜ਼ਦੂਰਾਂ ਦਾ ਸਿਆਸੀਕਰਣ

3. ਪਰਵਾਸੀ ਮਜ਼ਦੂਰਾਂ ਦਾ ਅਪਰਾਧੀਕਰਣ[28]

ਮੋਟੇ ਰੂਪ ਵਿਚ ਪਰਵਾਸੀ ਜਾਂ ਭਈਏ ਕਿਰਤ ਸ਼੍ਰੇਣੀ ਵਿਚ ਆਉਂਦੇ ਹਨ ਪਰੰਤੂ ਇਨ੍ਹਾਂ ਵਿਚੋਂ ਥੋੜ੍ਹੇ ਅਜਿਹੇ ਵੀ ਹਨ ਜਿਹੜੇ ਮਾਇਆ ਨਗਰ ਵਰਗੇ ਉਦਯੋਗਿਕ ਨਗਰ ਵਿਚ ਥੋੜ੍ਹਾ ਪਹਿਲਾਂ ਆ ਗਏ ਅਤੇ ਉਹ ਥੋੜ੍ਹਾ ਬਹੁਤ ਪੜ੍ਹੇ-ਲਿਖੇ ਜਾਂ ਹਿਸਾਬ-ਕਿਤਾਬ ਰੱਖਣ ਜੋਗੇ ਹਨ, ਉਹ ਆਪਣੇ ਰਾਜ ਵਿਚੋਂ ਕਿਰਤੀ ਵਰਗ ਦੇ ਲੋਕਾਂ ਨੂੰ ਭੁੱਲ ਲੈਂਦੇ ਹਨ ਜਾਂ ਆਇਆਂ ਨੂੰ ਛੋਟੇ ਮੋਟੇ ਕੰਮਾਂ 'ਤੇ ਲੱਗਾ ਲੈਂਦੇ ਹਨ। ਉਹ ਇਨ੍ਹਾਂ ਦੀ ਕਿਰਤ ਵਿਚੋਂ ਕੁਝ ਹਿੱਸਾ ਆਪ ਰੱਖਦੇ ਹਨ। ਇਸੇ ਬਚਤ ਦੇ ਸਿਰ 'ਤੇ ਉਹ ਛੋਟੀ ਮੋਟੀ ਠੇਕੇਦਾਰੀ ਆਦਿ ਵਿਚ ਵੀ ਪੈਰ ਰੱਖਣ ਲੱਗ ਪੈਂਦੇ ਹਨ। ਇਸ ਤਰ੍ਹਾਂ ਉਹ ਦੂਜੇ ਪਰਵਾਸੀ ਮਜ਼ਦੂਰਾਂ ਦੇ ਮੁਕਾਬਲੇ ਪੈਸੇ ਪੱਖੋਂ ਅਤੇ ਸ਼ਹਿਰ ਵਿਚ ਕੰਮ-ਕਾਰਜ ਦੀ ਪਹੁੰਚ ਵਜੋਂ ਆਪਣੇ ਪੈਰ ਜਮਾਂ ਲੈਂਦੇ ਹਨ। ਭਾਵੇਂ ਅਜਿਹੀ ਹੋਣੀ ਸਾਰਿਆਂ ਦੀ ਨਹੀਂ, ਕੁਝ ਦੀ ਹੀ ਹੁੰਦੀ ਹੈ ਪਰੰਤੂ ਉਹ ਆਪਣੀ ਇਸ ਪਹੁੰਚ ਸਦਕਾ ਰਾਜਨੀਤੀ ਵਿਚ ਵੀ ਪੈਰ ਰੱਖਣ ਲੱਗ ਪੈਂਦੇ ਹਨ। ਰਾਜਨੀਤਕ ਨੇਤਾਵਾਂ ਨੂੰ ਚੋਣਾਂ ਵਿਚ ਵੋਟਾਂ ਦੀ ਲੋੜ ਹੁੰਦੀ ਹੈ ਅਤੇ ਇਹ ਠੇਕੇਦਾਰ ਨੁਮਾ ਪਰਵਾਸੀ ਭਈਏ ਭਈਆਂ ਨੂੰ ਆਪਣੇ ਹੱਥ 'ਚ ਰੱਖਣ ਲਈ ਮਜ਼ਦੂਰ ਸੰਗਠਨ ਜਾਂ ਭਾਈਚਾਰਕ ਸਾਂਝ ਰਾਹੀਂ ਵੋਟ ਬੈਂਕ ਦੇ ਮਾਲਕ ਹੋਣ ਦਾ ਦਾਅਵਾ ਕਰਦੇ ਹਨ। ਬਦਲੇ ਵਿਚ ਰਾਜਸੀ ਨੇਤਾ ਇਨ੍ਹਾਂ ਨੂੰ ਮਾਣਤਾ ਹੀ ਨਹੀਂ ਦਿੰਦੇ ਸਗੋਂ ਇਨ੍ਹਾਂ ਦੀ ਰਾਜਨੀਤਕ ਅਤੇ ਆਰਥਿਕ ਪੱਧਰ 'ਤੇ ਮਦਦ ਵੀ ਕਰਦੇ ਹਨ। ਫਲਸਰੂਪ ਇਨ੍ਹਾਂ ਦੀ ਸਥਿਤੀ ਹੋਰ ਵੀ ਮਜ਼ਬੂਤ ਹੋ ਜਾਂਦੀ ਹੈ। ਬਦਲੇ ਵਿਚ ਇਹ ਰਾਜਸੀ ਲੋਕਾਂ ਦੇ ਹੀ ਕੰਮ ਨਹੀਂ ਆਉਂਦੇ, ਉਨ੍ਹਾਂ ਤੋਂ ਆਪਣੇ ਨਿਜੀ ਕੰਮ ਵੀ ਲੈਂਦੇ ਹਨ। ਦੂਜੇ, ਇਹ ਲੋਕ ਨਗਰ ਦੇ ਪੈਸੇ ਵਾਲੇ ਲੋਕਾਂ ਲਈ ਉਨ੍ਹਾਂ ਕੋਲੋਂ ਪੈਸੇ ਲੈ ਕੇ ਕਿਸੇ ਦੀ ਮਾਰ

ਕੁੱਟ ਜਾਂ ਹੋਰ ਅਪਰਾਧਕ ਕੰਮਾਂ ਵਿਚ ਵੀ ਮਦਦਗਾਰ ਹੁੰਦੇ ਹਨ। ਇਸ ਨਾਵਲ ਵਿਚ ਰਾਮ ਲੁਭਾਇਆ ਅਜਿਹਾ ਹੀ ਪਰਵਾਸੀ ਭਈਆ ਹੈ ਜਿਹੜਾ ਆਪਣੇ ਸਾਥੀਆਂ ਦੀ ਕਿਰਤ, ਨਿਜੀ ਠੇਕੇਦਾਰੀ ਅਤੇ ਸਥਾਨਕ ਸਿਆਸੀ ਲੋਕਾਂ ਦੀ ਸਰਪ੍ਰਸਤੀ ਵਿਚ ਮਜ਼ਦੂਰ ਸਿਆਸਤ ਦਾ ਮਾਲਕ ਬਣ ਬੈਠਾ, ਇਕ ਮਜ਼ਦੂਰ ਤੋਂ ਉਹ ਐਨਾ ਸ਼ਕਤੀਸ਼ਾਲੀ ਬੰਦਾ ਕਿਵੇਂ ਬਣ ਗਿਆ? ਇਹ ਭਾਰਤੀ ਸਮਾਜਕ-ਆਰਥਕ ਤੇ ਰਾਜਨੀਤਕ ਸਥਿਤੀਆਂ ਵਿਚ ਸਰਮਾਇਆਂ ਦੀ ਕਰਾਮਾਤ ਹੈ। ਇਹ ਸਰਮਾਇਆ ਉਸ ਦੀ ਦਸਾਂ ਨਹੁੰਆਂ ਦੀ ਕਿਰਤ ਨਾਲ ਨਹੀਂ ਆਇਆ, ਸਗੋਂ ਕਿਰਤ ਦੀਆਂ ਜੁਗਤਾਂ ਅਤੇ ਕਿਰਤ ਦੇ ਸ਼ੋਸ਼ਿਣ ਵਿਚੋਂ ਆਇਆ ਹੈ। ਭਾਰਤ ਦੀ ਨਿਜੀ ਜਾਇਦਾਦ ਦੀ ਮਾਲਕੀਅਤ ਅਤੇ ਸਰਮਾਇਆਂ ਦੀ ਅਸਾਵੀਂ ਵੰਡ ਵਾਲੀ ਸਮਾਜਕ-ਆਰਥਿਕ ਬਣਤਰ ਵਿਚ ਨਿਮਨ ਸ੍ਰੇਣੀ ਤੇ ਮੱਧ ਸ੍ਰੇਣੀ ਦੇ ਕੁਝ ਲੋਕਾਂ ਦੇ ਪੈਰ ਹੇਠ ਵੀ ਅਚਾਨਕ ਬਟੇਰ ਆ ਜਾਂਦਾ ਹੈ। ਅਜਿਹੀ ਸਥਿਤੀ ਵਿਚ ਉਹ ਆਪਣਿਆਂ ਦਾ ਸ਼ੋਸ਼ਿਣ ਵੀ ਕਰਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਸ਼ਕਤੀ/ਸਰਦਾਰੀ ਦੇ ਮਾਧਿਅਮ ਵਜੋਂ ਵੀ ਵਰਤਦੇ ਹਨ। ਰਾਮ ਲੁਭਾਇਆ ਅਜਿਹੇ ਵਰਤਾਰੇ ਵਿਚੋਂ ਉਠਿਆ/ਉਭਰਿਆ ਹੀ ਇਕ ਅਜਿਹਾ ਸਾਧਾਰਨ ਬੰਦਾ ਹੈ ਜਿਸ ਦਾ ਵਿਹਾਰ ਤੇ ਕਿਰਦਾਰ ਹੁਣ ਕਿਰਤ ਪੱਖੀ ਹੋਣ ਦੀ ਥਾਂ ਕਿਰਤ ਦਾ ਸ਼ੋਸ਼ਣ ਕਰਨ ਵਾਲੇ ਬੇਕਿਰਕ ਬੰਦੇ ਦਾ ਬਣ ਗਿਆ। ਉਹ ਪਰਵਾਸੀ ਮਜ਼ਦੂਰਾਂ ਦਾ ਪਾਲਕ ਹੀ ਨਹੀਂ ਰਿਹਾ, ਉਨ੍ਹਾਂ ਦਾ ਸਰਦਾਰ ਬਣ ਕੇ ਉਨ੍ਹਾਂ ਨੂੰ ਡਰ ਤੇ ਦੱਬਕੇ ਨਾਲ ਅਧੀਨ ਰਖਣ ਵਾਲਾ ਇਕ ਤਰ੍ਹਾਂ ਦਾ ਬਦਮਾਸ਼ ਬਣ ਬੈਠਾ। ਨਾਵਲ ਦੇ ਬਿਰਤਾਂਤਕ ਵੇਰਵੇ ਅਨੁਸਾਰ:

> *ਰਾਮ ਲੁਭਾਇਆ ਬੜਾ ਖ਼ਤਰਨਾਕ ਆਦਮੀ ਸੀ ... ਆਪਣੇ ਦੇਸ਼ ਦੇ ਬਹੁਤੇ ਬੰਦਿਆਂ ਨੂੰ ਉਹ ਇਧਰ ਲੈ ਕੇ ਆਇਆ ਸੀ। ਜਿਹੜੇ ਉਸ ਦੀ ਈਨ ਵਿਚ ਰਹਿੰਦੇ ਸਨ, ਉਨ੍ਹਾਂ ਨੂੰ ਉਹ ਮੌਜ ਕਰਵਾਉਂਦਾ ਸੀ।*

*ਜਿਹੜੇ ਬਾਗੀ ਹੋਣ ਦਾ ਯਤਨ ਕਰਦੇ ਸਨ, ਉਨ੍ਹਾਂ 'ਤੇ ਉਹ ਕੁਟਾਪਾ ਚਾੜ੍ਹਦਾ ਸੀ। ਪੁਲਿਸ ਨਾਲ ਮਿਲਕੇ ਝੂਠੇ ਮੁਕੱਦਮਿਆਂ ਵਿਚ ਫਸਾ ਦਿੰਦਾ ਸੀ। ਉਸ ਦੇ ਦੇਸ ਵਿਚ ਇਹ ਗੱਲ ਫੈਲ ਗਈ ਸੀ ਕਿ ਰਾਮ ਲੁਭਾਇਆ ਨੇ ਕਈ ਜਿਉਂਦੇ ਮਜ਼ਦੂਰਾਂ ਨੂੰ ਕਾਰਖਾਨਿਆਂ ਦੀਆਂ ਭੱਠੀਆਂ ਵਿਚ ਸਾੜਿਆ ਸੀ। ਡਰਦਾ ਕੋਈ ਉਸ ਅੱਗੇ ਸਾਹ ਨਹੀਂ ਸੀ ਕੱਢਦਾ।*[28]

ਰਾਮ ਲੁਭਾਇਆ ਦੀ ਪਰਵਾਸੀ ਮਜ਼ਦੂਰਾਂ ਉਪਰ ਅਜਿਹੀ ਪਕੜ ਕਰਕੇ ਸਥਾਨਕ ਸਿਆਸੀ ਪਾਰਟੀਆਂ ਦੇ ਨੇਤਾ ਵੀ ਉਨ੍ਹਾਂ ਦੇ ਅੱਗੇ-ਪਿੱਛੇ ਫਿਰਦੇ ਹਨ:

*ਵੋਟਾਂ ਵੇਲੇ ਰਾਮ ਲੁਭਾਇਆ ਦੀ ਕੀਮਤ ਕਈ ਗੁਣਾ ਵੱਧ ਜਾਂਦੀ ਸੀ। ਸਾਰੀਆਂ ਰਾਜਸੀ ਪਾਰਟੀਆਂ ਉਹਦੇ ਅੱਗੇ, ਪਿੱਛੇ ਫਿਰਦੀਆਂ ਸਨ। ਕਾਂਗਰਸ ਵਾਲਿਆਂ ਨੇ ਉਸ ਨੂੰ ਆਪਣਾ ਸਰਗਰਮ ਮੈਂਬਰ ਬਣਾ ਲਿਆ। ਕਲੋਨੀ ਦਾ ਪ੍ਰਧਾਨ ਥਾਪ ਕੇ ਉਸਨੂੰ ਆਪਣੀਆਂ ਵਿਸ਼ੇਸ਼ ਮੀਟਿੰਗਾਂ ਵਿਚ ਬੁਲਾਉਣ ਲੱਗੇ। ਮਾਇਆ ਨਗਰ ਵਿਚ ਹੋਣ ਵਾਲੀਆਂ ਰੈਲੀਆਂ ਦਾ ਉਸ ਨੂੰ ਇਨਚਾਰਜ ਬਣਾ ਦਿੱਤਾ। ਬੱਸਾਂ, ਟਰੱਕ, ਕਾਰਾਂ ਤੇ ਦਾਰੂ ਉਸ ਦੀ ਪਰਚੀ ਤੇ ਉਪਲੱਬਧ ਹੋਣ ਲੱਗੇ।*[30]

ਇਉਂ, ਰਾਮ ਲੁਭਾਇਆ ਨੂੰ ਸਿਆਸੀ ਸਰਪ੍ਰਸਤੀ ਵੀ ਮਿਲ ਗਈ, ਜਿਸ ਦੇ ਸਿੱਟੇ ਵਜੋਂ ਉਹ ਸ਼ਹਿਰ ਵਿਚ ਸਾਰੇ ਪੁੱਠੇ-ਸਿੱਧੇ ਅਤੇ ਗ਼ੈਰ-ਕਾਨੂੰਨੀ ਧੰਦੇ ਵੀ ਕਰਨ ਲਗਾ। ਇਹ ਇਸੇ ਪ੍ਰਸੰਗ ਵਿਚ ਹੈ ਕਿ ਨੀਰਜ ਤੇ ਪੰਕਜ ਨੇ ਕਿਸੇ ਭਰੋਸੇਯੋਗ ਬੰਦੇ ਰਾਹੀਂ ਉਸਨੂੰ ਵੇਦ ਦੀ ਕੁੱਟ-ਮਾਰ ਕਰਨ ਲਈ ਇਕ ਲੱਖ ਰੁਪੈ ਦੀ ਸੁਪਾਰੀ ਦਿੱਤੀ। ਉਸਨੇ ਇਸ ਵਿਚ ਕੁਝ ਰੁਪਏ ਪੰਡਤ ਤੇ ਉਸ ਦੇ ਸਾਥੀਆਂ (ਭਈਆਂ) ਨੂੰ ਦੇਣੇ ਸਨ ਜਿਨ੍ਹਾਂ ਨੇ ਇਸ ਕੰਮ ਨੂੰ ਅੰਜ਼ਾਮ ਦੇਣਾ ਸੀ। ਸੁਪਾਰੀ ਦੀਆਂ ਸ਼ਰਤਾਂ ਮੁਤਾਬਕ ਘਰ ਵਾਲਿਆਂ ਨੂੰ ਮਾਮੂਲੀ ਸੱਟਾਂ ਮਾਰੀਆਂ ਜਾਣੀਆਂ ਸਨ। ਇਸ ਵਾਰਦਾਤ

ਵਿਚ ਜਿਹੜੇ ਭਈਆ ਲੋਕ ਸ਼ਾਮਲ ਹੋਏ ਉਹ ਆਰਥਕ ਪੱਖੋਂ ਲੋੜਵੰਦ ਸਨ। ਆਰਥਕ ਗਰੀਬੀ ਤੇ ਤੋਟ ਦੇ ਮਾਰੇ ਇਹ ਲੋਕ ਆਪਣੇ ਮਾਨਸਿਕ ਤਨਾਉ ਨੂੰ ਦੂਰ ਕਰਨ ਲਈ ਨਸ਼ਿਆਂ ਆਦਿ ਦਾ ਸੇਵਨ ਕਰਨ ਲਗਦੇ ਸਨ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਆਰਥਿਕ ਸਥਿਤੀ ਹੀ ਨਹੀਂ ਬਿਗੜਦੀ, ਉਨ੍ਹਾਂ ਦੀ ਸਿਹਤ ਵੀ ਖਰਾਬ ਹੋ ਜਾਦੀ ਹੈ। ਫਲਸਰੂਪ, ਉਹ ਕਿਰਤ ਕਰਨ ਦੇ ਯੋਗ ਵੀ ਨਹੀਂ ਰਹਿੰਦੀ। ਆਪਣੀਆਂ ਆਰਥਿਕ ਮਜ਼ਬੂਰੀਆਂ ਕਾਰਨ ਉਹ ਅਪਰਾਧੀ ਕੰਮਾਂ ਵਿਚ ਫਸ ਜਾਂਦੇ ਹਨ। ਅਜਿਹੇ ਬੰਦਿਆਂ ਦਾ ਅਪਰਾਧ ਵਲ ਧੱਕੇ ਜਾਣਾ ਕੋਈ ਸ਼ੌਕ ਨਹੀਂ, ਸਗੋਂ ਮਜ਼ਬੂਰੀ ਹੈ। ਅਸਾਵੇਂ ਸਮਾਜਕ-ਆਰਥਕ ਵਿਕਾਸ ਵਿਚ ਇਹ ਮਜ਼ਬੂਰੀ ਬਣੀ ਰਹੇਗੀ। ਇਸੇ ਕਰਕੇ ਭਾਰਤ ਵਰਗੇ ਦੇਸ਼ ਵਿਚ ਹੀ ਨਹੀਂ, ਦੁਨੀਆਂ ਵਿਚ ਜਿਥੇ ਵੀ ਆਰਥਿਕਤਾ ਦੀ ਅਸਾਵੀਂ ਵੰਡ ਹੋਵੇਗੀ, ਉਥੇ ਅਪਰਾਧੀਕਰਣ ਦੀ ਪ੍ਰਕਿਰਿਆ ਜਾਰੀ ਰਹੇਗੀ। ਇਸ ਤਰ੍ਹਾਂ ਇਸ ਨਾਵਲ ਵਿਚ ਪਰਵਾਸੀ ਮਜ਼ਦੂਰਾਂ ਦਾ ਪੇਸ਼ ਇਹ ਪ੍ਰਸੰਗ ਸਿਰਫ਼ ਸਮਾਜਿਕ ਆਰਥਿਕ ਪੱਖੋਂ ਹੀ ਸਮਝਣਯੋਗ ਨਹੀਂ; ਸਗੋਂ ਹਿਹ ਅਪਰਾਧੀਕਰਣ ਦੀਆਂ ਜੜ੍ਹਾਂ ਦੀ ਵੀ ਨਿਸ਼ਾਨਦੇਹੀ ਕਰਦਾ ਹੈ। ਇਉਂ ਮਿੱਤਰ ਸੈਨ ਮੀਤ ਦਾ ਇਹ ਨਾਵਲ ਨਿਆਂਕਾਰੀ ਦੇ ਪ੍ਰਸੰਗ ਵਿਚ ਸਿਰਫ ਨਿਆਇਕ ਪ੍ਰਣਾਲੀ ਅਤੇ ਇਸ ਨਾਲ ਸੰਬੰਧਿਤ ਉਪ-ਸਿਸਟਮਾਂ ਦਾ ਬੁਨਿਆਦੀ ਸੁਭਾਅ, ਕਾਰਜ ਵਿਧੀ ਅਤੇ ਇਸ ਵਿਚ ਪਸਰੇ ਵਿਆਪਕ ਭ੍ਰਿਸ਼ਟਾਚਾਰ ਦਾ ਯਥਾਰਥਵਾਦੀ ਚਿੱਤਰ ਹੀ ਪੇਸ਼ ਨਹੀਂ ਕਰਦਾ, ਸਗੋਂ ਅਪਰਾਧੀਕਰਨ ਦੇ ਅਸਲ ਕਾਰਨਾਂ ਤੋਂ ਵੀ ਪਰਦਾ ਚੁੱਕਦਾ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਸਾਡੀ ਨਿਆਂ ਪਾਲਿਕਾ ਅਪਰਾਧੀ ਨੂੰ ਸਜਾ ਤਾਂ ਦਿੰਦੀ ਹੈ ਪਰੰਤੂ ਉਸ ਦੇ ਅਪਰਾਧੀ ਬਣਾਉਣ ਵਿਚ ਜੋ ਸਾਡੀਆਂ ਸਮਾਜਿਕ ਤੇ ਆਰਥਿਕ ਸਥਿਤੀਆਂ ਅਤੇ ਸ਼ਕਤੀਆਂ ਜ਼ਿੰਮੇਵਾਰ ਹਨ, ਉਨ੍ਹਾਂ ਨੂੰ ਅੱਖੋਂ ਪਰੋਖਾ ਰਖਦੀ ਹੈ। ਸਪਸ਼ਟ ਹੈ, ਕਿ ਸਾਡਾ ਨਿਆਂ-ਪ੍ਰਬੰਧ ਰਾਜ ਦੀ ਅਮਨ ਤੇ ਕਾਨੂੰਨ ਦੀ ਵਿਵਸਥਾ ਵੱਲ ਵੱਧ ਤਵੱਜੋਂ ਦਿੰਦਾ ਹੈ, ਕਿਉਂਕਿ ਇਸ ਵਿਚ ਪੂੰਜੀਵਾਦੀ ਧਿਰ ਦਾ

ਹਿੱਤ ਹੈ, ਪਰੰਤੂ ਸਮਾਜਿਕ ਤੇ ਆਰਥਿਕ ਨਿਆਂ ਇਸ ਦਾ ਮਕਸਦ ਨਹੀਂ। ਅਪਰਾਧੀਕਰਨ ਦੀ ਦੂਜੀ ਪਰਤ ਵਿਚ ਸਾਡੀ ਸਮਾਜਿਕ ਆਰਥਿਕ ਬਣਤਰ ਨਿਮਨ ਤੇ ਉੱਚ ਮੱਧ ਵਰਗ ਕਿਵੇਂ ਪ੍ਰਵੇਸ਼ ਕਰਦਾ ਹੈ? ਮਿੱਤਰ ਸੈਨ ਮੀਤ ਦਾ ਇਹ ਹੱਥਲਾ ਨਾਵਲ ਇਸ ਵੱਲ ਵੀ ਸੰਕੇਤ ਕਰਦਾ ਹੈ। ਵਾਸਤਵ ਵਿਚ ਪੈਸੇ ਦੀ ਲੋੜ ਜਾਂ ਪੈਸੇ ਦੀ ਲਲਕ ਵਿਅਕਤੀ ਦੀਆਂ ਦੋ ਅਜਿਹੀਆਂ ਸਥਿਤੀਆਂ ਹਨ ਜਿਹਨਾਂ ਵਿਚ ਬਹੁਤੀ ਵਾਰੀ ਬੰਦਾ ਇਨ੍ਹਾਂ ਦੀ ਪੂਰਤੀ ਲਈ ਉਚਿਤਤਾ ਅਤੇ ਅਣਉਚਿਤਤਾ ਭੁੱਲ ਜਾਂਦਾ ਹੈ। ਇਹ ਦੋਵੇਂ ਸਥਤੀਆਂ ਪੂੰਜੀਵਾਦੀ ਆਰਥਿਕ ਪ੍ਰਬੰਧਾਂ ਦੀਆਂ ਅਲਾਮਤਾਂ ਹਨ। ਮੋਹਨ ਲਾਲ ਪਹਿਲਾਂ ਕਮਾਈਆਂ ਆਪਣੀਆਂ ਲੋੜਾਂ ਜਾਂ ਭੁੱਖ ਨੂੰ ਮਿਟਾਉਣ ਲਈ ਕਰਦਾ ਹੈ। ਪਰੰਤੂ ਬਾਅਦ ਵਿਚ ਉਸ ਦੀ ਲਲਸਾ ਵੱਡੇ ਉਦਯੋਗ ਲੋਹੇ ਦੀ ਮਿਲ ਦੇ ਸੁਪਨੇ ਲੈਣ ਲਗ ਪਈ। ਦੋ ਏਕੜ ਦਾ ਪਲਾਟ, ਵੱਡਾ ਸਾਰਾ ਏਅਰ-ਕੰਡੀਸ਼ਨਡ ਦਫ਼ਤਰ, ਵੱਡੀ ਕੋਠੀ, ਚਾਰ ਚਾਰ ਗੇਟ, ਹਰ ਗੇਟ 'ਤੇ ਪਹਿਰਾ, ਵੱਡੀਆਂ ਵੱਡੀਆਂ ਕਾਰਾਂ। ਨੋਟ, ਮਾਲਕ, ਸਲੂਟ ਆਦਿ ਦੀ ਲਲਕ ਵਿਚ ਉਸ ਲਈ ਪੈਸਾ ਹੀ ਇਕ ਅੰਤਿਮ ਮੁੱਲ ਬਣ ਗਿਆ। ਦੂਜੇ ਪਾਸੇ ਉਸ ਦਾ ਛੋਟਾ ਭਰਾ ਵੇਦ ਭਾਵੇਂ ਆਪਣੇ ਭਰਾ ਦੇ ਕਮਾਏ ਪੈਸੇ ਕਾਰਣ ਹੀ ਮਾਇਆ ਨਗਰ ਵਰਗੇ ਉਦਯੋਗਿਕ ਸ਼ਹਿਰ ਵਿਚ ਸਥਾਪਿਤ ਹੋਇਆ ਪਰੰਤੂ ਆਪਣੇ ਭਰਾ ਦੀ ਮੌਤ ਉਪਰੰਤ ਇਹ ਪਲਾਟ ਲਈ ਉਹ ਆਪਣੇ ਰਿਸ਼ਤਿਆਂ ਨੂੰ ਭੁੱਲ ਬੈਠਾ। ਸਿੱਟੇ ਵਜੋਂ ਦੋਹਾਂ ਪਰਿਵਾਰਾਂ ਵਿਚ ਖਿਚੋਤਾਣ ਹੋਣ ਲਗੀ। ਪੈਸੇ ਤੇ ਜਾਇਦਾਦ ਦੇ ਮੋਹ ਨੇ ਖ਼ੂਨ ਦੇ ਰਿਸ਼ਤੇ ਮਨਫ਼ੀ ਕਰ ਦਿੱਤੇ ਜਿਹੜੇ ਕੁੱਟ-ਮਾਰ ਤੇ ਬਲਾਤਕਾਰ ਦੀ ਪੱਧਰ ਤਰ ਗਿਰ ਗਏ। ਵੇਦ ਦੇ ਭਤੀਜਿਆਂ ਨੇ ਪੈਸੇ ਦੇ ਬਲਬੁੱਤੇ ਉਤੇ ਸਵਾਰੀ ਦੇ ਕੇ ਉਸ ਦੀ ਕੁੱਟਮਾਰ ਦੀ ਸਕੀਮ ਬਣਾਈ ਜਿਹੜੀ ਦੋਹਾਂ ਪਰਿਵਾਰਾਂ ਲਈ ਘਾਤਕ ਸਿੱਧ ਹੋਈ। ਇਉਂ ਪੈਸੇ/ਪਦਾਰਥ ਦੀ ਲਾਲਸਾ ਜਿਥੇ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦੀ ਤ੍ਰੇੜ ਦਾ ਕਾਰਨ ਬਣੀ ਹੈ, ਉਥੇ ਅਪਰਾਧੀਕਰਣ ਦਾ ਕਾਰਣ ਵੀ ਬਣਦੀ ਹੈ। ਅਜਿਹਾ

ਜਮਾਤੀ ਤੇ ਅਸਾਵੀਂ ਆਰਥਿਕ ਸਥਿਤੀ ਵਾਲੇ ਸਮਾਜਾਂ ਵਿਚ ਵਾਪਰਦਾ ਹੈ। ਇਸ ਦਾ ਮੁੱਖ ਖ਼ਾਸਾ ਇਹ ਹੈ ਕਿ ਪੈਸੇ ਲਈ ਆਪਸੀ ਲੜਾਈ ਝਗੜਿਆਂ ਦਾ ਮੁੱਢ ਵੀ ਬੱਝਦਾ ਹੈ ਜਿਹੜਾ ਭਾਈਚਾਰਕ ਦਾਇਰਿਆਂ ਵਿਚੋਂ ਨਿਕਲ ਕੇ ਪੁਲਿਸ-ਕਚਹਿਰੀ ਤਕ ਅਪੜ ਜਾਂਦਾ ਹੈ ਅਤੇ ਪੈਸੇ ਦੀ ਤਾਕਤ ਰਾਹੀਂ ਹੀ ਇਨ੍ਹਾਂ ਕੇਸਾਂ ਦਾ ਨਿਪਟਾਰਾ ਹੁੰਦਾ ਹੈ। ਭ੍ਰਿਸ਼ਟਾਚਾਰ ਦਾ ਪ੍ਰਚਲਨ ਵੀ ਇਸ ਦੇ ਸੁਭਾਅ ਦਾ ਇਕ ਅਨਿਵਾਰਯ ਅੰਗ ਬਣਦਾ ਹੈ। ਅਮਰਜੀਤ ਸਿੰਘ ਗਰੇਵਾਲ ਨੇ ਮੌਜੂਦਾ ਨਿਆਂ ਪ੍ਰਣਾਲੀ ਵਿਚ ਪਸਰੀ ਰਿਸ਼ਵਤਖੋਰੀ, ਮੌਕਾ-ਪ੍ਰਸਤੀ ਅਤੇ ਅਨੈਤਿਕਤਾ ਆਦਿ ਦੀ ਨਾਵਲ ***ਕੌਰਵ ਸਭਾ*** ਦੇ ਪ੍ਰਸੰਗ ਵਿਚ ਵਿਆਖਿਆ ਕਰਦੇ ਹੋਏ ਹੋਰ ਪਹਿਲੂ ਤੋਂ ਵੀ ਪੂੰਜੀਵਾਦੀ ਵਿਵਸਥਾ ਅਤੇ ਇਸ ਵਿਚਲੇ ਪ੍ਰਬੰਧਕੀ ਸਿਸਟਮਾਂ ਦੇ ਕਿਰਦਾਰ ਨੂੰ ਖੋਲਣ ਦੀ ਕੋਸ਼ਿਸ਼ ਕੀਤੀ ਹੈ। ਉਹ ਵੇਦ ਅਤੇ ਉਸ ਦੇ ਭਤੀਜਿਆਂ ਵਿਚਕਾਰ ਚਲ ਰਹੀ ਖਿਚੋ-ਤਾਣ ਨੂੰ ਸਮਾਪਤ ਕਰਨ ਲਈ ਆਧੁਨਿਕ ਕਚਹਿਰੀ ਦੇ ਮੁਕਾਬਲੇ ਭਾਈਚਾਰਕ ਕਚਹਿਰੀ ਦੇ ਮਹੱਤਵ ਨੂੰ ਉਜਾਗਰ ਕਰਦਾ ਲਿਖਦਾ ਹੈ:

> *ਆਪਸੀ ਵਿਸ਼ਵਾਸ, ਭਾਈਚਾਰਕ ਕਦਰਾਂ-ਕੀਮਤਾਂ ਅਤੇ ਖ਼ੁਦਾ ਦੇ ਖ਼ੌਫ਼ ਉਪਰ ਖੜੀ ਫਿਊਡਲ ਕਿਸਮ ਦੀ ਭਾਈਚਾਰਕ ਕਚਹਿਰੀ ਦਾ ਪੱਲਾ ਛੱਡਕੇ ਵੇਦ ਇਨਸਟਰੁਮੈਂਟਰ ਰੀਜ਼ਨ ਉਪਰ ਟਿਕੀ ਪੂੰਜੀਵਾਦੀ ਕਿਸਮ ਦੀ ਆਧੁਨਿਕ ਕਚਹਿਰੀ ਦੇ ਰਾਹ ਪੈਂਦਾ ਹੈ। ਦੂਸਰੇ ਉਹ ਬੁਰਜੂਆ ਸਮਾਜ ਖ਼ਾਸ ਕਰਕੇ ਕੁਮੋਡਿਟੀ ਫੈਟਿਸਿਜ਼ਮ ਅਤੇ ਉਪਭੋਗਤਾਵਾਦ ਦੁਆਰਾ ਸਿਰਜੇ ਸੁਪਨਿਆਂ ਦੇ ਪਿਛੇ ਲੱਗਕੇ ਕਿਸੇ ਵੀ ਕੀਮਤ ਤੇ ਪਲਾਟ ਹਾਸਲ ਕਰਨਾ ਚਾਹੁੰਦਾ ਸੀ .... ਇਸ ਲਈ ਉਹ ਭਾਈਚਾਰਕ ਕਚਹਿਰੀ ਦਾ ਰਸਤਾ ਤਿਆਗ ਕੇ ਆਧੁਨਿਕ ਕਚਹਿਰੀ ਦੇ ਰਾਹ ਪੈ ਜਾਂਦਾ ਹੈ।*[31]

ਉਹ ਅੱਗੇ ਲਿਖਦਾ ਹੈ:

*ਪਹਿਲੀ ਕਚਹਿਰੀ ਵਿਚ ਫੈਸਲਾ ਦੋਹਾਂ ਧਿਰਾਂ ਨੇ ਪਰਿਵਾਰਕ ਸੰਗ ਸ਼ਰਮ ਅਤੇ ਭਾਈਚਰਕ ਕਦਰਾਂ-ਕੀਮਤਾਂ ਦੇ ਆਧਾਰ 'ਤੇ ਸਾਲਸਾਂ ਅਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿਚ ਆਪ ਕਰਨਾ ਸੀ। ਬਿਨਾਂ ਕਿਸੇ ਤੀਸਰੀ ਧਿਰ ਦੀ ਦਖ਼ਲ-ਅੰਦਾਜ਼ੀ ਦੇ। ਇਸ ਕਰਕੇ ਕਿਸੇ ਲੁੱਟ ਖਸੁੱਟ, ਰਿਸ਼ਵਤ ਖੋਰੀ, ਸਿਆਸੀ ਪ੍ਰਭਾਵ ਆਦਿ ਲਈ ਕੋਈ ਥਾਂ ਨਹੀਂ ਸੀ। ਪਰ ਨਵੀਂ ਆਧੁਨਿਕ ਕਚਹਿਰੀ ਵਿਚ ਫੈਸਲਾ ਉਸ ਤੀਸਰੀ ਧਿਰ ਨੇ ਕਰਨਾ ਸੀ, ਜਿਸ ਦੀ ਪਹਿਲੀਆਂ ਦੋਨੋਂ ਧਿਰਾਂ ਨਾਲ ਕੋਈ ਹਮਦਰਦੀ ਜਾਂ ਭਾਵਕ ਸਾਂਝ ਨਹੀਂ ਸੀ ਪੜਤਾਲ, ਸ਼ਹਾਦਤ, ਨਿਰੀਖਣ, ਕਾਨੂੰਨੀ ਬਹਿਸ ਅਤੇ ਵਿਧੀ ਵਿਧਾਨਾਂ ਦੇ ਨਾਮ ਉਪਰ ਖੜੀ ਕੀਤੀ ਗਈ ਉਸ ਲੰਮੀ ਚੌੜੀ ਅਫ਼ਸਰ ਸ਼ਾਹੀ (ਬਿਊਰੋਕਰੇਸੀ ਆਫ਼ ਦਾ ਲਾਅ) ਦੀਆਂ ਰਿਪੋਰਟਾਂ ਦੇ ਆਧਾਰ 'ਤੇ ਹੋਣਾ ਸੀ ਜੋ ਆਪਣੇ ਆਪ ਵਿਚ ਹੀ ਇਕ ਲੋਟੂ ਧਿਰ ਬਣ ਗਈ ਹੈ।*[32]

ਇਸ ਸਭ ਦਾ ਭਿਆਨਕ ਸਿੱਟਾ ਇਹ ਨਿਕਲਿਆ ਕਿ ਪਰਿਵਾਰਕ ਸੰਬੰਧ ਹਮੇਸ਼ਾ ਲਈ ਖ਼ਤਮ ਹੋ ਗਏ ਅਤੇ ਦੋਹਾਂ ਪਰਿਵਾਰਾਂ ਦੇ ਖ਼ੂਨ ਵਿਚ ਦੁਸ਼ਮਣੀ ਦੇ ਬੀਜ ਬੀਜੇ ਗਏ। ਤੀਜੇ, ਕਤਲ ਤੇ ਬਲਾਤਕਾਰ ਦੇ ਨਾਲ ਨਾਲ ਕਾਨੂੰਨ ਕਚਹਿਰੀ ਦੀ ਖੱਜਰ-ਖ਼ੁਆਰੀ ਸਹੇੜ ਲਈ ਜਿਸ ਨੇ ਦੋਵੇਂ ਪਰਿਵਾਰਾਂ ਦਾ ਆਰਥਿਕ ਪੱਖੋਂ ਵੀ ਨੁਕਸਾਨ ਕਰਨਾ ਸੀ। ਇਉਂ ਇਹ ਨਾਵਲ ਜਿਥੇ ਨਿਆਂਕਾਰੀ ਦੇ ਪੂੰਜੀਵਾਦੀ ਮਾਡਲ ਦੀ ਨਿੰਦਿਆ ਕਰਦਾ ਹੈ ਉਥੇ ਇਹ ਭਾਈਚਾਰਕ ਕਚਹਿਰੀ ਅਥਵਾ ਦੋਨੋਂ ਧਿਰਾਂ ਦੇ ਕਿਸੇ ਸਾਂਝੇ/ਸਾਲਸੀ ਫ਼ੈਸਲੇ ਨੂੰ ਸਵੀਕਾਰੇ ਜਾਣ ਦਾ ਗਲਪੀ ਤਰਕ ਵੀ ਸਿਰਜਦਾ ਹੈ। ਆਦਰਸ਼ ਪੱਧਰ 'ਤੇ ਤਾਂ ਭਾਵੇਂ ਇਹ ਦਰੁਸਤ ਹੈ, ਪਰੰਤੂ ਵਿਹਾਰਕ ਪੱਧਰ 'ਤੇ ਅਜਿਹਾ ਸੰਭਵ ਨਹੀਂ। ਕਾਰਣ, ਪੂੰਜੀਵਾਦੀ ਵਿਵਸਥਾ ਜਿਸ ਤਰ੍ਹਾਂ ਦੀਆਂ ਸਥਿਤੀਆਂ, ਵਰਤਾਰਿਆਂ ਅਤੇ ਰਾਜਸੀ-ਆਰਥਿਕ ਸਿਸਟਮਾਂ ਨੂੰ ਜਨਮ ਦਿੰਦੀ ਹੈ, ਉਸ ਵਿਚ

ਜਿਥੇ ਮਨੁੱਖ ਦੀ ਸੋਚ ਬਦਲਦੀ ਹੈ, ਉਥੇ ਮਾਨਵੀ-ਮੁੱਲਾਂ ਅਤੇ ਮਾਨਵੀ ਸੰਬੰਧਾਂ ਦੀ ਵਿਆਕਰਣ ਵੀ ਬਦਲ ਜਾਂਦੀ ਹੈ। ਵਰਤਮਾਨ ਦੀਆਂ ਸਮੱਸਿਆਵਾਂ ਦੇ ਕਾਰਣਾਂ ਅਤੇ ਇਸ ਦੇ ਭਵਿੱਖਮੁਖੀ ਇਲਾਜ ਲਈ ਸਾਨੂੰ ਫਿਊਡਲ ਸੋਚ ਤੇ ਵਿਧੀ ਵਿਧਾਨਾਂ ਨੂੰ ਪੁਨਰ ਸੁਰਜੀਤ ਕਰਨ ਦੀ ਥਾਂ ਰਾਜ ਦੇ ਪੂੰਜੀਵਾਦੀ ਢਾਂਚੇ ਦੀ ਥਾਂ ਰਾਜ ਦੇ ਸਮਾਜਵਾਦੀ ਢਾਂਚੇ ਦੀ ਲੋੜ ਹੈ। ਇਤਿਹਾਸ ਵਿਕਾਸਮੁਖੀ ਹੁੰਦਾ ਹੈ, ਪਿਛਾਂਹਮੁਖੀ ਨਹੀਂ।

ਇਸ ਦੇ ਬਦਲਾਉ ਲਈ ਸਮਾਜਵਾਦੀ ਚੇਤਨਾ ਦੇ ਉਭਾਰ ਦੀ ਲੋੜ ਹੈ। ਵਸਤੂ-ਸਥਿਤੀ ਦਾ ਵਿਅੰਗ ਇਸ ਗੱਲ ਵਿਚ ਹੈ ਕਿ ਅੱਜ ਅਖੌਤੀ ਪੱਧਰ ’ਤੇ ਜਿਹੜੇ ਲੋਕਪੱਖੀ ਸੰਗਠਨ ਹੋਂਦ ਵਿਚ ਆਏ ਹਨ, ਉਨ੍ਹਾਂ ਦੇ ਕਾਰਕੁਨਾਂ ਦਾ ਸੁਭਾ ਵੀ ਨਿਜਵਾਦੀ/ਵਿਅਕਤੀਵਾਦੀ ਹੈ। ਇਸ ਨਾਵਲ ਦੀ ਇਕ ਪ੍ਰਾਪਤੀ ਅਜਿਹੇ ਅਖੌਤੀ ਸੰਗਠਨਾਂ, ਬੁੱਧੀਜੀਵੀਆਂ, ਪੱਤਰਕਾਰਾਂ-ਸਿਖਿਅਕ ਅਤੇ ਸਾਹਿਤਕ ਸੰਸਥਾਵਾਂ ਵਿਚ ਮੋਢੀ ਬਣੇ ਵਿਅਕਤੀਆਂ ਦੇ ਅਸਲ ਕਿਰਦਾਰ ਤੋਂ ਪਰਦਾ ਚੁੱਕਣ ਵਿਚ ਵੀ ਹੈ। ਅਜਿਹੇ ਲੋਕ ਜਿਥੇ ਪ੍ਰਗਤੀਵਾਦੀ ਚੇਤਨਾ ਨੂੰ ਢਾਹ ਲਾ ਕੇ ਲੋਕ-ਸੰਘਰਸ਼ਾਂ ਨੂੰ ਕਮਜ਼ੋਰ ਕਰਨ ’ਚ ਆਪਣੀ ਨਕਾਰਾਤਮਕ ਭੂਮਿਕਾ ਨਿਭਾ ਰਹੇ ਹਨ, ਉਥੇ ਇਕ ਤਰ੍ਹਾਂ ਨਾਲ ਪੂੰਜੀਵਾਦੀ ਵਿਵਸਥਾ ਦੀ ਸੇਵਾ ਵੀ ਕਰ ਰਹੇ ਹਨ। ਸਾਡੀਆਂ ਰਾਜਸੀ ਤੇ ਪ੍ਰਬੰਧਕੀ ਸੰਸਥਾਵਾਂ ਵਿਚ ਜਿਸ ਤਰ੍ਹਾਂ ਦੀਆਂ ਵਿਸੰਗਤੀਆਂ ਅਤੇ ਵਿਰੋਧਤਾਵਾਂ ਪੈਦਾ ਹੋਈਆਂ ਹਨ, ਉਨ੍ਹਾਂ ਦੇ ਪਾਸਾਰ ਵਿਚ ਇਨ੍ਹਾਂ ਦਾ ਵੀ ਯੋਗਦਾਨ (ਵਿਅੰਗ) ਹੈ। ਇਥੋਂ ਤਕ ਇਹ ਲੋਕ ਨਿਆਂ-ਪ੍ਰਣਾਲੀ ਦੀ ਕਾਰਜ-ਸ਼ੈਲੀ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਸ ਰਾਹੀਂ ਇਹ ਆਪਣੇ ਹਿੱਤ ਪਾਲਦੇ ਹਨ।

ਲੋਕਤੰਤਰੀ ਸਟੇਟ ਵਿਚ ਮੀਡੀਆ ਅਤੇ ਪ੍ਰੈਸ ਦਾ ਬਹੁਤ ਯੋਗਦਾਨ ਹੁੰਦਾ ਹੈ। ਇਨ੍ਹਾਂ ਰਾਹੀਂ ਲੋਕਾਂ ਕੋਲ ਤੱਥਾਂ ਬਾਰੇ ਜਾਣਕਾਰੀ ਮਿਲਦੀ ਹੈ। ਇਹੀ ਨਹੀਂ, ਇਹ ਇਕ ਤਰ੍ਹਾਂ ਦੀ ਅਜਿਹੀ ਅੱਖ ਹੁੰਦੀ ਹੈ ਜਿਹੜੀ ਲੋਕਤੰਤਰੀ ਸਟੇਟ ਦੇ

ਰਾਜਸੀ, ਪ੍ਰਬੰਧਕੀ ਅਤੇ ਸੰਸਥਾਈ ਅਦਾਰਿਆਂ ਉਤੇ ਹਮੇਸ਼ਾ ਟਿਕੀ ਰਹਿੰਦੀ ਹੈ। ਉਨ੍ਹਾਂ ਦੀ ਕਾਰਗੁਜਾਰੀ, ਕਮਜ਼ੋਰੀਆਂ ਅਤੇ ਕਾਰਜਸ਼ੈਲੀ ਵਿਚਲੇ ਸੱਚ ਨੂੰ ਲੋਕਾਂ ਅੱਗੇ ਲਿਆਉਣਾ ਅਤੇ ਲੋਕ-ਰਾਇ ਪੈਦਾ ਕਰਨਾ ਹੈ। ਪਰੰਤੂ ਪੂੰਜੀਵਾਦੀ ਵਿਵਸਥਾ ਵਿਚ ਇਹ ਲੋਕ-ਰਾਇ ਦਮਨ ਦਾ ਅਜਿਹਾ ਵਿਚਾਰਧਾਰਾਈ ਹਥਿਆਰ ਬਣਦੀ ਹੈ ਜਿਸ ਰਾਹੀਂ ਉਹ ਲੋਕਾਂ ਦੇ ਮਨ ਅੰਦਰ ਬਾਹਰੀ ਯਥਾਰਥ, ਇਸ ਦੇ ਵਰਤ ਵਰਤਾਰਿਆਂ, ਲੋਕ-ਸੋਚ ਨੂੰ ਅਜਿਹਾ ਬਣਾਉਣ ਵਿਚ ਸਹਿਯੋਗ ਕਰਦੇ ਹਨ ਜਿਸ ਤਰ੍ਹਾਂ ਸੱਤਾ ਚਾਹੁੰਦੀ ਹੈ ਕਿ ਲੋਕ ਵੇਖਣ, ਸੋਚਣ ਅਤੇ ਕਰਨ। ਇਥੋਂ ਤਕ ਕਿ ਇਹ ਸਾਧਾਰਨ ਬੰਦੇ ਦੀਆਂ ਰੁਚੀਆਂ, ਦਿਲਚਸਪੀਆਂ ਅਤੇ ਪਸੰਦ-ਨਾ-ਪਸੰਦ ਤਕ ਨੂੰ ਆਪਣੇ ਕੰਟਰੋਲ ਵਿਚ ਲਿਆਉਂਦੀ ਹੈ। ਵਰਤਮਾਨ ਜੁਗ ਵਿਚ ਇਸ ਦੇ ਵਿਆਪਕ ਪਾਸਾਰ ਪਿਛੇ ਵੀ ਪੂੰਜੀਵਾਦੀ ਸੁਭਾ ਵਾਲੀ ਸੱਤਾ ਦਾ ਇਹੀ ਹਿੱਤ ਹੈ। ਲੋਕਤੰਤਰੀ ਸਟੇਟ ਵਿਚ ਇਹ ਰਾਜ ਦਾ ਚੌਥਾ ਥੰਮ੍ਹ ਬਣਨ ਦੀ ਥਾਂ, ਵਿਸ਼ੇਸ਼ ਜਮਾਤ ਦੇ ਹਿੱਤਾਂ ਦੀ ਰਾਖੀ ਦਾ ਥੰਮ ਬਣਿਆ ਹੈ, ਕਿਉਂਕਿ ਇਸ ਉਤੇ ਜ਼ਿਆਦਾ ਕੰਟਰੋਲ ਇਸੇ ਜਮਾਤ ਦਾ ਹੈ। ਆਪਣੇ ਸੰਗਠਨੀ ਤੇ ਕਾਰਜਸ਼ਾਲੀ ਰੂਪ ਵਿਚ ਇਹ ਐਨਾ ਸ਼ਕਤੀਸ਼ਾਲੀ ਬਣ ਚੁੱਕਾ ਹੈ ਕਿ ਤੱਥਾਂ ਦੇ ਆਧਾਰ ’ਤੇ ਫੈਸਲੇ ਕਰਨ ਵਾਲੇ ਜੱਜ ਤਕ ਵੀ ਆਪਣਾ ਫੈਸਲਾ ਦੇਣ ਸਮੇਂ ਇਸ ਤੋਂ ਪ੍ਰਭਾਵਿਤ ਹੋ ਜਾਂਦੇ ਹਨ। ਨਾਵਲੀ ਬਿਰਤਾਂਤ ਜਿਸ ਵਾਰਦਾਤ ਨੂੰ ਕੇਂਦਰ ਵਿਚ ਰਖਕੇ ਆਪਣਾ ਸਾਰਾ ਉਸਾਰ ਤੇ ਬਿਰਤਾਂਤਕੀ ਉਚਾਰ ਸਿਰਜਦਾ ਹੈ ਉਸ ਦੀ ਕੇਂਦਰੀ ਪਾਤਰ ਨਿਹਾ ਹੈ *‘‘ਜਿਸ ਨੇ ਪੱਤਰਕਾਰੀ ਦਾ ਡਿਪਲੋਮਾ ਕੀਤਾ ਹੋਇਆ ਸੀ ... ਸ਼ੌਕ ਦੇ ਤੌਰ ਤੇ ਉਹ ਪ੍ਰੈਸ ਟਰਸਟ ਆਫ਼ ਇੰਡੀਆ ਲਈ ਬਤੌਰ ਫਰੀ ਲਾਂਸਰ ਕੰਮ ਕਰ ਰਹੀ ਸੀ। ਸਾਗਰ ਨਾਂ ਦੇ ਪ੍ਰਸਿੱਧ ਪੱਤਰਕਾਰ ਨਾਲ ਉਸ ਦੇ ਪ੍ਰੇਮ ਸੰਬੰਧ ਸਨ। ਦੋਹਾਂ ਦੀ ਸਗਾਈ ਹੋਣ ਵਾਲੀ ਸੀ। ਸਾਗਰ ਕਾਰਣ ਸ਼ਹਿਰ ਦੇ ਪੱਤਰਕਾਰਾਂ ਲਈ ਵਕਾਰੀ ਕੇਸ ਬਣ ਗਿਆ ਸੀ। ਕੱਲ੍ਹ ਤੋਂ ਹਰ ਨੁੱਕਤੇ ਨੇ ਅਖ਼ਬਾਰ ਵਿਚ ਉਛਲਣਾ ਸੀ।’’*[33] ਜਦੋਂ ਪੰਕਜ ਆਪਣੇ ਵਕੀਲ

ਨੂੰ ਪੁਛਦਾ ਹੈ ਕਿ ਉਹਨਾਂ ਦੇ ਕੇਸ ਵਿਚ ਕਿੰਨਾ ਕੁ ਦਮ ਹੈ ਤਾਂ ਉਹ ਵਕੀਲ ਦਸਦਾ ਹੈ ਕਿ ਨਾ ਤਾਂ ਉਹਨਾਂ ਦਾ ਪਰਚੇ ਵਿਚ ਨਾਂ ਹੈ ਅਤੇ ਨਾ ਹੀ ਪਰਚੇ ਵਿਚ ਇਹ ਕਿਧਰੇ ਦਰਜ ਹੈ ਕਿ ਇਹ ਵਾਰਦਾਤ ਉਨ੍ਹਾਂ ਦੀ ਸ਼ਹਿ 'ਤੇ ਹੋਈ ਹੈ। ''ਤਾਂ ਫੇਰ ਆਪਣੇ ਉਲਟ ਫੇਰ ਕੀ ਜਾਂਦਾ ਹੈ?'' ਪੰਕਜ ਦੇ ਇਸ ਸਵਾਲ ਦੇ ਜਵਾਬ ਵਿਚ ਵਕੀਲ ਦਸਦਾ ਹੈ:

> *ਸੱਚੀ ਗੱਲ ਸਮਝ ਲਓ। ਅਖਬਾਰਾਂ ਵਿਚ ਬਹੁਤ ਖਬਰਾਂ ਲੱਗ ਗਈਆਂ ਹਨ। ਯੂਨੀਵਰਸਿਟੀਆਂ ਵਿਚ ਹੜਤਾਲ ਹੈ। ਸ਼ਹਿਰ ਵਿਚ ਜਲੂਸ ਨਿਕਲ ਰਿਹਾ ਹੈ। ਇਹ ਸਭ ਦਾ ਜੱਜ ਤੇ ਅਸਰ ਪਏਗਾ।*[34]

ਪੁਲਿਸ ਸਾਡੀ ਸਹਾਇਤਾ ਕਰਨ ਤੋਂ ਘਬਰਾਏਗੀ। ਪ੍ਰੈੱਸ ਨੂੰ ਚੁੱਪ ਕਰਵਾਉਣ ਲਈ ਉਸ ਨੇ ਜੋ ਢੰਗ ਸੁਝਾਇਆ ਉਸ ਅਨੁਸਾਰ:

> *ਅਖ਼ਬਾਰਾਂ ਦੇ ਸੰਪਾਦਕਾਂ ਨਾਲ ਸੰਪਰਕ ਕੀਤਾ ਜਾਵੇ। ਕੁਝ ਇਸ਼ਤਿਹਾਰ ਫੌਰੀ ਤੌਰ 'ਤੇ ਅਖ਼ਬਾਰਾਂ ਨੂੰ ਦਿੱਤੇ ਜਾਣ। ਵੱਡੇ ਇਸ਼ਤਿਹਾਰਾਂ ਦਾ ਵਾਅਦਾ ਕੀਤਾ ਜਾਵੇ। ਮਾਇਆ ਨਗਰ ਵਿਚ ਹਜਾਰਾਂ ਅਜਿਹੇ ਉਦਯੋਗ ਹਨ ਜਿਨ੍ਹਾਂ ਦੇ ਵੱਡੇ ਇਸ਼ਤਿਹਾਰ ਅਖ਼ਬਾਰਾਂ ਵਿਚ ਛਪਦੇ ਸਨ। ਉਹਨਾਂ ਨੂੰ ਆਪਣੀਆਂ ਪਬਲਿਸਿਟੀ ਏਜੰਸੀਆਂ ਰਾਹੀਂ ਅਖ਼ਬਾਰਾਂ ਤੇ ਦਬਾਅ ਪਾਉਣਾ ਚਾਹੀਦਾ ਸੀ। ਬਹੁਤ ਨਹੀਂ ਤਾਂ ਪੰਕਜ ਹੋਰਾਂ ਦੇ ਆਪਣੇ ਅਤੇ ਰਿਸ਼ਤੇਦਾਰਾਂ ਦੇ ਇਸ਼ਤਿਹਾਰ ਇਸ ਯੋਜਨਾ ਤਹਿਤ ਦਿੱਤੇ ਜਾਣੇ ਚਾਹੀਦੇ ਸਨ। ਅਖ਼ਬਾਰ ਛੋਟਾ ਹੋਵੇ ਜਾਂ ਵੱਡਾ। ਇਸ਼ਤਿਹਾਰ ਬਿਨਾਂ ਕਿਸੇ ਦਾ ਗੁਜ਼ਾਰਾ ਨਹੀਂ। ਮਜਬੂਰੀ ਵੱਸ ਅਖ਼ਬਾਰਾਂ ਨੂੰ ਉਹਨਾਂ ਨਾਲ ਸਮਝੌਤਾ ਕਰਨਾ ਪੈਣਾ ਸੀ।*[35]

ਅਮਰਜੀਤ ਸਿੰਘ ਗਰੇਵਾਲ ਨੇ ਪੱਤਰਕਾਰਤਾ ਦੀ ਸਿਆਸਤ ਨੂੰ ਇਸ ਨਾਵਲ ਦੇ ਬਿਰਤਾਂਤ ਦਾ ਅੰਗ ਬਣੇ ਮੀਡੀਆ ਤੇ ਪ੍ਰੈੱਸ ਦੀ ਭੂਮਿਕਾ ਦੇ ਪ੍ਰਸੰਗ ਵਿਚ ਲਿਖਿਆ ਹੈ:

> *ਪੱਤਰਕਾਰੀ ਦੇ ਪ੍ਰਾਈਵੇਟ ਉਦਯੋਗ ਨੂੰ ਸਮਝੇ ਬਿਨਾਂ ਪੱਤਰਕਾਰਤਾ ਦੀ ਸਿਆਸਤ ਅਤੇ ਵਿਚਾਰਧਾਰਾ ਨੂੰ ਨਹੀਂ ਸਮਝਿਆ ਜਾ ਸਕਦਾ। ਮੀਡੀਆ ਪ੍ਰਮੁੱਖ ਤੌਰ 'ਤੇ ਇਸ਼ਤਿਹਾਰਾਂ ਦੀ ਆਮਦਨ ਰਾਹੀਂ ਹੀ ਚਲਦਾ ਹੈ। ਬਹੁਤ ਸਾਰੇ ਵੱਡੇ ਅਖ਼ਬਾਰਾਂ ਦੇ ਸੰਬੰਧ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਉਹਨਾਂ ਦਾ 60 ਪ੍ਰਤਿਸ਼ਤ ਤੋਂ ਵਧੇਰੇ ਰੈਵੀਨਿਊ ਇਹਨਾਂ ਇਸ਼ਤਿਹਾਰਾਂ ਤੋਂ ਹੀ ਆਉਂਦਾ ਹੈ। ਕੋਈ ਅਖ਼ਬਾਰ ਇਸ਼ਤਿਹਾਰ ਤੋਂ ਕਿੰਨਾ ਪੈਸਾ ਕਮਾਉਂਦਾ ਹੈ, ਇਹ ਗੱਲ ਅਖ਼ਬਾਰਾਂ ਦੇ ਪਾਠਕਾਂ ਦੀ ਗਿਣਤੀ ਉਪਰ ਨਿਰਭਰ ਕਰਦੀ ਹੈ। ਅਖ਼ਬਾਰ ਉਹੋ ਕੁਝ ਛਾਪਦੇ ਹਨ ਜੋ ਅਖ਼ਬਾਰ ਦੀ ਸਰਕੂਲੇਸ਼ਨ ਵਧਾਉਣ ਵਿਚ ਸਹਾਈ ਹੁੰਦਾ ਹੈ। ਇਸੇ ਕਰਕੇ ਅਖ਼ਬਾਰਾਂ ਵਿਚ ਗਿਆਨ ਘੱਟ ਅਤੇ ਮਨ ਪਰਚਾਵੇ ਦਾ ਮਾਲ ਵਧੇਰੇ ਛੱਪਦਾ ਹੈ।*[36]

ਪੱਤਰਕਾਰਤਾ ਤੇ ਮੀਡੀਆ ਦੀ ਐਥਿਕਸ ਵਿਚ ਆਈ ਗਿਰਾਵਟ ਦਾ ਕਾਰਣ ਇਕ ਨਹੀਂ। ਇਸ ਦੇ ਅਨੇਕ ਕਾਰਣ ਹਨ ਜਿਨ੍ਹਾਂ ਵਿਚ ਮੀਡੀਆ ਨਾਲ ਜੁੜੇ ਪੱਤਰਕਾਰਤਾ ਨੂੰ ਘੱਟ ਤੋਂ ਘੱਟ ਉਜਰਤ ਦੇਣਾ ਪ੍ਰਮੁੱਖ ਹੈ। ਅਖ਼ਬਾਰਾਂ ਦੇ ਮਾਲਕ ਜੇ ਇਸ਼ਤਿਹਾਰਾਂ ਰਾਹੀਂ ਪੈਸਾ ਕਮਾਉਂਦੇ ਹਨ ਤਾਂ ਇਹ ਲੋਕ ਸਨਸਨੀਖੇਜ਼ ਜਾਂ ਅਜਿਹੀਆਂ ਖ਼ਬਰਾਂ ਜਿਨਾਂ ਰਾਹੀਂ ਇਹ ਭ੍ਰਿਸ਼ਟ ਅਫ਼ਸਰਾਂ, ਸਿਆਸੀ ਬੰਦਿਆਂ, ਸਰਕਾਰੀ ਤੇ ਅਰਧ-ਮਹਿਕਮਿਆਂ ਨੂੰ ਬਲੈਕਮੇਲ ਕਰਕੇ ਜਾਂ ਤੱਥਾਂ ਦੇ ਉਲਟ ਇਨ੍ਹਾਂ ਦੇ ਹੱਕ ਵਿਚ ਖ਼ਬਰਾਂ ਛਪਾ ਕੇ ਉਨ੍ਹਾਂ ਤੋਂ ਆਰਥਿਕ ਲਾਭ ਲੈਂਦੇ ਹਨ। ਇਹ ਲੋਕ

ਇਕ ਪਰੈਸ਼ਰ ਗਰੁੱਪ ਵਜੋਂ ਵੀ ਕਾਰਜ ਕਰਦੇ ਹਨ ਜਿਨ੍ਹਾਂ ਦੇ ਦਬਾਅ ਵਿਚ ਨਿਆਂ ਪਾਲਿਕਾ ਤਕ ਆ ਜਾਂਦੇ ਹਨ।

ਇਸੇ ਤਰ੍ਹਾਂ ਸਾਡੀਆਂ ਅਖੌਤੀ ਲੋਕ ਪੱਖੀ ਸੰਸਥਾਵਾਂ ਦੇ ਕਾਰਜੀ ਸੁਭਾ ਵਿਚ ਪੈਸੇ ਅਤੇ ਪ੍ਰਸਿਧੀ ਦੀ ਲਲਕ ਨਜ਼ਰ ਆਉਂਦੀ ਹੈ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਨੇ ***ਕੌਰਵ ਸਭਾ*** ਨਾਵਲ ਦੇ ਬਿਰਤਾਂਤਕ ਪ੍ਰਸੰਗਾਂ ਵਿਚ ਸਾਡੀ ਸਰਮਾਇਆਦਾਰੀ ਵਿਵਸਥਾ ਵਿਚ ਇਨ੍ਹਾਂ ਦੇ ਸੁਭਾਅ ਦੀ ਪਛਾਣ ਕਰਦੇ ਹੋਏ ਲਿਖਿਆ ਹੈ:

> *ਸਰਮਾਇਆਦਾਰੀ ਵਿਵਸਥਾ ਦੀ ਇਕ ਖ਼ੂਬੀ ਇਹ ਹੈ ਕਿ ਉਹ ਸਾਧਾਰਨ ਬੰਦੇ ਦੀ ਪੱਧਰ ਤਕ ਪੈਸੇ ਦੀ ਲਲਕ ਪੈਦਾ ਕਰਕੇ ਉਸ ਅੰਦਰ ਅਮੀਰ ਬਣਨ ਦਾ ਸੁਪਨਾ ਸਿਰਜਦੀ ਹੈ; ਪਰ ਪੂਰਤੀ ਘੱਟ ਦੀ ਹੁੰਦੀ ਹੈ ਅਤੇ ਬਹੁਤ ਵੱਧ ਦੀ ਕੀਮਤ 'ਤੇ ਹੁੰਦੀ ਹੈ। ਇਸ ਲਈ ਉਹ ਜਾਂ ਤਾਂ ਧੌਂਸ ਦੀ ਵਿਧੀ ਵਰਤਦੇ ਹਨ ਜਾਂ ਪਾਖੰਡ ਦੀ। ਰਾਮ ਲੁਭਾਇਆ ਠੇਕੇਦਾਰ, ਡਾਇਰੀ ਵਾਲਾ ਭਲਵਾਨ ਪਹਿਲੀ ਵਿਧੀ ਦੀ ਅਤੇ ਕਲਿਆਣੀ ਮਾਤਾ ਦੂਜੀ ਵਿਧੀ ਦੀ ਉਦਾਹਰਣ ਹਨ।*[37]

ਉਹ ਅੱਗੇ ਲਿਖਦਾ ਹੈ:

> *ਸਥਿਤੀ ਦਾ ਵਿਅੰਗ ਇਹ ਹੈ ਕਿ ਸਾਡੀ ਪ੍ਰੈੱਸ ਤੇ ਸਾਡੀਆਂ ਅਖੌਤੀ ਪ੍ਰਗਤੀਵਾਦੀ ਸੰਸਥਾਵਾਂ ਦੀ ਭੂਮਿਕਾ ਵੀ ਨਿਜ ਸੁਆਰਥ ਵਾਲੀ ਰੁਚੀ ਤੇ ਟਿਕੀ ਹੈ। ਇਹ ਇਕ ਅਜਿਹਾ ਸੱਚ ਹੈ ਜਿਸ ਦਾ ਯਥਾਰਥ ਇਸ ਨਾਵਲ ਦੀ ਵਸਤ ਦੇ ਇਕ ਸਜੀਵ ਅੰਗ ਵਜੋਂ ਰੂਪਮਾਨ ਹੋਇਆ ਹੈ।*[38]

ਇਉਂ, ਪ੍ਰੈੱਸ, ਮੀਡੀਆ, ਅਖੌਤੀ ਪ੍ਰਗਤੀਸ਼ੀਲ ਸੰਸਥਾਵਾਂ ਆਦਿ ਲੋਕਰਾਜੀ ਸਟੇਟ ਵਿਚ ਇਕ ਮਜਬੂਤ ਤੇ ਸਕਰਾਤਮਕ ਧਿਰ ਵਜੋਂ ਆਪਣੀ ਭੂਮਿਕਾ ਨਿਭਾਉਣ ਦੀ ਥਾਂ ਵਿਵਸਥਾ ਦੇ ਸਮੁੱਚੇ ਅਤੇ ਸੰਸਥਾਵਾਂ ਵਿਚ ਪਸਰੇ ਭ੍ਰਿਸ਼ਟਾਚਾਰ ਵਰਗੇ

ਵਰਤਾਰੇ ਦੀਆਂ ਸਹਾਇਕ ਕੜੀਆਂ ਬਣਦੀਆਂ ਹਨ ਜਿਨ੍ਹਾਂ ਦਾ ਮੁਖ ਪ੍ਰਯੋਜਨ ਨਿਜੀ-ਹਿਤ ਦੀ ਪੂਰਤੀ ਜਾਂ ਪੈਸਾ ਕਮਾਉਣਾ ਹੈ। ਪਰੰਤੂ ਇਸ ਨਾਵਲ ਦੇ ਬਿਰਤਾਂਤਕ ਅਮਲ ਦਾ ਇਕ ਅਜਿਹਾ ਪੱਖ ਵੀ ਹੈ ਜਿਹੜਾ ਅਜਿਹੀ ਭਿਆਨਕ ਤੇ ਨਿਰਾਸ਼ਾਜਨਕ ਸਥਿਤੀ ਵਿਚ ਵੀ ''ਵਿਰੋਧਾਂ ਦੀ ਏਕਤਾ'' ਦੇ ਸਿਧਾਂਤ ਅਨੁਸਾਰ ਉਸ ਧਿਰ ਦੇ ਪਛਾਣ-ਚਿੰਨ੍ਹ ਵੱਲ ਸੰਕੇਤ ਵੀ ਕਰਦਾ ਹੈ ਜਿਹੜੀ ਪੈਸੇ ਦੀ ਸ਼ਕਤੀ ਅਤੇ ਪੈਸੇ ਦੀ ਰਾਜਨੀਤੀ ਵਾਲੇ ਅਜਿਹੀ ਵਿਆਪਕ ਵਿਵਸਥਾ ਵਿਚ ਗੁਣਾਤਮਕ ਪਰਿਵਰਤਨ ਲਿਆਉਣ ਲਈ ਕੁਝ ਕਰਨ ਦਾ ਸੰਕਲਪ ਕਰਦਾ ਹੈ। ਇਸ ਨਾਵਲ ਵਿਚ ਪੇਸ਼ ਹੋਇਆ ਪਾਤਰ ਹਰੀਸ਼ ਰਾਏ ਇਕ ਚਿੰਤਕ ਅਤੇ ਨੌਜੁਆਨ ਵਕੀਲ ਹੈ। ਉਸ ਅਨੁਸਾਰ ਸਾਡੀ ਨਿਆਂ ਪ੍ਰਣਾਲੀ ਵਿਚ ਦੋ ਵੱਡੀਆਂ ਕਮਜ਼ੋਰੀਆਂ ਹਨ। ਪਹਿਲੀ, ਇਸ ਵਿਚ ਵਿਆਪਕ ਪੱਧਰ 'ਤੇ ਪਸਰਿਆ ਭ੍ਰਿਸ਼ਟਾਚਾਰ ਅਤੇ ਦੂਜਾ, ਇਸ ਦਾ ਮੁਜ਼ਰਮ ਪੱਖੀ ਪੈਂਤੜਾ। ਇਨ੍ਹਾਂ ਦੋਹਾਂ ਪੱਧਰਾਂ 'ਤੇ ਸੁਧਾਰ ਲਈ ਉਹ ਮੌਜੂਦਾ ਨਿਆਂ-ਪ੍ਰਣਾਲੀ ਵਿਚ ਤਬਦੀਲੀ ਦਾ ਤਰਕ ਪੇਸ਼ ਕਰਦਾ ਹੈ। ਉਸਨੇ ''ਵਿਕਟਮ ਵੈਲਫੇਅਰ ਸੁਸਾਇਟੀ'' ਦਾ ਗਠਨ ਕੀਤਾ ਅਤੇ ਉਹ ਇਸ ਸੋਸਾਇਟੀ ਦੇ ਉਦੇਸ਼ਾਂ ਅਤੇ ਪੈਂਤੜੇ ਬਾਰੇ ਵੀ ਸਪਸ਼ਟ ਹੈ। ਇਸੇ ਲਈ ਉਹ ਪੰਕਜ ਤੇ ਨੀਰਜ ਧਿਰ ਦੇ ਉਲਟ ਕੇਸ ਖ਼ੁਦ ਲੜਨ ਲਈ ਰਾਜੀ ਹੋ ਗਿਆ। ਲੇਖਕ ਨੇ ਭਾਵੇਂ ਸਾਡੀ ਤ੍ਰਾਸਦਿਕ ਬਣੀ ਵਸਤੂ-ਸਥਿਤੀ ਵਿਚ ਗੁਣਾਤਮਕ ਪਰਿਵਰਤਨ ਲਿਆਉਣ ਲਈ ਕਿਸੇ ਵਿਆਪਕ ਚੇਤਨਾ ਅਤੇ ਵਿਆਪਕ ਲੋਕ-ਪੱਖੀ ਸੰਘਰਸ਼ ਦੇ ਫੈਲਾਅ ਦਾ ਕੋਈ ਵਿਚਾਰਧਾਰਾਈ ਤੇ ਸੰਘਰਸ਼ੀ ਪੈਂਤੜਾ ਤਾਂ ਪੇਸ਼ ਨਹੀਂ ਕੀਤਾ, ਪਰੰਤੂ ਅਜਿਹੀ ਸਥਿਤੀ ਵਿਚ ਇਸ ਦੇ ਉਭਰਨ ਦੇ ਸੰਕੇਤ ਜ਼ਰੂਰ ਦਿੱਤੇ ਹਨ, ਜਿਹੜੇ ਇਸੇ ਸਿਸਟਮ ਉਤੇ ਸੁਧਾਰ ਲਈ ਪਾਏ ਦਬਾਅ ਰਾਹੀਂ ਹਾਸਲ ਕੀਤੇ ਜਾ ਸਕਦੇ ਹਨ। ਸੱਚ ਇਹ ਹੈ ਕਿ ਜਦੋਂ ਇਹ ਦਬਾਅ ਕਿਸੇ ਲੋਕ-ਅੰਦੋਲਨ ਦੇ ਰੂਪ ਵਿਚ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰੇਗਾ ਤਾਂ ਸਾਡੀ ''ਹਿਊਮਨ ਰਾਈਟਸ'' ਵਰਗੀਆਂ ਸੰਸਥਾਵਾਂ ਦੇ ਅੰਦੋਲਨ ਬਾਅਦ ਕੁਝ

ਰਾਹਤਾਂ ਜਾਂ ਕਾਨੂੰਨੀ ਤਰਮੀਮਾਂ ਕਰਵਾਉਣ ਵਿਚ ਸਫ਼ਲ ਹੋ ਜਾਵੇਗਾ ਪਰੰਤੂ ਇਸ ਤਰ੍ਹਾਂ ਦੇ ਸੰਘਰਸ਼ ਰਾਹੀਂ ਨਾ ਤਾਂ ਬੁਨਿਆਦੀ ਪ੍ਰਬੰਧਕੀ ਸਿਸਟਮ ਦੇ ਸਟਰਕਚਰ ਬਦਲਣ ਅਤੇ ਨਾ ਹੀ ਇਨ੍ਹਾਂ ਦਾ ਬੁਨਿਆਦੀ ਸੁਭਾ। ਇਸ ਦੇ ਬਾਵਜੂਦ ਨਾਵਲਕਾਰ ਨੇ ਪ੍ਰਾਪਤ ਸਥਿਤੀ ਦੀ ਜਟਿਲਤਾ ਦੇ ਪ੍ਰਸੰਗ ਵਿਚ ਸਕਾਰਾਤਮਕ ਸ਼ਕਤੀਆਂ ਦੇ ਸਜੱਗ ਤੇ ਸੰਘਰਸ਼ਸ਼ੀਲ ਹੋਣ ਦੇ ਸਪਸ਼ਟ ਸੰਕੇਤ ਦਿੱਤੇ ਹਨ, ਭਾਵੇਂ ਇਹ ਅਜੇ ਸ਼ੁਰੂਆਤੀ ਪੱਧਰ ਦੇ ਹਨ।

ਨਾਵਲੀ ਬਿਰਤਾਂਤ ਦਾ ਵੱਡਾ ਭਾਗ ਕਿਉਂਕਿ ਨਿਆਇਕ ਪ੍ਰਕਿਰਿਆ ਦੀ ਸਮੁੱਚਤਾ ਨਾਲ ਜੁੜਿਆ ਹੈ, ਇਸ ਲਈ ਪੁਲਿਸ, ਸਿਹਤ ਵਿਭਾਗ ਤੇ ਸਰਕਾਰੀ ਵਕੀਲਾਂ ਦੀ ਵਿਕਟਮ ਧਿਰ ਅਤੇ ਮੁਜਰਮ ਧਿਰ ਦੋਹਾਂ ਤੋਂ ਪੈਸਾ ਬਣਾਉ ਤਫ਼ਤੀਸ਼ ਤੋਂ ਬਾਅਦ ਜਦੋਂ ਇਹ ਕੇਸ ਕਚਹਿਰੀ ਵਿਚ ਦਾਖ਼ਲ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਸਾਡੇ ਕਾਨੂੰਨ ਦੀ ਰਖਵਾਲੀ, ਵਿਆਖਿਆ ਅਤੇ ਕਚਹਿਰੀ ਵਿਚ ਜੱਜ ਲਈ ਕਾਨੂੰਨੀ ਸਹਾਇਕ ਬਣਨ ਵਾਲੇ ਬੁਧੀਜੀਵ ਵਕੀਲ ਦੇ ਰੂਪ ਵਿਚ ਆਉਂਦੇ ਹਨ। ਉਹ ਆਪਣੇ ਗਾਹਕਾਂ (clients) ਤੋਂ ਵੱਡੀਆਂ ਵੱਡੀਆਂ ਰਕਮਾਂ ਸੱਚ ਤੇ ਝੂਠ ਨਿਤਾਰਣ ਲਈ ਨਹੀਂ, ਸਗੋਂ ਇਸ ਲਈ ਲੈਂਦੇ ਹਨ ਜਿਸ ਨਾਲ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾਇਆ ਜਾ ਸਕੇ। ਕਾਨੂੰਨੀ ਢੁਚਰਾਂ ਅਟਕਾਉਣੀਆਂ, ਆਪਣੇ ਤੋਂ ਵੱਡੇ ਵਕੀਲਾਂ ਨੂੰ ਕੇਸ ਦਿਵਾ ਕੇ ਕਮਿਸ਼ਨ ਲੈਣਾ, ਜੱਜਾਂ ਨਾਲ ਮਿਲਕੇ ਫ਼ੈਸਲੇ ਕਰਵਾਉਣੇ ਅਤੇ ਬਦਲੇ ਵਿਚ ਆਪਣੀ ਕਲਾਇੰਟ ਧਿਰ ਤੋਂ ਉਨ੍ਹਾਂ ਨੂੰ ਮੋਟੀਆਂ ਰਕਮਾਂ ਦਿਵਾਉਣਾ, ਕਚਹਿਰੀ ਦੇ ਦੂਜੇ ਅਮਲੇ-ਫ਼ੈਲੇ ਨਾਲ ਨਜ਼ਾਇਜ਼ ਕੰਮ ਲਈ ਗੱਠਤੁੰਮ ਕਰਨੀ ਆਦਿ ਇਨ੍ਹਾਂ ਦੇ ਕੌਰਵੀ ਤੇ ਕਾਰਜੀ ਚਰਿਤ੍ਰ ਦਾ ਅਜਿਹਾ ਪੱਖ ਹੈ ਜਿਹੜਾ ਭਰਵੇਂ ਰੂਪ ਵਿਚ ਇਸ ਨਾਵਲ ਵਿਚ ਰੂਪਮਾਨ ਹੋਇਆ ਹੈ।

ਵਕੀਲ ਸ਼੍ਰੇਣੀ ਦੇ ਅਜਿਹੇ ਚਰਿਤ੍ਰ ਦੀ ਪ੍ਰਤਿਨਿਧਤਾ ਨੰਦ ਲਾਲ ਵਕੀਲ ਕਰਦਾ ਹੈ ਜਿਸ ਦੀ ਪੁਲਿਸ ਵਿਭਾਗ ਵਿਚ ਵੀ ਪੂਰੀ ਚੜ੍ਹਤ ਸੀ। ਉਸ ਦੇ ਫੋਨ

ਉਪਰ ਕੰਮ ਹੁੰਦੇ ਸਨ। ਇਸ ਦੀ ਫੀਸ ਵੀ ਦੂਜੇ ਵਕੀਲਾਂ ਤੋਂ ਵੱਧ ਸੀ। ਉਮਰ ਦਾ ਵਡੇਰਾ ਹੋਣ ਕਰਕੇ ਹੁਣ ਇਸ ਦੀ ਥਾਂ ਸਿੰਗਲੇ ਨੇ ਲਈ ਹੋਈ ਸੀ। ਸਿੰਗਲਾ ਨੰਦ ਲਾਲ ਦਾ ਚੇਲਾ ਹੈ ਅਤੇ ਗੁਰੂ ਦੇ ਸਾਰੇ ਦਾਅ ਪੇਚ ਉਸਨੂੰ ਵੀ ਆ ਗਏ ਹਨ। ਉਸਨੂੰ ਸਰਕਾਰੀ ਵਕੀਲਾਂ, ਕਚਹਿਰੀ ਦੇ ਅਮਲੇ-ਫੈਲੇ ਅਤੇ ਜੱਜਾਂ ਤਕ ਦੀ ਪੂਰੀ ਸਮਝ ਹੈ। ਉਹ ਇਹ ਵੀ ਜਾਣਦਾ ਹੈ ਕਿਸ ਦੀ ਕਿੰਨੀ ਕੁ ਔਕਾਤ ਹੈ ਅਤੇ ਕਿੰਨਾ ਕੁ ਮੁੱਲ। ਉਸ ਅਨੁਸਾਰ ਹੀ ਉਹ ਆਪਣੇ ਕਲਾਇੰਟ ਨਾਲ ਗੱਲ ਕਰਦਾ ਸੀ। ਨੰਦ ਲਾਲ ਵੀ ਵਕਾਲਤ ਵਿਚ ਗੁਰੂ ਸੀ। ਉਸਨੇ ਪੰਕਜ ਤੇ ਨੀਰਜ ਤੋਂ ਪਹਿਲਾਂ ਹੀ ਵੱਡੀ ਰਕਮ ਮੰਗੀ ਅਤੇ ਘਰਬਾਏ ਹੋਏ ਭਰਾਵਾਂ ਨੂੰ ਹੌਸਲਾ ਦਿੰਦਿਆਂ ਉਨ੍ਹਾਂ ਨੂੰ ਤਿੰਨ ਜ਼ਰੂਰੀ ਕਾਨੂੰਨੀ ਅਸੂਲ ਯਾਦ ਰੱਖਣ ਲਈ ਕਿਹਾ:

> *ਪਹਿਲਾ ਕਿ ਜਿਸ ਬੰਦੇ ਨੂੰ ਵੀ ਅੱਗੇ ਲਾਓ ਉਸ ਤੇ ਪੂਰਾ ਭਰੋਸਾ ਰੱਖੋ। ਇਥੇ ਮਿੰਟ ਮਿੰਟ 'ਤੇ ਪੈਰ ਤਿਲਕਦਾ ਹੈ। ਕਿਸੇ ਮਦਦ ਕਰ ਰਹੇ ਅਫ਼ਸਰ ਦੀ ਮਜ਼ਬੂਰੀ ਹੋ ਜਾਵੇ ਇਹ ਨਾ ਸਮਝਣਾ ਕਿ ਉਹ ਗਦਾਰੀ ਕਰ ਗਿਆ। ਦੂਜਾ ਨੁਕਤਾ ਹੈ ਸਬਰ ਰੱਖਣ ਦਾ। ਫੌਜ਼ਦਾਰੀ ਮੁਕੱਦਮਿਆਂ ਵਿਚ ਨਤੀਜੇ ਹੌਲੀ-ਹੌਲੀ ਨਿਕਲਦੇ ਹਨ। ਤੱਤਾ ਚੱਕੋਗੇ ਤਾਂ ਸੜੇਗੀ। ਤੀਜਾ ਨੁਕਤਾ ਇਹ ਹੈ ਕਿ ਤੁਹਾਡੇ ਕੋਲ ਪੈਸੇ ਹਨ। ਇਸ ਨੂੰ ਦਿਲ ਖੋਲ੍ਹ ਕੇ ਵਰਤੋ।*[39]

ਇਉਂ, ਉਹ ਆਪਣੇ ਕਲਾਇੰਟ ਨੂੰ ਦੋ ਗੱਲਾਂ ਲਈ ਮਾਨਸਿਕ ਤੌਰ 'ਤੇ ਤਿਆਰ ਕਰ ਲੈਂਦਾ ਹੈ- ਪਹਿਲਾ ਕਿ ਉਹ ਉਸ 'ਤੇ ਵਿਸ਼ਵਾਸ਼ ਕਰਨ ਅਤੇ ਪੈਸੇ ਬਦਲੇ ਕੰਮ ਨਾ ਹੋਣ ਦੀ ਸੂਰਤ ਵਿਚ ਵੀ ਉਸ 'ਤੇ ਦੋਸ਼ ਨਾ ਲਾਉਣ; ਦੂਜਾ ਕਿ ਉਹ ਪੈਸੇ ਪ੍ਰਤਿ ਕੰਜੂਸੀ ਨਾ ਵਰਤਣ, ਕਿਉਂਕਿ ਪੈਸਾ ਵਟੋਰਨਾ ਹੀ ਤਾਂ ਨੰਦ ਲਾਲ ਦੀ ਵਕੀਲੀ ਕਲਾ ਹੈ।

ਵਕੀਲਾਂ ਵਿਚ ਵੀ ਆਪਸੀ ਪਰੋਫੈਸ਼ਨਲ ਈਰਖਾ ਹੁੰਦੀ ਹੈ। ਸਿੰਗਲਾ ਭਾਵੇਂ ਨੰਦ ਲਾਲ ਦਾ ਚੇਲਾ ਹੈ ਪਰੰਤੂ ਉਹ ਵੱਡੀ ਮੁਰਗੀ ਨੂੰ ਆਪ ਭਰਮਾਉਣ ਦੇ ਚੱਕਰ ਵਿਚ ਹੈ ਅਤੇ ਅੰਤ ਕਾਮਯਾਬ ਵੀ ਹੋ ਜਾਂਦਾ ਹੈ। ਇਉਂ ਵਕੀਲ ਦਾ ਕਿੱਤਾ ਨਿਆਂ ਦੀ ਐਥਿਕਸ ਉਤੇ ਖੜ੍ਹਣ ਦੀ ਥਾਂ ਪੈਸੇ ਦੀ ਲਲਕ ਪੂਰਤੀ ਉਤੇ ਖੜ੍ਹਾ ਹੈ। ਨਿਆਂ ਦੀ ਕਚਹਿਰੀ ਵਿਚ ਪ੍ਰੈਕਟਿਸ ਕਰਨ ਵਾਲੇ ਵਕੀਲਾਂ ਵਿਚੋਂ ਹਰੀਸ਼ ਰਾਏ ਵਰਗੇ ਵਕੀਲ ਹਨ ਜਿਹੜੇ ਆਪਣੀ ਵਕਾਲਤ ਦੀ ਐਥਿਕਸ 'ਤੇ ਪਹਿਰਾ ਦਿੰਦੇ ਹੋਏ ਇਸ ਵਿਚ ਸੁਧਾਰ ਦੀ ਗੱਲ ਕਰਦੇ ਹਨ।

ਇਸੇ ਤਰ੍ਹਾਂ ਕੋਰਟਾਂ ਵਿਚਲੇ ਨਿਚਲੇ ਜੱਜਾਂ ਤੋਂ ਲੈ ਕੇ ਉਪਰੀਆਂ ਕਚਹਿਰੀ ਦੇ ਜੱਜਾਂ ਤਕ ਸਭ ਇਸੇ ਪੈਸੇ ਦੀ ਲਲਕ ਵਿਚ ਹਨ। ਉਹ ਕਾਨੂੰਨ ਅਤੇ ਇਨਸਾਫ਼ ਉਤੇ ਪਹਿਰਾ ਦੇਣ ਦੀ ਥਾਂ ਆਪਣੇ ਅਹੁੱਦਿਆਂ ਦੀ ਪੈਸੇ ਲਈ ਵਰਤੋਂ ਤੇ ਦੁਰਵਰਤੋਂ ਕਰਦੇ ਹਨ। ਜਿੰਨਾ ਅਹੁੱਦਾ ਉੱਚਾ ਉਨੇ ਹੀ ਵੱਧ ਪੈਸੇ। ਅਦਾਲਤ ਵਲੋਂ ਜੋ ਫ਼ੈਸਲਾ ਦਿੱਤਾ ਗਿਆ ਸੀ ਉਹ ਪੈਸੇ ਦੀ ਤਾਕਤ ਤੇ ਪੈਸੇ ਦੀ ਚਤੁਰਾਈ ਦਾ ਹੀ ਸਿੱਟਾ ਸੀ। ਨਿਹਾ ਦੀ ਆਪਣੇ ਮਾਮੇ ਰਾਮ ਨਾਥ ਨਾਲ ਭਾਰਤੀ ਕਾਨੂੰਨ ਬਾਰੇ ਹੋਈ ਚਰਚਾ ਸਾਡੀ ਨਿਆਂ-ਪ੍ਰਣਾਲੀ ਦੇ ਉਸ ਸੱਚ ਨੂੰ ਬਿਆਨ ਕਰਦੀ ਹੈ ਜਿਥੇ, ''ਕਾਨੂੰਨ ਮੁਲਜਮਾਂ ਨੂੰ ਧਰਮਰਾਜ ਦੇ ਪੁੱਤਰ ਸਮਝਦਾ ਹੈ'' ਅਤੇ ''ਕਾਨੂੰਨ ਦੋਸ਼ੀਆਂ ਦੇ ਹੱਕ ਵਿਚ ਭੁਗਤਦਾ ਹੈ।'' ਇਹ ਇਸੇ ਪ੍ਰਸੰਗ ਵਿਚ ਹੈ ਕਿ ਸਾਧੂ ਸਿੰਘ ਵਰਗੇ ਜੱਜ ਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਉਹ ਮੁਕੱਦਮੇ ਦਾ ਫੈਸਲਾ ਖ਼ੁਦ ਕਿਉਂ ਨਹੀਂ ਕਰ ਸਕਿਆ, ਭਾਵੇਂ ਉਹ ਆਪਣੀ ਨਿਯੁਕਤੀ ਦੇ ਆਖ਼ਰੀ ਸਮੇਂ ਤਕ ਇਸ ਕੇਸ ਬਾਰੇ ਆਪਣਾ ਫੈਸਲਾ ਦੇਣਾ ਚਾਹੁੰਦਾ ਸੀ ਸਾਧੂ ਸਿੰਘ ਅਨੁਸਾਰ ਇਹ ਫੈਸਲਾ ਇਸ ਤਰ੍ਹਾਂ ਹੋਣਾ ਸੀ:

> *ਕਾਨੂੰਨ ਦੀ ਕਸਵੱਟੀ ਤੇ ਸਬੂਤ ਖਰੇ ਉਤਰਨ ਜਾਂ ਨਾ ਪਰ ਸੱਚ ਉਹੋ ਸੀ ਜੋ ਗਵਾਹਾਂ ਨੇ ਬਿਆਨਿਆ ਸੀ। ਪੰਕਜ ਤੇ ਨੀਰਜ ਨੇ ਜਾਤੀ*

*ਰੰਜਸ਼ ਕੱਢਣ ਲਈ ਇਹ ਸਾਜਿਸ਼ ਘੜੀ ਸੀ। ਠੇਕੇਦਾਰ ਤੇ ਉਸ ਦੇ ਸਾਥੀਆਂ ਨੇ ਇਹ ਵਾਰਦਾਤ ਕੀਤੀ ਸੀ। ਪੰਕਜ ਦੀ ਥਾਂ ਕਤਲ ਦੀਨੇ ਨੇ ਕੀਤਾ ਸੀ ਜਾਂ ਦੀਨੇ ਦੀ ਥਾਂ ਸੱਟਾਂ ਪੰਡਤ ਨੇ ਮਾਰੀਆਂ ਸਨ ਇਹ ਰਦੋਂ ਬਦਲ ਹੋ ਸਕਦਾ ਸੀ। ਸਚਾਈ ਇਹ ਵੀ ਸੀ ਕਿ ਨਿਹਾ ਨਾਲ ਬਲਾਤਕਾਰ ਹੋਇਆ ਸੀ ... ਕਿਸ ਕਿਹੜਾ ਜੁਰਮ ਕਿਸ ਨਿਯਤ ਨਾਲ ਕੀਤਾ ਸੀ, ਸਾਧੂ ਸਿੰਘ ਨੇ ਇਨ੍ਹਾਂ ਝੰਜਟਾਂ ਵਿਚ ਨਹੀਂ ਸੀ ਪੈਣਾ। ਉਸਨੂੰ ਸਾਰੇ ਦੋਸ਼ੀ ਸਾਂਝੀ ਨਿਯਤ ਦਾ ਸਿਧਾਂਤ ਲਗਾ ਕੇ ਸਭ ਨੂੰ ਕਤਲ ਅਤੇ ਡਕੈਤੀ ਦਾ ਦੋਸ਼ੀ ਗਰਦਾਨ ਦੇਣਾ ਸੀ ਅਤੇ ਫਾਂਸੀ ਦੀ ਸਜਾ ਸੁਣਾ ਦੇਣੀ ਸੀ।*[40]

ਪਰੰਤੂ ਸਾਧੂ ਸਿੰਘ ਦੇ ਅਜਿਹੇ ਸੰਭਾਵੀ ਫੈਸਲੇ ਨੂੰ ਨੰਦ ਲਾਲ ਵਕੀਲ ਨੇ ਭਾਂਪਿਆ ਹੋਇਆ ਸੀ। ਉਹ ਚਾਹੁੰਦਾ ਸੀ ਕਿ ਕਿਸੇ ਕਾਨੂੰਨੀ ਨੁਕਤੇ ਦੇ ਆਧਾਰ ’ਤੇ ਇਸ ਕੇਸ ਨੂੰ ਹੋਰ ਲਮਕਾਇਆ ਜਾਵੇ, ਜਿਸ ਵਿਚ ਉਹ ਸਫ਼ਲ ਹੋ ਗਿਆ। ਪਰੰਤੂ ਅਜਿਹੀ ਕਾਨੂੰਨੀ ਕੋਸ਼ਿਸ਼ ਵਿਚ ਜੱਜ ਸਾਧੂ ਸਿੰਘ ਨੇ ਜਿਵੇਂ ਨੰਦ ਲਾਲ ਦੀ ਅੰਦਰਲੀ ਆਤਮਾ ਨੂੰ ਝੰਜੋੜਿਆ ਉਸ ਤੋਂ ਨੰਦ ਲਾਲ ਬਚ ਨਾ ਸਕਿਆ। ਉਸ ਨੂੰ ਅਹਿਸਾਸ ਹੋਇਆ ਜਿਵੇਂ ਕਿ ਉਹ ਇਹ ਕੇਸ ਜਿੱਤ ਕੇ ਵੀ ਨੈਤਿਕ ਪੱਧਰ ਤੇ ਹਾਰ ਜਾਵੇਗਾ। ਉਸ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਜਿਵੇਂ ਉਸ ਦੀ ਹਾਰ ਹੋਈ ਹੋਵੇ। ਇਉਂ ਫੈਸਲਾ ਸਾਧੂ ਸਿੰਘ ਦੀ ਥਾਂ ਭਗਤ ਰਾਮ ਨੇ ਦਿਤਾ। ਉਹ ਸਾਧੂ ਸਿੰਘ ਦੀ ਥਾਂ ਭਗਤ ਰਾਮ ਨੂੰ ਮਾਇਆ ਨਗਰ ਵਿਚ ਸੈਸ਼ਨ ਜੱਜ ਲਗਾਉਣਾ ਚਾਹੁੰਦਾ ਸੀ।

*ਹਜ਼ਾਰੀ ਲਾਲ ਨੂੰ ਚੀਫ਼ ਜਸਟਿਸ ਬਣਾਕੇ ਚੰਡੀਗੜ੍ਹ ਰਖਵਾਉਣ ਵਾਲਾ ਸਾਬਕਾ ਐਮ.ਪੀ. ਸ਼ੁਕਲਾ ਸੀ, ਇਹ ਸਾਰਾ ਹਾਈਕੋਰਟ ਜਾਣਦਾ ਸੀ। ਨੰਦ ਲਾਲ ਦੇ ਸ਼ੁਕਲੇ ਨਾਲ ਨਿੱਜੀ ਸੰਬੰਧ ਸਨ ਇਹ ਕੇਵਲ ਭਗਤ*

*ਰਾਮ ਜਾਣਦਾ ਸੀ। ਆਪਣੀ ਮਰਜ਼ੀ ਦਾ ਜੱਜ ਮਾਇਆ ਨਗਰ ਲਗਾਉਣ ਲਈ ਪੰਕਜ ਸ਼ੁਕਲੇ ਨੂੰ ਮੋਟੀ ਰਕਮ ਦੇ ਰਿਹਾ ਸੀ, ਇਹ ਕੇਵਲ ਨੰਦ ਲਾਲ ਜਾਣਦਾ ਸੀ।*[41]

ਪਰੰਤੂ, ਜੇ ਭਗਤ ਰਾਮ ਮਾਇਆ ਨਗਰ ਦਾ ਸ਼ੈਸ਼ਨ ਜੱਜ ਨਹੀਂ ਲੱਗ ਸਕਿਆ ਇਸ ਦਾ ਕਾਰਣ ਸੋਸਾਇਟੀ ਦਾ ਜ਼ੋਰ ਸੀ ਪਰੰਤੂ ਫਿਰ ਵੀ ਚੀਫ਼ ਜਸਟਿਸ ਨੇ ਉਥੇ ਮੰਗਤ ਰਾਮ ਨਾਂ ਦਾ ਸ਼ੈਸ਼ਨ ਜੱਜ ਲਾਇਆ। ਉਹ ਭਾਵੇਂ ਨੰਦ ਲਾਲ ਦੀ ਪਸੰਦ ਨਹੀਂ ਸੀ ਪਰੰਤੂ ਐਮ.ਪੀ. ਨੇ ਚੀਫ਼ ਕੋਲੋਂ ਪੁਛਕੇ ਇਹ ਵਿਸ਼ਵਾਸ਼ ਦਿਵਾਇਆ:

*ਪੇੜ ਨਾ ਗਿਣੋ, ਅੰਬ ਖਾਓ। ਮੰਗਤ ਰਾਮ ਆਪਣੇ ਕੰਮ ਦੀ ਸ਼ੁਰੂਆਤ ਪੰਕਜ ਹੋਰਾਂ ਨੂੰ ਬਰੀ ਕਰਕੇ ਕਰੇਗਾ। ਬਿਨਾਂ ਕੋਈ ਝਾਕ ਰੱਖੇ।*[42]

ਮੰਗਤ ਰਾਮ ਚੀਫ਼ ਦਾ ਵਫ਼ਾਦਾਰ ਸੀ। ਸਾਰੀਆਂ ਸ਼ਰਤਾਂ ਖੋਲ੍ਹ ਕੇ ਉਸ ਨੂੰ ਮਾਇਆ ਨਗਰ ਲਾਇਆ ਗਿਆ ਸੀ। ਭਾਵੇਂ ਸਾਧੂ ਸਿੰਘ ਦੀ ਆਖ਼ਰੀ ਦਿਨ ਦੀ ਵਿਅੰਗਾਤਮਕ ਮੁਸਕਾਨ ਨੰਦ ਲਾਲ ਦੇ ਸੀਨੇ ਵਿਚ ਛੁਰੇ ਵਾਂਗ ਖੁਭ ਗਈ ਜਿਸਦੇ ਸਿੱਟੇ ਵਜੋਂ ਉਹ ਆਪਣੀ ਕਰਨੀ 'ਤੇ ਪਸ਼ਚਾਤਾਪ ਕਰਨ ਲੱਗਾ। ਹੁਣ ਉਹ ਮੁਲਜਮਾਂ ਨੂੰ ਬਰੀ ਕਰਵਾਉਣ ਤੋਂ ਕਤਰਾਉਣ ਲੱਗਾ। ਉਸ ਨੂੰ ਅਹਿਸਾਸ ਹੋਇਆ ਕਿ ਇਹ ਵਕਾਲਤ ਨਹੀਂ ਕਾਨੂੰਨੀ ਅਪਰਾਧ ਹੈ। ਹੁਣ ਉਸ ਨੂੰ ਸਾਧੂ ਸਿੰਘ ਤੇ ਹਰੀਸ਼ ਰਾਏ ਵਕੀਲ ਠੀਕ ਜਾਪਣ ਲਗ ਪਏ। ਇਸੇ ਪਸ਼ਚਾਤਾਪ ਵਿਚ ਉਸਨੇ ਸਿੰਗਲੇ ਨੂੰ ਆਪਣੇ ਘਰ ਬੁਲਾਕੇ ਸਾਰੀ ਸਥਿਤੀ ਸਮਝਾਈ। ਹੁਣ ਉਸ ਦੀ ਤਬੀਅਤ ਖ਼ਰਾਬ ਸੀ ਤੇ ਉਹ ਬਹਿਸ ਕਰਨ ਦੇ ਯੋਗ ਨਹੀਂ ਸੀ। ਬਹਿਸ ਇਕੱਲੇ ਸਿੰਗਲੇ ਨੇ ਹੀ ਕਰਨੀ ਸੀ। ਸਿੰਗਲੇ ਨੂੰ ਘਬਰਾਉਣ ਦੀ ਲੋੜ ਨਹੀਂ ਸੀ। ਉਨ੍ਹਾਂ ਨੂੰ ਸਾਰਾ ਪਤਾ ਸੀ ਜੋ ਪਹਿਲਾਂ ਹੀ ਤੈਅ ਸੀ।

ਭਗਤ ਰਾਮ ਨੇ ਜੋ ਫੈਸਲਾ ਕੀਤਾ ਉਹ ਕਾਨੂੰਨੀ ਤਰਕ ਅਨੁਸਾਰ ਨਹੀਂ ਸੀ। ਇਸ ਕੇਸ ਵਿਚ ਭਗਤ ਰਾਮ ਨੇ ਵੀ ਪੈਸਾ ਲਿਆ ਪਰੰਤੂ ਸੋਚ ਵਿਚਾਰਨ ਤੋਂ

ਬਾਅਦ। ਪੈਸਾ ਹਜ਼ਮ ਕਰਨ ਲਈ ਉਸਨੇ ਮੁਖ-ਦੋਸ਼ੀ ਪੰਕਜ ਤੇ ਨੀਰਜ ਨੂੰ ਬਾਇਜ਼ਤ ਬਰੀ ਕਰ ਦਿੱਤਾ ਅਤੇ ਇਸ ਵਾਰਦਾਤ ਵਿਚ ਸ਼ਾਮਲ ਦੋਸ਼ੀਆਂ ਨੂੰ ਜੋ ਸਜਾ ਸੁਣਾਈ ਉਹ ਸਾਡੀ ਭਾਰਤੀ ਨਿਆਂ ਪ੍ਰਣਾਲੀ ਦਾ ਮਜ਼ਾਕ ਹੀ ਨਹੀਂ ਉਡਾਉਂਦੀ, ਸਗੋਂ ਪੈਸੇ ਦੀ ਸ਼ਕਤੀ ਦਾ ਵੀ ਪ੍ਰਦਰਸ਼ਨ ਕਰਦੀ ਹੈ। ਸਥਿਤੀ ਦਾ ਸਭ ਤੋਂ ਵੱਡਾ ਵਿਅੰਗ ਅਤੇ ਤ੍ਰਾਸਦੀ ਇਹ ਹੈ ਕਿ ਸਾਡੀ ਸੁਤੰਤਰ ਨਿਆਂ ਪ੍ਰਣਾਲੀ ਦੇ ਇਸ ਫੈਸਲੇ ਨਾਲ ''ਮਜਰੂਬ ਹਸਪਤਾਲ ਵਿਚ ਪਏ ਸਨ। ਦੋਸ਼ੀ ਘਰ ਨੂੰ ਚੱਲੇ ਹਨ।'' ਦੋਸ਼ੀਆਂ ਦਾ ਵਕੀਲ ਜੇਤੂ ਅੰਦਾਜ਼ ਵਿਚ ਮੁਲਜ਼ਮਾਂ ਅਤੇ ਉਸਦੇ ਪਰਿਵਾਰ ਅੱਗੇ ਇਹ ਸਪਸ਼ਟ ਕਰਦਾ ਹੈ:

> *ਓਏ ਸਜ਼ਾ ਕਿਥੇ ਗਈ? ਇਹ ਤੇ ਬਰੀ ਹੋ ਗਿਆ। ਤਿੰਨ ਸਾਲ ਦੀ ਸਜ਼ਾ ਹੋਈ ਹੈ। ਦੋ ਸਾਲੇ ਕੱਟੇ ਗਏ। ਇਕ ਸਾਲ ਦੀ ਸਜਾ ਸਰਕਾਰ ਨੇ ਮੁਆਫ਼ ਕਰ ਰੱਖੀ। ਇਹ ਤੇ ਸ਼ਾਮ ਨੂੰ ਘਰ ਆਇਆ ਲਉ। ਲਿਆਓ ਮੇਰਾ ਇਨਾਮ ਕੱਢੋ।*[42]

ਬਿਰਤਾਂਤ ਦੀ ਇਹ ਸਥਿਤੀ ਸਾਡੀ ਨਿਆਂ ਪ੍ਰਣਾਲੀ ਵਿਚ ਫ਼ੈਲੇ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ, ਪੱਖਪਾਤ, ਮੂੰਹ-ਮੁਲਾਹਜਾ ਅਤੇ ਕਾਨੂੰਨ ਦੀਆਂ ਕਮਜ਼ੋਰੀਆਂ ਦੇ ਯਥਾਰਥ ਦਾ ਪਰਦਾਫ਼ਾਸ ਕਰਦੀ ਹੋਈ ਸਾਡੀ ਨਿਆਇਕ ਵਿਵਸਥਾ ਵਿਚ ਰਾਜਸੀ ਤੇ ਪ੍ਰਬੰਧਕੀ ਮਿਲੀ ਭੁਗਤ ਅਤੇ ਦਖਲਅੰਦਾਜ਼ੀ ਦੇ ਸੱਚ ਨੂੰ ਨਾਵਲੀ ਅਮਲ ਦੀ ਕਲਾਤਮਕਤਾ ਵਿਚ ਪੇਸ਼ ਕਰਦੀ ਹੈ।

ਇਉਂ, ਮਿੱਤਰ ਸੈਨ ਮੀਤ ਦਾ ਇਹ ਨਾਵਲ ਸਾਡੀ ਨਿਆਂ-ਪ੍ਰਣਾਲੀ ਨੂੰ ਆਪਣੇ ਕੇਂਦਰ ਵਿਚ ਰਖਦਾ ਹੋਇਆ ਸਾਡੀ ਪੂੰਜੀਵਾਦੀ ਤੇ ਲੋਕਤੰਤਰਕ ਸਟੇਟ ਦੇ ਪ੍ਰਤਿਨਿਧ ਉਪ-ਸਿਸਟਮਾਂ, ਰਾਜਸੀ ਪਾਰਟੀਆਂ ਅਤੇ ਰਾਜਸੀ ਨੇਤਾਵਾਂ, ਸਾਡੀ ਸਮਾਜਕ ਤੇ ਆਰਥਿਕ ਬਣਤਰਾਂ, ਸਾਡੀਆਂ ਸਭਿਆਚਾਰਕ ਮਾਨਤਾਵਾਂ, ਸਾਡੀਆਂ ਮਾਨਵੀ ਹੱਕਾਂ ਤੇ ਲੋਕ-ਸੰਘਰਸ਼ ਨਾਲ ਜੁੜੀਆਂ ਅਖੌਤੀ ਸੰਸਥਾਵਾਂ ਆਦਿ ਵਿਚ ਵਿਆਪਕ ਰੂਪ ਵਿਚ

ਪਸਰੀਆਂ ਵਿਸੰਗਤੀਆਂ, ਵਿਗਾੜਾਂ ਵਿਰੋਧਤਾਵਾਂ ਅਤੇ ਭ੍ਰਿਸ਼ਟਾਚਾਰ ਵਰਗੀਆਂ ਕਮਜ਼ੋਰੀਆਂ/ਬੀਮਾਰੀਆਂ ਨੂੰ ਕਿਸੇ ਸਮਾਜ-ਸ਼ਾਸਤਰ/ਅਰਥ ਸ਼ਾਸਤਰ ਦੀ ਗਿਆਨ-ਮੂਲਕ ਵਿਧੀ ਰਾਹੀਂ ਨਹੀਂ, ਸਗੋਂ ਗਲਪੀ ਸਾਹਿਤ ਦੀ ਸੁਹਜਾਤਮਕ ਤੇ ਸਿਰਜਣਾਤਮਕ ਵਿਧੀ ਰਾਹੀਂ ਸਾਕਾਰ ਕਰਦਾ ਹੈ। ਵੱਡੀ ਪ੍ਰਾਪਤੀ ਇਹ ਹੈ ਕਿ ਇਹ ਨਾਵਲ ਵਸਤੂ ਯਥਾਰਥ ਦੀ ਭਿਆਨਕਤਾ ਦੇ ਪ੍ਰਸੰਗ ਵਿਚ ਕਿਸੇ ਰੁਮਾਂਟਿਕ ਜਾਂ ਆਦਰਸ਼ਵਾਦੀ ਨਾਇਕ ਦਾ ਸਿਰਜਣ ਕਰਨ ਦੀ ਥਾਂ, ਅਜਿਹੀ ਬਣੀ ਅਮਾਨਵੀ ਸਥਿਤੀ ਪ੍ਰਤਿ ਪਾਠਕ ਅੰਦਰ ਨਫ਼ਰਤ ਵੀ ਪੈਦਾ ਕਰਦਾ ਹੈ ਅਤੇ ਬੇਚੈਨੀ ਵੀ। ਅਜਿਹੀ ਨਫ਼ਤਰ ਤੇ ਬੇਚੈਨੀ ਹੀ ਅਸਲ ਵਿਚ ਅਜਿਹੀ ਵਿਵਸਥਾ ਵਿਚ ਬਦਲਊ ਦੀ ਸੋਚ ਪੈਦਾ ਕਰ ਸਕਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਕੇਸਰ ਸਿੰਘ ਕੇਸਰ, **''ਪੈਸੇ ਦੀ ਸ਼ਕਤੀ ਦਾ ਪ੍ਰਵਚਨ : ਕੌਰਵ ਸਭਾ''**, ***ਕੌਰਵ ਸਭਾ: ਆਲੋਚਨਾਤਮਕ ਵਿਸ਼ਲੇਸ਼ਣ***, ਸੰਪਾ. ਸੁਖਦੇਵ ਸਿੰਘ ਖਾਹਰਾ, ਪੰਨਾ 15
2. ਸੁਖਦੇਵ ਸਿੰਘ ਖਾਹਰਾ (ਸੰਪਾ.), ***ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਣ***, ਪੰਨਾ 36
3. ਉਹੀ, ਪੰਨਾ 39
4. ਉਹੀ, ਪੰਨਾ 11
5. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ***ਸਮਾਜ, ਸੱਤਾ ਤੇ ਸਮਕਾਲੀ ਨਾਵਲ***, ਪੰਨਾ 90
6. ਉਹੀ, ਪੰਨਾ 91
7. ਉਹੀ, ਪੰਨਾ 91
8. ਸੁਖਦੇਵ ਸਿੰਘ ਖਾਹਰਾ (ਸੰਪਾ.), ***ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਣ***, ਪੰਨਾ 23
9. ਉਹੀ, ਪੰਨਾ 58
10. ਮਿੱਤਰ ਸੈਨ ਮੀਤ, ***ਕੌਰਵ ਸਭਾ***, ਪੰਨੇ 12-13
11. ਉਹੀ, ਪੰਨਾ 15
12. ਅਮਰਜੀਤ ਸਿੰਘ ਗਰੇਵਾਲ, ***ਪ੍ਰਸੰਗ ਕੌਰਵ ਸਭਾ***, ਪੰਨਾ 7
13. ਉਹੀ, ਪੰਨਾ 7
14. ਉਹੀ, ਪੰਨਾ 19
15. ਉਹੀ, ਪੰਨਾ 25
16. ਉਹੀ, ਪੰਨਾ 26

17. ਉਹੀ, ਪੰਨਾ 27

18. ਉਹੀ, ਪੰਨਾ 29

19. ਉਹੀ, ਪੰਨਾ 26

20. ਉਹੀ, ਪੰਨਾ 29

21. ਅਮਰਜੀਤ ਸਿੰਘ ਗਰੇਵਾਲ, ***ਪ੍ਰਸੰਗ ਕੌਰਵ ਸਭਾ***, ਪੰਨਾ 37

22. ਉਹੀ, ਪੰਨਾ 37

23. ਉਹੀ, ਪੰਨੇ 45–46

24. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ***ਸਮਾਜ, ਸੱਤਾ ਤੇ ਸਮਕਾਲੀ ਨਾਵਲ***, ਪੰਨਾ 93

25. ਮਿੱਤਰ ਸੈਨ ਮੀਤ, ***ਕੌਰਵ ਸਭਾ***, ਪੰਨਾ 296

26. ਉਹੀ, ਪੰਨਾ 38

27. ਅਮਰਜੀਤ ਸਿੰਘ ਗਰੇਵਾਲ, ***ਪ੍ਰਸੰਗ ਕੌਰਵ ਸਭਾ***, ਪੰਨੇ 35–36

28. ਸੁਖਦੇਵ ਸਿੰਘ ਖਾਹਰਾ (ਸੰਪਾ.), ***ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਣ***, ਪੰਨਾ 113

29. ਮਿੱਤਰ ਸੈਨ ਮੀਤ, ***ਕੌਰਵ ਸਭਾ***, ਪੰਨਾ 52

30. ਉਹੀ, ਪੰਨੇ 54–55

31. ਅਮਰਜੀਤ ਸਿੰਘ ਗਰੇਵਾਲ, ***ਪ੍ਰਸੰਗ ਕੌਰਵ ਸਭਾ***, ਪੰਨਾ 9

32. ਉਹੀ, ਪੰਨਾ 9

33. ਮਿੱਤਰ ਸੈਨ ਮੀਤ, ***ਕੌਰਵ ਸਭਾ***, ਪੰਨਾ 50

34. ਉਹੀ, ਪੰਨਾ 84

35. ਉਹੀ, ਪੰਨਾ 132

36. ਅਮਰਜੀਤ ਸਿੰਘ ਗਰੇਵਾਲ, ***ਪ੍ਰਸੰਗ ਕੌਰਵ ਸਭਾ***, ਪੰਨਾ 78

37. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ***ਸਮਾਜ, ਸੱਤਾ ਤੇ ਸਮਕਾਲੀ ਨਾਵਲ,*** ਪੰਨਾ 95

38. ਉਹੀ, ਪੰਨਾ 80

39. ਮਿੱਤਰ ਸੈਨ ਮੀਤ, ***ਕੌਰਵ ਸਭਾ,*** ਪੰਨਾ 80

40. ਉਹੀ, ਪੰਨਾ 353

41. ਉਹੀ, ਪੰਨਾ 355

42. ਉਹੀ, ਪੰਨਾ 366

# ਸਾਰ ਤੇ ਸਥਾਪਨਾਵਾਂ

ਧਰਤੀ ਉਤੇ ਨਿਰਜੀਵ ਪ੍ਰਾਕ੍ਰਿਤਕ ਵਰਤਾਰਿਆਂ ਵਿਚ ਵਾਪਰੇ ਪਰਿਵਰਨ ਅਤੇ ਰੂਪਾਂਤ੍ਰਿਣ ਵਿਚੋਂ ਇਕ ਸੈਲੀ ਜੀਵ ਅਤੇ ਇਨ੍ਹਾਂ ਦੇ ਅਗਲੇਰੇ ਵਿਕਾਸ ਵਿਚ ਬਹੁ-ਸੈਲੀ ਜੀਵ ਅਤੇ ਇਸ ਦੇ ਅਗਲੇਰੇ ਵਿਕਾਸ ਵਿਚ ਬਹੁ-ਰੂਪੀ ਤੇ ਬਹੁ-ਭਾਂਤੀ ਜੀਵ-ਜੰਤੂ, ਵੰਨ-ਸਵੰਨੀ ਬਨਸਪਤੀ ਅਤੇ ਅੰਤ ਵਿਚ ਮਨੁੱਖ ਤਕ ਦਾ ਸਫ਼ਰ ਪਦਾਰਥਕ ਵਿਕਾਸ ਦਾ ਹੀ ਕ੍ਰਿਸ਼ਮਾ ਹੈ ਜਿਸ ਵਿਚ 'ਵਿਰੋਧ-ਵਿਕਾਸ' ਦੇ ਸਿਧਾਂਤ ਅਤੇ ਵਿਧੀ ਨੇ ਕੇਂਦਰੀ ਭੂਮਿਕਾ ਨਿਭਾਈ। ਵਿਕਾਸ ਦਾ ਇਹ ਵਰਤਾਰਾ ਨਿਰੰਤਰ ਚਲਦਾ ਰਿਹਾ ਹੈ ਅਤੇ ਚਲਦਾ ਹੀ ਰਹੇਗਾ। ਸਮੁੱਚੇ ਸਜੀਵ ਪ੍ਰਾਣੀਆਂ ਵਿਚ ਮਨੁੱਖ ਹੀ ਅਜਿਹਾ ਪ੍ਰਾਣੀ ਹੈ ਜਿਸ ਦੇ ਆਪਣੇ ਹੱਥੀਂ ਕੀਤੇ ਅਮਲ ਤੇ ਉਸ ਅਮਲ ਦੇ ਅਨੁਭਵ ਨੇ ਉਸ ਦੀ ਚੇਤਨਾ ਨੂੰ ਵਿਕਸਤ ਕੀਤਾ। ਇਹ ਚੇਤਨਾ ਉਸ ਦੇ ਅਮਲ ਤੇ ਵਿਧੀ ਨੂੰ ਤਿੱਖਾ ਦੇ ਤੇਜ਼ ਵੀ ਕਰਦੀ ਰਹੀ ਅਤੇ ਬਦਲੇ ਵਿਚ ਇਸ ਅਮਲ ਤੇ ਵਿਧੀ ਰਾਹੀਂ ਖ਼ੁਦ ਵੀ ਤਿੱਖੀ ਤੇ ਤੇਜ਼ ਹੁੰਦੀ ਗਈ। ਦੁ-ਧਾਰੀ ਅਮਲ ਦੀ ਇਸ ਪ੍ਰਕਿਰਿਆ ਨੇ ਮਨੁੱਖੀ ਪੱਧਰ 'ਤੇ ਉਤਪਾਦਨ ਨੂੰ ਜਨਮ ਦਿਤਾ। ਆਰੰਭ ਵਿਚ ਇਹ ਇਕ ਸਮੂਹਿਕ ਕਿਰਿਆ ਸੀ ਅਤੇ ਮੁੱਢਲੇ ਮਨੁੱਖਾਂ ਦੀ ਲੋੜ ਤਕ ਸੀਮਤ ਸੀ ਪਰੰਤੂ ਜਿਉਂ ਜਿਉਂ ਮਨੁੱਖ ਸਮਾਜੀ ਹੋਂਦਾ ਗ੍ਰਹਿਣ ਕਰਦਾ ਗਿਆ, ਇਹ ਲੋੜ ਦੇ ਨਾਲ ਨਾਲ ਵਾਫ਼ਰ ਉਦਪਾਦਨ ਦੇ ਰਾਹ ਵੀ ਪਿਆ। ਮਨੁੱਖੀ ਸਮਾਜਾਂ ਵਿਚ ਆਪਸੀ ਸਾਂਝ, ਲੋੜਾਂ (ਭੌਤਿਕ, ਸਰੀਰਕ ਤੇ ਮਾਨਸਿਕ) ਭਾਈਚਾਰਾ, ਸੁਰੱਖਿਆ ਅਤੇ ਸਮੂਹਿਕ ਉਤਪਾਦਨ ਦੀ ਲੋੜ ਨੇ ਉਨ੍ਹਾਂ ਵਿਚ ਇਕ ਜਾਂ ਦੂਜੀ ਕਿਸਮ ਦੇ ਨਿਯਮਾਂ, ਬੰਦਸ਼ਾਂ ਜਾਂ ਬੰਧੇਜਾਂ ਉਤੇ ਬਲ ਦਿੱਤਾ। ਇਹ ਨਿਯਮ/ਬੰਧਨ ਇਕ ਪਾਸੇ ਮਨੁੱਖ ਨੂੰ ਨਿਯੰਤ੍ਰਿਤ/ਅਨੁਸ਼ਾਸਿਤ ਕਰਨ ਲਈ ਜ਼ਰੂਰੀ ਵੀ ਸਨ ਪਰੰਤੂ ਦੂਜੇ ਪਾਸੇ ਉਸ ਦੀ ਨਿਜ਼ੀ ਆਜ਼ਾਦੀ ਨੂੰ ਖ਼ਤਮ ਵੀ ਕਰਦੇ ਸਨ। ਕਿਉਂਕਿ ਮਨੁੱਖੀ ਸਮਾਜਾਂ ਦਾ ਵਿਕਾਸ ਸੰਸਾਰ ਪੱਧਰ 'ਤੇ ਇਕੋ ਸਮੇਂ, ਇਕੋ ਸਥਾਨ, ਇਕ ਤਰ੍ਹਾਂ ਅਤੇ ਇਕ ਸਾਰ ਨਹੀਂ ਹੋਇਆ। ਇਸ ਲਈ

ਵੱਖਰੇ ਵੱਖਰੇ ਇਲਾਕਈ ਖੇਤਰਾਂ ਵਿਚਲੇ ਸਮਾਜਾਂ ਨੇ ਆਪਣੀਆਂ ਸਥਿਤੀਆਂ ਪਰਿਸਥਿਤੀ, ਪ੍ਰਭਾਵਾਂ ਅਤੇ ਲੋੜਾਂ ਅਨੁਸਾਰ ਵੱਖਰੀ ਵੱਖਰੀ ਨਿਯਮਾਂਵਲੀ/ਬੰਦਸ਼ਾਂ ਆਦਿ ਨੂੰ ਘੜਿਆ ਅਤੇ ਇਨ੍ਹਾਂ ਨੂੰ ਆਪਣੀ ਸਮਾਜਿਕ ਪ੍ਰਵਾਨਗੀ ਦਿੱਤੀ। ਇਉਂ, ਸਾਡੇ ਮੁੱਢਲੇ ਕਾਨੂੰਨ ਦਾ ਜਨਮ ਮਨੁੱਖੀ ਅਮਲ ਦੀ ਚੇਤਨਾ ਅਤੇ ਉਤਪਾਦਨ ਵਿਚੋਂ ਸਮਾਜਿਕ ਪ੍ਰਵਾਨਗੀ ਰਾਹੀਂ ਉਨ੍ਹਾਂ ਸਮਾਜਾਂ ਵਿਚ ਰਹਿੰਦੇ ਸਮੂਹ ਵਿਅਕਤੀਆਂ ਨੂੰ ਅਨੁਸ਼ਾਸ਼ਿਤ ਕਰਨ, ਇਕ ਦੂਜੇ ਲਈ ਸਹਿਯੋਗੀ ਬਣਨ ਅਤੇ ਆਪਸੀ ਰਿਸ਼ਤਿਆਂ ਨੂੰ ਮਜ਼ਬੂਤ ਬਣਾਈ ਰੱਖਣ ਦੀ ਲੋੜ ਵਿਚੋਂ ਹੋਇਆ। ਇਹੀ ਨਹੀਂ, ਇਸ ਨੇ ਕਬੀਲਾ ਸਮਾਜਾਂ ਵਿਚ ਜੋੜੇ ਬਣਾਉਣ, ਉਨ੍ਹਾਂ ਦੇ ਖੁਲ੍ਹੇ ਕਾਮ-ਸੰਬੰਧਾਂ ਵਿਚ ਵਰਜਨਾਵਾਂ ਤਹਿ ਕਰਨ ਅਤੇ ਬੰਸ਼ਾਵਲੀ ਵਿਚ ਵਾਧੇ ਅਤੇ ਇਨ੍ਹਾਂ ਦੀ ਪਰਿਵਰਿਸ਼ ਅਤੇ ਸਾਂਭ-ਸੰਭਾਲ ਦੇ ਨਾਲ ਨਾਲ ਇਨ੍ਹਾਂ ਦੇ ਮਾਤ੍ਰੀ ਅਤੇ ਪਿਤ੍ਰੀ ਕਰਤੱਵਾਂ ਨੂੰ ਵੀ ਨਿਰਧਾਰਿਤ ਕੀਤਾ।

ਜਿਵੇਂ ਜਿਵੇਂ ਮਨੁੱਖੀ ਸਮਾਜਾਂ ਵਿਚ ਵਿਕਾਸ ਹੁੰਦਾ ਗਿਆ ਅਤੇ ਵਾਫ਼ਰ ਉਤਪਾਦਨ ਵਿਚ ਮਿਕਦਾਰੀ ਅਤੇ ਮਿਆਰੀ ਵਾਧਾ ਹੁੰਦਾ ਗਿਆ ਤਿਉਂ ਤਿਉਂ ਇਸ ਦੀ ਮਾਲਕੀ ਦੇ ਅਧਿਕਾਰ ਦੇ ਤੌਰ-ਤਰੀਕੇ ਅਤੇ ਪੈਂਤੜੇ ਵੀ ਬਦਲੇ ਰਹੇ। ਵਾਫ਼ਰ ਉਤਪਾਦਨ ਦੇ ਸਿੱਟੇ ਵਜੋਂ ਮਾਲਕੀਅਤ ਅਤੇ ਇਸ ਦੇ ਵਾਧੇ ਨੇ ਜਿਥੇ ਸ਼ਕਤੀ ਦੀ ਸਿਆਸਤ ਨੂੰ ਜਨਮ ਦਿੱਤਾ, ਉਥੇ ਸੱਤਾ ਦੀ ਭੁੱਖ ਵਿਚ ਵਾਧਾ ਵੀ ਕੀਤਾ। ਭੁੱਖ ਜਦੋਂ ਹੋਰ ਵੱਧ ਗਈ ਤਾਂ ਸਰੀਰਕ ਪੱਖੋਂ ਵੱਧ ਤਾਕਤਵਰ ਲੋਕਾਂ ਨੇ ਇਸ ਵਿਚ ਵਾਧੇ ਲਈ ਦਮਨ ਅਤੇ ਵਿਸਤਾਰਵਾਦ (Expansionism) ਦਾ ਰਾਹ ਇਖ਼ਤਿਆਰ ਕੀਤਾ, ਜਿਹੜਾ ਮੁੱਢਲੇ ਆਪਸੀ ਕਬੀਲਿਆਂ ਵਿਚਕਾਰ ਭੇੜਾਂ ਕਾਰਨ ਬਣਿਆ। ਇਸ ਵਿਚੋਂ ਪਹਿਲਾਂ ਬਣੀ ਨਿਯਮਾਵਲੀ ਵਿਚ ਵੀ ਤਰਮੀਮਾਂ ਹੋਈਆਂ ਅਤੇ 'ਵਾਫ਼ਰ ਉਪਜ ਦੇ ਮਾਲਕਾਂ' ਨੂੰ ਆਪਣੇ ਹਿੱਤਾਂ ਨੂੰ ਸੁਰੱਖਿਅਤ ਬਣਾਈ ਰੱਖਣ ਲਈ ਇਨ੍ਹਾਂ ਨੂੰ ਹੋਰ ਮਜ਼ਬੂਤੀ ਨਾਲ ਲਾਗੂ ਕਰਨ ਲਈ ਦੰਡ/ਗੁਲਾਮੀ ਆਦਿ ਦੇ ਵਿਧਾਨ ਨੂੰ ਸਮਾਜਿਕ ਪ੍ਰਵਾਨਗੀ ਦਵਾ ਲਈ। ਇਉਂ, ਕਾਨੂੰਨ ਸਮਾਜਿਕ ਲੋੜਾਂ ਵਿਚੋਂ ਪੈਦਾ ਹੁੰਦਾ ਹੋਇਆ

ਮਨੁੱਖ ਤੇ ਸਮਾਜਿਕ ਵਿਕਾਸ ਦੇ ਅਗਲੇ ਪੜਾਵਾਂ ਵਿਚ ਹੋਰ ਜਟਿਲ, ਕਠੋਰ ਅਤੇ ਸੰਸਥਾਈ ਹੀ ਨਹੀਂ ਹੁੰਦਾ ਗਿਆ, ਇਸ ਦਾ ਸੁਭਾਅ ਵੀ ਸੱਤਾ ਪੱਖੀ ਬਣਦਾ ਗਿਆ। ਧਰਮ ਅਤੇ ਰਾਜ ਨੇ ਇਸ ਨੂੰ ਹੋਰ ਵੱਧ ਵਿਵਸਥਿਤਾਈ ਅਤੇ ਸੰਸਥਾਈ ਬਣਾਉਣ ਵਿਚ ਆਪਣੀ ਪ੍ਰਮੁੱਖ ਭੂਮਿਕਾ ਨਿਭਾਈ। **ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਨਿਆਂ ਉਹ ਸਮਾਜੀ ਪ੍ਰਤੀਮਾਨ ਹੈ ਜਿਹੜਾ ਕਿਸੇ ਵੀ ਸਮਾਜ ਵਿਚਲੇ ਵਿਅਕਤੀ ਜਾਂ ਸੰਸਥਾ ਦੇ ਕਾਰਜਾਂ ਦੀ ਉੱਚਿਤਤਾ ਅਤੇ ਅਨੁਉਚਿਤਤਾ ਦੀ ਪਰਖ ਕਰਦਾ ਹੈ। ਇਸ ਪਹਿਲੂ ਤੋਂ ਨਿਆਂ ਦਾ ਸੰਕਲਪ ਆਪਣੇ ਆਪ ਵਿਚ ਇਕ ਮੁੱਲ ਵੀ ਹੈ, ਦੂਸਰੇ ਸਮਾਜੀ ਮੁੱਲਾਂ 'ਤੇ ਆਧਾਰਿਤ ਵੀ ਹੈ ਅਤੇ ਉਨ੍ਹਾਂ ਦੀ ਪਰਖ ਕਸਵੱਟੀ ਵੀ।**

ਕਿਉਂਕਿ ਭਿੰਨ੍ਹ ਭਿੰਨ੍ਹ ਮਨੁੱਖੀ ਸਮਾਜਾਂ ਦੇ ਵਿਕਾਸ ਦੀ ਸਥਿਤੀ ਨਾ ਤਾਂ ਇਕਸਾਰ ਰਹੀ ਹੈ ਅਤੇ ਨਾ ਹੀ ਕਾਲ, ਸਥਾਨ ਤੇ ਸਥਾਨਿਕ ਪ੍ਰਭਾਵਾਂ ਕਾਰਣ ਇਕੋ ਜਿਹੀ। ਇਸ ਲਈ ਉਨ੍ਹਾਂ ਦੇ ਕਾਨੂੰਨ ਸੰਬੰਧੀ ਵੀ ਉਨ੍ਹਾਂ ਦੀਆਂ ਲੋੜਾਂ, ਰਵੱਈਆ ਤੇ ਨਜ਼ਰੀਆ ਇਕ ਨਹੀਂ ਰਿਹਾ। ਇਹੋ ਕਾਰਣ ਹੈ 'ਕਾਨੂੰਨ' ਨੂੰ ਇਕ ਪਰਿਭਾਸ਼ਾ ਵਿਚ ਨਹੀਂ ਬੰਨ੍ਹਿਆ ਜਾ ਸਕਦਾ, ਭਾਵੇਂ ਇਨ੍ਹਾਂ ਵਿਚ ਸੁਭਾਅ ਪਖੋਂ ਕੁਝ ਆਪਸੀ ਸਾਂਝ ਜ਼ਰੂਰ ਲੱਭੀ ਜਾ ਸਕਦੀ ਹੈ। ਇਸੇ ਲਈ ਹਿੰਦੂ ਸਮਾਜ ਵਿਚ 'ਕਾਨੂੰਨ' ਸ਼ਬਦ ਲਈ ਧਰਮ, ਇਸਲਾਮ ਵਿਚ ਹੁਕਮ, ਰੋਮਨ ਵਿਚ ਜਸ, ਫਰਾਂਸ ਵਿਚ ਡਰਾਇਟ ਅਤੇ ਜਰਮਨ ਵਿਚ 'Richet' ਜਿਹੜੇ ਵੱਖ ਵੱਖ ਅਰਥਾਂ ਤੇ ਵਿਚਾਰਾਂ ਦੇ ਸੂਚਕ ਹਨ। ਕਿਉਂਕਿ ਕਾਨੂੰਨ ਸ਼ਬਦ ਦੀ ਵਿਆਖਿਆ ਵੱਖ ਵੱਖ ਤਰ੍ਹਾਂ ਦੇ ਦ੍ਰਿਸ਼ਟੀਕੋਣਾਂ ਤੋਂ ਹੋਈ ਹੈ, ਇਸ ਲਈ ਵਕੀਲ, ਦਾਰਸ਼ਨਿਕ ਤੇ ਧਰਮ-ਸ਼ਾਸਤਰੀ ਲਈ ਇਸ ਦੀ ਪਰਿਭਾਸ਼ਾ ਵੱਖਰੀ ਵੱਖਰੀ ਹੈ। ਇਨ੍ਹਾਂ ਪਰਿਭਾਸ਼ਾਵਾਂ ਨੂੰ ਮੁੱਖ ਰੂਪ ਵਿਚ ਤਿੰਨ ਪ੍ਰਵਰਗਾਂ ਵਿਚ ਰਖਿਆ ਗਿਆ ਹੈ-ਆਦਰਸ਼ਵਾਦੀ (idealist), ਪ੍ਰਤੱਖਵਾਦੀ (positivist) ਅਤੇ ਸਮਾਜ-ਸ਼ਾਸਤਰੀ (sociologist)। ਇਨ੍ਹਾਂ ਤਿੰਨਾਂ ਤਰ੍ਹਾਂ ਦੇ ਦ੍ਰਿਸ਼ਟੀਕੋਣਾਂ ਤੋਂ ਹੋਈ ਪਰਭਾਸ਼ਾ

ਆਪਣੇ ਆਪ ਵਿਚ ਸੰਪੂਰਨ ਨਹੀਂ, ਇਕ ਦੂਜੇ ਦੀ ਪੂਰਕ ਜ਼ਰੂਰ ਹੈ। ਯਥਾਰਥਵਾਦੀ ਦ੍ਰਿਸ਼ਟੀ ਤੋਂ ਵੇਖਿਆਂ ਇਹ ਸਪਸ਼ਟ ਹੁੰਦਾ ਹੈ ਕਿ ਕਾਨੂੰਨ ਦਾ ਆਰੰਭ ਮਨੁੱਖੀ ਵਿਕਾਸ ਦੀ ਉਸ ਸਟੇਜ ਉਤੇ ਹੋਇਆ ਜਦੋਂ ਮਨੁੱਖ ਨੇ ਸਮਾਜੀ ਰੂਪ ਗ੍ਰਹਿਣ ਕਰਨਾ ਸ਼ੁਰੂ ਕੀਤਾ। ਇਕ ਸਮਾਜਕ ਸੰਸਥਾ ਵਜੋਂ ਇਸ ਦਾ ਪ੍ਰਚਲਨ ਉਦੋਂ ਹੀ ਹੋਇਆ ਜਦੋਂ ਸੰਬੰਧਿਤ ਸਮਾਜ ਦੇ ਮੈਂਬਰ ਨਿਸ਼ਚਿਤ ਕਦਰਾਂ-ਕੀਮਤਾਂ ਵਿਚ ਬੱਝਦੇ ਹਨ। ਇਨ੍ਹਾਂ ਦੀ ਪਾਲਣਾ ਲਈ ਸੱਤਾ ਦੇ ਡਰ ਦਾ ਹੋਣਾ ਜ਼ਰੂਰੀ ਸੀ, ਜਿਹੜਾ ਪਹਿਲਾਂ ਵਿਅਕਤੀ ਸੱਤਾ ਅਤੇ ਫਿਰ ਕੁਦਰਤੀ ਸੱਤਾ ਦੇ ਪ੍ਰਪੰਚ ਧਰਮ ਰਾਹੀਂ ਪੈਦਾ ਕੀਤਾ ਗਿਆ। ਮਨੁੱਖੀ ਸਮਾਜਾਂ ਦੇ ਵਿਕਾਸ ਦੇ ਅਗਲੇਰੇ ਪੜਾਵਾਂ ਵਿਚ ਇਹ ਸੰਸਥਾਈ ਅਤੇ ਵਿਧਾਨਕ ਹੁੰਦਾ ਗਿਆ ਜਿਹੜਾ ਆਧੁਨਿਕ ਸਮਾਜਾਂ ਵਿਚ ਹਰ ਸਟੇਟ ਅਧੀਨ ਆਪਣੇ ਆਪ ਵਿਚ ਇਕ ਪੂਰਾ ਪ੍ਰਸ਼ਾਸ਼ਨਿਕੀ ਤੇ ਸੰਸਥਾਈ ਕਾਨੂੰਨੀ ਢਾਂਚੇ ਦੇ ਰੂਪ ਵਿਚ ਪ੍ਰਚਲਿਤ ਹੈ।

ਮੋਟੇ ਰੂਪ ਵਿਚ ਕਾਨੂੰਨ ਦੋ ਤਰ੍ਹਾਂ ਦਾ ਹੈ- ਫੌਜ਼ਦਾਰੀ ਤੇ ਦੀਵਾਨੀ। ਪਰੰਤੂ ਵੱਖ ਵੱਖ ਕਾਨੂੰਨ ਸ਼ਾਸਤਰੀਆਂ ਅਤੇ ਵਿਦਵਾਨਾਂ ਨੇ ਇਸ ਨੂੰ ਅਨੇਕ ਵਰਗਾਂ ਵਿਚ ਵੰਡਿਆ ਹੈ। ਸਾਲਮੰਡ ਇਸ ਨੂੰ ਅੱਠ ਵਰਗਾਂ ਵਿਚ ਵੰਡਦਾ ਹੈ; ਹਾਲੈਂਡ ਨੇ ਪੰਜ ਵਰਗ ਨਿਸਚਿਤ ਕੀਤੇ ਹਨ; ਆਸਟਿਨ ਅਨੁਸਾਰ ਮੁਖ ਰੂਪ ਵਿਚ ਕਾਨੂੰਨ ਚਾਰ ਤਰ੍ਹਾਂ ਦਾ ਹੈ। ਇਸ ਤਰ੍ਹਾਂ ਕਾਨੂੰਨ ਦੀ ਵੰਡ ਵਿਭੰਨ ਆਧਾਰਾਂ ਅਤੇ ਵਿਭਿੰਨ ਪ੍ਰਕਾਰਾਂ ਵਿਚ ਕੀਤੀ ਜਾ ਸਕਦੀ ਹੈ, ਪਰੰਤੂ ਮੁਖ ਮੁੱਦਾ ਕਾਨੂੰਨ ਦੇ ਉਦੇਸ਼ ਦਾ ਹੈ। ਕਾਨੂੰਨ ਦਾ ਮੁੱਖ ਉਦੇਸ਼ ਭਾਵੇਂ ਨਿਆਂਸ਼ੀਲਤਾ ਹੈ, ਪਰੰਤੂ ਇਹ ਨਿਆਂਸ਼ੀਲਤਾ ਸਿਰਫ਼ ਇਕਹਿਰੇ ਸੁਭਾਅ ਵਾਲੀ ਨਹੀਂ ਸਗੋਂ ਇਸ ਦਾ ਉਦੇਸ਼ ਸਮਾਜਕ ਨਿਆਂ, ਸਮਾਜਕ ਸੁਰੱਖਿਆ, ਵਿਅਕਤੀਆਂ ਦੇ ਆਪਸੀ ਹਿੱਤਾਂ ਦੇ ਟਕਰਾਵਾਂ/ਝਗੜਿਆਂ ਦੀ ਸਥਿਤੀ ਵਿਚ ਬਿਨਾਂ ਕਿਸੇ ਦੇਰੀ, ਬਿਨਾਂ ਕਿਸੇ ਵੀ ਤਰ੍ਹਾਂ ਦੀ ਦਖਲ-ਅੰਦਾਜ਼ੀ ਅਤੇ ਵਿਤਕਰੇ ਦੇ ਨਿਆਂਸ਼ੀਲਤਾ ਦੇ ਸਿਧਾਂਤ ਅਨੁਸਾਰ ਹੋਣੀ ਚਾਹੀਦੀ ਹੈ। ਪਰੰਤੂ ਸਥਿਤੀ ਦਾ

ਵਿਅੰਗ ਇਹ ਹੈ ਕਿ ਜਮਾਤੀ-ਸਮਾਜਾਂ ਵਿਚ ਜਮਾਤੀ ਸੁਭਾਅ ਵਾਲੀਆਂ ਲੋਕਤੰਤਰੀ ਦੇ ਉਦਾਰਵਾਦੀ ਸਟੇਟਾਂ ਵਿਚ ਇਸ ਦੀ ਗਰੰਟੀ ਲਈ ਸੰਵਿਧਾਨ ਆਦਿ ਵਿਚ ਵਿਵਸਥਾ ਤਾਂ ਕੀਤੀ ਗਈ ਹੈ, ਪਰੰਤੂ ਵਿਹਾਰਕ ਪੱਧਰ 'ਤੇ ਪੈਸੇ ਤੇ ਸੱਤਾ ਇਸ ਨੂੰ ਪ੍ਰਭਾਵਿਤ ਕਰਕੇ ਆਪਣੇ ਹਿੱਤ ਲਈ ਵਰਤਦੀ ਹੈ।

ਭਾਰਤ ਦੇ ਪ੍ਰਸੰਗ ਵਿਚ ਜੇਕਰ ਇਸ ਤਰ੍ਹਾਂ ਦੀ ਸਥਿਤੀ ਨੂੰ ਵਿਚਾਰਿਆ ਜਾਵੇ ਤਾਂ ਕਾਨੂੰਨ ਦੇ ਇਕ ਸੰਸਥਾਈ ਰੂਪ ਵਿਚ ਹੋਂਦ ਗ੍ਰਹਿਣ ਕਰਨ ਦੇ ਜੋ ਪ੍ਰਮਾਣਿਕ ਸਬੂਤ ਮਿਲਦੇ ਹਨ ਉਹ ਵੈਦਿਕ ਕਾਲ ਤੋਂ ਮਿਲਦੇ ਹਨ ਜਿਹੜੇ ਵਿਭਿੰਨ ਵਿਭਿੰਨ ਸਮਿਆਂ ਵਿਚ ਦੀ ਹੁੰਦੇ ਮੁਗਲਕਾਲ ਤੇ ਬਸਤੀਵਾਦੀ ਰਾਜ ਤਕ ਇਸ ਦਾ ਸਿਧਾਂਤੀਕਰਨ, ਸੰਸਥਾਈਕਰਨ ਅਤੇ ਪ੍ਰਸ਼ਾਸਨੀਕਰਨ ਕਰਦੇ ਹਨ। ਪਰੰਤੂ ਇਸ ਦਾ ਇਕ ਨਿਸ਼ਚਿਤ ਢਾਂਚਾ ਬਸਤੀਵਾਦੀ ਰਾਜ ਦੀ ਆਰਥਿਕ ਤੇ ਪ੍ਰਸ਼ਾਸ਼ਨਿਕ ਲੋੜ ਵਿਚੋਂ ਪੈਦਾ ਹੋਇਆ। ਇਸ ਰਾਜ ਨੇ ਸਿਵਲ ਮਾਮਲਿਆਂ ਵਿਚ 1860 ਈ. ਵਿਚ ਅਤੇ ਫੌਜਦਾਰੀ ਮਾਮਲਿਆਂ ਵਿਚ 1861 ਈ. ਵਿਚ ਕ੍ਰਮਵਾਰ Code Procedure ਅਤੇ Code of Criminal Procedure ਨਾਂ ਤਹਿਤ ਹਾਈ ਕੋਰਟਾਂ ਅਤੇ ਹੇਠਲੀਆਂ ਅਦਾਲਤਾਂ ਵਿਚ ਇਨ੍ਹਾਂ ਨੂੰ ਲਾਗੂ ਕੀਤਾ। ਇਹ ਕੋਡਜ਼ ਹੀ ਅਸਲ ਵਿਚ ਭਾਰਤ ਦੀ ਆਧੁਨਿਕ ਨਿਆਂ ਪ੍ਰਣਾਲੀ ਦੇ ਆਧਾਰ ਹਨ। ਵੱਖਰੇ ਵੱਖਰੇ ਸਮੇਂ ਦੀਆਂ ਬਦਲਦੀਆਂ ਲੋੜਾਂ ਅਤੇ ਸਥਿਤੀਆਂ ਵਿਚ ਇਨ੍ਹਾਂ ਵਿਚ ਤਰਮੀਆਂ, ਸਪਸ਼ਟੀਕਰਨ ਜਾਂ ਹੋਰ ਵਾਧੇ-ਘਾਟੇ ਹੋਏ। ਆਜ਼ਾਦੀ ਉਪਰੰਤ 26 ਜਨਵਰੀ 1950 ਨੂੰ ਲਾਗੂ ਹੋਏ ਭਾਰਤੀ ਸੰਵਿਧਾਨ ਵਿਚ ਨਿਆਂ ਦੇ ਸੰਕਲਪ ਦੀ ਹੋਰ ਸਮਾਜੀ ਮੁੱਲਾਂ ਦੇ ਪ੍ਰਸੰਗ ਵਿਚ ਵਿਸਤ੍ਰਿਤ ਵਿਆਖਿਆ ਕੀਤੀ ਗਈ ਅਤੇ ਇਸ ਦੀ ਪ੍ਰਸਤਾਵਨਾ ਵਿਚ ਹੀ ਭਾਰਤ ਦੇ ਹਰੇਕ ਨਾਗਰਿਕ ਨੂੰ ਬਰਾਬਰੀ ਦੇ ਆਧਾਰ 'ਤੇ ਸਮਾਜੀ, ਆਰਥਿਕ ਤੇ ਸਿਆਸੀ ਨਿਆਂ ਦੀ ਗਰੰਟੀ ਦਿਤੀ ਗਈ ਅਤੇ Rule of Law ਨੂੰ Supreme ਮੰਨਿਆ ਗਿਆ। ਨਿਆਂ-ਪਾਲਿਕਾ ਨੂੰ ਵਿਧਾਨ ਪਾਲਿਕਾ ਤੇ ਕਾਰਜਪਾਲਕਾ ਦੇ ਨਿਯੰਤਰਣ ਵਿਚੋਂ ਮੁਕਤ ਰਖਿਆ ਗਿਆ ਤਾਂ

ਜੋ ਰਾਜ ਦੇ ਹਰ ਵਿਅਕਤੀ ਨੂੰ ਬਿਨਾਂ ਕਿਸ ਤਰ੍ਹਾਂ ਦੇ ਸਿਆਸੀ ਤੇ ਪ੍ਰਸ਼ਾਸ਼ਕੀ ਡਰ, ਦਬਾਅ ਜਾਂ ਵਿਤਕਰੇ ਦੇ ਇਨਸਾਫ਼ ਮਿਲ ਸਕੇ। ਪਰੰਤੂ ਵਿਹਾਰਕ ਪੱਧਰ 'ਤੇ ਜੋ ਸਾਡੇ ਸਾਹਮਣੇ ਹੈ ਉਸ ਅਨੁਸਾਰ ਕਾਨੂੰਨ ਅੱਜ ਵੀ ਬਸਤੀਵਾਦ ਦੇ ਸ਼ੋਸ਼ਿਨਕਾਰੀ, ਦਮਨਦਾਰੀ ਅਤੇ ਪੱਖਪਾਤੀ ਸੁਭਾਅ ਦੇ ਅਨੁਸਾਰੀ ਹੈ, ਜਿਸ ਵਿਚ ਪੈਸੇ ਤੇ ਸੱਤਾ ਦੀ ਸਿਆਸਤ ਦਾ ਬੋਲਬਾਲਾ ਹੈ। ਪੰਜਾਬੀ ਨਾਵਲ ਵਿਚ ਨਿਆਂਕਾਰੀ ਦੀ ਪੇਸ਼ਕਾਰੀ ਰਾਹੀਂ ਜੋ ਇਸ ਦਾ ਬਿੰਬ ਉਭਰਦਾ ਹੈ, ਉਹ ਵੀ ਅਸਲ ਵਿਚ ਸਾਡੀ ਲੋਕਤੰਤਰਿਕ ਸਟੇਟ ਦੀ ਨਿਆਂ-ਪ੍ਰਣਾਲੀ ਅਤੇ ਇਸ ਨਾਲ ਸੰਬੰਧਿਤ ਇਸ ਦੇ ਉਪ-ਸਿਸਟਮਾਂ ਵਿਚਲੇ ਇਸੇ ਸੁਭਾਅ ਦੀ ਪ੍ਰਮਾਣਿਕਤਾ ਨੂੰ ਦਰਸਾਉਂਦਾ ਹੈ।

1849 ਈ. ਵਿਚ ਪੰਜਾਬ ਬਰਤਾਨਵੀ ਸਮਰਾਜ ਦੇ ਅਧੀਨ ਹੋ ਜਾਣ ਪਿਛੋਂ ਇਸ ਦੁਆਰਾ ਜੋ ਪੱਛਮੀ ਸਿੱਖਿਆ, ਪੱਛਮੀ ਸਾਹਿਤ ਤੇ ਪੱਛਮੀ ਸਭਿਆਚਾਰ ਅਤੇ ਸਾਮਰਾਜੀ ਹਕੂਮਤ ਵੱਲੋਂ ਕਾਨੂੰਨ ਤੇ ਵਿਵਸਥਾ ਦੇ ਨਾਲ ਨਾਲ ਜਿਸ ਤਰ੍ਹਾਂ ਦਾ ਪ੍ਰਸ਼ਾਸ਼ਨਿਕ ਢਾਂਚਾ ਅਤੇ ਆਰਥਿਕ ਵਿਕਾਸ ਵਿਸ਼ੇਸ਼ ਕਰਕੇ ਪੰਜਾਬ ਦੀ ਕਿਰਸਾਨੀ ਨੂੰ ਜੋ ਪਾਣੀ, ਜ਼ਮੀਨ ਦੀ ਮਾਲਕੀ ਦੇ ਹੱਕ-ਹੱਕੂਕ ਅਤੇ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ, ਉਨ੍ਹਾਂ ਦੇ ਫ਼ਲ-ਸਰੂਪ ਇਥੋਂ ਦਾ ਉੱਚ ਤੇ ਮੱਧ-ਵਰਗ ਇਸ ਰਾਜ ਪ੍ਰਤਿ ਹਾਂ-ਪੱਖੀ ਰਵੱਈਆ ਦਿਖਾਉਣ ਲੱਗਾ। ਪਰੰਤੂ, ਇਨ੍ਹਾਂ ਵਿਚੋਂ ਕੁਝ ਸੂਝਵਾਨ ਤੇ ਚੇਤਨ ਵਰਗ ਅਤੇ ਵਿਅਕਤੀ ਸਨ ਜਿਨ੍ਹਾਂ ਨੇ ਸਾਮਰਾਜੀ ਵਿਕਾਸ ਵਿਚ ਉਸ ਦੇ ਆਰਥਿਕ, ਸ਼ੋਸ਼ਨੀ ਅਤੇ ਦਮਨਕਾਰੀ ਸੁਭਾਅ ਨੂੰ ਭਾਂਪ ਲਿਆ। ਸਿੱਟੇ ਵਜੋਂ ਇਸ ਦੀ ਮੁਕਤੀ ਲਈ ਉਹ ਇਸ ਦੀ ਨਾਬਰੀ ਅਤੇ ਵਿਰੋਧ ਦੇ ਪੈਂਤੜਿਆਂ ਬਾਰੇ ਸੋਚਣ ਲੱਗੇ। ਚਿੰਤਨ ਤੇ ਚੇਤਨਾ ਦੀ ਪੱਧਰ 'ਤੇ ਉਹ ਆਪਣੀ ਸਭਿਆਚਾਰਕ ਵਿਰਾਸਤ ਦੀ ਪੁਨਕ-ਖੋਜ, ਸਾਂਭ-ਸੰਭਾਲ ਅਤੇ ਇਸ ਦੀ ਪੁਨਰ-ਵਿਆਖਿਆ ਵਲ ਰੁਚਿਤ ਹੋਏ। ਸਾਹਿਤ ਦੀ ਪੱਧਰ 'ਤੇ ਵੀ ਇਨ੍ਹਾਂ ਨੇ ਆਪਣੀ ਸਾਹਿਤਕ ਅਤੇ ਸਭਿਆਚਾਰਕ ਵਿਰਾਸਤ ਵਿਚੋਂ ਆਪਣੀ ਪ੍ਰੇਰਣਾ ਗ੍ਰਹਿਣ ਕੀਤੀ। ਸਾਹਿਤ ਦੀ ਪੱਧਰ 'ਤੇ ਜੋ

ਨਵੀਆਂ ਰੂਪ-ਵਿਧਾਵਾਂ ਪੈਦਾ ਹੋਈਆਂ, ਵਿਸ਼ੇਸ਼ ਕਰਕੇ ਪੰਜਾਬੀ ਨਾਵਲ, ਇਹ ਪੱਛਮ ਵਿਚ ਪੈਦਾ ਹੋਏ ਨਾਵਲ ਦਾ ਸ਼ੁਧ ਅਨੁਕਰਣ, ਮਾਤਰ ਨਹੀਂ ਸੀ, ਸਗੋਂ ਇਨ੍ਹਾਂ ਦੋਹਾਂ ਦੇ ਅੰਤਰ-ਵਿਰੋਧ ਅਤੇ ਅੰਤਰ-ਤਣਾਉ ਵਿਚੋਂ ਆਪਣਾ ਸੰਰਚਨਾਤਮਕ ਮਾਡਲ ਗ੍ਰਹਿਣ ਕਰਦਾ ਹੈ। ਦੂਜੇ, ਭਾਰਤ ਵਿਚ ਸਮੇਤ ਪੰਜਾਬ ਦੇ ਜਿਹੜੀ ਦੇਸੀ ਸਰਮਾਇਆਦਾਰੀ ਪੈਦਾ ਹੋਈ ਉਹ ਵੀ ਪੂੰਜੀਵਾਦ ਦੇ ਸੁਤੰਤਰ ਰੂਪ ਵਿਚੋਂ ਨਹੀਂ ਜਨਮੀ, ਸਗੋਂ ਇਸ ਦਾ ਵਿਕਾਸ ਬਰਤਾਨਵੀ ਸਾਮਰਾਜ ਦੇ ਅਧੀਨ ਸਾਮਰਾਜੀ ਲੋੜਾਂ ਵਿਚੋਂ ਹੋਇਆ। ਇਸ ਲਈ ਆਰਥਿਕ ਲਾਭਾਂ ਲਈ ਇਸ ਨੇ ਬਰਤਾਨਵੀ ਸਾਮਰਾਜ ਨਾਲ ਸਮਝੌਤਾਵਾਦੀ ਨੀਤੀ ਅਪਣਾਈ। ਇਹੋ ਹੀ ਕਾਰਣ ਹੈ ਕਿ ਅਸੀਂ ਸੋਚ, ਚਿੰਤਨ ਤੇ ਵਿਹਾਰ ਦੀ ਪੱਧਰ 'ਤੇ ਮੱਧ-ਮਾਰਗ ਅਪਣਾਇਆ ਹੈ। ਪੰਜਾਬ ਵਿਚ ਉਨ੍ਹਵੀਂ ਸਦੀ ਦੇ ਮੱਧ ਤੋਂ ਬਾਅਦ ਜੋ ਸਮਾਜ ਸੁਧਾਰ ਤੇ ਧਰਮ-ਸੁਧਾਰ ਲਹਿਰਾਂ ਦਾ ਪ੍ਰਚਨਲਨ ਹੋਇਆ, ਉਨ੍ਹਾਂ ਦੇ ਵਿਚਾਰਧਾਰਕ ਪੈਂਤੜੇ ਅਤੇ ਕਾਰਜ-ਸ਼ੈਲੀ ਵਿਚ ਪਰੰਪਰਾ ਤੇ ਆਧੁਨਿਕਤਾ ਦੋਵੇਂ ਤਰ੍ਹਾਂ ਦਾ ਮਿਸ਼ਰਣ ਹੈ। ਉਨ੍ਹਾਂ ਨੇ ਵਰਤਮਾਨ ਵਿਚ ਪੈਦਾ ਹੋਈਆਂ ਲੋੜਾਂ, ਸਮੱਸਿਆਵਾਂ ਅਤੇ ਆਪਣੀਆਂ ਸਮਾਜ-ਸਭਿਆਚਾਰਕ ਸੀਮਾਵਾਂ ਪ੍ਰਤਿ ਅਤੀਤਮੁਖੀ ਰਵੱਈਆ ਇਖ਼ਤਿਆਰ ਕੀਤਾ ਅਤੇ ਆਪਣੀ ਪਰੰਪਰਾ ਦੀ ਗੌਰਵਤਾ ਰਾਹੀਂ ਇਨ੍ਹਾਂ ਦੇ ਸਾਮਾਧਨ ਦਾ ਰਾਹ ਸੁਝਾਇਆ। ਇਨ੍ਹਾਂ ਨੇ ਆਪਣੇ ਅਤੀਤ ਤੇ ਆਦਰਸ਼ਵਾਦੀ ਤੇ ਧਾਰਮਿਕ ਮੁੱਲਾਂ ਨੂੰ ਇਕ ਪ੍ਰਤਿਮਾਨ ਵਜੋਂ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ।

ਪੰਜਾਬੀ ਦਾ ਮੁੱਢਲਾ ਨਾਵਲ ਜਿਹੜਾ ਈਸਾਈ ਮਿਸ਼ਨਰੀਆਂ ਦੁਆਰਾ ਅਨੁਵਾਦ ਤੇ ਰੂਪਾਂਤ੍ਰਿਤ ਰੂਪ ਵਿਚ ਪ੍ਰਾਪਤ ਹੈ, ਸੰਪਰਦਾਇਕ ਦ੍ਰਿਸ਼ਟੀ ਦਾ ਧਾਰਨੀ ਹੈ, ਜਿਸ ਵਿਚ ਉਨ੍ਹਾਂ ਨੇ ਈਸਾਈ ਧਰਮ, ਈਸਾ ਮਸੀਹ, ਬਾਈਬਲ ਅਤੇ ਪਾਦਰੀ ਨੂੰ ਆਦਰਸ਼ ਮਾਡਲ ਵਜੋਂ ਪ੍ਰਚਾਰ ਕੇ ਲੋਕਾਂ ਨੂੰ ਈਸਾਈਅਤ ਵੱਲ ਆਉਣ ਲਈ ਪ੍ਰੇਰਿਆ। ਉਸ ਦੇ ਪ੍ਰਤਿ-ਉੱਤਰ ਵਿਚ ਭਾਈ ਵੀਰ ਸਿੰਘ ਨੇ ਪੰਜਾਬੀ ਦਾ ਪਹਿਲਾ

ਮੌਲਿਕ ਨਾਵਲ ***ਸੁੰਦਰੀ*** (1898 ਈ.) ਲਿਖਿਆ ਵਸਤੂ-ਵਿਧੀ ਤੇ ਦ੍ਰਿਸ਼ਟੀ ਪੱਖੋਂ ਇਹ ਨਾਵਲ ਪੱਛਮੀ ਨਾਵਲ ਦੀ ਨਕਲ ਨਹੀਂ ਕਰਦਾ, ਸਗੋਂ ਆਪਦੀ ਬਿਰਤਾਂਤਕ ਪਰੰਪਰਾ ਵਿਚੋਂ ਆਪਣੀ ਰੂਪਗਤ ਚੇਤਨਾ ਗ੍ਰਹਿਣ ਕਰਦਾ ਹੈ। ਪੰਜਾਬੀ ਨਾਵਲ ਨੇ ਵਿਭਿੰਨ ਸਥਿਤੀਆਂ ਅਤੇ ਪ੍ਰਭਾਵਾਂ ਵਿਚ ਇਸ ਰੂਪਗਤ ਚੇਤਨਾ ਵਿਚ ਵਿਕਾਸ ਕੀਤਾ ਹੈ, ਜਿਹੜੀ ਇਸ ਦੀਆਂ ਆਦਰਸ਼ਵਾਦੀ-ਸੁਧਾਰਵਾਦੀ, ਪ੍ਰਗਤੀਵਾਦੀ, ਯਥਾਰਥਵਾਦੀ ਮਨੋਵਿਗਿਆਨਵਾਦੀ ਆਦਿ ਪ੍ਰਵਿਰਤੀਆਂ ਵਿਚੋਂ ਦੀ ਗੁਜ਼ਰਦੀ ਅੱਜ ਤਕ ਦੇ ਨਾਵਲ ਤਕ ਵਿਕਾਸ ਕਰਦੀ ਨਿਰੰਤਰ ਪ੍ਰਵਾਹਮਾਨ ਹੈ।

ਜਿਥੋਂ ਤਕ ਕਾਨੂੰਨ ਦੇ ਨਿਆਂ ਦਾ ਸੰਬੰਧ ਹੈ ਪੰਜਾਬੀ ਦੇ ਨਾਵਲ ਵਿਚ ਇਹ ਇਕ ਉਪ-ਥੀਮ ਵਜੋਂ ਤਾਂ ਪ੍ਰਾਪਤ ਹੈ, ਪ੍ਰੰਤੂ ਨਿਆਂ ਅਤੇ ਨਿਆਂਕਾਰੀ ਦੀ ਸੰਸਥਾਈ ਤੇ ਪ੍ਰਬੰਧਕੀ ਪ੍ਰਕਿਰਿਆ ਅਤੇ ਸੁਭਾਅ ਨੂੰ ਇਕ ਕੇਂਦਰੀ/ਮੁੱਖ ਥੀਮ ਵਜੋਂ ਪੰਜਾਬੀ ਦੇ 1990 ਤਕ ਦੀ ਨਾਵਲੀ ਵਸਤ ਦਾ ਅੰਗ ਨਹੀਂ ਬਣਿਆ। ਪੂਰਵ ਨਾਨਕ ਸਿੰਘ ਨਾਵਲ ਵਿਚ ਭਾਈ ਵੀਰ ਸਿੰਘ ਦੇ ਰਚੇ ਚਾਰੇ ਨਾਵਲਾਂ ਨੂੰ ਸਿੱਖ ਇਤਿਹਾਸ, ਸਿੱਖੀ ਸਿਧਾਂਤ ਅਤੇ ਸਿੱਖ ਧਰਮ ਦੀ ਗੌਰਵਤਾ ਅਤੇ ਪ੍ਰਚਾਰ ਲਈ ਅਤੇ ਸਿੱਖ ਸਮਾਜ ਵਿਚ ਆਈ ਅਧੋਗਤੀ ਤੇ ਸਮਾਜਕ ਕੁਰੀਤੀਆਂ ਨੂੰ ਦੂਰ ਕਰਨ ਦੇ ਉਦੇਸ਼ ਅਧੀਨ ਸਿੱਖੀ ਨੂੰ ਇਕ ਪ੍ਰਤਿਮਾਨ ਵਜੋਂ ਵਰਤਦਾ ਹੈ। ਇਨ੍ਹਾਂ ਨਾਵਲਾਂ ਦਾ ਬਹੁਤ ਜ਼ੋਰ ਸਿੱਖ ਧਰਮ ਦੀ ਪੁਨਰ-ਸੁਰਜੀਤੀ ਉਤੇ ਹੈ ਅਤੇ ਇਨ੍ਹਾਂ ਦੀ ਸੰਰਚਨਾ ਪ੍ਰਤਿਮਾਨਕ ਗਲਪ ਸਿਰਜਣ ਤੇ ਕਲਾਤਮਕ ਮਾਡਲ ਦੀ ਉਸਾਰੀ ਕਰਦੀ ਹੈ।

ਭਾਈ ਵੀਰ ਸਿੰਘ ਦਾ ***ਬਾਬਾ ਨੌਧ ਸਿੰਘ*** ਇਕ ਅਜਿਹਾ ਨਾਵਲ ਹੈ ਜਿਸ ਵਿਚ ਉਸ ਨੇ ਸਾਮਰਾਜੀ ਨਿਆਂਕਾਰੀ ਦੇ ਦਮਨਕਾਰੀ ਸੁਭਾਅ ਦੇ ਸੰਕੇਤ ਦਿੰਦੇ ਹੋਏ ਸਿੱਖ ਰਾਜ ਦੇ ਸਮਿਆਂ ਦੇ ਨਿਆਂ ਅਤੇ ਬਰਤਾਨਵੀਂ ਹਕੂਮ ਦੇ ਸਮਿਆਂ ਦੇ ਅਨਿਆਂ ਦਾ ਤੁਲਨਾਤਮਕ ਵੇਰਵਾ ਪੇਸ਼ ਕੀਤਾ ਹੈ। ਇਸ ਨਾਵਲ ਵਿਚ ਉਸਨੇ ਬਰਤਾਨਵੀ ਰਾਜ ਦੇ ਪ੍ਰਸ਼ਾਸ਼ਨੀ ਢਾਂਚੇ ਵਿਸ਼ੇਸ਼ ਕਰਕੇ ਠਾਣਿਆਂ ਅਤੇ ਅਦਾਲਤਾਂ ਆਦਿ ਦੇ

ਅਮਾਨਵੀ ਚਰਿੱਤਰ ਨੂੰ ਵੀ ਪ੍ਰਸਤੁਤ ਕੀਤਾ ਹੈ। ਬਸਤੀਵਾਦ ਦੇ ਆਧੁਨਿਕ ਕਾਨੂੰਨ ਤੇ ਨਿਆਂ ਦੀ ਕਾਣ ਪ੍ਰਤਿ ਉਸ ਦਾ ਨਜ਼ਰੀਆ ਨਿੰਦਾ-ਭਾਵੀ ਤਾਂ ਹੈ, ਪਰੰਤੂ ਇਸ ਦੇ ਬਦਲਾ ਪ੍ਰਤਿ ਅਤੀਤਮੁੱਖੀ ਹੀ ਹੈ।

ਬਰਤਾਨਵੀ ਕਾਨੂੰਨ ਦੀ ਇਕ ਮਹੱਤਵਪੂਰਨ ਧਾਰਾ ਸ਼ਾਹੂਕਾਰ ਤੇ ਪੂੰਜੀਪਤੀ ਦੀ ਕਾਨੂੰਨੀ ਸਥਿਤੀ ਨੂੰ ਵੱਧ ਮਜ਼ਬੂਤ ਬਣਾਉਂਦੀ ਹੈ। ਸਰਕਾਰੀ ਕਾਗ਼ਜ਼ ਉਤੇ ਲਿਖਿਆ 'ਇਕਰਾਰਨਾਮਾ' ਇਕ ਅਜਿਹਾ ਲਿਖਤੀ ਦਸਤਾਵੇਜ਼ ਹੈ, ਜਿਸ ਵਿਚ ਨਿਰਧਾਰਤ ਸ਼ਰਤਾਂ ਅਨੁਸਾਰ ਮਾਲਕ ਨੌਕਰ ਨੂੰ ਕੰਮ ਉਤੇ ਲਾਉਂਦਾ ਹੈ; ਉਸ ਦੀ ਤਨਖਾਹ ਨਿਸ਼ਚਿਤ ਕਰਦਾ ਹੈ; ਕੰਮ ਦੀਆਂ ਸ਼ਰਤਾਂ ਤੈਅ ਹੁੰਦੀਆਂ ਹਨ ਅਤੇ ਇਸ ਦਸਤਾਵੇਜ਼ ਨੂੰ ਕਾਨੂੰਨ ਮਾਣਤਾ ਪ੍ਰਾਪਤ ਹੈ। ਇਉਂ, ਮਾਲਕ ਤੇ ਨੌਕਰ/ਮਜ਼ਦੂਰ ਦੇ ਆਪਸੀ ਸੰਬੰਧਾਂ ਵਿਚ ਵੀ ਇਹ ਮਾਲਕ ਧਿਰ ਦਾ ਪੱਖ ਪੂਰਦਾ ਹੈ। ਮੋਹਨ ਸਿੰਘ ਵੈਦ ਦਾ ਨਾਵਲ ***ਸਰੇਸ਼ਟ ਕੁਲਾਂ ਦੀ ਚਾਲ*** (1911) ਬਰਤਾਨਵੀ ਕਾਨੂੰਨ ਦੇ ਅਜਿਹੇ ਪੱਖ ਦਾ ਪ੍ਰਸੰਸਭਾਵੀ ਚਿੱਤਰ ਪੇਸ਼ ਕਰਦਾ ਹੈ ਜਿਹੜਾ ਜਿਥੇ ਸਾਮਰਾਜ ਪੱਖੀ ਹੈ (ਕਿਉਂਕਿ ਪੰਜਾਬ ਵਿਚ ਅੰਗ੍ਰੇਜ਼ੀ ਰਾਜ ਵਿਚ ਉਹੀ ਮਾਲਕ ਹਨ), ਉਥੇ ਸਾਡੀ ਉੱਭਰ ਰਹੀ ਨਵੀਂ ਦੇਸੀ ਸਰਮਾਇਆਦਾਰੀ ਪੱਖ ਵੀ ਹੈ।

ਨਾਨਕ ਸਿੰਘ ਪੰਜਾਬੀ ਦਾ ਅਜਿਹਾ ਨਾਵਲਕਾਰ ਹੈ ਜਿਸ ਦੇ ਹੱਥਾਂ ਵਿਚ ਆ ਕੇ ਪੰਜਾਬੀ ਨਾਵਲ ਵਸਤ, ਵਿਧੀ ਤੇ ਦ੍ਰਿਸ਼ਟੀ ਪੱਖੋਂ ਵਿਕਾਸ ਕਰਦਾ ਹੈ। ਉਸ ਦਾ ਪਹਿਲਾ ਨਾਵਲ ***ਮਤਰੇਈ ਮਾਂ*** (1924) ਵਿਚ ਨਿਆਂ ਅਤੇ ਨਿਆਂਕਾਰੀ ਦਾ ਮਸਲਾ ਇਕ ਉਪ-ਥੀਮ ਵਜੋਂ ਉਭਰਦਾ ਹੈ। ਉਹ ਪੱਛਮੀ ਨਿਆਂ-ਪ੍ਰਣਾਲੀ ਪ੍ਰਤਿ ਉਦਾਰ ਪਹੁੰਚ-ਦ੍ਰਿਸ਼ਟੀ ਰੱਖਦਾ ਹੋਇਆ ਇਸ ਦੇ ਕੇਂਦਰੀ ਪਾਤਰ ਮਦਨ ਦੇ ਇੰਗਲੈਂਡ ਵਿਚੋਂ ਬੈਰਿਸਟਰੀ ਦੀ ਡਿਗਰੀ ਹਾਸਲ ਕਰਨ ਬਾਅਦ ਇਥੇ ਸਾਮਰਾਜੀ ਕਾਨੂੰਨ ਅਤੇ ਨਿਆਂ ਦੇ ਇਕ ਰਾਖੇ ਵਜੋਂ ਸਰਕਾਰੀ ਵਕੀਲ ਬਣਦਾ ਹੈ। ਰੁਜ਼ਗਾਰ ਦੇ ਨਾਲ ਨਾਲ ਆਪਣੇ ਨਾਲ ਹੋਏ ਬਚਪਨ ਦੇ ਦੁਰ ਵਿਹਾਰ ਦਾ ਬਦਲਾ ਵੀ ਲੈਂਦਾ ਹੈ।

ਪਰੰਤੂ ਆਪਣੇ ਵੱਡ-ਆਕਾਰੀ ਨਾਵਲ ***ਚਿੱਟਾ ਲਹੂ*** (1932) ਵਿਚ ਉਹ ਸਾਮਰਾਜੀ ਕਾਨੂੰਨ ਅਤੇ ਨਿਆ ਪ੍ਰਬੰਧ ਦੇ ਹਾਕਮ ਅਤੇ ਸਾਧਨ-ਸੰਪੰਨ-ਜਮਾਤਾਂ ਦੇ ਹੱਕ ਵਿਚ ਭੁਗਤਣ ਵਾਲੇ ਇਕ ਹਥਿਆਰ ਵਜੋਂ ਵਰਤੇ ਜਾਣ ਦਾ ਨਿੰਦਾ-ਭਾਵੀ ਚਿਤਰ ਪੇਸ਼ ਕਰਦਾ ਹੈ। ਹਿਉਂ, ਉਸ ਦੀ ਬਰਤਾਨਵੀ ਕਾਨੂੰਨ ਅਤੇ ਨਿਆਂ ਪ੍ਰਣਾਲੀ ਬਾਰੇ ਸੋਚ ਤੇ ਦ੍ਰਿਸ਼ਟੀ ਦਵੱਲੇ ਸੁਭਾਅ ਵਾਲੀ ਹੈ। ਪਰੰਤੂ ਅਗਲੇਰੇ ਕੁਝ ਨਾਵਲਾਂ ਵਿਚ ਉਹ ਨਿਆਂ ਦੇ ਮਸਲੇ ਨੂੰ ਆਰਥਿਕਤਾ ਦੇ ਸੰਦਰਭ ਵਿਚ ਪੇਸ਼ ਤਾਂ ਕਰਦਾ ਹੈ ***(ਗਰੀਬ ਦੀ ਦੁਨੀਆਂ)*** ਪਰੰਤੂ ਆਜ਼ਾਦੀ ਤੋਂ ਬਾਅਦ ਲਿਖੇ ਆਪਣੇ ਨਾਵਲ ***ਆਦਮਖੋਰ*** (1951) ਵਿਚ ਉਹ ਪ੍ਰਬੰਧਕੀ ਤੇ ਸੰਸਥਾਈ ਨਿਆਂ ਵਲੋਂ ਆਪਣੀ ਆਦਰਸ਼ਵਦੀ ਤੇ ਸੁਧਾਰਵਾਦੀ ਦ੍ਰਿਸ਼ਟੀ ਕਾਰਣ ਨੂੰ ਦੋਸ਼ੀ ਨੂੰ ਦੰਡਿਤ ਕਰਨ ਨਾਲੋਂ ਉਸ ਦੀ ਅੰਤਰ ਆਤਮਾ ਨੂੰ ਝੰਝੋੜਕੇ ਉਸ ਦਾ ਸੁਧਾਰ ਕਰਨ ਦਾ ਗਲਪੀ-ਵਿਵੇਕ ਸਿਰਜਦਾ ਹੈ। ਇਉਂ ਨਿਆਂ ਤੇ ਨਿਆਂਕਾਰੀ ਦੇ ਪ੍ਰਸੰਗ ਵਿਚ ਵੀ ਨਾਨਕ ਸਿੰਘ ਦੀ ਰਚਨਾ-ਦ੍ਰਿਸ਼ਟੀ ਮੱਧ-ਵਰਗੀ ਦਾਇਰਿਆਂ ਵਿਚ ਹੀ ਸੀਮਤ ਰਹਿੰਦੀ ਹੈ, ਇਸ ਪ੍ਰਤਿ ਯਥਾਰਥਵਾਦੀ ਤੇ ਆਲੋਚਨਾਤਮਕ ਦ੍ਰਿਸ਼ਟੀ ਨਹੀਂ ਰੱਖਦੀ।

ਜਸਵੰਤ ਕੰਵਲ ਨੇ ***ਰਾਤ ਬਾਕੀ ਹੈ*** ਨਾਵਲ ਵਿਚ ਕਾਨੂੰਨ ਅਤੇ ਨਿਆਂ ਦੀ ਬਿਰਤਾਂਤਕਕਾਰੀ ਕਰਦੇ ਸਮੇਂ ਸ਼੍ਰੇਣੀ ਸਮਾਜ ਦੇ ਨਿਆਂ-ਪ੍ਰਬੰਧ ਨੂੰ ਜਗੀਰਦਾਰੀ ਅਤੇ ਕਿਸਾਨੀ ਮੁਜ਼ਾਰਿਆਂ ਦੇ ਆਪਸੀ ਟਕਰਾਉ ਦੇ ਰੂਪ ਵਿਚ ਚਿਤਰਿਆ ਹੈ। ***ਲਹੂ ਦੀ ਲੋਅ*** ਨਾਵਲ ਭਾਵੇਂ ਉਸ ਦਾ ਇਕ ਸਿਆਸੀ ਨਾਵਲ ਹੈ ਪਰੰਤੂ ਭਾਰਤੀ ਸਰਮਾਇਆਦਾਰੀ ਜਮਾਤ ਰਾਜ ਦੀ ਸੱਤਾ ਉਤੇ ਕਾਬਜ ਹੋ ਕੇ ਆਪਣੇ ਹਿੱਤਾਂ ਦੀ ਰਾਖੀ ਲਈ ਭਾਰਤੀ ਕਾਨੂੰਨ ਅਤੇ ਨਿਆਂ ਨੂੰ ਕਿਵੇਂ ਦਮਨ ਦੇ ਹਥਿਆਰ ਵਜੋਂ ਵਰਤਦੀ ਹੈ, ਉਸ ਦਾ ਲਘੂ-ਚਿੱਤਰ ਇਸ ਨਾਵਲ ਦੀ ਪ੍ਰਾਪਤੀ ਹੈ। ਇਉਂ, ਜਸਵੰਤ ਕੰਵਲ ਨਾਨਕ ਸਿੰਘ ਦੇ ਮੁਕਾਬਲੇ ਕਾਨੂੰਨ ਅਤੇ ਨਿਆਂਕਾਰੀ ਦੇ ਬਿਰਤਾਂਤੀਕਰਨ ਵਿਚ ਜਿਥੇ ਜਮਾਤੀ ਸਮਝੌਤੇ ਦੇ ਅਸੂਲ ਅਤੇ ਆਦਾਰਵਾਦੀ ਤੇ ਸੁਧਾਰਵਾਦੀ ਦ੍ਰਿਸ਼ਟੀ

ਨੂੰ ਤਿਆਗਦਾ ਹੈ, ਉਥੇ ਜਮਾਤੀ ਸੰਘਰਸ਼ ਦਾ ਪ੍ਰਤਿਮਾਨ ਵੀ ਸਿਰਜਦਾ ਹੈ, ਜਿਹੜਾ ਸਮਾਜਿਕ ਨਿਆਂ 'ਤੇ ਆਧਾਰਿਤ ਹੈ।

1960 ਈ. ਤੋਂ ਬਾਅਦ ਦੇ ਪ੍ਰਮੁਖ ਨਾਵਲਕਾਰਾਂ ਵਿਚ ਗੁਰਦਿਆਲ ਸਿੰਘ ਪਹਿਲਾ ਅਜਿਹਾ ਨਾਵਲਕਾਰ ਹੈ ਜਿਹੜਾ ਪੰਜਾਬੀ ਨਾਵਲ ਨੂੰ ਇਛਾ-ਮੂਲਕ ਪ੍ਰਤਿਮਾਨਕ ਗਲਪ ਸਿਰਜਨ ਤੋਂ ਮੁਕਤ ਕਰਕੇ, ਇਸ ਨੂੰ ਵਸਤੂ-ਸਥਿਤੀ ਦੇ ਯਥਾਰਥ ਬੋਧ ਨਾਲ ਜੋੜਦਾ ਹੈ। ਉਸ ਦੇ ਤਿੰਨ ਨਾਵਲ– ***ਅਣਹੋਏ, ਅੱਧ ਚਾਨਣੀ ਰਾਤ*** ਅਤੇ ***ਆਹਣ*** ਅਜਿਹੇ ਨਾਵਲ ਹਨ ਜਿਹੜੇ ਕਾਨੂੰਨ ਅਤੇ ਨਿਆਂ ਨੂੰ ਸਮਾਜਿਕ ਆਰਥਿਕ ਪ੍ਰਸੰਗ ਵਿਚ ਇਸ ਦੇ ਅੰਸ਼ਿਕ ਰੂਪ ਵਿਚ ਰੂਪਮਾਨ ਕਰਦੇ ਹਨ। ***ਅੱਧ ਚਾਨਣੀ ਰਾਤ*** ਨਾਵਲ ਵਿਚ ਨਿਆਂ-ਵਿਵਸਥਾ ਦੇ ਭਾਵੇਂ ਵਿਆਪਕ ਗਲਪੀ ਬਿੰਬ ਦੀ ਉਸਾਰੀ ਤਾਂ ਨਹੀਂ ਹੋਈ, ਪਰੰਤੂ ਸੰਕੇਤ ਰੂਪ ਵਿਚ ਸਾਡੇ ਸੁਤੰਤਰ ਭਾਰਤ ਦੀ ਨਿਆਂ-ਪ੍ਰਣਾਲੀ ਅਤੇ ਇਸ ਨਾਲ ਸੰਬੰਧਿਤ ਉਪ-ਸਿਸਟਮਾਂ ਦੇ ਬੁਨਿਆਦੀ ਜਮਾਤੀ-ਸੁਭਾਅ ਦੀ ਨਿਸ਼ਾਨਦੇਹੀ ਜ਼ਰੂਰ ਹੁੰਦੀ ਹੈ। ***ਅਣਹੋਏ*** ਨਾਵਲ ਅੰਗਰੇਜ਼ੀ ਸਾਮਰਾਜ ਦੀ ਪਿੱਠੂ ਰਿਆਸਤੀ ਸਰਕਾਰ ਦੇ ਉਸ ਸੁਭਾਅ ਦਾ ਵਿਅੰਗ ਚਿੱਤਰ ਪੇਸ਼ ਕਰਦਾ ਹੈ ਜਿਸ ਵਿਚ ਸਟੇਟ ਦੇ ਕਾਨੂੰਨ ਅਨੁਸਾਰ ਆਪਣੇ ਨਾਂ ਰਜਿਸਟਰੀ ਕਰਵਾਉਣ ਦੇ ਬਾਵਜੂਦ ਉਹੀ ਸਟੇਟ ਆਪਣੇ ਕਾਨੂੰਨ ਦਾ ਉਲਟ ਜਬਰੀ ਉਸ ਦਾ ਮਕਾਨ ਖੋਹਣ ਦੀ ਕੋਸ਼ਿਸ਼ ਕਰਦੀ ਹੈ। ***ਆਹਣ*** ਨਾਵਲ ਬਰਤਾਨਵੀ ਰਾਜ ਦੌਰਾਨ ਦੇ ਸਮੇਂ ਨਾਲ ਸੰਬੰਧਿਤ ਹੈ ਜਿਹੜਾ ਵੀਹਵੀਂ ਸਦੀ ਦੇ ਤੀਹਵਿਆਂ ਵਿਚ ਰਿਆਸਤ ਮਾਲਵੇ ਦੀ ਧਰਤੀ 'ਤੇ ਉੱਠੀ ਕਿਸਾਨ ਲਹਿਰ ਨੂੰ ਉਸ ਸਮੇਂ ਦੀ ਆਰਥਿਕ-ਸਿਆਸੀ ਸਥਿਤੀ ਦੇ ਪ੍ਰਸੰਗ ਵਿਚ ਬਰਤਾਨਵੀਂ ਹਕੂਮਤ ਅਤੇ ਕਿਸਾਨੀ ਵਿਚਕਾਰ ਦੇ ਟਕਰਾਉ ਨੂੰ ਰੂਪਮਾਨ ਕਰਦਾ ਹੈ। ਸੱਤਾ ਦਾ ਦਮਨਕਾਰੀ ਕਾਨੂੰਨ ਲੋਕਾਂ ਨੂੰ ਨਿਆਂ ਪ੍ਰਦਾਨ ਕਰਨ ਦੀ ਥਾਂ, ਸੱਤਾ ਦਾ ਪੱਖ ਪੂਰਦਾ ਹੈ। ਪੁਲਿਸ ਜਿਹੜੀ ਅਮਨ ਅਤੇ ਕਾਨੂੰਨ ਦੀ ਰਾਖੀ ਲਈ ਨਿਯੁਕਤ ਕੀਤੀ ਹੋਈ ਹੈ, ਖ਼ੁਦ ਹੀ ਅਮਨ ਅਤੇ ਕਾਨੂੰਨ ਦੀਆਂ

ਧੱਜੀਆਂ ਉਡਾ ਕੇ ਲੋਕਾਂ ਉਤੇ ਖੁਲ੍ਹਾ ਤੇ ਬੇਰਿਕ ਅਤਿਆਚਾਰ ਕਰਦੀ ਹੈ; ਸ਼ਰੇਆਮ ਗੋਲੀਆਂ ਮਾਰ ਕੇ ਲਾਸ਼ਾਂ ਨੂੰ ਦਰਖਤਾਂ ਉਤੇ ਟੰਗਦੀ ਹੈ ਤਾਂ ਜੋ ਲੋਕਾਂ ਵਿਚ ਸੱਤਾ ਦੀ ਦਹਿਸ਼ਤ ਤੇ ਭੈਅ ਕਾਇਮ ਰਹੇ। ਇਉਂ, ਸਾਮਰਾਜੀ ਤੇ ਸਰਮਾਇਆਦਾਰੀ ਨਿਜ਼ਾਮਾਂ ਵਿਚ ਪੁਲਿਸ, ਕਾਨੂੰਨ, ਨਿਆਂ ਤੇ ਜੇਲਾਂ ਆਦਿ ਸਾਰੇ ਹੀ ਸਟੇਟ ਦੇ ਦਮਨਕਾਰੀ ਹਥਿਆਰ ਵਜੋਂ ਕਾਰਜ ਕਰਦੇ ਹਨ। ਇਸ ਸੱਚ ਨੂੰ ਗੁਰਦਿਆਲ ਸਿੰਘ ਨੇ ਆਪਣੇ ਨਾਵਲ ***ਆਹਣ*** ਵਿਚ ਭਾਵੇਂ ਕੇਂਦਰੀ ਥੀਮ ਵਜੋਂ ਨਹੀਂ, ਪਰੰਤੂ ਭਰਵੇਂ ਰੂਪ ਵਿਚ ਸਾਕਾਰ ਕੀਤਾ ਹੈ।

ਇਸ ਤਰ੍ਹਾਂ ਗੁਰਦਿਆਲ ਸਿੰਘ ਬਰਤਾਨਵੀ ਸਾਮਰਾਜ ਦੌਰਾਨ ਦੇ ਉਸ ਨਿਆਂ ਪ੍ਰਬੰਧ ਦੇ ਅਜਿਹੇ ਅਮਾਨਵੀ, ਪੱਖਪਾਤੀ, ਭ੍ਰਿਸ਼ਟ ਤੇ ਸਟੇਟ ਪੱਖੀ ਵਿਹਾਰ ਨੂੰ ਸਾਧਾਰਨ ਲੋਕਾਂ ਦੀਆਂ ਸਮਾਜਿਕ-ਆਰਥਿਕ ਤੇ ਰਾਜਸੀ ਸਥਿਤੀਆਂ ਦੇ ਪ੍ਰਸੰਗ ਵਿਚ ਰੂਪਮਾਨ ਕਰਨ ਦੇ ਕਾਮਯਾਬ ਹੋਇਆ ਹੈ ਜਿਹੜਾ ਲੋਕਾਂ ਲਈ ਨਹੀਂ, ਸਗੋਂ ਸਟੇਟ ਦੀਆਂ ਪ੍ਰਸ਼ਾਸ਼ਕੀ ਲੋੜਾਂ ਵਿਚੋਂ ਘੜਿਆ ਗਿਆ ਹੈ।

1990 ਈਂ ਤੋਂ ਬਾਅਦ ਦੇ ਪੰਜਾਬੀ ਨਾਵਲ ਵਿਚ ਕਾਨੂੰਨ ਅਤੇ ਨਿਆਂ ਦਾ ਮਸਲਾ ਇਕ ਕੇਂਦਰੀ ਥੀਮ ਵਜੋਂ ਸਭ ਤੋਂ ਪਹਿਲਾਂ ਮਿੱਤਰ ਸੈਨ ਮੀਤ ਦੇ ਨਾਵਲਾਂ ਰਾਹੀਂ ਪੇਸ਼ ਹੋਇਆ ਹੈ। ਉਹ ਪੰਜਾਬੀ ਦਾ ਪਹਿਲਾ ਅਜਿਹਾ ਚਿੰਤਕ ਨਾਵਲਕਾਰ ਹੈ ਜਿਸ ਕੋਲ ਕਾਨੂੰਨ ਅਤੇ ਨਿਆਂ ਬਾਰੇ ਸਿਧਾਂਤਕ, ਵਿਚਾਰਧਾਰਕ ਅਤੇ ਵਿਹਾਰਕ ਸਮਝ-ਸੂਝ ਅਤੇ ਅਨੁਭਵ ਹੈ। ਇਹੋ ਕਾਰਣ ਹੈ ਕਿ ਉਸ ਦੇ ਵਿਸ਼ੇਸ਼ ਕਰਕੇ ਚਾਰ ਨਾਵਲਾਂ: ***ਤਫ਼ਤੀਸ਼, ਕਟਹਿਰਾ, ਸੁਧਾਰ ਘਰ*** ਅਤੇ ***ਕੌਰਵ ਸਭਾ*** ਵਿਚ ਕਾਨੂੰਨ, ਨਿਆਂ-ਪ੍ਰਣਾਲੀ ਅਤੇ ਇਨ੍ਹਾਂ ਨਾਲ ਸੰਬਧਿਕ ਉਪ-ਸਿਸਟਮ ਉਨ੍ਹਾਂ ਦੇ ਅਧਿਕਾਰੀ, ਕਰਮਚਾਰੀ, ਵਕੀਲਾਂ-ਜੱਜਾਂ ਦੀ ਕਾਰਜਸ਼ੈਲੀ ਅਤੇ ਕਾਨੂੰਨ ਤੇ ਨਿਆਂ ਪ੍ਰਕਿਰਿਆ ਵਿਚ ਪੈਸੇ ਤੇ ਸੱਤਾ ਦੀ ਸਿਆਸਤ ਤੇ ਦਖ਼ਲ-ਅੰਦਾਜ਼ੀ ਆਦਿ ਦੇ ਬਰੀਕ ਤੋਂ ਬਰੀਕ ਵੇਰਵਿਆਂ ਦਾ ਵਿਅੰਗਮਈ ਚਿਤ੍ਰਣ ਅਤੇ ਇਨ੍ਹਾਂ ਵਿਚਲੇ ਅੰਤਰ-ਵਿਰੋਧਾਂ ਦਾ ਸਿਰਜਣ

ਇਸ ਤਰ੍ਹਾਂ ਹੋਇਆ ਹੈ ਜਿਸ ਵਿਚੋਂ ਇਨ੍ਹਾਂ ਦਾ ਜਮਾਤੀ, ਬਸਤੀਵਾਦੀ, ਅਤੇ ਸੱਤਾ-ਪੱਖੀ ਖ਼ਾਸਾ ਗਲਪ ਬਿੰਬਾਂ ਦੀ ਪ੍ਰਮਾਣਿਕਤਾ ਵਿਚ ਰੂਪਮਾਨ ਹੁੰਦਾ ਹੈ।

ਉਹ ਦੇ ਮੁੱਢਲੇ ਦੋ ਨਾਵਲ ***ਅੱਗ ਦੇ ਬੀਜ਼*** (1971) ਅਤੇ ***ਕਾਫ਼ਲਾ*** (1986) ਦੋਵੇਂ ਹੀ ਕਾਨੂੰਨ ਅਤੇ ਨਿਆਂ ਦੀ ਬਿਰਤਾਂਤਕਾਰੀ ਪੱਖੋਂ ਮੁਢਲੇ ਪ੍ਰਯੋਗ ਹਨ। ਇਨ੍ਹਾਂ ਵਿਚ ਉਹ ਇਸ ਵਿਸ਼ੇ ਨੂੰ ਮੁਖ ਥੀਮ ਵਜੋਂ ਨਹੀਂ, ਸਗੋਂ ਨਾਵਲਾਂ ਦੀ ਇਕ ਉਪ-ਥੀਮ ਵਿਚ ਲੈ ਕੇ ਇਨ੍ਹਾਂ ਦੀ ਬਿਰਤਾਂਤਕ ਉਸਾਰੀ ਕਰਦਾ ਹੈ। ਉਸ ਨੇ ਨਿਆਂ ਦੀ ਪੇਸ਼ਕਾਰੀ ਕਰਦੇ ਹੋਏ ਪਿੰਡ ਦੀ ਪੱਧਰ 'ਤੇ ਪੂੰਜੀਵਾਦੀ ਰਿਸ਼ਤਿਆਂ ਦੇ ਪ੍ਰਵੇਸ਼ ਵਿਚ ਕਿਸਾਨੀ ਦੀਆਂ ਵਿਭਿੰਨ ਪਰਤਾਂ ਵਿਚ ਵਟਣ ਦੀ ਪ੍ਰਕਿਰਿਆ ਨੂੰ ਬਿਰਤਾਂਤਕਾਰੀ ਦੀ ਕੇਂਦਰੀ ਜੁਗਤ ਵਜੋਂ ਅਪਣਾਇਆ ਹੈ। ਆਪਣੇ ਦੂਜੇ ਨਾਵਲ ਵਿਚ ਉਹ ਦੇਸ਼ ਵਿਚ ਆਰਥਿਕ ਸਥਿਤੀ ਦੇ ਅਸਾਂਵੇਂਪਣ ਅਤੇ ਪੈਸੇ ਦੀ ਸੱਤਾ ਦੀ ਸਿਆਸਤ ਦੇ ਸ਼ੋਸ਼ਨ ਅਤੇ ਦਮਨ ਨੂੰ ਲਗਾਮ ਪਾਉਣ ਲਈ ਅਤੇ ਜਮਾਤੀ, ਜਾਤ-ਪਾਤੀ ਅਤੇ ਜਿਨਸੀ ਜ਼ਿਆਦਤੀਆਂ ਦੀਆਂ ਸ਼ਿਕਾਰ ਧਿਰਾਂ ਨੂੰ ਨਿਆਂ ਦਿਵਾਉਣ ਦੇ ਉਦੇਸ਼ ਨਾਲ ਪੰਜਾਬ ਵਿਚ ਨਕਸਲਵਾੜੀ ਲਹਿਰ ਦਾ ਸੰਵੇਦਨਸ਼ੀਲ ਚਿਤਰ ਪੇਸ਼ ਕਰਦਾ ਹੈ। ਪਰੰਤੂ ਇਹ ਦੋਵੇਂ ਹੀ ਨਾਵਲ ਨਿਆਂ ਲਈ ਸਹਿਕਦੀ ਕਿਸਾਨੀ ਅਤੇ ਨਿਮਨ ਸ਼੍ਰੇਣੀਆਂ ਦਾ ਇਕਹਿਰਾ ਬਿਰਤਾਂਤ ਸਿਰਜਦੇ ਹਨ, ਜਿਸ ਵਿਚ ਸਾਡੇ ਕਾਨੂੰਨ ਤੇ ਨਿਆਂ ਦੇ ਬੁਨਿਆਦੀ ਸੁਭਾਅ ਦੇ ਕੁਝ ਲੱਛਣ ਤਾਂ ਪ੍ਰਗਟ ਹੁੰਦੇ ਹਨ ਪਰੰਤੂ ਇਸ ਦਾ ਸਮੁੱਚਾ ਤੇ ਵਿਆਪਕ ਬਿੰਬ ਨਹੀਂ ਉਭਰਦਾ।

ਪਰੰਤੂ, ***ਤਫ਼ਤੀਸ਼, ਕਟਹਿਰਾ*** ਅਤੇ ***ਸੁਧਾਰ ਘਰ*** ਉਸ ਦੇ ਤ੍ਰੈ-ਲੜੀ ਨਾਵਲ ਭਾਵੇਂ ਆਪਣੀ ਆਪਣੀ ਸੁਤੰਤਰ ਹੋਂਦ ਰੱਖਦੇ ਹਨ, ਪਰੰਤੂ ਵਸਤ ਅਤੇ ਥੀਮ ਦੀ ਸਾਂਝ ਕਾਰਣ ਇਹ ਇਕ-ਦੂਜੇ ਨਾਲ ਅੰਤਰ-ਸੰਬੰਧਿਤ ਹਨ। ***ਤਫ਼ਤੀਸ਼*** ਨਾਵਲ ਕਾਨੂੰਨ ਤੇ ਨਿਆਂ ਦੀ ਪਹਿਲੀ ਪੌੜੀ ਦੇ ਯਥਾਰਥ ਨੂੰ ਵਿਅੰਗ-ਸ਼ੈਲੀ ਰਾਹੀਂ ਚਿਤ੍ਰਦਾ ਹੈ ਜਿਥੇ ਕਿਸੇ ਵੀ ਵਾਰਦਾਤ/ਖਤਰੇ ਜਾਂ ਗ਼ੈਰ-ਕਾਨੂੰਨੀ ਧੰਦਿਆਂ ਦੀ ਮੁੱਢਲੀ ਤਫ਼ਤੀਸ਼ ਹੁੰਦੀ

ਹੈ। ਇਸ ਲਈ ਨਿਆਂ ਪ੍ਰਣਾਲੀ ਦੇ ਸਹਿਯੋਗੀ ਉਪ ਸਿਸਟਮ ਪੁਲਿਸ ਪ੍ਰਸ਼ਾਸ਼ਨ ਦੇ ਰੂਪ ਵਿਚ ਹਮੇਸ਼ਾ ਸਤਰਕ ਰਹਿੰਦਾ ਹੈ। ਕਿਸੇ ਦੋਸ਼ੀ ਦਾ ਕੇਸ ਤਿਆਰ ਕਰਕੇ ਕਚਹਿਰੀ ਇਨ੍ਹਾਂ ਨੇ ਹੀ ਪੇਸ਼ ਕਰਨਾ ਹੈ। ਇਸ ਵਿਚ ਪੁਲਿਸ ਪ੍ਰਬੰਧ ਦੇ ਛੋਟੇ ਤੋਂ ਲੈ ਕੇ ਵੱਡੇ ਅਧਿਕਾਰੀ ਤਕ ਜ਼ਿੰਮੇਵਾਰ ਹੁੰਦੇ ਹਨ। ਤਫ਼ਤੀਸ਼ੀ ਪੱਧਰ 'ਤੇ ਸਾਡੇ ਦੂਜੇ ਉਪ-ਸਿਸਟਮ ਜਿਵੇਂ ਸਿਹਤ ਵਿਭਾਗ ਜਾਂ ਦੂਜੇ ਵਿਭਾਗ, ਇਹ ਵੀ ਕਾਨੂੰਨ ਤੇ ਨਿਆਂਕਾਰੀ ਵਿਚ ਆਪਣਾ ਸਹਿਯੋਗ ਕਰਦੇ ਹਨ। ***ਕਟਹਿਰਾ*** ਇਸ ਦੀ ਦੂਜੀ ਪੌੜੀ ਹੈ ਜਿਥੇ ਜੱਜ ਦੁਆਰਾ ਗਵਾਹੀ (ਐਵੀਡੈਂਸ), ਨਿਰੀਖਣ ਅਤੇ ਲਿਖਤੀ ਕਾਨੂੰਨ ਰਾਹੀਂ ਇਸ ਦਾ ਫ਼ੈਸਲਾ ਹੋਣਾ ਹੈ। ਦੋਸ਼ੀ ਪਾਏ ਜਾਣ ਦੇ ਰੂਪ ਵਿਚ ਜੇ ਕੈਦ ਦੀ ਸਜ਼ਾ ਹੁੰਦੀ ਹੈ ਤਾਂ ਉਸ ਨੂੰ ਜੇਲ੍ਹ (ਸੁਧਾਰ ਘਰ) ਭੇਜਿਆ ਜਾਂਦਾ ਹੈ। ਇਹ ਕਾਨੂੰਨ ਤੇ ਨਿਆਂ ਦੀ ਤੀਜੀ ਤੇ ਅੰਤਮ ਪੌੜੀ ਹੈ। ਇਉਂ ਕਾਨੂੰਨ ਅਤੇ ਨਿਆਂ ਨਾਲ ਸੰਬੰਧਿਤ ਇਹ ਤਿੰਨੋਂ ਪ੍ਰਸ਼ਾਸਨੀ ਸਿਸਟਮਾਂ ਦੀ ਕਾਰਜ-ਪ੍ਰਣਾਲੀ ਅਤੇ ਇਨ੍ਹਾਂ ਦਾ ਕਿਰਦਾਰ ਇਨ੍ਹਾਂ ਤਿੰਨਾਂ ਨਾਵਲਾਂ ਦੀ ਵਸਤ ਬਣੀ ਹੈ। ਮਿਤਰ ਸੈਨ ਮੀਤ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਜਿਥੇ ਉਹ ਇਨ੍ਹਾਂ ਤਿੰਨਾਂ ਨਾਵਲਾਂ ਵਿਚ ਕਾਨੂੰਨ ਤੇ ਨਿਆਂਕਾਰੀ ਦੀ ਸਮੁੱਚੀ ਪ੍ਰਕਿਰਿਆ ਦੀ ਸਥਿਤੀ ਤੇ ਸੁਭਾਅ ਦੇ ਅਸਲ ਸਾਰ ਦਾ ਇਕ ਸਮੁੱਚਾ ਤੇ ਵਿਆਪਕ ਗਲਪੀ-ਬਿੰਬ ਸਿਰਜਣ ਦੇ ਸਮਰੱਥ ਹੋਇਆ ਹੈ ਉਥੇ ਉਹ ਇਸ ਨੂੰ ਸਾਡੀ ਜਮਾਤੀ, ਜਾਤ-ਪਾਤੀ, ਰਾਜਸੀ ਤੇ ਪ੍ਰਸ਼ਾਸਨਿਕੀ ਅਤੇ ਸੰਸਕ੍ਰਿਤੀ ਦੀ ਸਮੁੱਚਤਾ, ਜਟਿਲਤਾ ਅਤੇ ਗਤੀਸ਼ੀਲਤਾ ਦੇ ਸੰਦਰਭ ਵਿਚ ਸਾਡੇ ਕਾਨੂੰਨੀ ਤੇ ਨਿਆਂਇਕ ਸਿਸਟਮਾਂ ਵਿਚਲੇ ਅਰਥਾਂ ਅਤੇ ਅਨਰਥਾਂ ਦਾ ਗਲਪੀ ਉਤਪਾਦਨ ਕਰਦਾ ਹੈ।

ਇਨ੍ਹਾਂ ਵਿਚ ਪਸਰਿਆ ਵਿਆਪਕ ਭ੍ਰਿਸ਼ਟਾਚਾਰ ਸਾਡੇ ਆਜ਼ਾਦ ਭਾਰਤ ਦੇ ਅਸਾਵੇਂ ਵਿਕਾਸ ਅਤੇ ਮੁੱਲਹੀਣ ਹੋ ਚੁੱਕੇ ਬਸਤੀਵਾਦੀ ਅਤੇ ਸਰਮਾਇਆਦਾਰੀ ਸੁਭਾਅ ਵਾਲੇ ਪ੍ਰਸ਼ਾਸਕੀ ਤੇ ਸਿਆਸੀ ਗਠਜੋੜਾਂ ਵਾਲੇ ਉਪ ਸਿਸਟਮਾਂ ਉਤੇ ਤਿੱਖਾ

ਵਿਅੰਗ ਵੀ ਕਰਦਾ ਹੈ। ਆਜ਼ਾਦ ਭਾਰਤ ਦੇ ਸੰਵਿਧਾਨ ਵਿੱਚ ਬਿਨ੍ਹਾਂ ਕਿਸੇ ਵੀ ਤਰ੍ਹਾਂ ਦੇ ਪੱਖਪਾਤ ਤੋਂ ਹਰ ਭਾਰਤੀ ਨਾਗਰਿਕ ਨੂੰ ਇਨਸਾਫ਼ ਦਿਵਾਉਣ ਦੀ ਗਰੰਟੀ ਦਿੱਤੀ ਗਈ ਹੈ, ਪਰੰਤੂ ਸਥਿਤੀ ਦਾ ਵਿਅੰਗ ਤੇ ਤ੍ਰਾਸਦੀ ਇਹ ਹੈ ਕਿ ਸਾਡਾ ਕਾਨੂੰਨ ਤੇ ਨਿਆਂ ਪੈਸਾ ਤੇ ਸੱਤਾ-ਪੱਖੀ ਹੈ। ਇਸ ਵਿਚਲਾ ਪੈਸੇ ਤੇ ਸੱਤਾ ਦੇ ਰਾਜਸੀ ਲੋਕਾਂ ਦਾ ਪ੍ਰਭਾਵ ਅਤੇ ਦਖ਼ਲ-ਅੰਦਾਜ਼ੀ ਇਸ ਹੱਦ ਤਕ ਭਾਰੂ ਹੈ ਕਿ ਇਹ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾਉਣ ਦਾ ਜਾਦੂਈ ਅਸਰ ਰੱਖਦੀ ਹੈ। ਇਸ ਪ੍ਰਭਾਵ ਦਾ ਚਮਤਕਾਰ ਹੈ ਕਿ ***ਤਫ਼ਤੀਸ਼*** ਨਾਵਲ ਵਿਚਲੇ ਦੋ ਨਿਰਦੋਸ਼ ਬੰਦਿਆਂ ਨੂੰ ਦੋਸ਼ੀ ਨਾਮਜ਼ਦ ਕੀਤਾ ਜਾਂਦਾ ਹੈ। ***ਕਟਹਿਰਾ*** ਨਾਵਲ ਵਿਚ ਨਿਆਂ ਤੇ ਨਿਆਂ ਦੇ ਰਖਵਾਲੇ ਜੱਜਾਂ ਦੁਆਰਾ ਉਹ ਦੋਸ਼ੀ ਪਾਏ ਜਾਂਦੇ ਹਨ। ਪਰੰਤੂ ***ਕੌਰਵ ਸਭਾ*** ਨਾਵਲ ਵਿਚ ਕਤਲ ਤੇ ਰੇਪ ਦੀ ਸਾਜ਼ਿਸ਼ ਰਚਨ ਵਾਲੇ ਅਤੇ ਇਸ ਕੁਕਰਮ ਵਿਚ ਸ਼ਾਮਲ ਮੁਜ਼ਰਮ ਦੋਸ਼ੀ ਹੋਣ ਦੇ ਬਾਵਜੂਦ ਪੈਸੇ ਤੇ ਸੱਤਾ ਦੀ ਤਾਕਤ ਰਾਹੀਂ ਨਿਰਦੋਸ਼ ਸਿੱਧ ਕਰਕੇ ਬਾ-ਇੱਜ਼ਤ ਬਰੀ ਕਰ ਦਿਤੇ ਜਾਂਦੇ ਹਨ।

ਸੰਖੇਪ ਵਿਚ ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਵਿਲੱਖਣਤਾ ਹੇਠ ਲਿਖੇ ਸੂਤਰਾਂ ਰਾਹੀਂ ਉਜਾਗਰ ਹੁੰਦੀ ਹੈ:

1. ਉਹ ਸਟੇਟ ਦੀ ਨਿਰਪੱਖਤਾ, ਬਾਹਰਮੁਖਤਾ ਅਤੇ ਸਮਾਜ ਬਾਹਰੀ ਹੋਂਦ ਦੀ ਮਿੱਥ ਨੂੰ ਤੋੜਦਾ ਹੋਇਆ ਸਟੇਟ ਨੂੰ ਹਾਕਮ ਜਮਾਤਾਂ ਦੇ ਹਿੱਤਾਂ ਦੀ ਪਾਲਣਾ ਦਾ ਕਾਰਗਰ ਹਥਿਆਰ ਸਮਝਦਾ ਹੈ।
2. ਸਟੇਟ ਦੇ ਅੰਤਰਗਤ ਉਹ ਕਾਨੂੰਨਸਾਜ਼ ਸਭਾ, ਕਾਨੂੰਨ ਪਾਲਿਕਾ ਅਤੇ ਦੰਡ ਪਾਲਿਕਾ ਦੀਆਂ ਸੰਸਥਾਵਾਂ ਨੂੰ ਸ਼ਾਮਲ ਕਰਦਾ ਹੋਇਆ ਪੁਲਿਸ, ਵਕੀਲਾਂ, ਗਵਾਹਾਂ, ਪੁਲਿਸ ਦੇ ਦਲਾਲਾਂ ਅਤੇ ਹੋਰ ਬਹੁਤ ਸਾਰੇ ਨਿਆਂ ਪ੍ਰਣਾਲੀ ਨਾਲ ਜੁੜੇ ਹੋਏ ਨਿੱਕੇ ਮੋਟੇ ਕਰਮਚਾਰੀਆਂ ਨੂੰ ਵੀ ਸ਼ਾਮਿਲ ਕਰਦਾ ਹੈ।

3. ਉਹ ਇਸ ਪਹਿਲੂ ਤੋਂ ਪੂਰੀ ਤਰ੍ਹਾਂ ਸੁਚੇਤ ਹੈ ਕਿ ਵਰਤਮਾਨ ਪੂੰਜੀਵਾਦੀ ਸਮਾਜ ਵਿਚ ਪੀੜਕਾਂ, ਪੀੜਤਾਂ ਅਤੇ ਨਿਆਂਕਾਰਾਂ ਵਿਚਕਾਰ ਕੋਈ ਫ਼ਰਕ ਨਹੀਂ ਹੁੰਦਾ। ਇਸ ਵਿਵਸਥਾ ਵਿਚ ਸਿਆਸਤਦਾਨਾਂ ਸਮੇਤ ਸਾਰੇ ਪੈਸੇ ਦੇ ਗੁਲਾਮ ਹੁੰਦੇ ਹਨ। ਇਸੇ ਲਈ ਮੀਤ 'ਕਾਨੂੰਨ ਨੂੰ ਅਮੀਰਾਂ ਦਾ ਗੁਲਾਮ' ਆਖਦਾ ਹੈ।

4. ਪੈਸਾ ਪ੍ਰਧਾਨ ਸਮਾਜ ਵਿਚ ਲੋੜ ਅਤੇ ਲਾਲਚ ਦੋਵੇਂ ਹੀ ਜੁਰਮ ਪੈਦਾ ਧੰਦੇ ਹਨ। ਅਮੀਰ ਅਤੇ ਗਰੀਬ ਵਿਚਕਾਰ ਜਦੋਂ ਤਕ ਫ਼ਰਕ ਰਹੇਗਾ, ਉਦੋਂ ਤਕ ਹਰੇਕ ਵਿਅਕਤੀ ਮਾਇਆ ਦਾ ਗੁਲਾਮ ਬਣਿਆ ਰਹੇਗਾ। ਅਮੀਰ ਹੋਰ ਅਮੀਰ ਬਨਣ ਲਈ ਅਤੇ ਗਰੀਬ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਗ਼ੈਰ-ਕਾਨੂੰਨੀ ਕਾਰਜ ਕਰਦੇ ਰਹਿਣਗੇ।

5. ਉਹ ਨਿਆਂ ਦੇ ਵਰਤਾਰੇ ਨੂੰ ਕਿਸੇ ਇਕਹਿਰੇ, ਇਕੱਲੇ ਅਤੇ ਅਸੰਬੰਧਿਤ ਰੂਪ ਵਿਚ ਪੇਸ਼ ਨਹੀਂ ਕਰਦਾ, ਸਗੋਂ ਇਸ ਨੂੰ ਸਮਾਜਿਕ, ਆਰਥਿਕ, ਸੰਸਥਾਈ, ਰਾਜਸੀ, ਮਾਨਸਿਕ ਅਤੇ ਸੰਸਕ੍ਰਿਤੀ ਨਾਲ ਜੋੜਕੇ ਰੂਪਮਾਨ ਕਰਦਾ ਹੈ।

6. ਮੀਤ ਆਦਰਸ਼ਵਾਦੀ ਸੁਧਾਰਵਾਦੀ ਜਾਂ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਰੱਦ ਕਰਦਾ ਹੋਇਆ ਪੂੰਜੀਵਾਦੀ ਸਮਾਜਕ ਆਰਥਿਕ ਢਾਂਚੇ ਦੀ ਤਬਦੀਲੀ ਦਾ ਪ੍ਰਤੀਮਾਨ ਪੇਸ਼ ਕਰਦਾ ਹੈ।

7. ਉਸ ਦਾ ਖਿਆਲ ਹੈ ਕਿ ਪੀੜਤ ਇਕ ਜੁੱਟ ਹੋ ਕੇ ਸਾਂਝੇ, ਲੰਬੇ ਅਤੇ ਸੁਚੇਤ ਸੰਘਰਸ਼ ਰਾਹੀਂ ਹੀ ਸ਼੍ਰੇਣੀ ਸਮਾਜ ਦੇ ਸ਼੍ਰੇਣੀ ਰਹਿਤ ਸਮਾਜ ਵਿਚ ਬਦਲਣ ਦੇ ਮਨੋਰਥ ਨੂੰ ਪੂਰਾ ਕਰ ਸਕਦੇ ਹਨ। ਇਸ ਮਕਸਦ ਦੀ ਪੂਰਤੀ ਲਈ ਉਹ ਆਪਣੇ ਨਾਵਲਾਂ ਵਿਚ ਲੋਕ ਸੰਘਰਸ਼ ਸੰਮਤੀ ਦੀ

ਚੇਤੰਨ ਭਾਂਤ ਉਸਾਰੀ ਕਰਦਾ ਹੈ ਜਿਸ ਵਿਚ ਸਮਾਜ ਦੀਆਂ ਤਕਰੀਬਨ ਸਾਰੀਆਂ ਪੀੜਤ ਧਿਰਾਂ ਦੀ ਸ਼ਮੂਲੀਅਤ ਦਾ ਪ੍ਰਤੀਮਾਨ ਰਚਦਾ ਹੈ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਦੀ ਆਲੋਚਨਾਤਮਕ-ਯਥਾਰਥਵਾਦੀ ਦ੍ਰਿਸ਼ਟੀ ਅਤੇ ਸਜੱਗਤਾ ਸਾਡੀ ਸੁਤੰਤਰ ਤੇ ਲੋਕਤੰਤਰਿਕ ਸਟੇਟ ਦੇ ਅਜਿਹੇ ਕਰੂਰ ਤੇ ਕਰੂਪ ਕਿਰਦਾਰ ਪ੍ਰਤਿ ਨਾ ਤਾਂ ਆਦਰਸ਼ਵਾਦੀ-ਸੁਧਾਰਵਾਦੀ ਪਹੁੰਚ-ਅਪਣਾਉਂਦੀ ਹੈ ਅਤੇ ਨਾ ਹੀ ਅਖੌਤੀ ਤਰ੍ਹਾਂ ਦੀ ਪ੍ਰਗਤੀਵਾਦੀ ਰੁਚੀ ਅਧੀਨ ਵਸਤੂ-ਯਥਾਰਥ ਵਿਚਲੇ ਵਿਗਾੜਾਂ ਅਤੇ ਵਿਸੰਗਤੀਆਂ ਦੇ ਸੁਧਾਰ ਲਈ ਕੋਈ ਰੁਮਾਂਟਿਕ ਕਿਸਮ ਦੀ ਕ੍ਰਾਂਤੀ ਦਾ ਗਲਪੀ-ਵਿਵੇਕ ਸਿਰਜਦੀ ਹੈ। ਉਹ ਤਾਂ ਸਗੋਂ ਇਸ ਦਾ ਵਿਅੰਗ ਭਾਵੀ ਚਿੱਤਰ ਪੇਸ਼ ਕਰਦੀ ਹੋਈ ਇਸ ਦੇ ਅਜਿਹੇ ਸੱਤਾ ਪੱਖੀ, ਅਮਾਨਵੀ, ਲੋਕ ਵਿਰੋਧੀ, ਪੱਖਪਾਤੀ ਅਤੇ ਪੈਸਾ ਪ੍ਰਧਾਨ ਰੁਚੀ ਵਾਲੇ ਕਿਰਦਾਰ ਦਾ ਪਰਦਾਫ਼ਾਸ਼ ਕਰਦੀ ਹੈ। ਉਹ ਆਪਣੇ ਨਾਵਲਾਂ ਵਿਚ ਆਖੌਤੀ ਤਰ੍ਹਾਂ ਦੇ ਨਾਇਕ ਦਾ ਸਿਰਜਣ ਨਹੀਂ ਕਰਦੀ, ਸਗੋਂ ਅਜਿਹੀ ਵਿਵਸਥਾ ਦਾ ਕਰਤੂਤੀ ਚਿਹਰਾ ਸੁਹਿਰਦ ਪਾਠਕ ਵਿਚ ਰੋਸ ਤੇ ਰੋਹ ਵੀ ਭਰਦਾ ਹੈ ਅਤੇ ਅਜਿਹੀ ਭਿਆਨਕ ਸਥਿਤੀ ਪ੍ਰਤਿ ਬੇਚੈਨੀ ਵੀ, ਜਿਹੜੀ ਉਸ ਵਿਚਲੇ ਨਾਇਕਤਵ ਦੀ ਸੰਭਾਵਨਾ ਨੂੰ ਹਲੂਣਦੀ ਹੈ। ਇਉਂ, ਮਿੱਤਰ ਸੈਨ ਮੀਤ ਪ੍ਰਗਤੀਵਾਦੀ ਰਚਨਾ-ਦ੍ਰਿਸ਼ਟੀ ਅਤੇ ਰਚਨਾਈ ਮਾਡਲ ਨੂੰ ਇਕ ਸਿਫ਼ਤੀ ਤੇ ਤਾਰਕਿਕ ਕਲਾਤਮਕ ਮੋੜ ਦਿੰਦਾ ਹੈ, ਜਿਹੜਾ ਪੰਜਾਬੀ ਦੀ ਪ੍ਰਗਤੀਵਾਦੀ ਯਥਾਰਥਵਾਦੀ ਗਲਪ ਵਿਚ ਉਸ ਦੀ ਵਿਲੱਖਣ ਪ੍ਰਾਪਤੀ ਦਾ ਲਖਾਇਕ ਹੀ ਨਹੀਂ, ਸਗੋਂ ਇਸ ਵਿਚ ਨਵੇਂ ਕਲਾਤਮਕ ਪ੍ਰਤਿਮਾਨ ਵੀ ਸਥਾਪਿਤ ਕਰਦਾ ਹੈ।

# ਪੁਸਤਕ-ਸੂਚੀ


ਅਨੂਪ ਸਿੰਘ, *ਸਮਕਾਲੀ ਯਥਾਰਥ ਤੇ ਪੰਜਾਬ ਨਾਵਲ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1998

ਅਰਸ਼ੀ, ਗੁਰਚਰਨ ਸਿੰਘ, *ਸਮੀਖਿਆ ਦ੍ਰਿਸ਼ਟੀਆਂ,* ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ 1984

ਅਫ਼ਾਨਾਸੀਏਵ, ਵਿ. ਗ੍ਰਿ. *ਦਾਰਸ਼ਨਿਕ ਗਿਆਨ ਦੇ ਮੁੱਢਲੇ ਨਿਯਮ,* ਮਾਸਕੋ ਪ੍ਰਕਾਸ਼ਨ, 1978

ਹਰਿਭਜਨ ਸਿੰਘ *ਮੁੱਲ ਤੇ ਮੁਲੰਕਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002

——, *ਸਾਹਿਤ ਸ਼ਾਸਤਰ,* ਗੁਰੂ ਨਾਲਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002

ਐਸ. ਤਰਸੇਮ ਅਤੇ ਰਵਿੰਦਰ ਕੁਮਾਰ (ਸੰਪਾ.), *ਨਾਵਲਕਾਰ ਮਿੱਤਰ ਸੈਨ ਮੀਤ: ਸੰਵਾਦ ਦਰ ਸੰਵਾਦ,* ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ, ਮਲੇਰਕੋਟਲਾ, 2008

ਕਸੇਲ, ਕਿਰਪਾਲ ਸਿੰਘ, ਪਰਮਿੰਦਰ ਸਿੰਘ ਤੇ ਹੋਰ ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1987

ਕੰਵਲ, ਜਸਵੰਤ ਸਿੰਘ, *ਰਾਤ ਬਾਕੀ ਹੈ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1955

——, *ਲਹੂ ਦੀ ਲੋਅ,* ਆਰਸੀ ਪਬਲਿਸ਼ਰਜ਼, ਦਿੱਲੀ, 1978

ਕਿਸ਼ਨ ਸਿੰਘ, *ਸਾਹਿਤ ਦੇ ਸੋਮੇ,* ਪੰਜਾਬੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1967

——, ***ਸਾਹਿਤ ਦੀ ਸਮਝ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

ਕੇਸਰ, ਕੇਸਰ ਸਿੰਘ ***ਵਰਗ ਸੰਘਰਸ਼ ਤੇ ਪੰਜਾਬੀ ਸਾਹਿਤ***, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1992

ਕੌਸਿਕ, ਵਰਿੰਦਰ ਕੁਮਾਰ ***ਵਿਧੀ-ਸ਼ਾਸਤਰ ਦੀ ਜਾਣ-ਪਛਾਣ***, ਟਵੈਂਨਟੀ ਫ਼ਸਟ ਸੈਂਚਰੀ ਪਬਲੀਕੇਸ਼ਨਜ, ਪਟਿਆਲਾ, 2009

ਖਾਹਰਾ, ਸੁਖਦੇਵ ਸਿੰਘ, ***ਪੰਜਾਬੀ ਨਾਵਲ ਵਿਚ ਸਾਂਸਕ੍ਰਿਤਿਕ ਚੇਤਨਾ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988

—— (ਸੰਪਾ.), ***ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਣ***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003

—— (ਸੰਪਾ.), ***ਤਫ਼ਤੀਸ਼ ਦਾ ਵਿਸ਼ਲੇਸ਼ਣ***, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1992

ਗਰੇਵਾਲ ਅਮਰਜੀਤ ਸਿੰਘ, ***ਪ੍ਰਸੰਗ ਕੌਰਵ ਸਭਾ***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006

ਗੁਰਦਿਆਲ ਸਿੰਘ, ***ਅਣਹੋਏ***, ਆਰਸੀ ਪਬਲਿਸ਼ਰਜ, ਦਿੱਲੀ, 1966

——, ***ਅੱਧ ਚਾਨਣੀ ਰਾਤ***, ਆਰਸੀ ਪਬਲਿਸ਼ਰਜ, ਦਿੱਲੀ, 1972

——, ***ਆਹਣ***, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2009

ਗੁਰਭਗਤ ਸਿੰਘ, ***ਉਤਰ ਆਧੁਨਿਕਤਾਵਾਦ***, ਮਦਾਨ ਪਬਲਿਸ਼ਰਜ਼, ਪਟਿਆਲਾ, 2001

ਚੰਦਰ, ਸਵਰਨ, ***ਸਾਹਿਤ, ਸਮਾਜ ਤੇ ਰਾਜਨੀਤੀ***, ਨੈਸ਼ਨਲ ਬੁੱਕ ਸ਼ਾਪ,

ਦਿੱਲੀ, 2001

ਜਗਬੀਰ ਸਿੰਘ, *ਬਿਰਤਾਂਤਕ ਗਲਪ : ਸਿਧਾਂਤ ਤੇ ਸਮੀਖਿਆ,* ਆਰਸੀ ਪਬਲਿਸ਼ਰਜ਼, ਦਿੱਲੀ, 1992

ਜਗਬੀਰ ਸਿੰਘ, *ਸਮਕਾਲੀ ਪੰਜਾਬੀ ਬਿਰਤਾਂਤ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006

ਤਰਸੇਮ. ਐੱਸ, ਤੇ ਰਵਿੰਦਰ ਕੁਮਾਰ (ਸੰਪਾ.) *ਨਾਵਲਕਾਰ ਮਿੱਤਰ ਸੈਨ ਮੀਤ : ਸੰਵਾਦ-ਦਰ-ਸੰਵਾਦ,*

ਥਿੰਦ, ਸੁਖਪਾਲ ਸਿੰਘ, *ਬਿਰਤਾਂਤ ਸ਼ਾਸਤਰ : ਉਤਰ ਆਧੁਨਿਕ ਪਰਿਪੇਖ,* ਮਨਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, 2002

ਦਵੇਸ਼ਵਰ, ਸੁਰਿੰਦਰ ਕੁਮਾਰ *ਪੰਜਾਬੀ ਗਲਪ ਚਿੰਤਨ,* ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1997

——— (ਸੰਪਾ.), *ਆਧੁਨਿਕ ਸਾਹਿਤ ਆਲੋਚਨਾ : ਸਿਧਾਂਤ ਤੇ ਵਿਸ਼ਲੇਸ਼ਣ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

——, *ਪ੍ਰਗਤੀਵਾਦ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008

—— (ਸੰਪਾ.), *ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002

——, *ਸਮਾਜ, ਸੱਤਾ ਅਤੇ ਸਮਕਾਲੀ ਪੰਜਾਬੀ ਨਾਵਲ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

—— (ਸੰਪਾ.), *ਕਥਾ-ਪ੍ਰਵਾਹ,* ਪੰਜਾਬ ਯੂਨੀਵਰਸਿਟੀ ਪਬਲਿਕੇਸ਼ਨ ਬਿਊਰੋ, ਚੰਡੀਗੜ੍ਹ, 2010

——, *ਆਧੁਨਿਕ ਪੰਜਾਬੀ ਬਿਰਤਾਂਤ,* ਲੋਕਗੀਤ ਪ੍ਰਕਾਸ਼ਨ,

ਚੰਡੀਗੜ੍ਹ, 2012

ਧਾਲੀਵਾਲ, ਬਲਦੇਵ ਸਿੰਘ, ***ਪੰਜਾਬੀ ਬਿਰਤਾਂਤ ਪ੍ਰਵਚਨ,*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਨਹਿਰੂ, ਜੋਗਿੰਦਰ ਸਿੰਘ, ***ਪ੍ਰਗਤੀਵਾਦ ਤੇ ਪੰਜਾਬੀ ਨਾਵਲ,*** ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1986

ਨਾਨਕ ਸਿੰਘ, ***ਚਿੱਟਾ ਲਹੂ,*** ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1938

——, ***ਮਤਰੇਈ ਮਾਂ,*** ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1942

——, ***ਪਿਆਰ ਦੀ ਦੁਨੀਆਂ,*** ਨਾਨਕ ਸਿੰਘ ਪੁਸਤਕਕਾਲਾ, ਅੰਮ੍ਰਿਤਸਰ, 1949

——, ***ਆਦਮ ਖੋਰ,*** ਲਾਹੋਰ ਬੁੱਕ ਸ਼ਾਪ, ਲੁਧਿਆਣਾ, 1953

——, ***ਗਰੀਬ ਦੀ ਦੁਨੀਆਂ,*** ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1957

ਨਾਰੰਗ, ਗੋਪੀ ਚੰਦ, ***ਸੰਰਚਨਾਵਾਦ, ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ ਸਬਾਸਤਰ,*** (ਅਨੁ.), ਜਗਬੀਰ ਸਿੰਘ, ਸਾਹਿਤ ਅਕਾਦਮੀ, ਦਿੱਲੀ, 2002

ਪਲੈਖ਼ਾਨੋਵ ਜੀ, ***ਚਿੱਠੀਆਂ ਬਿਨ ਸਿਰਨਾਵਿਓਂ,*** (ਅਨੁ. ਹਰਿਭਜਨ ਸਿੰਘ), ਨਵਯੁਗ ਪ੍ਰੈਸ ਪ੍ਰਕਾਸ਼ਨ, ਦਿੱਲੀ, 1966

ਫ਼ਾਸਟ, ਹਾਵਰਡ, ***ਸਾਹਿਤ ਅਤੇ ਯਥਾਰਥ,*** ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1966

ਭਾਟੀਆ, ਹਰਿਭਜਨ ਸਿੰਘ, ***ਪੰਜਾਬੀ ਗਲਪ,*** ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2001

—— (ਸੰਪਾ.) ***ਪੰਜਾਬੀ ਆਲੋਚਨਾ ਦਾ ਇਤਿਹਾਸ,*** ਸਾਹਿਤ ਅਕਾਦਮੀ, ਦਿੱਲੀ, 2004

ਭਾਟੀਆ, ਹਰਿਭਜਨ ਸਿੰਘ, (ਸੰਪਾ.) ***ਕੌਰਵ ਸਭਾ ਦੀਆਂ ਪਰਤਾਂ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ 2006

ਮੀਤ, ਮਿੱਤਰ ਸੈਨ ***ਅੱਗ ਦੇ ਬੀਜ,*** ਬਲਰਬਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਅੰਮ੍ਰਿਤਸਰ, 1971

——, ***ਕਾਫ਼ਲਾ,*** ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਅੰਮ੍ਰਿਤਸਰ, 1986

——, ***ਤਫ਼ਤੀਸ਼,*** ਜੈਨ ਸੰਨਜ਼ ਪਬਲਿਸ਼ਰਜ਼, ਸਰਹਿੰਦ, 1990

——, ***ਕਟਹਿਰਾ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1993

——, ***ਕੌਰਵ ਸਭਾ,*** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003

——, ***ਸੁਧਾਰ ਘਰ,*** ਦਸਤਕ ਪ੍ਰਕਾਸ਼ਨ, ਲੁਧਿਆਣਾ, 2006

ਰਵੀ, ਰਵਿੰਦਰ ਸਿੰਘ (ਸੰਪਾ.), ***ਪ੍ਰਗਤੀਵਾਦ ਤੇ ਪੰਜਾਬੀ ਸਾਹਿਤ,*** ਲੋਕਗੀਤ ਪ੍ਰਕਾਸ਼ਨ, ਸਰਹਿੰਦ, 1988

——, ***ਵਿਰਸਾ ਤੇ ਵਰਤਮਾਨ,*** ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1986

ਰਾਹੀ, ਜੋਗਿੰਦਰ ਸਿੰਘ, ***ਪੰਜਾਬੀ ਨਾਵਲ,*** ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1988

——, ***ਮਸਲੇ ਗਲਪ ਦੇ,*** ਨਾਨਕ ਸਿੰਘ ਪੁਸਤਕਮਾਲਾ,

ਅੰਮ੍ਰਿਤਸਰ, 1992

——, *ਸਮਾਂ ਦੇ ਸੰਬਾਦ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1997

——, *ਜੋਤ-ਜੁਗਤ ਕੀ ਬਾਰਤਾ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2006

ਰਾਹੀ, ਜੋਗਿੰਦਰ ਸਿੰਘ, *ਪੰਜਾਬੀ ਆਲੋਚਨਾ ਦੇ ਅਣਗੌਲੇ ਪੱਖ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2010

ਲੈਨਿਨ, *ਔਰਤਾਂ ਦੀ ਬੰਦ ਖਲਾਸੀ ਬਾਰੇ*, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, ਮਿਤੀਹੀਣ

ਵਿਨੋਦ, ਟੀ.ਆਰ., *ਪੰਜਾਬੀ ਨਾਵਲ ਅਧਿਐਨ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1988

——, *ਪੰਜਾਬੀ ਨਾਵਲ ਦਾ ਸੰਸਕ੍ਰਿਤਕ ਅਧਿਐਨ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1990

——, *ਆਓ ਨਾਵਲ ਪੜ੍ਹੀਏ*, ਚੇਤਨਾ ਪ੍ਰਕਾਸ਼ਨ, ਲੁਧਿਆਣਾ, 1999

——, *ਨਾਵਲ ਆਲੋਚਨਾ ਸ਼ਬਦਾਵਲੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

——, *ਸੰਸਕ੍ਰਿਤੀ : ਸਿਧਾਂਤ ਅਤੇ ਵਿਹਾਰ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2004

——, *ਪੰਜਾਬੀ ਨਾਵਲ : ਵਿਹਾਰਕ ਪਰਿਪੇਖ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2010

ਵੈਦ ਮੋਹਨ ਸਿੰਘ, *ਸ਼ਰੇਸ਼ਟ ਕੁਲ ਦੀ ਚਾਲ*, ਭਾਈ ਲਾਭ ਸਿੰਘ ਐਂਡ ਸੰਨਸ, ਅੰਮ੍ਰਿਤਸਰ, 1911

ਭਾਈ ਵੀਰ ਸਿੰਘ, *ਬਾਬਾ ਨੌਧ ਸਿੰਘ*, ਖਾਲਸਾ ਸਮਾਚਾਰ, ਅੰਮ੍ਰਿਤਸਰ, 1917

## ਹਿੰਦੀ ਪੁਸਤਕਾਂ:


ਉਪਾਧਿਆਇ, ਰਮੇਸ਼ (ਸੰਪਾ.) ***ਹਮਾਰੇ ਸਮਾਜਿਕ ਔਰ ਸਾਂਸਕ੍ਰਿਤਕ ਸਰੋਕਾਰ,*** ਰਾਧਾ ਪਬਲੀਕੇਸ਼ਨ, ਨਈਂ ਦਿੱਲੀ, 1966

ਅੰਮ੍ਰਿਤਰਾਏ, ***ਵਿਚਾਰਧਾਰਾ ਔਰ ਸਾਹਿਤਯ,*** ਹੰਸ ਪ੍ਰਕਾਸ਼ਨ, ਇਲਾਹਾਬਾਦ, 1984

ਗੌਤਮ, ਸਤਪਾਲ, ***ਸਮਾਜ ਦਰਸ਼ਨ,*** ਹਰਿਆਣਾ ਸਾਹਿਤਯ ਅਕਾਦਮੀ, ਚੰਡੀਗੜ੍ਹ, 1991

ਨਾਮਵਰ ਸਿੰਘ, ***ਇਤਿਹਾਸ ਔਰ ਆਲੋਚਨਾ,*** ਰਾਜ ਕਮਲ ਪ੍ਰਕਾਸ਼ਨ, ਦਿੱਲੀ, 1978

ਪਾਂਡੇ, ਮੈਨੇਜਰ, ***ਸਾਹਿਤਯ ਕੇ ਸਮਾਜ ਸ਼ਾਸਤਰ ਕੀ ਭੂਮਿਕਾ,*** ਹਰਿਆਣਾ ਸਾਹਿਤਯ ਅਕਾਦਮੀ, ਚੰਡੀਗੜ੍ਹ, 1974

ਬਚਨ ਸਿੰਘ, ***ਸਾਹਿਤਯ ਕਾ ਸਮਾਜ ਸ਼ਾਸਤਰ ਔਰ ਰੂਪਵਾਦ,*** ਵਿਸ਼ਵ ਵਿਦਿਆਲਿਯ ਪ੍ਰਕਾਸ਼ਨ, ਵਾਰਾਨਸੀ, 1984

ਮਿਸ਼ਰ, ਸ਼ਿਵ ਕੁਮਾਰ, ***ਮਾਰਕਸਵਾਦੀ ਸਾਹਿਤਕ ਚਿੰਤਨ : ਇਤਿਹਾਸ ਤਥਾ ਸਿਧਾਂਤ,*** ਮਧਯ ਪ੍ਰਦੇਸ਼ ਹਿੰਦੀ ਅਕਾਦਮੀ, 1973

ਸ੍ਰੀਨਿਵਾਸ, ਐਮ.ਐਲ., ***ਆਧੁਨਿਕ ਭਾਰਤ ਮੇਂ ਸਮਾਜਿਕ ਪਰਿਵਰਤਨ,*** ਰਾਜ ਕਮਲ ਪ੍ਰਕਾਸ਼ਨ, ਦਿੱਲੀ, 1996

## ਅੰਗਰੇਜ਼ੀ ਪੁਸਤਕਾਂ:


Abrams, M.H., *A Glossary of Literary Terms*, Harcout India Private Ltd., New Delhi, (7th Ed.) 2001.

Aggarwal, Nomita *Jurisprudence*, Central Law Agency, Allahabad, 2010

Amin, Samir, *Capitalism in the Age of Globalization*, Madhyam Books, Delhi, 1997.

Berry, Peter, *Beginning Theory*, Mancheter United, New York, 1995.

Desai, Satyajit, *Hindu Mullah Law (21 edition)*, Lexis-Lexis-Buttterworth's Wadhawa, Nagpur, 2010

Eagleton, Terry, *Marxism and Literary Criticism*, Methuerens Co. Ltd., London, 1986.

............, *Criticism and Ideology*, Verson, London, 1978.

Fanon, Frantz, *Wretched of the Earth*, Grave Press, New York, 1963

Foster, E.M., *Aspects of Novel*, Edward Arnold, London, 1963.

Foucault, Michel, *Discipline and Punish : The Birth of the Prison*, (Trans.) Alan Sheridon, London, 1977

Fox, Ralph, *The Novel and People*, Foreign Language Publishing House, Moscow, 1956.

Fry, Northrop, *Anatomy of Criticism*, Princeton University Pres, Delhi, 1973

Gorky, Maxim, *On Literature and Art*, Progress Publishing, Moscow,

Garig, David (Ed.) *Marxists on Literature : An Anthology*, Penguin Books, 1975.

Halperin, John (Ed.), *The Theory of the Novel*, Oxford University Press, London, 1974.

Jameson, Fredric *The Political Unconscious*, Cornell University Press, New York, 1988.

Kohli, Sukh Dev, *Investigator's Guide*, The Bright Law House, Rohtak, 1985

Lubbock, Percy, ***Craft of Fiction***, Jonathan Cape, London, 1966.

Mani, B.N. & Tripathi, ***Jurisprudence : Legal Theory***, Allahabad Law Agency, 2003

Prasher, Rajinder, ***Police Administration***, Deep & Deep Publications, New Delhi, 1986

Rangarajan, L.N. (Tran.), ***The Arthashatre*****,** Penguin Books, 1992

Stevik, Philip (Ed.), ***Theory of Novel***, Free Press, New York, 1967.

Suchkov, Boris, ***A History of Realism***, Progress Publishers, Moscow, 1973.

Tripathi, B.N.R. ***Jurisprudence : Legal Theory***, Allahabad Law Agency, Allahabad, 1974

Vinod, T.R., ***Fiction of Mitter Sen Meet***, (A Critique of Bourgeois State), Angel Parkashan, Ludhiana, 2008

Watt, Ian, ***The Rise of the Novel***, University of California Press, 1973.

Wellek, Rene & Austin ***Theory of Literature***, Penguin Books, England, 1970.

Zeraffa, Michel, Warren ***Fiction : The Novel and Social Reality***, Penguin Books, Harmonds Worth, 1976.